



63 ਅਕਤੂਬਰ-ਦਸੰਬਰ, 2021

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449



e-mail:
kahanidhara@gmail.com
bhagwantrasulpuri@gmail.com

ਸੰਪਾਦਕ:
ਭਗਵੰਤ ਰਸੂਲਪੁਰੀ
94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੋਂ ਅੰਕ: 50 ਰੁਪਏ, 10 ਅੰਕ: 500 ਰੁਪਏ ,
10 ਅੰਕ: ਡਾਲਰ 100 ਤੇ ਪੌਂਡ 80,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

**ਰੈਫਰੀਡ ਪੈਨਲ / ਸਲਾਹਕਾਰ ਬੋਰਡ**

*ਡਾ. ਸਰਬਜੀਤ ਸਿੰਘ
ਮੁੱਖੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

*ਡਾ. ਰਮਿੰਦਰ ਕੌਰ
ਪੰਜਾਬੀ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

*ਡਾ. ਰਵੀ ਰਵਿੰਦਰ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

*ਡਾ. ਕੁਲਦੀਪ ਸਿੰਘ
ਮੁੱਖੀ ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

*ਡਾ. ਗੁਰਮੁੱਖ ਸਿੰਘ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਭੀਮ ਇੰਦਰ ਸਿੰਘ
ਮੁੱਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਮੋਹਨ ਸਿੰਘ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਡਾ. ਯਾਦਵਿੰਦਰ ਸਿੰਘ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**

| | |
|---|---|
| Account Name | Account Name |
| **Kahani Dhara** | **Bhagwant Rasulpuri** |
| Current Account: 30111525066 | Account No.: 65089711724 |
| IFS Code: SBIN0002394 | IFS Code: SBIN0050485 |
| State Bank of India | State Bank of India |
| Khurla Kingra, Jalandhar | G.T.B. Nagar, Jalandhar |

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kirhanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਅਕਤੂਬਰ, 2021)

*ਅਕਤੂਬਰ-ਦਸੰਬਰ,2021 ਅੰਕ :63*

**KAHANI DHARA (Punjabi Quarterly) R.N.I.Regd No.PUN PUN/2006/19971**
**ISSN: 2321- 4449**

ਕਹਾਣੀ ਧਾਰਾ

**e-mail:**
kahanidhara@gmail.com
**ਸੰਪਾਦਕ :**
**ਭਗਵੰਤ ਰਸੂਲਪੁਰੀ**

**ਸੰਪਾਦਕੀ**
ਖੇਡਾਂ, ਖਿਡਾਰੀ ਅਤੇ ਖੇਡ ਸਾਹਿਤ/ - ਭਗਵੰਤ ਰਸੂਲਪੁਰੀ -2
**ਵਿਸ਼ੇਸ਼ ਲੇਖ**
ਜਲੰਧਰੀਏ ਲਿਖਾਰੀ/ - ਪ੍ਰੇਮ ਪ੍ਰਕਾਸ਼-9
**ਕਹਾਣੀਆਂ**
1. ਅੱਗ ਦੀ ਸਾਂਝ / - ਪਰਵੇਜ਼ ਸੰਧੂ-39
2. ਆਈ ਕਾਂਟ ਬ੍ਰੀਦ/ - ਅਜਮੇਰ ਸਿੱਧੂ- 52
3. ਔਸੀਆਂ / - ਜਤਿੰਦਰ ਸਿੰਘ ਹਾਂਸ- 65
4. ਅਉਖੀ ਘੜੀ / - ਦੀਪਤੀ ਬਬੂਟਾ- 72
5. ਰੜਕ / - ਭੁਪਿੰਦਰ ਫ਼ੌਜੀ-82
6. ਭਰਮ ਜਾਲ / - ਮਨਜੀਤ ਕੌਰ ਸੇਖੋਂ- 92
**ਸਿਰਜਣਾ ਦੇ ਪਲ**
ਕੁਦਰਤ ਤੇ ਸ਼ਬਦ-ਸਾਧਨਾ / -ਬਲਬੀਰ ਪਰਵਾਨਾ- 97
**ਜਨ ਬੋਧ**
ਤੁਲਸੀ ਰਾਮ ਦੀ ਸਵੈ ਜੀਵਨੀ : ਆਜ਼ਮਗੜ੍ਹ ਦੀ ਭੁੱਖ-ਮਰੀ
ਅਨੁਵਾਦਕ : ਸਤਵੀਰ ਕੌਰ ਸ਼ਾਲੂ-101
**ਆਲੋਚਨਾ**
'ਮੁਸੱਲੀ' ਨਾਟਕ ਵਿੱਚ ਜਾਤੀ ਅਤੇ ਜਮਾਤੀ ਦਮਨ ਦਾ ਸਰੂਪ/- ਜਗਤਾਰ ਸਿੰਘ- 120
***ਸੱਜਰਾ ਗਲਪ ਸਾਹਿਤ***
1. ਸਿਰੜੀ ਬੰਦੇ ਦੀ ਗਾਥਾ: ਇਕ ਸੀ ਹਰਜਿੰਦਰ /- ਡਾ. ਸੁਖਪਾਲ ਕੌਰ- 128
2. ਜਾਤੀ ਜਕੜਬੰਦੀ ਦਾ ਸਮਾਜ ਸ਼ਾਸਤਰ: ਰੋਹ ਵਿਦਰੋਹ/-ਡਾ. ਸੁਖਪਾਲ ਕੌਰ - 131
3. ਆਈਸੋਲੇਸ਼ਨ ਦਾ ਬਿਰਤਾਂਤ:ਉਹ ਇੱਕੀ ਦਿਨ/-ਡਾ. ਜਸਵਿੰਦਰ ਕੌਰ ਬਿੰਦਰਾ-134
4. ਅਜੋਕੇ ਯੁੱਗ ਦੇ ਰਿਸ਼ਤਿਆਂ ਦੀ ਦਾਸਤਾਨ : ਦਫ਼ਾ 498-ਏ /ਡਾ. ਪਰਗਟ ਸਿੰਘ- 136
5. ਇੱਕ ਇਤਿਹਾਸਕ ਦਸਤਾਵੇਜ਼:ਜਿਨ੍ਹਾਂ ਪੁੱਠੀਆਂ ਖੱਲਾਂ ਲੁਹਾਈਆਂ /ਪਰਗਟ ਸਿੰਘ- 137
**ਮੇਰਾ ਸਟੱਡੀ ਟੇਬਲ**
ਭਗਵੰਤ ਰਸੂਲਪੁਰੀ-138
**ਹੁੰਗਾਰਾ**-140

---

**ਟਾਇਟਲ ਅਤੇ ਅੰਦਰਲੀਆਂ ਪੇਂਟਿੰਗ ਕਵੀ ਤੋਂ ਚਿੱਤਰਕਾਰ ਬਣੇ ਗੁਰਪ੍ਰੀਤ ਦੀਆਂ ਹਨ**



## ਸੰਪਾਦਕੀ / ਖੇਡਾਂ, ਖਿਡਾਰੀ ਅਤੇ ਖੇਡ ਸਾਹਿਤ

ਵਿੱਦਿਆ ਨਾਲ ਖੇਡਾਂ ਦਾ ਗੂੜ੍ਹਾ ਰਿਸ਼ਤਾ ਰਿਹਾ ਏ। ਖੇਡਾਂ ਮਨੁੱਖੀ ਜੀਵਨ ਦਾ ਅਹਿਸ ਹਿੱਸਾ ਏ। ਇਨ੍ਹਾਂ ਦੀ ਅਣਹੋਂਦ ਤੋਂ ਬਿਨਾ ਨੌਜਵਾਨਾਂ ਦਾ ਸਰਵਪੱਖੀ ਵਿਕਾਸ ਵੀ ਰੁਕ ਜਾਂਦਾ ਏ। ਤਨ, ਮਨ ਨੂੰ ਤਾਕਤਵਾਰ ਅਤੇ ਰਿਸ਼ਟ-ਪੁਸ਼ਟ ਰੱਖਣ ਲਈ ਖੇਡਾਂ ਦਾ ਸਾਡੇ ਜੀਵਨ ਵਿਚ ਅਹਿਮ ਯੋਗਦਾਨ ਏ। ਮਨੁੱਖੀ ਵਿਕਾਸ ਨਾਲ ਖੇਡਾਂ ਦਾ ਸਰੂਪ, ਮੁਹਾਂਦਰਾ ਬਦਲਦਾ ਰਹਿੰਦਾ ਏ। ਮਨੁੱਖ ਦੇ ਵਿਕਾਸ ਨਾਲ ਖੇਡਾਂ ਨੇ ਵੀ ਵਿਕਾਸ ਕੀਤਾ ਏ। ਸਮਕਾਲ ਦੀਆਂ ਖੇਡਾਂ ਜਿੱਥੇ ਪਹੁੰਚ ਗਈਆਂ ਨੇ ਉਨ੍ਹਾਂ ਦੀ ਤਰੱਕੀ ਬੀਤੇ ਸਮੇਂ ਵਿਚ ਪਈ ਏ। ਪੰਜਾਬ ਵਿਚ ਲੋਕ ਖੇਡਾਂ ਦਾ ਆਪਣਾ ਮਹੱਤਵ ਏ। ਇਨ੍ਹਾਂ ਖੇਡਾਂ ਵਿਚੋਂ ਬਹੁਤ ਸਾਰੀਆਂ ਅਜਿਹੀਆਂ ਖੇਡਾਂ ਨਿਖਰ ਕੇ ਸਮਕਾਲੀ ਦੌਰ ਵਿਚ ਪਹੁੰਚੀਆਂ ਨੇ। ਬੀਤੇ ਸਮੇਂ ਵਿਚ ਉਲੰਪਿਕ ਖੇਡਾਂ ਸਮਾਪਤ ਹੋ ਕੇ ਹਟੀਆਂ ਨੇ। ਇਨ੍ਹਾਂ ਖੇਡਾਂ ਦੇ ਨਤੀਜਿਆਂ ਤੋਂ ਉਤਸਾਹਤ ਹੋ ਕੇ ਭਾਰਤੀ ਪੱਧਰ 'ਤੇ ਖੇਡ ਪ੍ਰੇਮੀਆਂ, ਖ਼ਿਡਾਰੀਆਂ ਅਤੇ ਸੱਤਾਂ 'ਚ ਬੈਠੇ ਰਾਜਨੀਤਿਕ ਲੋਕਾਂ ਨੇ ਹਾਲ ਦੀ ਘੜੀ ਖੇਡਾਂ ਵੱਲ ਆਪਣਾ ਧਿਆਨ ਕੇਂਦਰਤ ਕਰ ਲਿਆ ਏ। ਖਾਸ ਕਰਕੇ ਕੁੜੀਆਂ ਅਤੇ ਮੁੰਡਿਆਂ ਦੀ ਹਾਕੀ ਨੇ ਹਰ ਖੇਡ ਪ੍ਰੇਮੀ ਦਾ ਧਿਆਨ ਖਿੱਚ ਲਿਆ ਏ। ਭਾਵੇਂ ਕਿ ਅਸੀਂ ਪੰਜਾਬ ਦੇ ਪ੍ਰਸੰਗ 'ਚ ਖੇਡਾਂ ਦੀ ਗੱਲ ਕਰਨੀ ਹੈ ਪਰ ਪਾਠਕ ਉਸ ਨੂੰ ਭਾਰਤੀ ਪ੍ਰਸੰਗ ਵਿਚ ਵੀ ਸਮਝ ਸਕਦੇ ਹਨ। ਇਹ ਚੰਗਾ ਰੁਝਾਨ ਹੈ ਕਿ ਸੱਤਾ ਚਲਾ ਰਹੀਆਂ ਸਰਕਾਰਾਂ ਸਮਕਾਲ ਵਿਚ ਖਿਡਾਰੀਆਂ ਨੂੰ ਲੱਖਾਂ ਰੁਪਏ ਦੇ ਕੇ ਉਨ੍ਹਾਂ ਨੂੰ ਉਤਸਾਹ ਦੇ ਰਹੀਆਂ ਨੇ। ਉਨ੍ਹਾਂ ਦਾ ਥਾਂ ਥਾਂ ਸਨਮਾਨ ਕਰ ਰਹੀਆਂ ਨੇ। ਇਹ ਹੋਣਾ ਵੀ ਚਾਹੀਦਾ ਏ। ਪਰ ਜ਼ਮੀਨੀ ਪੱਧਰ 'ਤੇ ਜੇ ਵੇਖਿਆ ਜਾਵੇ ਤਾਂ ਪੰਜਾਬ ਸਰਕਾਰ ਖੇਡਾਂ ਪ੍ਰਤੀ ਗੰਭੀਰ ਨਹੀਂ ਏ। ਜ਼ਮੀਨੀ ਪੱਧਰ 'ਤੇ ਛੋਟੀ ਉਮਰ ਦੇ ਖਿਡਾਰੀਆਂ ਦੀ ਪਨੀਰੀ ਤਿਆਰ ਕਰਨ ਵਾਲੀ ਉਨ੍ਹਾਂ ਕੋਲ ਕੋਈ ਠੋਸ ਨੀਤੀ ਨਹੀਂ ਏ।

ਖੇਡਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਤਿੰਨ ਉਹ ਖੇਡ ਕਹਾਣੀਆਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ ਜਿਹੜੀਆਂ ਖੇਡਾਂ ਦੀ ਦਿਸ਼ਾ, ਦਸ਼ਾ ਅਤੇ ਖੇਡ 'ਚ ਪਸਰ ਰਿਹਾ ਭ੍ਰਿਸ਼ਟਾਚਾਰ-ਭਾਈ ਭਤੀਜਾਵਾਦ-ਤਿਕੜਮਬਾਜ਼ ਸਿਆਸੀ ਰਸੂਖ ਨੂੰ ਉਭਾਰਦੀਆਂ ਹਨ। **ਜੇ. ਮਾਈਖੋਲੋਵਾ** ਦੀ ਰਸ਼ੀਅਨ ਕਹਾਣੀ ਹੈ **'ਖ਼ੂਨੀ ਮੈਚ'** ਜਿਹੜੀ ਮੈਚ ਫਿਕਸਿੰਗ ਦੇ ਰੁਝਾਨ, ਸੱਤਾ ਦੇ ਦਾਬੇ ਨੂੰ ਬੜੀ ਕਲਾਤਮਿਕਤਾ ਨਾਲ ਉਭਾਰਦੀ ਹੈ ਜਿਹੜਾ ਵਰਤਾਰਾ ਖੇਡਾਂ ਵਿਚ ਵੇਖਣ ਸੁਣਨ ਨੂੰ ਮਿਲਦਾ ਏ। ਕਹਾਣੀ ਕੀਵ (ਰੂਸ) ਦੇ ਸਟਾਰ ਫੁੱਟਬਾਰ ਖਿਡਾਰੀ 'ਡਾਇਨੇਮੋ' ਤੇ ਉਸ ਦੀ ਟੀਮ ਦੀ ਕਹਾਣੀ ਹੈ ਜਿਨ੍ਹਾਂ ਦੇ ਦੇਸ਼ ਕੀਵ ਤੇ ਜਰਮਨੀ ਦੀਆਂ ਫ਼ੌਜਾ ਕਬਜਾ ਕਰ ਲੈਂਦੀਆਂ ਹਨ ਤੇ ਫ਼ੌਜ ਫੁੱਟਬਾਲ ਖਿਡਾਰੀਆਂ ਨੂੰ ਮਾਮੂਲੀ ਮਜ਼ਦੂਰੀ ਤੇ ਇਕ ਬੇਕਰੀ 'ਚ ਕੰਮ ਕਰਨ ਲਗਾ ਦਿੰਦੀ ਏ। ਕੁਝ ਸਮੇਂ ਬਾਅਦ ਜਰਮਨ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਉਹ ਉਨ੍ਹਾਂ ਨਾਲ ਫੁੱਟਬਾਲ ਦਾ ਮੈਚ ਲਗਾਉਂਦੇ ਹਨ। ਜਰਮਨ ਫ਼ੌਜੀਆਂ ਦੀ ਇਕ ਫੁੱਟਬਾਲ ਟੀਮ ਨਾਲ ਪਹਿਲਾ ਮੈਚ ਲੱਗਦਾ ਹੈ ਤੇ ਵਾਰ ਵਾਰ ਪੰਜ ਮੈਚ ਲੱਗਦੇ ਹਨ। ਜਿਹੜੇ ਕਿ ਕੀਵ ਦੇ ਸਟਾਰ ਫੁੱਟਬਾਲ ਖਿਡਾਰੀ ਜਿੱਤਦੇ ਰਹਿੰਦੇ ਹਨ। ਇਸ ਗੱਲ ਤੋਂ ਜਰਮਨ ਫ਼ੌਜੀ ਬਹੁਤ ਖ਼ਫ਼ਾ ਹਨ। ਸੈਨਾ ਅਧਿਕਾਰੀ ਲਿਖਤੀ ਹੁਕਮ ਜਾਰੀ ਕਰਦੇ ਹਨ ਕਿ ਜੇ ਇਸ ਵਾਰ ਵੀ ਕੀਵ ਦੇ ਖਿਡਾਰੀ ਫੁੱਟਬਾਲ ਦਾ ਮੈਚ ਜਿੱਤ ਲੈਂਦੇ ਹਨ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਜਾਵੇਗਾ, ਕੀਵ ਦੇ ਖਿਡਾਰੀਆਂ ਦਾ ਇਹ ਜ਼ੁਰਮ ਹੁੰਦਾ ਏ ਕਿ ਉਨ੍ਹਾਂ ਨੇ ਜਰਮਨ ਜੇਤੂਆਂ ਨੂੰ ਫੁੱਟਬਾਲ ਦੇ ਮੈਚ ਵਿਚ ਹਰਾ ਦਿੱਤਾ ਏ, ਜਿਸ ਨਾਲ ਉਨ੍ਹਾਂ ਦਾ ਅਪਮਾਨ ਹੋਇਆ ਏ। ਉਨ੍ਹਾਂ ਵੱਲੋਂ ਅਜਿਹਾ ਫ਼ੁਰਮਾਨ ਮੈਚ ਫਿਕਸਿੰਗ ਦਾ ਦਬਾਅ ਬਣਾਉਣ ਲਈ ਕੀਤਾ ਜਾਂਦਾ ਏ। ਕਹਾਣੀ ਦੇ ਅੰਤ ਵਿਚ ਮੈਚ ਫਿਕਸਿੰਗ ਦਾ ਤੀਬਰ ਦਬਾਅ ਬਣਾਉਣ ਲਈ ਇਕ ਮੌਕਾ ਦਿੱਤਾ ਜਾਂਦੇ ਕਿ ਜੇਕਰ ਉਨ੍ਹਾਂ ਇਸ ਵਾਰ ਵੀ ਜਰਮਨੀ ਟੀਮ ਨੂੰ ਜਿੱਤਣ ਨਹੀਂ ਦਿੱਤਾ ਗਿਆ ਤਾਂ ਉਨ੍ਹਾਂ ਨੂੰ ਮੌਤ ਦੀ ਘਾਟ ਉਤਾਰ ਦਿੱਤਾ ਜਾਵੇਗਾ। ਕਹਾਣੀ ਉਦੋਂ ਮੋੜ ਕੱਟਦੀ ਏ ਜਦੋਂ ਸਾਰੇ

ਫੁੱਟਬਾਲ ਖਿਡਾਰੀ ਗੁਪਤ ਰੂਪ ਵਿਚ ਇਹ ਫ਼ੈਸਲਾ ਕਰਦੇ ਨੇ ਕਿ 'ਮਰ ਜਾਵਾਂਗੇ, ਪਰ ਜਰਮਨਾਂ ਨੂੰ ਮੈਚ ਨਹੀਂ ਜਿੱਤਣ ਦਿਆਂਗੇ'। ਉਹ ਮੈਚ ਆਪਣੀ ਪੂਰੀ ਤਾਕਤ ਨਾਲ ਖੇਡਣਗੇ 'ਮੈਚ ਫਿਕਸਿੰਗ' ਨਹੀਂ ਕਰਨਗੇ। ਕਹਾਣੀ ਸਿਖਰ ਵੱਲ ਵੱਧਦੀ ਏ। ਮੈਚ ਸ਼ੁਰੂ ਹੋ ਜਾਂਦਾ ਏ। ਜਰਮਨ ਗੋਲਕੀਪਰ ਨੂੰ ਝਕਾਨੀ ਦੇ ਕੇ ਕੀਵ ਦੇ ਖਿਡਾਰੀ ਜਰਮਨ ਸਿਰ ਇਕ ਗੋਲ ਕਰ ਦਿੰਦੇ ਨੇ। ਮੈਚ ਖਤਮ ਹੋਣ 'ਚ ਦਸ ਮਿੰਟ ਬਚਦੇ ਹਨ ਜਰਮਨ ਫ਼ੌਜੀ ਅਫ਼ਸਰ ਕੀਵ ਦੇ ਖਿਡਾਰੀਆਂ ਕੋਲ ਇਕ ਵਾਰ ਫਿਰ ਜਾਂਦੇ ਨੇ ਕਿ ਜੇ ਜਰਮਨਾਂ ਨੂੰ ਹਾਰ ਹੋਈ ਤਾਂ ਤੁਹਾਨੂੰ ਜਿਉਂਦਾ ਨਹੀਂ ਛੱਡਿਆ ਜਾਵੇਗਾ। ਕੀਵ ਦੇ ਖਿਡਾਰੀਆਂ ਤੇ ਬਹੁਤ ਮਾਨਸਿਕ ਦਬਾਅ ਏ ਪਰ ਉਨ੍ਹਾਂ ਅੰਦਰ ਦੇਸ਼ ਭਗਤੀ ਕੁੱਟ ਕੁੱਟ ਕੇ ਭਰੀ ਹੋਈ ਏ। ਦੂਜੇ ਪਾਸੇ ਅੰਪਾਇਰ ਵੀ ਜਰਮਨੀ ਹੁੰਦਾ ਏ। ਉਹ ਕੀਵ ਦੇ ਖਿਡਾਰੀਆਂ ਦੇ ਵਾਰ ਵਾਰ 'ਫਾਊਲ' ਦਿੰਦਾ ਏ। ਅੰਤ ਉਹ ਜਰਮਨ ਟੀਮ 'ਤੇ ਸਿੱਧਾ ਦੂਜਾ ਗੋਲ ਵੀ ਕਰ ਦਿੰਦੇ ਨੇ। ਸਜਾ ਵਜੋਂ ਸਾਰੇ ਖਿਡਾਰੀਆਂ ਨੂੰ ਇਕ ਟਰੱਕ ਵਿਚ ਲਿਜਾ ਕੇ ਇਕ ਖਾਲੀ ਥਾਂ 'ਤੇ ਖੜੇ ਕਰਕੇ ਗੋਲੀਆਂ ਨਾਲ ਭੁੰਨ ਦਿੱਤਾ ਜਾਂਦਾ ਏ। ਕਹਾਣੀ ਸਿੱਧੇ ਤੌਰ 'ਤੇ ਇਹ ਮੁੱਦਾ ਉਭਾਰਦੀ ਏ ਕਿ ਹਰ ਖਿਡਾਰੀ ਨੂੰ, ਕੋਚ ਨੂੰ, ਤੇ ਟੀਮ ਨੂੰ 'ਕੀਵ' ਦੇ ਫੁੱਟਬਾਲ ਖਿਡਾਰੀ ਵਾਂਗ ਵਿਹਾਰ ਕਰਨਾ ਚਾਹੀਦਾ ਏ। ਕਿਸੇ ਵੀ ਤਰ੍ਹਾਂ ਦੇ ਲਾਲਚ ਨੂੰ ਠੇਢਾ ਮਾਰ ਕੇ ਪੂਰੀ ਲਗਨ ਨਾਲ ਖੇਡਣਾ ਚਾਹੀਦਾ ਏ। ਉਹ ਹੀ ਅਸਲ ਵਿਚ ਸੱਚਾ ਸੁੱਚਾ ਖਿਡਾਰੀ ਏ। ਕਹਾਣੀ ਦੀ ਬੁਣਤੀ ਤੇ ਗੋਂਦ ਬਹੁਤ ਕਮਾਲ ਦੀ ਏ।

ਇਕ ਕਹਾਣੀ ਹੋਰ ਮੇਰੇ ਜ਼ਿਹਨ ਵਿਚ ਆਉਂਦੀ ਏ ਉਹ ਕਹਾਣੀ ਅੰਗਰੇਜ਼ੀ 'ਚ **ਜੈਕ ਲੰਡਨ** ਨੇ ਲਿਖੀ ਹੋਈ ਏ '**ਮਾਸ ਦਾ ਟੁੱਕੜਾ**' ਇਸ ਕਹਾਣੀ ਨੂੰ ਭਾਰਤੀ ਪ੍ਰਸੰਗ ਵਿਚ ਪੜ੍ਹਿਆ ਤੇ ਸਮਝਿਆ ਜਾ ਸਕਦਾ ਏ ਜਿਸ ਦੇਸ਼ ਵਿਚ ਬੱਚੇ ਮੁੱਢਲੇ ਰੂਪ ਵਿਚ ਕੁਪੋਸ਼ਣ ਦਾ ਸ਼ਿਕਾਰ ਹੋ ਜਾਂਦੇ ਨੇ ਉਨ੍ਹਾਂ ਨੂੰ ਉਹੋ ਜਿਹਾ ਸੰਤੁਲਿਤ ਭੋਜਨ ਨਹੀਂ ਮਿਲਦਾ ਜਿਹੜਾ ਭੋਜਨ ਇਕ ਚੰਗੇ ਖਿਡਾਰੀ ਦੇ ਬਣਨ ਲਈ ਲਾਜ਼ਮੀ ਹੁੰਦਾ ਏ। ਕਹਾਣੀ ਦਾ ਨਾਇਕ ਪੇਸ਼ੇਵਰ ਮੁੱਕੇਬਾਜ਼ ਟਾਮਕਿੰਗ ਏ। ਟਾਮ ਅਜਿਹਾ ਹੰਢਿਆ ਹੋਇਆ ਮੁੱਕੇਬਾਜ਼ ਏ ਜਿਹਨੇ ਮੁੱਕੇਬਾਜ਼ੀ ਦੇ ਸਿਰ ਤੇ ਆਪਣੇ ਪਰਿਵਾਰ ਦਾ ਗੁਜਾਰਾ ਕੀਤਾ ਏ। ਚੜ੍ਹਤ ਦੇ ਦਿਨ੍ਹਾਂ ਵਿਚ ਉਹ ਖੁਸ਼ਹਾਲ ਜੀਵਨ ਜੀਓ ਰਿਹਾ ਸੀ ਪਰ ਜਿਉਂ ਜਿਉਂ ਉਹਨੂੰ ਬੁਢਾਪਾ ਘੇਰਦਾ ਏ ਉਸ ਦੀ ਘਰੇਲੂ ਆਰਥਕ ਸਥਿਤੀ ਤਰਸਯੋਗ ਹੋ ਜਾਂਦੀ ਏ। ਘਰ ਦਾ ਗੁਜਾਰਾ ਕਰਨ ਲਈ ਉਹਨੂੰ ਜਵਾਨੀ ਤੋਂ ਬੁਢਾਪੇ ਵੱਲ ਜਾਂਦਿਆਂ ਵੀ ਪੇਸ਼ੇਵਰ ਮੁੱਕੇਬਾਜ਼ੀ ਕਰਨੀ ਪੈਂਦੀ ਏ। ਹਰ ਮੁਕਾਬਲੇ ਵਿਚ ਉਹਨੂੰ ਤੀਹ ਪੌਂਡ ਮਿਲਦੇ ਸਨ ਜਿਸ ਨਾਲ ਉਹ ਘਰ ਦਾ ਗੁਜਾਰਾ ਚਲਾਉਂਦਾ ਸੀ। ਪਰ ਜਦੋਂ ਉਹਦੀ ਮੁੱਕੇਬਾਜ਼ੀ ਵਿਚ ਚੜ੍ਹਤ ਹੁੰਦੇ ਸੀ ਉਸ ਵੇਲੇ ਉਹਦੇ ਕੋਲ ਬਹੁਤ ਧੰਨ ਸੀ। ਪਰ ਸਮਾਂ ਬਦਲ ਜਾਂਦਾ ਏ। ਕਹਾਣੀ ਦੇ ਬਿਰਤਾਂਤ ਵਿਚ ਉਹਦੇ ਘਰ ਵਿਚ ਗਰੀਬੀ ਤੇ ਲਚਾਰੀ ਵੇਖਣ ਨੂੰ ਮਿਲਦੀ ਏ। ਉਸ ਦੇ ਕੱਪੜੇ ਪੁਰਾਣੇ ਤੇ ਬੱਚੇ ਭੁੱਖੇ ਸੌਂਦੇ ਹਨ। ਟਾਮ ਭਾਵੇਂ ਮੁੱਕੇਬਾਜ਼ੀ ਵਿਚ ਆਪਣੇ ਵੀਹ ਸਾਲ ਦਾ ਸਮਾਂ ਹੰਢਾ ਚੁੱਕਾ ਸੀ ਪਰ ਫਿਰ ਵੀ ਉਹਨੂੰ ਕੋਈ ਹਰਾ ਨਹੀਂ ਸਕਿਆ ਸੀ। ਆਸਟ੍ਰੇਲੀਆ ਵਿਚ ਟਾਮ ਦਾ ਮੁਕਾਬਲਾ ਨੌਜਵਾਨ ਸੈਂਡਲ ਨਾਲ ਹੋਣਾ ਹੁੰਦਾ ਏ। ਉਸ ਸਮੇਂ ਟਾਮ ਦੇ ਘਰ ਉਸ ਨੂੰ ਪੇਟ ਭਰ ਕੇ ਖਾਣਾ ਵੀ ਨਹੀਂ ਮਿਲਦਾ। ਉਹ ਇਕ ਮਾਸ ਦਾ ਟੁੱਕੜਾ ਖਾਣਾ ਚਾਹੁੰਦਾ ਸੀ ਪਰ ਉਸਦੀ ਪਤਨੀ ਨੂੰ ਕੋਈ ਵੀ ਉਧਾਰ ਉਹ ਮਾਸ ਦਾ ਟੁੱਕੜਾ ਨਹੀਂ ਦਿੰਦਾ। ਟਾਮ ਤੁਰ ਕੇ ਉਸ ਥਾਂ ਤੇ ਪਹੁੰਚਦਾ ਹੈ ਜਿੱਥੇ ਮੁਕਾਬਲਾ ਹੋਣਾ ਹੁੰਦਾ ਏ ਕਿਉਂਕਿ ਉਹਦੇ ਕੋਲ ਟੈਕਸੀ ਦੇ ਵੀ ਪੈਸੇ ਨਹੀਂ ਹੁੰਦੇ। ਸੈਂਡਲ ਜਵਾਨ ਮੁੱਕੇਬਾਜ਼ ਏ। ਉਹ ਟਾਮ ਨੂੰ ਹਰਾ ਕੇ ਉਸਦੀ ਥਾਂ ਲੈਣੀ ਚਹੁੰਦਾ ਏ। ਮੁਕਾਬਲੇ ਦੇ ਦਸ ਰਾਉਂਡ ਹੁੰਦੇ ਨੇ ਕਹਾਣੀ ਵਿਚ ਇਹ ਬਿਰਤਾਂਤ ਲੰਮਾ ਚਲਦਾ ਏ। ਜਿਸ ਵਿਚ ਲੇਖਕ ਪੇਸ਼ ਕਰਦਾ ਏ ਟਾਮ ਬੜੀ ਕੁਸ਼ਲਤਾ ਨਾਲ ਵਿਰੋਧੀ ਦਾ ਸਾਹਮਣਾ ਕਰਦਾ ਏ ਭਾਵੇਂ ਕਿ ਉਹਨੂੰ ਤੁਰ ਕੇ ਆਉਣ ਤੇ ਥਕਾਵਟ ਹੋ ਜਾਂਦੀ ਏ। ਵਿਰੋਧੀ ਦੇ ਦਬਾਅ ਬਣਾਉਣ ਲਈ ਉਹਦੇ ਮੁੱਕੇ ਆਪਣੇ ਸਿਰ 'ਤੇ ਸਹਿੰਦਾ ਰਹਿੰਦਾ ਏ। ਉਹ ਆਪਣੇ ਲੰਮੇ ਤਜ਼ਰਬੇ ਨਾਲ ਵਿਰੋਧੀ ਦੀ ਮਨੋਦਿਸ਼ਾ ਨੂੰ ਸਮਝਦਾ ਏ। ਫਿਰ ਆਖਰੀ ਦਸਵੇਂ ਰਾਊਂਡ ਵਿਚ ਉਸ 'ਤੇ ਹਮਲੇ ਵੀ ਕਰਦਾ ਏ। ਅੰਤ ਨੂੰ ਇਕ ਮੁੱਕਾ ਵਿਰੋਧੀ ਦੇ ਜਬਾੜੇ ਤੇ ਮਾਰਨਾ



ਚਾਹੁੰਦਾ ਏ ਪਰ ਉਹ ਫ਼ਿਸਲ ਜਾਂਦਾ ਏ। ਟਾਮ ਦੇ ਮਨ ਵਿਚ ਆਉਂਦਾ ਏ ਕਿ ਜੇਕਰ ਉਹਨੂੰ ਉਹ 'ਮਾਸ ਦਾ ਟੁੱਕੜਾ' ਮਿਲ ਜਾਂਦਾ ਅਤੇ ਉਹ ਏਥੇ ਤੱਕ ਤੁਰ ਕੇ ਨਾ ਆਉਂਦਾ ਤਾਂ ਮੁੱਕੇਬਾਜ਼ੀ ਵਿਚ ਜਿੱਤ ਦਰਜ ਕਰਵਾ ਲੈਂਦਾ। ਉਹਦੇ ਪੇਟ ਵਿਚ ਪੌਸ਼ਟਿਕ ਭੋਜਨ ਦੀ ਘਾਟ ਅਤੇ ਦੋ ਮੀਲ ਦਾ ਫ਼ਾਸਲਾ ਪੈਦਲ ਤੈਅ ਕਰਕੇ ਆਉਣਾ ਉਹਨੂੰ ਹਾਰ ਦਿਖਾ ਦਿੰਦੇ ਨੇ। ਅੰਤ ਵਿਚ ਉਹ ਐਨਾ ਥੱਕ ਤੇ ਹਾਰ ਜਾਂਦਾ ਕਿ ਉਹਦੇ ਕੋਲੋਂ ਉੱਠਿਆ ਵੀ ਨਹੀਂ ਜਾਂਦਾ। ਕਹਾਣੀ ਦੇ ਅੰਤ ਵਿਚ ਲੇਖਕ ਉਸ ਦੀ ਮਨੋਦਸ਼ਾ ਬਿਆਨ ਕਰਦਾ ਕਹਿੰਦਾ ਏ ਕਿ 'ਬੱਸ ਇਕ ਜ਼ੋਰਦਾਰ ਮੁੱਕੇ ਦੀ ਲੋੜ ਸੀ ਪਰ ਅਜਿਹਾ ਮੁੱਕਾ ਉਹ ਮਾਰ ਨਹੀਂ ਸਕਦਾ ਸੀ ਅਤੇ ਮੌਕਾ ਹੱਥੋਂ ਨਿਕਲ ਗਿਆ।' ਜਦੋਂ ਉਹ ਤੁਰ ਕੇ ਘਰ ਮੁੜਦਾ ਏ ਤਾਂ ਉਹਦੀ ਜੇਬ ਵਿਚ ਇਕ ਪੈਨੀ ਵੀ ਨਹੀਂ ਹੁੰਦੀ। ਟਾਮ ਕਿੰਗ ਆਪਣੀ ਦੁਰਦਸ਼ਾ ਵੇਖ ਕੇ ਅੱਖਾਂ ਭਰ ਲੈਂਦਾ ਏ। ਕਹਾਣੀ ਦਾ ਬਿਰਤਾਂਤ ਐਨਾ ਜਬਰਦਸਤ ਬੁਣਿਆ ਗਿਆ ਕਿ ਪਾਠਕ ਸਾਹਮਣੇ ਟਾਮ ਮੁੱਕੇਬਾਜ਼ੀ ਕਰਦਾ ਆ ਜਾਂਦਾ ਏ। ਇਕ ਸਟਾਰ ਖਿਡਾਰੀ ਦੀ ਦਸ਼ਾ ਨੂੰ 'ਟਾਮ' ਰਾਹੀਂ ਪਾਠਕ ਸਮਝ ਸਕਦੇ ਹਨ। ਇਕ ਸਟਾਰ ਖਿਡਾਰੀ ਦੀ ਚੜ੍ਹਤ ਤੇ ਪੱਤਣ ਨੂੰ ਕਹਾਣੀ ਪੀਡੇ ਬਿਰਤਾਂਤ ਰਾਹੀਂ ਬਿਆਨਦੀ ਏ। ਸਾਡੇ ਦੇਸ਼ ਭਾਰਤ ਵਿਚੋਂ ਅਨੇਕਾਂ ਖਿਡਾਰੀ ਏਸ ਲਈ ਪੱਛੜ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਸੰਤੁਲਿਤ ਭੋਜਨ ਮਿਲਦਾ ਹੀ ਨਹੀਂ ਏ।

ਤੀਜੀ ਕਹਾਣੀ ਮੇਰੇ ਵੱਲੋਂ ਲਿਖੀ '**ਰਵੀ ਡਿਫ਼ੈਂਡਰ**' ਏ ਜਿਹੜੀ ਮੈਂ ਦੋ ਕੁ ਸਾਲ ਪਹਿਲਾ ਲਿਖੀ ਸੀ ਤੇ ਇਹ 'ਸਿਰਜਣਾ' ਵਿਚ ਛਪੀ ਸੀ। ਇਹ ਕਹਾਣੀ ਇਕ ਸਧਾਰਨ ਖਿਡਾਰੀ ਵੱਲੋਂ ਫੁੱਟਬਾਲ ਦੀ ਨੈਸ਼ਨਲ ਟੀਮ ਵਿਚ ਆਪਣੀ ਥਾਂ ਪੱਕੀ ਕਰਨ ਲਈ ਉਨ੍ਹਾਂ ਵੱਲੋਂ ਕੀਤੀ ਗਈ ਤਿਕੜਮਬਾਜ਼ੀ, ਸਿਆਸੀ ਰਸੂਖ ਨੂੰ ਉਭਾਰਦੀ ਏ ਜਿਸ ਰਾਹੀਂ ਵਧੀਆ ਖੇਡਣ ਵਾਲੇ ਖਿਡਾਰੀ ਵਧੀਆ ਖੇਡ ਦੇ ਬਾਵਜੂਦ ਵੀ ਟੀਮ ਵਿਚੋਂ ਬਾਹਰ ਕਰ ਦਿੱਤੇ ਜਾਂਦੇ ਨੇ। ਇਹਦੇ ਪਿੱਛੇ ਖੇਡਾਂ ਵਿਚ ਤੇਜ਼ੀ ਨਾਲ ਫੈਲ ਰਿਹਾ ਭ੍ਰਿਸ਼ਟ ਤੰਤਰ ਜ਼ਿੰਮੇਵਾਰ ਹੁੰਦਾ ਏ। ਕਹਾਣੀ ਖਿਡਾਰੀਆਂ ਦੀ ਚੋਣ ਕਰਨ ਵਾਲੇ ਭ੍ਰਸ਼ਿਟ ਤੰਤਰ ਨੂੰ ਉਭਾਰਦੀ ਏ। ਕਹਾਣੀ ਫੁੱਟਬਾਲ ਖੇਡਣ ਵਾਲੇ ਰਵੀ ਨਾਂ ਦੇ ਪਾਤਰ ਦੀ ਕਹਾਣੀ ਏ। ਜਿਹਦੇ ਲਹੂ ਵਿਚ ਫੁੱਟਬਾਲ ਦੀ ਖੇਡ ਏ ਕਿਉਂਕਿ ਉਹਦਾ ਪਿਤਾ ਕਦੇ ਚੰਗਾ ਫੁੱਟਬਾਲ ਖੇਡਦਾ ਰਿਹਾ ਏ। ਉਹ ਆਪਣੇ ਬੇਟੇ ਨੂੰ ਫੁੱਟਬਾਲ ਦਾ ਸਟਾਰ ਖਿਡਾਰੀ ਬਣਾਉਣਾ ਚਾਹੁੰਦਾ ਏ। ਪਰ ਟ੍ਰਾਇਲਾਂ ਵਿਚ ਖੇਡ ਅਧਿਕਾਰੀ ਉਹਨੂੰ ਟੀਮ ਵਿਚੋਂ ਬਾਹਰ ਕੱਢ ਕੇ ਸਧਾਰਨ ਖੇਡਦੇ ਖਿਡਾਰੀ ਲੈ ਲੈਂਦੇ ਨੇ। ਉਸ ਦੇ ਮਨ ਵਿਚ ਇਸ ਗੱਲ ਦੀ ਗੰਢ ਬੱਝ ਜਾਂਦੀ ਏ। ਤੇ ਉਹ ਗੁੱਸੇ 'ਚ ਆ ਕੇ ਉਨ੍ਹਾਂ ਖਿਡਾਰੀਆਂ ਦੇ ਫੁੱਟਬਾਲ ਖੇਡਦਿਆਂ ਸੱਟਾਂ ਮਾਰਦਾ ਏ। ਉਸ ਦੇ ਪਿਤਾ ਨੂੰ ਭਾਵੇਂ ਕਿ ਪਤਾ ਹੁੰਦਾ ਏ ਉਸ ਦੇ ਬੇਟੇ ਨਾਲ ਅਨਿਆ ਹੋ ਰਿਹਾ ਏ ਪਰ ਉਹ ਆਪਣੇ ਬੇਟੇ ਦੇ ਸੱਟਾਂ ਮਾਰਨ ਦੀ ਨੀਤੀ ਦੇ ਵੀ ਖ਼ਿਲਾਫ਼ ਖੜਦਾ ਏ। ਉਸਦੀ ਸੋਚ ਕਿ ਖਿਡਾਰੀ ਨੂੰ ਉੱਚੀ ਤੇ ਸੁੱਚੀ ਖੇਡ ਭਾਵਨਾ ਨਾਲ ਖੇਡ ਮੈਦਾਨ ਵਿਚ ਆਉਣਾ ਚਾਹੀਦਾ ਏ। ਕਹਾਣੀ ਦਾ ਅੰਤ ਦੁਖਾਂਤ ਨਾਲ ਹੁੰਦਾ ਏ ਜਿਹਦੇ ਵਿਚ ਤਿਕੜਮਬਾਜ਼ ਲੋਕ, ਚੰਗੇ ਖਿਡਾਰੀ ਨੂੰ ਹਾਸ਼ੀਏ 'ਤੇ ਧੱਕ ਕੇ ਮਾੜੇ ਖਿਡਾਰੀ ਨੂੰ ਮੁੱਖ ਧਾਰਾ ਵਿਚ ਲੈ ਕੇ ਆਉਂਦੇ ਹਨ। ਅਜਿਹੇ ਵਰਤਾਰੇ ਖੇਡਾਂ ਦੇ ਨਿਘਾਰ ਦਾ ਕਾਰਨ ਬਣਦੇ ਨੇ।

ਇਹ ਤਿੰਨ ਕਹਾਣੀਆਂ ਰਾਹੀ ਮੈਂ ਪੰਜਾਬ ਦੀਆਂ ਖੇਡਾਂ, ਸਰਕਾਰਾਂ ਦੀ ਖੇਡ ਨੀਤੀ ਅਤੇ ਖਿਡਾਰੀਆਂ ਦੀ ਖੇਡ ਭਾਵਨਾਂ ਨੂੰ ਸਮਝਣ ਦਾ ਜਤਨ ਕੀਤਾ ਏ। ਗਲਪ ਸਾਹਿਤ ਵਿਚ ਖੇਡਾਂ ਦੇ ਵੱਡੇ ਮਸਲੇ ਲੈ ਕੇ ਆਈਆਂ ਕਹਾਣੀਆਂ ਦੀ ਗਿਣਤੀ ਭਾਵੇਂ ਬਹੁਤ ਥੋੜ੍ਹੀ ਹੈ ਪਰ ਖੇਡਾਂ ਦੇ ਪ੍ਰਸੰਗ ਵਿਚ ਗੱਲ ਕਰਨ ਲਈ ਇਹ ਗਲਪ ਰਚਨਾਵਾਂ ਨਿੱਗਰ ਮਿਸਾਲਾ ਹਨ।

ਇਨ੍ਹਾਂ ਮੁੱਦਿਆਂ ਦੇ ਪਿਛੋਕੜ ਵਿਚ ਹਾਕੀ ਬਾਰੇ ਕੁਝ ਨੁਕਤੇ ਸਾਂਝੇ ਕਰਨੇ ਬਣਦੇ ਨੇ। ਪੰਜਾਬ ਦੀ ਹਾਕੀ ਲੋਕ ਖੇਡ 'ਖਿੰਦੋ-ਖੂੰਡੀ' ਦਾ ਸੁਧਰਿਆ ਰੂਪ ਏ। ਅੰਗਰੇਜ਼ਾਂ ਨੇ 1850 ਵਿਆਂ ਵਿਚ ਇਸ ਨੂੰ ਭਾਰਤੀ ਫ਼ੌਜ 'ਚ ਖਿਡਾਉਣਾ ਸ਼ੁਰੂ ਕੀਤਾ ਸੀ। ਅੰਗਰੇਜ਼ਾਂ ਦੇ ਸਮੇਂ ਹੀ 1928 ਵਿਚ ਭਾਰਤੀ ਹਾਕੀ ਟੀਮ ਪਹਿਲੀ ਵਾਰ ਮੁੰਡਾ ਕਬੀਲੇ ਨਾਲ ਸਬੰਧਿਤ ਜੈਪਾਲ ਸਿੰਘ ਮੁੰਡਾ ਦੀ ਅਗਵਾਈ 'ਚ ਖੇਡੀ ਸੀ। ਅਤੇ

ਟੀਮ ਨੇ ਸੋਨੇ ਦਾ ਤਗ਼ਮਾ ਜਿੱਤਿਆ ਸੀ। ਕਾਫੀ ਦੇਰ ਬਾਅਦ ਫ਼ੌਜ ਵਿਚੋਂ ਨਿਕਲਿਆ ਹਾਕੀ ਖਿਡਾਰੀ ਧਿਆਨ ਚੰਦ ਐਸਾ ਸੰਸਾਰ ਹਾਕੀ ਵਿਚ ਚਮਕਿਆ ਕਿ ਉਸ ਨੇ ਬਹੁਤ ਕਮਾਲ ਦੀ ਹਾਕੀ ਖੇਡ ਕੇ ਆਪਣਾ ਨਾਂ ਸੋਨੇ ਵਾਂਗ ਚਮਕਾ ਲਿਆ। ਭਾਵੇਂ ਕਿ ਉਸ ਦੇ ਨਾਂ ਤੇ ਹੁਣ ਖੇਲ ਰਤਨ ਪੁਰਸਕਾਰ ਦਾ ਨਾਂ ਰੱਖਿਆ ਗਿਆ ਏ ਪਰ ਉਹਨੂੰ ਓਨਾ ਮਾਣ ਤਾਣ ਨਹੀਂ ਦਿੱਤਾ ਗਿਆ ਜਿਨਾਂ ਉਹਦਾ ਬਣਦਾ ਸੀ। ਹਾਕੀ ਵਿਚ ਪੰਜਾਬ ਦੇ ਖਿਡਾਰੀਆਂ ਨੇ ਬਹੁਤ ਉੱਚਾ ਰੁਤਬਾ ਹਾਸਲ ਕੀਤਾ ਏ। ਪੰਜਾਬ ਦੇ ਅਨੇਕਾਂ ਖਿਡਾਰੀਆਂ ਨੇ ਉਲੰਪਿਕ ਖੇਡਾਂ ਵਿਚ ਸੋਨੇ ਦੇ ਤਗ਼ਮੇ ਜਿੱਤੇ ਹਨ ਅਤੇ ਉਨ੍ਹਾਂ ਨੇ ਐਨੀ ਕਮਾਲ ਦੀ ਹਾਕੀ ਖੇਡੀ ਕਿ ਉਨ੍ਹਾਂ ਦੀ ਹਾਕੀ ਦਾ ਪੂਰੇ ਸੰਸਾਰ ਵਿਚ ਲੋਹਾ ਮੰਨਿਆ ਗਿਆ।

2020 ਦੀਆਂ ਉਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤ ਕੇ ਭਾਰਤੀ ਹਾਕੀ ਵਿਚ ਪੁਨਰਸੁਰਜੀਤੀ ਕੀਤੇ ਏ। ਉਥੇ ਕੁੜੀਆਂ ਨੇ ਕਮਾਲ ਦੀ ਹਾਕੀ ਖੇਡ ਕੇ ਆਪਣੇ ਨਾਂ ਸੰਸਾਰ ਦੀ ਹਾਕੀ ਵਿਚ ਅਜਿਹਾ ਬਣਾ ਲਿਆ ਏ ਕਿ ਉਹ ਵੀ ਵਿਸ਼ਵ ਦੀ ਕੁੜੀਆਂ ਦੀ ਹਾਕੀ 'ਚ ਮੁਕਾਬਲੇ ਦੀ ਧਿਰ ਬਣ ਕੇ ਭਵਿੱਖ ਵਿਚ ਉਭਰਨਗੀਆਂ। ਕਈ ਸਾਲਾਂ ਬਾਅਦ ਭਾਰਤੀ ਹਾਕੀ ਵਿਚ ਪੰਜਾਬ ਦੇ ਹਾਕੀ ਖਿਡਾਰੀ ਚਮਕੇ ਹਨ। ਮੈਂ ਸ਼ੁਰੂ ਤੋਂ ਹੀ ਏਸ ਵਾਰ ਦੀਆਂ ਉਲੰਪਿਕ ਖੇਡਾਂ ਵਿਚ ਹਾਕੀ ਦਾ ਮੈਚ ਵੇਖਦਾ ਆ ਰਿਹਾ ਸੀ। ਮਨਪ੍ਰੀਤ, ਹਾਰਦਿਕ, ਸਿਮਰਨਪ੍ਰੀਤ ਅਤੇ ਸ੍ਰੀਜੇਸ਼ ਨੇ ਕਮਾਲ ਦੀ ਹਾਕੀ ਖੇਡੀ ਏ। ਵਿਰੋਧੀ ਟੀਮਾਂ ਦੀ ਹਾਕੀ ਦਾ ਕੀ ਕਹਿਣਾ ਏ! ਡਰੈਗ ਫਲਿੱਕਰ ਹਰਮਨਪ੍ਰੀਤ ਤੇ ਰੁਪਿੰਦਰਪਾਲ ਦਾ ਕੋਈ ਸਾਨੀ ਨਹੀਂ। ਬਾਕੀ ਖਿਡਾਰੀ ਵੀ ਕਿਸੇ ਨਾਲੋਂ ਘੱਟ ਨਹੀਂ ਸਨ। ਹੂਟਰ ਤੋਂ ਛੇ ਸਕਿੰਟ ਪਹਿਲਾਂ ਪੈਨਲਟੀ ਰੋਕਣ ਵਾਲੇ ਗੋਲ ਕੀਪਰ ਸ੍ਰੀਜੇਸ਼ ਨੂੰ ਕਦੇ ਵੀ ਭੁਲਿਆ ਨਹੀਂ ਜਾ ਸਕਦਾ ਜਿਹਨੇ ਭਾਵੁਕ ਹੁੰਦਿਆ ਕਿਹਾ, "41 ਸਾਲ ਹੋ ਗਏ। ਆਖਰੀ ਤਗ਼ਮਾ 1980 ਵਿਚ ਮਿਲਿਆ ਸੀ।" ਇਹ ਕੋਈ ਘੱਟ ਪ੍ਰਾਪਤੀ ਨਹੀਂ ਕਿ ਕੁੜੀਆਂ ਦੀ ਟੀਮ ਜਦੋਂ 2-0 ਨਾਲ ਪੱਛੜ ਰਹੀ ਸੀ ਕਿਵੇਂ ਤੁਫ਼ਾਨੀ ਹਾਕੀ ਖੇਡ ਕੇ ਉਨ੍ਹਾਂ ਬਰਾਬਰੀ ਕੀਤੀ ਅਤੇ 3-2 ਨਾਲ ਗੋਲ ਕਰਕੇ ਆਪਣੇ ਆਪ ਨੂੰ ਜੇਤੂ ਕਰ ਲੈਂਦੀਆਂ ਨੇ। ਗੋਲ ਕੀਪਰ ਸਵਿਤਾ ਪੂਨੀਆ ਭਾਰਤੀ ਹਾਕੀ ਟੀਮ ਲਈ ਢਾਲ਼ ਹੀ ਨਹੀਂ ਬਣੀ ਬਲਕਿ ਉਹ ਪੂਰੇ ਭਾਰਤ ਲਈ ਢਾਲ਼ ਬਣ ਗਈ ਲੱਗੀ। ਨੇਹਾ, ਨਵਨੀਤ, ਡਿਫੈਂਡਰ ਦੀਪ ਗ੍ਰੇਸ ਨੇ ਦਿਲ ਜਿੱਤ ਲਏ। ਲੜਕੀਆਂ ਦੀ ਟੀਮ ਵਿਚ ਪੰਜਾਬ ਦੀ ਇਕੋ ਇਕ ਖਿਡਾਰੀ ਗੁਰਜੀਤ ਕੌਰ ਨੇ ਵੀ ਕਮਾਲ ਦੀ ਗੇਮ ਖੇਡ ਕੇ ਸਭ ਦਾ ਦਿਲ ਜਿੱਤ ਲਿਆ। ਭਾਵੇਂ ਕਿ ਆਪਣੇ ਆਖਰੀ ਮੈਚ ਵਿਚ ਭਾਰਤ ਦੀਆਂ ਧੀਆਂ ਨੇ ਵਿਰੋਧੀ ਟੀਮ ਦੇ ਸਰਕਲ ਵਿਚ ਪਹੁੰਚ ਕੇ ਗੋਲ ਦੇ ਮੌਕੇ ਬਣਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਸਫ਼ਲਤਾ ਨਹੀਂ ਮਿਲੀ। ਪੈਨਲਟੀ ਕਾਰਨਰ ਬਹੁਤ ਘੱਟ ਪ੍ਰਾਪਤ ਕੀਤੇ। ਪਰ ਜਿਹੜੀ ਲੜਕੀਆਂ ਨੇ ਹਾਕੀ ਖੇਡੀ ਉਹ ਕਮਾਲ ਦੀ ਗੇਮ ਸੀ। ਹਾਰ ਜਿੱਤ ਤਾਂ ਹੁੰਦੀ ਹੈ ਗੱਲ ਹੁੰਦੀ ਏ ਕਿ ਤੁਸੀਂ ਗੇਮ ਕਿੰਨੀ ਦ੍ਰਿੜਤਾ ਨਾਲ ਅਤੇ ਫਸਵੀ ਖੇਡਦੇ ਹੋ।

ਅੱਜ ਜਿਹੜੇ ਖਿਡਾਰੀ ਉਲੰਪਕ 'ਚ ਖੇਡ ਰਹੇ ਹਨ ਉਹ ਤਕਰੀਬਨ ਸਾਰੇ ਸਧਾਰਨ ਪਰਿਵਾਰਾਂ ਵਿਚੋਂ ਨਿਕਲੇ ਨੇ। ਤੁਸੀਂ ਕਲਪਨਾ ਕਰ ਸਕਦੇ ਹੋ ਕਿ ਜਿੱਥੇ ਮੁੱਢਲੇ ਪੱਧਰ ਤੇ ਕੋਈ ਖੇਡ ਨੀਤੀ ਲਾਗੂ ਨਹੀਂ ਉਥੋਂ ਇਹ ਖਿਡਾਰੀ ਕਿਵੇਂ ਮੁਸ਼ਕਲਾਂ ਵਿਚੋਂ ਨਿਕਲ ਕੇ ਉਪਰ ਤੱਕ ਪਹੁੰਚੇ ਹੋਣਗੇ। ਉਨ੍ਹਾਂ ਨੇ ਕਿੰਨੀ ਮਿਹਨਤ ਅਤੇ ਸਫ਼ਰ ਕੀਤਾ ਹੋਵੇਗਾ। ਸਾਰੇ ਵਰਤਾਰੇ ਨੂੰ ਚਿਤਵ ਕੇ ਦਿਲ ਦਹਿਲ ਜਾਂਦਾ ਏ।

ਕੁੜੀਆਂ ਦੀ ਹਾਕੀ ਟੀਮ ਵਿਚ ਖੇਡਦੀਆਂ ਖਿਡਾਰੀਆਂ ਦੇ ਪਿਛੋਕੜ ਵੱਲ ਵੇਖੋ ਤਾਂ ਉਹ ਸਾਰੀਆਂ ਖਿਡਾਰਨਾ ਅਤਿ ਦੇ ਗਰੀਬ ਤੇ ਪਛੜੇ ਖੇਤਰਾਂ ਵਿਚੋਂ ਆਈਆਂ ਹਨ। ਉਨ੍ਹਾਂ ਦੇ ਪਿਛੋਕੜ ਵੱਲ ਵੇਖ ਤੇ ਜਾਣ ਕੇ ਮੇਰਾ ਸਿਰ ਝੁਕਦਾ ਰਿਹਾ ਏ ਕਿ ਸਲਾਮ ਏ ਇਨ੍ਹਾਂ ਭਾਰਤ ਦੀਆਂ ਸ਼ੇਰਨੀਆਂ ਨੂੰ ਜਿਨ੍ਹਾਂ ਨੇ ਆਪਣੀ ਅਥਾਹ ਸਮਰੱਥਾ ਨਾਲ ਹਾਕੀ ਨੂੰ ਆਪਣੀ ਜਿੰਦ ਜਾਨ ਬਣਾ ਲਿਆ। ਵੰਦਨਾ ਕਟਾਰੀਆ ਉਤਰਖੰਡ ਦੇ ਰੋਸ਼ਨਾਬਾਦ ਇਲਾਕੇ ਦੇ ਇਕ ਦਲਿਤ ਪਰਿਵਾਰ ਦੀ ਲੜਕੀ ਏ। ਸਾਊਥ ਅਫਰੀਕਾ ਦੇ



ਖਿਲਾਫ਼ ਤਿੰਨ ਗੋਲ ਇਕੱਲੀ ਏਸ ਸ਼ੇਰਨੀ ਨੇ ਕਰਕੇ ਉਲੰਪਿਕ ਵਿਚ ਆਪਣੀ ਹੈਟ੍ਰਿਕ ਬਣਾਈ। ਉਸ ਦੀ ਸਕਿਲ ਦਾ ਮੈਂ ਉਦੋਂ ਮੁਰੀਦ ਹੋ ਗਿਆ ਜਦੋਂ ਉਹ ਆਪਣੇ ਗੋਲ ਦੇ ਸਰਕਲ ਵਿਚੋਂ ਇਕੱਲੀ ਗੇਂਦ ਲੈ ਕੇ ਵਿਰੋਧੀ ਟੀਮ ਦੇ ਸਰਕਲ ਵਿਚ ਲੈ ਗਈ। ਉਹਦੇ ਮਗਰ ਵਿਰੋਧੀ ਟੀਮ ਦੇ ਚਾਰ ਖਿਡਾਰੀ ਪਿੱਛਾ ਕਰ ਰਹੇ ਸਨ। ਪਰ ਉਸ ਨੇ ਬਾਲ ਨੂੰ ਆਪਣੀ ਕੁਸ਼ਲਤਾ ਨਾਲ ਕੰਟਰੋਲ ਵਿਚ ਰੱਖਿਆ ਤੇ ਹਾਕੀ ਨਾਲ ਬਾਲ ਆਪਣੇ ਕਾਬੂ 'ਚ ਰੱਖ ਕੇ ਬਾੜੀ ਤੇਜ਼ੀ ਨਾਲ ਬਾਲ ਲੈ ਕੇ ਗਈ। ਪਰ ਅੰਤ ਵਿਚ ਉਹ ਗੋਲ ਨਾ ਕਰ ਸਕੀ। ਇਹ ਦ੍ਰਿਸ਼ ਮੇਰੇ ਦਿਮਾਗ ਵਿਚ ਜੰਮ ਗਿਆ ਏ। ਮੈਂ ਅਜੇ ਵੀ ਉਸ ਦ੍ਰਿਸ਼ ਨੂੰ ਚਿਤਵ ਕੇ ਤਰੋ ਤਾਜਾ ਹੋ ਜਾਂਦਾ ਹਾਂ। ਦੂਜੇ ਪਾਸੇ ਜਾਤੀ ਪਾਤੀ ਜਕੜਬੰਦੀ ਵਿਚ ਫਸੇ ਕੁਝ ਕੱਟੜ ਲੋਕਾਂ ਨੇ ਹਰਿਦੁਆਰ ਉਸ ਦੇ ਘਰ ਮੋਹਰੇ ਜਾ ਕੇ ਉਸ ਦੀ ਜਾਤ ਨੂੰ ਲੈ ਕੇ ਟਿੱਪਣੀਆਂ ਕੀਤੀਆਂ ਕਿ ਇਸ ਲਈ ਭਾਰਤੀ ਟੀਮ ਹਾਰੀ ਕਿਉਂਕਿ ਉਸ ਵਿਚ ਦਲਿਤ ਖਿਡਾਰੀ ਸਨ। ਬੜੀ ਮੰਦਭਾਗੀ ਤੇ ਨਿੰਦਣਯੋਗ ਟਿੱਪਣੀ ਏ ਜਿਸਨੂੰ ਹਰ ਸੈਕੂਲਰ ਸੋਚ ਰੱਖਣ ਵਾਲੇ ਬੰਦੇ ਨੇ ਨਿੰਦਾ ਕੀਤੀ। ਭਾਰਤੀ ਹਾਕੀ ਟੀਮ ਦੀ ਕਪਤਾਨ ਰਾਣੀ ਰਾਮਪਾਲ ਵੀ ਬਹੁਤ ਗਰੀਬੀ ਵਿਚੋਂ ਨਿਕਲੀ ਏ। ਉਸ ਦੇ ਪਿਤਾ ਰੇਹੜਾ ਚਲਾ ਕੇ ਘਰ ਦਾ ਗੁਜਾਰਾ ਚਲਾਉਂਦੇ ਨੇ। ਉਹ ਦੋ ਡੰਗ ਦਾ ਖਾਣਾ ਵੀ ਮੁਸ਼ਕਲ ਨਾਲ ਕਮਾ ਪਾਉਂਦਾ ਰਿਹਾ ਏ। ਰਾਣੀ ਗਰੀਬੀ ਦੀ ਅੰਨ੍ਹੀ ਗਲੀ ਵਿਚੋਂ ਨਿਕਲ ਕੇ ਭਾਰਤੀ ਹਾਕੀ ਟੀਮ ਦੀ ਕਪਤਾਨ ਬਣੀ ਏ। ਇਹ ਕਿਸੇ ਪੱਖੋਂ ਘੱਟ ਨਹੀਂ। ਨਵਜੋਤ ਕੌਰ ਦੇ ਪਿਤਾ ਇਕ ਮਕੈਨਿਕ ਤੇ ਗੱਡੀਆਂ ਦੇ ਸ਼ੌਕਰ ਠੀਕ ਕਰਦੇ ਹਨ। ਇਕ ਹੋਰ ਖਿਡਾਰੀ ਏ ਨੇਹਾ ਗੋਇਲ। ਉਨ੍ਹਾਂ ਦਾ ਪਿਤਾ ਭਾਵੇਂ ਨਹੀਂ ਏ ਪਰ ਉਨ੍ਹਾਂ ਦੀ ਮਾਂ ਨੇ ਲੋਕਾਂ ਦੇ ਘਰਾਂ ਵਿਚ ਕੰਮ ਕਰਕੇ, ਭਾਂਢੇ ਮਾਂਜ ਕੇ ਆਪਣੀ ਬੇਟੀ ਦੀ ਹਾਕੀ ਖੇਡਣ ਦੀ ਲਗਨ ਪੂਰੀ ਕੀਤੀ। ਸਵਿਤਾ ਪੂਨੀਆਂ ਵੀ ਹਰਿਆਣੇ ਦੇ ਨਿਮਨ ਗਰੀਬ ਪਰਿਵਾਰ ਦੀ ਬੇਟੀ ਏ। ਇਹ ਵਿਸ਼ਵ ਦੀ ਬੇਹਤਰੀਨ ਗੋਲਕੀਪਰ ਬਣ ਗਈ ਏ। ਲਾਲ ਰੇਮ ਸਿਆਮੀ ਮਿਜ਼ੋਰਮ ਦੇ ਖ਼ੂੰਟੀ ਪਿੰਡ ਦੀ ਅਤਿ ਦਰਜੇ ਦੇ ਗਰੀਬ ਕਿਸਾਨ ਪਰਿਵਾਰ ਦੀ ਬੇਟੀ ਏ। ਜਿਸ ਪਿੰਡ ਦੀ ਸੜਕ ਵੀ ਕੱਚੀ ਏ। ਜਿੱਥੇ ਸ਼ਹਿਰ ਆਣ ਜਾਣ ਲਈ ਕੋਈ ਬੱਸ ਨਹੀਂ ਚੱਲਦੀ। ਉਸ ਦਾ ਘਰ-ਪਰਿਵਾਰ ਜਦੋਂ ਤੁਸੀਂ ਯੂ ਟਿਊਬ ਤੇ ਵੇਖੋ ਤਾਂ ਬਹੁਤ ਹੀ ਅਤਿ ਦਰਜੇ ਦਾ ਸਧਾਰਨ ਪਰਿਵਾਰ ਤੇ ਘਰ ਦਿਸਦਾ ਏ। ਨਿੱਕੀ ਪ੍ਰਧਾਨ ਨਕਸਲ ਪ੍ਰਭਾਵਿਤ ਝਾਰਖੰਡ ਦੇ ਇਲਾਕੇ ਕੋਲਰਮ ਦੀ ਏ। ਸਲੀਮਾ ਟੈਟੇ ਵੀ ਝਾਰਖੰਡ ਦੇ ਸਿਮਟਾ ਜ਼ਿਲ੍ਹਾ ਦੇ ਪਿੰਡ ਸਿਮਡੇਸਾ ਦੀ ਰਹਿਣ ਵਾਲੀ ਏ। ਸਲੀਮਾ ਇਕ ਝੋਂਪੜੀ ਵਿਚ ਰਹਿੰਦੀ ਸੀ। ਕੱਚੀ ਝੋਂਪੜੀ। ਉਨ੍ਹਾਂ ਦੇ ਘਰ ਟੈਲੀਵੀਜ਼ਨ ਕੀ ਹੋਣਾ ਸੀ ਉਥੇ ਤਾਂ ਬਿਜਲੀ ਵੀ ਨਹੀਂ ਸੀ। ਜਦੋਂ ਸਥਾਨਕ ਪ੍ਰਸ਼ਾਸ਼ਨ ਨੂੰ ਸਲੀਮਾ ਦੇ ਉਲੰਪਿਕ ਵਿਚ ਖੇਡਦੀ ਦਾ ਪਤਾ ਲਗਦਾ ਏ ਤਾਂ ਉਸ ਦੇ ਘਰ ਟੀ. ਵੀ. ਅਤੇ ਜਨਰੇਟਰ ਦਾ ਪ੍ਰਬੰਧ ਕੀਤਾ ਜਾਂਦਾ ਏ। ਤੁਸੀਂ ਕਲਪਨਾ ਕਰ ਸਕਦੇ ਹੋ ਕਿ ਸਲੀਮਾ ਕਿਵੇਂ ਭਾਰਤੀ ਹਾਕੀ ਟੀਮ ਦਾ ਹਿੱਸਾ ਬਣੀ। ਕਿਵੇਂ ਉਹ ਉੱਥੇ ਪਹੁੰਚੀ। ਦੀਪ ਗ੍ਰੇਸ ਵੀ ਉੜੀਸਾ ਦੇ ਇਕ ਜਨਜਾਤੀ ਪਰਿਵਾਰ ਵਿਚੋਂ ਆਈ ਏ। ਪੰਜਾਬ ਦੀ ਧੀ ਗੁਰਦੀਪ ਕੌਰ ਪੰਜਾਬ ਦੇ ਮਾਝਾ ਖੇਤਰ ਦੇ ਸਧਾਰਨ ਕਿਸਾਨ ਪਰਿਵਾਰ ਵਿਚੋਂ ਆਈ ਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਭਾਰਤੀ ਹਾਕੀ ਟੀਮ ਦੀਆਂ ਇਹ ਸ਼ੇਰਨੀਆਂ ਨੇ ਜਿਨ੍ਹਾਂ ਨੇ ਆਪਣੀ ਹਿੰਮਤ, ਸਾਹਸ ਅਤੇ ਲਗਨ ਨਾਲ ਮਿਹਨਤ ਕਰਕੇ ਉਲੰਪਿਕ ਵਿਚ ਪੂਰੇ ਸੰਸਾਰ ਨੂੰ ਆਪਣੀ ਉਤਮ ਦਰਜੇ ਦੀ ਖੇਡ ਦਿਖਾਈ ਕਿ ਅਸੀਂ ਵੀ ਕਿਸੇ ਸੰਸਾਰ ਦੇ ਚੋਟੀ ਦੇ ਖਿਡਾਰੀ ਤੋਂ ਘੱਟ ਨਹੀਂ ਹਾਂ।

ਇਸ ਵਿਚ ਕੋਈ ਦੋ ਰਵਾਂ ਨਹੀਂ ਕਿ ਭਾਰਤੀ ਖਿਡਾਰੀਆਂ ਕੋਲ ਕਮਾਲ ਦੀ ਸਕਿੱਲ ਏ। ਜਿਸ ਦਾ ਕੋਈ ਮੁਕਾਬਲਾ ਨਹੀ ਏ। ਪਰ ਭਾਰਤੀ ਖਿਡਾਰੀ ਤਕਨਾਲੋਜੀ ਪੱਖੋਂ ਪੱਛੜਦੇ ਰਹੇ ਨੇ। ਇਹ ਜਿਹੜੇ ਹਾਕੀ ਖਿਡਾਰੀ ਨੇ ਉਹ ਸਾਰੇ ਕੁਦਰਤੀ ਘਾਹ ਵਾਲੇ ਮੈਦਾਨ ਵਿਚ ਖੇਡ ਕੇ ਗਏ ਨੇ। ਬਚਪਨ ਵਿਚ ਇਹ ਕੁਦਰਤੀ ਘਾਹ ਮੈਦਾਨ ਵਿਚ ਖੇਡਦੇ ਨੇ। ਜਦ ਕਿ ਵਿਦੇਸ਼ਾ ਦੇ ਖਿਡਾਰੀ ਹਾਕੀ ਦੀ ਸ਼ੁਰੂਆਤ ਹੀ ਐਸਟਰੋਟਰਫ਼ (ਮਨਸੂਈ ਘਾਹ) ਮੈਦਾਨਾ 'ਤੇ ਖੇਡਣ ਤੋਂ ਕਰਦੇ ਹਨ ਜਿਨ੍ਹਾਂ ਨੂੰ ਅੰਗਰੇਜੀ ਵਿਚ ਐਸਟਰੋਟਰਫ਼

ਮੈਦਾਨ ਦਾ ਨਾਂ ਦਿੱਤਾ ਜਾਂਦਾ ਏ। ਫਿਰ ਭਲਾ ਅਸੀਂ ਵਿਦੇਸ਼ੀ ਖਿਡਾਰੀਆਂ ਦਾ ਕਿੱਥੇ ਮੁਕਾਬਲਾ ਕਰ ਸਕਦਾ ਹਾਂ। ਹਾਕੀ ਡਰਿਬਲਿੰਗ ਤੇ ਨਿੱਕੇ ਪਾਸਾਂ ਦੀ ਥਾਂ ਲੰਮੇ ਪਾਸ ਜ਼ੋਰਦਾਰ ਹਿੱਟ, ਤੇਜ਼ ਰਫ਼ਤਾਰੀ ਤੇ ਤਾਕਤ ਦੀ ਖੇਡ ਏ। ਪੈਨਲਟੀ ਕਾਰਨਰ ਤੇ ਗੋਲ ਕਰਨ ਲਈ ਤਾਕਤਵਾਰ ਬਾਂਹਾਂ ਹੋਣੀਆਂ ਜ਼ਰੂਰੀ ਨੇ। 60 ਮਿੰਟ ਦੇ ਚਾਰ ਕੁਆਟਰ ਖੇਡਣ ਲਈ 100 ਮਿੰਟ ਦਾ ਦਮ ਚਾਹੀਦਾ ਏ। ਤੁਸੀਂ ਵੇਖੋ ਜਦੋਂ ਐਸਟਰੋਟਰਫ਼ ’ਤੇ ਹਾਕੀ ਖੇਡੀ ਜਾਣ ਲੱਗੀ ਤਾਂ ਭਾਰਤੀ ਖਿਡਾਰੀ ਪੱਛੜਨ ਲੱਗ ਪਏ। ਕਿਉਂਕਿ ਉਹ ਕੁਦਰਤੀ ਘਾਹ ਦੇ ਮੈਦਾਨ ਵਿਚ ਖੇਡਦੇ ਆਏ ਸਨ। ਜਦੋਂ ਕੌਮਾਂਤਰੀ ਹਾਕੀ ਫੈਡਰੇਸ਼ਨ ਦੀ ਸਰਦਾਰੀ ਏਸ਼ੀਆ ਹੱਥੋਂ ਖਿਸਕ ਕੇ ਯੂਰਪ ਕੋਲ ਗਈ ਤਾਂ ਭਾਰਤੀ ਹਾਕੀ ਪਿਛਲਖੁਰੀ ਜਾਣ ਲੱਗ ਪਈ। ਉਹ ਬੜੀ ਚਲਾਕੀ ਨਾਲ ਹਾਕੀ ਖੇਡਣ ਵਿਚ ਤਕਨੀਕ ਨੂੰ ਲੈ ਕੇ ਵਾਰ-ਵਾਰ ਤਬਦੀਲੀ ਕਰਦੇ ਰਹੇ ਹਨ ਤੇ ਕਰ ਰਹੇ ਹਨ। ਹਾਕੀ-ਮੈਦਾਨ ਅਤੇ ਖੇਡ ਨੂੰ ਲੈ ਕੇ ਉਹ ਤਕਨੀਕ ਦੀ ਵਰਤੋਂ ਕਰਦੇ ਹਨ। ਜਿਸਦੇ ਵਿਚ ਫਿਟਨੈੱਸ ਜ਼ਰੂਰੀ ਹੋ ਗਈ ਅਤੇ ਕਲਾਤਮਿਕਤਾ ਪੱਛੜਨ ਲੱਗ ਪਈ। ਭਾਰਤੀ ਹਾਕੀ ਨੂੰ ਖਿਡਾਉਣ ਵਾਲੇ ਕੋਚ ਪੁਰਾਣੇ ਤਰੀਕੇ ਨਾਲ ਹਾਕੀ ਸਿਖਾਉਂਦੇ ਰਹੇ। ਕੌਮਾਂਤਰੀ ਹਾਕੀ ਫੈਡਰੇਸ਼ਨ ਦੀ ਪ੍ਰਧਾਨਗੀ ਭਾਵੇਂ ਭਾਰਤ ਕੋਲ ਹੈ ਪਰ ਤਕਨੀਕੀ ਕਮੇਟੀਆਂ ਵਿਚ ਯੂਰਪ ਦੀ ਚੜ੍ਹਤ ਹੈ। ਹਾਲੈਂਡ, ਜਰਮਨੀ, ਬੈਲਜੀਅਮ ਤੇ ਹੋਰ ਯੂਰਪੀਅਨ ਦੇਸ਼ਾਂ ’ਚ ਐਸਟਰੋਟਰਫ਼ (ਮਸਨੂਈ) ਘਾਹ ਦੇ ਮੈਦਾਨ ਸਕੂਲ ਤੇ ਕਾਲਜਾਂ ਵਿਚ ਵੀ ਹਨ। ਭਾਰਤੀ ਖਿਡਾਰੀ ਜਿਹੜਾ ਕੁਦਰਤੀ ਘਾਹ ਤੇ ਖੇਡਦਾ ਏ ਉਸਦੀ ਸਕਿਲ ਮਸਨੂਈ ਘਾਟ ’ਤੇ ਫਿੱਕੀ ਪੈ ਜਾਂਦੀ ਏ। ਉਹਦੇ ਕੋਲ ਗੇਂਦ ਹੀ ਕਾਬੂ ਵਿਚ ਨਹੀਂ ਆਉਂਦੀ। ਉਸ ਘਾਹ ਤੇ ਉਹ ਦੌੜ ਵੀ ਨਹੀਂ ਸਕਦਾ। ਅੰਤਲੇ ਪੰਜ ਸੱਤ ਜਾਂ ਸਾਲ ਭਰ ਐਸਟਰੋਟਰਫ਼ ਮੈਦਾਨ ’ਤੇ ਖੇਡ ਕੇ ਵੀ ਉਹਦੀ ਸਕਿਲ ਨਹੀਂ ਬਣਦੀ। ਜੇ ਅੱਜ ਵੇਖੀਏ ਤਾਂ ਇੰਗਲੈਂਡ ਵਿਚ 1000, ਹਾਲੈਂਡ ਵਿਚ 625, ਨਿਊਜ਼ੀਲੈਂਡ ਵਿਚ 80, ਜਰਮਨੀ ਵਿਚ 350, ਅਸਟ੍ਰੇਲੀਆ ਵਿਚ 410 ਐਸਟਰੋਟਰਫ਼ ਹਾਕੀ ਮੈਦਾਨ ਹਨ। ਭਾਰਤ ਵਿਚ ਇਨ੍ਹਾਂ ਦੀ ਗਿਣਤੀ ਮਸਾਂ ਅੱਧਾ ਸੈਕੜਾ ਦੇ ਕਰੀਬ ਏ। ਅਸੀਂ ਬੈਲਜੀਅਮ ਦੀ ਹਾਕੀ ਟੀਮ ਦਾ ਭਲਾ ਕਿਵੇਂ ਮੁਕਾਬਲਾ ਕਰ ਸਕਦੇ ਹਾਂ। ਅੱਜ ਲੋੜ ਏ ਹਰੇਕ ਐਸਟਰੋਟਰਫ਼ ਮੈਦਾਨ ਵਿਚ ਬਚਪਨ ਤੋਂ ਖਿਡਾਰੀਆਂ ਨੂੰ ਹਾਕੀ ਖਿਡਾਈ ਜਾਵੇ।

ਤਕਨਾਲੌਜੀ ਪੱਖੋਂ ਪੱਛੜਨ ਦੇ ਨਾਲ ਨਾਲ ਸਾਡੇ ਬਾਲ ਖਿਡਾਰੀ ਸੰਤੁਲਿਤ ਖੁਰਾਕ ਸੰਕਟ ਨਾਲ ਵੀ ਲੜ ਰਹੇ ਹਨ। ਜਿਵੇਂ ਕਹਾਣੀ **‘ਮਾਸ ਦਾ ਟੁੱਕੜਾ’** ਵਿਚ ਟਾਮ ਲੜਦਾ ਏ। ਇਕ ਥਾਂ ਮੈਂ ਕਿਸੇ ਸਮੇਂ ਦੀ ਡਰੈਗ ਫਲਿੱਕਰ ਸੰਦੀਪ ਬਾਰੇ ਪੜ੍ਹਿਆ ਸੀ , “ਛੋਟੇ ਜਿਹੇ ਕਮਰੇ ਵਿਚ ਦੋ ਪਲਾਈ ਵਾਲੇ ਮੰਜੇ ਤੇ ਗੰਦਾ ਜਿਹਾ ਸਿਰਹਾਣਾ ਸੀ। ਰਸੋਈ ਦਾ ਤਾਂ ਹਾਲ ਹੀ ਨਾ ਪੁੱਛੋ।’ ਇਹ ਉਸ ਕੌਮਾਂਤਰੀ ਪੱਧਰ ਤੇ ਨਾਮ ਬਣਾ ਚੁੱਕੀ ਖਿਡਾਰੀ ਦੀ ਰਸੋਈ ਦਾ ਹਾਲ ਏ। ਇਕ ਸਰਵੇਖਣ ਵਿਚ ਦੱਸਿਆ ਗਿਆ ਕਿ ਘੱਟ ਪੌਸ਼ਟਿਕ ਤੱਤਾਂ ਵਾਲੀ ਖੁਰਾਕ ਮਿਲਣ ਕਾਰਨ ਉਮਰ ਦੇ ਹਿਸਾਬ ਨਾਲ ਬੱਚੇ ਮੱਧਰੇ ਰਹਿ ਜਾਂਦੇ ਨੇ। ਇਨ੍ਹਾਂ ਚੋਂ ਇਕ ਤਿਹਾਈ ਭਾਰਤੀ ਬੱਚੇ ਹਨ। ਭਾਰਤ ਦਾ ਕੌਮੀ ਪਰਿਵਾਰ ਸਿਹਤ ਸਰਵੇਖਣ ਇਹ ਕਹਿੰਦਾ ਹੈ ਕਿ ਭਾਰਤੀ ਬੱਚਿਆ ਦਾ ਭਾਰ ਵੀ ਘੱਟ ਏ। ਉਹ ਕਮਜ਼ੋਰ ਨੇ। ਲਹੂ ਦੀ ਵੀ ਘਾਟ ਏ। ਭੁੱਖਮਰੀ ਅਤੇ ਅਰਧ ਭੁੱਖਮਰੀ ਦੇ ਸ਼ਿਕਾਰ ਨੇ। ਘੱਟ ਖੁਰਾਕ ਮਿਲਣ ਕਾਰਨ ਬੱਚਿਆ ਦੇ ਸਰੀਰਕ ਤੇ ਮਾਨਸਿਕ ਵਿਕਾਸ ’ਚ ਕਮੀ ਆਉਂਦੀ ਏ। 59% ਬੱਚੇ ਅਨੀਮੀਆ ਦਾ ਸ਼ਿਕਾਰ ਨੇ। ਇਸੇ ਕਾਰਨ ਭਾਰਤੀ ਬੱਚਿਆ ਦਾ ਵੱਡਾ ਹਿੱਸਾ ਛੋਟੀ ਉਮਰੇ ਖਿਡਾਰੀ ਬਣਨ ਤੋਂ ਬਾਹਰ ਧੱਕਿਆ ਜਾਂਦਾ ਏ। ਅਸੀਂ ਭਵਿੱਖ ਲਈ ਕੀ ਕਰ ਰਹੇ ਹਾਂ? ਵਿੱਦਿਅਕ ਖੇਤਰ ਖੇਡਾਂ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ, ਭਾਰਤ ਦਾ ਕਮਜੋਰ ਤੇ ਲਗਾਤਾਰ ਡਿੱਗ ਰਿਹਾ ਵਿੱਦਿਅਕ ਢਾਂਚਾ ਕਿਸ ਤਰ੍ਹਾਂ ਵਿਸ਼ਵ ਪੱਧਰ ਦੇ ਖਿਡਾਰੀ ਪੈਦਾ ਕਰ ਸਕਦਾ ਏ। ਹੁਣ ਜਿਹੜੀਆਂ ਧੀਆਂ ਭਾਰਤੀ ਹਾਕੀ ਟੀਮ ਵਿਚ ਉਭਰ ਕੇ ਸਾਹਮਣੇ ਆਈਆਂ ਨੇ। ਕੀ ਇਨ੍ਹਾਂ ਨੂੰ ਬਚਪਨ ਵਿਚ ਸੰਤੁਲਿਤ ਖੁਰਾਕ ਮਿਲੀ ਹੋਵੇਗੀ? ਕੀ ਇਨ੍ਹਾਂ ਨੂੰ ਤਕਨਾਲੌਜੀ ਪੱਖੋਂ ਸਾਰੀਆਂ ਸਹੂਲਤਾਂ ਮਿਲੀਆਂ



ਹੋਣਗੀਆਂ? ਕੀ ਇਹ ਬਚਪਨ ਵਿਚ ਐਸਟਰੋਟਰਫ਼ ਹਾਕੀ ਮੈਦਾਨ ’ਤੇ ਖੇਡੀਆਂ ਹੋਣਗੀਆਂ? ਕੀ ਭਾਰਤੀ ਮਰਦ ਪ੍ਰਧਾਨ ਸਮਾਜ ਇਨ੍ਹਾਂ ਦੇ ਹੱਕ ਵਿਚ ਭੁਗਤਿਆ ਹੋਵੇਗਾ? ਉਲਟ ਪ੍ਰਸਥਿਤੀਆਂ ਹੋਣ ਦੇ ਬਾਵਜੂਦ ਵੀ ਜੇਕਰ ਇਹ ਖੇਡਾਂ ਵਿਚ ਕ੍ਰਿਸ਼ਮਾਂ ਕਰ ਰਹੀਆਂ ਨੇ ਤਾਂ ਇਹ ਕਿਸੇ ਗੱਲੋਂ ਵੀ ਘੱਟ ਨਹੀਂ ।

ਕੌਮਾਂਤਰੀ ਪੱਧਰ ਤੇ ਭਾਰਤੀ ਹਾਕੀ ਵਿਚ ਨਾਂ ਚਮਕਣ ਦਾ ਸਾਰਾ ਕਰੈਡਿਟ ਉਡੀਸਾ ਸਰਕਾਰ ਅਤੇ ਉਥੋਂ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਦੇ ਸਿਰ ਜਾਂਦਾ ਏ। ਜਿਹੜੇ ਹੁਣ ਵਹਿੰਦੀ ਗੰਗਾ ਵਿਚ ਹੱਥ ਧੋ ਰਹੇ ਨੇ ਉਹ ਤਾਂ ਆਪਣੇ ਆਪ ਨੂੰ ਚਮਕਾ ਰਹੇ ਨੇ। ਉਡੀਸਾ ਸਰਕਾਰ 2018 ਤੋਂ ਦੋਵੇਂ ਭਾਰਤੀ ਹਾਕੀ ਟੀਮਾਂ ਨੂੰ ਸਪਾਂਸਰ ਕਰ ਰਹੀ ਏ। ਉਨ੍ਹਾਂ ਦਾ ਸਾਰਾ ਖਰਚ ਆਪ ਚੁੱਕ ਰਹੀ ਏ। ਉਡੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਐਲਾਨ ਕੀਤਾ ਏ ਕਿ ਉਡੀਸਾ ਸਰਕਾਰ ਅਗਲੇ 10 ਸਾਲ ਤੱਕ ਭਾਰਤੀ ਹਾਕੀ ਟੀਮ ਦੀ ਸਪਾਂਸਰ ਬਣੀ ਰਹੇਗੀ। ਉਨ੍ਹਾਂ ਹਰ ਖਿਡਾਰੀ ਨੂੰ ਲੱਖਾਂ ਰੁਪਏ ਇਨਾਮ ਵੀ ਦਿੱਤੇ। ਲੱਖਾਂ ਰੁਪਏ ਇਨਾਮ ਤਾਂ ਪੰਜਾਬ ਅਤੇ ਕੇਂਦਰ ਨੇ ਦਿੱਤੇ ਨੇ। ਪਰ ਪੰਜਾਬ ਸਰਕਾਰ ਦੀ ਖੇਡ ਨੀਤੀ ਕਿਨੀ ਕੁ ਜ਼ਮੀਨੀ ਪੱਧਰ ਤੇ ਕਾਰਜ ਕਰ ਰਹੀ ਏ। ਪਿੱਛੇ ਜਿਹੇ ਪੰਜਾਬ ਸਰਕਾਰ ਵੱਲੋਂ ਭੇਜੀਆਂ ਖੇਡ ਕਿੱਟਾਂ ਦੀ ਵੰਡ ਨੂੰ ਲੈ ਕੇ ਰੌਲ਼ਾ ਪਿਆ ਰਿਹਾ। ਪਿੰਡ ਦੀਆਂ ਖੇਡ ਕਲੱਬਾ ਨੂੰ ਕਿੰਨਾ ਕੁ ਉਤਸ਼ਾਹ ਮਿਲ ਰਿਹਾ ਏ। ਉਨ੍ਹਾਂ ਕੋਲ ਕਿੰਨੇ ਕੁ ਖੇਡ ਮੈਦਾਨ ਨੇ। ਸਕੂਲ ਪੱਧਰ ’ਤੇ ਸਾਡੀ ਖੇਡ ਨੀਤੀ ਕਿਸ ਤਰ੍ਹਾਂ ਦੀ ਏ। ਇਸ ਨੂੰ ਜ਼ਮੀਨੀ ਪੱਧਰ ਤੇ ਲਾਗੂ ਕਰਨ ਲਈ ਸੱਤਾਂ ਤੇ ਬੈਠੇ ਲੀਡਰਾਂ ਕੋਲ ਸਮਾਂ ਨਹੀਂ ਏ। ਅਨੇਕਾ ਕੌਮੰਤਰੀ ਪੱਧਰ ’ਤੇ ਖੇਡ ਚੁੱਕੇ ਖਿਡਾਰੀ ਗਰੀਬ ਤੇ ਬੇਰੁਜ਼ਗਾਰੀ ਨਾਲ ਰੁਲ਼ ਰਹੇ ਨੇ। ਕੋਈ ਖਿਡਾਰੀ ਦਿਹਾੜੀ ਕਰਨ ਤੇ ਮਜਬੂਰ ਏ ਤੇ ਕੋਈ ਝੋਨਾ ਲਗਾ ਰਿਹਾ ਏ। ਪਿਛੇ ਜਿਹੇ ਪੈਰਾ ਉਲੰਪਿੰਕ ਦੇ ਇੰਟਰਨੈਸ਼ਨਲ ਪੱਧਰ ’ਤੇ ਖੇਡ ਚੁੱਕੇ ਖਿਡਾਰੀਆਂ ਨੇ ਧਰਨਾ ਦਿੱਤਾ ਕਿ ਸਾਨੂੰ ਨੌਕਰੀਆਂ ਦਿਓ। ਸੱਤਾਂ ਦਾ ਸੁੱਖ ਭੋਗ ਰਹੀਆਂ ਸਰਕਾਰਾਂ ਵਾਇਦੇ ਕਰਕੇ ਭੁੱਲ ਜਾਂਦੀਆਂ ਨੇ। ਸਰਕਾਰ ਦੀ ਬੇਰੁੱਖੀ ਕਾਰਨ ਪੰਜਾਬ ਵਿਚ ਫੁੱਟਬਾਲ ਕਲੱਬਾ ਸਾਹ ਘੜੀਸ ਚੁੱਕੀਆਂ ਨੇ। ਪੰਜਾਬ ਦਾ ਫੁੱਟਬਾਲ ਪੱਤਣ ਵੱਲ ਚਲੇ ਗਿਆ ਏ। ਕਿਸੇ ਸਮੇਂ ਜੇ. ਸੀ. ਟੀ. ਫੁੱਟਬਾਲ ਕਲੱਬ ਦੀ ਪੂਰੇ ਭਾਰਤ ’ਚ ਚੜ੍ਹਤ ਸੀ। ਭਾਰਤੀ ਫੁੱਟਬਾਲ ਨਾ ਤਾਂ ਫੀਫਾ ਤੇ ਨਾ ਹੀ ਉਲੰਪਿਕ ਵਿਚ ਜਾਣ ਲਈ ਕੁਆਲੀਫਾਈ ਕਰ ਸਕਿਆ ਏ। ਕੀ ਭਾਰਤ ਕੋਲ ਵਿਸ਼ਵ ਪੱਧਰ ਦੇ ਫੁੱਟਬਾਲ ਖਿਡਾਰੀ ਨਹੀਂ ਹਨ। ਹਨ ਪਰ ਉਨ੍ਹਾਂ ਨੂੰ ਮੁਢਲੇ ਪੱਧਰ ਤੇ ਸਿਖਲਾਈ ਨਹੀਂ ਦਿੱਤੀ ਜਾਂਦੀ।

ਖੇਡਾਂ, ਖਿਡਾਰੀਆਂ ਦੇ ਨਾਲ ਖੇਡ ਸਾਹਿਤ ਵੀ ਜੁੜਿਆ ਹੋਇਆ ਏ। ਪੰਜਾਬੀ ਵਿਚ ਖੇਡ ਸਾਹਿਤ ਦੀ ਬਹੁਤ ਘਾਟ ਏ। ਹੁਣ ਤੱਕ ਪੰਜਾਬੀ ਵਿਚ ਲਾ ਪਾ ਕੇ ਉਂਗਲਾ ਤੇ ਗਿਣੀਆਂ ਜਾਣ ਵਾਲੀਆਂ ਪੁਸਤਕਾਂ ਹਨ। ਜਿਨ੍ਹਾਂ ਵਿਚ ਖਿਡਾਰੀਆਂ ਦੀਆਂ ਜੀਵਨੀਆਂ ਹਨ। ਕੁਝ ਵਾਰਤਕ ਦੀਆਂ ਕਿਤਾਬਾਂ ਨੇ। ਸਾਡੇ ਪੰਜਾਬੀ ਵਿਚ ਖੇਡ ਗਲਪ ਸਾਹਿਤ ਦੀ ਬਹੁਤ ਘਾਟ ਏ। ਪਿਛਲੇ ਦਿਨੀਂ ਮੈਨੂੰ ਪਟਿਆਲੇ ਤੋਂ ਇਕ ਖੇਡ ਸਾਹਿਤ ’ਤੇ ਪੀ. ਐਚਡੀ ਕਰ ਰਹੇ ਵਿਦਿਆਰਥੀ ਦਾ ਫ਼ੋਨ ਆਇਆ। ਉਹ ਪ੍ਰਿੰਸੀਪਲ ਸਰਵਣ ਸਿੰਘ ਦੇ ਵਾਰਤਕ ਸਾਹਿਤ ਦੇ ਕੰਮ ਕਰ ਰਿਹਾ ਸੀ। ਮੈਂ ਉਹਨੂੰ ਪੁੱਛਿਆ ਕਿ ਤੈਨੂੰ ਕਿੰਨੀਆਂ ਕੁ ਕਹਾਣੀਆਂ ਤੇ ਨਾਵਲ ਮਿਲੇ ਹਨ ਜਿਹੜੇ ਖੇਡ ਸਾਹਿਤ ਬਾਰੇ ਹਨ। ਉਹ ਕਹਿਣ ਲੱਗਾ ਦੋ ਕਹਾਣੀਆਂ ਹੀ ਹਨ ਇਕ ਸੁਖਜੀਤ ਦੀ ਕਹਾਣੀ ‘ਦਾਅ’ ਹੈ ਦੂਜੀ ਤੁਹਾਡੀ ਕਹਾਣੀ ਹੈ ‘ਰਵੀ ਡਿਫ਼ੈਂਡਰ’ ਰਵੀ ਡਿਫ਼ੈਂਡਰ ਮੈਂ ਫੁੱਟਬਾਲ ਖਿਡਾਰੀ ’ਤੇ ਲਿਖੀ ਸੀ। ਜਿਸ ਦਾ ਜ਼ਿਕਰ ਮੈਂ ਪਹਿਲਾਂ ਕਰ ਚੁੱਕਾ ਹਾਂ ਨਾਵਲ ਕੋਈ ਨਹੀਂ। ਉਸ ਦੀ ਗੱਲ ਸੁਣ ਕੇ ਮੈਂ ਬੜਾ ਹੈਰਾਨ ਹੋਇਆ। ਕਾਈ ਸਾਲ ਪਹਿਲਾਂ ਗੁਰਮੇਲ ਮਡਾਹੜ ਨੇ ਵੀ ਇਕ ਖੇਡਾਂ ਨਾਲ ਸਬੰਧਤ ਕਹਾਣੀਆਂ ਦਾ ਅਨੁਵਾਦ ‘ਸੰਸਾਰ ਪ੍ਰਸਿੱਧ ਖੇਡ ਕਹਾਣੀਆਂ’ ਦੇ ਨਾਂ ਹੇਠ ਛਾਪੀਆਂ ਸਨ। ਜਿਨ੍ਹਾਂ ਵਿਚ 17 ਕਹਾਣੀਆਂ ਹਨ। ਪੰਜਾਬੀ ਵਿਚ ਇਕ ਵੀ ਨਾਵਲ ਨਹੀਂ ਲੱਭਦਾ ਜਿਹਦੇ ਵਿਚ ਨਾਇਕ ਦੇ ਤੌਰ ਤੇ ਇਕ ਖਿਡਾਰੀ ਨੂੰ ਪੇਸ਼ ਕੀਤਾ ਗਿਆ ਹੋਵੇ। ਕੁਝ ਖਿਡਾਰੀਆਂ ਦੀਆਂ ਜੀਵਨੀਆਂ ਪੰਜਾਬੀ ਵਿਚ ਜ਼ਰੂਰ ਛਪੀਆਂ ਹਨ।

**- ਭਗਵੰਤ ਰਸੂਲਪੁਰੀ**

## ਵਿਸ਼ੇਸ਼ / ਜਲੰਧਰੀਏ ਲਿਖਾਰੀ / - ਪ੍ਰੇਮ ਪ੍ਰਕਾਸ਼

ਪੁਰਾਣਾਂ ਦੀਆਂ ਕਹਾਣੀਆਂ ਵਰਗੇ ਸਾਹਿਤ ਤੋਂ ਅਸੀਂ ਸੁਣਦੇ ਹਾਂ ਕਿ 'ਜਲੰਧਰ' ਨਾਂ ਵਾਲਾ ਇਕ ਰਾਕਸ਼ਿਸ਼ ਹੋਇਆ ਸੀ, ਜਿਹੜਾ ਇਕ ਲੰਮੀ ਕਥਾ ਦਾ ਨਾਇਕ ਜਾਂ ਖਲ-ਨਾਇਕ ਸੀ। ਹੋ ਸਕਦਾ ਏ ਕਿ ਓਸੇ ਦੇ ਨਾਂ 'ਤੇ ਸਾਡੇ ਸ਼ਹਿਰ ਦਾ ਨਾਂ 'ਜਲੰਧਰ' ਪੈ ਗਿਆ ਹੋਵੇ। ਉਹੀ ਨਾਂ ਸਦੀਆਂ ਤੋਂ ਉਵੇਂ ਚੱਲਦਾ ਆ ਰਿਹਾ ਹੋਵੇ। ਇਹ ਨਾਂ ਪਹਿਲਾਂ ਮੈਨੂੰ ਚੰਗਾ ਨਹੀਂ ਸੀ ਲੱਗਦਾ, ਪਰ ਹੁਣ ਆਪਣਾ ਆਪਣਾ ਲੱਗਣ ਲੱਗ ਪਿਆ ਏ।

ਜਲੰਧਰ ਆਉਣ ਤੋਂ ਪਹਿਲਾਂ ਮੈਂ ਆਪਣੇ ਨਾਂ ਦੇ ਨਾਲ 'ਖੰਨਵੀ' ਲਿਖਦਾ ਹੁੰਦਾ ਸੀ, ਪਰ ਹੁਣ ਜਦ ਏਥੇ ਘਰ ਵਸਾ ਕੇ ਰਹਿ ਰਿਹਾ ਹਾਂ ਤਾਂ ਮੈਂ 'ਜਲੰਧਰੀ' ਹੋ ਗਿਆ ਹਾਂ। ਇਹ ਸ਼ਹਿਰ ਸਾਰੀਆਂ ਭਾਸ਼ਾਵਾਂ ਦੇ ਸਾਹਿਤਕਾਰਾਂ ਦਾ ਵੱਡਾ ਕੇਂਦਰ ਬੜੇ ਚਿਰਾਂ ਤੋਂ ਏ। ਜਿਹੜਾ ਸਮਾਂ ਬੀਤਣ ਨਾਲ ਹੋਰ ਵੱਡਾ ਬਣਦਾ ਜਾ ਰਿਹਾ ਏ। ਏਥੇ ਦੇਸ-ਵੰਡ ਤੋਂ ਪਹਿਲਾਂ ਬਹੁਤੇ ਸਾਹਿਤਕਾਰ ਉਰਦੂ ਤੇ ਫ਼ਾਰਸੀ ਦੇ ਹੁੰਦੇ ਸਨ, ਫੇਰ ਬਹੁਤੇ ਪੰਜਾਬੀ ਤੇ ਹਿੰਦੀ ਸੰਸਕ੍ਰਿਤ ਦੇ ਹੋ ਗਏ ਨੇ । ਸਾਰੇ ਸਾਹਿਤਕਾਰਾਂ ਦੀ ਗਿਣਤੀ ਵਧਣ ਦਾ ਇਕ ਕਾਰਣ ਤਾਂ ਏਥੋਂ ਦੇ ਵਿਦਿਅਕ ਅਦਾਰੇ, ਮਤਲਬ ਸਕੂਲਾਂ ਕਾਲਜਾਂ ਦੀ ਵਧ ਗਿਣਤੀ ਹੋਣ ਤੇ ਪੜ੍ਹਾਈ ਚੰਗੀ ਹੋਣ ਦੀ ਮਸ਼ਹੂਰੀ ਏ। 1947 ਤੋਂ ਪਹਿਲਾਂ ਏਥੇ ਉਰਦੂ ਤੇ ਫ਼ਾਰਸੀ ਦਾ ਦਬਦਬਾ ਸੀ ਤੇ ਬਾਅਦ 'ਚ ਉਹਦੀ ਥਾਂ ਪੰਜਾਬੀ, ਹਿੰਦੀ ਤੇ ਸੰਸਕ੍ਰਿਤ ਦੀ ਪੜ੍ਹਾਈ ਨੇ ਲੈ ਲਈ। ਫੇਰ ਬਾਅਦ 'ਚ ਏਥੋਂ ਨਿੱਕਲਦੇ 12 ਰੋਜ਼ਾਨਾ ਅਖ਼ਬਾਰ ਵੀ ਨੇ, ਜਿਨ੍ਹਾਂ ਵਿਚੋਂ ਬਹੁਤੇ ਉਰਦੂ 'ਚ ਨਿੱਕਲਦੇ ਸਨ ਤੇ ਕੁਝ ਹਿੰਦੀ ਤੇ ਕਈ ਪੰਜਾਬੀ 'ਚ। ਪਰ ਹੁਣ ਉਰਦੂ ਅਖ਼ਬਾਰਾਂ ਦੇ ਪਾਠਕਾਂ ਦੀ ਗਿਣਤੀ ਬਹੁਤ ਘਟ ਗਈ ਏ ਤੇ ਹਿੰਦੀ ਤੇ ਪੰਜਾਬੀ ਦੇ ਪਰਚਿਆਂ ਦੀ ਗਿਣਤੀ ਲਗਾਤਾਰ ਵਧਦੀ ਰਹੀ ਏ। ਕਦੇ ਉਰਦੂ ਦਾ ਸਭ ਤੋਂ ਵੱਡਾ ਅਖ਼ਬਾਰ 'ਹਿੰਦ ਸਮਾਚਾਰ' 70 ਹਜ਼ਾਰ ਛਪਦਾ ਸੀ ਤੇ ਉਹ ਹੁਣ ਬੰਦ ਹੋਣ ਨੂੰ ਫਿਰਦਾ ਏ। ਕਿਉਂਕਿ ਪੰਜਾਬ 'ਚ ਉਰਦੂ ਭਾਸ਼ਾ ਖਤਮ ਹੋ ਗਈ ਏ। ਸਿਰਫ ਜੰਮੂ ਕਸ਼ਮੀਰ ਤੇ ਉੱਤਰ ਪ੍ਰਦੇਸ਼ 'ਚ ਈ ਉਰਦੂ ਪੜ੍ਹਾਈ ਜਾਂਦੀ ਏ।

ਦੂਜੇ ਕਾਰਨਾਂ ਵਿਚੋਂ ਇਕ ਇਹ ਏ ਕਿ ਮਾਰਕਸਵਾਦੀ ਵਿਚਾਰਧਾਰਾ ਦੇ ਲੇਖਕਾਂ ਦੀ ਜੱਥੇਬੰਦੀ ਮੁੱਕ ਗਈ ਏ। ਉਹਨਾਂ ਦੀਆਂ ਜੁੰਡਲੀਆਂ ਲਗਾਤਾਰ ਮੀਟਿੰਗਾਂ ਕਰਦੀਆਂ ਤੇ ਪੰਜਾਬੀ ਨੂੰ ਸਰਕਾਰੀ ਭਾਸ਼ਾ ਬਨਾਣ 'ਤੇ ਜ਼ੋਰ ਦੇਂਦੀਆਂ ਸਨ। ਜਲੰਧਰ ਦੇ ਲੇਖਕ ਚਾਹ-ਖਾਨਿਆਂ ਤੇ 'ਕੌਫੀ ਹਾਊਸ' 'ਚ ਵੀ ਬਹਿਣ ਲੱਗ ਪਏ ਸਨ। ਏਥੇ ਇਹ ਗੱਲ ਮਸ਼ਹੂਰ ਸੀ ਕਿ ਕੌਫੀ ਹਾਊਸ 'ਚ ਬੈਠੇ ਬਿਨਾਂ ਕੋਈ ਚੰਗਾ ਸਾਹਿਤਕਾਰ ਤਾਂ ਸ਼ਾਇਦ ਬਣ ਜਾਵੇ, ਪਰ ਪੱਤਰਕਾਰ ਬਨਣਾ ਪੱਕਾ ਏ। ਸਾਡਾ ਗਰੁੱਪ ਅਜਿਹਾ ਹੁੰਦਾ ਸੀ ਕਿ ਉਹਦੇ ਵਿਚ ਬਹਿਣ ਵਾਲਿਆਂ ਨੂੰ 'ਜਲੰਧਰੀਏ' ਕਿਹਾ ਜਾਂਦਾ ਸੀ। ਕਈ ਲੇਖਕਾਂ ਦਾ ਤਾਂ ਸਾਰੀ ਉਮਰ ਪਤਾ ਈ ਨਹੀਂ ਸੀ ਲੱਗਦਾ ਕਿ ਉਹ ਕਿਹੜੇ ਪਿੰਡ ਦੇ ਸਨ? ਉਹ ਸ਼ਹਿਰ 'ਚ ਫਿਰਦੇ ਤੁਰਦੇ ਮਿਲਦੇ ਸਨ ਤੇ ਕੌਫੀ ਹਾਊਸ 'ਚ ਆ ਬਹਿੰਦੇ ਸਨ, ਸੋ ਉਹ ਵੀ 'ਜਲੰਧਰੀਏ' ਈ ਮੰਨੇ ਜਾਂਦੇ ਸਨ।

ਮੈਂ ਜਲੰਧਰੀਏ ਕੁਝ ਚੰਗੇ ਸਾਹਿਤਕਾਰਾਂ ਬਾਰੇ ਦੱਸਦਾ ਹਾਂ।


**ਗਿਆਨੀ ਹੀਰਾ ਸਿੰਘ ਦਰਦ** : ਦੇਸ-ਵੰਡ ਦੇ ਬਾਅਦ ਜਲੰਧਰ 'ਚ ਪੰਜਾਬੀ ਨੂੰ ਪਿਆਰ ਕਰਨ ਵਾਲੇ ਦੋ ਵਿਚਾਰਾਂ ਦੇ ਲੋਕ ਸਨ। ਇਕ ਤਾਂ ਅਕਾਲੀ ਤੇ ਦੂਜੇ ਮਾਰਕਸਵਾਦੀ ਜਾਂ ਅਗਾਂਹ-ਵਧੂ। ਜਲੰਧਰ 'ਚ ਇਹਨਾਂ ਦੇ ਈ ਅਖ਼ਬਾਰ ਨਿੱਕਲਦੇ ਸਨ। ਜਿਨ੍ਹਾਂ ਵਿਚ ਸਪਤਾਹਿਕ, ਪੰਦਰਾਂ ਦਿਨਾਂ ਵਾਲੇ ਜਾਂ ਮਹੀਨੇਵਾਰ ਸ਼ਾਮਲ ਸਨ। ਉਹਨਾਂ ਦੇ ਸੰਪਾਦਕਾਂ 'ਚ ਅਕਾਲੀ ਨੇਤਾ ਜਾਂ ਕਾਮਰੇਡ ਨੇਤਾ ਸ਼ਾਮਲ ਸਨ। ਗਿਆਨੀ ਹੀਰਾ ਸਿੰਘ ਇਹਨਾਂ


ਹੀਰਾ ਸਿੰਘ ਦਰਦ



ਦੋਹਾਂ ਵਿਚੋਂ ਸਨ। ਉਹ ਪਿੱਛੋਂ ਪੋਠੋਹਾਰ ਦੇ ਇਲਾਕੇ ਦੇ ਬ੍ਰਾਹਮਣ ਸਨ। ਜਦ ਉਥੇ ਸਿੱਖ ਧਰਮ ਦਾ ਪ੍ਰਚਾਰ ਵਧਿਆ ਤਾਂ ਉਹਨਾਂ ਦਾ ਪਰਵਾਰ ਵੀ ਸਿੱਖ ਹੋ ਕੇ ਵਿਆਹ ਸ਼ਾਦੀਆਂ ਹਿੰਦੂ ਰੀਤਾਂ ਨੂੰ ਛੱਡ ਕੇ ਸਿੱਖ ਰੀਤਾਂ ਨਾਲ ਕਰਾਉਣ ਲੱਗ ਪਿਆ ਸੀ। ਉਹ ਹਿੰਦੂ ਦੇ ਘਰ ਹਿੰਦੂ ਰੀਤਾਂ ਤੇ ਸਿੱਖ ਦੇ ਘਰ ਸਿੱਖ ਰੀਤਾਂ ਨਾਲ ਧਾਰਮਕ ਅਨੁਸ਼ਠਾਨ ਕਰਵਾਂਦੇ ਸਨ।

**ਪ੍ਰੋ. ਮੋਹਨ ਸਿੰਘ** : ਮੈਂ ਪਹਿਲੀ ਵਾਰ ਪ੍ਰੋ. ਮੋਹਨ ਸਿੰਘ ਦੇ ਘਰ ਹੋਈ ਸਾਹਿਤਕ ਮੀਟਿੰਗ 'ਚ ਸ਼ਾਮਲ ਹੋ ਕੇ ਸਾਹਿਤਕਾਰ ਬਣ ਗਿਆ ਸੀ। ਜਿਥੇ ਮੇਰੇ ਵੱਲੋਂ ਗੁਰਚਰਨ ਚੌਧਰੀ ਨੇ ਮੇਰਾ ਪਰੀਚੈ ਕਰਾਇਆ, "ਇਹ ਪ੍ਰੇਮ ਪ੍ਰਕਾਸ਼ ਖੰਨਵੀ ਐ। ਕਹਾਣੀਆਂ ਲਿਖਦਾ ਹੈ।" ਬਸ, ਮੈਂ ਕਹਾਣੀਕਾਰ ਬਣ ਗਿਆ ਸੀ। ਅਗਲੀ ਵਾਰ ਮੈਂ ਕਹਾਣੀ ਕੰਬਦੀ ਅਵਾਜ਼ ਨਾਲ ਪੜ੍ਹੀ ਸੀ। ... ਜਦ ਲੋਕੀਂ ਰਾਵਾਂ ਦੇਣ ਲੱਗੇ ਤਾਂ ਮੈਂ ਕੰਬਦਾ ਸੀ। ਪਰ ਮੈਂ ਹੈਰਾਨ ਹੋ ਗਿਆ ਕਿ ਬਹੁਤਿਆਂ ਨੇ ਤਾਰੀਫਾਂ ਕੀਤੀਆਂ। ਚੌਧਰੀ ਦੇ ਕਹਿਣ 'ਤੇ ਮੈਂ ਉਹ ਕਹਾਣੀ "ਪ੍ਰੀਤਲੜੀ" ਨੂੰ ਭੇਜ ਦਿੱਤੀ। ਇਕ ਹਫ਼ਤੇ 'ਚ ਨਵਤੇਜ ਦੀ ਚਿੱਠੀ ਆ ਗਈ ਕਿ ਨਵੇਂ ਅੰਕ 'ਚ ਛਾਪ ਰਹੇ ਹਾਂ। ਇਹ ਸਭ ਕੁਝ ਜੋ ਵੀ ਹੋਇਆ, ਮੈਨੂੰ ਫਿਲਮੀ ਜਿਹਾ ਲੱਗਦਾ ਰਿਹਾ ਸੀ, ਮੇਰਾ ਕਹਾਣੀਕਾਰ ਬਨਣਾ।


ਪ੍ਰੋ. ਮੋਹਨ ਸਿੰਘ

ਜਲੰਧਰ 'ਚ ਸਾਹਿਤ ਦਾ ਦੂਜਾ ਅੱਡਾ ਗਿਆਨੀ ਹੀਰਾ ਸਿੰਘ ਦਰਦ ਦਾ 'ਗਿਆਨੀ ਕਾਲਜ' ਹੁੰਦਾ ਸੀ। ਅਸੀਂ ਆਪਣੀਆਂ ਕਹਾਣੀਆਂ ਛਪਣ ਤੋਂ ਪਹਿਲਾਂ ਏਥੇ ਦੇ ਲੇਖਕਾਂ ਦੀ ਮੀਟਿੰਗਾਂ 'ਚ ਸੁਣਾਉਂਦੇ ਹੁੰਦੇ ਸੀ। ਉਹਨਾਂ 'ਤੇ ਬਹਿਸਾਂ ਕਰਦੇ ਸੀ। ਏਥੇ ਗਿਆਨੀ ਪੜ੍ਹਨ ਵਾਲੇ ਜਲੰਧਰੀਏ ਲੇਖਕ ਹਫਤਾਵਾਰੀ ਮੀਟਿੰਗਾਂ 'ਚ ਕਹਾਣੀਆਂ ਸੁਣਾਉਂਦੇ ਸਨ। ਜਿਨ੍ਹਾਂ ਦੀ ਆਲੋਚਨਾ ਮਾਰਕਸੀ ਦ੍ਰਿਸ਼ਟੀਕੋਣ ਤੋਂ ਹੁੰਦੀ ਸੀ।

**ਸੋਹਣ ਸਿੰਘ ਮੀਸ਼ਾ** : ਸੋਹਣ ਸਿੰਘ ਮੀਸ਼ਾ ਕਪੂਰਥਲੇ ਦੇ ਨੇੜੇ ਦੇ ਪਿੰਡ ਦਾ ਸੀ। ਉਹ ਆਪ ਅੰਗ੍ਰੇਜ਼ੀ ਦੀ ਐਮ. ਏ. ਕਰ ਕੇ ਪ੍ਰੋਫੈਸਰ ਲੱਗ ਗਿਆ ਸੀ। ਜਦ ਕਾਲਜਾਂ ਵਿਚੋਂ ਥਰਡ ਕਲਾਸ ਐਮ. ਏ. ਹਟਾ ਦਿੱਤੇ ਗਏ ਤਾਂ ਉਹਨੂੰ ਰੇਡਿਓ ਸਟੇਸ਼ਨ 'ਤੇ ਪ੍ਰੋਡਿਊਸਰ ਬਨਣ ਦਾ ਮੌਕਾ ਮਿਲ ਗਿਆ ਸੀ। ਪਰ ਉਹਦੇ ਨਾਲ ਪੜ੍ਹਾਉਂਦੇ ਸੁਰਜੀਤ ਹਾਂਸ ਨੂੰ ਵਲੈਤ ਜਾਣਾ ਪੈ ਗਿਆ ਸੀ। ਮੀਸ਼ਾ ਵਧੀਆ ਸ਼ਾਇਰ ਸੀ, ਪਰ ਉਹਨੂੰ ਕਵਿਤਾ ਸੁਨਾਉਣ ਦੀ ਬਿਮਾਰੀ ਸੀ। ਉਹ ਪਹਿਲਾਂ ਸਾਡੇ ਨਾਲ਼ ਪਲਾਜ਼ਾ ਰੈਸਟੋਰੈਂਟ 'ਚ ਬੈਠਦਾ ਹੁੰਦਾ ਸੀ। ਜਿੱਥੇ ਅਸੀਂ ਫੁਲ ਸੈੱਟ ਮੰਗਵਾ ਕੇ ਆਪ ਚਾਹ ਬਣਾ ਕੇ ਪੀਂਦੇ ਸੀ। ਫੇਰ ਅਕਸਰ ਕੌਫ਼ੀ ਹਾਊਸ ਆ ਬਹਿੰਦੇ ਸੀ। ਉਹ ਆਪਣੀ ਕਿਸਮ ਦਾ ਉਹ ਧੀਮੇ ਬੋਲਾਂ ਦਾ ਗੰਭੀਰ ਸ਼ਾਇਰ ਸੀ। ਕੌਫ਼ੀ ਹਾਊਸ 'ਚ ਉਹਦੀ ਕਵਿਤਾ ਦੀਆਂ ਇਹ ਸਤਰਾਂ ਅਸੀਂ ਦੋਹਰਾਇਆ ਕਰਦੇ ਸੀ : "ਬੈਰਾ, ਓ ਬੈਰਾ! - ਇਕ ਹੋਰ ਲਿਆ ਕੱਪ ਕੌਫ਼ੀ ਦਾ। ... ਬੜਾ ਔਖਾ ਹੈ ਚੁਰਸਤਾ ਛੱਡਣਾ।" - ਮੀਸ਼ਾ ਆਪਣੀ ਕਵਿਤਾ ਸੁਨਾਣ ਦੇ ਲੋਭ 'ਚ ਉਹ ਸਾਨੂੰ ਕੌਫ਼ੀ ਆਮ ਪਿਆ ਦੇਂਦਾ ਸੀ। ... ਮੀਸ਼ਾ ਆਲ ਇੰਡਿਆ ਰੇਡਿਓ 'ਤੇ ਲੱਗ ਗਿਆ ਤਾਂ ਉਹਦੀ ਸੰਗਤ ਬਹੁਤ ਵਧ ਗਈ ਸੀ। ਸਾਰੇ ਲੇਖਕ ਉਹਦੇ ਵੱਲੋਂ ਰੇਡਿਓ ਦਾ ਪ੍ਰੋਗਰਾਮ ਮਿਲਣ ਦੀ ਆਸ ਕਰਦੇ ਸਨ। ਮੈਨੂੰ ਤਾਂ ਬਹੁਤ ਮੌਕੇ ਮਿਲਦੇ ਸਨ, ਕਿਉਂਕਿ ਮੈਂ ਉਹਨਾਂ ਦਿਨਾਂ 'ਚ ਟੀਚਰ ਦੀ ਨੌਕਰੀ ਛੱਡ ਕੇ ਉਰਦੂ ਅਖਬਾਰ 'ਚ ਨਿਊਜ਼ ਐਡੀਟਰ ਲੱਗ ਗਿਆ ਸੀ।


ਸੋਹਣ ਸਿੰਘ ਮੀਸ਼ਾ



ਸੁਰਜੀਤ ਹਾਂਸ

**ਸੁਰਜੀਤ ਹਾਂਸ** : ਸੁਰਜੀਤ ਹਾਂਸ ਵੀ ਮੀਸ਼ੇ ਦੇ ਨਾਲ ਈ ਸਠਿਆਲਾ ਕਾਲਜ ਛੱਡ ਕੇ ਆਇਆ ਸੀ। ਉਹ ਕਦੇ ਕਦੇ ਕੌਫੀ ਹਾਊਸ ਜਾਂਦਾ ਹੁੰਦਾ ਸੀ। ਪਰ ਉਹ ਤੀਜੇ ਨੂੰ ਨਾਲ ਨਹੀਂ ਸੀ ਬਹਿਣ ਦੇਂਦਾ। ਸੁਰਜੀਤ ਅੰਗ੍ਰੇਜ਼ੀ ਸਾਹਿਤ ਦਾ ਬਹੁਤ ਵਿਦਵਾਨ ਸੀ। ਉਹਦਾ ਸਾਰਾ ਸ਼ੈਕਸਪੀਅਰ ਪੜ੍ਹਿਆ ਹੋਇਆ ਸੀ। ਉਹ ਜਦ ਮੇਰੀ ਸੰਗਤ 'ਚ ਆਇਆ ਤਾਂ ਕਹਾਣੀ ਲਿਖਦਾ ਸੀ। ਫੇਰ ਉਹਨੇ ਕਹਾਣੀ ਲਿਖਣੀ ਮੇਰੇ ਹੱਕ 'ਚ ਛੱਡ ਦਿੱਤੀ ਤੇ ਆਪ ਕਵਿਤਾ ਲਿਖਣ ਲੱਗ ਪਿਆ। ਫੇਰ ਉਹ ਏਥੇ ਦੇ ਅਣਪੜ੍ਹ ਦੋਸਤਾਂ ਤੋਂ ਖਹਿੜਾ ਛੁਡਾਓਣ ਲਈ ਇੰਗਲੈਂਡ ਚਲਿਆ ਗਿਆ ਸੀ। ਜਿਥੇ ਰਹਿ ਕੇ ਉਹਨੇ ਕਿੰਨੀਆਂ ਹੀ ਕਿਤਾਬਾਂ ਕਵਿਤਾ 'ਚ ਲਿਖੀਆਂ। ਨਾਵਲ ਵੀ ਲਿਖਿਆ ਤੇ ਪੰਜਾਬੀ ਲੇਖਕਾਂ ਨੂੰ ਅਕਲ ਦੇਣ ਲਈ ਕਈ ਕਿਤਾਬਾਂ, ਲੇਖਾਂ ਤੇ ਕਵਿਤਾਵਾਂ ਲਿਖੀਆਂ। ਜਦ ਉਹ ਵਲੈਤ ਤੋਂ ਮੁੜ ਕੇ ਆਇਆ ਤਾਂ ਫੇਰ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਹਿਸਟਰੀ ਦਾ ਪ੍ਰੋਫੈਸਰ ਲੱਗ ਗਿਆ ਸੀ। ਉਹਦਾ ਦਬਦਬਾ ਪ੍ਰੋਫੈਸਰ ਨਾਲੋਂ ਵੱਧ ਦੂਜੇ ਵਾਈਸ ਚਾਂਸਲਰ ਵਰਗਾ ਸੀ। ਵਾਈਸ ਚਾਂਸਲਰ ਸਾਡਾ ਦੋਸਤ ਮਲਵਈ ਸੀ। ਯੂਨੀਵਰਸਿਟੀ ਦੀ ਪ੍ਰੋਫੈਸਰੀ ਵੇਲੇ ਮੈਂ ਹਰੇਕ ਤੀਜੇ ਹਫ਼ਤੇ ਉਹਦੇ ਘਰ ਅੰਮ੍ਰਿਤਸਰ ਚਲਿਆ ਜਾਂਦਾ ਸੀ। ਜਿਥੇ ਇਕ ਦਿਨ ਤੇ ਇਕ ਰਾਤ ਦੀ ਅਯਾਸ਼ੀ ਕੀਤੀ ਜਾਂਦੀ ਸੀ। ਜੇ ਕਦੇ ਮੈਨੂੰ ਛੁੱਟੀ ਨਾ ਮਿਲਦੀ ਤਾਂ ਸੁਰਜੀਤ ਹਾਂਸ ਆਪ ਆ ਜਾਂਦਾ ਸੀ। ਫੇਰ ਮੀਸ਼ਾ ਵੀ ਆ ਜਾਂਦਾ। ਦਾਰੂ ਦੀਆਂ ਮਹਿਫਲਾਂ ਚੱਲਦੀਆਂ, ਸਾਹਿਤ ਦੀਆਂ ਗੱਲਾਂ ਹੁੰਦੀਆਂ ਤੇ ਫੇਰ ਅਸੀਂ ਸਾਰੇ ਰਾਜਸੀ ਪ੍ਰਬੰਧ ਤੇ ਭਾਰਤੀ ਸੰਸਕ੍ਰਿਤੀ ਨੂੰ ਗਾਹਲਾਂ ਕੱਢਦੇ ਰੋਟੀ ਖਾ ਕੇ ਸੌਂ ਜਾਇਆ ਕਰਦੇ ਸੀ।

ਵਿਰਕ ਨੇ ਹੀ ਮੈਨੂੰ ਸੁਰਜੀਤ ਹਾਂਸ ਨਾਲ ਮਿਲਾਇਆ ਸੀ। ਇਕ ਦਿਨ ਉਹਨੇ ਮੈਨੂੰ ਇਕ ਕਹਾਣੀ ਪੜ੍ਹਨ ਲਈ ਦਿੱਤੀ- 'ਅਠਿਆਨੀ'। ਮੈਨੂੰ ਚੰਗੀ ਲੱਗੀ। ਕੁਝ ਦਿਨਾਂ ਬਾਅਦ ਵਿਰਕ ਦਾ ਫ਼ੋਨ ਆਇਆ— 'ਆ ਤੈਨੂੰ 'ਅਠਿਆਨੀ' ਵਾਲੇ ਲੇਖਕ ਨਾਲ ਮਿਲਾਵਾਂ।" ਮੈਂ ਛੁੱਟੀ ਲੈ ਕੇ ਆ ਗਿਆ। ਮਿਲਿਆ ਤਾਂ ਸੁਰਜੀਤ ਮੈਨੂੰ ਖੁਸ਼ਕ ਜਿਹਾ ਬੰਦਾ ਲੱਗਿਆ। ਪਰ ਅੰਦਰੋਂ ਅੰਦਰੀ ਸਾਡੇ ਸੁਭਾਵਾਂ ਦੇ ਮੇਲ ਹੋ ਗਏ। ਫੇਰ ਵਿਰਕ ਘੱਟ ਮਿਲਦਾ ਤੇ ਅਸੀਂ ਦੂਜੇ ਤੀਜੇ ਦਿਨ ਉਚੇਚ ਨਾਲ ਮਿਲਣ ਲੱਗ ਪਏ ਸੀ।

ਜਦ ਸਰਕਾਰ ਨੇ ਥਰਡ ਡਵੀਜ਼ਨ ਵਾਲੇ ਲੈਕਚਰਰ ਹਟਾ ਦਿੱਤੇ ਸਨ ਤਾਂ ਮੀਸ਼ਾ ਤੇ ਸੁਰਜੀਤ ਵਿਹਲੇ ਹੋ ਗਏ ਸਨ। ਮੀਸ਼ਾ ਨੂੰ ਤਾਂ ਰੇਡਿਓ ਸਟੇਸ਼ਨ ਜਲੰਧਰ 'ਤੇ ਪ੍ਰੋਗਰਾਮ ਐਕਜ਼ੈਕਟਿਵ ਬਣਨ ਦਾ ਮੌਕਾ ਮਿਲ ਗਿਆ ਸੀ ਤੇ ਸੁਰਜੀਤ ਹਾਂਸ ਵਲੈਤ ਨੂੰ ਉੱਡ ਗਿਆ ਸੀ। ਫੇਰ ਮੈਂ ਤੇ ਸੁਰਜੀਤ ਨੇ 1970 'ਚ ਰਲ਼ ਕੇ 'ਲਕੀਰ' ਕੱਢਿਆ ਸੀ। ਮੀਸ਼ਾ ਉਹਨੂੰ ਉਸਤਾਦ ਦੋਸਤ ਸਮਝ ਕੇ ਡਰਦਾ ਸੀ। ਮੈਂ ਹਾਂਸ ਦੀ ਅਕਲ, ਸੂਝ ਤੇ ਕਲਾ ਬਾਰੇ ਜਾਣਕਾਰੀ ਦੇ ਦਾਬੇ ਹੇਠ ਆ ਕੇ ਵੱਡੇ ਭਾਈ ਵਰਗਾ ਮੰਨਦਾ ਸੀ। ਕਈ ਕੰਮ ਮੈਂ ਨਾ ਚਾਹੁੰਦਾ ਹੋਇਆ ਵੀ ਉਹਦੇ ਕਹੇ 'ਤੇ ਕਰ ਲੈਂਦਾ ਸੀ। ਬਾਅਦ 'ਚ ਮੈਨੂੰ ਪਤਾ ਲੱਗਦਾ ਕਿ ਉਹ ਠੀਕ ਈ ਕਹਿੰਦਾ ਸੀ। ਮੁੜ ਕੇ 'ਲਕੀਰ' ਕੱਢਣ ਦਾ ਫਾਹਾ ਵੀ ਉਸੇ ਨੇ ਮੈਨੂੰ ਦਿੱਤਾ ਸੀ।... ਇਕ ਵਾਰ ਅਤਰ ਸਿੰਘ ਕਹਿੰਦਾ ਕਿ ਸਭ ਨੇ ਆਪਣੇ-ਆਪਣੇ ਗਰੁੱਪ ਬਣਾਏ ਹੋਏ ਨੇ। ਮੈਂ ਮੋੜਵਾਂ ਜਵਾਬ ਦਿੱਤਾ ਕਿ ਮੇਰਾ ਕੋਈ ਗਰੁੱਪ ਨਹੀਂ, ਤਾਂ ਅਤਰ ਸਿੰਘ ਕਹਿੰਦਾ, "ਤੇਰਾ ਤੇ ਸੁਰਜੀਤ ਹਾਂਸ ਦਾ ਗਰੁੱਪ ਈ ਏ।"

**ਜਸਵੰਤ ਸਿੰਘ ਵਿਰਦੀ** : 1954 ਤੋਂ 1961 ਤਕ ਦੇ ਸਮੇਂ 'ਚ ਜਦ ਮੈਂ, ਮਹਿਰਮ ਯਾਰ ਤੇ ਜਸਵੰਤ ਸਿੰਘ ਵਿਰਦੀ ਜਲੰਧਰ ਦੇ ਸਾਹਿਤਕ ਹਲਕੇ 'ਚ 'ਯੰਗ ਟਰਕਸ' ਬਣੇ ਕਹਾਣੀਆਂ ਲਿਖਦੇ ਤੇ ਬਹਿਸਾਂ 'ਚ ਉਲਝੇ ਰਹਿੰਦੇ ਸੀ। ਲਿਖਣ 'ਚ ਵਿਰਦੀ ਬਹੁਤ ਤੇਜ਼ ਸੀ। ਏਸੇ ਲਈ ਉਹਨੇ ਲਿਖ-ਲਿਖ ਕੇ ਢੇਰ ਲਾ



ਦਿੱਤੇ। ਜੀਹਦੇ ਵਿਚ ਉਹਦੀਆਂ ਚੰਗੀਆਂ ਰਚਨਾਵਾਂ ਵੀ ਰੁਲ਼ ਗਈਆਂ।



ਜਸਵੰਤ ਸਿੰਘ ਵਿਰਦੀ

ਵਿਰਦੀ ਨੇ ਦਿੱਲੀ ਜਾ ਕੇ ਬਹੁਤ ਕਹਾਣੀਆਂ ਲਿਖੀਆਂ। ਅਸੀਂ ਹੱਸਦੇ ਹੁੰਦੇ ਸੀ ਕਿ ਉਹ ਜਲੰਧਰ 'ਚ ਸਾਡੀ ਨੁਕਤਾਚੀਨੀ ਤੋਂ ਡਰਦਾ ਚੰਗੀ ਕਹਾਣੀ ਨਹੀਂ ਸੀ ਲਿਖ ਸਕਿਆ। ਫੇਰ ਜਦ ਉਹ ਦਫ਼ਤਰੀ ਬਾਬੂ ਬਣ ਕੇ ਚੰਡੀਗੜ੍ਹ ਆਇਆ ਅਤੇ ਫੇਰ ਕਾਲਜ ਅਧਿਆਪਕ ਬਣਿਆ ਤਾਂ ਉਹਦੀ ਕਲਾ ਦੀ ਚਮਕ ਮੱਠੀ ਪੈਣ ਲੱਗ ਪਈ। ਜਿਸ ਨਾਲ ਉਹਦੇ ਅੰਦਰ ਅਜੀਬ ਕਿਸਮ ਦੀ ਖਿਝ ਜਿਹੀ ਪੈਦਾ ਹੋਣ ਲੱਗ ਪਈ ਸੀ। ਫੇਰ ਰੀਟਾਇਰ ਹੋ ਕੇ ਉਹਦੇ ਸੁਭਾਅ ਦੇ ਬਹੁਤੇ ਚਿੜਚਿੜੇ ਹੋਣ ਦਾ ਵੱਡਾ ਕਾਰਨ ਉਹਨੂੰ ਸਾਹਿਤ ਅਕਾਦਮੀ ਦਾ ਐਵਾਰਡ ਨਾ ਮਿਲਣਾ ਬਣ ਗਿਆ। ਜਿਸ ਦਾ ਦੋਸ਼ ਉਹ ਜਲੰਧਰ ਦੇ 'ਸਾਹਿਤਕ ਮਾਫੀਏ' 'ਤੇ ਸੁੱਟਦਾ ਏ। ਮਾਫੀਆ ਪਤਾ ਨਹੀਂ ਉਹ ਕੀਹਨੂੰ ਕਹਿੰਦਾ ਏ!

ਜਦ ਉਹ ਕਪੂਰਥਲੇ ਕਾਲਜ ਟੀਚਰ ਸੀ ਤੇ ਰੀਟਾਇਰ ਹੋਣ ਵਾਲਾ ਸੀ ਤਾਂ ਮੈਂ ਜਲੰਧਰ 'ਚ ਆਪਣੇ ਦੋਸਤ 'ਚੱਠਿਆਂ' ਕੋਲੋਂ ਉਹਨੂੰ ਪਲਾਟ ਸਸਤਾ ਦਿਵਾ ਦਿੱਤਾ ਸੀ। ਮੇਰੇ ਮਨ 'ਚ ਸੀ ਕਿ ਉਹ ਮੇਰੇ ਨੇੜੇ ਰਵ੍ਹੇਗਾ ਤੇ ਮਿਲਦੇ ਗਿਲਦੇ ਰਵ੍ਹਾਂਗੇ। ਪਰ ਬੀਤਦੇ ਸਮੇਂ ਨਾਲ ਉਹਦੇ ਘਰੇਲੂ ਹਾਲਾਤ ਕਰ ਕੇ ਜਾਂ ਕਿਸੇ ਹੋਰ ਗੱਲ ਕਰ ਕੇ ਉਹਦਾ ਸੁਭਾਅ ਵਿਗੜਦਾ ਈ ਗਿਆ। ਉਹ ਘਰ 'ਚ ਹੁੰਦਾ ਹੋਇਆ ਵੀ ਅਖਵਾ ਦੇਂਦਾ ਸੀ ਕਿ ਉਹ ਘਰ 'ਚ ਨਹੀਂ। ਇਹ ਆਦਤ ਉਹਦੀ ਬੜੀ ਪੁਰਾਣੀ ਸੀ। ਉਹ ਆਪ ਫ਼ੋਨ ਨਹੀਂ ਚੁੱਕਦਾ ਸੀ। "ਕੌਣ ਆ?" ਪਤਾ ਕਰ ਕੇ ਈ ਦੱਸਦਾ ਏ ਕਿ ਉਹ ਘਰ ਹੈ ਜਾਂ ਨਹੀਂ। ਉਹ ਕਿਸੇ ਨਾਲ ਲੜਦਾ ਤਾਂ ਨਹੀ ਸੀਂ, ਬਸ ਘਰ ਅੰਦਰ ਬੈਠਾ ਸਭ ਨੂੰ 'ਮਾਫੀਆ' ਕਹਿ ਕੇ ਜਾਂ ਗਾਹਲਾਂ ਕੱਢ ਕੇ ਦਿਲ ਦਾ ਭਾਰ ਹੌਲਾ ਕਰ ਲੈਂਦਾ ਸੀ।

ਉਹਨੇ ਹੋਰਾਂ ਦੀਆਂ ਕਹਾਣੀਆਂ ਤਾਂ ਕੀ ਮੁਫ਼ਤ ਆਉਂਦੇ ਪਰਚੇ ਵੀ ਪੜ੍ਹਨੇ ਛੱਡ ਦਿੱਤੇ ਸਨ। ਮੈਂ ਜਦ ਉਹਦੇ ਘਰ ਜਾਂਦਾ ਤਾਂ ਮੇਰਾ ਭੇਜਿਆ ਪਰਚਾ 'ਲਕੀਰ' ਬੰਦ ਲਿਫ਼ਾਫ਼ੇ 'ਚ ਮੇਜ਼ ਦੇ ਹੇਠਾਂ ਪਿਆ ਹੁੰਦਾ ਸੀ।...

ਹੌਲ਼ੀ ਹੌਲ਼ੀ ਉਹਨੇ ਸਭ ਨਾਲ ਬੋਲਣਾ ਛੱਡ ਦਿੱਤਾ। ਮੈਂ ਹੈਰਾਨ ਹੁੰਦਾ ਕਿ ਇਹ 'ਮਾਫੀਆ' ਕੀਹਨੂੰ ਕਹਿੰਦਾ ਏ? ਕਿਸੇ ਨੂੰ ਸਮਝ ਨਹੀਂ ਸੀ। ਉਹ ਇਕ ਸਰਕਾਰੀ ਸਮਾਗਮ 'ਚ ਗਿਆ ਸੀ। ਆਇਆ ਤਾਂ ਬਿਮਾਰ ਹੋ ਗਿਆ। ਦੂਜੇ ਦਿਨ ਪਤਾ ਲੱਗਿਆ ਕਿ ਗੁਜ਼ਾਰ ਗਿਆ। ਵਿਰਦੀ ਕਹਾਣੀ ਲਿਖਣ ਦਾ ਏਡਾ ਉਸਤਾਦ ਸੀ ਕਿ ਅਖਬਾਰ 'ਚ ਛਪੀ ਕਿਸੇ ਵੀ ਖ਼ਬਰ ਦੀ ਕਹਾਣੀ ਬਣਾ ਸਕਦਾ ਸੀ। ਧਰਮ-ਨਿਰਪੱਖ ਤੇ ਸਮਾਜਵਾਦੀ ਏਸ ਲੇਖਕ ਨੇ ਸਮਾਜ ਦੀ ਸ਼ਾਇਦ ਈ ਕੋਈ ਅਜਿਹੀ ਗੱਲ ਹੋਵੇ, ਜੀਹਦੇ 'ਤੇ ਕਹਾਣੀ ਨਾ ਲਿਖੀ ਹੋਵੇ। ਉਹਦੀ ਹਰੇਕ ਕਹਾਣੀ 'ਚ ਉਸਤਾਦੀ ਹੁੰਦੀ ਏ 600 ਕਹਾਣੀਆਂ ਲਿਖਣ ਵਾਲੇ ਦਾ ਕੋਈ ਹੁਣ ਨਾਂ ਵੀ ਨਹੀਂ ਲੈਂਦਾ। ਵਿਰਦੀ ਆਪਣੀ ਕਹਾਣੀ ਦੀ ਆਲੋਚਨਾ ਦਾ ਜਵਾਬ ਨਹੀਂ ਸੀ ਦੇਂਦਾ। ਕਦੇ-ਕਦੇ ਮਹਿਰਮ ਯਾਰ ਮੈਨੂੰ ਕੋਈ ਉਰਦੂ ਦੀ ਕਹਾਣੀ ਖਚਰੀ ਅੱਖ ਦੱਬ ਕੇ ਦੇ ਜਾਂਦਾ। ਫੇਰ ਸ਼ਾਮ ਨੂੰ ਸੈਨਤਾਂ ਨਾਲ ਦੱਸਦਾ ਕਿ ਵਿਰਦੀ ਨੇ ਉਹਦੇ ਵਿਚੋਂ ਕੀ ਕੁਝ ਲਿਆ ਏ। ਉਹ ਚੋਰੀ ਦਾ ਇਲਜ਼ਾਮ ਸਿੱਧਾ ਨਹੀਂ ਸੀ ਲਾਉਂਦਾ।

ਇਕ ਦਿਨ ਇਕ ਬੰਦੇ ਨੇ ਮੈਨੂੰ ਦੱਸਿਆ ਕਿ ਵਿਰਦੀ ਬੀਮਾਰ ਏ। ਮੈਨੂੰ ਚੌਥੇ ਦਿਨ ਪਤਾ ਲੱਗਿਆ ਕਿ ਉਹ ਨੇੜੇ ਦੇ ਹਸਪਤਾਲ 'ਚ ਦਾਖਲ ਏ। ਛੇਵੇਂ ਦਿਨ ਉਹਦੇ ਮਰਨ ਦੀ ਖ਼ਬਰ ਆ ਗਈ। ਮੈਂ ਡਾਕਟਰ ਨੂੰ ਪੁੱਛਿਆ ਕਿ ਵਿਰਦੀ ਨੂੰ ਕੀ ਹੋਇਆ ਸੀ ਤਾਂ ਉਹਨੇ ਦੱਸਿਆ ਕਿ ਡੀਹਾਈਡਰੇਸ਼ਨ ਹੋ ਗਈ ਸੀ।


ਜਸਵੰਤ ਦੀਦ

**ਜਸਵੰਤ ਦੀਦ** : ਉਹਨਾਂ ਦਿਨਾਂ 'ਚ ਸ਼ਾਹਕੋਟ ਦਾ ਰਹਿਣ ਵਾਲਾ ਨੌਜਵਾਨ ਸ਼ਾਇਰ ਜਸਵੰਤ ਦੀਦ ਦਿੱਲੀ ਤੋਂ ਆਇਆ ਸੀ। ਉਹ ਰੇਡਿਓ ਸਟੇਸ਼ਨ, ਜਲੰਧਰ 'ਤੇ ਪੱਕਾ ਪ੍ਰੋਡਿਊਸਰ ਸੀ। ਉਹ ਪਹਿਲਾਂ ਰੇਡਿਓ ਸਟੇਸ਼ਨ ਤੇ ਪ੍ਰੋਡਿਊਸਰ ਸੀ ਤੇ ਫੇਰ ਜਦ 'ਦੂਰ ਦਰਸ਼ਨ' ਦਾ ਕੰਮ ਵੱਧ ਗਿਆ ਤੇ ਉਹਦੀ ਨਵੀਂ ਬਿਲਡਿੰਗ ਤਿਆਰ ਹੋ ਗਈ। ਉਹ ਉਥੇ ਦਾ ਪ੍ਰੋਡਿਊਸਰ ਬਣ ਗਿਆ ਸੀ। ਨੌਜਵਾਨ ਸੀ, ਉਹਨੂੰ ਕੰਮ ਕਰਨ ਦਾ ਚਾਓ ਵੀ ਸੀ। ਉਹ ਜਿਹੜਾ ਵੀ ਕੰਮ ਕਰਦਾ, ਉਹਦੇ ਵਿਚ ਨਵੀਆਂ ਜੁਗਤਾਂ ਵਰਤਦਾ ਤੇ ਮੇਰੇ ਨਾਲ ਵੀ ਸਲਾਹ ਕਰਦਾ। ਫੇਰ ਇਹ ਗੱਲ ਬਣ ਗਈ ਕਿ ਉਹ ਮੈਨੂੰ ਵਿਚ ਫਿੱਟ ਕਰ ਲੈਂਦਾ ਸੀ। ਸਭ ਤੋਂ ਪਹਿਲਾਂ ਉਹਨੇ ਸੰਤ ਸਿੰਘ ਸੇਖੋਂ ਨਾਲ ਉਹਦੇ ਘਰ ਜਾ ਕੇ ਇੰਟਰਵਿਊ ਕਰਨ ਦਾ ਪਲਾਨ ਬਣਾਇਆ। ਉਹਨੇ ਸਰਕਾਰੀ ਗੱਡੀ ਲਿਆ ਕੇ ਮੇਰੇ ਘਰ ਦੇ ਮੂਹਰੇ ਖੜ੍ਹੀ ਕਰ ਦਿੱਤੀ। ਲੁਧਿਆਣੇ ਦੇ ਪਰਲੇ ਸਿਰੇ 'ਤੇ ਉਹਦੇ ਘਰ ਅੱਪੜੇ ਤਾਂ ਅੱਗੋਂ ਸੇਖੋਂ ਉਵੇ ਬੈਠਾ ਸੀ। ਅਸੀਂ ਚਾਹ ਪੀਤੇ ਬਿਨਾਂ ਈ ਕੈਮਰੇ ਦੀ ਸੈਟਿੰਗ ਕਰਵਾ ਕੇ ਇੰਟਰਵਿਊ ਰੀਕਾਰਡ ਕਰਨ ਲੱਗ ਪਏ। ਮੈਂ ਸੇਖੋਂ ਨੂੰ ਬੜੇ ਰੜਕਵੇਂ ਸਵਾਲ ਪੁੱਛੇ, ਪਰ ਉਹ ਫ਼ਲਸਫ਼ਾ ਜਿਹਾ ਘੋਟ ਕੇ ਹੱਸ ਪਿਆ ਕਰੇ। ਫੇਰ ਮੇਰੇ ਪੁੱਛਣ 'ਤੇ ਖੁੱਲ੍ਹ ਕੇ ਦੱਸਣ ਲੱਗ ਪਿਆ ਕਿ ਉਹਨੇ ਪ੍ਰਕਾਸ਼ਕਾਂ ਤੇ ਸਰਕਾਰੀ ਕਰਮਚਾਰੀਆਂ ਨਾਲ ਮਿਲ ਕੇ ਏਨਾ ਪੈਸਾ ਕਮਾਇਆ ਕਿ ਜ਼ਮੀਨ ਦਾ ਇਕ ਕਿੱਲਾ ਲੈ ਲਿਆ ਸੀ। ਫੇਰ ਅਸੀਂ ਕੈਮਰੇ ਬੰਦ ਕਰ ਕੇ ਸਾਰਾ ਕੁਛ ਸਮੇਟ ਲਿਆ। ਚਾਹ ਪੀਣ ਲੱਗ ਪਏ। ਫੇਰ ਸੇਖੋਂ ਦੀਆਂ ਗੱਲਾਂ ਦਾ ਲਹਿਜਾ ਈ ਬਦਲ ਗਿਆ। ਉਹ ਖੁੱਲ੍ਹ ਗਿਆ। ਜਦ ਅਸੀਂ ਕਾਰ 'ਚ ਜਾਣ ਲੱਗੇ ਤਾਂ ਸੇਖੋਂ ਕਹਿੰਦਾ, "ਖੜ੍ਹ ਜੋ, ਮੈਂ ਵੀ ਸ਼ਹਿਰ ਤਾਈਂ ਥੋਡੇ ਨਾਲ ਈ ਜਾਣੈ?"

ਮੈਂ ਤੇ ਸੇਖੋਂ ਪਿਛਲੀ ਸੀਟ 'ਤੇ ਬੈਠੇ ਸੀ। ਸੇਖੋਂ ਦੱਸਣ ਲੱਗ ਪਿਆ, "ਪ੍ਰੇਮ, ਦੱਸਣ, ਲਿਖਣ, ਪੜ੍ਹਣ ਦੀਆਂ ਗੱਲਾਂ ਹੋਰ ਹੁੰਦੀਆਂ ਨੇ। ਲੈ, ਮੈਂ ਤੈਨੂੰ ਸੱਚੀ ਗੱਲ ਦੱਸਾਂ? ਆਹ ਜਿਹੜੇ ਮਜ਼ਦੂਰਾਂ ਕਿਸਾਨਾਂ ਦੇ ਇਨਕਲਾਬ ਦੀਆਂ ਗੱਲਾਂ ਅਸੀਂ ਕਰਦੇ ਹਾਂ, ਇਹ ਝੂਠੀਆਂ ਈ ਨੇ। ਸੱਚੀ ਗੱਲ ਤਾਂ ਇਹ ਐ, ਕਿ ਅਸੀਂ ਤਾਂ ਸਿੱਖਾਂ, ਖਾਲਸਿਆਂ ਦਾ ਵੀ ਨਹੀਂ, .. ਅਸੀਂ ਤਾਂ ਸਿੱਖਾਂ ਜੱਟਾਂ ਦਾ ਰਾਜ ਚਾਹੁੰਦੇ ਹਾਂ। ਹੋਰ ਸਿੱਖਾਂ ਸੁੱਖਾਂ ਨੂੰ ਅਸੀਂ ਸਿਆਣਦੇ ਈ ਨਹੀਂ।"

ਮੈਂ ਅੱਗੇ ਬੈਠੇ ਦੀਦ ਨੂੰ ਅਵਾਜ਼ ਦੇ ਕੇ ਕਿਹਾ, "ਸੁਣ ਲਿਆ ਸੇਖੋਂ ਦਾ ਸੱਚ? ... ਇਹ ਫਰਕ ਹੁੰਦਾ ਐ ਜੱਟਾਂ ਦਾ ਤੇ ਹੋਰ ਸਿੱਖਾ ਦਾ।"


ਅਸਲ 'ਚ ਦੀਦ 'ਚ ਜਨੂਨ ਸੀ ਸਾਹਿਤਕਾਰਾਂ ਦੀਆਂ ਫਿਲਮਾਂ ਬਨਾਣ ਦਾ। ਉਹ ਮੈਨੂੰ ਨਾਲ ਲੈ ਜਾਂਦਾ ਸੀ। ਚਾਰ ਪੈਸੇ ਮੇਰੇ ਵੀ ਬਣ ਜਾਂਦੇ, ਮੈਂ ਇਕ ਤਾਂ ਸਕ੍ਰਿਪਟ ਲਿਖਦਾ ਸੀ ਤੇ ਦੂਜਾ ਸਵਾਲ ਪੁਛਣ ਲਈ ਨਾਲ ਜਾਂਦਾ ਹੁੰਦਾ ਸੀ। ਜਦ ਇਕ ਵਾਰ ਕੋਈ ਲੇਖਕ ਨਾ ਮਿਲਿਆ ਤਾਂ ਦੀਦ ਕਹਿੰਦਾ, "ਚਲੋ ਥੋਡੀ ਈ ਬਣਾ ਲੈਂਦੇ ਹਾਂ ਫਿਲਮ। ਸਕ੍ਰਿਪਟ ਆਪਾਂ ਨਾਲ ਦੀ ਨਾਲ ਬਣਾਈ ਜਾਵਾਂਗੇ। .. ..ਚਲੋ ਖੰਨੇ ਤੇ ਤੁਹਾਡੇ ਪਿੰਡ ਬਡਗੁੱਜਰਾਂ ਨੂੰ।"

ਇਹ ਸਾਰੇ ਕੰਮ ਕਰਦਾ ਦੀਦ ਆਪ ਵੀ ਸੈਰਾਂ ਕਰਦਾ ਪੈਸੇ ਕਮਾਉਂਦਾ ਸੀ ਤੇ ਮੈਨੂੰ ਵੀ ਖਟਾਉਂਦਾ ਸੀ। ਮੈਨੂੰ ਇਕ ਗੱਲ ਦਾ ਸੁਖ ਮਿਲਿਆ ਕਿ ਮੇਰੇ ਬਜ਼ੁਰਗਾਂ ਦੀਆ ਫੋਟੋਆਂ ਕਿਸੇ ਨੇ ਖਿੱਚੀਆਂ ਨਹੀਂ ਸਨ, ਉਹ ਕੰਮ ਹੁਣ ਸਰਕਾਰੀ ਖਰਚੇ 'ਤੇ ਹੋ ਗਿਆ ਸੀ। ਉਹਦਾ ਰੀਕਾਰਡ ਹੁਣ ਵੀ ਮੇਰੇ ਕੋਲ ਏ। ਮੈਂ ਕਦੇ ਆਪਣੇ ਬਾਈ ਜੀ ਦੀ ਅਵਾਜ਼ ਸੁਣਦਾ ਹੁੰਦਾ ਹਾਂ।

ਰੇਡਿਓ ਜਾਂ ਟੀ. ਵੀ. ਦੀ ਸਰਕਾਰੀ ਨੌਕਰੀ ਵੇਲੇ ਦੀਦ ਨੇ ਆਪਣੀ ਕਵਿਤਾ ਨੂੰ ਵੀ ਚਮਕਾਓਣ ਦਾ ਸੁਖ ਲਿਆ। ਇਹਦੇ ਸਿਰ 'ਤੇ ਇਨਾਮ ਵੀ ਪ੍ਰਾਪਤ ਕੀਤੇ। ਉਹਨਾਂ 'ਚ ਮੈਂ ਵੀ ਸ਼ਾਮਲ ਸੀ। ਮੈਂ



ਪ੍ਰੋਗਰਾਮਾਂ ਦੀਆਂ ਸਕ੍ਰਿਪਟਾਂ ਲਿਖ ਕੇ ਤੇ ਉਹਨਾਂ ਦੀਆਂ ਫਿਲਮਾਂ ਬਨਾਓਣ ਤੋਂ ਵੀ ਪੈਸਾ ਕਮਾਇਆ ਤੇ ਨਾਲ ਮੇਰੀਆਂ ਛੇ ਕਹਾਣੀਆਂ ਦੀਆਂ ਫਿਲਮਾਂ ਬਣੀਆਂ ਤਾਂ ਮੈਨੂੰ ਦੂਹਰੇ ਪੈਸੇ ਮਿਲੇ। ਵੱਡੇ ਲਿਖਾਰੀ ਵੀ ਰੀਕਾਰਡਿੰਗ ਦਾ ਮੌਕਾ ਲੈਣ ਲਈ ਦੀਦ ਨੂੰ ਓਸ ਸਮੇਂ ਦਾ ਵੱਡਾ ਕਵੀ ਲਿਖਣ ਲੱਗ ਪਏ ਸਨ। ਉਹ ਟੀ. ਵੀ. ਦੀ ਰੀਕਾਰਡਿੰਗ ਵੇਲੇ ਦੀਦ ਨੂੰ ਵੱਡਾ ਕਵੀ ਕਹਿ ਦੇਂਦੇ ਸਨ।


ਨੰਦ ਲਾਲ ਨੂਰਪੁਰੀ

**ਨੰਦ ਲਾਲ ਨੂਰਪੁਰੀ** : ਜਲੰਧਰ 'ਚ ਮੈਂ ਇਕ ਮਸ਼ਹੂਰ ਸਟੇਜੀ ਕਵੀ ਨੰਦ ਲਾਲ ਦੇ ਦਰਸ਼ਨ ਮਾਤਾ ਰਾਣੀ ਦੇ ਚੌਂਕ 'ਚ ਹੋ ਰਹੇ ਕਵੀ ਦਰਬਾਰ 'ਚ ਕੀਤੇ ਸਨ। ਉਹ ਆਮ ਜਿਹੇ ਕੱਪੜਿਆਂ ਤੇ ਸਿਰ 'ਤੇ ਸਾਦਾ ਜਿਹੀ ਲਾਲ ਪੱਗ ਵਾਲਾ ਬੰਦਾ ਸਟੇਜ 'ਤੇ ਆਪਣੀ ਕਵਿਤਾ ਸੁਣਾ ਰਿਹਾ ਸੀ। ਉਹਦੀ ਭਾਸ਼ਾ ਤੋਂ ਪਤਾ ਲੱਗਦਾ ਸੀ ਕਿ ਉਹ ਚਾਰ ਜਮਾਤਾਂ ਪੜ੍ਹਿਆ ਹੋਣਾ ਏ। ਪਰ ਸੁਨਣ ਵਾਲੇ ਉਹਦੇ ਹਰ ਸ਼ਿਅਰ 'ਤੇ ਦਾਦ ਦੇ ਰਹੇ ਸਨ। ਕਵਿਤਾ ਮੁੱਕਣ 'ਤੇ ਆਈ ਤਾਂ ਸ਼ਾਇਰ ਨੇ ਕਿਹਾ, "ਇਹ ਦਾਦ ਪਾ ਦਿਓ ਮੇਰੇ ਪੱਲੇ 'ਚ। ਇਹ ਦਾਦ ਪਾ ਦਿਓ ਮੇਰੇ ਸਿਰ 'ਤੇ। ਮੈਂ ਘਰ ਲਿਜਾ ਕੇ ਇਹਨੂੰ ਪਿਹਾ ਕੇ ਰੋਟੀਆਂ ਪਕਵਾ ਲਵਾਂਗਾ। ਮੇਰੇ ਬੱਚੇ ਖਾਣਗੇ ਤੇ ਤੁਹਾਨੂੰ ਅਸੀਸਾਂ ਦੇਣਗੇ। ਨਿਆਣੇ ਮੇਰੇ ਰੱਜ ਜਾਣਗੇ ਤੇ ਫੇਰ ਇਹਦੇ ਈ ਕੱਪੜੇ ਸਵਾ ਕੇ ਪਾ ਲੈਣਗੇ।"


ਉਹਦੀ ਏਨੀ ਸੱਚੀ ਤੇ ਵਿਅੰਗ ਭਰੀ ਗੱਲ ਸੁਣ ਕੇ ਮੈਨੂੰ ਵੀ ਖ਼ੁਸ਼ੀ ਹੋਈ ਸੀ। ਫੇਰ ਲੋਕਾਂ ਨੇ ਨੂਰਪੁਰੀ ਦੇ ਕੋਲ ਜਾ ਜਾ ਕੇ ਕੁਝ ਨੋਟ ਵੀ ਦਿੱਤੇ ਸਨ।

ਜਦ ਮੈਂ ਕਿਸੇ ਨੂੰ ਕਿਹਾ ਕਿ ਲਿਖਣ ਵਾਲਿਆਂ ਦਾ ਇਹੀ ਹਾਲ ਹੁੰਦਾ ਏ ਤਾਂ ਉਹਨੇ ਕਿਹਾ, "ਹਾਲ ਚੰਗਾ ਵੀ ਹੋ ਸਕਦਾ ਏ ਜੇ ਇਹ ਰੋਜ਼ ਦਾਰੂ ਪੀਣੀ ਛੱਡ ਦੇਵੇ। ਉਹਨੇ ਦੱਸਿਆ ਕਿ ਇਹ ਆਪਣੇ ਟੱਬਰ ਦੇ ਗਲ਼-ਗੂਠਾ ਦੇ ਕੇ ਰੋਜ਼ ਦਾਰੂ ਦਾ ਅਧੀਆ ਪੀਂਦਾ ਏ। ਫੇਰ ਰੋਟੀ ਖਾਂਦਾ ਸਾਰੇ ਟੱਬਰ ਨੂੰ ਗਾਹਲਾਂ ਕੱਢਦਾ ਏ। ... ਮੈਨੂੰ ਉਹਦੀ ਗੱਲ ਸਿਆਣੀ ਲੱਗੀ। ਮੇਰਾ ਇਕ ਦੋਸਤ ਦਿਲਜੀਤ ਸਿੰਘ ਸ਼ਾਇਰ ਦੇ ਘਰ ਦੇ ਨੇੜੇ ਰਹਿੰਦਾ ਸੀ। ਉਹਨੇ ਵੀ ਮੈਨੂੰ ਨੂਰਪੁਰੀ ਦੇ ਨਿੱਤ ਦੇ ਕੁੱਤਖਾਨੇ ਦੀਆਂ ਗੱਲਾਂ ਦੱਸੀਆਂ। ਦਿਲਜੀਤ ਸਿੰਘ ਦੀ ਗੱਲ ਉਦੋਂ ਸੱਚ ਨਿੱਕਲੀ ਜਦ ਨੂਰਪਰੀ ਨੇ ਸ਼ਰਾਬ ਨਾ ਮਿਲਣ 'ਤੇ ਆਪਣੇ ਟੱਬਰ ਦੇ ਸਿਰ ਚੜ੍ਹ ਕੇ ਆਪਣੇ ਘਰ ਦੇ ਨੇੜੇ ਦੇ ਖੂਹ 'ਚ ਛਾਲ ਮਾਰ ਕੇ ਆਤਮ-ਹੱਤਿਆ ਕਰ ਲਈ ਸੀ।

ਇਕ ਗੱਲ ਨੂਰਪੁਰੀ ਦੀ ਵੀ ਠੀਕ ਸੀ ਕਿ ਸਾਰੇ ਸ਼ਹਿਰ 'ਚ ਲੋਕ ਫਿਲਮਾਂ 'ਚ ਆਏ ਉਹਦੇ ਲਿਖੇ ਗੀਤ ਗਾਉਂਦੇ : "ਪੈਰ ਧੋ ਕੇ ਝਾਂਜਰਾਂ ਪਾਉਂਦੀ, ਉ ਸ਼ੌਂਕਣ ਮੇਲੇ ਦੀ।" ਤੇ ਉਹਦੀ ਕਿਤਾਬ ਛਾਪਣ ਵਾਲਾ ਪ੍ਰਕਾਸ਼ਕ ਉਹਨੂੰ ਮਾਮੂਲੀ ਰਾਇਲਟੀ ਦੇਂਦਾ ਸੀ।


ਗੁਰਦਾਸ ਰਾਮ ਆਲਮ

**ਗੁਰਦਾਸ ਰਾਮ ਆਲਮ** : ਇਹ ਕਵੀ ਦਲਿਤ ਸਮਾਜ 'ਚ ਬੜਾ ਮਸ਼ਹੂਰ ਸੀ। ਦੁਆਬੇ ਦੇ ਇਲਾਕੇ 'ਚ 29 ਪ੍ਰਤੀਸ਼ਤ ਦਲਿਤ ਵਸਦੇ ਨੇ। ਆਲਮ ਨੂੰ ਦਾਦ ਦੇਣ ਲਈ, ਉਹ ਕਾਫੀ ਸਨ। ਆਲਮ ਜੀ ਸਮਾਜੀ ਦੇ ਨਾਲ ਸਿਆਸੀ ਰੰਗ ਦੀਆਂ ਕਵਿਤਾਵਾਂ ਸੁਣਾਇਆ ਕਰਦੇ ਸਨ। ਮੈਨੂੰ ਉਹਨਾਂ ਦੇ ਨਾਂ ਦਾ ਪਤਾ ਸਭ ਤੋਂ ਪਹਿਲਾਂ ਓਸ ਸਕੂਲ ਦੇ ਬੱਚੇ ਤੋਂ ਹੋਇਆ, ਜੀਹਨੇ ਸਕੂਲ ਵਿਚ ਉਹਦੀ ਨਜ਼ਮ ਸੁਨਾਓਣ ਵੇਲ਼ੇ ਕਵੀ ਦਾ ਨਾਂ ਗੁਰਦਾਸ ਰਾਮ ਆਲਮ ਦੱਸਿਆ ਸੀ।


ਜਗਤਾਰ

**ਜਗਤਾਰ** : ਇਹ ਕਵੀ ਕਦੇ-ਕਦੇ ਰਾਜਗੋਮਾਲ ਜਾਂ ਕਿਸੇ ਹੋਰ ਪਿੰਡੋਂ ਆਇਆ ਕਰਦਾ ਸੀ, ਜਿਥੇ ਉਹ ਕਿਸੇ ਪ੍ਰਾਇਮਰੀ ਸਕੂਲ 'ਚ ਪੜ੍ਹਾਉਂਦਾ ਸੀ। ਉਹ ਜਿਥੇ ਵੀ ਜਾਂਦਾ ਸੀ, ਇਹਦੇ ਨਾਲ਼ ਹਮੇਸ਼ਾ ਕੋਈ ਨਾ ਕੋਈ 'ਬਸਤਾ ਬਰਦਾਰ' (ਕਾਗ਼ਜ਼-ਪੱਤਰ ਚੁੱਕ ਕੇ ਨਾਲ਼ ਤੁਰਨ ਵਾਲਾ) ਹੁੰਦਾ ਸੀ। ਮੇਰੇ ਨੋਟਿਸ 'ਚ ਬਹੁਤਾ ਰਣਧੀਰ ਸਿੰਘ ਚੰਦ ਆਇਆ। ਉਹ ਵੀ ਗ਼ਜ਼ਲਾਂ ਤੇ ਕਵਿਤਾਵਾਂ ਲਿਖਦਾ ਸੀ। ਗ਼ਜ਼ਲ ਦੇ ਕਵੀ ਉਨ੍ਹਾਂ ਦੇ ਨੇੜੇ ਢੁੱਕਦੇ ਸਨ। ਜਗਤਾਰ ਤੇ ਚੰਦ ਨੇ ਰਲ਼ ਕੇ '**ਸੁਰਤਾਲ**' ਨਾਂ ਦਾ ਪਰਚਾ ਵੀ ਕੱਢਿਆ ਸੀ। ਇਹ ਦੂਜਿਆਂ ਦੀਆਂ ਗ਼ਜ਼ਲਾਂ ਦੀਆਂ ਗ਼ਲਤੀਆਂ ਤੇ ਚੋਰੀਆਂ ਫੜਦੇ ਰਹਿੰਦੇ ਸੀ। ਜਦ ਆਪਸ ਵਿਚ ਲੜ ਪਏ, ਤਾਂ ਇਕ ਦੂਜੇ 'ਤੇ ਉਰਦੂ ਦੇ ਸ਼ਿਅਰਾਂ ਦੀ ਚੋਰੀ ਦਾ ਇਲਜ਼ਾਮ ਲਾਉਣ ਲੱਗ ਪਏ ਸਨ। ਚੰਦ ਨੇ ਜਗਤਾਰ ਦੀ ਚੋਰੀ ਬਾਰੇ ਇਕ ਲੇਖ ਵੀ ਲਿਖਿਆ ਸੀ। ਜੀਹਦੇ ਵਿਚ ਇਕ ਪਾਸੇ ਉਰਦੂ ਦਾ ਸ਼ਿਅਰ ਤੇ ਦੂਜੇ ਪਾਸੇ ਜਗਤਾਰ ਦੀ ਗ਼ਜ਼ਲ ਦਾ ਚੋਰੀ ਕੀਤਾ ਸ਼ਿਅਰ ਛਾਪਿਆ ਗਿਆ ਸੀ। ਜਦ ਕਦੇ ਜਗਤਾਰ ਕੱਲਾ ਆਉਂਦਾ, ਤਾਂ ਅਕਸਰ ਉਦਾਸ ਹੁੰਦਾ ਸੀ। ਉਹ "ਬਿਮਾਰ" ਵੀ ਰਹਿੰਦਾ ਸੀ।

**ਰਣਧੀਰ ਸਿੰਘ ਚੰਦ** : ਜਗਤਾਰ ਨੂੰ ਆਪਣੇ ਦੁਆਲ਼ੇ ਸ਼ਾਇਰ ਬਹਾ ਕੇ ਰੱਖਣ ਤੇ ਨਾਲ ਲੈ ਕੇ ਤੁਰਨ ਦਾ ਸ਼ੌਕ ਸੀ। ਉਹ ਦੋਵੇਂ ਕਵੀ ਜਿੰਨਾ ਚਿਰ ਇਕੱਠੇ ਰਹੇ, ਕਿਸੇ ਨਾ ਕਿਸੇ ਦੇ ਖਿਲਾਫ਼ ਸ਼ਬਦਾਂ ਦੀ ਲੜਾਈ ਲੜਦੇ ਰਹੇ ਜਾਂ ਲੜਣ ਦੀ ਤਿਆਰੀ ਕਰ ਰਹੇ ਹੁੰਦੇ। ਫੇਰ ਵੱਖ ਹੋ ਕੇ ਆਪੋ ਵਿਚ ਲੜਣ ਲੱਗ ਪਏ ਸਨ। ...ਉਹਨਾਂ ਵਿਚੋਂ ਚੰਦ ਦੀ ਮੌਤ ਈ ਭਿਆਨਕ ਹੋਈ ਸੀ। ਉਹਨੂੰ ਕੈਂਸਰ ਹੋ ਗਿਆ ਸੀ। ਫੇਰ ਉਹ ਮੈਨੂੰ ਤਿੰਨ ਵਾਰ ਮਿਲਿਆ। ਉਹਨੂੰ ਮਿਲ ਕੇ ਤੇ ਉਹਦੀ ਬਿਮਾਰੀ ਦੀਆਂ ਗੱਲਾਂ ਸੁਣ ਕੇ ਵੀ ਦੁੱਖ ਹੁੰਦਾ ਸੀ। ਪਰ ਉਹਦੀਆਂ ਸ਼ਿਅਰ ਚੋਰੀ ਕਰਨ ਦੀਆਂ ਗੱਲਾਂ ਕਰਨੀਆਂ ਅਸੀਂ ਛੱਡ ਦਿੱਤੀਆਂ ਸਨ। ਮੈਨੂੰ ਉਹ ਆਖਰੀ ਵਾਰ ਰੇਡਿਓ ਸਟੇਸ਼ਨ 'ਤੇ ਮਿਲਿਆ ਸੀ। ਉਹਨੇ ਮੇਰੇ ਨੇੜੇ ਹੋ ਕੇ ਮੂੰਹ ਅੱਧਾ ਜਿਹਾ ਕਰ ਕੇ ਕਿਹਾ ਸੀ, "ਪ੍ਰੇਮ , ਤੈਨੂੰ ਪਤੈ, ਮੈਂ ਹੁਣ ਮਰ ਜਾਣੈ।"

ਮੈਂ ਸੁੰਨ ਹੋ ਗਿਆ ਸੀ। ਪਰ ਉਹਨੂੰ ਕਹਿ ਕੁਝ ਨਾ ਸਕਿਆ। ਉਹਨੇ ਮੇਰੇ ਖਿਲਾਫ਼ ਵੀ ਗਲਤ ਮਲਤ ਲਿਖਿਆ ਸੀ।


ਰਮੇਸ਼ ਕੁੰਤਲ ਮੇਘ

**ਰਮੇਸ਼ ਕੁੰਤਲ ਮੇਘ** : ਕੌਫ਼ੀ ਹਾਊਸ 'ਚ ਅਕਸਰ ਬਹਿਣ ਵਾਲ਼ਾ ਹਿੰਦੀ ਦਾ ਇਹ ਗੈਰਪੰਜਾਬੀ ਮਾਰਕਸਵਾਦੀ ਪ੍ਰੋਫ਼ੈਸਰ ਪੰਜਾਬੀ ਲੇਖਕਾਂ 'ਚ ਵੱਧ ਬੈਠਦਾ ਸੀ। ਉਹ ਹਰੇਕ ਨਾਲ਼ ਪਿਆਰ ਨਾਲ਼ ਗੱਲ ਕਰਦਾ ਸੀ, ਪਰ ਮਾਰਕਸਵਾਦ ਦੇ ਮਾਮਲੇ 'ਚ ਅੜ ਜਾਂਦਾ ਸੀ। ਨਕਸਲੀ ਲਹਿਰ ਵੇਲੇ ਜਦ ਪਕੜ ਧਕੜ ਆਮ ਹੋ ਗਈ ਸੀ, ਤਾਂ ਇਹਨੂੰ ਵੀ ਐੱਸ. ਐੱਸ. ਪੀ. ਦੇ ਦਫ਼ਤਰ 'ਚ ਬੁਲਾ ਲਿਆ ਗਿਆ ਸੀ। ਦੋ ਘੰਟੇ ਥਾਣੇ 'ਚ ਬਿਠਾਈ ਰੱਖਣ ਨਾਲ ਈ ਉਹ ਬਹੁਤ ਡਰ ਗਿਆ ਸੀ। ਜਦ ਉਹ ਕਈ ਦਿਨ ਕੌਫ਼ੀ ਹਾਊਸ ਨਾ ਆਇਆ, ਤਾਂ ਮੈਂ ਉਹਦੇ ਘਰ ਮਿਲਣ ਗਿਆ। ਮੇਘ ਵਾਰ-ਵਾਰ ਇਹੋ ਆਖੀ ਗਿਆ ਸੀ, "ਪ੍ਰੇਮ ਭਾਈ, ਮੇਰੇ ਛੋਟੀ-ਛੋਟੀ ਬੇਟੀਆਂ ਹੈਂ।"

ਮੈਂ ਦਿਲਾਸਾ ਦੇਂਦਿਆਂ ਕਿਹਾ ਸੀ ਕਿ ਮੇਰੇ ਵੀ ਦੋ ਬੇਟੀਆਂ ਨੇ, ਮੈਂ ਕਿਉਂ ਨਹੀਂ ਡਰਦਾ? ਫੇਰ ਕੁਝ ਦਿਨਾਂ ਬਾਅਦ ਉਹ ਕੌਫ਼ੀ ਹਾਊਸ ਆਇਆ ਤਾਂ ਉਹਨੇ ਸਾਨੂੰ ਕਈਆਂ ਨੂੰ ਬੜੇ ਦੁੱਖ ਤੇ ਰੋਹ ਨਾਲ਼ ਦੱਸਿਆ ਕਿ ਹੁਣ ਜਦੋਂ ਇਹਨੂੰ ਐੱਸ. ਐੱਸ. ਪੀ . ਨੇ ਬੁਲਾਇਆ ਤਾਂ ਅੰਦਰਲਾ ਪਰਦਾ ਹਟਣ 'ਤੇ ਮੈਂ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਮੇਜ਼ ਦੁਆਲੇ ਕੁਰਸੀ 'ਤੇ ਕਰਾਂਤੀਕਾਰੀ ਕਵੀ ਪਾਸ਼ ਬੈਠਾ ਸੀ। ਉਹ



ਕਿਸੇ ਪੁਲਸ ਅਫ਼ਸਰ ਨਾਲ਼ ਬੈਠਾ ਗੱਲਾਂ ਕਰਦਾ ਚਾਹ ਪੀ ਰਿਹਾ ਸੀ। ... "ਹਾਂ, ਹਾਂ ਮੈਨੇ ਅਪਨੀ ਆਂਖੋਂ ਸੇ ਦੇਖਾ ਉਸੇ ! ਭਾਈ, ਮੈਂ ਤੋ ਹੈਰਾਨ ਰਹਿ ਗਿਆ।" ਇਹ ਮੇਘ ਦੀ ਨਜ਼ਰ ਦਾ ਧੋਖਾ ਨਹੀਂ ਸੀ। ਉਦੋਂ ਮੈਂ ਵੀ ਉਹਨੂੰ ਕਿਹਾ ਸੀ, "ਤੁਸੀਂ ਤਾਂ ਵੱਡੇ ਕਰਾਂਤੀਕਾਰੀ ਸੀ। ਹੁਣ ਕਿੱਥੇ ਗਈ ਬਗ਼ਾਵਤ?"

ਫੇਰ ਮੇਘ ਡਰਦਾ ਨੌਕਰੀ ਛੱਡ ਕੇ ਛੇਤੀ ਜਲੰਧਰੋਂ ਚੰਡੀਗੜ੍ਹ ਚਲਿਆ ਗਿਆ ਸੀ। ਜਿਥੇ ਉਹਦੀ ਯਾਦ-ਸ਼ਕਤੀ ਤੇਜ਼ੀ ਨਾਲ ਗਵਾਚਣ ਲੱਗ ਪਈ ਸੀ। ਤਿੰਨ ਕੁ ਮਹੀਨਿਆਂ ਬਾਅਦ ਇਕ ਵਾਰ ਮੈਂ ਫੋਨ ਕੀਤਾ ਤੇ ਦੱਸਿਆ ਕਿ ਮੈਂ 'ਖੰਨਵੀ' ਬੋਲਦਾ ਹਾਂ, ਤਾਂ ਉਹਨੇ ਕਿਹਾ, " ਕੌਨ ਹੋ ਭਾਈ?" -"ਮੈਂ ਗੁੱਸੇ ਨਾਲ ਕਿਹਾ, "ਹੁਣ ਮੈਂ 'ਕੌਣ' ਹੋ ਗਿਆ? ਤੈਨੂੰ ਮੇਰੀ ਆਵਾਜ਼ ਨਹੀਂ ਸੁਣਦੀ?" ਉਹਨੇ ਫੋਨ ਬੰਦ ਕਰ ਦਿੱਤਾ। ਮੈਨੂੰ ਇਕ ਚੰਡੀਗੜ੍ਹੀਏ ਦੋਸਤ ਨੇ ਦੱਸਿਆ ਕਿ ਮੇਘ ਦੀ ਯਾਦਦਾਸ਼ਤ ਗਵਾਚ ਗਈ ਏ।


ਕੁਲਵੰਤ ਸਿੰਘ ਵਿਰਕ

**ਕੁਲਵੰਤ ਸਿੰਘ ਵਿਰਕ** : ਕੁਲਵੰਤ ਸਿੰਘ ਵਿਰਕ ਸਾਬਕਾ ਫ਼ੌਜੀ ਸੀ ਤੇ ਜਲੰਧਰ 'ਚ ਕੇਂਦਰੀ ਸਰਕਾਰ ਦੇ ਲੋਕ-ਸੰਪਰਕ ਦਫ਼ਤਰ 'ਚ ਅਫ਼ਸਰ **ਸੀ।** ਵਿਰਕ ਕੌਫ਼ੀ ਹਾਊਸ 'ਚ ਘੱਟ ਈ ਆਉਂਦਾ ਸੀ। ਲੇਖਕਾਂ ਨੂੰ ਮਿਲਦਾ ਵੀ ਨਹੀਂ ਸੀ। ਆਮ ਤੌਰ 'ਤੇ ਉਹ ਮੈਨੂੰ ਕਦੇ ਆਪਣੇ ਘਰ ਤੇ ਕਦੇ ਆਪਣੇ ਦਫ਼ਤਰ ਈ ਬੁਲਾ ਲਿਆ ਕਰਦਾ ਸੀ। ਉਹ ਸਿਰਫ ਮੇਰੇ ਨਾਲ ਈ ਸ਼ਾਮ ਗੁਜ਼ਾਰਦਾ ਸੀ। ਅਸੀਂ 'ਗ੍ਰੀਨ ਬੀਅਰ ਬਾਰ' 'ਚ ਬੀਅਰ ਪੀਣ ਜਾ ਬਹਿੰਦੇ ਸੀ। ਜਿਥੇ ਅਸੀਂ ਸਾਹਿਤ ਦੀਆਂ ਘੱਟ ਤੇ ਆਪਣੇ ਤੇ ਹੋਰਾਂ ਦੇ ਕਾਮੁਕ ਵਿਹਾਰ ਦੀਆਂ ਨੰਗੀਆਂ ਗੱਲਾਂ ਕਰਦੇ ਹੁੰਦੇ ਸੀ। ਵਿਰਕ ਕੌਫ਼ੀ ਹਾਊਸ ਦੇ ਮਾਹੌਲ ਨੂੰ ਤਾਂ ਪਸੰਦ ਕਰਦਾ ਸੀ, ਪਰ ਓਥੇ ਬੈਠੇ 'ਖੱਚਾਂ' ਤੋਂ ਬਚਦਾ ਸੀ। ਕੌਫ਼ੀ ਹਾਊਸ ਆਉਂਦਾ ਤਾਂ ਸਾਹਿਤ ਬਾਰੇ ਗੱਲਾਂ ਘੱਟ, ਬਹੁਤੀਆਂ ਸਾਹਿਤਕਾਰਾਂ ਦੀਆਂ ਕਰਦਾ ਤੇ ਲਤੀਫ਼ੇ ਸੁਣਦਾ ਉੱਚੀ ਦੇਣੀ ਹੱਸਦਾ ਸੀ। ਉਹ ਹਿੰਦੀ ਦੇ ਕਹਾਣੀਕਾਰ ਮੋਹਨ ਰਾਕੇਸ਼, ਮੀਸ਼ਾ, ਮੇਰੇ ਤੇ ਪਿਆਰਾ ਸਿੰਘ ਭੋਗਲ ਨਾਲ਼ ਵੀ ਬੈਹਿੰਦਾ ਸੀ। ਮੇਰੀ ਮੇਜ਼ 'ਤੇ ਨਹੀਂ ਸੀ ਬਹਿੰਦਾ, ਮੈਨੂੰ ਅਪਣੀ ਮੇਜ਼ 'ਤੇ ਸੱਦ ਲੈਂਦਾ ਸੀ। ਮੇਰੀ ਮੇਜ਼ 'ਤੇ ਹੋਰ ਬਥੇਰੀ 'ਖੱਚ' ਦੀ ਭੀੜ ਬੈਠੀ ਹੁੰਦੀ ਸੀ। ਉਹਨੂੰ ਏਸ ਗੱਲ 'ਚ ਵਧ ਦਿਲਚਸਪੀ ਹੁੰਦੀ ਸੀ ਕਿ ਕਿਸੇ ਦੇ ਨਾਲ਼ ਜਿਹੜੀ ਜ਼ਨਾਨੀ ਬੈਠੀ ਏ, ਉਹ ਕੌਣ ਏ? ਕਦੇ ਉਹਨੇ ਮੇਰੇ ਨਾਲ਼ ਬੈਠੀ ਕੋਈ ਪ੍ਰੋਫੈਸਰਨੀ ਵੇਖ ਲਈ, ਉਹਦੇ ਬਾਰੇ ਈ ਕਈ ਦਿਨ ਪੁੱਛਦਾ ਰਿਹਾ।

ਅਸਲ 'ਚ ਉਹਨੂੰ ਮੇਰੇ ਨਾਲ ਗੱਲਾਂ ਕਰਨ ਦਾ ਚਸਕਾ ਸੀ। ਗੱਲਾਂ ਦਾ ਚਸਕਾ ਮੈਨੂੰ ਵੀ ਉਹਦੇ ਕੋਲ ਖਿੱਚ ਕੇ ਲੈ ਜਾਂਦਾ ਸੀ। ਅਸੀਂ ਅਕਸਰ ਜ਼ਨਾਨੀਆਂ ਦੀਆਂ ਗੱਲਾਂ ਕਰਦੇ ਰਹਿੰਦੇ ਸੀ। ਮੈਂ ਉਹਨੂੰ ਛੇੜਦਾ ਹੁੰਦਾ ਸੀ ਕਿ ਤੇਰਾ ਦੋਸਤ ਪਿਆਰਾ ਸਿੰਘ ਭੋਗਲ ਵੀ, ਜੀਹਦੀਆਂ ਗੱਲਾਂ ਤੋਂ ਕੜਾਹ ਦਾ ਮੁਸ਼ਕ ਆਉਂਦਾ ਏ। ਉਹ ਮੈਨੂੰ ਕਹਿੰਦਾ ਹੁੰਦਾ ਸੀ ਕਿ ਤੂੰ ਸੰਤੋਖ ਸਿੰਘ ਧੀਰ ਦੇ ਗਰੁੱਪ ਦਾ ਕਹਾਣੀਕਾਰ ਏਂ। ਇਹਦੇ ਜਵਾਬ 'ਚ ਮੈਂ ਵਿਰਕ ਦੀਆਂ ਕਹਾਣੀਆਂ ਦਾ ਮਜ਼ਾਕ ਉਡਾਉਂਦਾ ਸੀ। ਉਹਦੀ ਪੁਸਤਕ 'ਗੋਲ੍ਹਾਂ' ਨੂੰ 'ਵਿੱਠਾਂ' ਕਹਿੰਦਾ ਹੁੰਦਾ ਸੀ।

ਵਿਰਕ ਜੱਟਾਂ ਦੇ ਇਕ ਖਾਸ ਟੋਲੇ ਦਾ ਜੱਟ ਸੀ, ਜਿਹੜੇ ਚੋਰੀਆਂ ਕਰਦੇ ਸਨ , ਜਾਂ ਖੇਤੀ ਕਰਦੇ ਸਨ। ਪਰ ਉਹਨੇ ਖੇਤੀ ਨਹੀਂ ਸੀ ਕੀਤੀ, ਸਿਰਫ ਡੰਗਰ ਚਾਰੇ ਸਨ। ਮੈਂ ਕਈ ਸਾਲ ਖੇਤੀ ਕਰ ਕੇ ਆਇਆ ਸੀ। ਵਿਰਕ ਨੇ ਜਦ ਕਿਤੇ ਖੇਤੀ ਕਰਦੇ ਪਾਤਰ ਨੂੰ ਚਿਤਰਨਾ ਹੁੰਦਾ ਤਾਂ ਉਹ ਮੈਥੋਂ ਪੁੱਛਦਾ ਹੁੰਦਾ ਸੀ। ਜਿਵੇਂ ਕਣਕ ਕਿਵੇਂ ਬੀਜੀਦੀ ਏ? ਤਿਲਾਂ ਦੇ ਲਾਂਗਰ ਕਿਹੋ ਜਿਏ ਹੁੰਦੇ ਨੇ? ਉਹ ਲੁਧਿਆਣਾ ਯੂਨੀਵਰਸਿਟੀ 'ਚੋਂ ਰਿਟਾਇਰ ਹੋ ਕੇ ਵੀ ਜਲੰਧਰ ਰਹਿੰਦਾ ਰਿਹਾ ਸੀ। ਜਦ ਲੁਧਿਆਣੇ ਰਹਿੰਦਾ ਸੀ ਤਾਂ ਮੇਰੇ ਨਾਲ ਗੱਲਾਂ ਕਰਨ ਲਈ ਜਲੰਧਰ ਆ ਜਾਂਦਾ ਸੀ ਜਾਂ ਮੈਨੂੰ ਲੁਧਿਆਣੇ ਬੁਲਾ ਲੈਂਦਾ ਸੀ।

ਉਮਰ ਦੇ ਅਖੀਰਲੇ ਹਿੱਸੇ 'ਚ ਉਹ ਸਖਤ ਬੀਮਾਰ ਹੋ ਗਿਆ ਸੀ। ਉਹਨੇ ਮੈਨੂੰ ਮਿਲਣ ਲਈ ਬੁਲਾਇਆ ਸੀ। ਪਰ ਉਹਦੇ ਕੋਲੋਂ ਨਾ ਬੋਲ ਹੁੰਦਾ ਸੀ ਤੇ ਨਾ ਈ ਮੰਜੇ 'ਤੇ ਬਹਿ ਹੁੰਦਾ ਸੀ। ਉਹ ਘੰਟਾ ਭਰ ਲੇਟਿਆ ਮੇਰਾ ਹੱਥ ਫੜ ਕੇ ਚੁੱਪ ਕਰਕੇ ਮੈਨੂੰ ਦੇਖਦਾ ਰਿਹਾ ਸੀ। ਅੰਤ 'ਚ ਉਹਦੀ ਪਤਨੀ ਨੇ ਮੈਨੂੰ ਚਾਹ ਪਿਆਓਣ ਲਈ ਛੁਡਾਇਆ ਸੀ। ਫੇਰ ਉਹਦਾ ਮੁੰਡਾ ਉਹਨੂੰ ਵਲੈਤ ਲੈ ਗਿਆ ਸੀ। ਜਿਥੋਂ ਉਹਦੇ ਮਰਨ ਦੀ ਢਾਈ ਸਤਰੀ ਖ਼ਬਰ ਆਈ ਸੀ ਤੇ ਅਖ਼ਬਾਰਾਂ 'ਚ ਵੀ ਉਵੇ ਈਂ ਢਾਈ ਸਤਰੀ ਛਪੀ ਸੀ। ਮੈਂ ਵਿਰਕ ਬਾਰੇ ਬੜੇ ਲੰਮੇ ਲੇਖ ਲਿਖੇ ਨੇ। ਹੁਣ ਮੈਂ ਅੱਕ ਗਿਆ ਹਾਂ।

ਵਿਰਕ ਦੀਆਂ ਦੋ ਤਿੰਨ ਗੱਲਾਂ ਬਹੁਤ ਦਿਲਚਸਪ ਤੇ ਉਹਦੀ ਸ਼ਖ਼ਸੀਅਤ ਨੂੰ ਸਮਝਣ ਵਾਲੀਆਂ ਨੇ। ਇਕ ਤਾਂ ਵਿਰਕ ਨੂੰ ਜਦ ਕਦੇ ਰੇਡਿਓ ਜਾਂ ਦੂਰਦਰਸ਼ਨ 'ਤੇ ਬੋਲਣ ਲਈ ਬੁਲਾਇਆ ਜਾਂਦਾ ਤਾਂ ਉਹ ਕਹਿੰਦਾ ਹੁੰਦਾ ਸੀ, "ਨਾਲ ਪ੍ਰੇਮ ਨੂੰ ਬਲਾ ਲਓ।" ਅਸਲ ਗੱਲ ਇਹ ਸੀ ਕਿ ਉਹ ਮੇਰੇ ਬਿਨਾਂ ਕਿਸੇ ਸਟੇਜ 'ਤੇ ਬੋਲ ਈ ਨਹੀਂ ਸੀ ਸਕਦਾ। ਓਹ ਅਜਿਹੇ ਹਾਲਤ 'ਚ ਬੋਲ ਸਕਦਾ ਸੀ, ਜਿਥੇ ਮੈਂ ਉਹਦੇ ਨਾਲ ਗੱਲਾਂ ਕਰ ਰਿਹਾ ਹੋਵਾਂ।

ਦੂਰਦਰਸ਼ਨ ਦੀ ਸਟੇਜ 'ਤੇ ਵਿਰਕ ਦੇ ਨਾਲ ਉਹਦੀ ਪਤਨੀ ਸੀ। ਉਹ ਦੋਵੇਂ ਗੱਲਾਂ ਨਹੀਂ ਸਨ ਕਰ ਸਕਦੇ, ਲੜ ਸਕਦੇ ਸਨ। ਵਿਰਕ ਨੇ ਰਿਕਾਰਡਿੰਗ ਰੋਕ ਕੇ ਮੈਨੂੰ ਬੁਲਾਓਣ ਲਈ ਕਿਹਾ। ਮੈਂ ਗਿਆ ਤਾਂ ਗੱਲਾਂ ਆਮ ਤੋਂ ਖਾਸ ਹੋ ਗਈਆਂ।

ਇਕ ਵਾਰ ਮੈਨੂੰ ਵਿਰਕ ਦਾ ਆਪਣਾ ਫੋਨ ਆਇਆ ਕਿ ਆ ਜਾ, ਰੀਕਾਰਡਿੰਗ ਕਰਨੀ ਏ।"

ਮੈਂ ਗਿਆ ਤਾਂ ਵਿਰਕ ਡਰਿਆ ਬੈਠਾ ਸੀ। ਮੈਨੂੰ ਕਹਿੰਦਾ, "ਆ ਆਪਾ ਸ਼ਰਲਾ ਮਾਰ ਆਈਏ।"

ਅਸੀਂ ਬਾਥਰੂਮ 'ਚ ਗਏ। ਸ਼ਰਲਾ ਮਾਰ ਕੇ ਜੇਬਾਂ ਵਿਚੋਂ ਖਾਸ ਕਿਸਮ ਦੀਆਂ ਗੋਲੀਆਂ ਕੱਢੀਆਂ ਤੇ ਇਕ ਇਕ ਛਕ ਕੇ ਹੱਸਦੇ ਰੀਕਾਰਡਿੰਗ ਵਾਲੀ ਥਾਂ 'ਤੇ ਆ ਗਏ। ਸ਼ੁਰੂ ਹੁੰਦੇ ਸਾਰ ਮੈਂ ਵਿਰਕ ਦੀ ਕਹਾਣੀ ਕਲਾ ਦੀ ਤਾਰੀਫ ਕੀਤੀ ਤੇ ਪੁੱਛ ਲਿਆ, "ਕੀ ਹੁਣ ਵੀ ਕਹਾਣੀ ਲਿਖ ਹੋ ਜਾਂਦੀ ਏ?"

ਉਹਦਾ ਜਵਾਬ ਸੀ ਕਿ ਇਹ ਕੰਮ ਖਾਣ ਪੀਣ ਵਰਗਾ ਨਹੀਂ। ਇਹ ਤਾਂ ਆਪ ਈ ਕਦੇ ਉੱਤਰ ਆਉਂਦੀ ਏ। ਨਾ ਉੱਤਰੇ ਤਾਂ ਵਰ੍ਹਾ ਨਾ ਆਵੇ, ਲਿਖ ਹੋਵੇ ਤਾਂ ਸੱਤਾਂ ਦਿਨਾਂ 'ਚ ਸੱਤ ਆ ਜਾਣ।"

ਮੇਰੇ ਸਵਾਲ ਜਾਰੀ ਸਨ ਕਿ ਪ੍ਰੋਡਿਊਸਰ ਨੇ ਆਪਣੀ ਉਂਗਲ ਗੋਲਾਈ 'ਚ ਘੁਮਾ ਦਿੱਤੀ ਤੇ ਮੈਂ ਸਭ ਦਾ ਧੰਨਵਾਦ ਕਰ ਕੇ ਪ੍ਰੋਗਰਾਮ ਮੁਕਾ ਦਿੱਤਾ। ਜਿਸ 'ਤੇ ਸਭ ਤੋਂ ਵੱਧ ਖੁਸ਼ ਵਿਰਕ ਸੀ।

ਕੁਝ ਚਿਰ ਬਾਅਦ ਵਿਰਕ ਗੁਜ਼ਰ ਗਿਆ। ਦੂਰਦਰਸ਼ਨ ਵੱਲੋਂ ਜਸਵੰਤ ਦੀਦ ਨੇ ਵਿਰਕ ਬਾਰੇ ਪ੍ਰੋਗਰਾਮ ਉਲੀਕ ਲਿਆ। ਅਸੀਂ ਸਲਾਹ ਕਰ ਕੇ ਵਿਰਕ ਦੇ ਸਕੂਲ ਦੇ ਯਾਰ ਕੁੰਦਨ ਸਿੰਘ ਨੂੰ ਬੁਲਾ ਲਿਆ। ਰੀਕਾਰਡਿੰਗ ਹੋਣ ਤੋਂ ਪਹਿਲਾਂ ਮੈਂ ਕੁੰਦਨ ਭਾਅ ਜੀ ਤੋਂ ਵਿਰਕ ਬਾਰੇ ਕੁਝ ਖਾਸ ਗੱਲਾਂ ਪੁੱਛੀਆਂ। ਉਹਨੇ ਹੱਸ ਕੇ ਕਿਹਾ, "ਮੈਂ ਤੁਹਾਡੇ ਬਾਰੇ ਵੀ ਸਭ ਕੁਝ ਜਾਣਦਾ ਹਾਂ। ... ਵਿਰਕ ਦੀਆਂ ਖਾਸ ਗੱਲਾਂ ਇਹ ਕਿ ਅਸੀਂ ਬਾਗਾਂ ਤੇ ਬੰਦ ਘਰਾਂ ਵਿਚੋਂ ਚੋਰੀਆਂ ਕਰਿਆ ਕਰਦੇ ਸਾਂ।"

ਮੈਂ ਕੁੰਦਨ ਭਾਅ ਜੀ ਨੂੰ ਦੱਸਿਆ ਕਿ ਮੈਂ ਪੁੱਛਾਂਗਾ, "ਵਿਰਕ ਸਾਹਬ ਨਾਲ ਬੀਤੀਆਂ ਤੁਹਾਡੀਆਂ ਬਚਪਨ ਦੀਆਂ ਗੱਲਾਂ? ਤੁਸੀਂ ਦੱਸਣਾ ਏ, ਜੋ ਕੁਝ ਤੁਸੀਂ ਕਰਦੇ ਸੀ।

ਜਦ ਰੀਕਾਰਡਿੰਗ ਵੇਲੇ ਮੈਂ ਪਹਿਲਾ ਸਵਾਲ ਪੁੱਛਿਆ ਤਾਂ ਕੁੰਦਨ ਭਾਅ ਜੀ ਨੇ ਦੱਸਣਾ ਸ਼ੁਰੂ ਕਰ ਦਿੱਤਾ ਕਿ ਉਹ ਕਿਵੇਂ ਬਾਗਾਂ ਤੇ ਬੰਦ ਘਰਾਂ ਦੇ ਰੋਸ਼ਨਦਾਨਾਂ ਵਿਚੀਂ ਚੋਰੀਆਂ ਕਰਦੇ ਸੀ। ਓਹ ਹਾਲੇ ਦੱਸ ਈ ਰਿਹਾ ਸੀ ਕਿ ਦੀਦ ਨੇ ਰੀਕਾਰਡਿੰਗ ਰੋਕ ਲਈ। ਮੈਂ ਕੁੰਦਨ ਭਾਅ ਜੀ ਨੂੰ ਦੱਸਿਆ ਕਿ ਤੁਸੀਂ ਵਿਰਕ ਸਾਹਿਬ ਦੀਆਂ ਖੂਬੀਆਂ ਈ ਦੱਸਣੀਆਂ ਨੇ। ਪਰ ਕੁੰਦਨ ਨੇ ਫੇਰ ਉਸ ਵੱਲੋਂ ਕੁੜੀਆਂ ਨੂੰ ਛੇੜਨ ਦੀਆਂ ਗੱਲਾਂ ਦੱਸ ਦਿੱਤੀਆਂ। ... ਕੰਮ ਠੱਪ ਕਰਾ ਕੇ ਦੀਦ ਕਹਿੰਦਾ, "ਮੈਂ ਕੱਢ ਲਵਾਂਗਾ ਪਰੋਗਰਾਮ ਜੋਗਾ ਮੈਟੀਰੀਅਲ।"



ਅੰਤ 'ਚ ਮੈਂ ਪ੍ਰੋਗਰਾਮ ਨੂੰ ਵਧਾਓਣ ਲਈ ਵਿਰਕ ਦੇ ਗਿਆਨ ਤੇ ਉਹਨੂੰ ਕਹਾਣੀ 'ਚ ਵਰਤਣ ਦੀਆਂ ਜੁਗਤਾਂ ਦੀਆਂ ਕੁਝ ਗੱਲਾਂ ਕੀਤੀਆਂ। ... ਅੰਤ 'ਚ ਵਿਰਕ ਬੋਲਣ ਜੋਗਾ ਵੀ ਨਹੀਂ ਰਿਹਾ ਸੀ।

**ਧਨਰਾਜ** : ਇਹ ਕੌਫ਼ੀ ਹਾਊਸ ਦਾ 'ਭੂਤ ਪਾਤਰ' ਸੀ। ਮਾਝੇ ਦੇ ਸਰਹੱਦੀ ਇਲਾਕੇ ਤੋਂ ਆਇਆ ਸੀ। ਉਹਨੂੰ ਫ਼ਿਲਾਸਫ਼ਰ ਬਨਣ ਦਾ ਸ਼ੁਦਾਅ ਹੋ ਗਿਆ ਸੀ। ਦੋ ਪੱਛਮੀ ਚਿੰਤਕਾਂ ਵਿਚੋਂ ਕਿਸੇ ਦਾ ਨਾਂ ਲੈਂਦਾ ਉਹ ਅਜੀਬ ਗੱਲਾਂ ਕਰਦਾ ਹੁੰਦਾ ਸੀ। ਉਹਨੂੰ ਸ਼ਾਇਦ ਮੀਸ਼ਾ ਲੈ ਕੇ ਆਇਆ ਸੀ। ਗੱਲਾਂ ਕਰਨ ਲਈ ਉਹਨੂੰ ਨਸ਼ੇ 'ਚ ਆਏ ਕਪਿਲ ਮਲਹੋਤਰੇ ਦੀ ਸੰਗਤ ਚੰਗੀ ਲੱਗਦੀ ਹੁੰਦੀ ਸੀ। ਥੋੜ੍ਹੇ ਈ ਚਿਰ ਬਾਅਦ ਉਹਨੇ ਕੌਫ਼ੀ ਹਾਊਸ ਦੇ ਸਾਹਮਣੇ ਕੰਪਨੀ ਬਾਗ਼ ਦੇ ਇਕ ਦਰਖ਼ਤ ਨਾਲ਼ ਫਾਹਾ ਲੈ ਲਿਆ ਸੀ। ਸਵੇਰੇ ਉਹਦੀ ਲਾਸ਼ ਓਸ ਦਰਖ਼ਤ 'ਤੇ ਲਟਕਦੀ ਦੇਖੀ ਗਈ ਸੀ। ਫੇਰ ਜਿੰਨਾ ਚਿਰ ਕੌਫ਼ੀ ਹਾਊਸ ਰਿਹਾ, ਅਸੀਂ ਉਹਦੀ ਗੱਲ ਇਵੇਂ ਕਰਦੇ ਸੀ : "ਧਨਰਾਜ ਨੇ ਕਾਫ਼ਕਾ ਪੜ੍ਹ ਲਿਆ ਸੀ। ਉਹਨੇ ਓਸ ਦਰਖ਼ਤ ਨਾਲ਼ ਫਾਹਾ ਲਿਆ ਸੀ। ਤੈਨੂੰ ਵੀ ਇਹੀ ਕੁਝ ਕਰਨਾ ਪਊ। ਤੈਨੂੰ ਕਿਹੜਾ ਦਰਖਤ ਚੰਗਾ ਲੱਗਦੈ?"

**ਮਹਿਰਮਯਾਰ** : ਨਵੇਂ ਲਿਖਣ ਵਾਲਿਆਂ ਦਾ ਸਾਡਾ ਛੋਟਾ ਜਿਹਾ ਗਰੁੱਪ ਸੀ, ਜੀਹਦੇ ਵਿਚ ਕਾਮਰੇਡ ਸੁਰਜਨ ਜ਼ੀਰਵੀ, ਮਹਿਰਮਯਾਰ ਤੇ ਜਸਵੰਤ ਸਿੰਘ ਵਿਰਦੀ ਸ਼ਾਮਲ ਸਨ। ਜਦ ਕੌਫ਼ੀ ਹਾਊਸ ਦੀਆਂ ਸਰਗਰਮੀਆਂ ਭਖਣ ਲੱਗ ਪਈਆਂ ਤਾਂ ਵਿਰਦੀ ਰੋਟੀ ਦੇ ਚੱਕਰ 'ਚ ਪਹਿਲਾਂ ਦਿੱਲੀ ਤੇ ਫੇਰ ਚੰਡੀਗੜ੍ਹ ਚਲਿਆ ਗਿਆ ਸੀ। ਜਦ ਸਾਡੇ ਵਿਚੋਂ ਕੋਈ ਦੋ ਹੁੰਦੇ ਤੇ ਤੀਜਾ ਗੈਰਹਾਜ਼ਰ ਹੁੰਦਾ ਤਾਂ ਅਸੀਂ ਓਸ ਤੀਜੇ ਦੀਆਂ ਚੁਗਲੀਆਂ ਰੱਜ ਕੇ ਕਰਦੇ ਹੁੰਦੇ ਸੀ। ਜਿਵੇਂ ਮਹਿਰਮਯਾਰ ਆਪਣੀ ਜਾਤ ਬਾਰੇ ਨਹੀਂ ਸੀ ਦੱਸਦਾ ਹੁੰਦਾ। ਇਕ ਦਿਨ ਵਿਰਦੀ ਨੇ ਮੈਨੂੰ ਮਿਲਦਿਆਂ ਈ ਦੱਸਿਆ, "ਓਹ ਐਸ. ਸੀ. ਐ। ਇਹ ਗੱਲ ਇਹਨੇ ਬੀ. ਐਡ. ਵਿਚ ਦਾਖਲ ਹੋਣ ਵਾਲੇ ਫ਼ਾਰਮ 'ਤੇ ਲਿਖੀ ਸੀ।" ਵਿਰਦੀ ਆਪਣੀ ਜ਼ਾਤ ਨਹੀਂ ਸੀ ਲੁਕਾਉਂਦਾ। ਮਹਿਰਮਯਾਰ ਦੀ ਜਾਤ ਸੁਣ ਕੇ ਵੀ ਮੈਂ ਕਈ ਵਾਰ ਉਹਨਾਂ ਦੀ ਬੈਠਕ 'ਚ ਬੈਠਾ ਰੋਟੀ ਖਾ ਲੈਂਦਾ ਸੀ ਤੇ ਉਥੇ ਈ ਸੌਂ ਜਾਂਦਾ ਹੁੰਦਾ ਸੀ। ਉਹਦਾ ਵੱਡਾ ਭਾਈ ਬਲਰਾਜ ਤੇ ਭਰਜਾਈ ਬੜੇ ਚੰਗੇ ਸਨ। ਬੀ. ਐਡ ਕਰ ਕੇ ਮਹਿਰਮਯਾਰ ਨੂੰ ਆਪਣੀ ਜਾਤ ਦੀ ਕੁੜੀ ਨੈਰੋਬੀ 'ਚ ਰਹਿੰਦੀ ਮਿਲ ਗਈ ਸੀ। ਉਹ ਉਹਦੇ ਨਾਲ ਵਿਆਹ ਕਰਾ ਕੇ ਛੇਤੀ ਕੀਨੀਆ ਚਲਿਆ ਗਿਆ ਸੀ।

ਅਫਸੋਸ ਦੀ ਗੱਲ ਤਾਂ ਇਹ ਸੀ ਕਿ ਉਹ ਸਿਆਣਾ ਬੰਦਾ ਹੋ ਕੇ ਵੀ ਦਸਾਂ ਸਾਲਾਂ 'ਚ ਇਕ ਵੀ ਚੰਗੀ ਕਹਾਣੀ ਨਹੀਂ ਸੀ ਲਿਖ ਸਕਿਆ। ਉਹ ਦੋ ਵਾਰ ਦੇਸ ਆਇਆ। ਦੋਵੇਂ ਵਾਰ ਮੈਨੂੰ ਮਿਲਿਆ, ਪਰ ਲੇਖਕ ਵਜੋਂ ਨਹੀਂ, ਵਲੈਤੋਂ ਆਏ ਬੰਦੇ ਵਾਂਗ। ਤੀਜੀ ਵਾਰ ਉਹਦੇ ਮਰਨ ਦੀ ਖ਼ਬਰ ਆ ਗਈ ਸੀ।...

ਉਹਦੇ ਦੋਸਤ ਸੁਰਜਨ ਜ਼ੀਰਵੀ ਦਾ ਵੀ ਇਹੋ ਹਾਲ ਹੋਇਆ। ਜ਼ੀਰਵੀ ਕਵਿਤਾ ਤੇ ਕਹਾਣੀ ਤੋਂ ਭਗੌੜਾ ਹੋ ਕੇ ਪਹਿਲਾਂ ਅਖ਼ਬਾਰੀ ਸਾਹਿਤਕ ਟਿੱਪਣੀਕਾਰ ਤੇ ਫੇਰ ਨਿਰਾ ਪੱਤਰਕਾਰ ਬਣ ਗਿਆ ਸੀ। ਉਹ 'ਜੁਮਲੇਬਾਜ਼ੀ ਤੇ ਲਤੀਫ਼ੇਬਾਜ਼ੀ' ਸੁਹਣੀ ਕਰ ਲੈਂਦਾ ਸੀ। ਫੇਰ ਪੰਜਾਬ ਸਰਕਾਰ ਨੇ ਉਹਨੂੰ ਹੋਰ ਮਾਰਕਸੀ ਪੱਤਰਕਾਰਾਂ ਦੇ ਨਾਲ ਕਿਸੇ ਹੋਰ ਦੇਸ 'ਚ ਭੇਜ ਦਿੱਤਾ ਸੀ। ਜਿਥੋਂ ਕੋਈ ਵੀ ਮੁੜ ਕੇ ਨਹੀਂ ਆਇਆ।



ਦਲਜੀਤ ਸਿੰਘ

**ਦਲਜੀਤ ਸਿੰਘ** : ਜਦ ਮੈਂ ਦਲਜੀਤ ਸਿੰਘ ਦੀ ਗੱਲ ਕਰਦਾ ਹਾਂ ਤੇ ਦੂਜਾ ਪੁੱਛਦਾ ਏ ਕਿ ਦਲਜੀਤ ਕੌਣ? ਮੈਂ ਕਹਿੰਦਾ ਹਾਂ, "ਦੁੱਕੀ ਤਿੱਕੀ ਪੰਜੀ ਵਾਲਾ।"... ਇਹ ਉਹਦੀਆਂ ਕਹਾਣੀਆਂ ਦਾ ਸੰਗ੍ਰਹਿ ਸੀ। ਜਿਸ ਤੋਂ ਬਾਅਦ ਉਹਨੇ ਕਹਾਣੀਆਂ ਤਾਂ ਲਿਖੀਆਂ, ਪਰ ਛਪਵਾਈਆਂ ਨਹੀਂ। ਉਹ ਆਪਣੇ ਘਰੇਲੂ ਹਾਲਾਤ 'ਚ ਏਨਾ ਉਲਝ ਗਿਆ ਸੀ ਕਿ ਆਲੋਚਨਾ ਹੀ ਲਿਖਦਾ ਰਿਹਾ। ਉਹ ਵੀ ਨਾ ਛਪਵਾਈ। ਇਕ ਪੁਸਤਕ ਲੇਖਾਂ ਦੀ ਉਦੋਂ ਛਪਵਾਈ ਸੀ, ਜਦ ਉਹਨੇ ਪ੍ਰੋਫ਼ੈਸਰ ਲੱਗਣ ਲਈ

ਇੰਟਰਵਿਊ 'ਤੇ ਜਾਣਾ ਸੀ।

ਜਲੰਧਰ 'ਚ ਜਦ ਵਿਰਦੀ ਤੇ ਮਹਿਰਮ ਯਾਰ ਮੈਥੋਂ ਪਰੇ ਹੋਏ ਤਾਂ ਮੈਨੂੰ ਬਹੁਤ ਵਧੀਆ ਦੋਸਤ ਦੇ ਰੂਪ 'ਚ ਦਲਜੀਤ ਸਿੰਘ ਮਿਲ ਗਿਆ ਸੀ। ਉਹ ਕੌਫੀ ਹਾਊਸ 'ਚ ਤਾਂ ਘੱਟ ਵੱਧ ਆਉਂਦਾ, ਪਰ ਉਹਦੇ ਹੇਠਾਂ ਬਣੇ ਐਵਰੈਸਟ ਰੈਸਟੋਰੈਂਟ 'ਚ ਆਪਣੇ ਦੋਸਤ ਕੁਲਦੀਪ ਸਿੰਘ ਨਾਲ ਬੈਠਦਾ ਸੀ। ਕਦੇ-ਕਦੇ ਕੇ.ਪੀ. ਦੇ ਨੀਵੀਂ ਛੱਤ ਵਾਲੇ ਦੁਛੱਤੇ 'ਤੇ ਬੈਠਾ ਵੀ ਮਿਲ ਜਾਂਦਾ ਸੀ। ਉਹ ਸ਼ਹਿਰ ਦੇ ਪ੍ਰਾਇਮਰੀ ਸਕੂਲ 'ਚ ਪੜ੍ਹਾਉਂਦਾ ਸੀ ਤੇ ਕਹਾਣੀਆਂ ਲਿਖਦਾ ਸੀ। ਮੈਂ ਉਹਦੀਆਂ ਦੋ ਕਹਾਣੀਆਂ ਪੜ੍ਹੀਆਂ ਸਨ। ਉਹਨੀਂ ਦਿਨੀਂ ਮੈਂ ਬਿਕਰਮ ਪੁਰੇ ਰਹਿੰਦਾ ਸੀ। ਦਲਜੀਤ ਛੁੱਟੀ ਕਰ ਕੇ ਸਿੱਧਾ ਮੇਰੇ ਘਰ ਆ ਜਾਂਦਾ। ਮੈਂ ਨਾ ਆਇਆ ਹੁੰਦਾ ਤਾਂ ਮੇਰੀ ਦੋ ਢਾਈ ਸਾਲ ਦੀ ਬੇਟੀ ਸੁਰਭੀ ਨਾਲ ਖੇਡਦਾ ਰਹਿੰਦਾ। ਅਸੀਂ ਘਰੋਂ ਹੁਸ਼ਿਆਰ ਪੁਰ ਚੌਂਕ ਵਾਲੇ 'ਖੇੜਾ ਰੈਸਟੋਰੈਂਟ' 'ਚ ਜਾ ਬਹਿੰਦੇ। ਸਾਹਿਤ 'ਤੇ ਬਹਿਸਾਂ ਕਰਦੇ। ਨਿਜੀ ਗੱਲਾਂ ਦੇ ਢੇਰ ਲਾ ਦੇਂਦੇ। ਰਾਤ ਦੇ ਦਸ ਵਜੇ ਘਰਾਂ ਨੂੰ ਜਾਂਦੇ ਹੁੰਦੇ ਸੀ।

ਦਲਜੀਤ ਬਹੁਤ ਜ਼ਹੀਨ ਤੇ ਵਿਦਵਾਨ ਪਰ ਜ਼ਿੱਦੀ ਬੰਦਾ ਸੀ। ਉਹਦੀ ਸਿਹਤ ਮਾੜੀ ਸੀ। ਉਹਨਾਂ ਦਾ ਟੱਬਰ ਸ੍ਰੀ ਨਗਰ (ਕਸ਼ਮੀਰ) ਤੋਂ ਉੱਜੜ ਕੇ ਆਇਆ ਸੀ। ਖਾਂਦੇ ਪੀਂਦੇ ਘਰ ਦੀ ਹਾਲਤ ਮਾੜੀ ਹੋ ਗਈ ਸੀ। ਸਾਰੇ ਜੀਅ ਖਿਝੇ ਰਹਿੰਦੇ ਸੀ। ਦਲਜੀਤ ਕਾਹਲਾ ਪਿਆ ਰਹਿੰਦਾ ਸੀ। ਪਰ ਕਹਾਣੀ ਬੜੀ ਠਰ੍ਹੰਮੇ ਵਾਲੀ ਲਿਖਦਾ ਸੀ।...'ਪ੍ਰੀਤਲੜੀ' 'ਚ ਉਹਦੀ ਕਹਾਣੀ ਛਪੀ। ਮੈਨੂੰ ਬਹੁਤ ਈ ਚੰਗੀ ਲੱਗੀ। ਉਹ ਸ਼ਾਮ ਨੂੰ ਮੇਰੇ ਘਰ ਆਇਆ ਤਾਂ ਮੈਂ ਕਹਾਣੀ ਪੜ੍ਹ ਕੇ ਹਟਿਆ ਈ ਸੀ। ਉਹ ਨੀਝ ਨਾਲ ਮੈਨੂੰ ਦੇਖਦਾ ਪੁੱਛਣ ਲੱਗਾ,"ਕਿਹੋ ਜਿਹੀ ਲੱਗੀ?" ਮੈਂ ਪਰਚਾ ਵਗਾਹ ਕੇ ਮਾਰਦਿਆਂ ਕਿਹਾ, "ਫਜ਼ੂਲ ਏ।" ...ਉਹ ਘਬਰਾ ਈ ਗਿਆ। ਫੇਰ ਮੈਂ ਤਾਰੀਫਾਂ ਦੇ ਪੁਲ਼ ਬੰਨ੍ਹ ਦਿੱਤੇ।

**ਵਰਿਆਮ ਸਿੰਘ ਸੰਧੂ :** ਜਦ ਮੈਂ 1970 'ਚ 'ਲਕੀਰ' ਕੱਢਿਆ ਤਾਂ ਵਰਿਆਮ ਸਿੰਘ ਸੰਧੂ ਮੈਨੂੰ ਛਾਪਣ ਵਾਸਤੇ ਆਪਣੇ ਪਿੰਡ ਤੋਂ ਕਰਾਂਤੀਕਾਰੀ ਕਵਿਤਾਵਾਂ ਤੇ ਕਹਾਣੀਆਂ ਭੇਜਦਾ ਹੁੰਦਾ ਸੀ। ਹਰੇਕ ਕਹਾਣੀ ਦੇ ਨਾਲ ਇਕ ਫੋਟੋ ਭੇਜਦਾ ਹੁੰਦਾ ਸੀ। ਮੈਂ ਉਹਦੀ ਇਕ ਕਹਾਣੀ ਛਾਪੀ ਸੀ। ਫੇਰ ਕਿੰਨੇ ਈ ਵਰ੍ਹਿਆਂ ਬਾਅਦ ਜਦ ਕਹਾਣੀਕਾਰ ਵਜੋਂ ਉਹਦੀ ਮਾਣਤਾ ਹੋ ਗਈ ਤਾਂ ਇਕ ਵਾਰ ਜਲੰਧਰ ਦੇ ਅੱਡੇ ਕੋਲ ਮਿਲਿਆ ਸੀ। ਉਹਨੇ ਮੇਰੇ ਗੋਡੀਂ ਹੱਥ ਲਾਇਆ। ਇਹ ਉਹਦਾ ਵੱਡਿਆਂ ਨੂੰ ਇੱਜ਼ਤ ਦੇਣ ਦਾ ਗੁਣ ਮੈਂ ਕਈ ਥਾਂਈਂ ਦੇਖਿਆ। ਪਰ ਮੈਂ ਡਰ ਗਿਆ ਸੀ। ਮੈਨੂੰ ਬਹੁਤ ਇੱਜ਼ਤ ਦੇਣ ਵਾਲੇ ਅਤੇ ਬਹੁਤ ਈ ਪਿਆਰ ਕਰਨ ਵਾਲੇ ਬੰਦਿਆਂ ਤੋਂ ਡਰ ਲੱਗਣ ਲੱਗ ਪੈਂਦਾ ਏ। ਸੋਚਦਾ ਹਾਂ ਕਿ ਇਹ ਉਪਭਾਵੁਕ ਬੰਦਾ ਇਵੇਂ ਮੇਰਾ ਵਿਰੋਧ ਕਰੇਗਾ।... ਸੋ ਉਹਨੇ ਕੀਤਾ ਵੀ।


ਵਰਿਆਮ ਸਿੰਘ ਸੰਧੂ

ਕਈ ਸਾਲਾਂ ਬਾਅਦ ਮੈਂ 'ਜਲੰਧਰ ਕਹਾਣੀ ਗੋਸ਼ਟੀ' ਵੱਲੋਂ ਇਕ ਸਾਲ ਦੀ ਸਭ ਤੋਂ ਵਧੀਆ ਕਹਾਣੀ ਦਾ ਮੁਕਾਬਲਾ ਕਰਾਇਆ। ਪ੍ਰਬੰਧਕ ਸਭ ਤੋਂ ਪਹਿਲੀ ਤੇ ਦੂਜੀ ਕਹਾਣੀ ਵਾਲੇ ਲੇਖਕ ਦਾ ਸਨਮਾਨ ਕਰਨਾ ਚਾਹੁੰਦੇ ਸੀ। ਸਭ ਤੋਂ ਵੱਧ ਵੋਟ ਮੇਰੀ ਕਹਾਣੀ ਦੇ ਹੱਕ 'ਚ ਆਏ। ਦੂਜੇ 'ਤੇ ਵਰਿਆਮ ਸੰਧੂ ਦੀ ਕਹਾਣੀ 'ਭੱਜੀਆਂ ਬਾਹੀਂ' ਸੀ ਤੇ ਤੀਜੇ 'ਤੇ ਰਘਬੀਰ ਢੰਡ ਦੀ 'ਸ਼ਾਨੇ ਪੰਜਾਬ'। ਅਸੀਂ ਉਹਨਾਂ ਦਾ ਸਨਮਾਨ ਕੀਤਾ।

ਪੰਜਾਬ 'ਚ ਜਦ ਅੱਤਵਾਦ ਬਹੁਤ ਵਧ ਗਿਆ ਤਾਂ ਵਰਿਆਮ ਆਪਣੇ ਪਿੰਡ ਸੁਰ ਸਿੰਘ ਨੂੰ ਛੱਡ ਕੇ ਜਲੰਧਰ ਆ ਦੇ ਖਾਲਸਾ ਕਾਲਜ 'ਚ ਪ੍ਰੋਫੈਸਰ ਲੱਗ ਗਿਆ ਸੀ। ਫੇਰ ਇਹ ਸਾਹਿਤ ਦੀ ਰਾਜਨੀਤੀ ਦਾ ਵੱਡਾ ਮਾਹਰ ਵੀ ਬਣ ਗਿਆ ਸੀ। ਧੜੇਬੰਦੀ ਪਿੰਡ ਦੀ ਤੇ ਜੱਟ ਸਿਆਸਤ ਦਾ ਹਿੱਸਾ ਹੁੰਦੀ ਏ। ਖੇਤੀ



ਕਰਨ ਵਾਲੇ ਧੜੇ ਬਿਨਾ ਜਿਉਂ ਨਹੀਂ ਸਕਦੇ। ਅੱਤਵਾਦ ਦੇ ਮਾਹੌਲ ਬਾਰੇ ਉਹਦੀਆਂ ਕਹਾਣੀਆਂ ਦੀ ਚਰਚਾ ਬੜੀ ਹੋਈ। ਇਹ ਵੀ ਕੁਝ ਸਿਆਸਤ ਦਾ ਹਿੱਸਾ ਵੀ ਸੀ। ਖਾਸ ਤੌਰ 'ਤੇ 'ਜ਼ਖ਼ਮੀ ਸਿੱਖ ਮਾਨਸਿਕਤਾ' ਵਾਲੇ ਪਾਤਰ ਚਿਤਰਣ ਵੇਲੇ। ਉਹ ਸਮਾਂ ਈ ਅਜਿਹਾ ਸੀ। ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਨੇ ਪੰਜਾਬੀਆਂ ਤੇ ਖਾਸ ਕਰ ਕੇ ਸਿੱਖਾਂ ਦੀ ਮਾਨਸਿਕਤਾ ਨੂੰ ਜ਼ਖ਼ਮੀ ਕਰ ਦਿੱਤਾ ਸੀ।

ਵਰਿਆਮ ਦੇ ਖਿਲਾਫ਼ ਜੁਗਾੜੀ ਹੋਣ ਦਾ ਦੂਸ਼ਣ ਬਹੁਤਾ ਲੱਗਿਆ। ਕਰਦਾ ਮੈਂ ਵੀ ਸੀ। 1999 ਦੇ ਗੇੜ 'ਚ ਵਰਿਆਮ ਨੂੰ ਬਹੁਤੀਆਂ ਈ ਸਫ਼ਾਈਆਂ ਦੇਣ ਦੀ ਲੋੜ ਪੈ ਗਈ ਸੀ। ਖਾਸ ਕਰ ਉਦੋਂ ਜਦੋਂ ਉਹਨੂੰ ਸਾਹਿਤ ਅਕਾਦਮੀ ਐਵਾਰਡ ਮਿਲਣ ਦੀ ਝਾਕ ਸੀ। ਐਵਾਰਡ ਮਿਲਣ ਬਾਅਦ ਉਹਦੇ 'ਚ ਬੜਾ ਠਰ੍ਹੰਮਾ ਆਇਆ। ਫੇਰ ਉਹ ਪ੍ਰਧਾਨਗੀਆਂ ਕਰਦਾ, ਸਨਮਾਨ ਲੈਂਦਾ ਰਿਹਾ। ਉਹ ਫੇਰ ਰੀਟਾਇਰ ਹੋ ਗਿਆ। ਸਿਹਤ ਖਰਾਬ ਹੋਣ ਦੇ ਬਹੁਤ ਸਾਰੇ ਕਾਰਨਾਂ ਵਿਚ ਇਕ ਇਹ ਵੀ ਏ ਕਿ ਉਹਨੇ ਉਪਭਾਵੁਕ ਹੋਣਾ ਨਹੀਂ ਛੱਡਿਆ। ... ਪਰ ਹੁਣ ਉਹਦੀ ਉਮਰ ਦੇ ਵਧਣ ਕਰਕੇ ਤੇ ਉਹਦੇ ਆਪਣੇ ਘਰ ਦੇ ਹਾਲਾਤ ਦੇ ਵਿਗੜਣ ਕਰ ਕੇ ਉਹ ਝੱਟ ਗੁੱਸੇ 'ਚ ਆ ਜਾਂਦਾ ਜਾਂ ਦੁਖਾਂ 'ਚ ਉਲਝ ਜਾਂਦਾ ਏ। ਪਿਛੇ ਜਿਹੇ ਉਹ ਬੇਹੱਦ ਦੁੱਖਾਂ ਦਾ ਇਜ਼ਹਾਰ ਕਰਦਾ ਰੋਂਦਾ ਵੀ ਰਿਹਾ ਤੇ ਆਪਣੇ ਰੋਣ ਦਾ ਪ੍ਰਚਾਰ ਵੀ ਕਰਦਾ ਰਿਹਾ ਏ।

**ਪਿਆਰਾ ਸਿੰਘ ਭੋਗਲ :** ਜਦ ਅਸੀਂ ਕਹਾਣੀਆਂ ਲਿਖ ਰਹੇ ਸੀ ਤਾਂ ਭੋਗਲ 'ਗਿਆਨੀ ਕਾਲਜ' 'ਚ ਗਿਆਨੀ ਦੇ ਵਿਦਿਆਰਥੀਆਂ ਨੂੰ ਪੜ੍ਹਾਉਂਦਾ ਹੁੰਦਾ ਸੀ। ਕਦੇ ਸਾਹਿਤਕਾਰਾਂ ਦੀ ਮੀਟਿੰਗ ਉਹਦੇ ਕਾਲਜ ਦੇ ਕਮਰੇ 'ਚ ਹੁੰਦੀ ਸੀ। ਉਹ ਬਹਿਸ 'ਚ ਹਿੱਸਾ ਲਿਆ ਕਰਦਾ ਸੀ। ਫੇਰ ਮੀਟਿੰਗਾਂ ਗਿਆਨੀ ਹੀਰਾ ਸਿੰਘ ਦਰਦ ਦੇ ਗਿਆਨੀ ਕਾਲਜ 'ਚ ਹੁੰਦੀਆਂ ਸਨ। ਫੇਰ ਜਦ ਜਲੰਧਰ 'ਚ ਕੌਫ਼ੀ ਹਾਊਸ ਖੁੱਲ੍ਹ ਗਿਆ ਤਾਂ ਅਸੀਂ ਉਥੇ ਬਹਿਣ ਲੱਗ ਗਏ ਸੀ। ਭੋਗਲ ਵੀ ਕਦੇ ਉਥੇ ਆਉਂਦਾ ਹੁੰਦਾ ਸੀ, ਪਰ ਅਸੀਂ ਉਹਨੂੰ ਆਪਣੇ ਨੇੜੇ ਨਹੀਂ ਬਹਿਣ ਦੇਂਦੇ ਸੀ। ਭੋਗਲ ਕਹਾਣੀਆਂ ਤੇ ਨਾਵਲ ਲਿਖਦਾ ਸੀ, ਪਰ ਚੋਰੀ-ਚੋਰੀ। ਸਾਡੇ ਵਿਚੋਂ ਕਿਸੇ ਨੇ ਵੀ ਉਹਦੀ ਰਚਨਾ ਪੜ੍ਹੀ ਨਹੀਂ ਸੀ। ਉਹ ਅਕਸਰ ਮੀਟਿੰਗਾਂ 'ਚ ਆਉਂਦਾ ਸੀ। ਬੰਦਾ ਸਿਆਣਾ ਸੀ, ਪਰ ਸਾਹਿਤਕਾਰ ਬਨਣ ਲਈ ਪ੍ਰਕਿਰਤੀ ਵੱਲੋਂ ਜਿਹੜਾਂ ਕੋਈ ਹੋਰ ਗੁਣ ਮਿਲਦਾ ਏ, ਉਹ ਉਹਦੇ ਕਰਮਾਂ 'ਚ ਨਹੀਂ।


ਪਿਆਰਾ ਸਿੰਘ ਭੋਗਲ

**ਸ਼ਿਵਦੇਵ ਸਿੰਘ ਸੰਧਾਵਾਲੀਆ :** ਇਹ ਬੰਦਾ ਫਰੀਡਮ ਫਾਈਟਰ ਸੀ। ਉਹਨੂੰ ਪੈਨਸ਼ਨ ਮਿਲਦੀ ਸੀ। ਅਸਲ 'ਚ ਉਹਨੇ ਆਜ਼ਾਦ ਹਿੰਦ ਫ਼ੌਜ 'ਚ ਸਰਵਿਸ ਕੀਤੀ ਸੀ। ਉਹ ਸਾਰੀਆਂ ਭੁੱਖਾਂ ਨੰਗਾਂ ਸਹੀਆਂ ਸਨ, ਜਿਹੜੀਆਂ ਆਜ਼ਾਦ ਹਿੰਦ ਫ਼ੌਜ ਦੇ ਸਿਪਾਹੀਆਂ ਨੂੰ ਕਿਸੇ ਬੇਆਬਾਦ ਤੇ ਨਿੱਕੇ ਜਿਹੇ ਜਜ਼ੀਰੇ 'ਚ ਸਹਿਣੀਆ ਪਈਆਂ ਸਨ।

ਏਸ ਤੋਂ ਵੱਧ ਦਿਲਚਸਪ ਉਹਦੇ ਬਚਪਨ ਦਾ ਜੀਵਨ ਸੀ। ਉਹ ਬੇਜ਼ਮੀਨੇ ਜੱਟ ਪਰਿਵਾਰ ਦਾ ਜੀਅ ਸੀ। ਕੁਝ ਅਣਜਾਣ ਕਾਰਣਾਂ ਕਰ ਕੇ ਹਾਲਾਤ ਇਹ ਹੋ ਗਏ ਕਿ ਸ਼ਿਵਦੇਵ ਸਿੰਘ ਨੂੰ ਕਿਸੇ ਮਹਾਜਨ ਦੇ ਘਰ ਮੁੰਡੂ ਦੀ ਨੌਕਰੀ ਮਿਲ ਗਈ। ਜਿਥੇ ਉਹ ਘਰ ਦੇ ਆਮ ਜਿਹੇ ਸਾਰੇ ਕੰਮ ਕਰਦਾ ਸੀ। ਜਿਵੇਂ ਬੱਚੇ ਖਿਡਾਉਣੇ, ਘਰ ਦੀ ਸਾਫ਼ ਸਫ਼ਾਈ ਕਰਨੀ, ਬਜ਼ਾਰ ਤੋਂ ਸੌਦਾ ਪੱਤਾ ਲਿਆ ਦੇਣਾ। ਘਰ ਦਾ ਕੋਈ ਵੀ ਅਜਿਹਾ ਕੰਮ, ਜਿਹੜੇ ਅਵਾਜ਼ ਮਾਰ ਕੇ ਕਰਾਇਆ ਜਾਂਦਾ ਏ। ਜਦ ਉਹ 14 ਸਾਲਾਂ ਦਾ ਹੋਇਆ ਤਾਂ ਅੰਗ੍ਰੇਜ਼ ਦੀ ਫ਼ੌਜ 'ਚ ਭਰਤੀ ਹੋ


ਸ਼ਿਵਦੇਵ ਸਿੰਘ ਸੰਧਾਵਾਲੀਆ


ਗਿਆ। ਜਿਥੇ ਉਹਨੂੰ ਅੰਗ੍ਰੇਜ਼ੀ, ਉਰਦੂ ਪੜ੍ਹਾਈ ਗਈ। ਪੜ੍ਹਦਾ ਸਿੱਖਦਾ ਉਹ ਜਵਾਨ ਹੋ ਕੇ ਪੂਰਾ ਰੰਗਰੂਟ ਬਣ ਗਿਆ। ਫੇਰ ਜੰਗਾਂ 'ਚ ਹਿੱਸਾ ਲੈਂਦਾ ਜਾਪਾਨੀ ਫ਼ੌਜ ਦਾ ਕੈਦੀ ਬਣ ਗਿਆ। ਫੇਰ ਉਹਨਾ ਦਾ ਯੂਨਿਟ ਲੜਦਾ ਲੜਾਉਂਦਾ ਕਿਸੇ ਟਾਪੂ 'ਤੇ ਕਈ ਮਹੀਨੇ ਰਿਹਾ। ਜਿਥੇ ਉਹ ਜੰਗਲੀ ਜਾਨਵਰਾਂ ਨੂੰ ਖਾ ਤੇ ਖੱਲਾਂ ਪਾ ਕੇ ਸਮਾਂ ਕੱਢਦੇ ਰਹੇ।

ਫੇਰ ਇਕ ਵਾਰ ਅਮਰੀਕਾ ਦੇ ਇਕ ਜਹਾਜ਼ ਨੇ ਉਹਨਾਂ ਵਾਲੇ ਟਾਪੂ 'ਤੇ ਲੰਗਰ ਲਾਹ ਲਏ। ਉਹ ਤੁਰਨ ਲੱਗੇ ਜੰਗੀ ਕੈਦੀਆਂ ਨੂੰ ਲੈ ਆਏ। ਹੌਲੀ ਹੌਲੀ ਉਹ ਹਿੰਦੋਸਤਾਨ ਦੇ ਕੰਢੇ ਆ ਲੱਗੇ। ਜਿਥੇ ਉਹ ਸੁਭਾਸ਼ ਚੰਦਰ ਬੋਸ ਦੀ ਫ਼ੌਜ ਨਾਲ ਰਲ਼ ਗਏ। ਏਨੇ 'ਚ ਹਿੰਦੋਸਤਾਨ ਆਜ਼ਾਦ ਹੋ ਗਿਆ। ਉਹ ਦਿੱਲੀ ਆਏ ਤਾਂ 'ਆਜ਼ਾਦ ਹਿੰਦ ਫ਼ੌਜ' ਦੇ ਬੰਦੇ ਹੋਣ ਕਰ ਕੇ ਫਰੀਡਮ ਫਾਈਟਰ ਬਣ ਗਏ ਤੇ ਪੈਨਸ਼ਨ ਲੱਗ ਗਈ।

ਸ਼ਿਵਦੇਵ ਸਿੰਘ ਸੰਘਾਂਵਾਲੀਆ ਉਰਦੂ , ਅੰਗੇਜ਼ੀ ਤੇ ਚਿਤਰਕਾਰੀ ਜਾਣਦਾ ਸੀ। ਉਹ 'ਲਕੀਰ' 'ਚ ਛਪਨ ਲਈ ਮੈਨੂੰ ਕਹਾਣੀ ਦੇਣ ਆਇਆ ਦੋਸਤੀ 'ਚ ਫਸ ਗਿਆ। ਉਹ ਸੁਲਤਾਨ ਪੁਰ ਲੋਧੀ ਤੋਂ ਹਰ ਹਫ਼ਤੇ ਮੇਰੇ ਮੇਰੇ ਕੋਲ ਆ ਜਾਂਦਾ ਸੀ। ਬਸ ਜਾਂ ਰੇਲ 'ਤੇ ਉਹਦਾ ਭਾੜਾ ਨਹੀਂ ਸੀ ਲੱਗਦਾ। ਮੈਂ ਉਹਦੀਆਂ ਦੋ ਤਿੰਨ ਕਹਾਣੀਆ ਛਾਪੀਆਂ ਸਨ। ਪਰ ਉਹਦੀਆਂ ਗੱਲਾਂ ਦਾ ਸਵਾਦ ਉਹਦੀਆਂ ਕਹਾਣੀਆਂ ਨਾਲੋਂ ਵੱਧ ਹੁੰਦਾ ਸੀ। ਉਹਨੇ ਆਪਣੀਆਂ ਕਹਾਣੀਆਂ ਦੀਆਂ ਦੋ ਕਿਤਾਬਾਂ ਵੀ ਛਪਵਾਈਆਂ। ਦੇਸ਼ ਭਗਤ ਹਾਲ 'ਚ ਹੋਣ ਵਾਲੀਆਂ ਮੀਟਿੰਗਾ 'ਚ ਵੀ ਉਹ ਜਾਂਦਾ ਹੁੰਦਾ ਸੀ। ਜਿਥੇ ਉਹ ਹਰ ਵਾਰ ਹਰਿਭਜਨ ਸਿੰਘ ਹੁੰਦਲ ਨਾਲ ਲੜ ਪੈਂਦਾ ਸੀ। ਲੜਾਈ ਉਹ ਸ਼ੁਰੂ ਕਰਨ ਲਈ ਹੁੰਦਲ ਦੇ ਕੋਲ ਨੂੰ ਹੋ ਕੇ ਸੜੇ ਲਹਿਜੇ 'ਚ 'ਚਵਲ' ਬੋਲ ਦੇਂਦਾ ਸੀ। ਫੇਰ ਉਹ ਆਪਣੀ ਜਨਾਨੀ ਨੂੰ ਬਚਾਉਂਦਾ ਹੋਇਆ ਆਪ ਵੀ ਗੁਜ਼ਰ ਗਿਆ ਸੀ।


ਅਮਰਜੀਤ ਸਿੰਘ

**ਅਮਰਜੀਤ ਸਿੰਘ ਗੋਰਕੀ** : ਅਮਰਜੀਤ ਸਿੰਘ ਗੋਰਕੀ ਈਵਨਿੰਗ ਕਾਲਜ 'ਚ ਪੜ੍ਹਾਉਂਦਾ ਹੁੰਦਾ ਸੀ। ਕਵਿਤਾ ਤੇ ਕਹਾਣੀ ਲਿਖ ਕੇ ਹਾਰ ਬੈਠਾ ਸੀ ਤੇ ਹੁਣ ਸਿਰਫ਼ ਆਲੋਚਨਾ ਕਰਦਾ ਸੀ। ਉਹਨੇ ਜ਼ਿੰਦਗੀ 'ਚ ਸ਼ਾਇਦ ਈ ਕਿਸੇ ਨੂੰ ਆਪਣੇ ਪੱਲਿਉਂ ਕੌਫ਼ੀ ਪਿਆਈ ਹੋਵੇ। ਉਹ ਆਮ ਤੌਰ 'ਤੇ ਐਤਵਾਰ ਨੂੰ ਕੌਫੀ ਹਾਊਸ ਆਉਂਦਾ ਸੀ। ਉਹਦੀ ਜੇਬ 'ਚ ਖੁੱਲ੍ਹੇ ਬੱਤੀ ਪੈਸੇ ਹੁੰਦੇ ਸਨ। ਜੇ ਕੋਈ ਹੋਰ ਬਿਲ ਦੇ ਦੇਂਦਾ ਤਾਂ ਵਾਹ ਭਲੀ , ਨਹੀਂ ਤਾਂ ਉਹ ਆਪਣੀ ਕੌਫ਼ੀ ਦੇ ਪਿਆਲੇ ਦੇ ਬੱਤੀ ਪੈਸੇ ਮੇਜ਼ 'ਤੇ ਰੱਖ ਕੇ ਤੁਰ ਜਾਂਦਾ ਸੀ। ਫੇਰ ਉਹ ਆਪਣੇ ਅਸਲੀ ਸ਼ਹਿਰ ਲੁਧਿਆਣੇ ਚਲਿਆ ਗਿਆ ਸੀ। ਉਥੇ ਰਹਿੰਦਿਆਂ ਉਹ 30 ਨਾਵਲ ਲਿਖ ਚੁੱਕਾ ਸੀ। ਪਰ ਉਹਨਾਂ ਨੂੰ ਪੜ੍ਹਣ ਵਾਲੇ ਤੀਹ ਪਾਠਕ ਵੀ ਨਹੀਂ ਸਨ। ਫੇਰ ਉਹ ਆਪਣੇ ਫ਼ੌਜੀ ਅਫਸਰ ਮੁੰਡੇ ਕੋਲ ਚਲਿਆ ਗਿਆ ਸੀ। ਜਿੱਥੇ ਉਹ ਹਰ ਸਾਲ ਇਕ ਨਾਵਲ ਲਿਖਣ ਲੱਗ ਪਿਆ ਸੀ। ਪਰ ਅਫਸੋਸ ਕਿ ਉਹਦਾ ਸਭ ਕੁਝ ਉਥੇ ਈ ਰਹਿ ਗਿਆ ਸੀ। ਉਹ ਆਪ ਬੀਮਾਰ ਹੋ ਕੇ ਏਸ ਦੁਨੀਆ ਤੋਂ ਚਲਿਆ ਗਿਆ ਸੀ।


ਰਵਿੰਦਰ ਰਵੀ

**ਰਵਿੰਦਰ ਰਵੀ** : ਰਵਿੰਦਰ ਰਵੀ ਕੌਫ਼ੀ ਹਾਊਸ 'ਚ ਅਕਸਰ ਆਉਂਦਾ ਸੀ। ਫੇਰ ਉਹ ਕੀਨੀਆ ਚਲਿਆ ਗਿਆ ਸੀ। ਜਿਥੇ ਰਹਿ ਕੇ ਉਹਨੇ ਦਸਾਂ ਲੇਖਕਾਂ ਜਿੰਨੀਆਂ ਕਿਤਾਬਾਂ ਲਿਖ ਕੇ ਛਪਵਾ ਲਈਆਂ ਸਨ। ਉਹਨੂੰ ਸਾਹਿਤਕਾਰਾਂ ਨੂੰ ਮਿਲਣਾ, ਫ਼ੋਟੋਆਂ ਖਿੱਚਣਾ ਤੇ ਗੱਲਾਂ ਕਰਨ ਦਾ ਜਨੂਨ ਸੀ। ਉਹ ਕਿਸੇ ਗਰੁੱਪ 'ਚ ਨਹੀਂ ਸੀ, ਪਰ ਸਾਰਿਆਂ ਨਾਲ਼ ਈ ਸੀ। ਪ੍ਰਯੋਗਵਾਦੀ ਕਵਿਤਾ ਲਿਖਦਾ ਸੀ। ਜਦ ਉਹ ਕੀਨੀਆ ਚਲਿਆ ਗਿਆ



ਤਾਂ ਮੈਨੂੰ ਨਹੀਂ ਸੀ ਲੱਗਦਾ ਕਿ ਉਹਦੀ ਰੂਹ ਚੈਨ ਨਾਲ਼ ਬੈਠੀ ਹੋਵੇਗੀ। ਉਹ ਜਦ ਵੀ ਦੇਸ ਆਉਂਦਾ, ਆਪਣਾ ਸਾਮਾਨ ਰੇਲਵੇ ਸਟੇਸ਼ਨ ਦੇ ਕਲੋਕ ਰੂਮ 'ਚ ਰਖਵਾ ਕੇ ਸਿੱਧਾ ਕੌਫ਼ੀ ਹਾਊਸ ਆ ਬਹਿੰਦਾ ਸੀ। ਫੇਰ ਚੱਲ ਸੋ ਚੱਲ... ਗੱਲਾਂ, ਕੌਫ਼ੀਆਂ; ਰਾਤ ਨੂੰ ਦਾਰੂ ਚੱਲਦੀ। ਮੈਂ ਉਹਦੀ ਪਾਰਟੀ 'ਚ ਸ਼ਾਮਲ ਨਹੀਂ ਸੀ ਹੁੰਦਾ। ਰਵੀ ਪੈਸੇ ਖ਼ਰਚਣ ਦੇ ਮਾਮਲੇ 'ਚ ਪਰਵਾਸੀਆਂ ਵਿਚ ਚੈਂਪੀਅਨ ਸੀ। ਉਹਨੇ ਕਿਤਾਬਾਂ ਵੀ ਸ਼ਾਨਦਾਰ ਤੇ ਵਜ਼ਨਦਾਰ ਛਪਵਾਈਆਂ ਸਨ। ਉਹ ਆਪਣੀ 'ਬ੍ਰਹਿਮੰਡੀ ਸੋਚ' ਦੀ ਚੇਤਨਾ ਵਾਲੇ ਸਾਹਿਤ ਦਾ ਪਹਾੜ ਖੜ੍ਹਾ ਕਰ ਕੇ ਰੱਬ ਕੋਲ ਚਲਿਆ ਗਿਆ ਸੀ। ਆਪਣੇ ਅੰਤਲੇ ਦਿਨਾਂ 'ਚ ਲੱਗਦਾ ਸੀ ਕਿ ਬੜੇ ਚਿਰ ਤੋਂ ਹੁਣ ਕੁਝ ਲਿਖ ਨਹੀਂ ਰਿਹਾ। ਉਹ ਆਪਣੀਆਂ ਕਿਤਾਬਾਂ ਦੇ ਪੂਰੇ ਸੈੱਟ ਅਨੇਕਾਂ ਵਾਰ ਛਪਵਾ ਚੁੱਕਾ ਏ। ਤੇ ਦੋਸਤਾਂ ਵਿਚ ਵੰਡ ਚੁੱਕਾ ਏ। ਬਹੁਤੇ ਲੇਖਕਾਂ ਨੇ ਤਾਂ ਲੈਣ ਤੋਂ ਜਵਾਬ ਵੀ ਦੇ ਦਿੱਤਾ ਸੀ।


ਅਜਾਇਬ ਕਮਲ

**ਅਜਾਇਬ ਕਮਲ** : ਰਵਿੰਦਰ ਰਵੀ ਦੀ ਪੱਕੀ ਸੰਗਤ ਅਜਾਇਬ ਕਮਲ ਨਾਲ਼ ਸੀ। ਉਹ ਬਹੁਤ ਘੱਟ ਬੋਲਣਾ ਤੇ ਪਿੱਛੇ ਬਹਿਣ ਵਾਲਾ ਬੰਦਾ ਸੀ। ਇਹ ਦੋਵੇਂ ਕਿਸੇ ਸਕੂਲ 'ਚ ਟੀਚਰ ਸਨ। ਅਜਾਇਬ ਕਮਲ ਚੁੱਪ ਰਹਿ ਕੇ ਐਬਸਰਡ ਕਵਿਤਾ ਲਿਖਦਾ ਸੀ। ਉਹਨਾਂ ਦਾ ਇਹ ਪਤਾ ਨਹੀਂ ਸੀ ਲੱਗਦਾ ਕਿ ਉਹ ਇਕ ਦੂਜੇ ਨੂੰ ਪਿਆਰ ਕਰਦੇ ਨੇ ਜਾਂ ਲੜਦੇ ਰਹਿੰਦੇ ਨੇ। ਉਮਰ ਦੇ ਪਹਿਲੇ ਹਿੱਸੇ 'ਚ ਉਹ ਵਲੈਤ ਚਲਿਆ ਗਿਆ ਸੀ ਤੇ ਆਖਰੀ ਹਿੱਸੇ 'ਚ ਦੇਸ ਆ ਕੇ ਵੱਸਣ ਲੱਗ ਪਿਆ ਸੀ। ਆਪਣੀ ਕਵਿਤਾ ਤੋਂ ਬਦਲਾ ਲੈਣ ਲਈ ਉਹਨੇ ਕਈ ਨਾਵਲ ਲਗਾਤਾਰ ਲਿਖੇ। ਪਰ ਕੋਈ ਗੱਲ ਨਾ ਬਣੀ। ਉਹਦਾ ਕੋਈ ਵੀ ਨਾਵਲ ਪੜ੍ਹਿਆ ਨਹੀਂ ਸੀ ਜਾਂਦਾ। ਅੰਤ 'ਚ ਉਹ ਵਿਚਾਰਾ ਬਿਮਾਰ ਹੋ ਕੇ ਮਰ ਗਿਆ।

**ਸੁਰਜੀਤ ਸਿੰਘ ਸੇਠੀ** : ਸੇਠੀ ਅੰਬਰਸਰੀ ਖਤਰੇਟਾ ਸੀ। ਉਹ ਉਨ੍ਹਾਂ ਦਿਨਾਂ 'ਚ ਪਹਿਲਾਂ ਕਿਸੇ ਹੋਰ ਸ਼ਹਿਰ ਤੋਂ ਆਉਂਦਾ ਹੁੰਦਾ ਸੀ। ਸ਼ਾਇਦ ਕਪੂਰਥਲਿਓਂ। ਫੇਰ ਆਲ ਇੰਡੀਆ ਰੇਡਿਓ ਜਲੰਧਰ 'ਚ ਪ੍ਰੋਡਿਊਸਰ ਲੱਗ ਗਿਆ, ਤਾਂ ਅਕਸਰ ਕੌਫ਼ੀ ਹਾਊਸ ਆਉਂਦਾ ਹੁੰਦਾ ਸੀ। ਉਹਦੀ ਸੰਗਤ ਕਿਸੇ ਨਾਲ਼ ਪੱਕੀ ਨਹੀਂ ਸੀ। ਕਦੇ ਕਿਸੇ ਨਾਲ਼ ਤੇ ਕਦੇ ਕਿਸੇ ਨਾਲ਼ ਬਹਿ ਕੇ ਚਾਰ ਫੜ੍ਹਾਂ ਮਾਰ ਜਾਂਦਾ ਸੀ। ਉਹ ਆਪਣੇ ਆਪ ਨੂੰ ਕਹਾਣੀ ਦੇ ਬਾਅਦ ਨਾਟਕ ਦਾ ਵੀ ਉਸਤਾਦ ਸਮਝਦਾ ਹੁੰਦਾ ਸੀ। ਸਾਨੂੰ ਅਖੌਤੀ ਮਾਰਕਸਵਾਦੀਆਂ ਨੂੰ ਉਹ ਫ਼ਰਾਡ ਲੱਗਦਾ ਸੀ। ਕਿਉਂਕਿ ਉਹਦੀ ਕਵਿਤਾ, ਉਹਦੀ ਕਹਾਣੀ ਤੇ ਉਹਦੇ ਨਾਟਕ ਐਬਸਰਡ ਹੁੰਦੇ ਸਨ। ਅਸਲ 'ਚ ਉਹ ਜਿਹੜੇ ਵਿਚਾਰ ਮਾਡਰਨ ਅੰਗ੍ਰੇਜ਼ੀ ਸਾਹਿਤਕਾਰਾਂ ਅਤੇ ਚਿੰਤਕਾਂ ਦੇ ਪੜ੍ਹਦਾ ਸੀ, ਉਨ੍ਹਾਂ ਨੂੰ ਆਪਣੇ ਪਾਤਰਾਂ 'ਤੇ ਲਾਗੂ ਕਰ ਲੈਂਦਾ ਸੀ। ਉਂਜ ਉਹ ਹਰਫ਼ਨ ਮੌਲ਼ਾ ਸੀ। ਸਾਹਿਤ ਦੀ ਹਰੇਕ ਵਿਧਾ ਦਾ ਅਖੌਤੀ ਉਸਤਾਦ ਸੀ। ਰੇਡਿਓ ਪ੍ਰੋਗਰਾਮਾਂ ਦਾ ਮਾਸਟਰ ਸੀ। ਉਹ ਬੰਬਈ ਦੀ ਫ਼ਿਲਮੀ ਦੁਨੀਆ 'ਚ ਵੀ ਧੱਕੇ ਖਾ ਆਇਆ ਸੀ। ਬਾਅਦ 'ਚ ਉਹਨੇ ਪੰਜਾਬੀ ਯੂਨੀਵਰਸਿਟੀ, ਪਟਿਆਲੇ 'ਚ ਪੜ੍ਹਾਇਆਂ ਵੀ ਸੀ ਤੇ ਫੇਰ ਪੰਜਾਬੀ ਫ਼ਿਲਮ 'ਮੁਗ਼ਲਾਨੀ ਬੇਗਮ' ਵੀ ਬਣਾਈ ਸੀ। ਜਿਸ ਦਾ ਲੇਖਕ, ਨਿਰਦੇਸ਼ਕ, ਨਿਰਮਾਤਾ ਤੇ ਮਿਊਜ਼ਿਕ ਡਾਇਰੈਕਟਰ ਉਹ ਸਭ ਕੁਝ ਆਪ ਈ ਸੀ। ਉਹਦੀ ਲੜਕੀ ਨਾਇਕਾ ਸੀ। ਜੀਹਨੇ ਬਾਅਦ 'ਚ ਜ਼ਿੱਦ ਕਰ ਕੇ ਨਾਟਕ ਦੇ ਨਾਇਕ ਨਾਲ਼ ਵਿਆਹ ਕਰਾ ਲਿਆ ਸੀ। ਤਦ ਇਹ ਐਬਸਰਡ ਰਾਈਟਰ ਅੱਧਮਰਿਆ ਹੋ ਗਿਆ ਸੀ। ਫੇਰ ਉਹ ਅਮਰੀਕਾ ਦਾ ਵੀਜ਼ਾ ਲੈਂਣ ਲਈ ਅੰਬੈਸੀ ਸਾਹਮਣੇ ਕਤਾਰ 'ਚ ਲੱਗਿਆ ਖੜ੍ਹਾ ਖਲੋਤਾ ਡਿੱਗ ਕੇ ਮਰ ਗਿਆ ਸੀ।

**ਸੁਰਿੰਦਰ ਮੋਹਨ** : ਸੁਰਿੰਦਰ ਮੋਹਨ, ਸੱਤਿਆ ਪਾਲ ਗੌਤਮ ਤੇ ਹੇਮੰਤ ਕਪਿਲ : ਇਹ ਹਿੰਦੀ ਲੇਖਕਾਂ ਦੀ ਜੁੰਡਲੀ ਕਦੇ ਕੌਫੀ ਹਾਊਸ 'ਚ ਬਹਿੰਦੀ ਸੀ ਤੇ ਕਦੇ ਕਿਸੇ ਰੈਸਟੋਰੈਂਟ ਵਿਚ। ਇਹ ਸਾਡੇ ਗਰੁੱਪ ਨਾਲੋਂ ਏਸ ਗੱਲੋਂ ਅੱਗੇ ਸਨ ਕਿ ਇਹ ਹਿੰਦੀ ਦੇ ਨੌਜਵਾਨ ਲੇਖਕ ਸਾਰੇ ਨਸ਼ੇ ਪੱਤੇ ਕਰਦੇ ਸਨ। ਸਾਡੇ ਨਾਲੋਂ ਦੋ ਪੈਰ

ਅੱਗੇ ਧਰਦੇ ਨਸ਼ਾ ਕਰ ਕੇ ਸੜਕਾਂ ਦੁਆਲੇ ਜਾਂ ਕਿਸੇ ਵੀਰਾਨ ਬਿਲਡਿੰਗ ਦੁਆਲੇ ਘੰਟਿਆਂ ਬੱਧੀ ਖੜ੍ਹੇ ਰਹਿੰਦੇ ਸਨ। ਉਹ ਕਪਿਲ ਮਲਹੋਤਰਾ ਬਣਨ ਲਈ ਗੋਲੀਆਂ ਤੇ ਮੂੰਹ 'ਚ ਰੱਖਣ ਵਾਲੇ ਜਰਦੇ ਦਾ ਨਸ਼ਾ ਕਰਨ ਲੱਗ ਪਏ ਸਨ। ਸੁਰਿੰਦਰ ਮੋਹਨ ਨੇ ਤਾਂ ਬੈਂਕ ਤੋਂ ਮਨ-ਚਾਹੀ ਗੀਟਾਇਰਮੈਂਟ ਲੈ ਕੇ ਦਿਨ-ਕਟੀ ਕਰਨ ਲਈ ਬਹੁਤੇ ਨਸ਼ੇ ਕਰਨੇ ਸ਼ੁਰੂ ਕਰ ਦਿੱਤੇ ਸਨ। ਉਹਦਾ ਬੁਢੇਪਾ ਕਈ ਗੱਲਾਂ ਤੋਂ ਚੰਗਾ ਵੀ ਸੀ ਤੇ ਕਈਆਂ ਤੋਂ ਮਾੜਾ ਵੀ। ਉਹ ਨਿੱਕੇ ਜਿਹੇ ਜਿਸਮ ਦਾ ਜ਼ਹੀਨ ਤੇ ਕਲਾ ਤੇ ਸਾਹਿਤ ਦਾ ਰਸੀਆ ਸੀ। ਨਿੱਤ ਨਵੀਆਂ ਕਿਤਾਬਾਂ ਪੜ੍ਹਦਾ ਤੇ ਦਾਰੂ ਪੀਂਦਾ ਤੇ ਗੋਲੀਆਂ ਖਾਂਦਾ ਸੀ। ਉਹਨੇ ਕਦੇ 'ਮਿਥਕ' ਨਾਂ ਦਾ ਪਰਚਾ ਵੀ ਕੱਢਿਆ ਸੀ। ... ਪਰ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਲੈ ਕੇ ਉਹ ਨਸ਼ਿਆਂ ਦੇ ਤਜਰਬੇ ਕਰਨ ਲੱਗ ਪਿਆ ਸੀ। ਉਹਦੇ ਜਵਾਬ 'ਚ ਉਹਦਾ ਇਕ ਜਵਾਨ ਮੁੰਡਾ ਵੀ ਨੌਕਰੀ ਛੱਡ ਕੇ ਨਸ਼ੇ ਕਰਨ ਲੱਗ ਪਿਆ ਸੀ। ਸ਼ਾਮ ਨੂੰ ਦੋਵੇਂ ਪੀਂਦੇ। ਮੁੰਡਾ ਹੇਠਾਂ ਉਹਨੂੰ ਚੰਗਾ ਮਾੜਾ ਬੋਲਣ ਲੱਗ ਪੈਂਦਾ ਤੇ ਬਾਪ ਕੋਠੇ 'ਤੇ ਚੜ੍ਹ ਕੇ ਗਾਲ੍ਹਾਂ ਕੱਢਦਾ। ਫੇਰ ਦੋਵੇਂ ਇਕ ਦੂਜੇ ਦੇ ਇੱਟਾਂ ਮਾਰ ਕੇ ਯੁੱਧ ਦਾ ਸਵਾਦ ਲੈਂਦੇ ਹੁੰਦੇ ਸਨ।

ਘਰ ਦੇ ਕਲੇਸ਼ ਤੋਂ ਡਰਦਾ ਸੁਰਿੰਦਰ ਅਕਸਰ ਮੇਰੇ ਘਰ ਸਵੇਰੇ ਈ ਜਾਂ ਸ਼ਾਮ ਨੂੰ ਆ ਜਾਂਦਾ ਸੀ। ਮੇਰੇ ਪੈਰੀਂ ਹੱਥ ਲਾ ਕੇ ਆਪਣੇ ਝੁੱਡੇ ਵਿਚੋਂ ਅਧੀਆ ਕੱਢਦਾ। ਇਕ ਗਲਾਸ 'ਚ ਪਾਣੀ ਪਾਉਂਦਾ। ਮਿਣ ਕੇ ਰਲਾਉਂਦਾ। ਮੈਨੂੰ ਇਕ ਵਾਰ ਫੇਰ ਪੈਰੀਂ ਪੈਣਾ ਕਹਿੰਦਾ ਤੇ ਗਲਾਸ ਖਾਲੀ ਕਰ ਦੇਂਦਾ। ਮੇਰੇ ਘਰੋਂ ਸਾਈਕਲ 'ਤੇ ਜਾਂਦਾ ਤਾਂ ਰਾਹ 'ਚ ਆਉਂਦੇ ਨਾਲੇ 'ਚ ਡਿੱਗ ਪੈਂਦਾ। ਉਥੇ ਬੈਠਾ ਬੈਠਾ ਸੌਂ ਜਾਂਦਾ। ਉਹਦੀ ਬੜੀ ਰੀਝ ਸੀ ਕਿ ਕਿਤੇ ਇਕ ਕਹਾਣੀ ਛਪੇ ਤੇ ਉਹਦੇ 'ਤੇ ਉਹਦਾ ਨਾਂ ਲਿਖਿਆ ਹੋਵੇ। ਇਹ ਉਡੀਕਦਾ ਈ ਉਹ ਨਸ਼ਾ ਕਰਦਾ ਮਰ ਗਿਆ ਸੀ। ... ਆਖਰੀ ਉਮਰ 'ਚ ਉਹਨੇ ਇਕ ਦਲਿਤ ਬੁੱਢੀ ਨਾਲ ਪੇਚਾ ਪਾ ਲਿਆ ਸੀ। ਜਦ ਦੋਵੇਂ 'ਕੱਠੇ ਹੁੰਦੇ ਤਾਂ ਸੁਰਗ ਦਾ ਝੂਟਾ ਲੈ ਕੇ ਉਹ ਮੈਨੂੰ ਦੱਸਣ ਆ ਜਾਂਦਾ ਸੀ। ਇਹਨੂੰ ਕਹਿੰਦੇ ਨੇ, ਇਸ਼ਕ ਨਾ ਮੰਨੇ ਜਾਤ ਕੁਜਾਤ। ਸੁਰਿੰਦਰ ਮੋਹਨ ਮੈਨੂੰ ਪਲ ਪਲ ਦਾ ਵੇਰਵਾ ਦੇ ਜਾਇਆ ਕਰਦਾ ਸੀ। ਉਹ ਸਵੇਰ ਨੂੰ ਮੇਰੇ ਘਰ ਆਉਂਦਾ। ਉਹਨੇ ਕੋਈ ਖਾਣ ਵਾਲਾ ਨਸ਼ਾ ਕੀਤਾ ਹੁੰਦਾ। ਫੇਰ ਉਹ ਦੂਜੀ ਵਾਰ ਮੈਨੂੰ 'ਪੈਰੀ ਪੈਣਾ' ਕਹਿੰਦਾ। ਫੇਰ ਦੱਸਣ ਲੱਗ ਪੈਂਦਾ ਬੀਤੀ ਸ਼ਾਮ ਤੇ ਰਾਤ ਦੀਆਂ ਗੱਲਾਂ। ਇਕ ਵਾਰ ਉਹਨੇ ਮੈਨੂੰ ਇਹ ਦੱਸ ਕੇ ਹੈਰਾਨ ਕਰ ਦਿੱਤਾ ਕਿ ਬੁੱਢੀ ਉਹਨੂੰ ਰਾਤ ਨੂੰ ਮਿਲਦੀ ਕਹਿੰਦੀ, "ਇਹ ਕਾਹਦੀ ਆਸ਼ਕੀ? ਚੱਲ ਕਿਤੇ ਬਾਹਰ ਦੀ ਅਜ਼ਾਦੀ ਦੇਖੀਏ।' ਉਹਨਾਂ ਨੇ ਸੱਚੀਂ ਮੁੱਚੀਂ ਦਾ ਪਲਾਨ ਬਣਾਇਆ ਤੇ ਸਵੇਰ ਦੀ ਨਕੋਦਰ ਵਾਲੀ ਗੱਡੀ ਫੜਨ ਲਈ ਸਟੇਸ਼ਨ 'ਤੇ ਇਕੱਠੇ ਹੋ ਗਏ। ਫੇਰ ਉਹਨਾਂ ਟਿਕਟ ਲਏ, ਗੱਡੀ 'ਚ ਬੈਠੇ ਤੇ ਨਕੋਦਰ ਅੱਪੜ ਗਏ। ਉਥੇ ਇਕ ਚੁਬਾਰੇ ਜਾ ਚੜ੍ਹੇ। ਕਿਸੇ ਬੰਦੇ ਨੇ ਉਹਨਾਂ ਦੀ ਪਕੌੜੇ ਤੇ ਚਾਹ ਦੀ ਸੇਵਾ ਕਰ ਦਿੱਤੀ। ਉਥੇ ਉਹਨਾਂ ਨੇ ਰੱਜ ਕੇ ਆਜ਼ਾਦੀ ਮਨਾਈ।

**ਅਮਰਜੀਤ ਚੰਦਨ** : ਚੰਦਨ ਸਾਡੇ ਇਕ ਬਹੁਤ ਨੇੜੇ ਦੇ ਸਾਂਝੇ ਦੋਸਤ ਚਿਰੰਜੀਵ ਨਾਲ਼ ਈ ਕੌਫੀ ਹਾਊਸ 'ਚ ਮਿਲ਼ਦਾ ਹੁੰਦਾ ਸੀ। ਫੇਰ ਤਾਂ ਕਦੇ ਮੇਰੇ ਘਰ ਤੇ ਕਦੇ ਕਿਸੇ ਪਾਰਟੀ ਦੇ ਦਫ਼ਤਰ ਵਿਚ ਮਿਲਦਾ ਰਹਿੰਦਾ ਸੀ। ਚੰਦਨ ਦਾ ਪੱਕਾ ਪਤਾ ਨਹੀਂ ਸੀ ਲੱਗਦਾ ਕਿ ਉਹ ਕਿੱਥੇ ਪੜ੍ਹਦਾ ਏ ਜਾਂ ਕਿੱਥੇ ਨੌਕਰੀ ਕਰਦਾ ਏ। ਉਹ ਪਤਲਾ ਪਤੰਗ, ਪੱਗ ਪੋਚਵੀਂ, ਕੀਨੀਆ ਵਾਲ਼ਿਆਂ ਵਰਗੀ ਪੱਗ ਬੰਨ੍ਹਦਾ ਤੇ ਸਟੀਲ ਦੇ ਫ਼ਰੇਮ ਵਾਲ਼ੀ ਐਨਕ ਲਾਉਂਦਾ ਸੀ। ਉਹ ਘੱਟ ਬੋਲਦਾ ਸੀ। ਮਲੂਕ ਜਿਹੇ ਨੈਣ-ਨਕਸ਼ਾਂ ਵਾਲ਼ਾ ਦੂਜਿਆਂ ਨੂੰ ਦੇਖਦਾ ਤੇ ਕੌਫ਼ੀ ਪੀਂਦਾ ਰਹਿੰਦਾ ਸੀ। ਉਹ ਦੂਜਿਆਂ 'ਤੇ ਆਪਣੇ ਆਪ ਨੂੰ ਕਰਾਂਤੀਕਾਰੀ ਹੋਣ ਦਾ ਦਾਅਵਾ ਵੀ ਕਰਦਾ ਸੀ। ਮੈਨੂੰ ਪਤਾ ਲੱਗਿਆ ਸੀ ਕਿ ਉਹ ਕਵਿਤਾ ਵੀ ਲਿਖਦਾ ਏ। ਪਰ ਉਹਨੇ ਕਦੇ ਸੁਣਾਈ ਨਹੀਂ ਸੀ। ਉਹ ਕੋਈ ਗੁਪਤ ਪਰਚਾ ਕੱਢਦਾ


ਅਮਰਜੀਤ ਚੰਦਨ



ਹੁੰਦਾ ਸੀ। ਜਦ ਮੈਂ ਤਿਮਾਹੀ 'ਲਕੀਰ' ਕੱਢਿਆ ਤਾਂ ਉਹ ਸ਼ਾਇਦ ਜੇਲ੍ਹ 'ਚ ਸੀ। ਉਹਨੂੰ ਕਰਾਂਤੀਕਾਰੀ ਤੇ ਨਾਲ ਵੱਡਾ ਕਵੀ ਅਖਵਾਉਣ ਦਾ ਨਸ਼ਾ ਲੱਗਿਆ ਹੋਇਆ ਸੀ।

ਉਹ ਆਪਣੇ ਆਪ ਨੂੰ ਨਕਸਲੀ ਲਹਿਰ ਦਾ ਕਾਮਰੇਡ ਦੱਸਦਾ ਕੁਝ ਵਰ੍ਹੇ ਅੰਡਰਗਰਾਊਂਡ ਵੀ ਰਿਹਾ ਸੀ। ਫੇਰ ਫੜਿਆ ਗਿਆ। ਕੁਝ ਚਿਰ ਅੰਬਰਸਰ ਦੀ ਜੇਲ੍ਹ 'ਚ ਰਿਹਾ। ਰਿਹਾਅ ਹੋਇਆ ਤਾਂ ਦੱਸਦਾ ਰਿਹਾ ਕਿ ਉਹ ਇਕ ਗੁਪਤ ਕਰਾਂਤੀਕਾਰੀ ਪਾਰਟੀ ਦਾ ਮੈਂਬਰ ਏ। ਜਦ ਫੜਿਆ ਗਿਆ ਤਾਂ ਉਹਦੇ ਹੱਥ 'ਚ ਦੋ ਬੰਬ ਸਨ। ਉਹਨੂੰ ਅੰਮ੍ਰਿਤਸਰ ਦੀ ਸੈਂਟਰਲ ਜੇਲ੍ਹ 'ਚ ਰੱਖਿਆ ਗਿਆ ਸੀ। ਹੋਰ ਬਹੁਤ ਸਾਰੀਆਂ ਕਹਾਣੀਆਂ ਵਰਗੀਆਂ ਗੱਲਾਂ, ਕੁਝ ਉਹ ਦੱਸਦਾ ਸੀ ਤੇ ਕੁਝ ਲੋਕੀਂ ਬਣਾ ਲੈਂਦੈ ਸਨ।

ਜੇਲ੍ਹ ਤੋਂ ਰਿਹਾ ਹੋ ਕੇ ਉਹ ਨੌਕਰੀ ਲੱਭਦਾ ਰਿਹ ਸੀ। ਨਾ ਲੱਭੀ ਤਾਂ ਕ੍ਰਾਂਤੀ ਲੱਭਣ ਦੇਸ ਨੂੰ ਛੱਡ ਕੇ ਵਲੈਤ ਭੱਜ ਗਿਆ ਸੀ।... ਉਹਨੇ ਵਧੀਆ ਕਵਿਤਾ ਲਿਖੀ ਤੇ ਸੁਹਣੀਆਂ ਕਿਤਾਬਾਂ ਛਪਵਾਈਆਂ। ਸੁਹਜ ਸੁਆਦ ਵਾਲੀ ਵਾਰਤਕ ਲਿਖਣ 'ਚ ਉਹਦੇ ਬਰਾਬਰ ਕੋਈ ਨਹੀ ਸੀਂ। ਫੇਰ ਲੋਕਾਂ ਨੂੰ ਦੱਸਦਾ ਰਿਹਾ ਕਿ ਹੁਣ ਉਹ ਨਾਸਤਕ ਤੋਂ ਆਸਤਕ ਬਣ ਗਿਆ ਏ। ਰੱਬ ਰੱਬ ਕਰ ਕੇ ਦਿਹਾੜੀ ਕੱਟਦਾ ਏ। ਮਰਨ ਵਾਲੇ ਯਾਰਾਂ ਬਾਰੇ ਲਿਖਦਾ ਰਹਿੰਦਾ ਏ। ਉਹਨੂੰ ਆਪਣੇ ਮਨ ਦਾ ਆਪ ਵਿਸਾਹ ਨਹੀਂ। ਕਦੇ ਉਹ ਕਿਸੇ ਨੂੰ ਅੰਤਾਂ ਦਾ ਪਿਆਰ ਕਰਦਾ ਏ ਤੇ ਕਦੇ ਓਸੇ ਦਾ ਸਿਰ ਵੱਢਣ ਨੂੰ ਕਾਹਲਾ ਪੈ ਜਾਂਦਾ ਏ। ਬੁਢੇਪੇ 'ਚ ਆ ਕੇ ਉਹਦਾ ਨਾ ਕੋਈ ਵਿਸ਼ਵਾਸ ਏ, ਨਾ ਕੋਈ ਸਿਆਸੀ ਸੋਚ ਏ ਤੇ ਨਾ ਹੀ ਕੋਈ ਦੋਸਤ ਏ। ਰੱਬ ਖ਼ੈਰ ਕਰੇ।

ਚੰਦਨ ਰਹਿਣ ਵਾਲਾ ਤਾਂ ਨਕੋਦਰ ਸ਼ਹਿਰ ਦਾ ਏ, ਪਰ ਉਹਦਾ ਪੱਕਾ ਟਿਕਾਣਾ ਕਿਤੇ ਨਹੀਂ ਸੀ। ਉਹ ਕਰਾਂਤੀਕਾਰੀ ਸੀ ਨਾ, ਤਦੇ ਕਿਸੇ ਨੂੰ ਰਾਤ ਕੱਟਣ ਦਾ ਪਤਾ ਨਹੀਂ ਸੀ ਲੱਗਣ ਦੇਂਦਾ। ਹੁਣ ਵਲੈਤ 'ਚ ਰਹਿੰਦਾ ਏ। ਲਿਖ ਪੜ੍ਹ ਕੇ ਸੋਚਦਾ ਏ ਕਿ ਕੀ ਠੀਕ ਏ ਤੇ ਕੀ ਗ਼ਲਤ।

44. **ਓਮ ਪ੍ਰਕਾਸ਼ ਪਨਾਹਗੀਰ** : ਓਮ ਪ੍ਰਕਾਸ਼ ਮਿਊਂਸਪਲ ਕਮੇਟੀ, ਜਲੰਧਰ ਦੇ ਪ੍ਰਾਇਮਰੀ ਸਕੂਲ 'ਚ ਟੀਚਰ ਸੀ। ਉਹ ਸਾਈਕਲ 'ਤੇ ਰੰਧਾਵਾ ਮਸੰਦਾਂ ਤੋਂ ਆਉਂਦਾ ਹੁੰਦਾ ਸੀ ਤੇ ਮੈਂ ਉਹਨਾਂ ਦੇ ਪਿੰਡ ਰੰਧਾਵਾ ਮਸੰਦਾਂ ਦੇ ਸਕੂਲ ਪੜ੍ਹਾਉਣ ਜਾਂਦਾ ਹੁੰਦਾ ਸੀ। ਉਹਦੇ ਪਿਤਾ ਜੀ ਮੇਰੇ ਨਾਲ ਟੀਚਰ ਸਨ। ਤਦੇ ਸਾਡੀ ਦੋਸਤੀ ਹੋ ਗਈ। ਮੈਂ ਛੜਾ ਤੇ ਜਲੰਧਰ ਰਹਿੰਦਾ ਹੁੰਦਾ ਸੀ। ਸਾਡੀ ਦੋਸਤੀ ਹੋਈ ਤਾਂ ਕਦੇ ਕਦੇ ਮੈਂ ਉਹਨੂੰ ਆਪਣੇ ਕੋਲ ਰਹਿਣ ਲਈ ਰੋਕ ਲੈਂਦਾ ਸੀ। ਮੇਰੀ ਮਾੜੀ ਸੰਗਤ 'ਚ ਆ ਕੇ ਉਹਨੇ ਪਹਿਲਾਂ ਸ਼ਰਾਬ ਪੀਣੀ ਸ਼ੁਰੂ ਕੀਤੀ ਤੇ ਫੇਰ ਮੀਟ ਖਾਣ ਲੱਗ ਪਿਆ ਸੀ। ਫੇਰ ਅਸੀਂ ਆਪਣੀਆਂ ਕੀਤੀਆਂ ਇੱਲਤਾਂ ਇਕ ਦੂਜੇ ਨੂੰ ਦੱਸ ਦਿਆ ਕਰਦੇ ਸੀ। ਹੁਣ ਅਸੀਂ ਬੁੱਢੇ ਹੋਏ ਡਰਦੇ ਹਾਂ ਕਿ ਕਿਤੇ ਕੋਈ ਇਕ ਦੂਜੇ ਦੇ ਭੇਤ ਨਾ ਦੱਸ ਦੇਵੇ।


ਓਮ ਪ੍ਰਕਾਸ਼

ਸਾਡੀ ਦੋਸਤੀ 1954 ਤੋਂ ਹੁਣ ਤਕ ਜਾਰੀ ਏ। ਅਸੀਂ ਰਿਟਾਇਰ ਹੋਏ ਤਾਂ ਮੈਨੂੰ ਉਹਦਾ ਬੜਾ ਸਹਾਰਾ ਸੀ। ਮੈਨੂੰ ਗੱਲਾਂ ਕਰਨ ਦਾ ਸ਼ੁਦਾਅ ਏ। ਜਿਹੜਾ ਪਨਾਹਗੀਰ ਪੂਰਾ ਕਰ ਦੇਂਦਾ ਸੀ। ਫੇਰ ਉਹਦਾ ਮੁੰਡਾ ਦੋਹਾਂ ਟਪਲਾ-ਟਪਲੀ ਨੂੰ ਅੰਬਾਲੇ ਆਪਣੇ ਕੋਲ ਲੈ ਗਿਆ। ਹੁਣ ਮੈਂ ਆਪਣੇ ਸਰੋਤੇ ਨੂੰ ਤਰਸਦਾ ਹਾਂ।

ਰਿਟਾਇਰ ਹੋਣ ਦੇ ਬਾਅਦ ਉਹਨੇ ਮੇਰੇ ਜ਼ੋਰ ਪਾਉਣ 'ਤੇ ਆਤਮ ਕਥਾ ਲਿਖਣੀ ਸ਼ੁਰੂ ਕੀਤੀ। ਮੈਂ ਉਹਦੇ ਹਿੱਸੇ 'ਲਕੀਰ' 'ਚ ਛਾਪਦਾ ਹੁੰਦਾ ਸੀ। ਆਪਣੇ ਕਿਸਮ ਦੀ ਮਾੜੀ ਪੰਜਾਬੀ 'ਚ ਉਹ ਇਕ ਚੈਪਟਰ ਲਿਖ ਦੇਂਦਾ ਤੇ ਉਹਦੀ ਸੁਧਾਈ ਮੈਂ ਕਰ ਕੇ 'ਲਕੀਰ' ਵਿਚ ਕਿਸ਼ਤਾਂ 'ਚ ਛਾਪ ਦੇਂਦਾ ਸੀ। ਕਿਤਾਬ ਛਪੀ 'ਪਨਾਹਗੀਰ' ਦੇ ਨਾਂ 'ਤੇ। ਉਹਦੇ ਛਪਦਿਆਂ ਈ ਉਹਦੀਆਂ ਧੁੰਮਾਂ ਪੈ ਗਈਆਂ। ਅਸੀਂ ਹਿੰਦੀ ਤੇ ਅੰਗ੍ਰੇਜ਼ੀ 'ਚ ਵੀ ਅਨੁਵਾਦ ਕਰਾ ਲਈਆਂ। ਪਰ ਵਿਚ ਨੂੰ ਓਸ ਲਿਖਤ ਨੇ ਘਰ ਵਿਚ ਈ ਪੁਆੜਾ ਪਾ ਦਿੱਤਾ। ਜੀਹਦੇ ਨਾਲ ਕਈ ਰਿਸ਼ਤੇਦਾਰੀਆਂ ਟੁੱਟ ਗਈਆਂ। ਹੁਣ ਮੈਂ ਲਿਖਦਾ ਵੀ ਡਰਦਾ ਹਾਂ।



ਪ੍ਰੇਮ ਪ੍ਰਕਾਸ਼

**ਪ੍ਰੇਮ ਪ੍ਰਕਾਸ਼** : ਏਸ ਲੇਖ-ਸੰਗ੍ਰਹਿ 'ਚ ਇਹ ਸਭ ਤੋਂ ਬੁੱਢਾ ਕਹਾਣੀਕਾਰ ਮੈਂ ਈ ਹਾਂ। ਪਤਾ ਲੱਗਿਆ ਏ ਕਿ ਉਹਦੇ ਲਈ ਹੁਣ ਕਹਾਣੀ ਲਿਖਣੀ ਔਖੀ ਹੁੰਦੀ ਜਾਂਦੀ ਏ। ਤੀਵੀਂ ਤੇ ਆਦਮੀ ਦੇ ਸੰਬੰਧਾਂ ਦੀਆਂ ਗੱਲਾਂ ਕੀਤੇ ਬਿਨਾਂ ਉਹਨੂੰ ਖੁਸ਼ੀ ਨਹੀਂ ਮਿਲਦੀ। ਤੇ ਨਾ ਈ ਇਹਦੀ ਕਲਮ ਚੱਲਦੀ ਏ। ਪਰ ਹੁਣ ਉਹ ਤਜਰਬੇ ਨਹੀਂ ਹੁੰਦੇ ਜਿਹੜੇ ਪਹਿਲਾਂ ਹੁੰਦੇ ਸਨ। ਜਿਵੇਂ ਉਹਨਾਂ ਕੰਮਾਂ ਦੀਆਂ ਉਲਝੀਆਂ ਜਿਹੀਆਂ ਕਹਾਣੀਆਂ ਲਿਖਣੀਆਂ। ਹੁਣ ਤਾਂ ਬਸ ਦੋਸਤਾਂ 'ਨਾਲ ਗੱਲਾਂ ਕਰਦਿਆਂ ਨਿੱਕੇ ਨਿੱਕੇ ਕਿੱਸੇ ਈ ਬਿਆਨ ਕੀਤੇ ਜਾ ਸਕਦੇ ਨੇ।

ਅਮਲੀ ਤੌਰ 'ਤੇ ਤਜਰਬੇ ਹੁਣ ਹੋਣੋਂ ਰਹੇ। ਜੇ ਕਦੇ ਹੁੰਦਾ ਵੀ ਏ ਤਾਂ ਉਹਦਾ ਦੁਖਾਂਤਕ ਪਹਿਲੂ ਸਾਹਮਣੇ ਆ ਖੜ੍ਹਦਾ ਏ। ਦੁੱਖਾਂ ਦੀਆਂ ਗੱਲਾਂ ਤਾਂ ਰੁਦਨ ਸਾਹਿਤ ਈ ਪੈਦਾ ਕਰਦੀਆਂ ਨੇ। ...'ਡੈੱਡਲਾਈਨ' ਤੇ 'ਘੋੜਾ' ਤਾਂ ਭਲੇ ਸਮੇਂ ਦੀਆਂ ਲਿਖੀਆਂ ਹੋਈਆਂ ਨੇ। ਇਹਦੇ 'ਚ ਘੋੜਾ ਏਨਾ ਮਾੜਾ ਤਾਂ ਨਹੀਂ, ਬਸ ਜ਼ਰਾ ਹਿਣਕਦਾ ਘੱਟ ਏ।

**ਤਰਸੇਮ ਨੀਲਗਿਰੀ** : ਇਹ ਸਾਦਾ ਤੇ ਪੇਂਡੂ-ਜਿਹਾ ਬੰਦਾ ਜਦ ਵਲੈਤੀਆ ਬਣ ਕੇ ਦੇਸ ਆਇਆ, ਤਾਂ ਇਹਦੇ ਅੰਦਰ ਕਹਾਣੀ ਸੁਣਾਉਣ ਅਤੇ ਸਿਫ਼ਤ ਸੁਣਨ ਦੀਆਂ ਲੂਹਰੀਆਂ ਉੱਠਦੀਆਂ ਹੁੰਦੀਆਂ ਸਨ। ਉਹ ਦੁਖੀ ਦਿਲ ਨਾਲ਼ ਕਈਆਂ ਨੂੰ ਕਹਾਣੀ ਸੁਣਾ ਕੇ ਕੌਫ਼ੀ ਪਿਆਉਂਦਾ ਹੁੰਦਾ ਸੀ। ਇਕ ਵਾਰ ਉਹਨੇ ਮੈਨੂੰ ਤੇ ਦਿਲਜੀਤ ਸਿੰਘ ਨੂੰ ਬਹੁਤ ਮਜਬੂਰ ਕੀਤਾ ਤਾਂ ਅਸੀਂ 'ਗ੍ਰੀਨ ਬਾਰ' 'ਚ ਬੀਅਰ 'ਤੇ ਕਹਾਣੀ ਸੁਨਣੀ ਮੰਨ ਲਈ। ਸ਼ਰਤ ਇਹ ਕਿ ਜਦ ਸਾਡੀ ਬੋਤਲ ਮੁੱਕ ਜਾਵੇ, ਤਾਂ ਅਸੀਂ ਉਂਗਲ਼ੀ ਖੜ੍ਹੀ ਕਰ ਕੇ ਕਹਾਣੀ ਰੋਕ ਦਿਆਂਗੇ। ਫੇਰ ਬੋਤਲ ਆਉਣ 'ਤੇ ਸੁਣਾਂਗੇ। ਅਸੀਂ ਇਕ ਕਹਾਣੀ ਸੁਣ ਕੇ ਰਾਏ ਦੇਣ ਤਕ ਦੋ ਬੋਤਲਾਂ ਮੰਗਵਾ ਚੁੱਕੇ ਸੀ। ਅਖੀਰ 'ਚ ਕਹਾਣੀ ਨੂੰ 'ਫ਼ਜ਼ੂਲ' ਕਹਿ ਕੇ ਉੱਠ ਖੜ੍ਹਦੇ ਸੀ। ਦੁਖੀ ਹੋ ਕੇ ਉਹਨੇ ਦੂਜੇ ਦੁਖੀ ਲੇਖਕ ਜਸਵੰਤ ਸਿੰਘ ਵਿਰਦੀ ਨਾਲ਼ ਸਲਾਹ ਕਰ ਕੇ ਪਰਚਾ '**ਨੀਲਗਿਰੀ**' ਕੱਢਿਆ। ਪਰ ਉਹਦੀ ਗੱਲ ਨਾ ਬਣ ਸਕੀ। ਕੁਝ ਵਰ੍ਹੇ ਉਹ ਦਿੱਲੀ ਡਾ. ਹਰਿਭਜਨ ਸਿੰਘ ਕੋਲ ਜਾਂਦਾ ਰਿਹਾ। ਪਰ ਉਹਦੇ ਦਿਲ 'ਚ ਤਰਸ ਨਾ ਆਇਆ। ਕੁਝ ਚਿਰ ਬਾਅਦ ਉਹ ਇੰਗਲੈਂਡ 'ਚ ਰਹਿੰਦਾ ਹੋਇਆ ਅਚਾਨਕ ਗੁਜ਼ਰ ਗਿਆ ਸੀ। ਵਲੈਤੀਏ ਦੱਸਦੇ ਸੀ ਕਿ ਖਾਣਾ ਖਾਂਦੇ ਦੇ ਉਹਦੇ ਹਲਕ 'ਚ ਹੱਡੀ ਫਸ ਗਈ ਸੀ। ... ਉਹਨੇ ਦੋ ਕਹਾਣੀਆਂ ਬਹੁਤ ਸੁਹਣੀਆਂ ਲਿਖੀਆਂ ਸਨ। ਮੈਂ ਉਹ ਦੋਵੇਂ ਕਹਾਣੀਆਂ 'ਚੋਣਵੀਆਂ ਕਹਾਣੀਆਂ' ਵਿਚ ਛਾਪੀਆਂ ਸਨ।

**ਸੁਦਰਸ਼ਨ ਫ਼ਾਕਿਰ** : ਇਹ ਫਿਰੋਜ਼ਪੁਰ ਦਾ ਰਹਿਣ ਵਾਲ਼ਾ ਬਹੁਤ ਈ ਸੱਭਿਆ ਤੇ ਤਮੀਜ਼ ਨਾਲ਼ ਗੱਲ ਕਰਨ ਵਾਲ਼ਾ ਬੰਦਾ ਉਰਦੂ 'ਚ ਗ਼ਜ਼ਲ ਲਿਖਦਾ ਸੀ। ਰੇਡਿਓ ਸਟੇਸ਼ਨ 'ਤੇ ਅਨਾਉਂਸਰ ਸੀ। ਡਰਾਮੇ ਵੀ ਲਿਖ ਤੇ ਖੇਡ ਲੈਂਦਾ ਸੀ। ਆਵਾਜ਼ ਵਧੀਆ ਖਰਜਦਾਰ ਸੀ। ਫ਼ਾਕਿਰ ਏਸ ਚਾਓ 'ਚ ਜਲੰਧਰ ਦੇ ਰੇਡਿਓ ਸਟੇਸ਼ਨ 'ਤੇ ਕੰਮ ਕਰਦਾ ਹੁੰਦਾ ਸੀ ਕਿ ਉਹਦੀ ਅਵਾਜ਼ ਚਾਰਾਂ ਕੂੰਟਾਂ ਦੇ ਲੋਕ ਸੁਣਦੇ ਨੇ। ਉਹ ਬੜੇ ਕੂਲ਼ੇ ਗੀਤ ਵੀ ਲਿਖਦਾ ਸੀ। ਉਹ ਸ਼ਰੀਫ਼ਾਂ ਵਾਂਗੂੰ ਸ਼ਰਾਬ ਪੀਂਦਾ ਹੁੰਦਾ ਸੀ।



ਸੁਦਰਸ਼ਨ ਫ਼ਾਕਿਰ

ਇਕ ਵਾਰ ਜਲੰਧਰ 'ਚ ਅਖ਼ਤਰੀ ਬੇਗਮ 'ਹਰਿ ਵੱਲਭ ਸੰਗੀਤ ਮੇਲੇ' ਲਈ ਆਈ। ਫ਼ਾਕਿਰ ਦੇ ਦਿਲ 'ਚ ਇਹ ਅੱਗ ਬੜੀ ਪੁਰਾਣੀ ਸੀ ਕਿ ਉਹਦੀ ਕੋਈ ਗ਼ਜ਼ਲ ਅਖ਼ਤਰੀ ਬਾਈ ਗਾ ਦੇਵੇ। ਉਹ ਰਾਤ ਨੂੰ ਸ਼ਰਾਬ 'ਚ ਅੰਨ੍ਹਾ ਹੋ ਕੇ ਹੋਟਲ ਦੇ ਉਹਦੇ ਕਮਰੇ 'ਚ ਚਲਿਆ ਗਿਆ ਸੀ।



ਇੱਤਫਾਕ ਨਾਲ਼ ਅਖ਼ਤਰੀ ਚੰਗੇ ਮੂਡ 'ਚ ਸੀ। ਉਹਨੇ ਅਦਬ ਨਾਲ਼ ਸ਼ਾਇਰ ਨੂੰ ਬਹਾਇਆ। ਜਨਾਬ ਨੇ ਆਪਣੀ ਇੱਛਾ ਫ਼ਰਿਆਦੀ ਬਣ ਕੇ ਸੁਣਾ ਦਿੱਤੀ। ਉਹ ਮੰਨ ਗਈ। ਉਹਨੇ ਵਾਅਦਾ ਕੀਤਾ ਤੇ ਫ਼ਾਕਿਰ ਦੀਆਂ ਦੋ ਗ਼ਜ਼ਲਾਂ ਗਾ ਦਿੱਤੀਆਂ। ਫੇਰ ਫ਼ਾਕਿਰ ਫ਼ਿਲਮੀ ਦੁਨੀਆ 'ਚ ਚਲਿਆ ਗਿਆ। ਕਿਸੇ ਫ਼ਿਲਮ 'ਚ ਗਾਇਆ ਉਹਦਾ ਇਕ ਗੀਤ ਬੜਾ ਮਸ਼ਹੂਰ ਵੀ ਹੋਇਆ ਸੀ।

ਰਿਟਾਇਰ ਹੋਣ ਬਾਅਦ ਉਹ ਜਲੰਧਰ 'ਚ ਦਾਰੂ ਪੀ ਕੇ ਆਵਾਰਾ ਫਿਰਦਾ ਅਜਿਹਾ ਬਿਮਾਰ ਹੋਇਆ ਕੋਈ ਦੋਸਤ ਟੈਕਸੀ 'ਚ ਫਿਰੋਜ਼ਪੁਰ ਲਿਜਾ ਕੇ ਉਹਦੇ ਘਰ ਛੱਡ ਆਇਆ ਸੀ। ਜਿਥੇ ਉਹ ਸਾਲ ਕੁ ਬਾਅਦ ਮਰ ਗਿਆ ਸੀ। ਆਖਰੀ ਉਮਰ ਦੀ ਉਹਦੀ ਫੋਟੋ ਕਿਤੇ ਛਪੀ ਸੀ। ਉਹਨੂੰ ਦੇਖ ਕੇ ਡਰ ਲੱਗਦਾ ਸੀ। ਮੈਂ ਸਾਰੀ ਉਮਰ ਅਜਿਹੀ ਭਿਆਨਕ ਫੋਟੋ ਨਹੀਂ ਦੇਖੀ ਸੀ।


ਪਾਸ਼

**ਪਾਸ਼** : ਇਹ ਨਵਾਂ ਕਰਾਂਤੀਕਾਰੀ ਤੇ ਪੇਂਡੂ ਕਵੀ ਜਦ ਮੈਂ ਪਹਿਲੀ ਵਾਰ ਕੌਫ਼ੀ ਹਾਊਸ 'ਚ ਦੇਖਿਆ ਤਾਂ ਉਹ ਬਹੁਤ ਡਰਿਆ-ਜਿਹਾ 'ਕੱਲਾ ਬੈਠਾ ਸੀ। ਜਦ ਕੋਨੇ ਦੇ ਮੇਜ਼ 'ਤੇ ਮੈਂ ਵੀ 'ਕੱਲਾ ਰਹਿ ਗਿਆ ਤਾਂ ਉਹਨੇ ਮੇਰੇ ਕੋਲ਼ ਆ ਕੇ ਪੁੱਛਿਆ, "ਮੈਂ ਤੁਹਾਡੇ ਕੋਲ਼ ਬਹਿ ਜਾਵਾਂ?" ਮੈਂ ਕਿਹਾ - "ਬਹਿ ਜਾ।" ਫੇਰ ਉਹਦੇ ਮੂੰਹੋਂ ਕੋਈ ਗੱਲ ਨਾ ਨਿੱਕਲ਼ੀ। ਮੈਂ ਜੋ ਕੁਝ ਪੁੱਛਦਾ ਰਿਹਾ, ਉਹ ਸੰਖੇਪ 'ਚ ਜਵਾਬ ਦੇਂਦਾ ਰਿਹਾ। ਉਹ ਇਵੇਂ ਇਕ ਦੋ ਵਾਰੀ ਫੇਰ ਮਿਲਿਆ। ਫੇਰ ਸ਼ਾਇਦ ਉਹਨੂੰ ਅਹਿਸਾਸ ਹੋ ਗਿਆ ਕਿ ਇਹ ਥਾਂ ਉਹਦੇ ਲਈ ਠੀਕ ਨਹੀਂ। ਉਹ ਦੇਸ਼ ਭਗਤ ਹਾਲ ਦੇ ਅੰਦਰ ਬਣੇ ਕਮਰਿਆਂ 'ਚ ਜਾਣ ਲੱਗ ਪਿਆ ਸੀ। ਜਿਥੇ ਬਾਬਾ ਗੁਰਮੁਖ ਸਿੰਘ ਦੀ ਸੇਵਾ 'ਚ ਮੋਗੇ ਵੱਲ ਦਾ ਵਸਾਖਾ ਸਿੰਘ ਰਹਿੰਦਾ ਸੀ। ਵਿਸਾਖਾ ਰੋਟੀ ਖਾਣ ਜੋਗਾ ਹੋਣ ਲਈ ਦਾਰੂ ਜ਼ਰੂਰ ਪੀਂਦਾ ਸੀ। ਪੈਸੇ ਕਿਸੇ ਨਾ ਕਿਸੇ ਸੌਦੇ ਦੀ ਕਮੀਸ਼ਨ ਚੋਂ ਕੱਢ ਲੈਂਦਾ ਸੀ। ਉਹਦੇ ਨਾਲ਼ ਈ ਕਿਸੇ ਢਾਬੇ 'ਚ ਦਾਰੂ ਪੀਂਦਿਆਂ ਪਾਸ਼ ਨੇ ਫਰਸ਼ 'ਤੇ ਪਸਤੌਲ ਦੀ ਗੋਲ਼ੀ ਚਲਾ ਦਿੱਤੀ ਸੀ। ਇਹ ਗੱਲ ਉਹਨੇ ਮੈਨੂੰ ਓਸੇ ਵੇਲੇ ਮੇਰੇ ਦਫ਼ਤਰ 'ਚ ਆ ਕੇ ਦੱਸੀ ਸੀ। ਉਹਨਾਂ ਦੀ ਸੰਗਤ ਚਿਰੰਜੀਵ ਵੀ ਕਰਦਾ ਸੀ। ਪਰ ਓਸ 'ਤੇ ਸੀ. ਆਈ. ਡੀ. ਵਾਲਾ ਹੋਣ ਦਾ ਸ਼ੱਕ ਕੀਤਾ ਜਾਂਦਾ ਸੀ। ਪਰ ਪਾਸ਼ ਉਹਦੇ ਨਾਲ ਬਹਿੰਦਾ ਰਹਿੰਦਾ ਸੀ।

ਪਾਸ਼ ਨੇ ਅੱਤਵਾਦ ਦੇ ਦਿਨਾਂ 'ਚ ਮੈਨੂੰ ਆਪਣੇ ਬੜੇ ਰੂਪ ਵਿਖਾਏ। ਉਹ ਮੈਨੂੰ ਮਿਲਿਆ। ਮੈਨੂੰ ਪੁੱਛਦਾ ਰਿਹਾ ਕਿ ਕਿਸੇ ਨੇ ਤੁਹਾਨੂੰ ਧਮਕੀ ਤਾਂ ਨਹੀਂ ਦਿੱਤੀ? ਤੁਹਾਨੂੰ ਕਿਸੇ ਤੋਂ ਡਰ ਤੇ ਨਹੀਂ ਲੱਗਦਾ? ਪਰ ਮੈਨੂੰ ਕਿਸੇ ਕੁਝ ਨਹੀਂ ਕਿਹਾ ਸੀ। ਇਕ ਵਾਰ ਮੈਂ ਉਹਦੇ ਪਿੰਡ ਕਿਸੇ ਦੇ ਨਾਲ ਗਿਆ। ਉਹ ਕਿਸੇ ਦਰਖਤ ਉਹਲੇ ਬੈਠਾ ਮਿਲ ਗਿਆ। ਉਹਨੇ ਮੈਨੂੰ ਫੇਰ ਡਰ ਵਾਲੀ ਗੱਲ ਪੁੱਛੀ। ਮੈਨੂੰ ਲੱਗਿਆ ਕਿ ਇਹਦੇ ਅੰਦਰ ਡਰ ਬਹਿ ਗਿਆ ਏ। ਫੇਰ ਇਕ ਸਾਲ ਦੇ ਅੰਦਰ ਕਿਸੇ ਨੇ ਉਹਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ। ਲੋਕਾਂ ਨੂੰ ਹੁਣ ਤਕ ਪਤਾ ਨਹੀਂ ਕਿ ਗੋਲੀ ਮਾਰਨ ਵਾਲਾ ਕੌਣ ਸੀ? ਉਹ ਕਿਹੜੀ ਪਾਰਟੀ ਦਾ ਅੱਤਵਾਦੀ ਸੀ? ਪਤਾ ਨਹੀਂ ਉਹਦਾ ਸਾਥੀ ਕਾਮਰੇਡ ਸੀ ਜਾਂ ਕੋਈ ਅੱਤਵਾਦੀ ? ਕਈ ਤਾਂ ਉਹਨੂੰ ਕਿਸੇ ਕੁੜੀ ਦਾ ਮਾਮਲਾ ਹੋਣ ਦਾ ਸ਼ੱਕ ਜ਼ਾਹਰ ਕਰਦੇ ਸਨ।

**ਅਮਿਤੋਜ** : ਉਹਦਾ ਅਸਲੀ ਨਾਂ ਕ੍ਰਿਸ਼ਨ ਕੁਮਾਰ ਸੀ, ਪਰ ਮੈਂ ਪਿਆਰ 'ਚ 'ਸ਼ਮੀਮ' ਕਹਿਦਾ ਹੁੰਦਾ ਸੀ। ਸ਼ਮੀਮ ਨਾਂ ਦਾ ਇਕ ਮੁਸਲਮਾਨ ਮੁੰਡਾ ਖੰਨੇ ਮੇਰੇ ਨਾਲ ਪੜ੍ਹਦਾ ਹੁੰਦਾ ਸੀ। ਉਹ ਮੈਨੂੰ ਬਹੁਤ ਸੋਹਣਾ ਲੱਗਦਾ ਹੁੰਦਾ ਸੀ। ਅਮਿਤੋਜ ਦੇ ਵੀ ਕਈ ਨਾਂ ਸਨ। ਉਹ ਚਿਰੰਜੀਵ ਸਿੰਘ, ਅਮਰਜੀਤ ਚੰਦਨ, ਸ਼ੌਕੀਨ ਸਿੰਘ ਤੇ ਪਾਸ਼ ਦੇ ਗਰੁੱਪ ਦਾ ਸ਼ਾਇਰ ਸੀ। ਜੀਹਨੂੰ ਬਾਅਦ 'ਚ ਪਾਸ਼ ਨੇ 'ਯੁਗ ਪੁਰਸ਼' ਵੀ ਕਿਹਾ ਸੀ। ਉਹਦਾ ਪਾਸ਼ 'ਤੇ ਬੜਾ ਅਸਰ ਸੀ। ਪਾਸ਼ ਮਚਲਾ ਜੱਟ ਸੀ ਤੇ ਅਮਿਤੋਜ ਖਚਰਾ ਖੱਤਰੀ। ਉਹ ਕੌਫ਼ੀ ਹਾਊਸ 'ਚ ਬਹੁਤਾ ਚਿਰ ਨਹੀਂ ਸੀ ਰਹੇ। ਹੋਰ ਉੱਚੀਆਂ ਹਵਾਵਾਂ 'ਚ ਉਡਣ ਲੱਗ ਪਏ ਸਨ। ਉਹ ਆਪਣੇ ਸ਼੍ਰੋਤਿਆਂ

ਤੇ ਕੁੜੀਆਂ ਦੀਆਂ ਨਬਜ਼ਾਂ ਨੂੰ ਜਾਣਦੇ ਸੀ। ਉਹੋ ਅਜਿਹੀ ਕਵਿਤਾ ਲਿਖਦੇ, ਜਿਹੜੀਆਂ ਕੁੜੀਆਂ ਨੂੰ ਕਮਲੀਆਂ ਕਰ ਦੇਂਦੀਆਂ। ਅਮਿਤੋਜ ਤਾਂ ਕੌਫ਼ੀ ਹਾਊਸ 'ਚ ਬਹਿ ਕੇ ਹੀ ਕਵਿਤਾ ਬੁਣ ਲੈਂਦਾ ਸੀ। ਉਹ ਛੇਤੀ ਚੰਡੀਗੜ੍ਹ ਜਾ ਕੇ ਸ਼ਬਦਾਂ ਦੀ ਆਪਣੀ ਜਾਦੂਗਰੀ ਵਿਖਾਉਣ ਲੱਗ ਪਿਆ ਸੀ। ਉਹਨੇ ਕਈ ਗੁਪਤ ਵਿਆਹ ਕੀਤੇ ਸਨ। ਪਰ ਅੰਤ ਉਹਦਾ ਬਹੁਤ ਮਾੜਾ ਹੋਇਆ। ਆਖਰੀ ਵਿਆਹ ਕੁੜੀ ਦੇ ਭਰਾ ਨੇ ਉਹਨੂੰ ਡਾਂਗ ਦੇ ਜ਼ੋਰ ਨਾਲ ਕਰਾਇਆ ਸੀ। ਜਿਸ ਕੋਲ ਇਕ ਕੁੜੀ ਵੀ ਸੀ। ਚੁਪਾਸੇ ਦੇ ਡਰਾਂ ਨੇ ਉਹਨੂੰ ਪਾਗਲ ਕਰ ਦਿੱਤਾ ਸੀ। ਇਕ ਵਾਰ ਮੈਂ ਉਹਨੂੰ ਮਿਲਣ ਗਿਆ ਤਾਂ ਉਹ ਗੇਟ ਨੂੰ ਲੱਗੇ ਜਿੰਦੇ ਅੰਦਰ ਸੀ। ਉਹ ਮੈਨੂੰ ਆਪਣੇ ਸਾਹਿਤਯ ਅਕਾਦਮੀ ਐਵਾਰਡ ਦੇ ਬਾਰੇ ਪੁੱਛਦਾ ਰਿਹਾ ਸੀ। ਫੇਰ ਹੋਰ ਬਹੁਤ ਗੱਲਾਂ ਪਾਗਲਾਂ ਵਾਲੀਆਂ ਪੁੱਛਦਾ ਰਿਹਾ ਸੀ। ਉਹ ਕਮਰੇ 'ਚ ਬੰਦ ਕੀਤਾ ਈ ਛੇ ਕੁ ਮਹੀਨਿਆਂ ਬਾਅਦ ਗੁਜ਼ਰ ਗਿਆ ਸੀ।

**ਮ੍ਰਿਤਿਯੂਬੋਧ** : ਇਹ ਸਭ ਤੋਂ ਛੋਟੀ ਉਮਰ ਦਾ ਮਾਰਕਸਵਾਦੀ ਹਿੰਦੀ ਕਵੀ ਸੀ। ਏਸ ਜੰਮਦੀ ਸੂਲ਼ ਦਾ ਮੂੰਹ ਤਿੱਖਾ ਸੀ। ਸਕੂਲ 'ਚੋਂ ਨਿੱਕਲਦਿਆਂ ਈ ਉਹਨੇ ਆਪਣੇ ਕੱਦ ਨਾਲੋਂ ਲੰਮੀ ਦਾੜ੍ਹੀ ਰੱਖ ਕੇ ਤੇ ਗਲ ਵਿਚ ਮਰੇ ਜਾਨਵਰ ਦੀ ਹੱਡੀ ਪਾ ਕੇ ਸਿਆਣੀਆਂ ਗੱਲਾਂ ਕਰਕੇ ਨਕਸਲੀ ਲਹਿਰ ਦਾ ਬੰਦਾ ਬਣ ਗਿਆ ਸੀ। ਇਹਨੇ ਮੈਨੂੰ ਕੋਈ ਚੀਨੀ ਨਾਵਲ ਅਨੁਵਾਦ ਕਰ ਕੇ ਛਾਪਣ ਲਈ ਦਿੱਤਾ ਸੀ। ਉਹਦੀ ਲਿਖਾਈ ਚਿੱਤਰਕਾਰਾਂ ਵਰਗੀ ਸੀ। ਪਰ ਗਲ-ਹੱਡੀ ਪਾ ਕੇ ਉਹਨੇ ਆਪਣਾ ਨਾਂ 'ਮ੍ਰਿਤਯੂਬੋਧ' ਰੱਖ ਲਿਆ ਸੀ। ਮੈਨੂੰ ਇਹਦੇ ਅਸਲੀ ਨਾਂ 'ਕ੍ਰਿਸ਼ਨ ਕੁਮਾਰ' ਦਾ ਤਦ ਪਤਾ ਲੱਗਿਆ, ਜਦ ਉਹਦਾ ਬਾਪ ਘੱਟ ਨਜ਼ਰ ਹੋਣ ਕਰ ਕੇ ਮੁਸ਼ਕਲ ਨਾਲ਼ ਰਾਹ ਲੱਭਦਾ 'ਹਿੰਦ ਸਮਾਚਾਰ' ਦੇ ਦਫ਼ਤਰ 'ਚ ਮੈਨੂੰ ਮਿਲਣ ਆਇਆ ਸੀ। ਉਹਨੇ ਦੱਸਿਆ ਕਿ ਕ੍ਰਿਸ਼ਨ ਦੀ ਮਾਂ ਮਰਦੀ ਜਾਂਦੀ ਐ। ਮੁੰਡੇ ਦਾ ਮਹੀਨਿਆਂ ਤੋਂ ਕੋਈ ਅਤਾ-ਪਤਾ ਨਹੀਂ। ਉਹਨੂੰ ਤੁਸੀਂ ਆ ਕੇ ਦਿਲਾਸਾ ਦਿਓ। ਉਹ ਟੱਬਰ ਪਿੱਛੋਂ ਖੰਨੇ ਦਾ ਰਹਿਣ ਵਾਲ਼ਾ ਸੀ। ਮੈਂ ਰਾਤ ਨੂੰ ਉਨ੍ਹਾਂ ਦੇ ਘਰ ਜਾ ਕੇ ਮਾਤਾ ਨੂੰ ਦੱਸ ਕੇ ਆਇਆ ਸੀ ਕਿ ਕ੍ਰਿਸ਼ਨ ਠੀਕ-ਠਾਕ ਐ। ਮੈਨੂੰ ਕੁਝ ਦਿਨ ਪਹਿਲਾਂ ਚੰਡੀਗੜ੍ਹ ਮਿਲਿਆ ਸੀ। ਉਨ੍ਹਾਂ ਦਿਨਾਂ 'ਚ ਨਕਸਲੀ ਮੁੰਡੇ ਝੂਠੇ ਮੁਕਾਬਲਿਆਂ 'ਚ ਆਮ ਮਾਰੇ ਜਾ ਰਹੇ ਸਨ।

ਬਾਅਦ 'ਚ ਮ੍ਰਿਤਿਊਬੋਧ ਪੱਤਰਕਾਰ ਬਣ ਗਿਆ ਸੀ। ਉਹ ਖੰਨੇ ਦੀ ਕੁੜੀ ਨਾਲ਼ ਵਿਆਹ ਕਰਾ ਕੇ ਦਿੱਲੀ ਕਿਸੇ ਅਖ਼ਬਾਰ ਦੇ ਦਫ਼ਤਰ 'ਚ ਨੌਕਰੀ ਕਰਦਾ ਆਪਣਾ ਘਰ ਵਸਾ ਕੇ ਬਹਿ ਗਿਆ ਸੀ। ਪਰ ਇਕ ਦਿਨ ਅਚਾਨਕ ਘਰ ਦੇ ਗ਼ੁਸਲਖ਼ਾਨੇ 'ਚ ਡਿੱਗ ਕੇ ਮਰ ਗਿਆ ਸੀ।

**ਉਪੇਂਦਰ ਨਾਥ ਅਸ਼ਕ** : ਉਪੇਂਦਰ ਨਾਥ ਅਸ਼ਕ ਖਾਸ ਜਲੰਧਰੀਆ ਸੀ। ਮੈਨੂੰ ਕਿਸੇ ਨੇ ਉਹਦਾ ਘਰ ਵੀ ਵਿਖਾਇਆ ਸੀ, ਜਿਥੇ ਹੁਣ ਕਿਤਾਬਾਂ 'ਤੇ ਜਿਲਦਾਂ ਬਨ੍ਹ ਹੁੰਦੀਆਂ ਸਨ। ਜਲੰਧਰ ਉਹਦਾ ਛੋਟਾ ਭਾਈ ਕਾਮਰੇਡ ਨਰਿੰਦਰ ਰਹਿੰਦਾ ਸੀ। ਉਹ ਬਹੁਤ ਸ਼ਰੀਫ ਬੰਦਾ ਕਮਿਊਨਿਸਟ ਪਾਰਟੀ ਦਾ ਹੋਲਟਾਈਮਰ ਹੁੰਦਾ ਸੀ। ਉਹ ਬਹੁਤ ਹੌਲੀ ਤੇ ਮਿੱਠਾ ਬੋਲਦਾ ਹੁੰਦਾ ਸੀ। ਉਪਿੰਦਰ ਨਾਥ ਅਸ਼ਕ ਜਦ ਵੀ ਜਲੰਧਰ ਆਉਂਦਾ ਸੀ ਤਾਂ ਸਥਾਨਕ ਲੇਖਕਾਂ ਨੂੰ ਦਰਸ਼ਨ ਦੇਣ ਵਾਂਗ ਮਿਲਦਾ ਹੁੰਦਾ ਸੀ।


ਉਪੇਂਦਰ ਨਾਥ

**ਹਫ਼ੀਜ਼ ਜਲੰਧਰੀ** : ਹਫ਼ੀਜ਼ ਜਲੰਧਰੀ ਪਾਕਿਸਤਾਨ ਦਾ ਬਾਰਡਰ ਖੁੱਲ੍ਹਣ 'ਤੇ ਆਪਣਾ ਘਰ ਦੇਖਣ ਜਲੰਧਰ ਆਇਆ ਸੀ। ਉਹ ਸ਼ਹਿਰ ਦੀਆਂ ਗਲ਼ੀਆਂ ਦੇਖਦਾ ਏਨਾ ਰੁੱਝਿਆ ਰਿਹਾ ਸੀ ਕਿ ਕੌਫ਼ੀ ਹਾਊਸ ਆ ਈ ਨਾ ਸਕਿਆ। ਕਹਿੰਦੇ ਨੇ ਕਿ ਰਾਤ ਨੂੰ ਉਹ ਏਨੀ ਮਸਤੀ 'ਚ ਸੀ ਕਿ ਜਦ ਕਿਸੇ ਨੇ ਆਟੋਗਰਾਫ਼ ਲੈਣ ਲਈ ਉਹਦੇ ਮੂਹਰੇ ਕਾਪੀ ਕੀਤੀ ਤਾਂ ਉਹਨੇ ਉੱਤੇ ਲਿਖ ਦਿੱਤਾ ਸੀ, " .... ਚੜ੍ਹ ਗੀ ਕਿੱਕਰ ਦੀ ਟੀਸੀ।... ਹੇਠਾਂ ... ਖੜ੍ਹਾ ਮਿੰਨਤਾਂ ਕਰੇ।' ... ਤੇ ਹੇਠਾਂ ਦਸਤਖਤ


ਹਫ਼ੀਜ਼ ਜਲੰਧਰੀ



ਕਰ ਦਿੱਤੇ - **ਹਫ਼ੀਜ਼ ਜਲੰਧਰੀ**। ਇਹ ਉਹ ਮਹਾਨ ਸ਼ਾਇਰ ਸੀ, ਜੀਹਨੇ ਪਾਕਿਸਤਾਨ ਦਾ ਕੌਮੀ ਤਰਾਨਾ ਲਿਖਿਆ ਤੇ ਸ਼ਾਹਨਾਮਾ ਇਸਲਾਮ ਲਿਖਿਆ ਤੇ ਇਹ ਗੀਤ ਲਿਖਿਆ -" ਅਭੀ ਤੋ ਮੈਂ ਜਵਾਨ ਹੂੰ।"

**ਸੰਤੋਖ ਸਿੰਘ ਧੀਰ** : ਬਹੁਤ ਸਾਰੇ ਲੇਖਕ ਆਪਣੀਆਂ ਕਿਤਾਬਾਂ ਛਪਵਾਉਣ ਲਈ ਜਲੰਧਰ ਆਉਂਦੇ ਰਹਿੰਦੇ ਸਨ। ਕਦੇ ਕਵੀ ਦਰਬਾਰਾਂ 'ਤੇ, ਕਦੇ ਕਾਨਫਰੰਸ 'ਤੇ, ਕੋਈ ਕਈਆਂ ਨਾਲ ਮੁਲਾਕਾਤਾਂ ਕਰਨ ਆਉਂਦੇ ਰਹਿੰਦੇ ਸਨ। ਪਰ ਉਹ ਰਸਮੀ ਜਿਹੀਆਂ ਹੁੰਦੀਆਂ ਸਨ।...ਇਕ ਵਾਰ ਸੰਤੋਖ ਸਿੰਘ ਧੀਰ ਨੂੰ ਪ੍ਰੋਫੈਸਰ ਮੋਹਨ ਸਿੰਘ ਨੇ ਜਲੰਧਰ ਬੁਲਾ ਲਿਆ। ਉਹ ਆ ਤਾਂ ਗਿਆ, ਪਰ ਉਹਨੇ ਇਹ ਨਹੀਂ ਸੋਚਿਆ ਕਿ ਉਸ ਦਫ਼ਤਰ 'ਚ ਕੰਮ ਕਰਨਾ ਪਵੇਗਾ। ਧੀਰ ਦਿਨੇ ਦਫ਼ਤਰ 'ਚ ਕੰਮ ਕਰਦਾ ਤੇ ਰਾਤ ਨੂੰ ਉਥੇ ਈ ਸੌਂ ਜਾਂਦਾ। ਇਹ ਗੱਲ ਨਾ ਧੀਰ ਨੂੰ ਪੁੱਗੀ ਤੇ ਨਾ ਈ ਮੋਹਨ ਸਿੰਘ ਨੂੰ। ਫੇਰ ਮੈਂ ਉਹਨੂੰ ਆਪਣੇ ਕਮਰੇ 'ਚ ਲੈ ਗਿਆ ਸੀ। ਮੇਰੇ ਕੋਲ ਕਿਰਾਏ ਦਾ ਕਮਰਾ ਵੱਡਾ ਸੀ ਤੇ ਉਹਦੇ ਅੰਦਰ ਹਮੇਸ਼ਾ ਦੋ ਮੰਜਿਆਂ 'ਤੇ ਬਿਸਤਰੇ ਪਏ ਰਹਿੰਦੇ ਸਨ। ਕਮਰੇ 'ਚ ਵੜਦਿਆਂ ਈ ਧੀਰ ਖਿੜ ਪਿਆ। ਮੇਰੇ ਬੈੱਡ 'ਤੇ ਬਹਿ ਕੇ ਉਹਨੇ ਸਿਰ ਤੋਂ ਪੱਗ ਲਾਹ ਕੇ ਕਿਹਾ, "ਆਹ ਪਿਐ ਮੋਹਨ ਸਿੰਘ।" ਫੇਰ ਸਿਗਰਟ ਲਾ ਕੇ ਆਜ਼ਾਦੀ ਨਾਲ ਪੀਣ ਲੱਗ ਪਿਆ ਸੀ। ਮੈਂ ਕਮਰੇ ਨੂੰ ਜਿੰਦਾ ਨਹੀਂ ਸੀ ਲਾਉਂਦਾ। ਇਕ ਦਿਨ ਇਕ ਵੱਡੇ ਕਵੀ ਦਾ ਮੁੰਡਾ ਕਿਸੇ ਮੁੰਡੇ ਨੂੰ ਲਿਆ ਕੇ ਬਦਮਾਸ਼ੀ ਕਰ ਕੇ ਚਲਿਆ ਗਿਆ। ਉਹ ਮੈਨੂੰ ਰਾਹ 'ਚ ਮਿਲਿਆ ਤਾਂ ਉਹਨੇ ਆਪਣਾ ਕੁਕਰਮ ਵੀ ਦੱਸ ਦਿੱਤਾ। ਜਦ ਮੈਂ ਇਹ ਸਾਰੀਆਂ ਗੱਲਾਂ ਧੀਰ ਨੂੰ ਦੱਸੀਆਂ ਤਾਂ ਉਹਨੇ ਕਿਹਾ, "ਸੱਚੀ ਦੱਸਾਂ, ਇਹ ਕੰਮ ਕਰਨ ਨੂੰ ਤਾਂ ਮੇਰਾ ਵੀ ਦਿਲ ਕਰਦਾ ਹੈ।"


ਸੰਤੋਖ ਸਿੰਘ ਧੀਰ

**ਜਿੰਦਰ** : ਜਦ ਮੈਂ 'ਲਕੀਰ' ਕੱਢਿਆ ਤਾਂ ਉਹ ਛੇਤੀ ਮਸ਼ਹੂਰ ਹੋ ਕੇ ਵਿਕਣ ਲੱਗ ਪਿਆ ਸੀ। ਮੈਂ ਨਵੇਂ ਲੇਖਕਾਂ ਨੂੰ ਉਤਸਾਹਿਤ ਕਰਨ ਲਈ ਉਹਨਾਂ ਦੀਆਂ ਲਿਖਤਾਂ ਵਧ ਛਾਪਦਾ ਹੁੰਦਾ ਸੀ। ਬਹੁਤੇ ਨਵੇਂ ਲੇਖਕ ਉਹਦੇ ਵਿਚ ਛਪਣ ਨੂੰ ਤਾਂਘਦੇ ਹੁੰਦੇ ਸਨ। ਜਿੰਦਰ ਦੋ ਹੋਰ ਲਖਕਾਂ ਨਾਲ ਅਕਸਰ ਮੈਨੂੰ ਮਿਲਣ ਲਈ ਵੀ ਆਉਂਦਾ ਰਹਿੰਦਾ ਸੀ। ਇਕ ਸਵੇਰ ਨੂੰ ਜਿੰਦਰ, ਦੇਸ ਰਾਜ ਕਾਲੀ ਤੇ ਭਗਵੰਤ ਰਸੂਲਪੁਰੀ ਮੈਨੂੰ ਮਿਲਣ ਆਏ। ਉਹਨਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਲੱਗਿਆ ਕਿ ਕਾਲੀ ਮੇਰੀ ਗੱਲ ਨੂੰ ਛੇਤੀ ਫੜਦਾ ਏ। ਉਹਦੀ ਸੋਚ 'ਚ ਡੂੰਘਾਈ ਏ। ਇਹ ਚੰਗੀਆਂ ਕਹਾਣੀਆਂ ਲਿਖੇਗਾ। ਪਰ ਕਹਾਣੀ ਲਿਖਣ 'ਚ ਜਿੰਦਰ ਸਭ ਨਾਲੋਂ ਤੇਜ਼ ਨਿਕਲਿਆ।


ਜਿੰਦਰ

ਉਹਨੇ ਮੇਰੀ ਸਹਾਇਤਾ ਕਰਨ ਲਈ 'ਲਕੀਰ' ਦੇ ਪਰੂਫ਼ ਪੜ੍ਹ ਕੇ ਮੈਨੂੰ ਬੜਾ ਸੌਖਾ ਕੀਤਾ ਸੀ। ਫੇਰ ਉਹ ਕਹਾਣੀਆਂ ਵੀ ਤੇਜ਼ ਲਿਖਣ ਲੱਗ ਪਿਆ। ਉਹਦਾ ਜ਼ਿਹਨ ਬਹੁਤ ਤੇਜ਼ ਹੋ ਗਿਆ। ਉਹਦੀ ਯਾਦਦਾਸਤ ਏਨੀ ਏ ਕਿ ਉਹਨੂੰ ਆਪਣੀ ਤਾਂ ਕੀ, ਦੂਜਿਆਂ ਦੀਆਂ ਕਹਾਣੀਆਂ ਦੇ ਨਾਂ ਵੀ ਨਹੀਂ ਭੁੱਲਦੇ। ਉਹਨੂੰ ਉਲਝੇ ਪਾਤਰਾਂ ਵਾਲੀਆਂ ਕਹਾਣੀਆਂ ਪਸੰਦ ਨੇ। ਏਸੇ ਕਰ ਕੇ ਉਹ ਉਲਝੇ ਪਾਤਰਾਂ ਅਤੇ ਸਥਿਤੀਆਂ ਵਾਲੀਆਂ ਕਹਾਣੀਆਂ ਲਿਖਣ 'ਚ ਸਫ਼ਲ ਹੁੰਦਾ ਰਿਹਾ ਏ। ਉਹਦੀ ਰਚਨਾ ਤੇ ਉਹਦੀਆਂ ਹੋਰ ਸਰਗਰਮੀਆਂ ਕਰ ਕੇ ਹੁਣ ਉਹਦੀ ਕਲਾ ਦੋਰਾਹੇ 'ਤੇ ਖੜ੍ਹੀ ਏ। ਜਿਸ ਤੋਂ ਅੱਗੇ ਕੁਝ ਵੀ ਹੋ ਸਕਦਾ ਏ। ... ਉਹਦੇ ਲਈ ਜ਼ਰੂਰੀ ਨਹੀਂ ਕਿ ਜਿਹੜੀ ਘਟਨਾ ਬਾਰੇ ਉਹ ਕਹਾਣੀ ਲਿਖੀ ਰਿਹਾ ਏ, ਉਹ ਉਹਦੀ ਆਪਣੀ ਹੋਵੇ। ਉਹ ਕਿਸੇ ਵੀ ਸੁਣੀ ਸੁਣਾਈ ਜਾਂ ਪੜ੍ਹੀ ਪੜ੍ਹਾਈ ਗੱਲ ਦੀ ਕਹਾਣੀ

ਬੁਣ ਲੈਂਦਾ ਏ। ਉਹ ਕਿਸੇ ਦੀਆਂ ਵੀ ਦੋ-ਚਾਰ ਕਹਾਣੀਆਂ ਪੜ੍ਹ ਕੇ ਆਪਣੀ ਤੀਜੀ ਕਹਾਣੀ ਲਿਖ ਲੈਂਦਾ ਏ। ਉਹਨੇ ਦੂਜੀ ਕਿਸੇ ਔਰਤਾਂ ਨਾਲ ਦੋਸਤੀ ਤਾਂ ਕੀ, ਗੱਲ ਵੀ ਨਹੀਂ ਕੀਤੀ, ਕਦੇ ਉਂਗਲ ਲਾ ਕੇ ਵੀ ਨਹੀਂ ਦੇਖਿਆ। ਪਰ ਉਹਨੇ ਇਸਤਰੀ-ਮਰਦ ਦੀਆਂ ਦੋਸਤੀਆਂ ਬਾਰੇ ਕਹਾਣੀਆਂ ਦੇ ਢੇਰ ਲਾ ਦਿੱਤੇ ਨੇ। ਉਹ ਕਾਮ ਬਾਰੇ ਤਾਂ ਕਿਸੇ ਨਾਲ ਗੱਲ ਨਹੀਂ ਕਰਦਾ। ਪਰ ਕਹਾਣੀ ਲਿਖ ਲੈਂਦਾ ਏ। 'ਬਸ ਹੁਣ ਤੂੰ ਸੌਂ ਜਾਵੀਂ' ਉਹਦੀਆਂ ਕਈ ਅਜਿਹੀਆਂ ਕਹਾਣੀਆਂ ਵਿਚੋਂ ਇਕ ਏ।

ਉਹ ਜਾਤ ਦਾ ਸੁਨਿਆਰ ਏ, ਪਰ ਦੱਸਦਾ 'ਰਾਜਪੂਤ' ਏ। ਉਹ ਜਿਹੜੀ ਗਲੀ ਮੁਹੱਲੇ 'ਚ ਰਹਿੰਦਾ ਏ, ਉਹਦਾ ਨਾਂ ਵੀ ਉਹਨੇ 'ਰਾਜਪੂਤ ਨਗਰ' ਰੱਖ ਲਿਆ ਏ। ਭਾਰਤੀ ਸਮਾਜ 'ਚ ਹੋਰ ਅਖੌਤੀ ਛੋਟੀਆਂ ਜਾਤਾਂ ਵਾਲੇ ਵੀ ਆਪਣੇ ਆਪ ਨੂੰ ਰਾਜਪੂਤ ਲਿਖਦੇ ਨੇ।

**ਪਰਵੇਜ਼ ਸੰਧੂ** : ਪਰਵੇਜ਼ ਸੰਧੂ ਗੋਰਾਇਆ ਦੇ ਨੇੜੇ ਕਿਸੇ ਪਿੰਡ ਦੀ ਕੁੜੀ ਸੀ। ਪਰਵਾਸੀ ਇਸਤਰੀ ਕਹਾਣੀਕਾਰਾਂ ਵਿਚੋਂ ਦੋ ਨਾਂ ਪਰਵੇਜ਼ ਸੰਧੂ ਤੇ ਵੀਨਾ ਵਰਮਾ ਅਜਿਹੇ ਉੱਭਰੇ ਕਿ ਸਾਰੇ ਪੰਜਾਬੀ ਕਹਾਣੀਕਾਰਾਂ ਨੂੰ ਸੋਚਾਂ ਪੈ ਗਈਆਂ ਸਨ। ਦੋਹਾਂ ਦੀ ਸੋਚ, ਸੂਝ ਤੇ ਵਿਧੀ 'ਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਪਰਵੇਜ਼ ਸਹਿਜ ਨਾਲ ਸੋਚਣ ਤੇ ਲਿਖਣ ਵਾਲੀ ਏ। ਉਹ ਬਹੁਤ ਅਸਾਧਾਰਨ ਗੱਲਾਂ ਵੀ ਸਾਧਾਰਨ ਜਿਹੇ ਲਹਿਜੇ 'ਚ ਦੱਸ ਜਾਂਦੀ ਏ। ਉਹਨੇ ਔਰਤ ਤੇ ਮਰਦ ਵਿਚਕਾਰ ਅਖੌਤੀ ਅਪ੍ਰਾਕਿਰਤਕ ਲਿੰਗਕ ਰਿਸ਼ਤਿਆਂ ਬਾਰੇ ਤਿੰਨ ਕਹਾਣੀਆਂ ਲਿਖੀਆਂ ਨੇ, ਜਿਹੜੀਆਂ ਕਿਸੇ ਨਾ ਕਿਸੇ ਮੇਰੇ ਵੱਲੋਂ ਕੀਤੇ ਚੋਣ ਸੰਗ੍ਰਹਿ ਵਿਚ ਸ਼ਾਮਲ ਹੋ ਚੁੱਕੀਆਂ ਨੇ। 'ਸੈਂਡੀ ਫਿਰ ਉਦਾਸ ਸੀ' ਇਕ ਵੰਨਗੀ ਏ। ਉਹਦਾ ਬੜਾ ਚਿਰ ਕੁਝ ਨਾ ਲਿਖਣਾ ਮੈਨੂੰ ਚੰਗਾ ਨਹੀਂ ਲੱਗਦਾ। ਇਹ ਨਾ ਮੇਰੇ ਤੇ ਨਾ ਈ ਉਹਦੇ ਵਸ ਦੀ ਗੱਲ ਏ।


ਪਰਵੇਜ਼ ਸੰਧੂ

ਆਖਰੀ ਵਾਰ ਮੈਂ ਉਹਨੂੰ ਲਿਖਿਆ ਸੀ ਨਵੀਆਂ ਕਹਾਣੀਆਂ ਭੇਜ। ਉਹਨੇ ਜੋ ਕੁਝ ਭੇਜਿਆ, ਪਰ ਉਹ ਕਹਾਣੀਆਂ ਨਹੀਂ ਸੀ। ਉਹ ਫੇਰ ਲਿਖ ਈ ਨਾ ਸਕੀ। ਇਹ ਵੀ ਕੁਦਰਤ ਦੀ ਈ ਕੋਈ ਖੇਡ ਏ ਕਿ ਬੰਦਾ-ਬੰਦੀ ਵਧੀਆ ਕਹਾਣੀਆਂ ਲਿਖਦਾ ਲਿਖਦਾ ਇਕਦਮ ਚੁੱਪ ਹੋ ਜਾਵੇ।

**ਬਲਬੀਰ ਪਰਵਾਨਾ** : ਸੁਖਬੀਰ, ਜਿੰਦਰ, ਅਜਮੇਰ ਸਿੱਧੂ ਵਾਂਗੂੰ ਬਲਬੀਰ ਪਰਵਾਨਾ ਦੇ ਅੰਦਰ ਵੀ ਇਕ ਗੱਠ ਬੱਝੀ ਲੱਗਦੀ ਏ। ਜੀਹਦੇ ਵਿਚੋਂ ਹਮੇਸ਼ਾ ਕੁਝ ਰਿਸਦਾ ਰਹਿੰਦਾ ਏ। ਹੋਰ ਕੁਝ ਨਹੀਂ ਤਾਂ ਧੂੰਆਂ ਈ ਨਿੱਕਲਦਾ ਏ। ਅਚਾਨਕ ਜਦ ਕਦੇ ਉਹਦੇ 'ਚ ਅੱਗ ਭੜਕਦੀ ਏ ਤਾਂ ਲਾਟ ਬਣ ਕੇ ਉਹਨੂੰ ਨਾਵਲ ਲਿਖਣ 'ਤੇ ਲਾਈ ਰੱਖਦੀ ਏ। ਉਹ ਝੱਟ ਦੇਣੀ ਆਪਣੇ ਪ੍ਰਕਾਸ਼ਕ ਨੂੰ ਛਪਣਾ ਦੇ ਦੇਂਦਾ ਏ। ਪ੍ਰਕਾਸ਼ਕ ਏਸ ਲਈ ਛਾਪ ਦੇਂਦਾ ਏ ਕਿ ਪਰਵਾਨਾ ਉਹਨਾਂ ਦੀਆਂ ਨਵੀਆਂ ਛਪੀਆਂ ਕਿਤਾਬਾਂ ਦੀ ਇਸ਼ਤਿਹਾਰਬਾਜ਼ੀ ਲਈ ਉਹਨਾਂ ਦੇ ਰਿਵਿਊ ਕਰਾ ਕੇ 'ਨਵਾਂ ਜ਼ਮਾਨਾ' ਵਿਚ ਛਾਪ ਦੇਂਦਾ ਏ। ਵਰ੍ਹਿਆਂ ਤੋਂ ਇਹੋ ਸਿਲਸਿਲਾ ਚੱਲ ਰਿਹਾ ਸੀ। ਪਰ ਹੁਣ ਪਰਵਾਨਾ ਨੇ 'ਨਵਾਂ ਜ਼ਮਾਨਾ' ਛੱਡ ਦਿੱਤਾ ਏ।

ਪਰਵਾਨਾ ਹੁਣ ਭਾਵੇਂ ਕੁਝ ਵੀ ਕਰੇ, ਪੱਤਰਕਾਰੀ ਨੇ ਉਹਦੀ ਕਹਾਣੀ ਕਲਾ ਨੂੰ ਗ੍ਰਸਦਿਆਂ ਰਹਿਣਾ ਏ। ਉਹਨੂੰ ਸਾਹਿਤਕਾਰਾਂ ਵਾਲੇ ਗਵਾਚੇ ਰੰਗ ਮੁੜ ਨਹੀਂ ਲੱਭਣੇ। ਹੁਣ ਉਹ ਚਾਹੇ ਨਾਵਲ ਲਿਖੇ ਜਾਂ ਕਹਾਣੀਆਂ, ਉਹਦੇ ਅੰਦਰੋਂ ਅਖ਼ਬਾਰ ਨਵੀਸ਼ੀ ਮਿਆਂਕਦੀ ਸੁਣੀ ਜਾਂਦੀ ਰਹਿਣੀ ਏ। ਉਹਨੇ ਭਾਵੇਂ ਪੱਤਰਕਾਰੀ ਛੱਡ ਦਿੱਤੀ ਏ, ਪਰ ਪੱਤਰਕਾਰੀ ਦੀ


ਬਲਬੀਰ ਪਰਵਾਨਾ



ਬਿਮਾਰੀ ਨੇ ਉਹਨੂੰ ਨਹੀਂ ਛੱਡਣਾ। ਪੱਤਰਕਾਰਾਂ ਨੂੰ ਆਪਣੀ ਝੂਠੀ ਪ੍ਰਸ਼ੰਸ਼ਾ ਸੁਣਨ ਦੀ ਆਦਤ ਲੈ ਕੇ ਬਹਿ ਜਾਂਦੀ ਏ।

**ਭਗਵੰਤ ਰਸੂਲਪੁਰੀ** : ਜਲੰਧਰ ਦੇ 'ਦੁਆਬਾ ਕਹਾਣੀ ਮੰਚ' ਵਿਚੋਂ ਕਹਾਣੀਕਾਰਾਂ ਦਾ ਜਿਹੜਾ ਗਰੁੱਪ ਉੱਭਰਿਆ, ਭਗਵੰਤ ਰਸੂਲਪੁਰੀ ਉਹਨਾਂ ਵਿਚੋਂ ਘਟ-ਬੋਲਣਾ ਪਰ ਵਧੀਆ ਕਹਾਣੀ ਲਿਖਣ ਵਾਲਾ ਏ। ਪਰ ਹੁਣ ਉਹਦੇ ਨਿੱਜੀ ਹਾਲਾਤ ਈ ਸ਼ਾਇਦ ਅਜਿਹੇ ਹੋ ਗਏ ਨੇ ਕਿ ਕਦੇ ਕਦਾਈ ਈ ਕਹਾਣੀ ਲਿਖਦਾ ਏ। 'ਕੀੜਾ' ਉਹਦੀ ਅਜਿਹੀ ਕਹਾਣੀ ਏ, ਜਿਸ ਤੋਂ ਪਾਤਰਾਂ ਦੇ ਮਨਾਂ ਦੀਆਂ ਕਈ ਕਈ ਗੱਠਾਂ ਤੇ ਕਈ ਕਈ ਪਰਤਾਂ ਇਕੋ ਵਾਰ ਖੁੱਲ੍ਹਣ ਲੱਗ ਪੈਂਦੀਆਂ ਨੇ। ਮੈਂ ਕਿਤੇ ਲਿਖਿਆ ਸੀ ਕਿ ਆਪਣੀਆਂ ਦੋ ਕਹਾਣੀਆਂ 'ਮਰਨ ਰੁੱਤ' ਤੇ 'ਜੜ੍ਹਾਂ' ਨਾਲ ਉਹਨੇ ਦੋ ਕਦਮ ਅੱਗੇ ਵਲ ਪੁੱਟੇ ਨੇ। ਭਗਵੰਤ ਜਦ ਸ਼ੁਰੂ 'ਚ ਮੈਨੂੰ ਮਿਲਿਆ ਸੀ ਤਾਂ ਢਿੱਲਾ ਜਿਹਾ ਲੱਗਿਆ ਸੀ। ਮੇਰਾ ਖਿਆਲ ਸੀ ਕਿ ਸਮਾਂ ਪਾ ਕੇ ਉਹ ਚੁਸਤ ਹੋ ਜਾਵੇਗਾ ਤੇ ਕਹਾਣੀ ਵੀ ਗਰਮ ਜਿਹੀ ਲਿਖੇਗਾ। ਪਰ ਉਹ ਚੁਸਤੀ ਨਾਲ ਬੜੇ ਚਿਰ ਤੋਂ ਪਰਚਾ ਕੱਢ ਰਿਹਾ ਏ ਤੇ ਨਾਲੋਂ ਨਾਲ ਕਹਾਣੀਆਂ ਵੀ ਲਿਖੀ ਜਾ ਰਿਹਾ ਏ। ਉਹਦਾ ਪਰਚਾ ਚੰਗਾ ਹੁੰਦਾ ਏ, ਪਰ ਕਹਾਣੀ ਹਮੇਸ਼ਾ ਮੱਠੀ ਜਿਹੀ ਹੀ ਲਿਖਦਾ ਏ। ਕੀ ਪਤਾ ਸਮਾਂ ਪਾ ਕੇ ਨਵੇਂ ਤਜਰਬਿਆਂ ਨਾਲ ਵਧੀਆਂ ਕਹਾਣੀ ਲਿਖਣ ਲੱਗ ਪਵੇ। ਮੈਨੂੰ ਲੱਗਦਾ ਏ ਕਿ ਦਲਿਤ ਕਹਾਣੀਕਾਰਾਂ ਨੂੰ 'ਦਲਿਕ ਸਾਹਿਤ ਲਹਿਰ' ਨੇ ਮਾਰਿਆ ਏ। ਇਹ ਲਹਿਰਾਂ ਚੰਗਾ ਸਾਹਿਤ ਪੈਦਾ ਹੋਣ 'ਚ ਵੱਡੀ ਰੁਕਾਵਟ ਹੁੰਦੀਆਂ ਨੇ। ਖੈਰ, ਸਮਾਜਿਕ ਤੌਰ 'ਤੇ ਪੱਛੜੇ ਹੋਏ ਮੰਨੇ ਜਾਂਦੇ ਲੋਕਾਂ ਨੂੰ ਆਪਣੇ ਆਪ ਨੂੰ ਉੱਚਿਆਂ ਦੇ ਬਰਾਬਰ ਕਰਨ ਲਈ ਕੁਝ ਨਾ ਕੁਝ ਤਾਂ ਕਰਨਾ ਈ ਪੈਂਦਾ ਏ। ਭਗਵੰਤ ਨੂੰ ਚਾਹੀਦਾ ਏ ਕਿ ਪਰਚਾ ਕੱਢਣਾ ਤਾਂ ਚੰਗਾ ਕੰਮ ਏ, ਪਰ ਇਹਦੇ ਨਾਲ ਨਾਲ ਚੰਗੀ ਕਹਾਣੀ ਲਿਖਣ ਵੱਲ ਵੱਧ ਧਿਆਨ ਦੇਣਾ ਚਾਹੀਦਾ ਏ। ਇਹ ਗੱਲ ਉਹ ਆਪ ਵੀ ਜਾਣਦਾ ਏ। ਉਹਨੂੰ ਆਪ ਨੂੰ ਵੀ ਚੰਗੇ ਸਾਹਿਤ ਦੀ ਪਛਾਣ ਏ। ਪਰ ਇਹ ਕਿਸੇ ਦੇ ਵਸ ਦੀ ਗੱਲ ਤਾਂ ਨਹੀਂ ਹੁੰਦੀ।


ਭਗਵੰਤ ਰਸੂਲਪੁਰੀ

**ਮਨਿੰਦਰ ਕਾਂਗ** : ਇਹ ਬੰਦਾ ਘੱਟ-ਬੋਲਣਾ, ਘੱਟ ਮਿਲਣਸਾਰ ਤੇ ਆਪਣੇ ਆਪ ਨੂੰ ਕਈ 'ਕੁਝ' ਸਮਝਣ ਵਾਲਾ ਸੀ। ਉਹਨੇ ਮੇਰੇ ਪਰਚੇ 'ਚ ਛਪਣ ਦੇ ਬਹੁਤ ਤਰਲੇ ਕੀਤੇ, ਪਰ ਸਫ਼ਲ ਨਾ ਹੋਇਆ। ਪੌਣਾ ਐਡੀਟਰ ਸੁਰਜੀਤ ਹਾਂਸ ਉਹਦੀ ਲਿਖਤ ਦੇ ਸਖਤ ਖਿਲਾਫ਼ ਸੀ। ਫੇਰ ਵੀ ਉਹਨੇ ਕੋਸ਼ਿਸ਼ਾਂ ਜਾਰੀ ਰੱਖੀਆਂ। ਇਕ ਵਾਰ ਉਹ ਮੈਨੂੰ ਕਬੂਤਰ ਰੱਖਣ ਵਾਲਾ ਪਿੰਜਰਾ ਦੇ ਗਿਆ। ਮੈਂ ਚਾਰ ਕਬੂਤਰ ਪਾਲੇ ਹੋਏ ਸਨ। ਸੁਰਜੀਤ ਹਾਂਸ ਨੂੰ ਪਤਾ ਲਗਿਆ ਤਾਂ ਉਹ ਉਹਦੇ ਬਹੁਤ ਖਿਲਾਫ਼ ਬੋਲਿਆ। ਫੇਰ ਕਾਂਗ ਮੈਨੂੰ ਆਪਣੀ ਲੰਮੀ ਕਹਾਣੀ ਦੇ ਗਿਆ। ਮੈਂ ਪੜ੍ਹੀ ਤਾਂ ਮੈਨੂੰ ਚੰਗੀ ਲੱਗੀ, ਪਰ ਸੁਰਜੀਤ ਦੀ ਕੰਧ ਸੀ ਵਿਚਕਾਰ। ਜਦ ਕਾਂਗ ਮਿਲਿਆ ਤਾਂ ਮੈਂ ਉਹਨੂੰ ਦੱਸਿਆ ਕਿ ਕਹਾਣੀ ਮੈਨੂੰ ਚੰਗੀ ਲੱਗੀ ਏ, ਪਰ ਇਹ ਲੰਮੀ ਬਹੁਤ ਏ।

ਫੇਰ ਉਹਦੀ ਓਹੀ ਕਹਾਣੀ (ਕੁੱਤੀ ਵਿਹੜਾ) ਕਾਫੀ ਚਿਰ ਪਿੱਛੋਂ ਕਿਸੇ ਹੋਰ ਪਰਚੇ 'ਚ ਛਪੀ ਤਾਂ ਸਿਆਣੇ ਪਾਠਕਾਂ ਨੂੰ ਜਚ ਗਈ ਸੀ। ਓਸ ਕਹਾਣੀ ਨੇ ਆਪਣਾ ਦਾਬਾ ਮਨਵਾ ਲਿਆ ਸੀ। ਕਾਂਗ ਦੀ ਦੂਜੀ ਕਹਾਣੀ ਵੀ ਸ਼ਾਨਦਾਰ ਮੰਨੀ ਗਈ। ਪਾਠਕ ਜ਼ੁਬਾਨੀ ਗੱਲਾਂ ਕਰਦੇ ਸਨ, ਪਰ ਕੋਈ ਉਹਦੇ ਹੱਕ 'ਚ ਲਿਖਦਾ ਨਹੀਂ ਸੀ। ਏਸ ਗੱਲੋਂ ਕਾਂਗ ਨਿਰਾਸ਼ ਹੋਇਆ। ਉਹ ਇਕ ਦਿਨ ਮੇਰੇ ਕੋਲ ਆਇਆ ਤੇ ਮੈਂ


ਮਨਿੰਦਰ ਕਾਂਗ

ਉਹਦੀ ਕਹਾਣੀ ਕਲਾ ਦੀ ਤਾਰੀਫ ਕੀਤੀ। ... ਫੇਰ ਇਕ ਦਿਨ ਉਹ ਪੰਜਾਬੀ ਸਾਹਿਤਕਾਰਾਂ ਨੂੰ ਕੋਸਦਾ ਏਸ ਦੁਨੀਆਂ ਤੋਂ ਅਚਾਨਕ ਚਲਿਆ ਗਿਆ।

**ਦੇਸ ਰਾਜ ਕਾਲੀ** : ਆਪਣੀ ਉਮਰ ਦੇ ਸਾਹਿਤਕਾਰਾਂ ਵਿਚੋਂ ਦੇਸ ਰਾਜ ਕਾਲੀ ਸਭ ਤੋਂ ਵਧ ਜ਼ਹੀਨ ਬੰਦਾ ਏ। ਉਹ ਮੇਰੇ ਕੋਲੋਂ ਜਿਹੜਾ ਵੀ ਕੁਝ ਚੰਗਾ ਸੁਣਦਾ ਹੁੰਦਾ ਸੀ, ਉਹ ਉਹਨੂੰ ਮੇਰੇ ਨਾਲੋਂ ਵੱਖਰੇ ਅੰਦਾਜ਼ ਵਿਚ ਪੇਸ਼ ਕਰ ਅੱਗੇ ਦੱਸਦਾ ਰਿਹਾ ਏ। ਸ਼ੁਰੂ 'ਚ ਉਹਨੇ ਬਹੁਤ ਸੁਹਣੀਆਂ ਕਹਾਣੀਆਂ ਲਿਖੀਆਂ, ਜਿਹੜੀਆਂ ਮੈਂ 'ਲਕੀਰ' 'ਚ ਛਾਪੀਆਂ ਵੀ। ਮੈਨੂੰ ਕਾਲੀ ਦੀ ਕਹਾਣੀ ਦਾ ਰੰਗ ਰੂਪ ਬਦਲਦਾ ਲੱਗਦਾ ਸੀ। ਫੇਰ ਰੋਟੀ ਕਮਾਉਣ ਦੇ ਚੱਕਰ 'ਚ ਉਹ ਅਖ਼ਬਾਰਾਂ 'ਚ ਵੜ ਕੇ ਆਪਣੀ ਕਲਾ ਗੁਆਨ ਲੱਗ ਪਿਆ ਸੀ। ਮੈਂ ਉਹਨੂੰ ਕਿਹਾ ਵੀ ਸੀ ਕਿ ਅਖ਼ਬਾਰੀ ਬੰਦੇ ਕਦੇ ਵੀ ਸਾਹਿਤਕਾਰ ਨਹੀਂ ਬਣ ਸਕਦੇ। ਪਰ ਕੀ ਪਤਾ ਲੱਗਦਾ ਏ ਰਚਨਾ ਕਰਨ ਦੀ ਕਲਾ ਦੇ ਜਾਗਣ ਤੇ ਸੌਣ ਦਾ। ਕੀ ਪਤਾ ਉਹ ਕੱਲ੍ਹ ਨੂੰ ਮੁੜ ਵਧੀਆਂ ਕਹਾਣੀਆਂ ਲਿਖਣ ਲੱਗ ਜਾਵੇ। ਪਰ ਅਫਸੋਸ ਕਿ ਵਧੀਆ ਕਹਾਣੀਕਾਰ ਪੁੱਠੇ ਕੰਮ 'ਚ ਪੈ ਗਿਆ ਸੀ, ਜਿਥੋਂ ਮੁੜਿਆ ਨਹੀਂ ਜਾ ਸਕਦਾ। ਹੁਣ ਉਹ ਅਖ਼ਬਾਰਾਂ ਲਈ ਲਿਖਦਾ ਏ। ਟੈਲੀਵੀਜ਼ਨ ਅੱਗੇ ਬੋਲਦਾ ਏ। ਫੇਰ ਉਹ ਕਹਾਣੀਆਂ ਨੂੰ ਨਾਟਕੀ ਰੂਪ 'ਚ ਆਪ ਐਕਟਿੰਗ ਕਰ ਕੇ ਨਵੇਂ ਦੋਸਤਾਂ ਅੱਗੇ ਪੇਸ਼ ਕਰਦਾ ਏ ਤੇ ਫੇਰ ਆਪਣੀ ਅਦਾਕਾਰੀ 'ਤੇ ਹੱਸਦਾ ਏ। ਉਹਨੂੰ ਪਤਾ ਹੁੰਦਾ ਕਿ ਉਹ ਕੀ ਕਰ ਰਿਹਾ ਏ?


ਦੇਸ ਰਾਜ ਕਾਲੀ

**ਬਿੰਦਰ ਬਸਰਾ** : ਜਦ ਮੈਂ 'ਲਕੀਰ' ਕੱਢ ਰਿਹਾ ਸੀ ਤਾਂ ਮੈਂ ਬਿੰਦਰ ਦੀਆਂ ਦੋ ਕਹਾਣੀਆਂ ਛਾਪੀਆਂ ਸਨ। ਉਹ ਲਿਖਦਾ ਈ ਕਦੇ ਕਦੇ ਸੀ। ਜਦ ਮੈਂ ਪੁੱਛਦਾ ਕਿ ਕੋਈ ਕਹਾਣੀ ਲਿਖੀ ਤਾਂ ਉਹ ਕਹਿੰਦਾ, "ਉਹ ਮੈਨੂੰ ਯਾਦ ਈ ਨਹੀਂ ਰਹਿੰਦੀ। ਮੈਂ ਇਕ ਮਕਾਨ ਸੁਆਰਣ ਲੱਗਿਆ ਹੋਇਆਂ।" ਉਹ ਮੈਨੂੰ ਮਿਲਣ ਬਿਨਾਂ ਬੁਲਾਏ 'ਤੇ ਈ ਆਉਂਦਾ ਸੀ। ਮੈਂ ਕਹਾਣੀ ਲਿਖਣ ਦੀ ਗੱਲ ਕਰਦਾ ਤਾਂ ਉਹ ਕੋਠਾ ਛੱਤਣ ਦੀ ਗੱਲ ਕਰਦਾ ਸੀ। ਮੈਨੂੰ ਉਹਦੇ ਏਸ ਤਰੀਕੇ 'ਤੇ ਖਿਝ ਆਉਂਦੀ ਸੀ। ਮੈਂ ਚਾਹੁੰਦਾ ਸੀ ਕਿ ਜਾਂ ਤਾਂ ਕਹਾਣੀ ਲਿਖੇ, ਨਹੀਂ ਤਾਂ ਛੱਡ ਕੇ ਪਰੇ ਹੋਵੇ। ਬੰਦਾ ਬਹੁਤ ਮਿੱਠ-ਬੋਲਣਾ ਸੀ, ਏਸ ਲਈ ਮੈਂ ਰੁੱਖਾ ਨਹੀਂ ਸੀ ਹੋ ਸਕਦਾ। ਹੁਣੇ ਉਹਨੂੰ ਕਿਸੇ ਸੰਸਥਾ ਨੇ ਇਕ ਕਹਾਣੀ 'ਤੇ ਵੀਹ ਹਜ਼ਾਰ ਦਾ ਐਵਾਰਡ ਦਿੱਤਾ ਏ। ਜੇ ਇਹ ਕੰਮ ਮੇਰੇ ਹੱਥ ਹੁੰਦਾ ਤਾਂ ਬਿਲਕੁਲ ਨਾ ਦੇਂਦਾ। ਹੁਣ ਉਹਨੇ ਮੁੜ ਕੇ ਕਹਾਣੀ ਨਹੀਂ ਲਿਖਣੀ। ਜਾਂ ਇੰਜ ਕਹੀਏ ਕਿ ਉਸ ਤੋਂ ਲਿਖ ਨਹੀਂ ਹੋਣੀ। ਉਹ ਏਨਾ ਢਿੱਲਾ ਆਦਮੀ ਏ ਕਿ ਗੱਲ ਦੱਸਦਾ ਵੀ ਦੇਰ ਲਾ ਦੇਂਦਾ ਏ। ਪਾਕਿਸਤਾਨ ਦਾ ਇਕ ਉਰਦੂ ਕਵੀ ਏ। ਉਹਦੀ ਮਸ਼ਹੂਰ ਨਜ਼ਮ ਏ, "...ਬਸ ਕੁਛ ਦੇਰ ਕਰ ਦੇਤਾ ਹੂੰ ਮੈਂ।"


ਬਿੰਦਰ ਬਸਰਾ

**ਮੱਖਣ ਮਾਨ** : ਮੱਖਣ ਮਾਨ ਨੂੰ ਮੈਂ ਉਦੋਂ ਤੋਂ ਜਾਣਦਾ ਹਾਂ, ਜਦ ਮੇਰੇ ਘਰ ਦੇ ਨੇੜੇ ਕਿਸੇ ਦੇ ਚੁਬਾਰੇ 'ਚ ਕਿਰਾਏ 'ਤੇ ਰਹਿੰਦਾ ਸੀ। ਉਹ ਪਟਵਾਰੀ ਸੀ। ਮੈਨੂੰ ਉਹਦੇ ਤਕ ਕੋਈ ਕੰਮ ਨਹੀਂ ਸੀ। ਇਹ ਪਤਾ ਨਹੀਂ ਮੈਨੂੰ ਕੋਈ ਕਸਰ ਏ, ਮੈਂ ਹਰ ਨਵੇਂ ਦੋਸਤ ਦਾ ਘਰ ਜ਼ਰੂਰ ਦੇਖਦਾ ਹਾਂ। ਹੁਣ ਉਹ ਰਿਟਾਇਰ ਹੋ ਚੁੱਕਾ ਏ ਤੇ ਮੇਰੇ ਘਰ ਦੇ ਕੋਲ ਸ਼ਾਨਦਾਰ ਕੋਠੀ 'ਚ ਰਹਿੰਦਾ ਏ। ... ਉਹਨੇ ਮੁਢਲੇ ਸਮੇਂ 'ਚ ਇਕ ਨਵੀਂ ਕਹਾਣੀ 'ਕੌੜਾ ਵੱਟਾ' ਲਿਖੀ ਸੀ। ਉਹ ਮੈਂ 'ਲਕੀਰ' ਵਿਚ ਛਾਪੀ ਸੀ। ਉਦੋਂ ਮੈਨੂੰ ਪਤਾ ਨਹੀਂ ਸੀ ਕਿ 'ਕੌੜਾ ਵੱਟਾ' ਕੀ



ਹੁੰਦਾ ਏ। ਮੱਖਣ ਬੰਦੇ ਦੇ ਤੌਰ 'ਤੇ ਬੇਹੱਦ ਚੰਗਾ ਏ। ਮੈਨੂੰ ਕਿਸੇ ਵੀ ਮਹਿਕਮੇ 'ਚ ਕੰਮ ਹੁੰਦਾ ਏ, ਮੈਂ ਉਹਦੀ ਸਹਾਇਤਾ ਨਾਲ ਕਰਵਾਉਂਦਾ ਰਿਹਾ ਹਾਂ।


ਮੱਖਣ ਮਾਨ

ਮੱਖਣ ਦੀਆਂ ਦੋ ਤਿੰਨ ਕਹਾਣੀਆਂ ਮੈਂ ਪੜ੍ਹੀਆਂ ਤਾਂ ਮੈਨੂੰ ਲੱਗਿਆ ਸੀ ਕਿ ਇਹ ਕੰਮ ਇਹਦੇ ਵੱਸ ਦਾ ਨਹੀਂ।

**ਕੁਲਦੀਪ ਸਿੰਘ ਬੇਦੀ** : ਕੁਲਦੀਪ ਸਿੰਘ ਬੇਦੀ ਦੀ ਜਵਾਨੀ ਪੰਜਾਬੀ ਅਖ਼ਬਾਰ 'ਚ ਸਬ-ਐਡੀਟਰੀ ਕਰਦਿਆਂ ਲੰਘੀ ਏ। ਰੀਟਾਇਰ ਹੋ ਗਿਆ ਤਾਂ ਸਾਹਿਤ ਰਚਣ ਲੱਗ ਪਿਆ। ਕੁਝ ਮਹੀਨੇ ਪਹਿਲਾਂ, ਜਦ ਉਹ ਆਪਣੇ ਇਕ ਨਾਵਲ ਤੇ ਇਕ ਕਹਾਣੀ-ਸੰਗ੍ਰਿਹਿ ਦੀਆਂ ਕਿਤਾਬਾਂ ਮੈਨੂੰ ਦੇਣ ਆਇਆ ਸੀ ਤਾਂ ਮੈਂ ਸੋਚਿਆ ਕਿ ਇਹ ਬੰਦਾ ਅਖ਼ਬਾਰਾਂ 'ਚ ਕੰਮ ਕਰਦਾ ਏ ਤੇ ਮੈਂ ਅਖ਼ਬਾਰਾਂ ਵਾਲਿਆਂ ਦੀਆਂ ਲਿਖਤਾਂ ਪੜ੍ਹਦਾ ਨਹੀਂ। ਇਹਦੀਆਂ ਲਿਖਤਾਂ ਇਹਦੇ ਅਖ਼ਬਾਰਾਂ 'ਚ ਈ ਛਪੀਆਂ ਹੋਣਗੀਆਂ। ਮੇਰੇ ਦਿਲ 'ਚ ਅਖ਼ਬਾਰ-ਨਵੀਸਾਂ ਤੇ ਅਖ਼ਬਾਰਾਂ 'ਚ ਛਪੇ ਸਾਹਿਤ ਨਾਲ ਪਹਿਲਾਂ ਈ ਨਫ਼ਰਤ ਸੀ ਤੇ ਹੁਣ ਵੀ ਹੈਗੀ। ਫੇਰ ਵੀ ਮੈਂ ਕੁਲਦੀਪ ਦੀਆਂ ਦੋਵੇਂ ਕਿਤਾਬਾਂ ਫੜ ਕੇ ਰੱਖ ਲਈਆਂ। ਉਹਦੇ ਜਾਣ ਬਾਅਦ ਪੜ੍ਹੀਆਂ। ਮੈਨੂੰ ਹੈਰਾਨੀ ਹੋਈ ਕਿ ਓਸ ਅਖ਼ਬਾਰੀ ਲੇਖਕ ਦੀਆਂ ਕਹਾਣੀਆਂ 'ਚ ਗੰਭੀਰਤਾ ਸੀ। ਮੈਨੂੰ ਉਹਦੀਆਂ ਲਿਖਤਾਂ ਚੰਗੀਆਂ ਲੱਗੀਆਂ। ਉਹਨਾਂ 'ਚ ਜੀਵਨ ਨੂੰ ਦੇਖਣ, ਪਰਖਣ ਤੇ ਸਮਝਣ ਦਾ ਸਲੀਕਾ ਸੀ। ਪਰ ਕਿਤੇ ਕਿਤੇ ਪੱਤਰਕਾਰੀ ਦੀ ਝਲਕ ਵੀ ਲੱਭਦੀ ਸੀ।


ਕੁਲਦੀਪ ਸਿੰਘ ਬੇਦੀ

**ਸੁਰਜੀਤ ਕੌਰ ਚਿਤਰਕਾਰ** : ਚਿਤਰਕਾਰ ਸੁਰਜੀਤ ਕੌਰ ਨਾਲ ਮੇਰੀ ਦੋਸਤੀ ਦਾ ਦਰਜਾ ਸਭ ਤੋਂ ਬੁਲੰਦ ਰਿਹਾ ਏ। ਮੇਰੀ ਜ਼ਿੰਦਗੀ 'ਚ ਉਹਦਾ ਅਮਲ ਦਖਲ ਏਨਾ ਰਿਹਾ ਏ ਕਿ ਮੇਰੀਆਂ ਬਹੁਤੀਆਂ ਕਹਾਣੀਆਂ 'ਤੇ ਉਹਦੀ ਸ਼ਖ਼ਸੀਅਤ ਦੀ ਛਾਪ ਏ। ਏਥੇ ਤਕ ਕਿ ਜਿਨ੍ਹਾਂ ਕਹਾਣੀਆਂ 'ਚ ਔਰਤ ਬਿਲਕੁਲ ਵੱਖਰੇ ਰੂਪ 'ਚ ਆਉਂਦੀ ਏ, ਉਹਦੇ ਵਿਚ ਵੀ ਉਹਦਾ ਕੋਈ ਨਾ ਕੋਈ ਰੂਪ ਵਸਿਆ ਹੁੰਦਾ ਏ। ਸੁਰਜੀਤ ਚਿਤਰਕਾਰ ਸੀ ਤੇ ਕਦੇ ਕਵਿਤਾ ਵੀ ਲਿਖਦੀ ਸੀ, ਪਰ ਮੈਂ ਕੋਈ ਤੀਹ ਕੁ ਕਹਾਣੀਆਂ ਉਹਦੀ ਸਲਾਹ ਨਾਲ ਲਿਖੀਆਂ ਨੇ। ਉਹ ਕਹਾਣੀ ਰਚਣ ਦੇ ਗੁਰ ਜਾਣਦੀ ਸੀ।

ਇਕ ਵਾਰੀ ਕਵਿਤਾ ਲਿਖਣ ਵਾਲੀ ਚਿਤਰਕਾਰ ਸੁਰਜੀਤ ਕੌਰ ਨੇ ਬਹਿਸ ਕਰਦਿਆਂ ਮੈਨੂੰ ਕਿਹਾ ਸੀ, "ਮੈਂ ਤੁਹਾਨੂੰ ਸਭ ਸਮਝਦੀ ਹਾਂ। ਮੈਂ ਤੁਹਾਨੂੰ ਤੀਹਾਂ ਸਾਲਾਂ ਤੋਂ ਜਾਣਦੀ ਹਾਂ।".... ਜਵਾਬ 'ਚ ਮੈਂ ਕਿਹਾ ਸੀ, "ਮੈਡਮ, ਇਹੋ ਭੁਲੇਖਾ ਸਭ ਨੂੰ ਪੈਂਦਾ ਏ। .... ਪਰ ਮੈਂ ਤਾਂ ਏਨੇ ਵਰ੍ਹਿਆਂ 'ਚ ਤੁਹਾਨੂੰ ਅੱਧ-ਚੌਥਾਈ ਵੀ ਨਹੀਂ ਜਾਣ ਸਕਿਆ। ਏਨੇ ਰੰਗ ਬਦਲਦੀ ਰਹੀ ਏ ਤੁਹਾਡੀ ਸ਼ਖ਼ਸੀਅਤ! ਕੋਈ ਇਕ ਰੂਪ ਇਹਦੇ ਮੇਚ ਈ ਨਹੀਂ ਆਉਂਦਾ।"


ਸੁਰਜੀਤ ਕੌਰ

**ਧਰਮਵੀਰ ਭੱਲਾ** : ਏਸ ਨਾਂ ਦਾ ਇਹ ਸਾਡਾ ਯਾਰ ਜਲੰਧਰ ਦਾ ਕਿਤਾਬਾਂ ਵੇਚਣ ਤੇ ਛਾਪਣ ਵਾਲਾ ਧਰਮਵੀਰ ਭੱਲਾ 1955 'ਚ ਮੇਰਾ ਦੋਸਤ ਬਣ ਗਿਆ ਸੀ। ਮੈਂ ਸਤੰਬਰ 1953 'ਚ ਜਲੰਧਰ ਆਇਆ ਸੀ। ਸ਼ਹਿਰ 'ਚ ਮੇਰਾ ਕੋਈ ਵਾਕਿਫ ਨਹੀਂ ਸੀ। ਮੈਂ ਹਰੀ ਸਿਨੇਮਾ ਦੇ ਨੇੜੇ ਐਨਕਾਂ ਦੀ ਇਕ

ਦੁਕਾਨ ਤੋਂ ਆਪਣੀ ਪਹਿਲੀ ਐਨਕ ਬਣਵਾਈ ਸੀ। ਫੇਰ ਚੈੱਕ ਕਰਵਾਓਣ ਲਈ ਜਾਂਦਾ ਰਿਹਾ ਸੀ। ਉਹਨੇ ਕਹਿਣਾ ਵੀਹਾਂ ਕੁ ਮਿੰਟਾਂ ਤਕ ਲੈ ਜਾਣਾ। ਮੈਂ ਹਰੀ ਸਿਨੇਮਾ ਦੇ ਰੰਗੀਨ ਪੋਸਟਰ ਦੇਖਣ ਚਲਿਆ ਜਾਂਦਾ। ਉਹਦੇ ਸਾਹਮਣੇ 'ਇੰਗਲਿਸ਼ ਬੁੱਕ ਡਿੱਪੂ' ਦੀ ਦੁਕਾਨ ਸੀ। ਮੈਂ ਕਦੇ ਕਦੇ ਕਿਤਾਬਾਂ ਦੇਖਣ ਚਲਿਆ ਜਾਂਦਾ। ਇਕ ਦਿਨ ਦੁਕਾਨ ਦੇ ਮਾਲਕ ਧਰਮਵੀਰ ਭੱਲਾ ਨੇ ਮੈਨੂੰ ਪੁੱਛਿਆ, "ਤੁਹਾਨੂੰ ਕਿਹੋ ਜਿਹੀਆਂ ਕਿਤਾਬਾਂ ਚਾਹੀਦੀਆਂ ਨੇ?"

ਮੈਂ ਸਿਰ ਖੁਰਕਦੇ ਨੇ ਕਿਹਾ, "ਤਰੱਕੀ ਪਸੰਦ ਜਿਹੀਆਂ ਹੋਣ।" ...ਉਹ ਹੱਸਿਆ ਤੇ ਫੇਰ ਉਹਨੇ ਕਿੰਨੇ ਈ ਅਗਾਂਹ-ਵਧੂ ਪੰਜਾਬੀ ਅਤੇ ਉਰਦੂ ਲੇਖਕਾਂ ਦੇ ਨਾਂ ਗਿਣਵਾ ਦਿੱਤੇ। ਮੈਂ ਖਰੀਦਣੀ ਤਾਂ ਕੋਈ ਹੈ ਨਹੀਂ ਸੀ, ਮੈਂ ਕਹਿ ਦਿੱਤਾ, "ਮੰਟੋ ਦੀ ਕੋਈ ਦਿਓ ਜਾਂ ਇਸਮਤ ਚੁਗ਼ਤਾਈ ਦੀ।"

"ਮੰਟੋ ਦੀ ਕਿਹੜੀ ਦੇਵਾਂ?" ਉਹਨੇ ਪੁੱਛਿਆ।

"ਤੁਸੀਂ ਕਿਰਾਏ 'ਤੇ ਨਹੀਂ ਦੇਂਦੇ ਕਿਤਾਬਾਂ?"

ਉਹਨੇ ਮੋੜਵਾਂ ਪੁੱਛਿਆ, "ਤੁਸੀਂ ਕਾਮਰੇਡ ਤੇ ਨਹੀਂ? ਜਿਹੜੇ ਮੁਫ਼ਤ ਦੀ ਚਾਹ ਪੀਣ ਲਈ ਦੋਸਤ ਲੱਭਦੇ ਰਹਿੰਦੇ ਨੇ?"

"ਨਹੀਂ ਜਨਾਬ, ਮੈਂ ਤਾਂ ਕੋਈ ਸੁਹਣੀਆਂ ਗੱਲਾਂ ਕਰਨ ਵਾਲਾ, ਸੁਹਣਾ ਜਿਹਾ ਬੰਦਾ ਲੱਭਦਾ ਹਾਂ।"

"ਉਹੋ, ਮੈਂ ਸਮਝ ਗਿਆ। ਤੁਸੀਂ ਲਹੌਰੀਏ 'ਤੇ ਨਹੀਂ, ਪਰ ਰਿਆਸਤੀ ਲੱਗਦੇ ਹੋ?" ਆਖ ਕੇ ਉਹ ਜ਼ੋਰ ਦੀ ਹੱਸਿਆ। ਇਹ ਸਾਡਾ ਰਸਮੀ ਗੱਲਾਂ ਕਰਨ ਦਾ ਆਖਰੀ ਦਿਨ ਸੀ। ਬਾਅਦ 'ਚ ਤਾਂ "ਉਹ ਜਾਹ ਓਏ, ਜੀ. ਬੀ. ਰੋਡੇ ਦੇ ਪਿਛਲੇ ਬਜ਼ਾਰ ਵਾਲਿਆ।"—"ਜਾ ਉਏ ਲਾਹੌਰ ਦਿਆ ਲੌਂਡਿਆ।" ... ਸਭ ਕੁਝ ਚੱਲਦਾ ਸੀ।


**ਰਜਨੀਸ਼ ਬਹਾਦਰ ਸਿੰਘ** : ਰਜਨੀਸ਼ ਬਹਾਦਰ ਸਿੰਘ ਰਹਿਣ ਵਾਲਾ ਤਾ ਜ਼ਿਲ੍ਹਾ ਪਟਿਆਲਾ ਦਾ ਏ, ਪਰ ਉਹਨੇ ਪੰਜਾਬੀ ਦੀ ਐਮ. ਏ. ਕਰ ਕੇ ਜਦ ਨੌਕਰੀ ਦੀ ਭਾਲ਼ ਕੀਤੀ ਤਾਂ ਉਹਨੂੰ ਡੀ. ਏ. ਵੀ. ਕਾਲਜ, ਜਲੰਧਰ 'ਚ ਮੌਕਾ ਲੱਗ ਗਿਆ। ਉਹ ਆਪ ਮਿਹਨਤੀ ਬੰਦਾ ਸੀ ਤੇ ਕਾਲਜ ਵਾਲੇ ਵੀ ਮਿਹਨਤੀ ਭਾਲ਼ਦੇ ਸਨ। ਦੋਹਾਂ ਧਿਰਾਂ ਦੀ ਪਸੰਦ ਰਲ਼ ਗਈ ਤਾਂ ਨੌਕਰੀ ਕੁਝ -ਕੁਝ ਸਾਲ ਲੰਘਾਉਂਦੀ ਖਾਸੀ ਲੰਮੀ ਹੋ ਗਈ। ਬੰਦਾ ਸਿਆਣਾ ਹੋਣ ਕਰ ਕੇ ਕਾਲਜ ਵਾਲਿਆਂ ਨੇ ਪੱਕਾ ਹੀ ਰੱਖ ਲਿਆ। ਰਜਨੀਸ਼ ਬਹਾਦਰ 'ਚ ਇਕ ਗੁਣ ਵਾਧੂ ਏ ਕਿ ਉਹ ਆਪਣੇ ਗਿਆਨ ਨੂੰ ਨਿੱਤ ਨਵਾਂ ਕਰਦਾ ਰਹਿੰਦਾ ਏ। ਉਹਦੀ ਸੋਚ 'ਚ ਖੜੋਤ ਨਹੀਂ ਆਉਂਦੀ।


ਰਜਨੀਸ਼ ਬਹਾਦਰ ਸਿੰਘ

ਜਦ ਪੱਕਾ ਹੋ ਗਿਆ ਤਾਂ ਰਜਨੀਸ਼ ਨੇ ਆਪਣੇ ਲਈ ਮਕਾਨ ਵੀ ਬਣਵਾ ਲਿਆ। ਟੱਬਰ ਵੀ ਲਿਆ ਕੇ ਪੱਕਾ ਜਲੰਧਰੀ ਹੋ ਗਿਆ। ਘਰਵਾਲੀ ਦੇ ਗੁਜਰਨ ਤੇ ਫੇਰ ਰੀਟਾਇਰ ਹੋਣ ਦੇ ਬਾਅਦ ਹੁਣ ਪਿੰਡ ਜਾਣ ਦਾ ਇਰਾਦਾ ਈ ਛੱਡ ਦਿੱਤਾ। ਬੇਟੀ ਬੇਟਾ ਵੀ ਆਪਣੇ ਨਾਲ ਈ ਰੱਖ ਲਏ। ਉਹ ਵੀ ਅੱਧੇ ਜਲੰਧਰੀ ਹੋ ਗਏ।

**ਰਘਬੀਰ ਸਿੰਘ** (**ਸੰਪਾਦਕ**) : ਜਦ ਮੈਂ 1953 'ਚ ਜਲੰਧਰ ਆਇਆ ਤਾਂ ਰਘਬੀਰ ਸਿੰਘ ਪੰਜਾਬੀ ਦੇ ਅਖ਼ਬਾਰ 'ਨਵਾਂ ਜ਼ਮਾਨਾ' ਵਿਚ ਸਿੱਕੇ ਦੇ ਅੱਖਰ ਜੋੜਣ ਦਾ ਕੰਮ ਕਰਦਾ ਸੀ। ਬੰਦਾ ਗਰੀਬ ਤੇ ਮਿਹਨਤੀ ਸੀ, ਏਸ ਲਈ ਤਰੱਕੀ ਕਰਦਾ ਅਖ਼ਬਾਰ 'ਚ ਉਪ-ਸੰਪਾਦਕ ਲੱਗ ਗਿਆ। ਫੇਰ ਲਗਨ ਨਾਲ ਕੰਮ ਕਰਦਾ ਪੰਜਾਬੀ ਦੀ ਐਮ. ਏ. ਕਰ ਲਈ। ਫੇਰ ਉਹਨੂੰ ਲੈਕਚਰਾਰ ਬਨਣ ਦਾ ਮੌਕਾ ਮਿਲ ਗਿਆ। ਤੇ ਫੇਰ ਤਰੱਕੀ ਆਪਣੀ ਮਿਹਨਤ ਨਾਲ ਕੀਤੀ। ਬੰਦਾ ਮਾਰਕਸਵਾਦੀ ਸੋਚ ਵਾਲਾ ਸੀ। ਉਹ ਇਕ ਦੂਜੇ ਦੀ ਸਹਾਇਤਾ ਕਰਦੇ ਸਨ।




ਰਘਬੀਰ ਸਿੰਘ

ਮੈਂ ਆਪਣੇ ਦੋਸਤ ਪਾਰਟੀ ਦੇ ਹੋਲ ਟਾਈਮਰ ਵੇਜਰ ਕਵੀ ਤੇਰਾ ਸਿੰਘ ਚੰਨ ਦੇ ਘਰ ਜਾਂਦਾ ਹੁੰਦਾ ਸੀ। ਚੰਨ ਨੂੰ ਪਾਰਟੀ ਵੱਲੋਂ 30/35 ਰੁਪਏ ਮਹੀਨਾ ਮਿਲਦੇ ਹੁੰਦੇ ਸਨ। ਮੈਂ, ਮਹਿਰਮਯਾਰ ਤੇ ਜਸਵੰਤ ਸਿੰਘ ਵਿਰਦੀ ਦਾ ਗਰੁੱਪ ਚੰਨ ਜੀ ਦੇ ਘਰ ਜਾਇਆ ਕਰਦੇ ਸੀ। ਪਰ ਉਹਦੇ ਘਰ ਚਾਹ ਨਹੀਂ ਸੀ ਪੀਂਦੇ। ਉਹਨੂੰ ਬਾਹਰ ਲਿਆ ਕੇ ਚਾਹ ਪਿਆਇਆ ਕਰਦੇ ਹੁੰਦੇ ਸੀ। ਅਸੀਂ ਤਿੰਨੇ ਨੌਕਰੀ ਕਰਦੇ ਹੁੰਦੇ ਸੀ।

**ਪ੍ਰੀਤਮ** : ਪ੍ਰੀਤਮ ਮੇਰੀ ਨਜ਼ਰ 'ਚ ਵਧੀਆਂ ਕਹਾਣੀਕਾਰ ਸੀ। ਮੈਂ 'ਲਕੀਰ' 'ਚ ਉਹਦੀ ਹਰੇਕ ਨਵੀਂ ਕਹਾਣੀ ਛਾਪੀ ਏ। ਉਹ ਪੰਜਾਹਾਂ ਸਾਲਾਂ ਤੋਂ ਕਹਾਣੀਆਂ ਲਿਖਦਾ ਰਿਹਾ ਸੀ। ਫੇਰ ਜਦ ਉਹ ਰੀਟਾਇਰ ਹੋ ਗਿਆ ਤੇ ਉਹਦੇ ਕੋਲ ਕਮਾਈ ਦਾ ਕੋਈ ਵਸੀਲਾ ਨਹੀਂ ਸੀ ਤਾਂ ਰੋਜ਼ ਮੇਰੇ ਕੋਲ ਆ ਕੇ ਪੁੱਛਦਾ, "ਹੁਣ ਮੈਂ ਕੀ ਕਰਾਂ?" ਮੈਂ ਉਹਨੂੰ ਇਕ ਬਿਰਧ ਆਸ਼ਰਮ 'ਚ ਛੱਡ ਆਇਆ। ਮੈਂ ਹਰ ਹਫ਼ਤੇ ਉਹਨੂੰ ਮਿਲਣ ਜਾਂਦਾ। ਫੇਰ ਜਦ ਉਹ ਦੂਜੇ ਨਵੇਂ ਆਸ਼ਰਮ 'ਚ ਗਿਆ ਤਾਂ ਮੈਂ ਉਥੇ ਜਾਣ ਲੱਗ ਪਿਆ। ਫੇਰ ਇਕ ਵਾਰ ਮੈਂ ਤਰਨਤਾਰਨ ਦੇ ਓਸ ਬਿਰਧ ਘਰ 'ਚ ਇਕ ਰਾਤ ਰਹਿ ਕੇ ਵੀ ਆਇਆ। ਉਥੇ ਮੈਂ ਉਹਦੀ ਵਹੁਟੀ ਵੀ ਦੇਖੀ ਸੀ, ਜਿਹੜੇ ਦੋ ਬੱਚੇ ਛੱਡ ਕੇ ਘਰੋਂ ਨਿੱਕਲ ਗਈ ਸੀ। ... ਪ੍ਰੀਤਮ ਦੀ ਜ਼ਿੰਦਗੀ ਆਪਣੇ ਮੁਢਲੇ ਜੀਵਨ, ਫੇਰ ਵਿਆਹੁਤਾ ਜੀਵਨ ਤੇ ਫੇਰ ਬਿਰਧ ਘਰਾਂ ਦਾ ਜੀਵਨ .....ਏਨੀਆਂ ਕਹਾਣੀਆਂ ਨਾਲ ਭਰਿਆ ਪਿਆ ਸੀ ਕਿ ਮੈਂ ਅਕਸਰ ਉਹਨੂੰ ਕਹਿੰਦਾ ਹੁੰਦਾ ਸੀ ਕਿ ਉਹ ਆਪਣੀ ਜੀਵਨੀ ਲਿਖੇ। ਪਰ ਉਹ ਵਾਰ ਵਾਰ ਵਾਅਦੇ ਕਰ ਕੇ ਵੀ ਨਾ ਲਿਖ ਸਕਿਆ। ਸ਼ਾਇਦ ਆਪਣੇ ਬਾਰੇ ਸੱਚ ਲਿਖਣਾ ਸਭ ਤੋਂ ਔਖਾ ਕੰਮ ਏ। ਨਾਲੇ ਉਹਦੇ ਜੀਵਨ ਦੀਆਂ ਘਟਨਾਵਾਂ ਏਨੀਆਂ ਨਮੋਸ਼ੀ ਵਾਲੀਆਂ ਸਨ ਕਿ ਉਹ ਆਪਣੇ ਆਪ ਦੇ ਨੰਗੇ ਹੋਣ ਤੋਂ ਡਰਦਾ ਸੀ।


ਪ੍ਰੀਤਮ

ਸੰਖੇਪ 'ਚ ਏਨਾ ਹੀ ਲਿਖਣਾ ਕਾਫੀ ਏ ਕਿ ਜਲੰਧਰ ਰਹਿੰਦਿਆਂ ਪ੍ਰੀਤਮ ਮੈਨੂੰ ਪਰਾਈਆਂ ਤੀਵੀਂਆਂ ਨਾਲ ਆਪਣੇ ਸੰਬੰਧਾਂ ਦੀਆਂ ਕਹਾਣੀਆਂ ਦੱਸਦਾ ਰਹਿੰਦਾ ਸੀ। ਉਹ ਆਪਣੀਆਂ ਹੋਈਆਂ ਹਤਕਾਂ ਬਾਰੇ ਵੀ ਦੱਸ ਦੇਂਦਾ ਸੀ। ਕਦੇ ਮੈਨੂੰ ਲੱਗਦਾ ਕਿ ਉਹ ਆਪਣੀ ਜ਼ਿੱਲਤ ਨੂੰ ਵੀ ਜ਼ਿੰਦਗੀ ਦਾ ਸੁਆਦ ਮੰਨਦਾ ਸੀ। ਜੀਹਨੂੰ ਲੁਕਾਣ ਦੀ ਉਹਨੂੰ ਕੋਈ ਲੋੜ ਨਹੀਂ ਸੀ।.... ਉਹ ਮੰਨਦਾ ਸੀ ਕਿ ਪਰਾਈ ਤੀਵੀਂ ਨਾਲ ਪੈਣ ਲਈ ਜੁੱਤੀਆਂ ਖਾਣ ਲਈ ਤਿਆਰ ਰਹਿਣਾ ਪੈਂਦਾ ਏ। ਇਹ ਬੇਇੱਜ਼ਤੀ 'ਓਸ ਸੁਖ ਸੁਆਦ' ਦੇ ਮੁਕਾਬਲੇ 'ਚ ਕੁਝ ਵੀ ਨਹੀਂ ਹੁੰਦੀ?...

**ਸੁਕੀਰਤ** : ਸੁਕੀਰਤ ਰੂਸ 'ਚ ਪੜ੍ਹਿਆ ਤੇ ਯੋਰਪ 'ਚ ਘੁੰਮਿਆ ਗੁੜ੍ਹਿਆ ਹੋਇਆ ਪੱਤਰਕਾਰ ਤੇ ਅਨੁਵਾਦਕ ਏ। ਉਹਦਾ ਦ੍ਰਿਸ਼ਟੀਕੋਣ ਪੰਜਾਬੀ ਸਮਾਜ 'ਚ ਪਹਿਲੇ ਮਾਰਕਸਵਾਦੀਆਂ ਨਾਲੋਂ ਕਾਫੀ ਵੱਖਰਾ ਏ। ਉਹਨੇ ਆਪਣੇ ਜੀਵਨ ਦੇ ਕੁਝ ਦਿਲਚਸਪ ਅਨੁਭਵਾਂ ਨੂੰ ਲਿਖਿਆ ਤਾਂ ਉਹਨੂੰ ਲੱਗਿਆ ਕਿ ਇਹ ਤਾਂ ਕਹਾਣੀਆਂ ਬਣ ਗਈਆਂ। ਉਹ ਕੁਝ ਬਣ ਵੀ ਗਈਆਂ ਸਨ। ਪਰ ਖੁਸ਼ਾਮਦੀਆਂ ਨੇ ਉਹਨੂੰ ਹੋਰ ਕਹਾਣੀ ਲਿਖਣ ਜੋਗਾ ਨਾ ਛੱਡਿਆ। ਪੱਤਰਕਾਰ ਈ


ਸੁਕੀਰਤ

ਰਹਿਣ ਦਿੱਤਾ। ਉਹਨੇ ਕੁਝ ਕਹਾਣੀਆਂ ਸਮਲਿੰਗੀ ਪਿਆਰ ਦੀਆਂ ਵੀ ਲਿਖੀਆਂ। ਜਦ ਕੋਈ ਜ਼ਨਾਨੀ ਦੂਜੀ ਜ਼ਨਾਨੀ ਨਾਲ ਢੁੱਕ ਢੁੱਕ ਬਹਿੰਦੀ ਏ ਤਾਂ ਉਹ ਵੀ ਤਾਂ ਪਿਆਰ ਈ ਕਰ ਰਹੀ ਹੁੰਦੀ ਏ। ਬੰਦੇ ਵੀ ਇਵੇਂ ਕਰਦੇ ਨੇ। ਕਾਮ ਦਾ ਸਾਰਾ ਜਗਤ ਪਿਆਰ ਦਾ ਪ੍ਰਗਟਾਵਾ ਈ ਤਾਂ ਨਹੀਂ ਹੁੰਦਾ, ਵਿਚ ਨਫ਼ਰਤ ਵੀ ਹੁੰਦੀ ਏ। ਹੋਰ ਭਾਵਨਾਵਾਂ ਵੀ ਹੁੰਦੀਆਂ ਨੇ। ਸੁਕੀਰਤ ਨੇ ਉਹ ਵੀ ਲੱਭੀਆਂ।

**ਪ੍ਰੇਮ ਗੋਰਖੀ** : ਗੋਰਖੀ ਮੇਰੇ ਸੰਪਰਕ 'ਚ ਉਦੋਂ ਆਇਆ, ਜਦ ਮੈਂ 'ਲਕੀਰ' ਕੱਢ ਰਿਹਾ ਸੀ। ਭਾਵੇਂ ਉਹਦੇ ਕੰਮ ਦਾ ਮੇਰੇ 'ਤੇ ਭਾਰ ਨਹੀਂ ਸੀ, ਤਾਂ ਵੀ ਮੈਂ ਉਹਨੂੰ ਪਰੂਫ ਰੀਡਰ ਬਨਾਉਣਾ ਚਾਹੁੰਦਾ ਸੀ। ਉਹ ਖਾਲਸਾ ਕਾਲਿਜ'ਚ ਚੌਥੇ ਦਰਜੇ ਦਾ ਕਾਮਾ ਹੁੰਦਾ ਸੀ। ਉਦੋਂ ਗੋਰਖੀ ਦਾ ਨਾਂ 'ਪ੍ਰੇਮ ਨਿਮਾਣਾ' ਸੀ। ਮੈਨੂੰ ਏਨਾ ਕੁ ਈ ਪਤਾ ਲੱਗਿਆ ਕਿ ਭਾਵੇਂ ਉਹ ਕਾਲਜ 'ਚ ਚੌਥੇ ਦਰਜੇ ਦਾ ਕਰਮਚਾਰੀ ਏ, ਪਰ ਉਹ ਗੁਰਮੁਖੀ ਜਾਣਦਾ ਏ ਤੇ ਸਾਹਿਤ ਨੂੰ ਵੀ ਮੂੰਹ ਮਾਰਦਾ ਏ। ਏਸੇ ਕੰਮ ਲਈ ਉਹ ਦੋ ਤਿੰਨ ਵਾਰ ਮੈਨੂੰ ਮਿਲਣ ਮੇਰੇ ਘਰ ਆਇਆ ਸੀ। ਉਹ 'ਲਕੀਰ' ਦੇ ਪਰੂਫ਼ ਪੜ੍ਹਨਾ ਚਾਹੁੰਦਾ ਸੀ।


ਪ੍ਰੇਮ ਗੋਰਖੀ

ਗੋਰਖੀ ਦਾ ਬਾਪ ਖੇਤੀ ਕਰਨ ਵਾਲਿਆਂ ਦੇ ਨਾਲ ਕੰਮ ਕਰਦਾ ਸੀ। ਜਦ ਗੋਰਖੀ ਨੇ 'ਲਕੀਰ' ਦੇ ਕੁਝ ਪਰੂਫ਼ ਪੜ੍ਹੇ ਤਾਂ ਮੈਨੂੰ ਲੱਗਿਆ ਕਿ ਇਹ ਲਗਨ ਨਾਲ ਕੰਮ ਕਰਨ ਵਾਲਾ ਬੰਦਾ ਏ। ਏਸ ਲਗਨ ਦੇ ਪਿੱਛੇ ਉਹਦੇ ਮਨ 'ਚ ਆਪਣੀ ਕਹਾਣੀ 'ਲਕੀਰ' 'ਚ ਛਪਵਾਉਣ ਦੀ ਇਛਾ ਸੀ। ਪਰ ਉਹ ਪੰਜਾਬੀ ਦੇ ਅਖ਼ਬਾਰਾਂ 'ਚ ਪਰੂਫ਼ ਪੜ੍ਹਨ ਲੱਗ ਪਿਆ ਸੀ ਤੇ ਉਸ ਦੀਆਂ ਕਹਾਣੀਆਂ ਪੰਜਾਬੀ ਦੇ ਨਵੇਂ ਅਖਬਾਰਾਂ 'ਚ ਛਪਣ ਲੱਗ ਪਈਆਂ ਸਨ। ਉਹਨਾਂ ਦਿਨਾਂ 'ਚ ਉਹਨੇ 'ਲਕੀਰ' ਲਈ ਮੇਰੀ ਬੜੀ ਸਹਾਇਤਾ ਕੀਤੀ ਸੀ। ਕਦੇ ਕਦੇ ਉਹਦੀ ਕਹਾਣੀ ਵੀ ਛਾਪ ਦੇਂਦਾ ਸੀ। ਮੇਰਾ ਵਿਸ਼ਵਾਸ ਏ ਕਿ ਹਰੇਕ ਬੰਦੇ ਦੇ ਸੰਸਕਾਰ ਉਹਦੀ ਜਾਤ, ਉਹਦੇ ਬਚਪਨ ਦੇ ਅਨੁਭਵਾਂ ਤੇ ਫੇਰ ਉਹਦੀ ਆਪਣੀ ਸੂਝ ਨਾਲ ਬਣਦੇ ਨੇ। ਉਹ ਉਹਦੀ ਸ਼ਖ਼ਸੀਅਤ ਦੀਆਂ ਜੜ੍ਹਾਂ ਹੁੰਦੀਆਂ ਨੇ। ਮੈਂ ਪ੍ਰੇਮ ਗੋਰਖੀ ਤੋਂ ਇਹ ਦੋਵੇਂ ਗੱਲਾਂ ਨਹੀਂ ਜਾਣ ਸਕਿਆ। ਮੇਰੇ ਲਈ ਪ੍ਰੇਮ ਗੋਰਖੀ ਆਮ ਕਹਾਣੀ ਘੜਨ ਵਾਲਾ ਈ ਰਿਹਾ। ਫੇਰ ਇਕ ਸਮਾਂ ਆਇਆ ਜਦ ਇਕ ਹਾਦਸੇ 'ਚ ਉਹਦੇ ਸਿਰ 'ਚ ਸੱਟਾ ਵੱਜੀਆਂ। ਉਹਨੇ ਜੋ ਕੁਝ ਲਿਖਿਆ, ਉਹਦੇ ਵਿਚ ਦਲਿਤਾਂ ਤੇ ਮਜਦੂਰਾਂ ਦੇ ਦੁਖ ਸਨ। ਤੇ ਉਹਦੀ ਯਾਦ-ਦਾਸ਼ਤ ਤੇ ਚੋਖਾ ਮਾੜਾ ਅਸਰ ਪਿਆ। ਮੈਂ ਉਹਨੂੰ ਮਿਲਣ ਚੰਡੀਗੜ੍ਹ ਗਿਆ। ਗੱਲਾਂ ਤੋਂ ਪਤਾ ਲੱਗਿਆ ਕਿ ਉਹਦੀ ਯਾਦ-ਸ਼ਕਤੀ ਉਹਨੂੰ ਧੋਖਾ ਦੇਈਂ ਜਾ ਰਹੀ ਸੀ। ਗਰੀਬ ਆਦਮੀ ਤਾਂ ਬਹੁਤ ਤੰਗ ਹੋ ਜਾਵੇਗਾ। ਮੈਂ ਹੁਣ 90 ਸਾਲ ਟੱਪ ਗਿਆ ਹਾਂ, ਤਾਂ ਵੀ ਮੈਂ ਆਪਣੀ ਲਿਖਤ ਨਾਲ ਚਾਰ ਪੈਸੇ ਕਮਾਉਣ ਦੇ ਜਤਨ ਕਰਦਾ ਰਹਿੰਦਾ ਹਾਂ। ਅਖ਼ਬਾਰ 'ਚ ਕੰਮ ਕਰਨਾ ਤਾਂ ਹੋਰ ਵੀ ਔਖਾ ਹੁੰਦਾ ਏ। ਮੈਂ 26 ਸਾਲ ਕੀਤਾ ਏ।

ਗੋਰਖੀ ਏਸ ਸਮੇਂ ਵਿਚ ਨੂੰ ਦੋ ਵਾਰ ਮੈਨੂੰ ਮਿਲਣ ਲਈ ਮੇਰੇ ਘਰ ਆਇਆ। ਮੈਨੂੰ ਉਹ ਠੀਕ ਲੱਗਿਆ। ਉਹ ਸਿੱਧਾ ਜਿਹਾ ਹੋਣ ਕਰਕੇ ਆਪ ਏਸ ਕਸਰ ਨੂੰ ਗੁਣ 'ਚ ਨਹੀਂ ਸੀ ਬਦਲ ਸਕਿਆ। ਉਹਦੇ 'ਚ ਏਨੀ ਚਲਾਕੀ ਨਹੀਂ ਸੀ ਇਹੋ ਚਲਾਕੀ ਕਹਾਣੀ ਲਿਖਣ ਦੇ ਕੰਮ ਵੀ ਆਉਂਦੀ ਏ। ਏਸ ਕੰਮ ਲਈ ਉਹ ਕਜ਼ਾਕ ਦੀ ਸੰਗਤ ਦਾ ਵੀ ਫਾਇਦਾ ਨਹੀਂ ਸੀ ਉਠਾ ਸਕਿਆ। ਉਂਜ ਗੋਰਖੀ ਦਲਿਤ ਸਾਹਿਤਕਾਰਾਂ 'ਚ ਪਹਿਲੀ ਕਤਾਰ 'ਚ ਗਿਣਿਆ ਜਾਂਦਾ ਏ।



ਮੈਂ ਜਦ ਵੀ 'ਲਕੀਰ' 'ਚ ਦਲਿਤ ਸਾਹਿਤ, ਜਾਂ ਸਾਹਿਤਕਾਰ ਜਾਂ ਦਲਿਤ ਸਾਹਿਤ ਦੀ ਪਰੰਪਰਾ ਬਾਰੇ ਕੋਈ ਲੇਖ ਛਾਪਦਾ ਤਾਂ ਉਹਦੇ ਵਿਚ ਪ੍ਰੇਮ ਗੋਰਖੀ ਦਾ ਨਾ ਮੂਹਰਲੀ ਕਤਾਰ 'ਚ ਰੱਖਿਆ ਜਾਂਦਾ ਸੀ। ਬਹੁਤ ਦਲਿਤ ਲੇਖਕ ਏਸੇ ਮੂਹਰਲੀ ਕਤਾਰ 'ਚ ਧੱਕੇ ਨਾਲ ਵਾੜਨ ਕਰਕੇ ਮਿੱਟੀ 'ਚ ਰੁਲ਼ ਗਏ ਨੇ। ਸਵਰਨਾਂ ਵਿਚੋਂ ਵੱਡੇ ਲੇਖਕਾਂ ਨੇ ਉਹਨਾਂ ਨੂੰ ਆਪਣੇ ਨਾਲ ਮੁਕਾਬਲੇ 'ਚ ਆਉਣ ਈ ਨਹੀਂ ਦਿੱਤਾ। ਏਸੇ ਤਰਸ ਭਾਵਨਾ ਕਰਕੇ ਦਲਿਤ ਸਾਹਿਤ ਬਹੁਤੀਆਂ ਮੱਲਾਂ ਨਹੀਂ ਮਾਰ ਸਕਿਆ। ਗੋਰਖੀ ਵੀ ਪਿੱਛੇ ਹੀ ਖਲੋਤਾ ਰਿਹਾ। ਪਰ ਫੇਰ ਵੀ ਉਹ ਜੋ ਕੁਝ ਵੀ ਬਣ ਸਕਿਆ, ਉਹ ਉਹਦੇ ਵਿੱਤ ਅਨੁਸਾਰ ਠੀਕ ਏ।

**ਸ਼ੇਰ ਜੰਗ ਜਾਂਗਲੀ** : ਸ਼ੇਰ ਜੰਗ ਜਾਂਗਲੀ ਪਿੱਛੋਂ ਰਹਿਣ ਵਾਲਾ ਤਾਂ ਮੋਗੇ ਦਾ ਸੀ, ਪਰ ਉਹ ਸ਼ਾਹਕੋਟ 'ਚ ਸਰਕਾਰੀ ਅਧਿਆਪਕ ਰਿਹਾ ਸੀ। ਫੇਰ ਦੁਆਬੀਆਂ ਦੀ ਰੀਸੀਂ ਇੰਗਲੈਂਡ ਚਲਿਆ ਗਿਆ ਸੀ। ਉਹਨੇ ਕਵਿਤਾ ਤੇ ਕਹਾਣੀ ਵੀ ਲਿਖੀ, ਪਰ ਉਹਦਾ ਨਾਂ ਮਾੜਾ ਮੋਟਾ ਜਿਹੜਾ ਸੀ, ਉਹ ਵਿਅੰਗ ਕਰ ਤੇ ਹਾਸ ਰਸ ਲਈ ਸੀ। ਸੱਚੀ ਗੱਲ ਤਾਂ ਇਹ ਸੀ ਕਿ ਉਹਦੀਆਂ ਆਮ ਗੱਲਾਂ ਵੀ ਹਾਸ ਵਿਅੰਗ ਦੀਆਂ ਹੁੰਦੀਆਂ ਸਨ।


ਜਾਂਗਲੀ

ਉਹ ਜਦ ਵੀ ਦੇਸ ਆਉਂਦਾ, ਮੈਨੂੰ ਜ਼ਰੂਰ ਮਿਲਣ ਆਉਂਦਾ। ਮੈਂ 'ਲਕੀਰ' ਕੱਢਦਾ ਹੁੰਦਾ ਸੀ। ਅਸੀਂ ਅਕਸਰ 'ਸਾਹਿਤ ਦੀਆਂ ਗੱਲਾਂ' ਕਰਦੇ ਹੋਏ ਚਾਹ ਪੀਂਦੇ ਹੁੰਦੇ ਸੀ। ਜੀਹਦੇ ਨਾਲ ਉਹਦੀ ਤੇ ਮੇਰੀ ਅੱਧੀ ਦਿਹਾੜੀ ਲੰਘ ਜਾਂਦੀ ਹੁੰਦੀ ਸੀ। ਉਹ ਆਪਣੀ ਗੱਲ 'ਚ ਵੱਧ ਤੋਂ ਵੱਧ ਵਿਅੰਗ ਤੇ ਹਾਸਾ ਪੈਦਾ ਕਰਦਾ ਪਰ ਹੁੰਦਾ ਮਾੜਾ ਮੋਟਾ ਈ ਸੀ। ਕਿਉਂਕਿ ਉਹਦੀਆਂ ਉਹ ਗੱਲਾਂ ਪਹਿਲਾਂ ਈ ਮੇਰੀਆਂ ਸੁਣੀਆਂ ਹੁੰਦੀਆਂ ਸਨ। ਪਰ ਮੈਂ ਜਦ ਬਰਤਾਨੀਆ 'ਚ ਉਹਦੇ ਘਰ ਗਿਆ ਸੀ ਤਾਂ ਉਹਨੇ ਮੇਰੀ ਬੜੀ ਸੇਵਾ ਕੀਤੀ ਸੀ। ਸਾਰਾ ਦਿਨ ਮੈਨੂੰ ਲਤੀਫ਼ੇ ਸੁਣਾਉਂਦਾ ਰਹਿੰਦਾ ਸੀ।

ਪਰ ਆਖਰੀ ਦਿਨ ਉਹਦੇ ਬੜੇ ਮਾੜੇ ਲੰਘੇ ਸਨ। ਉਹ ਆਪਣੇ ਪਰਿਵਾਰ ਕੋਲੋਂ ਅੱਕ ਕੇ ਜਲੰਧਰ ਆ ਗਿਆ ਸੀ। ਹੁਣ ਉਹ ਲਤੀਫ਼ੇ ਨਹੀਂ ਸੀ ਸੁਣਾਉਂਦਾ, ਆਪਣੇ ਅੰਦਰਲੇ ਦੁੱਖ ਦੱਸਦਾ ਰਹਿੰਦਾ ਸੀ। ਉਹ ਮੇਰੇ ਘਰ ਆ ਕੇ ਮੈਨੂੰ ਆਪਣੇ ਦੁੱਖ ਦੱਸਦਾ ਰੋ ਪੈਂਦਾ ਸੀ। ਮੈਂ ਪੁੱਛਦਾ, "ਰੋਂਦਾ ਕਿਉਂ ਏਂ?" ਉਹ ਕਹਿੰਦਾ, "ਪਤਾ ਨਹੀਂ।" ਫੇਰ ਅੱਖਾਂ ਪੂੰਝ ਕੇ ਕਹਿੰਦਾ, "ਪ੍ਰੇਮ, ਮੈਂ ਹੁਣ ਮਰ ਜਾਣੈ। ਮੇਰਾ ਜਿਉਣ ਨੂੰ ਦਿਲ ਨਹੀਂ ਕਰਦਾ।"

ਜਾਂਗਲੀ ਦਾ ਕੋਈ ਪਤਾ ਨਹੀਂ ਸੀ ਕਿ ਉਹ ਕਿੱਥੇ ਰਹਿੰਦਾ ਏ? ਕਿਸੇ ਹੋਟਲ 'ਚ ਜਾਂ ਕਿਸੇ ਦੇ ਘਰ ਤੇ ਜਾਂ ਸ਼ਾਹਕੋਟ ਚਲਿਆ ਜਾਂਦਾ ਏ। ਇਕ ਵਾਰ ਉਹ ਕਈ ਦਿਨ ਮੈਨੂੰ ਮਿਲਣ ਨਾ ਆਇਆ ਤਾਂ ਮੈਂ ਪਤਾ ਕਰਦਾ ਰਿਹਾ। ਹੋਟਲ ਤਾਂ ਪਤਾ ਲੱਗਿਆ ਕਿ ਜਾਂਗਲੀ ਹੋਟਲ 'ਚ ਨਹੀਂ ਰਿਹਾ। ਫੇਰ ਕਿਸੇ ਨੇ ਉਹਦੇ ਮਰਨ ਦੀ ਦੁਖਦਾਈ ਖ਼ਬਰ ਦੇ ਦਿੱਤੀ।

**ਹਰਜਿੰਦਰ ਸਿੰਘ ਅਟਵਾਲ** : ਜਲੰਧਰ ਇਕ ਤਰ੍ਹਾਂ ਨਾਲ ਸਾਹਿਤ ਦਾ ਅੱਡਾ ਰਿਹਾ ਏ। ਜਿਨ੍ਹਾਂ ਵਿਚ ਲੇਖਕਾਂ ਨਾਲੋਂ ਆਲੋਚਕ ਵੱਧ ਹੁੰਦੇ ਨੇ। ਕਿਉਂਕਿ ਏਥੇ ਕਾਲਿਜ ਬਹੁਤ ਨੇ। ਪੰਜਾਬੀ ਵਿਭਾਗਾਂ ਵਿਚ ਵਿਦਿਆਰਥੀ ਤੇ ਅਧਿਆਪਕ ਬਹੁਤ ਨੇ। ਜਿਨ੍ਹਾਂ ਵਿਦਿਆਰਥੀਆਂ ਤੇ ਵਿਦਿਆਰਥਣਾਂ ਦਾ ਵਿਚਾਰ ਹੁੰਦਾ ਏ ਕਿ ਚਲੋ ਬੀ. ਏ. ਕਰ ਲਓ। ਅੱਗੇ ਦੇਖਾਂਗੇ। ਉਹਨਾਂ ਕਰ ਕੇ ਜਲੰਧਰ ਦੇ ਕਾਲਿਜਾਂ ਵਿਚ ਵੱਧ ਵਿਦਿਆਰਥੀ ਪੜ੍ਹਦੇ ਸਨ। ਏਸੇ ਨਾਂ ਦਾ ਇਕ ਪ੍ਰੋਫੈਸਰ ਖਾਲਸਾ ਕਾਲਜ 'ਚ ਹੁੰਦਾ ਸੀ। ਮੈਂ 'ਲਕੀਰ' ਦੀਆਂ


ਹਰਜਿੰਦਰ ਸਿੰਘ ਅਟਵਾਲ

ਬਹਿਸਾਂ ਵਿਚ ਸ਼ਾਮਲ ਹੋਣ ਲਈ ਉਹਨੂੰ ਬੁਲਾ ਲਿਆ ਕਰਦਾ ਸੀ। ਇਹਦੇ ਨਾਲ ਈ ਮੈਂ ਉਹਦੇ ਕੋਲੋਂ ਇਕ ਵੱਡਾ ਕੰਮ ਇਹ ਲੈਣ ਲੱਗ ਪਿਆ ਸੀ ਕਿ 'ਲਕੀਰ' 'ਚ ਰਿਵਿਊ ਛਪਵਾਓਣ ਲਈ ਹਰ ਵਾਰ ਬਹੁਤ ਸਾਰੀਆਂ ਕਿਤਾਬਾਂ ਆ ਜਾਂਦੀਆਂ ਸਨ। ਪਹਿਲਾਂ ਮੈਂ ਵੱਖ ਵੱਖ ਵਿਦਵਾਨਾਂ ਤੋਂ ਰਿਵਿਊ ਕਰਾਉਂਦਾ ਸੀ। ਫੇਰ ਮੈਨੂੰ ਇਹ ਰਾਹ ਲੱਭ ਪਿਆ ਸੀ ਕਿ ਕਵਿਤਾ ਦੇ ਰਿਵਿਊ ਤਾਂ ਸੁਰਜੀਤ ਹਾਂਸ ਨੇ ਕਰਨੇ ਹੀ ਹੁੰਦਾ ਸੀ, ਮੈਂ ਦੂਜੀਆਂ ਸਾਰੀਆਂ ਕਿਤਾਬਾਂ ਹਰਜਿੰਦਰ ਸਿੰਘ ਅਟਵਾਲ ਨੂੰ ਦੇ ਦੇਂਦਾ ਸੀ। ਮੈਂ ਚਾਹੁੰਦਾ ਸੀ ਕਿ ਕੋਈ ਕਿਤਾਬ ਰਹਿ ਨਾ ਜਾਵੇ ਤੇ ਕਿਸੇ ਵੀ ਲੇਖਕ ਦੇ ਖਿਲਾਫ਼ ਨਾ ਲਿਖਿਆ ਜਾਵੇ। ਕਿਉਂਕਿ ਬਹੁਤੀਆਂ ਕਿਤਾਬਾਂ ਨਵੇਂ ਲੇਖਕਾ ਦੀਆਂ ਹੁੰਦੀਆ ਸਨ। ਅਟਵਾਲ ਸਾਹਿਬ ਕਿਤਾਬਾਂ ਦਾ ਸਾਰਾ ਥੱਬਾ ਚੁੱਕ ਕੇ ਲੈ ਜਾਂਦੇ ਤੇ ਪੰਦਰਾਂ ਦਿਨਾਂ ਦੇ ਅੰਦਰ ਸਾਰੇ ਰਿਵਿਊ ਦੇ ਜਾਂਦੇ।

**ਕੀਰਤੀ ਕੇਸਰ** : ਜਲੰਧਰ 'ਚ ਕਈ ਇਸਤਰੀ ਲੇਖਿਕਾਵਾਂ ਹੋਈਆਂ, ਜਿਨ੍ਹਾ ਬਾਰੇ ਮੇਰੀ ਜਾਣ ਪਛਾਣ ਉਤਲੀ ਜਿਹੀ ਏ। ਪਰ ਕਈ ਬਹੁਤ ਦਬੰਗ, ਸਿਆਣੀਆਂ ਤੇ ਮਰਦਾਂ ਵਾਂਗ ਗੱਲਾਂ ਕਰਨ ਵਾਲੀਆਂ ਸਨ। ਉਹਨਾਂ ਵਿਚੋਂ ਇਕ ਬੀਬੀ ਕੀਰਤੀ ਕੇਸਰ ਸੀ। ਉਹ ਆਲੋਚਕ ਹਿੰਦੀ ਦੀ ਸੀ, ਪਰ ਉਹਦੀ ਸੰਗਤ ਪੰਜਾਬੀ ਲੇਖਕਾਂ ਨਾਲ ਵੀ ਓਨੀ ਈ ਸੀ। ਉਹਦਾ ਪੀਐਚ. ਡੀ. ਦਾ ਵਿਸ਼ਾ ਹਿੰਦੀ ਸਾਹਿਤ ਵਿਚ ਕਾਮ ਦਾ ਵਰਤਾਰਾ ਸੀ, ਪਰ ਉਹਨੂੰ ਪੰਜਾਬੀ ਦੇ ਸਾਹਿਤ ਬਾਰੇ ਵੀ ਓਨੀ ਈ ਦਿਲਚਸਪੀ ਸੀ, ਖਾਸ ਕਰ ਕੇ ਮੇਰੇ ਵਰਗੇ ਖੁੱਲ੍ਹ ਕੇ ਗੱਲਾਂ ਕਰਨ ਵਾਲਿਆਂ ਨਾਲ। ਮੈਂ ਜਦ ਵੀ ਨਾਰੀ ਦੇ ਕਾਮੁਕ ਵਿਹਾਰ ਬਾਰੇ ਕੋਈ ਬਹਿਸ ਕਰਾਉਂਦਾ ਤਾਂ ਕੀਰਤੀ ਨੂੰ ਜ਼ਰੂਰ ਬੁਲਾਉਂਦਾ ਹੁੰਦਾ ਸੀ। ਉਹ ਗੱਲਾਂ ਬਹੁਤ ਸਿਆਣੀਆਂ ਤੇ ਖੁੱਲ੍ਹੀਆਂ ਕਰ ਲੈਂਦੀ ਸੀ। ਮੈਂ ਉਹਨੂੰ 'ਲਕੀਰ' 'ਚ ਬਹੁਤ ਛਾਪਿਆ।

ਜਦ ਉਹ ਬਿਮਾਰ ਜਿਹੀ ਰਹਿਣ ਲੱਗ ਪਈ ਤਾਂ ਮੈਨੂੰ ਬਹੁਤ ਉਦਾਸੀ ਹੋਈ। ਮੈਂ ਉਹਦੀ ਖ਼ਬਰ ਲੈਣ ਉਹਦੇ ਘਰ ਜਾਂਦਾ ਹੁੰਦਾ ਸੀ। ਪਤਾ ਨਹੀਂ ਉਹਨੂੰ ਕੀ ਰੋਗ ਸੀ, ਪਹਿਲਾਂ ਉਹਦਾ ਰੰਗ ਪੱਕਾ ਤੇ ਫੇਰ ਗੂਹੜ੍ਹਾ ਪੱਕਾ ਹੁੰਦਾ ਗਿਆ। ਤੇ ਫੇਰ ਉਹਨੇ ਬਾਹਰ ਨਿੱਕਲਣਾ ਈ ਛੱਡ ਦਿੱਤਾ। ਮੈਂ ਹੁਣ ਵੀ ਉਹਦੀ ਖ਼ਬਰ ਲੈਂਦਾ ਹਾਂ।

**ਜਸਵੰਤ ਕੌਰ ਢਿੱਲੋਂ** : ਇਕ ਬਹੁਤ ਹੀ ਪ੍ਰਤਿਭਾ ਵਾਲੀ ਲੇਖਿਕਾ ਜਸਵੰਤ ਕੌਰ ਢਿੱਲੋਂ ਦਾ ਜ਼ਿਕਰ ਕਰਨ ਮੈਂ ਭੁੱਲ ਈ ਗਿਆ ਸੀ। ਓਹਨਾਂ ਦਿਨਾਂ 'ਚ ਮੈਂ 'ਲਕੀਰ' ਕੱਢਦਾ ਹੁੰਦਾ ਸੀ। ਮੈਂ ਸਵੇਰ ਦੇ ਦਸ ਕੁ ਵਜੇ ਲਕੀਰ ਦੇ ਦਫ਼ਤਰ 'ਚ ਬੈਠਾ ਸੀ। ਮੈਨੂੰ ਉਹਦਾ ਫੋਨ ਆਇਆ ਕਿ ਉਹ ਮੈਨੂੰ ਮਿਲਣਾ ਚਾਹੁੰਦੀ ਏ। ਮੈਂ ਕਿਹਾ ਕਿ ਜਦ ਮਰਜ਼ੀ ਆ ਜਾ। ਪਰ ਉਹ ਆਈ ਦੂਜੇ ਦਿਨ। ਉਹਨੇ ਮੈਨੂੰ ਆਪਣੀਆਂ ਕਵਿਤਾਵਾ ਦਿੱਤੀਆਂ ਤੇ ਇਕ ਕਿਤਾਬ ਵੀ ਦਿੱਤੀ, ਜਿਸ ਵਿਚ ਉਹਦਾ ਨਾਵਲ ਛਪਿਆ ਹੋਇਆ ਸੀ। ਕਵਿਤਾ ਦਾ ਵੀ ਇਕ ਛਪਿਆ ਹੋਇਆ ਪੈਫਲੈਟ ਦਿੱਤਾ।

ਉਹ ਬਹੁਤ ਖ਼ੂਬਸੂਰਤ ਕੁੜੀ ਸੀ। ਉਹ ਕਿਸੇ ਅੰਗ੍ਰੇਜ਼ੀ ਸਕੂਲ 'ਚ ਪੜ੍ਹੀ ਹੋਈ ਸੀ। ਮੈਨੂੰ ਲੱਗਿਆ ਕਿ ਉਹਦੀ ਕਵਿਤਾ ਈ ਅਸਲ ਵਿਚ ਮਾਡਰਨ ਕਵਿਤਾ ਏ। ਜੀਹਦੇ ਵਿਚ ਜੀਵਨ ਦਾ ਸੁਹਜ ਤੇ ਕੁਹਜ ਆਪਣੇ ਆਪਣੇ ਰੂਪਾਂ 'ਚ ਜ਼ਾਹਿਰ ਹੁੰਦੇ ਨੇ। ਕੁਝ ਸਮੇਂ ਦੇ ਬਾਅਦ ਜਦ ਉਹ ਨਾ ਆਈ ਤਾਂ ਮੈਂ ਆਪ ਉਹਦੀ ਖ਼ਬਰ ਲੈਣ ਗਿਆ। ਉਹ ਠੀਕ ਸੀ। ਮੈਂ ਇੰਟਰਵਿਊ ਕੀਤੀ ਤੇ ਆ ਗਿਆ। ਇਹਦੇ ਬਾਅਦ ਉਹ ਏਸ ਜਹਾਨ 'ਚ ਰੁਲ਼ ਤੇ ਗਵਾਚ ਗਈ।




**ਹਰਜੀਤ ਅਟਵਾਲ** : ਇਹ ਹਰਜੀਤ ਮੇਰੇ ਲਈ ਉੱਕਾ ਨਵਾਂ ਸੀ। ਉਹਨੇ ਕਿਸੇ ਸਰਕਾਰੀ ਦਫ਼ਤਰ 'ਚ ਆਪਣੀ ਕਹਾਣੀ ਪੜ੍ਹ ਕੇ ਸੁਣਾਓਣ ਲਈ ਇਕ ਮੀਟਿੰਗ ਬੁਲਾਈ ਸੀ ਤਾਂ ਮੈਂ ਵੀ ਚਲਿਆ ਗਿਆ ਸੀ। ਓਸ ਤਕੜੇ ਭਾਰੇ ਜੁੱਸੇ ਵਾਲਾ ਸੀ, ਪਰ



ਮਿੱਠਾ ਬੋਲਦਾ ਸੀ। ਓਸ ਵਲੈਤੀਏ ਬੰਦੇ ਨੇ ਆਪਣੀ ਕਹਾਣੀ ਸੁਣਾਈ। ਉਹਦੇ ਦੋਸਤਾਂ ਨੇ ਉਹਦੀ ਤਾਰੀਫ ਕੀਤੀ। ਮੈਨੂੰ ਲੱਗਿਆ ਕਿ ਉਹ ਆਪਣੀ ਅਸਲੀ ਰਾਏ ਨਹੀਂ ਦੇ ਰਹੇ। ਕਹਾਣੀਕਾਰ ਵਲੈਤੀ ਏ, ਇਹਨਾਂ ਨੂੰ ਪੀਣ ਦੀ ਝਾਕਣੀ ਹੋਵੇਗੀ। ਉਹਦੀ ਕਹਾਣੀ ਤੋਂ ਮੈਨੂੰ ਲੱਗਿਆ ਕਿ ਹਰਜੀਤ ਅਟਵਾਲ ਨਵਾਂ ਲੇਖਕ ਏ, ਇਹ ਕੁਲਵੰਤ ਸਿੰਘ ਵਿਰਕ ਦੀ ਨਕਲ ਕਰਦਾ ਪਿਆ ਏ, ਵਿਸ਼ੇ ਤੇ ਨਿਭਾਅ ਦੋਹਾਂ ਪੱਖਾਂ ਤੋਂ। ਮੈਂ ਆਪਣੀ ਵਾਰੀ ਆਓਣ 'ਤੇ ਇਹ ਗੱਲ ਕਹਿ ਦਿੱਤੀ ਸੀ। ਜੀਹਦੇ ਨਾਲ ਹਰਜੀਤ ਅਤੇ ਉਹਦੇ ਦੋਸਤਾਂ ਨੂੰ ਤਕਲੀਫ਼ ਹੋਈ ਸੀ। ਮੈਨੂੰ ਵੀ ਲੱਗਿਆ ਕਿ ਮੈਨੂੰ ਨਵੇਂ ਲੇਖਕ ਬਾਰੇ ਗੱਲ ਨਰਮੀ ਨਾਲ ਕਰਨੀ ਚਾਹੀਦੀ ਸੀ।

ਏਥੋਂ ਜਾ ਕੇ ਉਹਨੇ ਨਵਾਂ ਪਰਚਾ ਕੱਢਿਆ, ਪਰਚਾ ਚਲਾਓਣ ਵਾਲਾ ਬੰਦਾ ਲੱਭਿਆ। ਫੇਰ ਉਹਦੇ ਵਿਚ ਆਪਣੇ ਆਪ ਨੂੰ ਕਹਾਣੀਕਾਰ ਸਿੱਧ ਕਰਨਾ ਸ਼ੁਰੂ ਕਰ ਦਿੱਤਾ। ਇਹ ਕੰਮ ਹਾਲੇ ਵੀ ਜਾਰੀ ਏ ਵੀਹ ਕੁ ਸਾਲ ਬਾਅਦ ਵੀ। ... ਉਂਜ ਓਹ ਮਿਲਣ ਵਰਤਣ ਵਾਲਾ ਬੰਦਾ ਏ। ਜੱਟ ਹੋ ਕੇ ਵੀ ਕੂਲਾ ਬੋਲਦਾ ਏ।

**ਜਸਵੰਤ ਕੌਰ** : ਇਹ ਕੁੜੀ ਜਲੰਧਰ ਦੇ ਨੇੜੇ ਦੇ ਇਕ ਪਿੰਡ ਦੀ ਸੀ। ਉਹ ਲਕੀਰ ਪੜ੍ਹ ਕੇ ਮੈਨੂੰ ਚਿੱਠੀਆਂ ਪਾਉਂਦੀ ਹੁੰਦੀ ਸੀ। ਪਰ ਉਹਦੀ ਚਿੱਠੀ 'ਚ ਅੱਧੇ ਸ਼ਬਦ ਅੰਗੇਜ਼ੀ ਦੇ ਹੁੰਦੇ ਸਨ। ਮੈਨੂੰ ਲੱਗਦਾ ਕਿ ਕੋਈ ਬਹੁਤ ਸਿਆਣੀ ਕੁੜੀ ਅੰਗ੍ਰੇਜ਼ੀ ਸਕੂਲ ਦੀ ਪੜ੍ਹੀ ਹੋਈ ਏ। ਕਿਤੇ ਕੋਈ ਉਹਦੀ ਗੱਲ ਦਾਰਸ਼ਨਿਕਾਂ ਵਰਗੀ ਹੁੰਦੀ ਸੀ ਤੇ ਕਦੇ ਪਾਗਲਾਂ ਵਰਗੀ। ਮੈਂ ਉਹਨੂੰ ਫ਼ੋਨ ਕਰ ਕੇ ਕਿਹਾ ਕਿ ਨਜ਼ਮਾਂ ਤੇਰੀਆਂ ਚੰਗੀਆ ਨੇ। ਕਦੇ ਮੈਨੂੰ ਮਿਲ ਵੀ ਜਾਹ।

ਉਹ ਆਈ ਤਾਂ ਦੇਖ ਕੇ ਹੈਰਾਨ, ਉਹ ਬਹੁਤ ਖ਼ੂਬਸੂਰਤ ਸੀ। ਪਰ ਮੈਨੂੰ ਉਹਦੀਆਂ ਮੋਟੀਆਂ ਅੱਖਾਂ ਵਿਚ ਕੁਝ ਹੋਰ ਈ ਦਿੱਸਦਾ ਸੀ। ਇਕ ਦਿਨ ਉਹ ਬਿਨਾਂ ਦੱਸੇ ਅਚਾਨਕ ਆ ਗਈ। ਉਹਦੀ ਸ਼ਕਲ, ਉਹਦੀ ਅਵਾਜ਼ ਤੇ ਝਾਕਣੀ ਮੇਰੀ ਸਮਝ 'ਚ ਨਹੀਂ ਆ ਰਹੀ ਸੀ। ਉਹਨੇ ਮੈਨੂੰ ਆਪਣਾ ਛਪਿਆ ਹੋਇਆ ਨਾਵਲ ਦਿੱਤਾ ਤੇ ਕਿੰਨੀਆਂ ਸਾਰੀਆਂ ਕਵਿਤਾਵਾਂ।

ਮੈਂ ਉਹਦੇ ਜਾਣ ਬਾਅਦ ਪੜ੍ਹੀਆਂ ਤਾਂ ਹੈਰਾਨ ਰਹਿ ਗਿਆ। ਉਹਦਾ ਨਾਵਲ ਕਮਾਲ ਦਾ ਸੀ। ਉਹਦੀ ਸੋਚ ਨਵੀਂ ਸੀ। ਉਹਦੀਆਂ ਕਵਿਤਾਵਾਂ ਦੇ ਵਿਸ਼ੇ ਤੇ ਨਿਭਾ ਵੱਖਰੇ ਸਨ। ਮੈਂ ਉਹਦਾ ਸਾਹਿਤ ਕਈਆਂ ਨੂੰ ਦਿਖਾਇਆ। ਸਭ ਤਾਰੀਫਾਂ ਕਰਦੇ ਰਹੇ। ਮੈਂ ਉਹਦੀਆਂ ਬਹੁਤ ਸਾਰੀਆਂ ਕਵਿਤਾਵਾਂ ਲਕੀਰ 'ਚ ਛਾਪੀਆਂ। ਫੇਰ ਪਤਾ ਨਹੀਂ ਕੀ ਹੋਇਆ ਕਿ ਉਹ ਚੁੱਪ ਤੇ ਅਲੋਪ ਈ ਹੋ ਗਈ।

**ਅਣਹੋਈ ਕਵਿੱਤਰੀ** : ਮੈਂ ਹਾਲੇ 'ਲਕੀਰ' ਕੱਢਦਾ ਸੀ। ਬਹੁਤ ਸਾਰੇ ਕਵੀ ਜਾਂ ਕਹਾਣੀਕਾਰ ਮੈਨੂੰ ਫੋਨ ਕਰਦੇ ਰਹਿੰਦੇ ਸਨ, ਆਪਣੀਆਂ ਰਚਨਾਵਾਂ ਸੁਣਾਓਣ ਲਈ। ਤਾਂ ਜੋ ਉਹ ਲਕੀਰ 'ਚ ਛਪ ਸਕਣ। ਮੈਂ ਖਿਝਦਾ ਨਹੀਂ ਸੀ। ਮੈਨੂੰ ਪਤਾ ਸੀ ਕਿ ਨਵੇਂ ਲਿਖਣ ਵਾਲਿਆਂ ਦਾ ਕੀ ਹਾਲ ਹੁੰਦਾ ਏ। ਉਹਨਾਂ ਵਿਚੋਂ ਇਕ ਫੋਨ ਕਿਸੇ ਸੰਗਾਊ ਕੁੜੀ ਦਾ ਆਇਆ ਕਿ ਅਸੀਂ ਤੁਹਾਨੂੰ ਮਿਲਣ ਆ ਜਾਈਏ? ਮੈਂ ਕਿਹਾ, ਆ ਜਾਓ। ਅੱਧੇ ਘੰਟੇ ਬਾਅਦ ਉਹ ਆਈਆਂ। ਉਹ ਦੋ ਜਣੀਆਂ ਸਨ। ਇਕ ਪਤਲੀ ਤੇ ਆਮ ਜਿਹੀ ਸ਼ਕਲ ਵਾਲੀ ਤੇ ਦੂਜੀ ਭਰੇ ਜਿਸਮ ਵਾਲੀ ਗੋਰੀ ਕੁੜੀ। ਪਤਲੀ ਨੇ ਦੱਸਿਆ ਕਿ ਉਹ ਖਾਲਸਾ ਕਾਲਿਜ 'ਚ ਐਮ. ਏ. ਮੈਥ ਦੀ ਕਰ ਰਹੀਆਂ ਨੇ। ਕਵਿਤਾ ਲਿਖਣਾ ਉਹਨਾਂ ਦਾ ਸ਼ੌਕ ਏ। ਮੈਨੂੰ ਹੁਣ ਉਹਨਾਂ ਦੇ ਨਾ ਯਾਦ ਨਹੀਂ। ਜਦ ਮੈਂ ਕਿਹਾ ਕਿ ਸੁਣਾਓ ਆਪਣੀ ਕਵਿਤਾ ਤਾਂ ਪਤਲੀ ਨੇ ਪੰਜ ਸੱਤ ਵਰਕੇ ਕੱਢ ਲਏ ਤੇ ਸੁਨਾਓਣ ਲੱਗ ਪਈ। ਸੁਣ ਕੇ ਮੈਂ ਹੈਰਾਨ ਹੋਇਆ ਓਸ ਕੁੜੀ ਦੇ ਹੌਸਲੇ 'ਤੇ। ਉਹਦੀਆਂ ਕਵਿਤਾਵਾਂ ਵਿਚ ਇਸਤਰੀ ਤੇ ਪੁਰਖ ਕੇ ਸ਼ਰੀਰਕ ਸਬੰਧ ਬਨਾਓਣ ਤੇ ਬਨਾਓਣ ਦੀ ਚਾਹਨਾ ਦੀਆਂ ਗੱਲਾ ਸਨ। ਦੋ ਨਜ਼ਮਾਂ 'ਚ ਬਣਦੇ ਸੰਬੰਧਾਂ ਵੇਲੇ ਦੀਆਂ ਭਾਵਨਾਵਾਂ ਸਨ। ਗੋਰੀ ਕੁੜੀ ਨੇ ਮੂੰਹ 'ਤੇ ਚੁੰਨੀ ਲੈ ਲਈ ਤੇ ਪਤਲੀ ਬੇਬਾਕੀ ਨਾਲ ਸੁਣਾਈ ਗਈ। ਮੈਂ ਉਹਨੂੰ ਰੋਕ ਦਿੱਤਾ ਤੇ ਕਿਹਾ ਕਿ ਤੂੰ ਪੰਜਾਬੀ ਦੀਆਂ ਹੋਰ ਕਵਿਤਾਵਾਂ ਪੜ੍ਹ। ਇਹ ਵੀ ਚੰਗੀਆਂ ਨੇ। ਪਰ ਹੋਰ ਕੁਝ ਸਿੱਖ। (**ਸੰਪਰਕ-62842-64983**)

**(ਇਸ ਲੇਖ ਦੀਆਂ ਤਸਵੀਰਾਂ ਸੰਪਾਦਕ ਵੱਲੋਂ ਖਿੱਚੀਆਂ ਤੇ ਇਕੱਤਰ ਕੀਤੀਆਂ ਗਈਆਂ ਹਨ।**



## ਕਹਾਣੀ / ਅੱਗ ਦੀ ਸਾਂਝ / - ਪਰਵੇਜ਼ ਸੰਧੂ

ਜੈਨੀ ਦੀ ਗੱਲ ਜਿਵੇਂ ਸਿੱਧੀ ਤੀਰ ਵਾਂਗ ਉਹਦੇ ਸੀਨੇ ਨਾਲ ਖਹਿ ਕੇ ਲੰਘ ਗਈ। ਹਾਲਾਂਕਿ ਉਹਨੇ ਇਹ ਗੱਲ ਨਾ ਕਦੇ ਸੋਚੀ ਸੀ, ਨਾ ਕਦੇ ਸੁਣੀ ਸੀ...ਪਰ ਗੱਲ ਉਹਦੇ ਮੱਥੇ ਵਿੱਚ ਸਵਾਲ ਬਣ ਕੇ ਲਟਕ ਗਈ ਸੀ। ਪਲ਼ ਭਰ ਲਈ ਹੈਰਾਨੀ ਜਿਹੀ ਵਿੱਚ ਸੁੱਖਾਂ ਦੀ ਜੀਭ ਤਾਲੂਏ ਨਾਲ ਜੁੜ ਗਈ ਜਾਪੀ ਸੀ।

"ਐਂ ਵੀ ਹੁੰਦਾ ਭਲਾ ?...ਪਹਿਲਾਂ ਤਾਂ ਇਹ ਗੱਲ ਕਦੇ ਸੁਣੀ ਨਈਂ ਸੀ...ਸਹੇਲੀਆਂ 'ਕੱਠੀਆਂ ਬਹਿ ਕੇ ਬਥੇਰਾ ਗੰਦ ਬਕਦੀਆਂ ਰਹਿੰਦੀਆਂ ਨੇ...ਕਿੰਨਾ ਕੁਝ ਲੁੱਚਾ-ਗੜੁੱਚਾ ਸਾਂਝਾ ਕਰ ਲੈਂਦੀਆਂ ਨੇ ਪਰ ਆਹ ਗੱਲ ਤਾਂ ਅੱਜ ਪਹਿਲੀ ਵਾਰ ਸੁਣੀ ਐ...ਤੀਵੀਂ ਆਦਮੀ ਦਾ ਰਿਸ਼ਤਾ ਕਿਤੇ ਇੱਕ ਥਾਂ 'ਤੇ ਆ ਕੇ ਤਾਂ ਨਈਂ ਰੁਕ ਸਕਦੈ...ਥਾਂ-ਥਾਂ ਤੁਰੇ ਫਿਰਨ ਨੂੰ ਰਿਸ਼ਤਾ ਤਾਂ ਨਹੀਂ ਕਹਿ ਸਕਦੇ।"

ਸੁੱਖਾਂ ਨੇ ਆਪਣੇ ਆਪ ਨੂੰ ਕਈ ਸਵਾਲ ਕੀਤੇ ਪਰ ਉਹਦੇ ਕੋਲ਼ ਆਪਣੀਆਂ ਹੀ ਗੱਲਾਂ ਦੇ ਜਵਾਬ ਨਹੀਂ ਸਨ। "ਚਗਲ ਕਿਸੇ ਥਾਂ ਦੀ ਨਿਖਸਮੀ ਗੰਦੀ ਔਰਤ...।"

ਸੁੱਖਾਂ ਦਾ ਦਿਲ ਕੀਤਾ ਸੀ ਕਿ ਉਹ ਜੈਨੀ ਨੂੰ ਮੂੰਹ ਭਰ ਕੇ ਗਾਲ੍ਹਾਂ ਕੱਢੇ ਪਰ ਉਸ ਵੇਲ਼ੇ ਉਹਨੂੰ ਕੋਈ ਢੁੱਕਵੀਂ ਗਾਲ੍ਹ ਨਹੀਂ ਸੀ ਸੁੱਝ ਰਹੀ...ਜਾਂ ਸ਼ਾਇਦ ਅੱਜ ਜੈਨੀ ਦੀਆਂ ਗੱਲਾਂ ਉਹਨੂੰ ਸਮਝ ਹੀ ਨਹੀਂ ਸੀ ਆਈਆਂ। ਉਂਜ ਸੁੱਖਾਂ ਦੀ ਆਦਤ ਜਿਹੀ ਬਣ ਗਈ ਸੀ ਉਹ ਹਰ ਰੋਜ਼ ਦੋ-ਚਾਰ ਵਾਰ ਜੈਨੀ ਨੂੰ ਅੰਦਰੋਂ-ਅੰਦਰ ਬੁਰਾ ਭਲਾ ਜ਼ਰੂਰ ਕਹਿ ਲੈਂਦੀ। ਮੂੰਹ 'ਤੇ ਉਹਨੇ ਜੈਨੀ ਨੂੰ ਕਦੇ ਕੁਝ ਨਹੀਂ ਸੀ ਕਿਹਾ ਪਰ ਜੈਨੀ ਦੀਆਂ ਕਈ ਆਦਤਾਂ ਉਹਨੂੰ ਚੰਗੀਆਂ ਨਹੀਂ ਸੀ ਲੱਗਦੀਆਂ। ਇਕੱਲੀ ਸੁੱਖਾਂ ਨੇ ਨਹੀਂ, ਉਹਦੇ ਨਾਲ ਕੰਮ ਕਰਨ ਵਾਲ਼ੇ ਸਾਰੇ ਹੀ ਪਿੱਠ ਪਿੱਛੇ ਜੈਨੀ ਦੀ ਚੁਗਲੀ ਜ਼ਰੂਰ ਕਰਦੇ ਤੇ ਬੁਰਾ ਭਲਾ ਕਹਿੰਦੇ। ਸਾਰੀ ਕੰਪਨੀ ਵਾਲ਼ੇ ਜੈਨੀ ਦੇ ਕਰੈਕਟਰ ਨੂੰ ਚੰਗਾ ਨਹੀਂ ਸੀ ਸਮਝਦੇ।



ਛੋਟੀ ਜਿਹੀ ਤਾਂ ਕੰਪਨੀ ਹੈ, ਜਿੱਥੇ ਮਸਾਂ ਦੋ ਕੁ ਸੌ ਬੰਦੇ ਕੰਮ ਕਰਦੇ ਨੇ ਤੇ ਸਿਰਫ਼ ਇਹ ਦਸ ਕੁ ਔਰਤਾਂ ਨੇ। ਸਾਰੇ ਇੱਕ ਦੂਜੇ ਨੂੰ ਇਉਂ ਜਾਣਦੇ ਨੇ ਜਿਵੇਂ ਇੱਕ ਪਿੰਡ ਦੇ ਜਾਂ ਮੁਹੱਲੇ 'ਚ ਨੇੜੇ-ਨੇੜੇ ਰਹਿੰਦੇ ਗੁਆਂਢੀ ਜਾਣਦੇ ਹੋਣ। ਸੁੱਖਾਂ ਚਾਰ ਕੁ ਸਾਲ ਪਹਿਲਾਂ ਇਥੇ ਕੰਮ ਲੱਭਦੀ ਆਈ ਤੇ ਇਸੇ ਫ਼ੈਕਟਰੀ ਦੀ ਹੋ ਕੇ ਰਹਿ ਗਈ ਸੀ। ਜੌਬ ਕਰਨਾ ਇਹਦੀ ਜ਼ਰੂਰਤ ਨਹੀਂ ਸੀ ਪਰ ਜਿਸ ਦਿਨ ਦੇ ਦੋਵੇਂ ਮੁੰਡੇ ਘਰੋਂ ਬਾਹਰ ਨੌਕਰੀਆਂ ਕਰਨ ਚਲੇ ਗਏ ਸਨ, ਉਸ ਦਿਨ ਤੋਂ ਸੁੱਖਾਂ ਨੂੰ ਡਿਪਰੈਸ਼ਨ ਜਿਹਾ ਹੋਣ ਲੱਗ ਪਿਆ ਸੀ। ਘਰ ਤਾਂ ਜਿਵੇਂ ਉਹਨੂੰ ਵੱਢ-ਵੱਢ ਖਾਂਦਾ ਸੀ। ਵੱਡੇ ਮੁੰਡੇ ਨੇ ਵਿਆਹ ਕਰਨ ਤੋਂ ਸਾਫ਼ ਜਵਾਬ ਦੇ ਦਿੱਤਾ ਸੀ। ਜਦ ਕਦੇ ਵੀ ਉਹਦੇ ਵਿਆਹ ਦੀ ਗੱਲ ਚਲਾਉਂਦੇ ਤਾਂ ਉਹ ਮੂਹਰਿਉਂ ਕਦੇ ਸਿੱਧਾ ਜਵਾਬ ਨਾ ਦਿੰਦਾ।

"ਮਾਂ ਬਚਪਨ 'ਚ ਬਥੇਰਾ ਲੜਾਈ ਝਗੜਾ ਵੇਖ ਲਿਆ...ਕਦੇ ਤੇਰੇ ਤੇ ਡੈਡ ਵਿੱਚ ਤੇ ਕਦੇ ਦਾਦੀ ਤੇ ਭੂਆ ਹੁਰਾਂ ਨਾਲ...ਮੈਂ ਇਨ੍ਹਾਂ ਝਗੜਿਆਂ 'ਚ ਨਈਂ ਪੈਣਾ...ਆਈ ਵਾਂਟ ਪੀਸ ਇਨ ਮਾਈ ਲਾਈਫ।"

ਛੋਟਾ ਮੁੰਡਾ ਵੀ ਨੌਕਰੀ ਦੀ ਭਾਲ਼ ਵਿੱਚ ਦੂਜੇ ਸ਼ਹਿਰ ਗਿਆ, ਮੁੜ ਕੇ ਪੰਦਰੀਂ-ਵੀਹੀਂ ਦਿਨੀਂ ਪ੍ਰਾਹੁਣਿਆਂ ਵਾਂਗ ਆਉਂਦਾ। ਭਾਂਅ-ਭਾਂਅ ਕਰਦਾ ਐਨਾ ਵੱਡਾ ਘਰ ਖਾਣ ਨੂੰ ਆਉਂਦਾ। ਸੁੱਖਾਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਬੀਤਿਆ ਵਕਤ ਕਿਵੇਂ ਮੋੜ ਕੇ ਲਿਆਵੇ। ਜਾਣੇ-ਅਣਜਾਣੇ 'ਚ ਸਾਰਾ ਟੱਬਰ ਹੀ ਇਸ ਦਾ ਕਸੂਰਵਾਰ ਸੀ ਪਰ ਉਹ ਆਪਣੇ-ਆਪ ਨੂੰ ਵੱਧ ਕਸੂਰਵਾਰ ਸਮਝਣ ਲੱਗ ਪਈ ਸੀ। ਆਖ਼ਿਰ ਮਾਂ ਸੀ, ਮਾਂ ਨੂੰ ਤਾਂ ਸਮਝਣਾ ਚਾਹੀਦਾ ਸੀ ਪਰ ਉਹ ਵੀ ਕੀ ਕਰਦੀ, ਆਪ ਵੀ ਤਾਂ ਜੁਆਕੜੀ ਜਿਹੀ ਹੀ ਸੀ, ਚੱਜ ਨਾਲ ਬੱਚੇ ਪਾਲਦੀ ਜਾਂ ਫੇਰ ਆਪਣੀ ਲੜਾਈ ਲੜਦੀ।

ਉਂਜ ਬੱਚੇ ਚੰਗੇ ਨਿੱਕਲ਼ੇ ਸਨ। ਕੋਈ ਸ਼ਰਾਬ ਨਹੀਂ, ਕੋਈ ਨਸ਼ਾ ਨਹੀਂ, ਚੰਗੇ ਪੜ੍ਹ-ਲਿਖ ਕੇ ਸੋਹਣੀਆਂ ਨੌਕਰੀਆਂ 'ਤੇ ਜਾ ਲੱਗੇ ਸਨ ਪਰ ਸੁੱਖਾਂ ਨੂੰ ਦਾਦੀ ਬਣਨ ਦਾ ਚਾਅ ਸੀ ਤੇ ਜੇ ਘਰ ਨਿੱਕੇ ਬੱਚੇ ਹੁੰਦੇ, ਉਹਨੂੰ ਕੰਮ ਕਰਨ ਦੀ ਲੋੜ ਵੀ ਨਹੀਂ ਸੀ। ਪਰ ਉਹਨੂੰ ਡਿਪਰੈਸ਼ਨ ਨੇ ਅਜਿਹਾ ਘੇਰਿਆ ਕਿ ਉਹਦਾ ਆਪਣਾ ਘਰ ਹੀ ਉਹਨੂੰ ਓਪਰਾ ਜਿਹਾ ਲੱਗਣ ਲੱਗ ਪਿਆ ਸੀ। ਘਰੇ ਵਿਹਲੀ ਬੈਠੀ ਉਹ ਆਪਣੇ ਆਪ ਨੂੰ ਬੋਝ ਜਿਹਾ ਸਮਝਣ ਲੱਗ ਪਈ ਸੀ। ਸੁਰਜਣ ਨੇ ਵਥੇਰਾ ਕਿਹਾ ਸੀ, "ਕਮਲੀਏ, ਹੁਣ ਕੰਮ ਦੀ ਕੋਈ ਲੋੜ ਨਈਂ...ਬਾਬੇ ਨੇ ਬਹੁਤ ਕੁਝ ਦਿੱਤਾ ਹੋਇਐ...ਘਰ ਬੈਠ ਕੇ 'ਰਾਮ ਕਰ...ਜਿੱਦਣ ਦੀ ਜਹਾਜ਼ੋਂ ਉੱਤਰੀ ਏਂ, ਕੰਮ ਈ ਕੰਮ ਕਰਦੀ ਰਹੀ ਏਂ।"

ਪਰ ਸੁੱਖਾਂ ਨੂੰ ਪਤਾ ਸੀ ਕਿ ਉਹਦੇ ਅੰਦਰਲਾ ਖ਼ਾਲੀਪਨ ਉਹਨੂੰ ਅੰਦਰੋਂ ਅੰਦਰ ਹੌਲ਼ੀ-ਹੌਲ਼ੀ ਮਾਰ ਰਿਹਾ ਸੀ। ਇਹ ਗੱਲ ਉਹ ਕਿਸੇ ਨੂੰ ਦੱਸਦੀ ਨਹੀਂ ਸੀ ਕਿਉਂਕਿ ਕਿਸੇ ਨੇ ਉਹਨੂੰ ਸਮਝਣਾ ਵੀ ਨਹੀਂ ਸੀ ਤੇ ਦੱਸਦੀ ਵੀ ਕੀ? ਉਹਨੂੰ ਤੇ ਆਪ ਵੀ ਨਹੀਂ ਸੀ ਪਤਾ ਕਿ ਉਹਨੂੰ ਹੋਇਆ ਕੀ ਹੈ? ਇਸ ਫ਼ੈਕਟਰੀ ਵਿੱਚ ਅੱਠ ਘੰਟੇ ਕੰਮ ਕਰ ਕੇ ਉਹ ਘਰ ਜਾਂਦੀ, ਉਹਦੇ ਡਿਪਰੈਸ਼ਨ ਨੂੰ ਕੁਝ ਰਾਹਤ ਮਿਲਦੀ ਜਾਂ ਫੇਰ ਉਹਦਾ ਵਕਤ ਲੋਕਾਂ ਵਿੱਚ ਵਿਚਰਨ ਕਰ ਕੇ ਜਰਾ ਸੋਹਣਾ ਬੀਤ ਜਾਂਦਾ ਸੀ। ਪਰ ਉਹਨੇ ਸਾਲਾਂ ਤੋਂ ਕਦੇ ਰਾਤ ਦੀ ਨੀਂਦ ਨੂੰ ਰੱਜ ਕੇ ਨਹੀਂ ਸੀ ਮਾਣਿਆ।

ਪਤਾ ਨਹੀਂ ਉਹਦੇ ਅੰਦਰ ਇਹ ਕਿਹੜਾ ਖ਼ਲਾਅ ਸੀ, ਜਿਹੜਾ ਨਾ ਸਮਝ ਆਉਂਦਾ ਸੀ, ਨਾ ਭਰਿਆਂ ਹੀ ਭਰਦਾ ਸੀ। ਖਬਰੇ ਕਿੰਨੇ ਸਾਲ ਹੋ ਗਏ ਸੀ, ਉਹ ਕਦੇ ਰੂਹ ਭਰ ਕੇ ਸੁੱਤੀ ਨਹੀਂ ਸੀ। ਕਈ ਵਾਰ ਨੀਂਦ ਦੀ ਗੋਲ਼ੀ ਅੰਦਰ ਸੁੱਟ ਕੇ ਉਹ ਘੂਕ ਸੌਂਦੀ ਨਹੀਂ ਤਾਂ ਨੀਂਦ ਨਾਲ ਜਿਵੇਂ ਉਹਦਾ ਕੋਈ ਪਿਛਲੇ ਜਨਮ ਦਾ ਵੈਰ ਹੀ ਸੀ। ਕਿਸੇ ਨੂੰ ਸਮਝ ਨਹੀਂ ਸੀ ਆਉਂਦਾ ਕਿ ਉਹਦੇ ਡਿਪਰੈਸ਼ਨ ਦਾ ਕਾਰਨ ਕੀ ਸੀ। ਸੁਖ ਨਾਲ ਘਰ-ਬਾਰ, ਬੱਚੇ ਤੇ ਪੈਸੇ ਵੱਲੋਂ ਉਹਨੂੰ ਕੋਈ ਤੰਗੀ ਨਹੀਂ ਸੀ।

ਜਦੋਂ ਬੱਚੇ ਛੋਟੇ ਸੀ ਤਾਂ ਉਨ੍ਹਾਂ ਦੋਵਾਂ ਜੀਆਂ ਨੇ ਬਥੇਰਾ ਕੰਮ ਕੀਤਾ ਸੀ ਤੇ ਜਦੋਂ ਦੇ ਸੁਰਜਣ ਨੇ ਪੰਦਰਾਂ-ਵੀਹ ਟਰੱਕ ਪਾ ਲਏ ਸੀ ਤਾਂ ਸੁੱਖਾਂ ਵੀ ਕੰਮ ਛੱਡ ਕੇ ਘਰ ਬੈਠ ਗਈ ਸੀ ਤੇ ਉਦੋਂ ਹੀ ਉਹਦਾ ਡਿਪਰੈਸ਼ਨ ਸ਼ੁਰੂ ਹੋਇਆ ਸੀ। ਉਹਨੂੰ ਆਪਣਾ ਆਪ ਹਮੇਸ਼ਾ ਖ਼ਾਲੀ ਖ਼ਾਲੀ ਜਿਹਾ ਜਾਪਦਾ। ਉਹਦੀ

ਜ਼ਿੰਦਗੀ ਜਿਵੇਂ ਰੱਸੀ ਨਾਲ ਬੰਨ੍ਹੇ ਜਾਨਵਰ ਜਿਹੀ ਸੀ...ਸੋਫ਼ੇ ਤੋਂ ਰਸੋਈ ਤੱਕ ਤੇ ਰਸੋਈ ਤੋਂ ਬੈੱਡਰੂਮ ਤੱਕ...।

ਬੈੱਡਰੂਮ ਦਾ ਖ਼ਿਆਲ ਆਉਂਦਿਆਂ ਹੀ ਜੈਨੀ ਦੀ ਗੱਲ ਮੁੜ ਉਹਦੇ ਅੰਦਰ ਛਿਲਤ ਵਾਂਗ ਚੁੱਭ ਗਈ। ਉਹ ਖ਼ਿਆਲਾਂ ਨੂੰ ਝਟਕਦੀ ਕਾਹਲ਼ੀ ਨਾਲ ਉੱਠੀ। ਜੈਨੀ ਕਦੋਂ ਦੀ ਲੰਚ ਰੂਮ ਵਿੱਚੋਂ ਨਿੱਕਲ਼ ਕੇ ਵੇਅਰ ਹਾਊਸ ਦਾ ਵੱਡਾ ਗੇਟ ਪਾਰ ਕਰ ਚੁੱਕੀ ਸੀ ਤੇ ਬਾਕੀ ਦੇ ਵਰਕਰ ਵੀ ਆਪੋ ਆਪਣੀਆਂ ਥਾਵਾਂ ’ਤੇ ਜਾ ਖਲੋਤੇ ਸੀ। ਸੁੱਖਾਂ ਨੇ ਕਾਹਲ਼ੀ ਨਾਲ ਆਪਣਾ ਲੰਚ ਬਾਕਸ ਬੰਦ ਕੀਤਾ ਤੇ ਤੇਜ਼ ਕਦਮੀਂ ਆਪਣੀ ਮਸ਼ੀਨ ਵੱਲ ਤੁਰ ਪਈ।

“ਖਸਮਾਂ ਨੂੰ ਖਾਣੀ ਅੱਧੇ ਘੰਟੇ ਦੀ ਬ੍ਰੇਕ ਝੱਟ ਮੁੱਕ ਜਾਂਦੀ ਆ।”

ਉਹਨੇ ਘੜੀ ਵੱਲ ਦੇਖ ਕੇ ਆਪਣੇ ਨਾਲ ਗਿਲਾ ਜਿਹਾ ਕੀਤਾ। ਵੇਅਰ ਹਾਊਸ ਦਾ ਵੱਡਾ ਦਰਵਾਜ਼ਾ ਪਾਰ ਕਰਦੀ ਨੂੰ ਫੋਰਕ ਲਿਫ਼ਟ ’ਤੇ ਆਉਂਦੇ ਜਿੰਮ ਨੇ ਉਹਨੂੰ ਸੀਟੀ ਮਾਰੀ। ਉਹਦਾ ਖਿੜਖਿੜਾ ਕੇ ਹਾਸਾ ਨਿੱਕਲ਼ ਗਿਆ ਤੇ ਨਾਲ਼ੇ ਹੀ ਜਿੰਮ ਵੀ ਹੱਸ ਪਿਆ। ਤੁਰੀ ਜਾਂਦੀ ਨੇ ਸੋਚਿਆ ਕਿ ਜੇ ਇਹੀ ਸੀਟੀ ਉਹਨੂੰ ਕਿਸੇ ਇੰਡੀਅਨ ਨੇ ਮਾਰੀ ਹੁੰਦੀ ਤਾਂ ਉਹਨੇ ਜੁੱਤੀ ਲਾਹ ਲੈਣੀ ਸੀ ਪਰ ਜਿੰਮ ਤਾਂ ਹਰ ਰੋਜ਼ ਉਹਦੇ ਨਾਲ ਇਉਂ ਹੀ ਕਰਦਾ ਹੈ, ਪਰ ਹੁਣ ਤਾਂ ਸੁੱਖਾਂ ਨੇ ਵੀ ਕਦੇ ਗਿਲਾ ਨਹੀਂ ਸੀ ਕੀਤਾ।

ਜਦੋਂ ਉਹ ਨਵੀਂ-ਨਵੀਂ ਇੰਡੀਆ ਤੋਂ ਆਈ ਸੀ ਤਾਂ ਉਹਨੂੰ ਇਹ ਗੱਲਾਂ ਬਹੁਤ ਅਜੀਬ ਲੱਗਦੀਆਂ ਸੀ ਪਰ ਹੁਣ ਤਾਂ ਇਹ ਗੱਲਾਂ ਉਹਦੇ ਲਈ ਆਮ ਜਿਹੀਆਂ ਸੀ। ਸੁਰਜਣ ਸੁੱਖਾਂ ਨੂੰ ਇੰਡੀਆ ਤੋਂ ਵਿਆਹ ਕੇ ਲਿਆਇਆ ਸੀ। ਅਜੇ ਉਹਨੇ ਦਸਵੀਂ ਪਾਸ ਨਹੀਂ ਸੀ ਕੀਤੀ ਜਦੋਂ ਇਕ ਦਿਨ ਸਕੂਲ ਤੋਂ ਨਿਕਲ਼ਦੀ ਨੂੰ ਸੁਰਜਣ ਨੇ ਦੇਖ ਲਿਆ ਸੀ। ਉਨ੍ਹਾਂ ਦਿਨਾਂ ’ਚ ਸੁਰਜਣ ਇੰਡੀਆ ਵਿਆਹ ਕਰਨ ਹੀ ਗਿਆ ਸੀ ਤੇ ਆਪਣੀ ਭੂਆ ਦੇ ਪੁੱਤ ਨਾਲ ਆਲ਼ੇ-ਦੁਆਲ਼ੇ ਦੇ ਸਕੂਲਾਂ, ਕਾਲਜਾਂ ਮੂਹਰੇ ਗੇੜੇ ਮਾਰ ਕੇ ਪਸੰਦ ਦੀ ਕੁੜੀ ਲੱਭ ਰਿਹਾ ਸੀ ਤੇ ਇੱਕ ਦਿਨ ਉਹਦੀ ਨਜ਼ਰ ਸੁੱਖਾਂ ’ਤੇ ਪੈ ਗਈ ਸੀ।

ਇੱਕ-ਦੋ ਦਿਨ ਵਿੱਚ ਪਿੰਡ ਦਾ ਪਤਾ ਕਰ ਕੇ ਵਿਚੋਲੇ ਨੂੰ ਸੁੱਖਾਂ ਦੇ ਘਰ ਭੇਜ ਦਿੱਤਾ ਸੀ। ਉਦੋਂ ਤਾਂ ਸੁੱਖਾਂ ਦੀ ਮਾਂ ਵੀ ਹੁੱਬ ਕੇ ਦੱਸਦੀ, “ਨੀਂ ਭੈਣੇ, ਕਨੇਡੇ ਦੇ ਮੁੰਡੇ ਨੇ ਕੁੜੀ ਨੂੰ ਦੇਖਦਿਆਂ ਹੀ ਪਸੰਦ ਕਰ ਲਿਆ... ਸਾਡੀ ਕੁੜੀ ਦੇ ਤਾਂ ਭਾਗ ਖੁੱਲ੍ਹਗੇ... ਮੁੰਡਾ ਕਹਿੰਦਾ ਕਿ ਐਡੀ ਸੁਨੱਖੀ ਕੁੜੀ ਉਹਨੂੰ ਸਾਰੇ ’ਲਾਕੇ ’ਚੋਂ ਨ੍ਹੀਂ ਮਿਲੀ।”

ਸੁੱਖਾਂ ਦੀ ਮਾਂ ਨੇ ਬੱਸ ਕੈਨੇਡਾ ਦੇਖਦਿਆਂ ਹੀ ਝੱਟ ਮੰਗਣੀ, ਪੱਟ ਵਿਆਹ ਕਰ ਕੇ ਸੁੱਖਾਂ ਨੂੰ ਕੈਨੇਡਾ ਵਾਲ਼ੀ ਬਣਾ ਦਿੱਤਾ ਸੀ।

“ਅਜੇ ਕੱਲ੍ਹ ਜਿਹੇ ਦੀਆਂ ਤੇ ਗੱਲਾਂ ਨੇ।”

“ਭਲਾ ਇਹ ਕੁੜੀਆਂ ਨੂੰ ਘਰੋਂ ਕੱਢਣ ਦਾ ਕੀ ਤਰੀਕਾ ਹੋਇਆ... ਨਾ ਉਹਦੀ ਪਸੰਦ ਪੁੱਛੀ ਨਾ ਉਹਦੀ ਕਿਸੇ ਇੱਛਾ ਨੂੰ ਜਾਣਿਆ?”

ਵੇਅਰ ਹਾਊਸ ਵੱਲ ਨੂੰ ਤੁਰੀ ਜਾਂਦੀ ਸੁੱਖਾਂ ਨੇ ਹਓਕਾ ਲਿਆ। ਇਹ ਗਿਲਾ ਉਹ ਅਕਸਰ ਹੀ ਆਪਣੇ ਆਪ ਨਾਲ ਕਰਦੀ ਪਰ ਮੂੰਹੋਂ ਕਦੇ ਕਿਸੇ ਕੋਲ਼ ਸ਼ਿਕਾਇਤ ਨਹੀਂ ਸੀ ਕਰਦੀ।

ਸ਼ਿਕਾਇਤ ਕਰਦੀ ਵੀ ਤਾਂ ਕੀਹਦੇ ਕੋਲ਼?

“ਚੰਦਰੀ ਸਾਰੀ ਉਮਰ ਐਵੇਂ ਹੀ ਨਿੱਕਲ਼ ਗਈ, ਕਦੇ ਇਹਦਾ ਕਰ ਕਦੇ ਉਹਦਾ ਸੋਚ...ਢਹਿ ਜਾਣੀ ਆਪਣੀ ਜ਼ਿੰਦਗੀ ਬਾਰੇ ਤਾਂ ਸੋਚਿਆ ਹੀ ਨਹੀਂ...ਹੁਣ ਜਾਇਆਂ ਵੱਢੀ ਜੈਨੀ ਨੇ ਅੱਜ ਆਹ ਨਵੀਂ ਗੱਲ ਦੱਸ ਦਿੱਤੀ... ਲੁੱਚੀ ਜਨਾਨੀ ਨੇ ਅੱਜ ਹੋਰ ਈ ਸ਼ੋਸ਼ਾ ਛੱਡ ’ਤਾ।”

ਜੈਨੀ ਦੀ ਆਖੀ ਗੱਲ ਉਹਦੇ ਸੂਲ਼ ਵਾਂਗ ਚੁੱਭ ਰਹੀ ਸੀ। ਜੈਨੀ ਵੱਲੋਂ ਧਿਆਨ ਹਟਾਉਂਦਿਆਂ ਉਹ ਮੁੜ ਕੰਮ ’ਤੇ ਜਾ ਲੱਗੀ। ਵੇਅਰ ਹਾਊਸ ਦੀਆਂ ਮਸ਼ੀਨਾਂ ਦੀ ਗੜ-ਗੜ ਸੁਣ ਕੇ ਉਹਦੇ ਦਿਮਾਗ ਵਿੱਚ



ਪੈਂਦਾ ਸ਼ੋਰ ਜ਼ਰਾ ਥਮਿਆ ਤੇ ਉਹ ਮੁੜ ਮਸ਼ੀਨ ਮੂਹਰੇ ਜਾ ਖੜ੍ਹੀ ਹੋਈ। ਮਸ਼ੀਨ ਅਪਰੇਟਰ ਨੇ ਸਾਰੇ ਕਾਮਿਆਂ ਨੂੰ ਇਸ਼ਾਰਾ ਕੀਤਾ, ਸਾਰੇ ਫ਼ੌਜੀਆਂ ਵਾਂਗ ਤਣ ਕੇ ਆਪੋ-ਆਪਣੀ ਥਾਵੇਂ ਖੜ੍ਹ ਗਏ। ਮਸ਼ੀਨ ਦੇ ਸਿਰੇ ਤੋਂ ਸ਼ੁਰੂ ਹੋਈ ਸੱਪ ਵਾਂਗ ਵਲ਼ ਖਾਂਦੀ ਕਨਵੇਅਰ ਹੌਲ਼ੀ-ਹੌਲ਼ੀ ਘੁੰਮਦੀ ਹੋਈ ਥੋੜ੍ਹਾ-ਥੋੜ੍ਹਾ ਤੇਜ਼ ਹੁੰਦੀ ਆਪਣੀ ਸਪੀਡ ਫੜ ਰਹੀ ਸੀ। ਕਨਵੇਅਰ ਦੇ ਅਖ਼ੀਰ ’ਤੇ ਖੜ੍ਹੀ ਸੁੱਖਾਂ ਨੇ ਆਪਣੇ ਐਪਰਨ ਦੀਆਂ ਤਣੀਆਂ ਨੂੰ ਕੱਸ ਕੇ ਬੰਨ੍ਹਿਆਂ, ਹੱਥਾਂ ਦੇ ਗਲਵਜ਼ ਠੀਕ ਕੀਤੇ, ਕਨਵੇਅਰ ਉੱਪਰ ਸੌਗੀ ਦੇ ਨਿੱਕੇ-ਨਿੱਕੇ ਡੱਬੇ ਚੁੱਕਣ ਲਈ ਤਿਆਰ ਹੁੰਦੀ ਆਪਣੀ ਬੀਤ ਗਈ ਜ਼ਿੰਦਗੀ ਬਾਰੇ ਸੋਚਣ ਲੱਗ ਪਈ।

ਅਜੇ ਕੱਲ੍ਹ ਜਿਹੇ ਤਾਂ ਉਹ ਕੈਨੇਡਾ ਦੇ ਏਅਰ ਪੋਰਟ ’ਤੇ ਉੱਤਰੀ ਸੀ। ਸੁਰਜਣ ਦਾ ਸਾਰਾ ਟੱਬਰ ਮੂਹਰੇ ਏਅਰਪੋਰਟ ’ਤੇ ਖੜ੍ਹਾ ਦੇਖ ਕੇ ਇੱਕ ਪਲ਼ ਲਈ ਤਾਂ ਉਹ ਘਬਰਾ ਹੀ ਗਈ ਸੀ। ਸੁਰਜਣ ਦੀਆਂ ਪੰਜ ਭੈਣਾਂ, ਰੋਹਬਦਾਰ ਮਾਂ, ਚੁੱਪ-ਚੁਪੀਤਾ ਜਿਹਾ ਬਾਪੂ ਤੇ ਬਾਕੀ ਰਿਸ਼ਤੇਦਾਰ ਸੁੱਖਾਂ ਨੂੰ ਉਡੀਕ ਰਹੇ ਸੀ। ਘਰ ਪਹੁੰਚਦਿਆਂ ਸੁਰਜਣ ਦੀਆਂ ਭੈਣਾਂ ਸੁੱਖਾਂ ਦੇ ਦੁਆਲ਼ੇ ਹੋ ਗਈਆਂ ਸੀ।

“ਭਾਬੀ, ਆਹ ਕੀ ਲਾਲ ਰੰਗ ਦਾ ਸੂਟ ਪਾ ਕੇ ਆਈ ਏਂ... ਭਲਾ ਕਨੇਡਾ ਐਹੋ ਜਿਹੇ ਕੱਪੜੇ ਪਾ ਕੇ ਕੌਣ ਆਉਂਦੈ ?”

“ਭਾਬੀ, ਇਥੇ ਗੋਰੇ ਐਹੋ ਜਿਹੇ ਕੱਪੜੇ ਪਸੰਦ ਨ੍ਹੀਂ ਕਰਦੇ।”

ਉਹ ਕਹਿਣਾ ਚਾਹੁੰਦੀ ਸੀ ਕਿ ਜਿਹੜੀ ਕੁੜੀ ਨੇ ਪਿੰਡੋਂ ਬਾਹਰ ਨਿੱਕਲ਼ ਕੇ ਨਹੀਂ ਦੇਖਿਆ ਉਹ ਗੋਰਿਆਂ ਦੀ ਰਹਿਣ-ਸਹਿਣ ਕਿੱਥੋਂ ਸਿੱਖ ਲੈਂਦੀ, ਪਰ ਮਾਂ ਨੇ ਕਹਿ ਕੇ ਭੇਜਿਆ ਸੀ ਕਿ ਕਿਸੇ ਦੇ ਮੂਹਰੇ ਜ਼ੁਬਾਨ ਨ੍ਹੀਂ ਖੋਲ੍ਹਣੀ...ਖਾਨਦਾਨੀ ਕੁੜੀ ਜੂ ਸੀ। ਉਹ ਅੰਦਰੋਂ-ਅੰਦਰ ਬਹੁਤ ਤੜਫ਼ੀ ਸੀ ਪਰ ਜੀਭ ਨੂੰ ਜੰਦਰਾ ਮਾਰ ਕੇ ਉਹਨੇ ਸਭ ਕੁਝ ਅੰਦਰ ਹੀ ਸਮੇਟ ਲਿਆ ਸੀ। ਹਰ ਦਿਨ ਉਹ ਅੰਦਰੋਂ ਸਿਉਂਕ ਵਾਂਗ ਭੁਰਦੀ ਪਰ ਕਦੇ ਜ਼ੁਬਾਨ ਨਾ ਖੋਲ੍ਹਦੀ।

“ਨਾ ਕੁੜੀਏ, ਤੇਰੀ ਮਾਂ ਨੇ ਕੁਸ਼ ਖਾਣਾ ਪਕੌਣਾ ਨ੍ਹੀਂ ਸਿਖਾਇਆ।”

“ਗੋਰਾ ਰੰਗ ਦੇਖ ਕੇ ਮੁੰਡਾ ਡੁੱਲ੍ਹ ਗਿਆ, ਨਹੀਂ ਤਾਂ ਵੱਡਿਆਂ ਘਰਾਂ ਦੇ ਸਾਕ ਆਉਂਦੇ ਸੀ।”

ਤੇ ਸੁਰਜਣ ਸੱਚਮੁੱਚ ਨਿਕੰਮਾ ਹੀ ਸੀ। ਸਾਰਾ ਟੱਬਰ ਕੰਮ ’ਤੇ ਤੁਰ ਜਾਂਦਾ ਪਰ ਸੁਰਜਣ ਅੱਧੇ ਦਿਨ ਤੱਕ ਸੁੱਤਾ ਰਹਿੰਦਾ। ਪਹਿਲਾ ਇੱਕ ਵਰ੍ਹਾ ਤਾਂ ਉਹ ਜਿਵੇਂ ਗੁਆਚੀ ਹੀ ਰਹੀ ਸੀ। ਘਰ ਦਾ ਰਹਿਣਾ-ਬਹਿਣਾ, ਕੰਮ-ਕਾਜ, ਤੌਰ-ਤਰੀਕੇ ਸਮਝਦੀ ਉਹ ਕਈ ਵਾਰ ਆਪਣੇ ਆਪ ਨੂੰ ਝੱਲੀ ਜਿਹੀ ਲੱਗਦੀ। ਜਿੰਨਾ ਵੀ ਕੰਮ ਸੁਆਰਨ ਦੀ ਕੋਸ਼ਿਸ਼ ਕਰਦੀ, ਸੱਸ ਜਾਂ ਨਣਦਾਂ ਕੋਈ ਨਾ ਕੋਈ ਨੁਕਸ ਕੱਢ ਦਿੰਦੀਆਂ। ਸਹੁਰੇ ਦੀ ਘਰ ਵਿੱਚ ਕੋਈ ਵੁੱਕਤ ਨਹੀਂ ਸੀ। ਉਹ ’ਕੱਲੀ ਅੰਦਰੋਂ-ਅੰਦਰ ਸੜਦੀ ਬੁਝਦੀ ਰਹਿੰਦੀ।

ਪਿੰਡੋਂ ਮਾਂ ਦਾ ਖ਼ਤ-ਪੱਤਰ ਆਉਂਦਾ ਤਾਂ ਜਵਾਬ ਵਿੱਚ ਸਭ ਚੰਗਾ ਲਿਖ ਘੱਲਦੀ, ਉਨ੍ਹਾਂ ਨੂੰ ਐਨੀ ਦੂਰ ਬੈਠਿਆਂ ਨੂੰ ਦੱਸਦੀ ਵੀ ਤੇ ਕੀ ਦੱਸਦੀ। ਕਈ ਵਾਰ ਦਿਲ ਤਾਂ ਕਰਦਾ, ਚਿੱਠੀ ’ਚ ਸਾਰਾ ਕੁਝ ਲਿਖ ਘੱਲੇ ਕਿ ਨਿਆਣੀ ਉਮਰੇ ਧੀ ਚੁੱਕ ਕੇ ਕੀੜਿਆਂ ਦੇ ਭੌਣ ’ਤੇ ਸੁੱਟ ਦਿੱਤੀ। ਜੇ ਐਨੀ ਵਾਧੂ ਈ ਸੀ ਤਾਂ ਜੰਮਦੀ ਨੂੰ ਅੱਕ ਦਾ ਦੁੱਧ ਦੇ ਕੇ ਕਿਸੇ ਖੂਹ ਟੋਭੇ ’ਚ ਸੁੱਟ, ਦੱਬ ਦਿੰਦੇ।

ਪਰ ਉਹਨੇ ਕਦੇ ਚਿੱਠੀ-ਪੱਤਰ ਵਿੱਚ ਗਿਲਾ ਨਹੀਂ ਸੀ ਕੀਤਾ। ਕਈ ਵਾਰ ਉਹਦਾ ਦਿਲ ਕਰਦਾ ਕਿ ਕੈਨੇਡਾ ਛੱਡ ਕੇ ਇੰਡੀਆ ਨੂੰ ਮੁੜ ਜਾਵੇ। ਸੁਰਜਣ ਸੀ ਕਿ ਕੰਮ ਕਾਰ ਦਾ ਨਾਂ ਨਾ ਲੈਂਦਾ ਤੇ ਅਖ਼ੀਰ ਇੱਕ ਦਿਨ ਸਭ ਤੋਂ ਚੋਰੀ ਉਹ ਆਪਣੇ ਸਹੁਰੇ ਕੋਲ਼ ਭੁੱਬੀਂ ਰੋ ਪਈ।

“ਡੈਡੀ, ਮੇਰੀ ਟਿਕਟ ਰੱਖ ਕੇ ਮੈਨੂੰ ਇੰਡੀਆ ਭੇਜ ਦਿਉ...ਮੈਥੋਂ ਹੁਣ ਇਹ ਕੁਸ਼ ਝੱਲਿਆ ਨ੍ਹੀਂ ਜਾਂਦਾ।”

ਨੇਕ ਦਿਲ ਬੰਦੇ ਨੇ ਸੁੱਖਾਂ ਦੇ ਸਿਰ ’ਤੇ ਹੱਥ ਰੱਖਿਆ।

“ਪੁੱਤ ਰੋ ਕੇ ਕੁਸ਼ ਨ੍ਹੀਂ ਬਣਨਾ...ਤੇਰੀ ਸੱਸ ਦੀ ਅੱਜ ਤੱਕ ਕਿਸੇ ਨਾਲ ਨਹੀਂ ਬਣੀ...ਇਹਨੇ ਤਾਂ

ਮੇਰੀ ਮਾਂ ਨੂੰ ਵੀ ਕੋਹ-ਕੋਹ ਕੇ ਮਾਰਿਆ...ਗਰੀਬਣੀ ਪੋਤੇ-ਪੋਤੀਆਂ ਨੂੰ ਦੇਖਣ ਲਈ ਤਰਸਦੀ ਮਰਗੀ...ਆਪ ਤਾਂ ਜੋ ਸੀ ਉਹ ਸੀ ਪਰ ਆਹ ਕੁੜੀਆਂ ਨੂੰ ਵੀ ਉਹੀ ਗੁੜਤੀ ਦੇ ਦਿੱਤੀ...ਪਰ ਪੁੱਤ, ਤੂੰ ਦਿਲ ਨਾ ਛੱਡ...ਮੈਂ ਤਾਂ ਏਸ ਜ਼ਨਾਨੀ ਨੂੰ ਸੂਤ ਨ੍ਹੀਂ ਕਰ ਸਕਿਆ...ਧੀਆਂ ਦਾ ਬਾਪ ਜੁ ਸੀ...ਪਰ ਤੂੰ ਇਹਨੂੰ ਮੂਹਰਿਉਂ ਹੋ ਕੇ ਟੱਕਰ...ਜੇ ਇੱਕ ਗੱਲ ਕਹਿੰਦੀ ਆ, ਦਸ ਜਵਾਬ ਦੇ...ਘਰ ਦੇ ਭਾਂਡੇ ਭੰਨ...ਜੇ ਫੇਰ ਵੀ ਨ੍ਹੀਂ ਹਟਦੀ ਪੁਲਿਸ ਨੂੰ ਫੋਨ ਕਰਨ ਦੀ ਧਮਕੀ ਦੇ...ਘਰੋਂ ਨਿੱਕਲ਼...ਜਾ ਕੇ ਕਿੱਧਰੇ ਕੋਈ ਕੰਮ ਕਰ...ਸੁਰਜਣ ਨੂੰ ਆਪਣੇ ਨਾਲ਼ ਤੋਰ ਲੈ...।"

"ਨਾਲ਼ੇ ਪੁੱਤ ਇੰਡੀਆ ਜਾ ਕੇ ਕੀ ਕਰੇਂਗੀ ? ਤੇਰੇ ਮਾਪੇ ਤਾਂ ਤੇਰਾ ਬੋਝ ਝੱਲ ਲੈਣਗੇ ਪਰ ਭਰਾਵਾਂ ਭਰਜਾਈਆਂ ਨੇ ਮੂੰਹ ਨ੍ਹੀਂ ਲਾਉਣਾ...ਆਹ ਦੇਸ਼ ਚੰਗਾ ਏ ਢਿੱਡ ਭਰਨ ਜੋਗਾ ਕੰਮ ਕਾਰ ਕਰ ਲੈ...ਆਹ ਘਰ-ਬਾਰ ਸਾਰਾ ਤੇਰਾ ਤੇ ਸੁਰਜਣ ਦਾ ਈ ਏ... ਵੱਡੀਆਂ ਤਿੰਨ ਵਿਆਹੀਆਂ ਗਈਆਂ, ਦੂਜੀਆਂ ਦੇ ਹੋਰ ਸਾਲ ਖੰਡ ਨੂੰ ਕਰ ਦੇਣੇ ਨੇ... ਬੱਸ ਪੁੱਤ ਥੋੜ੍ਹਾ ਜਿਗਰਾ ਕਰ...ਕਿਸੇ ਤੋਂ ਡਰਨਾ ਨਈਂ...ਸੁਰਜਣ ਦਿਲ ਦਾ ਮਾੜਾ ਨਈਂ, ਇਹਨੂੰ ਪਿਆਰ ਨਾਲ ਮਾਂ ਦੇ ਪੱਲੂ ਨਾਲੋਂ ਤੋੜ ਕੇ ਆਪਣੇ ਨਾਲ ਜੋੜ ਲੈ...ਪੁੱਤ, ਆਪਣਾ ਘਰ ਨਾ ਤੋੜੀਂ ਪਰ ਹਿੰਮਤ ਨਾਲ ਮੁਸੀਬਤਾਂ ਦਾ ਟਾਕਰਾ ਕਰਨਾ ਸਿੱਖ।"

ਉਸ ਦਿਨ ਸਹੁਰੇ ਨੇ ਅਜਿਹੀ ਕੰਨ 'ਚ ਫੂਕ ਮਾਰੀ ਤੇ ਸੁੱਖਾਂ ਨੇ ਸਾਰੀਆਂ ਗੱਲਾਂ ਪੱਲੇ ਬੰਨ੍ਹ ਲਈਆਂ। ਸੱਸ ਇੱਕ ਗੱਲ ਕਹਿੰਦੀ, ਸੁੱਖਾਂ ਨਾਲ ਦੀ ਨਾਲ ਜਵਾਬ ਦੇ ਦਿੰਦੀ। ਘਰ 'ਚ ਕੋਈ ਨਾ ਕੋਈ ਸਿਆਪਾ ਖੜ੍ਹਾ ਰਹਿੰਦਾ ਪਰ ਸੁੱਖਾਂ ਨੇ ਸੁਰਜਣ ਨੂੰ ਪਿਆਰ ਨਾਲ ਸਮਝਾ-ਬੁਝਾ ਕੇ ਇੰਗਲਿਸ਼ ਦੀਆਂ ਕਲਾਸਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਤੇ ਨਾਲ-ਨਾਲ ਕਿਸੇ ਪੁਰਾਣੀ ਸਹੇਲੀ ਨਾਲ ਕੰਮ ਵੀ ਲੱਭ ਲਿਆ।

ਵਕਤ ਸਰਕਦਾ-ਸਰਕਦਾ ਕਿੰਨੀ ਦੂਰ ਨਿੱਕਲ਼ ਗਿਆ ਸੀ। ਛੋਟੀਆਂ ਕੁੜੀਆਂ ਵਿਆਹੀਆਂ ਗਈਆਂ ਪਰ ਉਨ੍ਹਾਂ ਦੀ ਪੇਕੇ ਘਰ ਵਿੱਚ ਸਰਦਾਰੀ ਕਰਨ ਦੀ ਆਦਤ ਨਹੀਂ ਸੀ ਗਈ। ਪੰਜਾਂ ਵਿੱਚੋਂ ਜਦੋਂ ਵੀ ਕੋਈ ਆਉਂਦੀ, ਚਾਰ ਦਿਨ ਘਰ ਵਿੱਚ ਕਲੇਸ਼ ਰਹਿੰਦਾ। ਪਤਾ ਨਹੀਂ ਉਸ ਘਰ ਦੀਆਂ ਨੀਂਹਾਂ ਹੀ ਅਜਿਹੀਆਂ ਸੀ ਜਿੱਥੇ ਸਾਰਾ ਦਿਨ ਕੈਂ-ਕੈਂ ਨਹੀਂ ਸੀ ਮੁੱਕਦੀ ਪਰ ਸੁੱਖਾਂ ਜਦੋਂ ਵੀ ਕਦੇ ਉਦਾਸ ਹੁੰਦੀ, ਸੁਰਜਣ ਦੇ ਡੈਡੀ ਨਾਲ ਗੱਲ ਕਰ ਕੇ ਦਿਲ ਹੌਲ਼ਾ ਕਰ ਲੈਂਦੀ। ਇੱਕ ਉਹੀ ਘਰ ਦਾ ਜੀਅ ਸੀ ਜਿਹੜਾ ਉਹਨੂੰ ਆਪਣਾ ਲੱਗਦਾ।

ਹੌਲ਼ੀ-ਹੌਲ਼ੀ ਸੁਰਜਣ ਨੂੰ ਵੀ ਉਹਨੇ ਰਾਹੇ ਪਾ ਲਿਆ ਸੀ। ਉਹਨੇ ਟਰੱਕ ਡਰਾਈਵਿੰਗ ਦਾ ਲਾਇਸੈਂਸ ਲੈ ਕੇ ਕਿਸੇ ਦਾ ਟਰੱਕ ਚਲਾਉਣਾ ਸ਼ੁਰੂ ਕਰ ਦਿੱਤਾ ਸੀ। ਸੁਰਜਣ ਭਾਵੇਂ ਕੰਮ ਕਰਨ ਲੱਗ ਪਿਆ ਸੀ ਪਰ ਉਹਦੇ ਪੀਣ ਦੀ ਆਦਤ ਨਹੀਂ ਸੀ ਛੁੱਟੀ। ਹਰ ਵੀਕਐਂਡ 'ਤੇ ਪੰਜ-ਸੱਤ ਲੰਡੂ ਜਿਹੇ ਮਿੱਤਰ ਲੈ ਕੇ ਘਰ ਆ ਵੜਦਾ। ਸੁੱਖਾਂ ਨੂੰ ਗ਼ੁੱਸਾ ਆਉਂਦਾ ਕਿਉਂਕਿ ਉਹਦੇ ਕੋਲ਼ ਵੀ ਉਹੀ ਦੋ ਦਿਨ ਹੁੰਦੇ, ਜਦ ਉਹ ਘਰ ਵਿੱਚ ਸ਼ਾਂਤੀ ਨਾਲ ਬੈਠਣਾ ਚਾਹੁੰਦੀ ਸੀ, ਨਹੀਂ ਤਾਂ ਸਾਰਾ ਹਫ਼ਤਾ ਕੰਮ ਕਰਦੀ ਉਹ ਆਪ ਵੀ ਮਸ਼ੀਨ ਜਿਹੀ ਹੋ ਗਈ ਸੀ।

ਅਚਾਨਕ ਮਸ਼ੀਨ ਇੱਕ ਝਟਕੇ ਨਾਲ ਬੰਦ ਹੋਈ ਤਾਂ ਸੁੱਖਾਂ ਦੀ ਸੋਚਾਂ ਦੀ ਲੜੀ ਵੀ ਟੁੱਟ ਗਈ। ਉਹਨੂੰ ਪਤਾ ਹੀ ਨਹੀਂ ਸੀ ਲੱਗਾ ਕਿ ਚਾਰ ਘੰਟੇ ਕਿਵੇਂ ਬੀਤ ਗਏ। ਆਪਣੀਆਂ ਸੋਚਾਂ ਵਿੱਚ ਉਹਨੇ ਤਾਂ ਆਪਣੀ ਪੂਰੀ ਜ਼ਿੰਦਗੀ ਨੂੰ ਫ਼ਿਲਮ ਵਾਂਗ ਦੇਖ ਲਿਆ ਸੀ। ਆਪਣਾ ਸਮਾਨ ਸਾਂਭਦੀ ਉਹ ਵੇਅਰ ਹਾਊਸ ਵਿੱਚੋਂ ਨਿੱਕਲ਼ ਕੇ ਪਾਰਕਿੰਗ ਲਾਟ ਵੱਲ਼ ਨੂੰ ਹੋ ਤੁਰੀ। ਉਹਦੀ ਸ਼ਿਫ਼ਟ ਵਾਲ਼ੇ ਸਾਰੇ ਕਾਹਲ਼ੇ ਕਦਮੀਂ ਘਰ ਜਾਣ ਲਈ ਕਾਹਲ਼ੇ ਸਨ। ਪਰ ਉਹਦੇ ਪੈਰ ਜਿਵੇਂ ਕਿਸੇ ਚਿੱਕੜ ਵਿੱਚ ਧੱਸਦੇ ਜਾ ਰਹੇ ਸੀ।

ਅੱਜ ਉਹਦਾ ਘਰ ਜਾਣ ਨੂੰ ਦਿਲ ਨਹੀਂ ਸੀ ਕਰਦਾ। ਕਿੰਨੀ ਦੇਰ ਕਾਰ ਸਟਾਰਟ ਕਰ ਕੇ ਬੈਠੀ ਰਹੀ। ਉਹਨੇ ਆਲ਼ੇ-ਦੁਆਲ਼ੇ ਦੇਖਿਆ, ਕਾਰ ਨੂੰ ਬੈਕ ਗੀਅਰ ਵਿੱਚ ਪਾ ਕੇ ਪਿਛਾਂਹ ਮੁੜਦੀ ਦਾ ਧਿਆਨ ਜੈਨੀ ਦੀ ਕਾਰ ਵੱਲ਼ ਗਿਆ। ਉਹ ਫ਼ੋਨ 'ਤੇ ਕਿਸੇ ਨਾਲ ਹੱਸ-ਹੱਸ ਕੇ ਗੱਲਾਂ ਕਰ ਰਹੀ ਸੀ।



"ਲੁੱਚੀ ਤੀਵੀਂ, ਅੱਜ ਖਬਰੇ ਕਿਹੜੇ ਨਵੇਂ ਖ਼ਸਮ ਨਾਲ ਗੱਲੀਂ ਪਈ ਹੋਈ ਐ।"

ਸੁੱਖਾਂ ਨੇ ਜੈਨੀ ਨੂੰ ਗਾਲ੍ਹ ਕੱਢੀ।

ਕਾਰ ਫ਼ੈਕਟਰੀ ਦੇ ਗੇਟ 'ਤੇ ਆ ਕੇ ਰੋਕੀ ਤਾਂ ਜਿੰਮ ਨੇ ਫੇਰ ਉਹਨੂੰ ਦੇਖ ਕੇ ਸੀਟੀ ਮਾਰੀ।

ਉਹ ਉੱਚੀ-ਉੱਚੀ ਹੱਸੀ।

"ਖ਼ਸਮਾਂ ਨੂੰ ਖਾਣਾ।"

ਉਹਨੇ ਉੱਚੀ ਦੇਣੀ ਪੰਜਾਬੀ 'ਚ ਕਿਹਾ। ਇਸ ਵਾਰ ਜਿੰਮ ਤੇ ਉਹ ਦੋਵੇਂ ਹੱਸ ਪਏ।

ਉਹਨੇ ਕਾਰ ਮੇਨ ਸੜਕ 'ਤੇ ਪਾ ਲਈ। ਹੁਣ ਉਹਦਾ ਧਿਆਨ ਜੈਨੀ ਵੱਲੋਂ ਹਟ ਕੇ ਜਿੰਮ ਵੱਲ ਮੁੜ ਪਿਆ ਸੀ।

ਇਹ ਲੋਕ ਕਿੰਨੇ ਆਜ਼ਾਦ ਨੇ, ਕਿਸੇ ਦਾ ਡਰ ਨਹੀਂ, ਕਿਸੇ ਦਾ ਫ਼ਿਕਰ ਨਹੀਂ, ਅੱਜ ਵਿੱਚ ਯਕੀਨ ਰੱਖਦੇ ਨੇ। ਜੇ ਇੱਕ ਵਿਆਹ ਨਹੀਂ ਸੂਤ ਆਉਂਦਾ ਤਾਂ ਛੱਡ ਕੇ ਪਰ੍ਹੇ ਹੋ ਜਾਂਦੇ ਨੇ। ਜਿੰਮ ਦਾ ਇੱਕ ਵਿਆਹ ਟੁੱਟ ਗਿਆ। ਹੁਣ ਕਹਿੰਦਾ ਸਾਰੀ ਉਮਰ ਵਿਆਹ ਹੀ ਨਹੀਂ ਕਰਨਾ, ਬੱਸ ਤੀਜੇ ਕੁ ਦਿਨ ਨਵੀਂ ਸਹੇਲੀ ਲੱਭ ਲੈਂਦਾ ਹੈ। ਜਦੋਂ ਉਹਦੇ ਤੋਂ ਦਿਲ ਭਰ ਗਿਆ ਕੋਈ ਹੋਰ ਇਹਦੀ ਜ਼ਿੰਦਗੀ ਵਿੱਚ ਆ ਜਾਂਦੀ ਹੈ। ਕੋਈ ਵੀ ਨਵੀਂ ਕੁੜੀ ਕੰਮ 'ਤੇ ਲੱਗੇ, ਜਿੰਮ ਉਹਦੇ ਦੁਆਲ਼ੇ ਹੀ ਗੇੜੇ ਮਾਰਦਾ ਰਹਿੰਦਾ ਹੈ।

ਪਹਿਲੋਂ-ਪਹਿਲ ਸੁੱਖਾਂ ਦੇ ਮਗਰ ਵੀ ਫਿਰਦਾ ਰਿਹਾ ਸੀ ਤੇ ਇੱਕ ਦਿਨ ਸੁੱਖਾਂ ਨੇ ਸਾਫ਼ ਕਹਿ ਦਿੱਤਾ ਸੀ ਕਿ ਇਹ ਕੁਝ ਸਾਡੇ ਕਲਚਰ ਵਿੱਚ ਨਹੀਂ ਚੱਲਦਾ ਤੇ ਜਿੰਮ ਨੇ ਮੁਸਕੜੀ ਹੱਸਦੇ ਨੇ ਕਿਹਾ ਸੀ, "ਇਕ ਵਾਰ ਡਿਨਰ 'ਤੇ ਚੱਲ, ਮੈਂ ਕਿਸੇ ਨੂੰ ਨਹੀਂ ਦੱਸਦਾ।"

ਤੇ ਸੁੱਖਾਂ ਚਾਰੇ ਖੁਰ ਚੁੱਕ ਕੇ ਪੈ ਗਈ ਸੀ, "ਮਰ ਜਾਣਿਆਂ, ਤੂੰ ਤਾਂ ਨਾ ਦੱਸੇਂਗਾ ਪਰ ਮੇਰੇ ਰੱਬ ਨੂੰ ਤਾਂ ਪਤਾ ਲੱਗੂਗਾ ਈ।"

ਉਹ ਕਈ ਦਿਨ ਵਾਹਿਗੁਰੂ ਵਾਹਿਗੁਰੂ ਕਰਦੀ ਰਹੀ ਸੀ। ਪਰਾਏ ਮਰਦ ਬਾਰੇ ਸੋਚਣਾ ਵੀ ਉਹਨੂੰ ਪਾਪ ਜਾਪਿਆ ਸੀ। ਗ਼ੁੱਸੇ 'ਚ ਆਈ ਨੇ ਸੁਪਰਵਾਈਜ਼ਰ ਨੂੰ ਵੀ ਦੱਸ ਦਿੱਤਾ ਸੀ ਪਰ ਕੰਪਨੀ ਦੇ ਮਾਲਕ ਨੇ ਗੱਲ ਨੂੰ ਥਾਵੇਂ ਹੀ ਦੱਬ ਦਿੱਤਾ ਸੀ ਤੇ ਜਿੰਮ ਨੇ ਵੀ ਮੁਆਫ਼ੀ ਮੰਗ ਲਈ ਸੀ। ਉਦੋਂ ਵੀ ਜੈਨੀ ਕਿੰਨੇ ਦਿਨ ਸੁੱਖਾਂ ਨੂੰ ਭੜਕਾਉਂਦੀ ਰਹੀ ਸੀ ਕਿ ਜਿੰਮ ਉੱਪਰ ਹਰਾਸਮੈਂਟ ਦਾ ਮੁਕੱਦਮਾ ਕਰ ਦੇਵੇ। ਕੈਨੇਡਾ ਵਿੱਚ ਤਾਂ ਕਾਨੂੰਨ ਤੀਵੀਂ ਦੀ ਪਹਿਲਾਂ ਸੁਣਦਾ ਹੈ।

ਇੱਕ ਵਾਰ ਤਾਂ ਉਹਦੇ ਮਨ ਵਿੱਚ ਵੀ ਆਇਆ ਸੀ ਕਿ ਐਹੋ ਜਿਹੇ ਕੰਜਰ ਨੂੰ ਸਬਕ ਸਿਖਾਵੇ ਪਰ ਇਹ ਸੋਚ ਕੇ ਚੁੱਪ ਹੋ ਗਈ ਸੀ ਕਿ ਸੁਰਜਣ ਨੂੰ ਕੀ ਜਵਾਬ ਦੇਵੇਗੀ... ਸੱਸ-ਸਹੁਰੇ ਤੇ ਜੁਆਨ ਬੱਚੇ ਕੀ ਸੋਚਣਗੇ ? ਲੋਕ ਕੀ ਕਹਿਣਗੇ ? ਭਾਵੇਂ ਉਹਦਾ ਕੋਈ ਕਸੂਰ ਨਹੀਂ ਸੀ, ਫੇਰ ਵੀ ਉਹਨੂੰ ਆਪਣਾ ਆਪ ਗੰਦਾ ਜਿਹਾ ਲੱਗਦਾ।

"ਊਂ ਤਾਂ ਚੰਗਾ ਹੋਇਆ ਉਦੋਂ ਮੌਕਾ ਸਾਂਭ ਗਈ...ਹੁਣ ਤਾਂ ਜਿੰਮ ਦੀ ਕਿਸੇ ਗੱਲ ਦਾ ਗ਼ੁੱਸਾ ਵੀ ਨਈਂ ਸੀ ਆਉਂਦਾ। ਜੇ ਕਿਧਰੇ ਜੈਨੀ ਦੇ ਮਗਰ ਲੱਗ ਜਾਂਦੀ ਤਾਂ ਖਸਮਾਂ ਨੂੰ ਖਾਣੀ ਬਦਨਾਮੀ ਵਾਧੂ ਦੀ ਹੋ ਜਾਣੀ ਸੀ...ਜੈਨੀ ਦਾ ਕੀ ਆ, ਇਹ ਤਾਂ ਨਿੱਤ ਨਵੇਂ ਮਿੱਤਰ ਬਦਲਦੀ ਆ...ਪਿੱਛੇ ਜਿਹੇ ਸੁਣਿਆ ਸੀ ਕਿ ਕਈ ਸਾਲ ਪਹਿਲਾਂ ਇਹ ਜਿੰਮ ਨਾਲ ਵੀ ਤੁਰੀ ਫਿਰਦੀ ਸੀ।"

ਸੁੱਖਾਂ ਨੇ ਪੁਰਾਣੀ ਗੱਲ ਚੇਤੇ ਕਰਦਿਆਂ ਆਪਣੇ ਆਪ ਨੂੰ ਕਿਹਾ।

"ਲੁੱਚੀ ਤੀਵੀਂ।"

ਸੁੱਖਾਂ ਨੇ ਘਰ ਵੱਲ਼ ਨੂੰ ਕਾਰ ਮੋੜਦਿਆਂ ਇੱਕ ਵਾਰ ਫੇਰ ਜੈਨੀ ਨੂੰ ਗਾਲ੍ਹ ਕੱਢੀ। ਅੱਜ ਤਾਂ ਜਿਵੇਂ ਸਾਰਾ ਦਿਨ ਉਹਦਾ ਗਾਲ੍ਹਾਂ ਵਿੱਚ ਹੀ ਲੰਘ ਗਿਆ ਸੀ। ਕੰਮ ਤੋਂ ਘਰ ਤੱਕ ਆਉਂਦਿਆਂ ਉਹਨੇ ਕਈ ਵਾਰ ਆਪਣੇ ਆਪ ਨਾਲ ਸਹੁੰ ਖਾਧੀ ਸੀ ਕਿ ਹੁਣ ਉਹ ਜੈਨੀ ਨਾਲ ਬੈਠ ਕੇ ਕਦੇ ਲੰਚ ਨਹੀਂ ਕਰੇਗੀ ਤੇ

ਨਾ ਉਹਦੇ ਬਾਰੇ ਸੋਚੇਗੀ ਪਰ ਘਰ ਵੜਦਿਆਂ ਤੱਕ ਜੈਨੀ ਫੇਰ ਉਹਦੇ ਖ਼ਿਆਲਾਂ 'ਤੇ ਭਾਰੂ ਹੋ ਗਈ ਸੀ। ਲੰਚ ਕਿੱਟ ਕਾਊਂਟਰ 'ਤੇ ਰੱਖ ਕੇ ਉਹ ਸਿੱਧੀ ਪੌੜੀਆਂ ਚੜ੍ਹ ਗਈ। ਪਹਿਲਾਂ ਉਹ ਹਮੇਸ਼ਾਂ ਮੰਮੀ ਡੈਡੀ ਨੂੰ ਪੈਰੀਂ ਪੈਣਾ ਕਹਿਣ ਤੋਂ ਬਿਨਾਂ ਕਦੇ ਇਉਂ ਕਮਰੇ ਵਿੱਚ ਨਹੀਂ ਸੀ ਗਈ ਪਰ ਅੱਜ ਉਹਨੂੰ ਆਪਣਾ ਆਪ ਇਸ ਘਰ ਵਿੱਚ ਪਰਾਇਆ ਜਿਹਾ ਜਾਪਿਆ।

"ਸਾਰੀ ਉਮਰ ਏਸ ਘਰ ਦੇ ਖਲਜਗਣ ਹੀ ਸੂਤ ਨ੍ਹੀਂ ਆਏ...ਜਿਹੜੀ ਉਮਰ 'ਚ ਕੁੜੀਆਂ ਨੂੰ ਵਿਆਹ ਦੇ ਚਾਅ ਹੁੰਦੇ ਨੇ, ਉਸੇ ਉਮਰੇ ਸੱਸਾਂ, ਨਣਾਨਾਂ ਨਾਲ ਲੜਦੀ ਝਗੜਦੀ ਰਹੀ...ਕਦੇ ਸੁਰਜਣ ਨੂੰ ਸਿੱਧਾ ਕਰਨ ਲਈ ਪਾਪੜ ਵੇਲ਼ਦੀ ਰਹੀ...ਮੁੜ ਬੱਚਿਆਂ 'ਚ ਗੁਆਚ ਗਈ। ਮਸਾਂ ਜ਼ਿੰਦਗੀ ਨੂੰ ਲੀਹੇ ਪਾਇਆ...ਪਰ ਉਸ ਸਾਰੇ ਕਾਸੇ ਵਿੱਚ ਉਹ ਆਪ ਕਿਹੜੇ ਮੋੜ 'ਤੇ ਰਹਿ ਗਈ ਸੀ? ਤੇ ਅੱਜ ਤੋਂ ਪਹਿਲਾਂ ਉਹਨੇ ਕਦੇ ਆਪਣੇ ਆਪ ਨੂੰ ਇਉਂ ਲੱਭਣ ਦੀ ਕੋਸ਼ਿਸ਼ ਵੀ ਤੇ ਨਹੀਂ ਸੀ ਕੀਤੀ।

ਸੁੱਖਾਂ 'ਤੇ ਤਾਂ ਆਮ ਕੁੜੀਆਂ ਵਰਗੀ ਜਵਾਨੀ ਵੀ ਨਹੀਂ ਸੀ ਆਈ। ਉਲਝੀਆਂ ਤੰਦਾਂ ਨੂੰ ਸੁਲਝਾਉਂਦਿਆਂ ਹੀ ਉਮਰ ਬੀਤ ਗਈ ਸੀ, ਕਦੇ ਉਹ ਆਪਣੇ ਲਈ ਤਾਂ ਜੀਵੀ ਹੀ ਨਹੀਂ ਸੀ।

ਪਰ ਅੱਜ ਜ਼ਿੰਦਗੀ ਦੇ ਇਸ ਮੋੜ 'ਤੇ ਆ ਕੇ ਉਹਨੇ ਇਹ ਕਿਹੜਾ ਝੱਲਪੁਣਾ ਸਹੇੜ ਲਿਆ ਸੀ।

ਅਜਿਹੀਆਂ ਗੱਲਾਂ ਉਹਨੇ ਪਹਿਲਾਂ ਤਾਂ ਕਦੇ ਇਉਂ ਨਹੀਂ ਸੀ ਸੋਚੀਆਂ?

ਕੰਮ ਵਾਲੇ ਕੱਪੜੇ ਟੋਕਰੀ 'ਚ ਸੁੱਟ ਕੇ ਉਹਨੇ ਸ਼ਾਵਰ ਦਾ ਪਾਣੀ ਔਨ ਕੀਤਾ। ਸੋਚਿਆ, ਕਾਹਲ਼ੀ ਨਾਲ ਨਹਾ ਕੇ ਪਹਿਲਾਂ ਸੁਖਮਨੀ ਸਾਹਿਬ ਦਾ ਪਾਠ ਕਰੇ ਪਰ ਉਹ ਕਿੰਨੀ ਦੇਰ ਪਾਣੀ ਹੇਠ ਖੜ੍ਹੀ ਰਹੀ। ਜੈਨੀ ਦੀ ਗੱਲ ਅਜੇ ਵੀ ਉਹਦੇ ਸੂਲ਼ ਵਾਂਗ ਚੁਭ ਰਹੀ ਸੀ।

ਉਹਨੂੰ ਚੇਤਾ ਆਇਆ ਜਦੋਂ ਉਹਨੇ ਅਜੇ ਸੋਲ੍ਹਵੇਂ 'ਚ ਪੈਰ ਧਰਿਆ ਸੀ ਤਾਂ ਗਰਮੀਆਂ ਦੀਆਂ ਛੁੱਟੀਆਂ 'ਚ ਉਹਦੇ ਗੁਆਂਢ ਰਹਿੰਦੀ ਚਾਚੀ ਦਾ ਭਤੀਜਾ ਪਿੰਡ ਮਿਲਣ ਆਇਆ ਸੀ। ਉਹਦੇ ਕੁ ਜਿੰਨੀ ਉਮਰ ਦਾ ਸੋਹਣਾ ਸੁਨੱਖਾ ਮੁੰਡਾ ਸੋਨੇ ਰੰਗੀ ਭਾਅ ਮਾਰਦਾ, ਉਹਦਾ ਚਿਹਰਾ ਜਿਵੇਂ ਉਹਦੇ ਦਿਲ 'ਚ ਹੀ ਬੈਠ ਗਿਆ ਸੀ। ਉੱਠਦੀ ਬਹਿੰਦੀ ਸੁੱਖਾਂ ਉਹਦੇ ਸੁਪਨੇ ਲੈਂਦੀ ਵਾਰ-ਵਾਰ ਛੱਤ 'ਤੇ ਉਹਨੂੰ ਦੇਖਣ ਜਾ ਚੜ੍ਹਦੀ ਤੇ ਇੱਕ ਦਿਨ ਮਾਂ ਨੂੰ ਭਿਣਕ ਪੈ ਗਈ। ਉਸ ਦਿਨ ਮਾਂ ਨੇ ਇਹਦੇ ਦੁਆਲ਼ੇ ਥਾਪੜੀ ਚੁੱਕ ਲਈ ਸੀ। ਪੂਰਾ ਇੱਕ ਦਿਨ ਕੋਠੜੀ 'ਚ ਬੰਦ ਰੱਖੀ ਸੀ।

"ਧੀਏ, ਖ਼ਾਨਦਾਨੀ ਕੁੜੀਆਂ ਐਂ ਨ੍ਹੀਂ ਕਰਦੀਆਂ ਹੁੰਦੀਆਂ...ਪੁੱਤ ਜਦੋਂ ਮਾੜੇ ਖ਼ਿਆਲ ਆਉਣ ਉਦੋਂ ਗੁਟਕਾ ਚੁੱਕ ਲਿਆ ਕਰ...ਪਾਠ ਕਰਿਆ ਕਰ।"

ਦੂਜੇ ਦਿਨ ਮਾਂ ਨੂੰ ਜਿਵੇਂ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਸੀ ਕਿ ਜੁਆਨ ਧੀ ਨੂੰ ਇਉਂ ਮਾਰਨਾ ਚੰਗਾ ਨਹੀਂ ਤਾਂ ਉਹਨੇ ਪੁਚਕਾਰ ਕੇ ਕਿਹਾ ਸੀ। ਉਸ ਦਿਨ ਤੋਂ ਬਾਅਦ ਜਦ ਵੀ ਸੁੱਖਾਂ ਕਿਸੇ ਦੁਬਿਧਾ 'ਚ ਹੁੰਦੀ ਤਾਂ ਗੁਟਕਾ ਲੈ ਕੇ ਬੈਠ ਜਾਂਦੀ ਜਾਂ ਫੇਰ ਘਰ ਦੇ ਫਰਸ਼ਾਂ ਨੂੰ ਚਮਕਾਉਣ ਲੱਗ ਜਾਂਦੀ। ਪਰ ਉਹਨੇ ਪੂਰੀ ਜ਼ਿੰਦਗੀ ਕਦੇ ਵੀ ਕੋਈ ਅਜਿਹਾ ਖ਼ਿਆਲ ਆਪਣੇ ਉੱਪਰ ਭਾਰੂ ਨਹੀਂ ਸੀ ਹੋਣ ਦਿੱਤਾ, ਜਿਹੜਾ ਉਹਦੇ ਘਰ ਬਾਰ ਦੇ ਹਿੱਤ ਵਿੱਚ ਨਹੀਂ ਸੀ ਹੁੰਦਾ।

ਉਂਜ ਵੀ ਰਿਸ਼ਤੇਦਾਰੀਆਂ, ਸਕੇ-ਸੰਬੰਧੀਆਂ 'ਚ ਸੁੱਖਾਂ ਦੀ ਬੱਲੇ-ਬੱਲੇ ਸੀ। ਉਹੀ ਸੱਸ, ਜਿਹੜੀ ਕਦੇ ਉਹਨੂੰ ਫੁੱਟੀ ਅੱਖ ਨਾਲ ਨਹੀਂ ਸੀ ਦੇਖਦੀ, ਅੱਜ ਉਹਦੇ ਚੰਗੇ ਕੰਮਾਂ ਨੂੰ ਸਲਾਹੁੰਦੀ ਸੀ। ਸਹੁਰਾ ਤਾਂ ਪਹਿਲੇ ਦਿਨ ਤੋਂ ਸੁੱਖਾਂ ਨੂੰ ਧੀਆਂ ਵਾਂਗ ਮੋਹ ਕਰਦਾ ਸੀ। ਸੱਸ ਨੇ ਤਾਂ ਬਹੁਤ ਸਾਲ ਉਹਦਾ ਖ਼ੂਨ ਹੀ ਪੀਤਾ ਸੀ ਪਰ ਕੁਝ ਵਰ੍ਹੇ ਪਹਿਲਾਂ ਜਦੋਂ ਛੋਟੀ ਕੁੜੀ ਦਾ ਵਿਆਹ ਟੁੱਟਣ 'ਤੇ ਆ ਗਿਆ ਸੀ ਤਾਂ ਸੁੱਖਾਂ ਨੇ ਆਪਣੀ ਸੂਝ-ਬੂਝ ਸਦਕਾ ਕੁੜੀ ਦਾ ਘਰ ਮੁੜ ਵਸਾ ਦਿੱਤਾ ਸੀ। ਉਦੋਂ ਤੋਂ ਹੀ ਕੁੜੀਆਂ ਵੀ ਭਾਬੀ ਨੂੰ ਪਿਆਰ ਕਰਨ ਲੱਗ ਪਈਆਂ ਸੀ। ਸੱਸ ਜਿੱਥੇ ਵੀ ਬੈਠਦੀ ਤਾਂ ਸੁੱਖਾਂ ਦੇ ਖ਼ਾਨਦਾਨੀ ਹੋਣ ਦੇ ਗੁਣ ਗਾਉਂਦੀ।

ਪਰ ਅੱਜ ਜੈਨੀ ਦੀ ਨਿੱਕੀ ਜਿਹੀ ਗੱਲ ਨੇ ਉਹਦੇ ਅੰਦਰਲੀ ਸ਼ਾਂਤੀ ਭੰਗ ਕਰ ਦਿੱਤੀ ਸੀ। ਜਿਵੇਂ



ਉਹਨੂੰ ਆਪਣੇ ਅੰਦਰਲੇ ਖ਼ਾਲੀਪਨ ਦੀ ਕੁਝ ਕੁਝ ਸਮਝ ਜਿਹੀ ਆਉਣ ਲੱਗ ਪਈ ਸੀ।

"ਖ਼ਾਨਦਾਨੀ ਕੁੜੀਆਂ ਐਹੋ ਜਿਹੀਆਂ ਗੱਲਾਂ ਨਹੀਂ ਸੋਚਦੀਆਂ ਹੁੰਦੀਆਂ।"

ਬਾਥਰੂਮ ਦਾ ਧੁੰਦਲਾ ਸ਼ੀਸ਼ਾ ਸਾਫ਼ ਕਰਦਿਆਂ ਉਹਨੂੰ ਜਾਪਿਆ ਜਿਵੇਂ ਮਾਂ ਉਹਦੇ ਪਿੱਛੇ ਖੜ੍ਹੀ ਹੋਵੇ।

"ਖ਼ਾਨਦਾਨ ਆਹ ਤੇ ਖ਼ਾਨਦਾਨ ਔਹ...।"

ਸੁੱਖਾਂ ਨੂੰ ਆਪਣੇ ਆਪ 'ਤੇ ਖਿਝ ਆਈ। ਇੰਜ ਉਹਨੇ ਆਪਣਾ ਆਪ ਪਹਿਲਾਂ ਕਦੇ ਨਹੀਂ ਸੀ ਫਰੋਲਿਆ। ਆਪਣੇ ਆਪ ਨੂੰ ਲੱਭਣ ਦਾ ਉਹਦੇ ਕੋਲ਼ ਵਕਤ ਵੀ ਕਿੱਥੇ ਸੀ ? ਨਿਆਣੀ ਉਮਰੇ ਵਿਆਹ ਕੇ ਇਸ ਘਰ ਆ ਗਈ ਸੀ। ਮੁੜ ਜੁਆਨੀ ਸਾਰੀ ਸੱਸ ਦੀਆਂ ਜੁੱਤੀਆਂ ਖਾਂਦੀ ਨੇ ਕੱਢ ਦਿੱਤੀ। ਬਾਕੀ ਦੀ ਜੁਆਨੀ ਸੁਰਜਣ ਨੂੰ ਮਾਂ ਦੇ ਪੱਲੂ ਨਾਲੋਂ ਲਾਹੁਣ ਦੇ ਯਤਨਾਂ 'ਚ ਲੱਗੀ ਰਹੀ ਸੀ। ਆਪਣੇ ਬਾਰੇ ਤਾਂ ਉਹਨੇ ਕਦੇ ਸੋਚਿਆ ਹੀ ਨਹੀਂ। ਆਮ ਕੁੜੀਆਂ ਵਰਗੇ ਉਹਦੇ ਵੀ ਅਰਮਾਨ ਸਨ। ਕਦੇ-ਕਦੇ ਉਹਦੇ ਖ਼ਿਆਲਾਂ 'ਚ ਚਾਚੀ ਦੇ ਭਤੀਜੇ ਦੇ ਨਕਸ਼ ਉੱਭਰਦੇ ਤਾਂ ਉਹ ਗੁਟਕਾ ਚੁੱਕ ਲੈਂਦੀ। ਪਾਠ ਕਰਦੀ ਨੂੰ ਉਹਦਾ ਮਨ ਸ਼ਾਂਤ ਹੋ ਜਾਂਦਾ, ਪਰ ਅੱਜ ਜੈਨੀ ਦੀ ਗੱਲ ਉਹਦਾ ਪਿੱਛਾ ਹੀ ਨਹੀਂ ਸੀ ਛੱਡ ਰਹੀ।

ਜ਼ਿੰਦਗੀ ਵਿੱਚ ਪਹਿਲਾਂ ਵੀ ਉਹ ਕਈ ਵਾਰ ਇੰਜ ਬੇਚੈਨ ਹੋਈ ਸੀ।

ਉਹਨੂੰ ਯਾਦ ਆਇਆ ਅਜੇ ਬੱਚੇ ਛੋਟੇ-ਛੋਟੇ ਸਨ। ਇੱਕ ਵਾਰ ਕਿਸੇ ਦੇ ਵਿਆਹ ਵਿੱਚ ਉਹਦੀ ਨਜ਼ਰ ਇੱਕ ਮੁੰਡੇ ਨਾਲ ਟਕਰਾਈ ਸੀ।

ਸੋਹਣ ਸਰੂ ਵਰਗਾ ਸਾਂਵਲਾ ਜਿਹਾ ਗੱਭਰੂ ਕਾਲ਼ੇ ਚਾਦਰੇ 'ਚ ਨੱਚਦਾ ਦੇਖ ਲਿਆ ਸੀ ਤੇ ਉਸ ਮੁੰਡੇ ਨੇ ਵੀ ਸੁੱਖਾਂ ਨੂੰ ਨੀਝ ਨਾਲ ਦੇਖਿਆ ਸੀ। ਉਸ ਦਿਨ ਪਹਿਲੀ ਵਾਰ ਸੁੱਖਾਂ ਦਾ ਦਿਲ ਧੜਕਿਆ ਸੀ।

ਉਸ ਰਾਤ ਉਹ ਸੌਂ ਨਹੀਂ ਸੀ ਸਕੀ। ਜਦੋਂ ਵੀ ਅੱਖਾਂ ਬੰਦ ਕਰਦੀ ਕਾਲ਼ੇ ਚਾਦਰੇ ਵਾਲ਼ਾ ਮੁੰਡਾ ਉਹਦੇ ਮੂਹਰੇ ਆ ਖੜਦਾ ਤੇ ਉਹਦੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ। ਉਸ ਦਿਨ ਉਹਨੂੰ ਖ਼ਿਆਲ ਆਇਆ ਸੀ ਕਿ ਅੱਜ ਤੱਕ ਸੁਰਜਣ ਨੂੰ ਦੇਖ ਕੇ ਉਹਦਾ ਦਿਲ ਕਦੇ ਨਹੀਂ ਸੀ ਧੜਕਿਆ। ਕੁਝ ਤੇ ਸੀ ਜਿਹੜਾ ਉਹਦੇ ਤੇ ਸੁਰਜਣ ਵਿਚਕਾਰ ਗੁਆਚ ਗਿਆ ਸੀ ਜਾਂ ਫੇਰ ਉਨ੍ਹਾਂ ਦੇ ਵਿਚਕਾਰ ਕੁਝ ਹੈ ਹੀ ਨਹੀਂ ਸੀ, ਜਿਹੜਾ ਉਹਨੂੰ ਬੇਗ਼ਾਨੇ ਮਰਦ ਵਿੱਚ ਨਜ਼ਰੀਂ ਆ ਗਿਆ ਸੀ।

"ਵਿਆਹ ਤੋਂ ਬਾਅਦ ਕਿਸੇ ਪਰਾਏ ਮਰਦ ਬਾਰੇ ਸੋਚਣਾ ਵੀ ਪਾਪ ਹੁੰਦੈ।"

ਉਹਨੂੰ ਮਾਂ ਦੀਆਂ ਸੁਣਾਈਆਂ ਗੱਲਾਂ ਸਾਰੀ ਰਾਤ ਚੇਤੇ ਆਉਂਦੀਆਂ ਰਹੀਆਂ ਸਨ।

ਉਹ ਰਾਤ ਉਹਨੇ ਮਸਾਂ ਕੱਢੀ ਸੀ। ਸਵੇਰੇ ਸਾਝਰੇ ਉੱਠ ਕੇ ਉਹਨੇ ਸ਼ਾਵਰ ਲੈ ਕੇ ਪਹਿਲਾਂ ਪੰਜ ਬਾਣੀਆਂ ਦਾ ਪਾਠ ਕੀਤਾ ਸੀ ਤੇ ਮਾਂ ਦੀਆਂ ਸੁਣਾਈਆਂ ਸਾਰੀਆਂ ਪਾਪ ਪੁੰਨ ਵਾਲ਼ੀਆਂ ਸਾਖੀਆਂ ਇੱਕ-ਇੱਕ ਕਰ ਕੇ ਉਹਦੇ ਜ਼ਿਹਨ ਵਿੱਚ ਉੱਥਲ-ਪੁੱਥਲ ਕਰਦੀਆਂ ਰਹੀਆਂ ਸੀ। ਉਹਨੂੰ ਯਾਦ ਆਇਆ ਨਿੱਕੇ ਹੁੰਦਿਆਂ ਉਹਦੀ ਮਾਂ ਗੱਲ-ਗੱਲ 'ਤੇ ਉਹਨੂੰ ਝਿੜਕਦੀ। ਕਿਸੇ ਪਿੰਡ ਦੀ ਕੁੜੀ ਦੀ ਕੋਈ ਮਾੜੀ ਗੱਲ ਮਾਂ ਦੇ ਕੰਨੀਂ ਪੈ ਜਾਂਦੀ ਤਾਂ ਮਾਂ ਸੁੱਖਾਂ ਨੂੰ ਕਈ-ਕਈ ਦਿਨ ਐਵੇਂ ਹੀ ਗਾਲ੍ਹਾਂ ਕੱਢਦੀ ਰਹਿੰਦੀ ਤੇ ਬਾਪੂ ਨੂੰ ਤਾਂ ਦੇਖ ਕੇ ਸੁੱਖਾਂ ਊਂ ਈ ਸਹਿਮ ਜਾਂਦੀ ਸੀ। ਵੱਡੇ ਭਰਾ ਦੇ ਸਾਹਮਣੇ ਤਾਂ ਉਹਨੇ ਕਦੇ ਉੱਚਾ ਸਾਹ ਵੀ ਨਹੀਂ ਸੀ ਲਿਆ।

"ਇਹ ਕਾਹਦਾ ਡਰ ਸੀ...ਧੀਆਂ ਨੂੰ ਸਮਝਾਉਣ ਦੇ ਹੋਰ ਤਰੀਕੇ ਵੀ ਤਾਂ ਹੋ ਸਕਦੇ ਨੇ।"

ਉਹਦੇ ਅੰਦਰ ਉਦੋਂ ਕਈ ਸਵਾਲ ਉੱਠਦੇ ਸਨ ਪਰ ਉਹਨੇ ਮੂੰਹੋਂ ਕਦੇ ਸੀਅ ਨਹੀਂ ਸੀ ਕੀਤੀ। ਮੁੜ ਵਿਆਹੀ ਗਈ ਤੇ ਉਹਨੂੰ ਜਾਪਿਆ, ਬੱਸ ਇਹੀ ਜ਼ਿੰਦਗੀ ਹੈ...ਉਹ ਜ਼ਿੰਦਗੀ ਜਿਹੜੀ ਉਹਨੇ ਸਾਰੀ ਦੀ ਸਾਰੀ ਸੁਰਜਣ ਦੇ ਲੇਖੇ ਲਾਉਣੀ ਹੈ...ਇਕੱਲਾ ਸੁਰਜਣ ਹੀ ਨਹੀਂ ਉਹਦਾ ਘਰ-ਬਾਰ, ਮਾਂ-ਬਾਪ, ਕਬੀਲਦਾਰੀਆਂ ਤੇ ਬਾਕੀ ਦੀ ਜ਼ਿੰਦਗੀ ਉਹਦੇ ਢਿੱਡੋਂ ਜੰਮਿਆਂ ਦੇ ਨਾਂ...।

ਇਸ ਸਾਰੇ ਕਾਸੇ ਵਿੱਚ ਸੁੱਖਾਂ ਕਿੱਥੇ ਗੁਆਚ ਗਈ ? ਉਹਦੇ ਸੁਪਨੇ...ਉਹਦੀਆਂ ਇੱਛਾਵਾਂ।

ਸੁੱਖਾਂ ਦੇ ਕਿਹੜੇ ਸੁਪਨੇ ਸਨ ?...ਕਿਹੜੀਆਂ ਇੱਛਾਵਾਂ ਸਨ ?...ਉਹ ਕੀ ਚਾਹੁੰਦੀ ਸੀ ?

ਸੁੱਖਾਂ ਦੇ ਸਾਹਮਣੇ ਕਈ ਸਵਾਲ ਬਾਥਰੂਮ ਦੀਆਂ ਕੰਧਾਂ ਨਾਲ ਟਕਰਾਅ ਕੇ ਅਲੋਪ ਹੋ ਗਏ। ਉਹਨੂੰ ਯਾਦ ਹੀ ਨਹੀਂ ਆ ਰਿਹਾ ਕਿ ਉਹਦਾ ਆਪਣਾ ਕੋਈ ਸੁਪਨਾ ਵੀ ਸੀ...ਜਾਂ ਉਹਨੇ ਕਦੇ ਆਪਣੇ ਲਈ ਕੁਝ ਚਾਹਿਆ ਸੀ...ਉਹਨੇ ਤਾਂ ਰੋਬੋਟ ਵਰਗੀ ਇੱਕ ਜ਼ਿੰਦਗੀ ਜੀਅ ਲਈ ਸੀ...ਤੇ ਬਾਕੀ ਦੀ ਵੀ ਇਉਂ ਹੀ ਨਿੱਕਲ਼ ਜਾਣੀ ਸੀ। ਜੇ ਅੱਜ ਜੈਨੀ ਦੀ ਉਹ ਗੱਲ ਉਹਦੇ ਦਿਲ ਨੂੰ ਛੂਹ ਕੇ ਨਾ ਲੰਘਦੀ ਤਾਂ ਸ਼ਾਇਦ ਇਹ ਖ਼ਿਆਲ ਉਹਦੇ ਅੰਦਰ ਕਦੇ ਜਨਮ ਵੀ ਨਾ ਲੈਂਦੇ।

ਵੈਸੇ ਵੀ ਵਿਆਹ ਦੇ ਐਨੇ ਸਾਲਾਂ ਬਾਅਦ...ਉਹ ਵੀ ਉਮਰ ਦੇ ਇਸ ਪਹਿਰ ਇਹ ਖ਼ਿਆਲ ਆਉਣੇ ਉਂਜ ਵੀ ਚੰਗੇ ਨਹੀਂ। ਸਾਰੀ ਜ਼ਿੰਦਗੀ ਸੁਰਜਣ ਨਾਲ ਕੱਢ ਦਿੱਤੀ ਹੈ। ਭਾਵੇਂ ਸੁਰਜਣ ਉਹਦੇ ਖ਼ਿਆਲਾਂ 'ਚ ਆਉਂਦਾ ਰਾਜਕੁਮਾਰ ਨਹੀਂ ਸੀ ਪਰ ਉਹਦੇ ਨਾਲ ਉਮਰ ਦੀ ਇੱਕ ਸਾਂਝ ਰਹੀ ਹੈ, ਸੋਨੇ ਵਰਗੇ ਬੱਚੇ ਪੈਦਾ ਕੀਤੇ ਨੇ...।

ਤੇ ਉਹਦੀ ਸੋਚ ਮੁੜ ਜੈਨੀ 'ਤੇ ਆ ਰੁਕੀ।

"ਪਰ ਜੋ ਗੱਲ ਜੈਨੀ ਨੇ ਕਹੀ ਸੀ, ਉਹਦੇ ਵਿੱਚ ਕੁਝ ਤੇ ਸੱਚ ਹੈ ਸੀ।"

ਉਹਨੇ ਆਪਣੇ ਖ਼ਿਆਲਾਂ ਨੂੰ ਝਟਕਾ ਦਿੱਤਾ।

ਜੈਨੀ ਉੱਪਰ ਉਹਨੂੰ ਮੁੜ ਮੁੜ ਗ਼ੁੱਸਾ ਆ ਰਿਹਾ ਸੀ। ਪਿਛਲੇ ਚਹੁੰ ਪੰਜਾਂ ਸਾਲਾਂ 'ਚ ਕੋਈ ਇੱਕ ਵੀ ਅਜਿਹਾ ਦਿਨ ਨਹੀਂ ਸੀ ਆਇਆ, ਜਦੋਂ ਉਹਨੇ ਜੈਨੀ ਨੂੰ ਪਸੰਦ ਕੀਤਾ ਹੋਵੇ। ਉਹਦੇ 'ਚ ਜੈਨੀ ਦਾ ਵੀ ਸ਼ਾਇਦ ਕਸੂਰ ਨਹੀਂ ਸੀ। ਉਹ ਇਥੋਂ ਦੀ ਜੰਮ ਪਲ ਤੇ ਸੁੱਖਾਂ ਪਿੰਡ ਤੋਂ ਸਿੱਧੀ ਨਿਆਣੀ ਉਮਰੇ ਕੈਨੇਡਾ ਆਈ। ਆਉਂਦਿਆਂ ਹੀ ਜ਼ਿੰਦਗੀ ਦੀਆਂ ਲੜਾਈਆਂ ਲੜਨ ਲੱਗ ਪਈ ਪਰ ਅੱਜ ਉਹਦੀ ਜ਼ਿੰਦਗੀ ਆਮ ਔਰਤਾਂ ਨਾਲੋਂ ਸੌਖੀ ਸੀ, ਖ਼ਾਸ ਕਰ ਕੇ ਜੈਨੀ ਵਰਗੀਆਂ ਗੋਰੀਆਂ ਨੂੰ ਤਾਂ ਉਹ ਭਾਵੇਂ ਅੱਜ ਭਾਂਡੇ ਮਾਂਜਣ ਲਈ ਰੱਖ ਲਵੇ।

"ਭਲਾ ਜੈਨੀ ਮੇਰਾ ਮੁਕਾਬਲਾ ਕਿੱਥੇ ਕਰ ਸਕਦੀ ਏ...ਉਹਦੇ ਵਰਗੀਆਂ ਨੂੰ ਤਾਂ ਮੈਂ ਟਿੱਚ ਨਹੀਂ ਜਾਣਦੀ...ਪੇਅ ਚੈੱਕ ਟੂ ਪੇਅ ਚੈੱਕ ਉਨ੍ਹਾਂ ਦੇ ਖ਼ਰਚੇ ਚਲਦੇ ਨੇ...ਮੈਂ ਤਾਂ ਘਰ 'ਚ ਪੈਸਾ ਧਰ ਧਰ ਕੇ ਭੁੱਲਦੀ ਆਂ...ਕੀ ਹੋਇਆ ਜੇ ਮੇਰੇ ਨਾਲ ਕੰਮ ਕਰਦੀ ਏ ਪਰ ਅੱਜ ਕੰਮ ਮੇਰੀ ਮਜਬੂਰੀ ਨਹੀਂ...ਭਾਵੇਂ ਕੱਲ੍ਹ ਨੂੰ ਕੰਮ ਛੱਡ ਦੇਵਾਂ ਤਾਂ ਵੀ ਆਪਣੇ ਘਰ ਰਾਣੀਆਂ ਵਾਂਗੂੰ ਰਹਿੰਦੀ ਆਂ।"

ਸੁੱਖਾਂ ਨੇ ਆਪਣੀ ਬੇਚੈਨੀ ਦੂਰ ਕਰਨ ਲਈ ਜੈਨੀ ਨੂੰ ਖ਼ਿਆਲਾਂ ਵਿੱਚ ਨਫਿੱਟ ਜਿਹਾ ਕੀਤਾ।

"ਸਾਰੀ ਫ਼ੈਕਟਰੀ ਵਿੱਚ ਜੈਨੀ 'ਤੇ ਥੂ-ਥੂ ਹੁੰਦੀ ਐ। ਦੂਜੇ ਪਾਸੇ ਅੱਜ ਮੇਰੇ ਘਰ ਵਾਲੇ ਦਾ ਇਲਾਕੇ 'ਚ ਨਾਉਂ ਚੱਲਦਾ...ਜਦ ਲੋਕ ਟਰੱਕਾਂ ਵਾਲਾ ਸੁਰਜਣ ਕਹਿੰਦੇ ਨੇ ਤਾਂ ਰੂਹ ਖ਼ੁਸ਼ ਹੁੰਦੀ ਐ...ਮੇਰੀਆਂ ਈ ਮਿਹਨਤਾਂ ਨੂੰ ਫਲ ਪਿਐ...ਜੇ ਟਾਈਮ 'ਤੇ ਸੁਰਜਣ ਨੂੰ ਨਾ ਸੰਭਾਲਦੀ ਤਾਂ ਅੱਜ ਐਨਾ ਬੈਂਕ ਬੈਲੇਂਸ ਨਾ ਹੁੰਦਾ...ਐਨਾ ਸੋਹਣਾ ਮਕਾਨ ਵੀ ਨਾ ਬਣਦਾ।" ਸੁੱਖਾਂ ਨੇ ਆਪਣਾ ਮੁਕਾਬਲਾ ਜੈਨੀ ਨਾਲ ਕੀਤਾ।

ਸਿਰਫ਼ ਜੈਨੀ ਹੀ ਨਹੀਂ, ਉਹ ਅਕਸਰ ਹੀ ਆਪਣੇ ਨਾਲ ਦੇ ਇੰਡੀਆ ਤੋਂ ਆਏ ਲੋਕਾਂ ਸਾਹਮਣੇ ਆਪਣੇ-ਆਪ ਨੂੰ ਮਹਾਰਾਣੀ ਸਮਝਦੀ ਸੀ। ਕਈ ਵਾਰ ਤਾਂ ਸੁਰਜਣ ਨੂੰ ਕਹਿ ਵੀ ਦਿੰਦੀ-

"ਜੀ, ਇਹ ਸਾਰਾ ਕੁਸ਼ ਮੇਰੀ ਕਿਸਮਤ ਨਾਲ ਈ ਆਇਆ...ਮੇਰੀ ਕਦਰ ਕਰਿਆ ਕਰੋ।"

ਸੁਰਜਣ ਹੱਸ ਪੈਂਦਾ।

"ਆਹੋ, ਮੇਰਾ ਬਾਪ ਵੀ ਇਹੀ ਕਹਿੰਦਾ ਕਿ ਤੂੰ ਕਿਸਮਤ ਵਾਲ਼ੀ ਏਂ ਕਿਉਂਕਿ ਮੇਰੀ ਮਾਂ ਵੀ ਤੂੰ ਈ ਸਿੱਧੀ ਕੀਤੀ ਏ।"

ਸੁਰਜਣ ਦੀ ਗੱਲ ਚੇਤੇ ਕਰਕੇ ਸੁੱਖਾਂ ਨੂੰ ਹਾਸਾ ਆ ਗਿਆ।

ਗਿੱਲੇ ਵਾਲਾਂ ਦਾ ਜੂੜਾ ਬਣਾਉਂਦੀ ਸੁੱਖਾਂ ਦੇ ਸਾਹਮਣੇ ਸੁਰਜਣ ਆ ਖੜੋਇਆ। ਉਹ ਸੱਚਮੁੱਚ ਦਿਲ ਦਾ ਮਾੜਾ ਨਹੀਂ ਸੀ। ਬੱਸ ਮਾਂ ਨੇ 'ਕੱਲਾ ਪੁੱਤ ਸਿਰ ਜ਼ਰੂਰ ਚੜ੍ਹਾਇਆ ਹੋਇਆ ਸੀ। ਜੋ ਮੰਗਦਾ



ਉਹਨੂੰ ਸੋਨੇ ਦੀ ਥਾਲੀ 'ਚ ਪਰੋਸ ਕੇ ਮਾਂ ਫੜਾ ਦਿੰਦੀ ਸੀ। ਬੱਸ ਉਸ ਲਾਡ ਨੇ ਉਹਨੂੰ ਵਿਗਾੜ ਦਿੱਤਾ ਸੀ। ਨਸ਼ਾ, ਸ਼ਰਾਬ ਤੇ ਸਹੇਲੀਆਂ, ਬੱਸ ਉਹਦੇ ਤਿੰਨ ਸ਼ੌਕ ਸਨ।

"ਪੁੱਤ ਸੁਰਜਣ ਨੂੰ ਖਿੱਚ ਕੇ ਰੱਖਿਆ ਕਰ...ਜਦ ਵੀ ਘਰੋਂ ਬਾਹਰ ਜਾਵੇ ਤਾਂ ਪਿੱਛਾ ਕਰਿਆ ਕਰ।"

ਕਦੇ-ਕਦੇ ਸੁਰਜਣ ਦਾ ਡੈਡੀ ਸੁੱਖਾਂ ਨੂੰ ਇਸ਼ਾਰਾ ਕਰਦਾ। ਪਹਿਲੋਂ ਪਹਿਲ ਸੁੱਖਾਂ ਨੂੰ ਇਹ ਗੱਲਾਂ ਸਮਝ ਨਹੀਂ ਸੀ ਆਉਂਦੀਆਂ। ਪਰ ਹੌਲ਼ੀ-ਹੌਲ਼ੀ ਸੁਰਜਣ ਦੇ ਲੱਛਣ ਉਹਨੂੰ ਸਮਝ ਆਉਣ ਲੱਗ ਪਏ ਸੀ। ਉਦੋਂ ਉਹਨੇ ਅਜੇ ਨਵੀਂ-ਨਵੀਂ ਕਾਰ ਚਲਾਉਣੀ ਸਿੱਖੀ ਹੀ ਸੀ ਕਿ ਇੱਕ ਦਿਨ ਸੁਰਜਣ ਦਾ ਪਿੱਛਾ ਕਰਦੀ ਨੇ ਸੁਰਜਣ ਨੂੰ ਗਲੋਂ ਜਾ ਫੜਿਆ ਸੀ। ਦੋ-ਤਿੰਨ ਸ਼ਰਾਬੀ ਮੁੰਡੇ ਤੇ ਕੁੜੀਆਂ ਵਿੱਚ ਨੱਚਦਾ ਸੁਰਜਣ ਧੂਹ ਕੇ ਬਾਹਰ ਕੱਢ ਲਿਆਂਦਾ ਸੀ। ਸ਼ਰਾਬੀ ਹੋਏ ਵਿੱਚ ਐਨੀ ਤਾਕਤ ਨਹੀਂ ਸੀ ਕਿ ਸੁੱਖਾਂ ਦਾ ਮੁਕਾਬਲਾ ਕਰਦਾ। ਸੁੱਖਾਂ ਵੀ ਪਿੰਡ ਦੀ ਜੰਮੀ ਪਲੀ ਜੁਆਨ ਮੁਟਿਆਰ ਸੀ, ਜੁਆਨੀ ਦਾ ਜੋਸ਼ ਤੇ ਅੰਦਰ ਲੋਹੜੇ ਦਾ ਰੋਹ ਸੀ।

ਉਸ ਦਿਨ ਤੋਂ ਬਾਅਦ ਸੁਰਜਣ ਨੇ ਸੁੱਖਾਂ ਦੀ ਮਰਜ਼ੀ ਬਿਨਾਂ ਘਰੋਂ ਬਾਹਰ ਪੈਰ ਨਹੀਂ ਸੀ ਪੁੱਟਿਆ ਤੇ ਹੌਲ਼ੀ-ਹੌਲ਼ੀ ਮਾਂ ਤੋਂ ਦੂਰ ਕਰਦੀ ਨੇ ਉਹਨੂੰ ਆਪਣੇ ਜੋਗਾ ਕਰ ਲਿਆ ਸੀ। ਕਈ ਵਾਰ ਅੱਜ ਵੀ ਸਹੇਲੀਆਂ ਹੱਸਦੀਆਂ ਕਹਿ ਦਿੰਦੀਆਂ-"ਨੀ ਹੁਣ ਤਾਂ ਜਮ੍ਹਾਂ ਈ ਗੁੱਤ ਦੇ ਪਰਾਂਦੇ ਨਾਲ ਬੰਨ੍ਹੀਂ ਬੈਠੀ...ਜਾਹ ਤਾਂ ਜੀਜਾ ਕਿੱਧਰੇ ਅੱਖ ਪੱਟ ਕੇ ਵੀ ਦੇਖ ਲਵੇ।" ਸੱਚਮੁੱਚ ਸੁਰਜਣ ਬਦਲ ਗਿਆ ਸੀ। ਉਹਨੇ ਕਦੇ ਸੁੱਖਾਂ ਨੂੰ ਨਹੀਂ ਸੀ ਪੁੱਛਿਆ ਕਿ ਉਹ ਕੀ ਖਾਂਦੀ-ਹੰਢਾਉਂਦੀ ਏ ਜਾਂ ਕਿੰਨੇ ਖ਼ਰਚਦੀ ਏ।

ਸੁੱਖਾਂ ਆਪਣੇ ਘਰ 'ਚ ਮਹਾਰਾਣੀਆਂ ਨਾਲੋਂ ਘੱਟ ਨਹੀਂ ਸੀ ਪਰ ਅੱਜ ਉਹਨੂੰ ਆਪਣੇ ਅੰਦਰ ਇਹ ਕੇਹੀ ਘਾਟ ਮਹਿਸੂਸ ਹੋ ਰਹੀ ਸੀ, ਉਹਨੂੰ ਖ਼ੁਦ ਨੂੰ ਸਮਝ ਨਹੀਂ ਸੀ ਆ ਰਹੀ। ਖ਼ਬਰੇ ਕਿੰਨਾ ਚਿਰ ਉਹ ਬਾਥਰੂਮ ਵਿੱਚ ਖੜ੍ਹੀ ਪੁੱਠੀਆਂ-ਸਿੱਧੀਆਂ ਗੱਲਾਂ ਸੋਚਦੀ ਰਹੀ। ਗਿੱਲੇ ਵਾਲਾਂ ਨੂੰ ਜੂੜੇ ਵਿੱਚ ਕੱਸਦੀ ਨੇ ਸ਼ੀਸ਼ੇ ਵੱਲ ਮੁੜ ਤੱਕਿਆ। ਸ਼ੀਸ਼ੇ 'ਤੇ ਜੰਮੀ ਧੁੰਦ ਤਾਂ ਕਦੋਂ ਦੀ ਉੱਡ ਪੁੱਡ ਗਈ ਸੀ ਪਰ ਉਹਦੇ ਦਿਲ ਦਿਮਾਗ਼ ਵਿਚਲੀ ਧੁੰਦ ਹੋਰ ਗਾੜ੍ਹੀ ਹੋ ਰਹੀ ਸੀ।

ਪੈਰ ਘਸੀਟਦੀ ਉਹ ਬਾਥਰੂਮ ਵਿੱਚੋਂ ਨਿੱਕਲ਼ ਕੇ ਸੋਚ ਹੀ ਰਹੀ ਸੀ ਕਿ ਹੇਠਾਂ ਮੰਮੀ ਡੈਡੀ ਕੋਲ਼ ਦੋ ਘੜੀਆਂ ਜਾ ਬੈਠੇ ਜਾਂ ਸਿਰ ਲਪੇਟ ਕੇ ਬੈੱਡ 'ਚ ਜਾ ਵੜੇ, ਜਦ ਨੂੰ ਹੇਠੋਂ ਸੱਸ ਦੀ ਆਵਾਜ਼ ਉਹਦੇ ਕੰਨੀਂ ਪਈ। ਉਹਦਾ ਦਿਲ ਚਾਹੁੰਦਾ ਸੀ ਕਿ ਉਹਨੂੰ ਕੋਈ ਨਾ ਬੁਲਾਵੇ। ਬੱਸ ਉਹ ਸੌਣਾ ਚਾਹੁੰਦੀ ਸੀ ਪਰ ਹੇਠੋਂ ਸੱਸ ਦੀ ਆਵਾਜ਼ ਸੁਣ ਕੇ ਉਹ ਬਾਲਕੋਨੀ 'ਚ ਜਾ ਕੇ ਹੇਠਾਂ ਨੂੰ ਦੇਖਣ ਲੱਗੀ।

ਦੋਵੇਂ ਸੱਸ-ਸਹੁਰਾ ਫੈਮਿਲੀ ਰੂਮ 'ਚ ਬੈਠੇ ਟੀ.ਵੀ. ਦੇਖ ਰਹੇ ਸੀ।

"ਡੈਡੀ ਪੈਰੀਂ ਪੈਣਾ...ਸਾਸਰੀ ਕਾਲ ਮੰਮੀ।"

"ਜਿਉਂਦੀ ਰਹੁ ਪੁੱਤ...ਚਾਹ ਪੀਣੀ ਤਾਂ ਬਣਾਵਾਂ...ਜ਼ਿਆਦਾ ਥੱਕ ਤਾਂ ਨਈਂ ਗਈ ?"

ਸੱਸ ਨੇ ਉਤਾਂਹ ਮੂੰਹ ਚੁੱਕ ਕੇ ਪੁੱਛਿਆ।

"ਨਈਂ ਮੰਮੀ, ਮੇਰਾ ਸਿਰ ਬਹੁਤ ਦੁਖਦੈ...ਤੁਸੀਂ ਪੀ ਲੋ ਨਾਲ਼ੇ ਜਦੋਂ ਇਹ ਆਏ ਇਨ੍ਹਾਂ ਨੂੰ ਰੋਟੀ ਦੇ ਦਿਉ, ਮੈਂ ਥੋੜ੍ਹਾ ਸੌਂ ਲਵਾਂ।"

"ਚੰਗਾ ਪੁੱਤ, ਤੇਰੀ ਮਰਜ਼ੀ...ਕਿੰਨੀ ਵਾਰ ਕਿਹਾ ਪੁੱਤ ਕੰਮ ਛੱਡ ਦੇ...ਘਰ ਵਿੱਚ ਬਾਬੇ ਦਾ ਦਿੱਤਾ ਬਹੁਤ ਕੁਸ਼ ਐ।"

ਸੱਸ ਉਹਨੂੰ ਕਈ ਵਾਰ ਪਹਿਲਾਂ ਵੀ ਇਹ ਗੱਲ ਕਹਿ ਚੁੱਕੀ ਸੀ।

ਸੁੱਖਾਂ ਪਿਛਲੇ ਪੈਰੀਂ ਮੁੜ ਆਈ। ਬਿਸਤਰੇ 'ਚ ਡਿੱਗਦਿਆਂ ਡਰੈਸਿੰਗ ਟੇਬਲ ਉੱਪਰ ਪਏ ਗੁਟਕੇ ਵੱਲ ਦੇਖਿਆ ਪਰ ਅੱਜ ਉਹਦਾ ਪਾਠ ਕਰਨ ਨੂੰ ਦਿਲ ਨਹੀਂ ਸੀ ਕਰ ਰਿਹਾ। ਜੈਨੀ ਦੀ ਨਿੱਕੀ ਜਿਹੀ ਗੱਲ ਉਹਨੂੰ ਐਨਾ ਬੇਚੈਨ ਕਰ ਦੇਵੇਗੀ, ਉਹਨੇ ਕਦੇ ਸੋਚਿਆ ਹੀ ਨਹੀਂ ਸੀ। ਉਹ ਬੈੱਡ ਤੋਂ ਉੱਠੀ, ਸਾਹਮਣੇ ਪਏ ਗੁਟਕੇ ਨੂੰ ਚੁੱਕ ਕੇ ਅਲਮਾਰੀ 'ਚ ਰੱਖ ਦਿੱਤਾ। ਅੰਦਰ ਉੱਠਦੇ ਵਲ਼ਵਲ਼ੇ ਉਹਨੂੰ ਪਾਪਾਂ ਵਰਗੇ ਲੱਗ ਰਹੇ

ਸੀ ਤੇ ਜਿਵੇਂ ਰੱਬ ਤੋਂ ਕੁਝ ਲੁਕਾ ਰਹੀ ਹੋਵੇ।

"ਉਹਦੇ ਤੋਂ ਭਲਾ ਕੀ ਲੁਕਿਆ ਹੋਇਐ।"

ਉਹਨੇ ਆਪਣੇ ਆਪ ਨੂੰ ਕਿਹਾ।

"ਏਹ ਸਾਰੇ ਪਾਪ ਪੁੰਨ ਸਾਨੂੰ ਹੀ ਕਿਉਂ ਲੱਗਦੇ ਨੇ...ਗੋਰਿਆਂ ਨੂੰ ਇਨ੍ਹਾਂ ਗੱਲਾਂ ਦਾ ਕੋਈ ਫ਼ਰਕ ਕਿਉਂ ਨਈਂ ਪੈਂਦਾ।" ਹਾਲਾਂਕਿ ਉਹਨੇ ਕੁਝ ਅਜਿਹਾ ਨਹੀਂ ਕੀਤਾ ਜਿਹੜਾ ਉਹਨੂੰ ਕੋਈ ਪਛਤਾਵਾ ਹੁੰਦਾ ਪਰ ਉਹਦੇ ਅੰਦਰਲੀ ਬੇਚੈਨੀ ਉਹਨੂੰ ਗੁਨਾਹਗਾਰ ਬਣਾ ਰਹੀ ਸੀ। ਉਹਨੇ ਤਾਂ ਕਦੇ ਅਜਿਹਾ ਕੁਝ ਸੋਚਿਆ ਵੀ ਨਹੀਂ ਸੀ। ਇਹ ਤਾਂ ਐਵੇਂ ਉਹ ਜੈਨੀ ਨੂੰ ਸਮਝਾਉਣ ਬੈਠ ਗਈ ਸੀ। ਸ਼ਾਇਦ ਸੁੱਖਾਂ ਨੂੰ ਸਿਆਣੀ ਬਣਨ ਦੀ ਲਤ ਲੱਗ ਗਈ ਸੀ। ਵੀਹਾਂ ਟੱਬਰਾਂ 'ਚ ਉਹਦੀ ਸਿਫ਼ਤ ਹੁੰਦੀ ਸੀ। ਸੱਸਾਂ ਆਪਣੀਆਂ ਨੂੰਹਾਂ ਨੂੰ ਸੁੱਖਾਂ ਦੀ ਉਦਾਹਰਣ ਦਿੰਦੀਆਂ ਸਨ ਕਿ ਕਿਵੇਂ ਉਹਨੇ ਕੁਪੱਤੀ ਸੱਸ ਨਾਲ ਵਕਤ ਕੱਢਿਆ ਸੀ ਤੇ ਨਿਕੰਮੇ ਸੁਰਜਣ ਨੂੰ ਚੰਗੇ ਰਾਹ ਪਾਇਆ ਤੇ ਅੱਜ ਉਹੀ ਸੁੱਖਾਂ ਆਪਣੇ ਘਰ ਟੱਬਰ ਵਿੱਚ ਰਾਜ ਕਰਦੀ ਹੈ। ਸਾਰੇ ਪਰਿਵਾਰ ਨੂੰ ਬੰਨ੍ਹਣ ਵਾਲ਼ੀ ਸੁੱਖਾਂ ਨੂੰ ਸਿਫ਼ਤ ਸੁਣਨ ਦੀ ਵੀ ਆਦਤ ਪੈ ਗਈ ਸੀ।

ਜਦ ਕਦੇ ਵੀ ਘਰ ਪ੍ਰਾਹੁਣੇ ਆਉਂਦੇ, ਉਹਦੀ ਬਣਾਈ ਰੋਟੀ ਦੀ ਸਿਫ਼ਤ ਹੁੰਦੀ ਤਾਂ ਉਹ ਚੌੜੀ ਹੋ-ਹੋ ਬਹਿੰਦੀ।

"ਕਈ ਵਾਰ ਇਨਸਾਨ ਚੰਗਾ ਬਣਦਾ ਬਣਦਾ ਜਿਉਣਾ ਭੁੱਲ ਜਾਂਦਾ ਹੈ।"

ਕੰਬਲ ਦੀ ਤਹਿ ਖੋਲ੍ਹਦੀ ਨੇ ਹੌਕਾ ਲਿਆ।

ਸੋਨੇ ਦੇ ਗਹਿਣੇ, ਮਹਿੰਗੇ ਕੱਪੜੇ, ਵੱਡਾ ਘਰ ਤੇ ਲਿਸ਼ਕਦੀਆਂ ਗੱਡੀਆਂ ਹੀ ਜ਼ਿੰਦਗੀ ਤਾਂ ਨਹੀਂ...ਜ਼ਿੰਦਗੀ ਦੇ ਮਾਇਨੇ ਕੁਝ ਹੋਰ ਵੀ ਹੋ ਸਕਦੇ ਨੇ ?

ਆਪਣੇ ਆਪ ਨੂੰ ਕੰਬਲ ਵਿੱਚ ਲਪੇਟਦੀ ਉਹ ਸੁੰਘੜ ਕੇ ਲੰਮੀ ਪੈ ਗਈ ਜਿਵੇਂ ਉਹ ਆਪਣੇ ਆਪ ਤੋਂ ਲੁਕ ਰਹੀ ਹੋਵੇ। ਸਾਹਮਣੇ ਅਲਮਾਰੀ ਵੱਲ ਦੇਖ ਕੇ ਉਹਨੂੰ ਜਾਪਿਆ ਜਿਵੇਂ ਮਾਂ ਖੜ੍ਹੀ ਕਹਿ ਰਹੀ ਹੋਵੇ-

"ਪੁੱਤ ਉੱਠ, ਪਾਠ ਕਰ...ਸੁਖਮਨੀ ਸਾਹਿਬ ਦਾ ਪਾਠ ਕਰਨ ਨਾਲ ਸਭ ਦੁੱਖ ਦਲਿੱਤਰ ਦੂਰ ਹੁੰਦੇ ਨੇ।"

ਉਹਨੇ ਘੁੱਟ ਕੇ ਅੱਖਾਂ ਮੀਚ ਲਈਆਂ ਤੇ ਗੁਟਕੇ ਵਾਲ਼ੀ ਅਲਮਾਰੀ ਵੱਲੋਂ ਪਾਸਾ ਮੋੜ ਕੇ ਕੰਬਲ ਮੂੰਹ 'ਤੇ ਲੈ ਲਿਆ। ਸੁੱਖਾਂ ਪਹਿਲਾਂ ਵੀ ਕਈ ਵਾਰ ਇਉਂ ਹੀ ਕਰਦੀ ਸੀ। ਜਦ ਕਦੇ ਡਿਪਰੈਸ਼ਨ ਜ਼ਿਆਦਾ ਮਹਿਸੂਸ ਕਰਦੀ ਤਾਂ ਇਉਂ ਹੀ ਬਿਸਤਰੇ ਵਿੱਚ ਲੁਕ ਜਾਂਦੀ। ਕਈ ਵਾਰ ਅੱਖਾਂ ਦੇ ਹੰਝੂ ਆਪ ਮੁਹਾਰੇ ਵਹਿੰਦੇ ਰਹਿੰਦੇ ਤੇ ਅਖ਼ੀਰ ਮਨ ਹੌਲ਼ਾ ਹੁੰਦਾ ਤਾਂ ਉੱਠ ਕੇ ਘਰ ਦੇ ਕੰਮਾਂ ਵਿੱਚ ਰੁੱਝ ਜਾਂਦੀ।

ਪਰ ਅੱਜ ਉਹਨੂੰ ਆਪਣੇ ਆਪ ਤੋਂ ਡਰ ਆਉਣ ਲੱਗ ਪਿਆ ਸੀ। ਪਹਿਲੀ ਵਾਰ ਪਾਠ ਵੱਲੋਂ ਉਹਦਾ ਮਨ ਮੁੜਿਆ ਸੀ। ਮੂੰਹੋਂ ਵਾਹਿਗੁਰੂ-ਵਾਹਿਗੁਰੂ ਕਰਦੀ ਉਹ ਕਦੇ ਜੈਨੀ ਬਾਰੇ ਸੋਚਣ ਲੱਗਦੀ ਤੇ ਕਦੇ ਆਪਣੇ ਅਤੀਤ ਬਾਰੇ ਸੋਚਣ ਲੱਗ ਜਾਂਦੀ।

ਅੱਖਾਂ ਮੀਚੀ, ਅੱਧ-ਸੁੱਤੀ, ਬੇਚੈਨ ਜਿਹੀ ਸੋਚਾਂ ਵਿੱਚ ਪਤਾ ਨਹੀਂ ਕਿੱਥੇ-ਕਿੱਥੇ ਟੱਕਰਾਂ ਮਾਰ ਰਹੀ ਸੀ।

ਪਿੰਡ ਦੇ ਸਕੂਲ ਵਿੱਚੋਂ ਨਿੱਕਲ਼ ਕੇ ਉਹ ਕਾਲਜ ਜਾਣ ਦੇ ਸੁਪਨੇ ਲਿਆ ਕਰਦੀ ਸੀ। ਕਈ ਵਾਰ ਉਹ ਸ਼ਹਿਰੀ ਕੁੜੀਆਂ ਵਾਂਗ ਗਲ 'ਚ ਚੁੰਨੀ ਪਾ ਕੇ ਫ਼ਿਲਮ ਦੇਖਣ ਦਾ ਸੁਪਨਾ ਦੇਖਦੀ। ਕੱਛ ਵਿਚ ਕਿਤਾਬਾਂ ਦੇ ਕੇ ਹੀਲ ਵਾਲੇ ਸੈਂਡਲ ਪਾ ਠੁੰਮ-ਠੁੰਮ ਕਰਦੀਆਂ ਕੁੜੀਆਂ ਉਹਨੂੰ ਸੋਹਣੀਆਂ ਲੱਗਦੀਆਂ। ਕਈ ਵਾਰ ਕਾਲ਼ੀਆਂ ਐਨਕਾਂ ਲਾ ਕੇ ਚਾਚੀ ਦੇ ਭਤੀਜੇ ਦੇ ਮੋਟਰ ਸਾਈਕਲ ਪਿੱਛੇ ਬੈਠੀ ਦੇ ਉੱਡਦੇ ਵਾਲ਼ਾਂ ਦਾ ਸੁਪਨਾ ਉਹ ਖੁੱਲ੍ਹੀਆਂ ਅੱਖਾਂ ਨਾਲ ਦੇਖਦੀ।

ਇਸ ਤੋਂ ਅਗਾਂਹ ਤਾਂ ਉਹਦੀ ਨਿਆਣੀ ਸੋਚ ਕਿੱਧਰੇ ਉੱਡ ਕੇ ਗਈ ਵੀ ਨਹੀਂ ਸੀ।

ਵਿਆਹ ਤੋਂ ਬਾਅਦ ਵੀ ਜਦ ਉਹ ਕਦੇ ਬਹੁਤ ਉਦਾਸ ਹੁੰਦੀ ਤਾਂ ਕਈ ਵਾਰ ਸੋਚਦੀ ਕਿ ਕਾਸ਼



ਇੱਕ ਵਾਰ ਉਹ ਬਚਪਨ ਵਾਲ਼ਾ ਮੁੰਡਾ ਉਹਦੇ ਸਾਹਮਣੇ ਆ ਜਾਵੇ... ਜਾਂ ਫੇਰ ਉਹ ਵਰ੍ਹੇ ਪਹਿਲਾਂ ਦੇਖਿਆ, ਕਾਲ਼ੇ ਕੁੜਤੇ ਚਾਦਰੇ ਵਾਲ਼ਾ ਮੁੰਡਾ ਮੁੜ ਉਹਦੀ ਅੱਖ 'ਚ ਅੱਖ ਪਾ ਕੇ ਦੇਖੇ ਤਾਂ ਉਹਦਾ ਦਿਲ ਉਵੇਂ ਹੀ ਧੜਕੇ ਜਿਵੇਂ ਉਸ ਦਿਨ ਧੜਕਿਆ ਸੀ...ਬੱਸ ਉਹਨੂੰ ਇੱਕ ਵਾਰ ਫੇਰ ਜਿਉਂਦੇ ਹੋਣ ਦਾ ਅਹਿਸਾਸ ਹੋ ਜਾਵੇ... ਉਹ ਅਹਿਸਾਸ ਜਿਹੜਾ ਉਹਨੂੰ ਸੁਰਜਣ ਨਾਲ ਕਦੇ ਨਹੀਂ ਸੀ ਹੋਇਆ...।

"ਭਲਾ ਇਹ ਕਿੰਨੇ ਕੁ ਵੱਡੇ ਸੁਪਨੇ ਸਨ ?"

ਆਪਣੇ ਹੀ ਸਵਾਲ ਨਾਲ ਉਹ ਤ੍ਰਭਕ ਕੇ ਉੱਠੀ। ਕਮਰੇ ਵਿੱਚ ਹਨੇਰਾ ਪਸਰ ਰਿਹਾ ਸੀ। ਘਰ ਬਿਲਕੁਲ ਸ਼ਾਂਤ ਸੀ।

"ਸੁੱਖਾਂ ਸੌਂ ਗਈ ?"

ਸੁਰਜਣ ਸਿਰਹਾਣੇ ਕੋਲ਼ ਖੜ੍ਹਾ ਪੁੱਛ ਰਿਹਾ ਸੀ।

ਸੁੱਖਾਂ ਨੇ ਸੁੱਤੇ ਹੋਣ ਦਾ ਬਹਾਨਾ ਕੀਤਾ ਜਿਵੇਂ ਉਹ ਅੱਗੇ ਵੀ ਕਰਦੀ ਹੈ।

"ਸੁੱਖਾਂ...ਸੁੱਖਾਂ...।"

ਸੁਰਜਣ ਨੇ ਉਹਦਾ ਮੋਢਾ ਹਿਲਾਇਆ ਤੇ ਉਹਨੇ ਅੱਖਾਂ ਪੁੱਟੀਆਂ। ਸੁਰਜਣ ਦਾ ਚਿਹਰਾ ਉਹਨੂੰ ਬੇਗ਼ਾਨਾ ਜਿਹਾ ਜਾਪਿਆ।

"ਮੈਂ ਠੀਕ ਨਹੀਂ, ਸਿਰ ਦੁੱਖਦੈ।"

ਉਹਨੇ ਸਰਾਸਰ ਝੂਠ ਬੋਲਿਆ।

"ਚੰਗਾ, ਸੌਂ ਜਾਹ...ਜੇ ਠੀਕ ਹੋ ਗਈ ਤਾਂ ਆ ਜਾਈਂ...।"

ਕਹਿ ਕੇ ਸੁਰਜਣ ਦਰਵਾਜ਼ਾ ਬੰਦ ਕਰ ਕੇ ਬਾਹਰ ਨਿੱਕਲ਼ ਗਿਆ। ਸੁੱਖਾਂ ਮਰਿਆਂ ਵਾਂਗ ਉੱਥੇ ਹੀ ਪਈ ਰਹੀ ਤੇ ਅਚਾਨਕ ਉਹਨੂੰ ਜਾਪਿਆ ਜਿਵੇਂ ਜੈਨੀ ਉਹਦੇ ਸਿਰਹਾਣੇ ਆ ਕੇ ਬੈਠ ਗਈ ਹੋਵੇ।

"ਜੈਨੀ, ਅੱਜ ਤੂੰ ਉਦਾਸ ਲੱਗਦੀ ਏਂ...ਕੀ ਹੋਇਆ ਠੀਕ ਵੀ ਏਂ।"

"ਮੈਂ ਪਿਛਲੇ ਬਾਰ੍ਹਾਂ ਵਰ੍ਹਿਆਂ ਤੋਂ ਘਰ ਵਾਲ਼ੇ ਤੋਂ ਅਲੱਗ ਹੋਣ ਬਾਰੇ ਸੋਚ ਰਹੀ ਆਂ...ਪਰ ਘਰ ਦੇ ਖਰਚ, ਬੱਚੇ, ਮੈਡੀਕਲ ਇੰਸ਼ੋਰੈਂਸ ਬਾਰੇ ਸੋਚ ਕੇ ਡਰ ਜਾਂਦੀ ਸੀ ਕਿ ਮੈਂ ਇਕੱਲੀ ਕਿਵੇਂ ਸਭ ਕਰਾਂਗੀ...ਯੂ ਨੋ ਇੱਟ ਇਜ਼ ਨਾਟ ਈਜ਼ੀ...ਪਰ ਹੁਣ ਬੱਚੇ ਵੱਡੇ ਨੇ, ਮੈਂ ਸੋਚਦੀ ਆਂ ਤਲਾਕ ਦੇ ਹੀ ਦੇਵਾਂ।"

ਸੁੱਖਾਂ ਦਾ ਮੂੰਹ ਟੱਡਿਆ ਜਿਹਾ ਰਹਿ ਗਿਆ।

"ਕੀ ਰਿਸ਼ਤੇ ਸਿਰਫ਼ ਘਰ ਦੇ ਖ਼ਰਚ, ਮੈਡੀਕਲ ਇੰਸ਼ੋਰੈਂਸ ਤੱਕ ਹੀ ਸੀਮਤ ਹੁੰਦੇ ਨੇ।"

ਸੁੱਖਾਂ ਨੂੰ ਗੋਰਿਆਂ ਦੀਆਂ ਇਹ ਗੱਲਾਂ ਪਹਿਲਾਂ ਵੀ ਸਮਝ ਨਹੀਂ ਸੀ ਆਉਂਦੀਆਂ।

"ਜੈਨੀ, ਤੇਰਾ ਘਰ ਵਾਲ਼ਾ ਤੇ ਬਹੁਤ ਚੰਗਾ ਏ...ਤੈਨੂੰ ਮਾਰਦਾ, ਤੰਗ ਕਰਦਾ, ਸ਼ਰਾਬ ਪੀਂਦਾ ਜਾਂ...?"

"ਉਹ ਨੋ ਨੋ...ਹੀ ਇਜ਼ ਏ ਨਾਈਸ ਮੈਨ...ਚੰਗਾ ਇਨਸਾਨ ਹੈ...ਚੰਗਾ ਪਿਤਾ, ਚੰਗਾ ਪ੍ਰੋਵਾਈਡਰ ਹੈ...ਫੈਮਿਲੀ ਮੈਨ ਹੈ...ਪਰ ਵਿਆਹ ਦੇ ਰਿਸ਼ਤੇ ਵਿੱਚ ਸਿਰਫ਼ ਇਹੀ ਤਾਂ ਜ਼ਰੂਰੀ ਨਹੀਂ ਹੁੰਦਾ।"

ਜੈਨੀ ਨੇ ਲੰਬਾ ਸਾਹ ਲਿਆ।

"ਤੇ ਹੋਰ ਭਲਾ ਰਿਸ਼ਤੇ 'ਚ ਕੀ ਚਾਹੀਦਾ।"

ਸੁੱਖਾਂ ਨੇ ਜੈਨੀ ਨੂੰ ਸਮਝਾਉਂਦਿਆਂ ਹੋਇਆਂ ਕਿਹਾ।

"ਮੈਨੂੰ ਤਾਂ ਯਾਦ ਵੀ ਨਹੀਂ ਵਿਆਹ ਤੋਂ ਬਾਦ ਸਾਡਾ ਇਹ ਰਿਸ਼ਤਾ ਐਨਾ ਠੰਡਾ ਕਿਵੇਂ ਹੋ ਗਿਆ।"

ਜੈਨੀ ਦੀ ਆਵਾਜ਼ ਬਹੁਤ ਦੂਰੋਂ ਜਿਹੇ ਆਈ।

"ਇਹ ਠੰਡੇ ਰਿਸ਼ਤੇ ਕਿਹੋ ਜਿਹੇ ਹੁੰਦੇ ਨੇ ?"

ਸੁੱਖਾਂ ਨੇ ਹਨੇਰੇ ਵਿੱਚ ਕਮਰਿਆਂ ਵਿਚਕਾਰਲੀ ਕੰਧ ਨੂੰ ਘੂਰਿਆ ਤੇ ਆਪਣੀ ਸੋਚ 'ਤੇ ਜ਼ੋਰ ਪਾਉਣ ਲੱਗੀ ਕਿ ਉਹ ਤੇ ਸੁਰਜਣ ਕਿਹੜੇ ਵੇਲ਼ੇ ਆਪੋ-ਆਪਣੇ ਕਮਰਿਆਂ ਨੂੰ ਮੱਲ ਕੇ ਬੈਠ ਗਏ ਸਨ। ਇੱਕੋ ਘਰ ਵਿੱਚ ਵੱਸਦਿਆਂ ਐਨੀ ਦੂਰੀ...?

ਸੁੱਖਾਂ ਝਟਕੇ ਨਾਲ ਉੱਠੀ, ਨਾਈਟ ਲਾਈਟ ਦਾ ਮੱਧਮ ਜਿਹਾ ਚਾਨਣ ਹੁੰਦਿਆਂ ਹੀ ਜੈਨੀ ਵੀ ਅਲੋਪ ਹੋ ਗਈ। ਪਰ ਜੈਨੀ ਦੇ ਬੋਲ ਅਜੇ ਵੀ ਸੁੱਖਾਂ ਦੇ ਕੰਨਾਂ ਨਾਲ ਟਕਰਾ ਰਹੇ ਸਨ।


"ਸਾਡਾ ਰਿਸ਼ਤਾ ਕਦੇ ਅੱਗ ਵਾਂਗ ਮੱਘਦਾ ਸੀ...ਹੁਣ ਤਾਂ ਸਾਡੇ ਵਿਚਕਾਰ ਕੋਈ ਚੰਗਿਆੜੀ ਵੀ ਨਹੀਂ ਬਚੀ...ਹੁਣ ਠੰਡੇ ਰਿਸ਼ਤੇ ਵਿੱਚ ਕੁਝ ਵੀ ਤੇ ਨਹੀਂ ਬਚਿਆ...ਆਈ ਕੈਂਟ ਲਿਵ ਲਾਇਕ ਦਿਸ...ਦੇਅਰ ਇਜ਼ ਨੋ ਸਪਾਰਕ...ਇਟਜ਼ ਵੈਰੀ ਕੋਲਡ...ਯੂ ਨੋਅ...ਜੇ ਰਿਸ਼ਤਿਆਂ 'ਚ ਅੱਗ ਹੀ ਨਹੀਂ ਰਹੀ ਤਾਂ ਪਿੱਛੇ ਬਚਿਆ ਵੀ ਕੀ ਏ ?"

ਜੈਨੀ ਦੇ ਬੋਲ ਸੁੱਖਾਂ ਦੇ ਠੰਡੇ ਕਮਰੇ ਨੂੰ ਹੋਰ ਠਾਰ ਗਏ। ਉਹਦਾ ਦਿਲ ਕੀਤਾ ਕਿ ਉਹ ਸੁਰਜਣ ਕੋਲ ਜਾਵੇ, ਉਹਦੇ ਗਲ ਲੱਗ ਕੇ ਰੋਵੇ ਤੇ ਉਹਨੂੰ ਪੁੱਛੇ, "ਜੀ, ਰਿਸ਼ਤਿਆਂ 'ਚ ਅੱਗ ਦੀ ਸਾਂਝ ਵੀ ਜ਼ਰੂਰੀ ਹੁੰਦੀ ਏ...?"

ਉਹ ਹੌਲ਼ੀ ਜਿਹੀ ਬਿਸਤਰੇ ਤੋਂ ਉੱਠੀ...ਬਾਥਰੂਮ ਵਿੱਚ ਜਾ ਕੇ ਮੂੰਹ ਧੋਤਾ। ਪੋਲ਼ੇ ਪੈਰੀਂ ਬੰਦ ਦਰਵਾਜ਼ੇ ਵੱਲ ਨੂੰ ਜਾਂਦੀ-ਜਾਂਦੀ ਅਲਮਾਰੀ ਕੋਲ਼ ਆ ਕੇ ਰੁਕੀ...ਕੁੰਡੀ 'ਤੇ ਟੰਗੀ ਚੁੰਨੀ ਖਿਲਾਰ ਕੇ ਸਿਰ 'ਤੇ ਲਈ...ਅਲਮਾਰੀ ਵਿੱਚੋਂ ਗੁਟਕਾ ਚੁੱਕਿਆ ਤੇ ਕੰਧ ਨਾਲ ਢੋਅ ਲਾ ਕੇ ਚੌਂਕੜੀ ਮਾਰ ਕੇ ਸੁਖਮਨੀ ਸਾਹਿਬ ਦੇ ਪੰਨਿਆਂ ਨੂੰ ਪਲਟਣ ਲੱਗ ਪਈ...। **(e-mail:parvezsandhu@hotmail.com)**

'ਸਫ਼ਰ' ਕਵਿਤਾ ਸੰਗ੍ਰਹਿ, 'ਬੇਰਾਂ ਦਾ ਸਵਾਦ' ਅਤੇ 'ਦੋਸਤੀ ਦਾ ਮੁੱਲ' (ਬਾਲ ਕਹਾਣੀਆਂ) ਪੁਸਤਕਾਂ ਤੋਂ ਬਾਅਦ ਸਰੋਜ ਵੱਲੋਂ ਬੱਚਿਆ ਲਈ ਲਿਖਿਆ

ਬਾਲ ਨਾਵਲ **ਗਿਆਨ ਦੇ ਪਾਂਧੀ**




**ਗਿਆਨ ਦੇ ਪਾਂਧੀ**
(ਬਾਲ ਨਾਵਲ)
**ਸਰੋਜ**
**ਪੰਨੇ 96**
**ਮੁੱਲ 100/-**

**ਪਰਵਾਜ਼ ਪ੍ਰਕਾਸ਼ਨ**
**ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾਂ ਜਲੰਧਰ**
**ਸੰਪਰਕ 94170-64350**





## ਕਹਾਣੀ/ ਆਈ ਕਾਂਟ ਬ੍ਰੀਦ/ - ਅਜਮੇਰ ਸਿੱਧੂ

ਸਾਡੇ ਘਰ ਵਿਚ ਚੁੱਪ ਪਸਰੀ ਪਈ ਆ। ਇਕੋ ਘਰ ਵਿਚ ਹੋਰ ਤਿੰਨ ਜੀਆਂ ਦੇ ਹੁੰਦਿਆਂ ਹੋਇਆਂ ਵੀ, ਮੇਰਾ ਸਾਹ ਘੁਟਿਆ ਜਾ ਰਿਹਾ। ਦੋਵੇਂ ਬੱਚੇ ਆਪੋ-ਆਪਣੇ ਲੈਪਟਾਪ 'ਤੇ ਸਕੂਲ ਦਾ ਕੰਮ ਕਰਦੇ ਰਹਿੰਦੇ ਆ, ਜਾਂ ਗੇਮ ਵਿਚ ਰੁੱਝ ਜਾਣਗੇ। ਪਤਨੀ ਰਾਣੋ ਦੋ ਵਕਤ ਦਾ ਖਾਣਾ ਬਣਾਉਂਦੀ ਆ। ਫੇਰ ਉਹ ਘਰ ਦੇ ਛੋਟੇ-ਮੋਟੇ ਕੰਮਾਂ ਤੋਂ ਥੱਕ ਟੁੱਟ ਕੇ ਟੀ ਵੀ ਮੋਹਰੇ ਬਹਿ ਜਾਂਦੀ ਹੈ। ਉਹ ਕਰੋਨਾ ਵਾਇਰਸ ਤੋਂ ਡਰੀ ਹੋਈ ਉਸ ਬਾਰੇ ਮਾੜੀ-ਮਾੜੀ ਖ਼ਬਰ ਵੀ ਦੇਖਦੀ ਆ। ਬਾਹਰ ਨਿਕਲਿਆ ਨਹੀਂ ਜਾ ਸਕਦਾ। ਕਰੋਨਾ ਦੇ ਕਾਰਨ ਰਾਣੋ ਬਾਹਰੋਂ ਕੁਝ ਮੰਗਵਾਉਣ ਵੀ ਨਹੀਂ ਦਿੰਦੀ। ਮੈਂ ਇਕੱਲਾ ਬੋਰ ਹੋ ਗਿਆ ਹਾਂ। ਬੂਹੇ 'ਤੇ ਝਾਤੀ ਮਾਰਕੇ ਆਇਆ ਹਾਂ।

ਸਾਡੀ ਰੋਜ਼ਾ ਪਾਰਕਸ ਸਟਰੀਟ ਵਿਚ ਪਹਿਲਾਂ ਵਾਂਗ ਚਹਿਲ-ਪਹਿਲ ਨਹੀਂ ਹੈ। ਕਿਸੇ-ਕਿਸੇ ਘਰੋਂ ਮੱਧਮ ਜਿਹੀ ਆਵਾਜ਼ ਸੁਣਦੀ ਹੈ। ਬਾਹਰ ਸੜਕ 'ਤੇ ਵੀ ਟਾਵੀਂ-ਟਾਵੀਂ ਗੱਡੀ ਲੰਘ ਰਹੀ ਹੈ। ਪੈਦਲ ਚੱਲਣ-ਵਾਲੇ ਵੀ ਦਿਹਾੜੀ ਵਿਚ ਦਸ-ਪੰਦਰਾਂ ਕੁ ਹੀ ਨਜ਼ਰੀਂ ਪੈਂਦੇ ਹਨ। ਬਹੁਤ ਲੋੜ ਕੂਹੀ ਸਟੋਰ 'ਤੇ ਜਾਣ ਲਈ ਬਾਹਰ ਨਿਕਲਦੇ ਹਨ।

ਉਂਝ ਤੇ ਪੂਰੀ ਦੁਨੀਆਂ ਹੀ ਕੋਵਿਡ ਕਾਰਨ ਘਰਾਂ ਵਿਚ ਬੰਦ ਹੈ। ਸਾਨੂੰ ਤਾਂ ਘਰ ਵਿਚ ਕੈਦ ਹੀ ਕਰ ਦਿੱਤਾ ਗਿਆ ਹੈ। ਇੰਡੀਆ ਸਾਲ਼ੇ ਦੇ ਮੁੰਡੇ ਦਾ ਵਿਆਹ ਕਰਨ ਗਏ ਸੀ। ਅਜੇ ਏਥੇ ਆਪਣੇ ਘਰ ਆਇਆਂ ਨੂੰ ਦੋ ਦਿਨ ਹੀ ਹੋਏ ਸਨ, ਪੂਰੇ ਅਮਰੀਕਾ ਵਿਚ 'ਸ਼ੈਲਟਰ ਇਨ ਪਲੇਸ' ਲਾਗੂ ਹੋ ਗਿਆ। ਹੈਲਥ ਡਿਪਾਰਟਮੈਂਟ ਨੇ ਸਾਡੇ ਘਰ ਦੇ ਦਰਵਾਜ਼ੇ 'ਤੇ 'ਕੋਵਿਡ-19 ਹੋਮ ਕੁਆਰੰਟੀਨ' ਦਾ ਪੇਪਰ ਲਗਾ ਦਿੱਤਾ। ਜਿਸ ਉੱਤੇ ਸਾਫ਼ ਲਿਖਿਆ ਹੋਇਆ-'ਨਾ ਕੋਈ ਬਾਹਰ ਜਾਓ, ਨਾ ਕੋਈ ਅੰਦਰ ਆਵੇ।'

ਉੱਧਰ ਇੰਡੀਆ ਵਿਚ ਮੇਰੇ ਸੱਸ-ਸਹੁਰੇ, ਦੋਨਾਂ ਸਾਲ਼ਿਆਂ ਤੇ ਸਾਲ਼ੀ ਦੇ ਪਰਿਵਾਰਾਂ ਨੂੰ ਵੀ ਅਜੇ ਘਰਾਂ ਵਿਚ ਹੀ ਕੁਆਰੰਟੀਨ ਕੀਤਾ ਹੋਇਆ ਹੈ। ਜਦੋਂ ਕਿ ਅਸੀਂ 'ਲੌਕਡਾਊਨ'ਤੋਂ ਦੋ ਵੀਕ ਪਹਿਲਾਂ ਦੇ

ਇੰਡੀਆ ਗਏ ਹੋਏ ਸੀ। ਉਹ ਸਾਡੇ ਨਾਲੋਂ ਵੀ ਜ਼ਿਆਦਾ ਦੁਖੀ ਹਨ । ਉੱਥੇ ਤਾਂ ਹੁਣ ਅਸੀਂ ਅਮਰੀਕਨ ਪ੍ਰਾਹੁਣਿਆਂ ਵਾਂਗ ਜਾਂਦੇ ਆਂ। ਘਰ ਤਾਂ ਸਾਡੇ ਇੱਥੇ ਹੀ ਹਨ ਪਰ ਪਰਿਵਾਰ ਦੇ ਅੱਧੇ ਮੈਂਬਰ ਏਥੇ ਆ ਤੇ ਅੱਧੇ ਓਥੇ। ਉੱਨੀ ਸਾਲ ਤਾਂ ਮੈਨੂੰ ਇੱਥੇ ਆਏ ਨੂੰ ਹੋ ਗਏ। ਉਹ ਮੈਤੋਂ ਵੀ ਪਹਿਲਾਂ ਦੇ ਆਇਓ ਆ। ਇਥੇ ਇੰਡੀਆ ਦੇ ਮੁਕਾਬਲੇ ਸੌ ਸੁੱਖ ਸਹੂਲਤਾਂ। ਇਥੇ ਦਾ ਸਿਸਟਮ ਹਰ ਥਾਂ ਤੋਂ ਆਏ ਆਪਣੇ ਨਾਗਰਿਕਾਂ ਲਈ ਚਿੰਤਤ ਵੀ ਆ।

ਇੰਡੀਆ ਤਾਂ ਲੌਕ ਡਾਊਨ ਦੇ ਨਾਲ ਕਰਫਿਊ ਵੀ ਲੱਗਿਆ ਹੋਇਆ ਹੈ। ਕੋਈ ਘਰ ਤੋਂ ਬਾਹਰ ਈ ਨਹੀਂ ਨਿਕਲ ਸਕਦਾ। ਰਾਣੋ ਸਵੇਰੇ ਸ਼ੁਕਰ ਮਨਾਉਂਦੀ ਸੀ ਕਿ ਵਿਆਹ ਕਰਕੇ ਘਰ ਵਿਚ ਖਾਣ-ਪੀਣ ਦਾ ਸਮਾਨ ਬਥੇਰਾ ਬਚਿਆ ਹੋਣਾਂ। ਨਹੀਂ, ਉਥੇ ਕਿਹੜਾ ਕੋਈ ਗਰੌਸਰੀ ਸਟੋਰ ਖੁੱਲ੍ਹਾ? ਲੋਕ ਪਤਾ ਨਹੀਂ ਕਿਵੇਂ ਗੁਜ਼ਾਰਾ ਕਰ ਰਹੇ ਹੋਣਗੇ? ਐਨੀ ਜ਼ਬਰਦਸਤ ਤਾਲਾ ਬੰਦੀ, ਦੁਨੀਆਂ ਦੇ ਕਿਸੇ ਹੋਰ ਮੁਲਕ ਵਿਚ ਦੇਖਣ ਨੂੰ ਨਹੀਂ ਮਿਲ ਰਹੀ। ਪੁਲਿਸ ਸਖਤੀ ਨਾਲ ਕਰਫਿਊ ਦਾ ਪਾਲਣ ਕਰਵਾ ਰਹੀ ਆ।

ਮੇਰੀ ਸਾਲ਼ੀ ਦਾ ਅਠਾਰਾਂ-ਉੱਨੀ ਸਾਲ ਦਾ ਬੇਟਾ ਤੇ ਉਹਦਾ ਦਿਓਰ ਕਾਰ ਲੈ ਕੇ ਸੜਕ ਤੋਂ ਪਾਰਲੇ ਖੇਤਾਂ ਵੱਲ ਚਲੇ ਗਏ। ਉਥੇ ਇਨ੍ਹਾਂ ਦੇ ਆਪਣੇ ਖੇਤਾਂ ਵਿਚ ਕਿਸੇ ਨੇ ਮੁਰਗੀਖਾਨਾ ਖੋਲ੍ਹਿਆ ਹੋਇਆ । ਮੁਰਗਾ ਲੈਣ ਗਏ ਹੋਣੇ ਆਂ। ਰਾਹ ਵਿਚ ਪੁਲਿਸ ਨੇ ਉਨ੍ਹਾਂ ਨੂੰ ਮੁਰਗੇ ਬਣਾ ਲਿਆ। ਜੇ ਇਕੱਲੇ ਮੁਰਗੇ ਬਣਾ ਕੇ ਛੱਡ ਦਿੰਦੇ, ਸ਼ਾਇਦ ਬੰਦਾ ਅੰਦਰ ਵੜ ਕੇ ਨਮੋਸ਼ੀ ਝੱਲ ਲੈਂਦਾ। ਸਾਲ਼ੀ ਫੋਨ ’ਤੇ ਫੁੱਟ-ਫੁੱਟ ਕੇ ਰੋਈ। ਕਹਿੰਦੀ - ਬੁੱਚੜਾਂ ਨੇ ਮੇਰੇ ਪੁੱਤ ਤੇ ਦਿਓਰ ਨੂੰ ਧਰਤੀ ’ਤੇ ਲੰਮੇ ਪਾ ਲਿਆ। ਇੱਕ ਹੱਟਾ-ਕੱਟਾ ਉੱਤੇ ਬਹਿ ਜਾਂਦਾ। ਬਾਕੀ ਪੈਰਾਂ ਦੀਆਂ ਤਲੀਆਂ ’ਤੇ ਡਾਂਗਾਂ ਮਾਰਨ ਲੱਗ ਪੈਂਦੇ। ਭੋਰਾ ਤਰਸ ਨਾ ਕੀਤਾ। ਡਾਂਗਾਂ ਮਾਰ-ਮਾਰ ਕੇ ਪੈਰ ਸੁਜਾ ਦਿੱਤੇ। ਤਿੰਨੋਂ ਟੱਬਰਾਂ ਦੇ ਬੱਚੇ ਕਹਿੰਦੇ ਆ -ਉਹ ਕਿਹੜੀ ਘੜੀ ਆਵੇ ਜਦੋਂ ਆਪਣੇ ਦੇਸ ਪੁੱਜ ਜਾਈਏ।

ਮੇਰੇ ਬੱਚੇ ਕਹਿੰਦੇ ਆ-ਇੱਦਾਂ ਦਾ ਜਬਰ-ਜ਼ੁਲਮ ਤਾਂ ਕੋਈ ਕੁੱਤਿਆਂ-ਬਿੱਲਿਆਂ ਤੇ ਵੀ ਨਹੀਂ ਕਰਦਾ ਹੋਣਾ। ਵਚਾਰਿਆਂ ਨੇ ਕਿਵੇਂ ਤਸ਼ਦੱਦ ਸਹਿਆ ਹੋਵੇਗਾ ? ਮੈਂ ਰਾਣੋ ਕੋਲ ਬੈਠਾ ਆਇਆਂ। ਉਹ ਉਨ੍ਹਾਂ ਨੂੰ ਯਾਦ ਕਰ-ਕਰ ਕੇ ਰੋਈ ਜਾਂਦੀ ਆ। ਟੀਵੀ ਇੰਡੀਆ ਬਾਰੇ ਇਹੋ ਕੁਝ ਦਿਖਾ ਰਿਹਾ। ਜਿਹੜਾ ਵੀ ਕੋਈ ਕਰਫਿਊ ਦੀ ਉਲੰਘਣਾ ਕਰਦਾ, ਉਹਦੀ ਸ਼ਾਮਤ ਆ ਜਾਂਦੀ ਆ। ਉੱਥੇ ਨਾ ਕੋਈ ਸੜਕ ’ਤੇ ਆਵਾਜਾਈ। ਖੇਤਾਂ ਵਿਚ ਵੀ ਪੰਛੀਆਂ ਤੋਂ ਇਲਾਵਾ ਕੋਈ ਦਿਖਦਾ ਨਹੀਂ। ਕਾਰਖਾਨੇ ਬੰਦ ਹਨ। ਮਜ਼ਦੂਰ ਖਾਊ ਕਿੱਥੋਂ?

ਚਲੋ, ਸਾਡਾ ਤਾਂ ਇਕਾਂਤ ਵਾਸ ਤੋਂ ਖਹਿੜਾ ਛੁੱਟਿਆ। ਚੌਦਾਂ ਦਿਨ ਬੜੇ ਔਖੇ ਹੋ ਕੇ ਕੱਟੇ । ਜੇ ਕਿਸੇ ਖਾਣ-ਪੀਣ ਵਾਲੇ ਸਮਾਨ ਨੂੰ ਮੰਗਵਾਉਣ ਦੀ ਲੋੜ ਪੈਣੀਂ, ਤਾਂ ਦੋਸਤ ਮਿੱਤਰ ਬੂਹੇ ਦੇ ਬਾਹਰ ਹੀ ਸਮਾਨ ਰੱਖ ਕੇ ਮੁੜ ਜਾਂਦੇ। ਇਹ ਤਾਂ ਮੇਰਾ ਦੋਸਤ ਸ਼ੇਖਰ ਐਂਡੀ ਹੀ ਸੀ ਜਿਹੜਾ ਛੇ ਫੁੱਟ ਦੀ ਦੂਰੀ ਬਣਾ ਕੇ ਕਿੰਨਾ-ਕਿੰਨਾ ਚਿਰ ਖੜ੍ਹਾ ਇੰਡੀਆ ਜਾਂ ਇਥੋਂ ਦੀਆਂ ਗੱਲਾਂ ਕਰਦਾ ਰਹਿੰਦਾ। ਅਸੀਂ ਇੱਥੇ ਇਕੱਠੇ ਟੈਸਲਾ ਕੰਪਨੀ ਵਿਚ ਕੰਮ ਕਰਦੇ ਆਂ। ਉਸਦਾ ਅਸਲ ਨਾਂ ਸ਼ੇਖਰ ਐਂਡਰਸਨ ਐ। ਉਸਦੇ ਨਾਨਕਿਆਂ ਨੂੰ ਬਰਤਾਨਵੀਂ ਰਾ ਜ ਵੇਲੇ ਯੂ ਪੀ ਤੋਂ ਜਬਰਦਸਤੀ ਲਿਆ ਕੇ ਸੁਰੀ ਨਾਮ ਵਿਚ ਗ਼ੁਲਾਮਾਂ ਵਾਂਗ ਵਸਾਇਆ ਗਿਆ ਸੀ। ਦਿਨ ਬਦਲੇ ਤਾਂ ਉਸਦਾ ਨਾਨਾ ਆਪਣੇ ਟੱਬਰ ਨੂੰ ਅਮਰੀਕਾ ਲੈ ਆ ਇਆ । ਉਸਦੀ ਮਾਂ ਨੇ ਅਫ਼ਰੀਕਨ ਮੂਲ ਦੇ ਗੱਭਰੂ ਪੀਟਰ ਐਂਡਰਸਨ ਨਾਲ ਵਿਆਹ ਕਰਵਾ ਲਿਆ।

ਸ਼ੇਕਰ ਐਂਡੀ ਉਹ ਨਾਂ ਦਾ ਇਕਲੌਤਾ ਪੁੱਤ ਆ। ਕਾਲੇ ਲੋਕਾਂ ਵਾਂਗ ਉਸਦਾ ਕੱਦ ਲੰਮਾ, ਜੁੱਸਾ ਤਕੜਾ, ਰੰਗ ਸਾਉਲਾ ਤੇ ਵਾਲ ਘੁੰਗਰਾਲੇ ਆ। ਉਸਦੇ ਮਾਂ-ਪਿਉ ਦੀ ਆਪਸ ’ਚ ਬੜੀ ਬਣਦੀ ਐ। ਬੁਢੇਪੇ ਚ ਵੀ ਪੂਰਾ ਪਿਆਰ । ਉਹਨਾਂ ਦੇ ਘਰ ‘ਚ ਭਾਰਤੀਆਂ ਤੇ ਕਾਲੇ ਲੋਕਾਂ ਦੀਆਂ ਮਹਿਫਲਾਂ ਆਮ ਲਗਦੀਆਂ ਰਹਿੰਦੀਆਂ ਆਂ। ਉਹ ਸ਼ੌਕ ਨਾਲ ਇੰਡੀਆ ਵੀ ਜਾ ਆਉਂਦੈ। ਸ਼ੇਕਰ ਐਂਡੀ ਦਾ ਆਪਣੀ ਮਾਂ



ਨਾਲ ਬਹੁਤ ਹੀ ਮੋਹ ਐ। ਮਾਂ ਦੇ ਕਹਿਣ ’ਤੇ ਹੀ ਉਸਨੇ ਯੂ ਪੀ ਦੇ ਕਸਬਾ-ਨੁਮਾ ਪਿੰਡ ਸਿੰਘ ਰਾਮਓ ਵਿੱਚ ਉਚੇਚੇ ਯਤਨਾਂ ਨਾਲ ਆਪਣੇ ਨਾਨਕਿਆਂ ਦਾ ਪੁਸ਼ਤੈਨੀ ਘਰ ਵੀ ਫਿਰ ਤੋਂ ਨਵਾਂ ਬਣਾਇਆ ਆ। ਇਸ ਪਿੰਡ ਦੇ ਨਾਂ ਦੇ ਅਗਲਾ ਤੇ ਮੇਰੇ ਨਾਂ ਦਾ ਅਖੀਰਲਾ ਸ਼ਬਦ ‘ਸਿੰਘ’ ਹੀ ਉਸ ਨੂੰ ਮੇਰੇ ਨੇੜੇ ਲੈ ਕੇ ਆਇਆ ਸੀ। ਇਸ ਬੰਦੇ ਨੂੰ ਇਤਿਹਾਸ ਦੀ ਦੀ ਬੜੀ ਸੋਝੀ ਆ। ਮੈਨੂੰ ਖੁਸ਼ ਹੋ ਕੇ ਦੱਸਦਾ ਕਿ ਉਹਨਾਂ ਦਾ ਪਿੰਡ ਦਿੱਲੀ ਕਲਕੱਤਾ ਹਾਈਵੇ ’ਤੇ ਆ। ਉਸ ਪਿੰਡ ਨੂੰ ਜੋ ਹਰਪਾਲ ਗੰਜ ਸਟੇਸ਼ਨ ਲੱਗ ਦਾ,ਉਹ ਮਹਾਰਾਜਾ ਹਰਪਾਲ ਸਿੰਘ ਦੇ ਨਾਂ ਤੇ ਆ। ਇਸੇ ਰਾਜੇ ਨੇ ਹੀ ਉਹਦੇ ਨਾਨਕਿਆਂ ਨੂੰ ਸੁਰੀਨਾਮ ਭਜਵਾਇਆ ਸੀ। ਇਸ ਕੰਪਨੀ ਵਿੱਚ ਅਸੀਂ ਪੰਜ ਹਜ਼ਾਰ ਮਜ਼ਦੂਰ ਕਾਰਾਂ ਦੇ ਪੁਰਜ਼ੇ ਬਣਾਉਂਦੇ ਹਾਂ ਤੇ ਉਹ ਮੇਰੇ ਵਾਲੇ ਵਿੰਗ ਦਾ ਮੈਨੇਜਰ ਹੈ।

ਹੁਣ ਅਸੀਂ ਸੌਦਾ ਲੈਣ ਜਾ ਸਕਦੇ ਆਂ। ਸਾਡੀ ਕਾਰ ਕੰਪਨੀ ‘ਸ਼ੈਲਟਰ ਇਨ ਪਲੇਸ’ ਤੱਕ ਬੰਦ ਰਹਿਣੀਂ ਆਂ। ਰਾਣੋ ਨੂੰ ਵੀ ਸਟੋਰ ਮਾਲਕ ਨੇ ਕੰਮ ’ਤੇ ਆਉਣੋਂ ਮਨ੍ਹਾ ਕੀਤਾ ਹੋਇਆ। ਚੌਦਾਂ ਦਿਨ ਦਾ ਇਕਾਂਤਵਾਸ ਤਾਂ ਇੰਡੀਆ ਵਾਲਿਆਂ ਦਾ ਵੀ ਮੁੱਕ ਗਿਆ। ਉਹ ਫੋਟੋ ਖਿੱਚ-ਖਿੱਚ ਰਾਣੋ ਤੇ ਬੱਚਿਆਂ ਨੂੰ ਪਾਈ ਜਾ ਰਹੇ ਹਨ। ਰਾਣੋ ਉਨ੍ਹਾਂ ਲਈ ਦਿਨ - ਰਾਤ ਝੂਰਦੀ ਆ। ਉੱਥੇ ਵੀ ਕਰਫਿਊ ਤੇ ਲੌਕਡਾਊਨ ਵਧਾ ਦਿੱਤਾ। ਹੁਣ ਦੇਖੋ ਮੇਰੇ ਸਹੁਰਿਆਂ ਨੂੰ ਉਥੇ ਹੋਰ ਕਿੰਨਾ ਚਿਰ ਰਹਿਣਾ ਪਊ? ਸਭ ਦੇਸਾਂ ਵਿਚ ਇੰਟਰਨੈਸ਼ਨਲ ਫਲਾਈਟਸ ਬੰਦ ਹਨ। ਕੋਈ ਸਰਕਾਰ ਰਿਸਕ ਲੈ ਕੇ ਰਾਜ਼ੀ ਨਹੀਂ। ਚੀਨ, ਇਟਲੀ, ਇੰਗਲੈਂਡ ਤੇ ਅਮਰੀਕਾ ਵਿਚ ਅਵਾ ਗੌਣ ਮੌਤਾਂ ਹੋਈ ਜਾ ਰਹੀਆਂ ਹਨ। ਸਾਡਾ ਅਮਰੀਕਾ ਮੌਤਾਂ ਦੇ ਮਾਮਲੇ ਵਿਚ ਸਭ ਤੋਂ ਮੋਹਰੇ ਆ। ਇੰਡੀਆ ਵਿਚ ਵੀ ਮੌਤਾਂ ਦੀ ਗਿਣਤੀ ਵਧ ਰਹੀ ਐ।

ਤੀਜੀ ਵਾਰ ਲੌਕ ਡਾਊਨ ਦਾ ਐਲਾਨ ਕਰ ਦਿੱਤਾ ਗਿਆ ਹੈ। ਪਹਿਲੀ ਵਾਰ ਮਾਰਚ ਦੇ ਅਖੀਰ ਵਿਚ ਐਲਾਨ ਹੋਇਆ ਸੀ। ਹੁਣ ਮਈ ਮਹੀਨਾ ਚੱਲ ਪਿਆ। ਇੰਡੀਆ ਵਾਲਿਆਂ ਨੇ ਤਾਂ ਬਾਹਰ ਚਿੜੀ ਵੀ ਫੜਕਣ ਨਹੀਂ ਦਿੱਤੀ। ਚਾਰੇ ਪਾਸੇ ਚੁੱਪ ਦਾ ਪਹਿਰਾ। ਕੋਈ ਰੌਲਾ ਨਹੀਂ। ਕੋਈ ਆਵਾਜ਼ ਨਹੀਂ। ਘਰਾਂ ਤੋਂ ਬਾਹਰ ਐਜੂਕੇਸ਼ਨ ਤੇ ਹੈਲਥ ਡਿਪਾਰਟਮੈਂਟ ਦਾ ਸਟਾਫ਼ ਦਿਖੇਗਾ ਜਾਂ ਪੁਲਿਸ ਵਾਲੇ। ਇਨ੍ਹਾਂ ਦੀ ਡਿਊਟੀ ਵੀ ਬੜੀ ਸਖ਼ਤ ਆ।

ਮੈਂ ਲਿਵਿੰਗ ਰੂਮ ਵੱਲ ਆਇਆ ਹਾਂ। ਰਾਣੋ ਨੂੰ ਕਹਿਕੇ ਇੰਡੀਆ ਦਾ ਚੈਨਲ ਲੁਆਇਆ ਆ। ਹੈਂਅ! ਆਹ ਕੀ। ਆਹ ਕਾਮਿਆਂ ਦੀਆਂ ਹੇੜ੍ਹਾਂ ਦੀਆਂ ਹੇੜ੍ਹਾਂ ਕਿੱਥੋਂ ਆ ਗਈਆਂ? ਮੈਂ ਟੀ ਵੀ ਦੀ ਆਵਾਜ਼ ਉੱਚੀ ਕੀਤੀ ਆ। ਲਓ ਜੀ, ਕੈਮਰਾ ਮੈਨ ਨੇ ਮੁੰਬਈ ਤੋਂ ਆਪਣੇ ਜੱਦੀ ਘਰਾਂ ਵੱਲ ਪੈਦਲ ਹੀ ਚਾਲੇ ਪਾਉਣ ਵਾਲੇ ਗੁਜਰਾਤ ਅਤੇ ਰਾਜਸਥਾਨ ਦੇ ਪੰਜ ਹਜ਼ਾਰ ਤੋਂ ਵੱਧ ਕਾਮਿਆਂ ਵੱਲ ਕੈਮਰਾ ਮਾਰਿਆ ਹੈ। ਟੀ ਵੀ ਐਂਕਰ ਦੱਸ ਰਹੀ ਹੈ-

ਪੂਰੇ ਦੇਸ ਮੇਂ ਰੇਲ ਗਾੜੀਆਂ ਔਰ ਬਸੇਂ ਬੰਦ ਹੈਂ ਪਰ ਮਜ਼ਦੂਰ ਅਪਨੇ ਘਰੋਂ ਕੋ ਜਾਨੇ ਕੇ ਲੀਏ ਹੱਠ ਪਕੜੇ ਹੂਏ ਹੈਂ। ਵੋ ਪੈਦਲ ਚਲ ਪੜੇ ਹੈਂ। ਮਹਾਂਰਾਸ਼ਟਰ-ਮੱਧ ਪ੍ਰਦੇਸ਼ ਕੀ ਸਰਹੱਦ ਸੀਲ ਹੋਨੇ ਕੇ ਕਾਰਨ ਉਨਕੋ ਅਪਨੇ ਹੀ ਸੂਬੇ ਮੇਂ ਪਰਵੇਸ਼ ਨਹੀਂ ਕਰਨੇ ਦੀਆ ਗਿਆ। ਯੇ ਮਜ਼ਦੂਰ ਆਪਸੀ ਦੂਰੀ ਕੀ ਧੱਜੀਆਂ ਉਡਾ ਰਹੇ ਹੈਂ। ਦੇਖੋ ਸੜਕੋਂ ਕੇ ਊਪਰ ਕੈਸੇ ਏਕ ਦੂਸਰੇ ਕੇ ਸਾਥ ਜੁੜ ਕੇ ਬੈਠੇ ਹੂਏ ਹੈਂ?”

ਬਾਹਰ ਮੈਨੂੰ ਕਿਸੇ ਦੀ ਆਵਾਜ਼ ਸੁਣੀਆਂ। ਡੋਰ ਬੈੱਲ ਤਾਂ ਹੋਈ ਨਹੀਂ। ਮੈਂ ਕੁੰਡਾ ਖੋਲ੍ਹ ਕੇ ਬਾਹਰ ਝਾਤੀ ਮਾਰੀ ਆ। ਕੋਈ ਦਿਸਿਆ ਨਹੀਂ। ਗੁਆਂਢ ਦੇ ਘਰਾਂ ਵੱਲ ਵੀ ਨਜ਼ਰ ਦੌੜਾਈ ਆ। ਹੈ ਨਹੀਂ ਕੋਈ। ਬਾਹਰ ਸੜਕਾਂ ਭਾਂ-ਭਾਂ ਕਰ ਰਹੀਆਂ ਹਨ। ‘ਹਰਵੀਰ ਸਿੰਘ ਜੀ।’ ਰਾਣੋ ਦੀ ਡਾਂਟ ਸੁਣ ਕੇ ਵਾਪਸ ਘਰ ਦੇ ਅੰਦਰ ਆਉਂਦਾ ਹਾਂ। ਇਹ ਤਾਂ ਐਵੇਂ ਹੀ ਸਾਹ ਸੁਕਾਈ ਰੱਖਦੀ ਆ। ਦਰ ਅਸਲ ਇਹ ਨੇ ਕਠਿਨਾਈਆਂ ਨਹੀਂ ਝੱਲੀਆਂ। ਅਸੀਂ ਤਾਂ ਇੰਡੀਆ ‘ਚ ਵੀ ਸਖ਼ਤ ਕੰਮ ਕੀਤੇ ਆ ਤੇ ਇਥੇ ਵੀ।

ਮੈਂ ਉਦੋਂ ਗੌਰਮਿੰਟ ਕਾਲਜ ਹੁਸ਼ਿਆਰਪੁਰ ਪੜ੍ਹਦਾ ਸੀ। ਸਾਡੇ ਕੋਲ ਜ਼ਮੀਨ ਥੋੜ੍ਹੀ ਸੀ। ਅਸੀਂ ਹਾਲ਼ੇ

ਤੇ ਜ਼ਮੀਨ ਲੈ ਕੇ ਖੇਤੀ ਕਰਦੇ ਸੀ। ਪਹਿਲਾਂ ਸਵੇਰੇ ਖੇਤਾਂ ਵਿਚ ਕੰਮ ਕਰਨਾ, ਫੇਰ ਮਾਹਿਲ ਪੁਰੋਂ ਬੱਸ ਫੜ ਕੇ ਕਾਲਜ ਜਾਣਾ। ਚੰਗੇ ਭਾਗੀਂ ਓਥੇ ਹੁਸ਼ਿਆਰਪੁਰ ਰਾਣੋ ਦਾ ਰਿਸ਼ਤਾ ਮਿਲ ਗਿਆ। ਇਹ ਨ੍ਹੀਂ ਪਤਾ ਮੇਰੇ ਪੜ੍ਹਾਕੂ ਹੋਣ ਕਰਕੇ, ਡੀਲ- ਡੌਲ ਵਧੀਆ ਹੋਣ ਕਰਕੇ ਜਾਂ ਮਿਹਨਤੀ ਹੋਣ ਕਰਕੇ ਅਮਰੀਕਨ ਸਿਟੀਜ਼ਨ ਕੁੜੀ ਨਾਲ ਝੱਟ ਮੰਗਣੀ ਤੇ ਪਟੱਕ ਵਿਆਹ ਹੋ ਗਿਆ।

ਸਾਲ ਬਾਅਦ ਇਸ ਖ਼ੂਬਸੂਰਤ ਸ਼ਹਿਰ ਲਾਸ ਏਂਜਲਸ ਆ ਗਿਆ। ਸ਼ੁਰੂ ਵਿਚ ਗੋਰਿਆਂ ਦੇ ਇਕ ਗੈਸ ਸਟੇਸ਼ਨ 'ਤੇ ਜੌਬ ਕੀਤੀ। ਉਥੇ ਹੀ ਮੈਨੂੰ ਸ਼ੇਕਰ ਐਂਡੀ ਮਿਲਿਆ ਸੀ। ਫੇਰ ਹੁਣ ਵਾਲੀ ਟੈਸਲਾ ਕੰਪਨੀ ਵਿੱਚ ਇਹ ਆਪਣੇ ਨਾਲ ਮੈਨੂੰ ਵੀ ਲੈ ਆਇਆ। ਏਥੇ ਕੰਮ ਤਾਂ ਜਾਨ ਮਾਰਕੇ ਕਰਨਾ ਪੈਂਦਾ ਪਰ ਤਨਖਾਹ ਉਥੇ ਨਾਲੋਂ ਤਿਗੁਣੀ ਆ। ਤਾਹੀਓਂ ਕਾਰਾਂ ਤੇ ਘਰ ਖਰੀਦ ਹੋ ਗਏ। ਬੱਚੇ ਪੜ੍ਹਾ ਰਹੇ ਹਾਂ। ਸਭ ਤੋਂ ਵਧੀਆ ਇਹ ਹੋਇਆ ਕਿ ਇਥੇ ਸੂਝਵਾਨ ਬੰਦੇ ਮਿਲ ਗਏ। ਇਹ ਮਜ਼ਦੂਰ ਯੂਨੀਅਨ ਦੇ ਮੋਹਰਲੀ ਸਫ਼ਾਂ ਦੇ ਆਗੂ ਹਨ। ਉਨ੍ਹਾਂ ਨੇ ਆਪਣੇ ਅਧਿਕਾਰਾਂ ਤੇ ਫਰਜ਼ਾਂ ਤੋਂ ਜਾਣੂ ਕਰਵਾਇਆ। ਇਨ੍ਹਾਂ ਨੇ ਹੀ ਸਾਨੂੰ ਦੁਨੀਆਂ ਦੀ ਮਜ਼ਦੂਰ ਜਮਾਤ ਦਾ ਹਿੱਸਾ ਬਣਾਇਆ। ਇੰਡੀਆ ਵਾਲੀ ਹੈਂਕੜ ਛੁਡਵਾਈ। ਮਾਣ ਨਾਲ ਮਜ਼ਦੂਰ ਕਹਾਉਣ ਦਾ ਗੌਰਵ ਭਰਿਆ। ਇਹ ਮਜ਼ਦੂਰ ਹੀ ਹਨ, ਜੋ ਪੂਰੇ ਦੇਸ ਨੂੰ ਚਲਾ ਰਹੇ ਹਨ। ਚਲਾ ਤਾਂ ਇਹ ਸਭ ਮੁਲਕਾਂ ਨੂੰ ਰਹੇ ਆ। ਇੰਡੀਆ ਦੀ ਚਾਲਕ ਸ਼ਕਤੀ ਵੀ ਮਜ਼ਦੂਰ ਈ ਆ ਪਰ ਇਸ ਮਜ਼ਦੂਰ ਦੀ ਪੁੱਛ ਪ੍ਰਤੀਤ ਦੇਖੋ। ਮੈਂ ਸੋਸ਼ਲ ਮੀਡੀਆ 'ਤੇ ਇਕ ਚੈਨਲ ਨੂੰ ਕਲਿੱਕ ਕਰਦਾ ਹਾਂ। ਐਂਕਰ ਦਿੱਲੀ ਦੇ ਲੇਬਰ ਚੌਂਕ ਵਿਚ ਇਕ ਮਜ਼ਦੂਰ ਦਾ ਨਾਂ ਪੁੱਛਦਾ ਏ।

"ਸਰ, ਮੈਂ ਅਪਨਾ ਨਾਮ ਨਹੀਂ ਬਤਾਊਂਗਾ। ਯਹਾਂ ਆਪਕੇ ਦਰਸ਼ਕ ਮੁਝੇ ਹਿੰਦੂ-ਮੁਸਲਮਾਨ ਕੀ ਨਜ਼ਰ ਸੇ ਦੇਖੇਂਗੇ। ਸਰਕਾਰੀ ਅਧਿਕਾਰੀ ਤੋ ਕਿਆ ਸਮਾਜ ਸੇਵੀ ਸੰਸਥਾਓਂ ਵਾਲੇ ਵੀ ਮੇਰਾ ਧਰਮ ਦੇਖ ਕੇ ਖਾਨਾ ਦੇਨੇ ਜਾਂ ਨਾ ਦੇਨੇਂ ਕਾ ਫੈਸਲਾ ਕਰੇਂਗੇ। ਆਪ ਮੀਡੀਆ ਵਾਲੇ ਤੋ ਇਸ ਵਾਇਰਸ ਕਾ ਇਲਜ਼ਾਮ ਏਕ ਮਜ੍ਹਬ ਪਰ ਲਗਾ ਦੋਗੇ। ਇਸ ਸਮੇਂ ਮੇਰਾ ਕੋਈ ਮਜ੍ਹਬ ਨਹੀਂ ਹੈ। ਮੈਂ ਤੋ ਸਿਰਫ ਏਕ ਮਜ਼ਦੂਰ ਹੂੰ।" ਉਸ ਦੀਆਂ ਅੱਖਾਂ ਵਿਚੋਂ ਮਾਯੂਸੀ ਝਲਕ ਰਹੀ ਹੈ।

"ਕਿਤਨੇ ਦਿਨੋਂ ਸੇ ਯਹਾਂ ਭੋਜਨ ਕੇ ਇੰਤਜ਼ਾਰ ਮੇਂ ਖੜ੍ਹੇ ਹੋ?" ਐਂਕਰ ਭੁੱਖ ਮਰੀ 'ਤੇ ਸਟੋਰੀ ਕਵਰ ਕਰ ਰਿਹਾ ਹੈ।

"ਸਾਹਿਬ, ਗਿਆਰਾਂ ਦਿਨ ਹੋ ਗਏ ਪੇਟ ਮੇਂ ਅਨਾਜ ਕਾ ਦਾਨਾ ਤੱਕ ਨਹੀਂ ਗਿਆ। ਮੈਂ ਖ਼ੁਦ ਤੋ ਭੂਖਾ ਰਹਿ ਸਕਤਾ ਹੂੰ ਪਰ ਬੀਵੀ ਔਰ ਬੱਚੋਂ ਕੋ ਤੜਪਤਾ ਨਹੀਂ ਦੇਖ ਸਕਤਾ। ਮੈਂ ਰੋਟੀ ਕਾ ਜੁਗਾੜ ਕਰਨੇ ਰੋਜ਼ ਯਹਾਂ ਆਤਾ ਹੂੰ। ਖਾਤਾ ਤੋ ਹੂੰ ਪਰ ਖਾਨਾ ਨਹੀਂ ਪੁਲਿਸ ਕੀ ਲਾਠੀਆਂ। ਸ਼ਾਇਦ ਔਰ ਦਸ-ਬਾਰਾਂ ਦਿਨ ਭੂਖ ਸੇ ਕਾਟ ਲੂੰਗਾ।" ਉਹਦੇ ਅੰਬਰ ਵੱਲ ਉੱਠੇ ਹੱਥ ਦੇਖ ਕੇ ਮੇਰਾ ਕਾਲਜਾ ਵਿੰਨ੍ਹਿਆ ਗਿਆ।

ਕਾਲਜਾ ਤਾਂ ਪੰਦਰਾਂ ਦਿਨ ਪਹਿਲਾਂ ਰਾਣੋ ਦਾ ਵਿੰਨਿਆਂ ਗਿਆ ਸੀ। ਜਦੋਂ ਉਸਨੇ ਦਿੱਲੀ ਦੀ ਸੜਕ ਉੱਤੇ ਹੀ ਇਕ ਮਜ਼ਦੂਰ ਔਰਤ ਵਲੋਂ ਬੱਚੀ ਨੂੰ ਜਨਮ ਦੇਣ ਵਾਲੀ ਵੀਡੀਓ ਦੇਖੀ ਸੀ। ਅੱਜ ਉਸ ਔਰਤ ਬਾਰੇ ਸੋਸ਼ਲ ਮੀਡੀਆ ਨੇ ਖ਼ਬਰ ਦਿੱਤੀ ਹੈ ਕਿ ਭੁੱਖ ਨਾਲ ਉਹ ਦੀਆਂ ਛਾਤੀਆਂ 'ਚੋਂ ਦੁੱਧ ਸੁੱਕ ਗਿਆ ਕਿਉਂਕਿ ਉਸ ਔਰਤ ਨੇ ਪਿਛਲੇ ਦੋ ਮਹੀਨੇ ਤੋਂ ਆਪ ਹੀ ਦੁੱਧ ਤੇ ਪੌਸ਼ਟਿਕ ਖਾਣੇ ਦਾ ਮੂੰਹ ਨਹੀਂ ਦੇਖਿਆ। ਖ਼ਬਰ ਦੇ ਅੰਤ ਵਿਚ ਪੱਤਰਕਾਰ ਨੇ ਦੁੱਖ ਪ੍ਰਗਟ ਕੀਤਾ ਸੀ-'ਹੁਣ ਦੇਖਣਾ ਇਹ ਹੈ, ਭੁੱਖਣ ਭਾਣੀਆਂ ਮਾਵਾਂ-ਧੀਆਂ ਹੋਰ ਕਿੰਨੇ ਦਿਨ ਜੀਅ ਪਾਉਂਦੀਆਂ।'

"ਜੀਣਾ ਕੀ ਵਿਚਾਰੀਆਂ ਨੇ? ਭੁੱਖ ਪਿਆਸ ਨਾਲ ਈ ਮਰ ਜਾਣਗੀਆਂ।" ਰਾਣੋ ਨੇ ਆਪਣੇ ਹੰਝੂ ਪੂੰਝੇ ਹਨ।

ਜੇ ਜੀਅ ਹੁੰਦਾ, ਫੇਰ ਕੌਮੀ ਰਾਜਧਾਨੀ ਵਿਚ ਛੋਟੇ-ਛੋਟੇ ਕੰਮ ਕਰਕੇ ਗੁਜ਼ਾਰਾ ਕਰਨ ਵਾਲੇ ਮਜ਼ਦੂਰ ਆਪੋ ਆਪਣੇ ਸੂਬਿਆਂ ਉੱਤਰ ਪ੍ਰਦੇਸ, ਬਿਹਾਰ, ਉੱਤਰਾ ਖੰਡ ਅਤੇ ਮੱਧ ਪ੍ਰਦੇਸ ਵੱਲ ਕਿਉਂ ਵਹੀਰਾਂ



ਘੱਤਦੇ? ਪੱਤਰਕਾਰ ਕਹਿ ਰਿਹਾ ਸੀ-ਉਸਾਰੀ ਕਾਰਜਾਂ ਨਾਲ ਜੁੜੇ ਮਜ਼ਦੂਰਾਂ ਦੀ ਦਿਹਾੜੀ ਬੰਦ ਹੋਣ ਤੇ ਪੇਟ ਭਰਨ ਦਾ ਸੰਕਟ ਖੜ੍ਹਾ ਹੋ ਗਿਆ ਹੈ। ਇਸ ਲਈ ਹਜ਼ਾਰਾਂ ਲੋਕ ਪੈਦਲ ਹੀ ਗਾਜੀਪੁਰ, ਕਾਲਿੰਟੀਕੁੰਜ ਤੇ ਬਦਰਪੁਰ ਸਰਹੱਦਾਂ 'ਤੇ ਪੁੱਜ ਗਏ। ਐਨ ਐੱਚ 24 ਸਾਇਕਲਾਂ 'ਤੇ ਸੈਂਕੜੇ ਮੀਲ੍ਹਾਂ ਦਾ ਪੰਧ ਤੈਅ ਕਰਨ ਲਈ ਮਜ਼ਬੂਰ ਪਰਵਾਸੀ ਮਜ਼ਦੂਰਾਂ ਦਾ ਹੜ੍ਹ ਆ ਗਿਆ ਸੀ। ਮੈਨੂੰ ਆਪਣੇ ਪਿੰਡ ਦੇ ਕਾਮੇ ਯਾਦ ਆਏ ਹਨ। ਸਵੇਰੇ ਮੈਂ ਆਪਣੇ ਭਤੀਜੇ ਪੰਚ ਨੂੰ ਫੋਨ ਕੀਤਾ ਸੀ-

"ਚਾਚਾ, ਹੈ ਤਾਂ ਦਿਨ ਕਟੀ ਵਾਲਾ ਈ ਹਾਲ। ਫੇਰ ਵੀ ਬਾਕੀ ਸੂਬਿਆਂ ਨਾਲੋਂ ਪੰਜਾਬ ਚੰਗਾ। ਲੰਗਰ ਤੇ ਗਰੀਬ-ਗੁਰਬੇ ਦੀ ਮਦਦ ਕਰਨ ਵਾਲੀ ਪ੍ਰਥਾ ਅਜੇ ਮਰੀ ਨ੍ਹੀਂ। ਦਿਹਾੜੀ-ਟੱਪਾ ਕਰਨ ਵਾਲਿਆਂ ਦੀ ਪਿੰਡ ਵਾਲਿਆਂ ਨੇ ਰਲ ਕੇ ਮਦਦ ਕੀਤੀ ਆ।" ਭਤੀਜਾ ਮੇਰੇ ਮਿੱਤਰਾਂ ਦੇ ਵੀ ਨਾਂ ਗਿਣਾਉਣ ਲੱਗ ਪਿਆ ਸੀ, ਜਿਨ੍ਹਾਂ ਨੂੰ ਮੇਰੇ ਵਲੋਂ ਭੇਜੇ ਪੈਸਿਆਂ ਦਾ ਰਾਸ਼ਨ ਦੇ ਕੇ ਆਇਆ ਸੀ।

"ਸਰਕਾਰ ਕੀ ਕਰ ਰਹੀ ਆ?" ਉਦੋਂ ਟੀ ਵੀ 'ਤੇ ਕੈਨੇਡਾ ਦਾ ਪ੍ਰਧਾਨ ਮੰਤਰੀ ਆਪਣੇ ਦੇਸ ਵਾਸੀਆਂ ਲਈ ਆਰਥਿਕ ਪੈਕੇਜ ਦਾ ਐਲਾਨ ਕਰ ਰਿਹਾ ਸੀ, ਨੂੰ ਦੇਖਦਿਆਂ ਮੈਂ ਸਵਾਲ ਕੀਤਾ ਸੀ।

"ਮੁੱਖ ਮੰਤਰੀ ਸਾਹਿਬ ਤਾਂ ਆਪਣੀ ਫੋਟੋ ਵਾਲੇ ਥੈਲਿਆਂ ਦੀ ਉਡੀਕ ਕਰ ਰਹੇ ਆ, ਜਿਨ੍ਹਾਂ ਵਿਚ ਰਾਸ਼ਨ ਪਾ ਕੇ ਲੋੜਵੰਦਾਂ ਨੂੰ ਦੇਣਾ ਆਂ। ਉਹ ਵੀ ਕੁੱਲੂ-ਮਨਾਲੀ ਦੀਆਂ ਵਾਦੀਆਂ ਵਿਚ। ਦੇਸ ਦੇ ਵੱਡੇ ਹਾਕਮ ਲੋਕਾਂ ਨੂੰ ਕੋਠਿਆਂ 'ਤੇ ਚੜ੍ਹਾ ਕੇ ਖਾਲੀ ਭਾਂਡੇ ਖੜਕਾਉਂਦੇ ਆ। ਵਾਇਰਸ ਭਜਾਉਣ ਲਈ ਲੋਕਾਂ ਤੋਂ ਦੀਵੇ ਤੇ ਮੋਮਬੱਤੀਆਂ ਜਗਵਾਂਦੇ ਆ।" ਭਤੀਜੇ ਨੇ ਮੇਰੇ ਸਵਾਲ ਦਾ ਜਵਾਬ ਵਿਅੰਗ ਵਿਚ ਦਿੱਤਾ ਸੀ।

ਮੈਂ ਰਾਣੋ 'ਤੇ ਵਿਅੰਗ ਕਰਨ ਲੱਗਾ ਸੀ ਪਰ ਇਹ ਚਿੰਤਾ ਵਿਚ ਡੁੱਬੀ ਹੋਈ ਆ। ਇੰਡੀਆ ਤੋਂ ਕਦੋਂ ਜਹਾਜ਼ ਆਊਗਾ? ਇਹਦੇ ਮਾਪੇ ਕਦੋਂ ਸਹੀ ਸਲਾਮਤ ਅਮਰੀਕਾ ਪੁੱਜਣਗੇ? ਬੱਚੇ ਵੀ ਇਹੀ ਸਵਾਲ ਪੁੱਛ ਰਹੇ ਹਨ। ਇਨ੍ਹਾਂ ਨਾਲ ਕੋਈ ਖੇਡਣ ਵਾਲਾ ਨਹੀਂ ਹੈ। ਚੈਨਲ ਇੱਦਾਂ ਦੀ ਕੋਈ ਖ਼ਬਰ ਵੀ ਨਹੀਂ ਦੇ ਰਹੇ। ਹੁਣ ਇਕ ਚੈਨਲ ਨੇ ਪਰਵਾਸੀ ਕਾਮਿਆਂ ਬਾਰੇ ਸਟੋਰੀ ਦਿਖਾਉਣੀ ਆਂ ਕਿ ਉਹ ਕੰਮ ਕਾਜ ਵਾਲੀਆਂ ਥਾਵਾਂ ਛੱਡ ਕੇ ਆਪਣੇ ਸੂਬਿਆਂ ਵੱਲ ਨੂੰ ਕਿਉਂ ਤੁਰੇ ਹੋਏ ਆ?

ਲਾਈਵ ਸਟੋਰੀ ਦਿਖਾਈ ਜਾ ਰਹੀ ਹੈ।

ਧੱਕੇ-ਠੇਡੇ ਖਾ ਰਹੇ ਮਜ਼ਦੂਰਾਂ 'ਤੇ ਕੈਮਰਾ ਵੱਜਿਆ ਹੈ। ਬੱਚੇ ਕੰਧਾੜੇ ਬਿਠਾਏ ਹੋਏ ਆ। ਉਹ ਭੁੱਖ ਪਿਆਸ ਨਾਲ ਵਿਲਕ ਰਹੇ ਹਨ। ਮਜ਼ਦੂਰ ਔਰਤਾਂ ਦਾ ਤੁਰਨਾ ਮੁਹਾਲ ਹੋਇਆ ਪਿਆ ਹੈ। ਇਨ੍ਹਾਂ ਵਿਚਕਾਰ ਦੂਰੀ ਨਹੀਂ ਹੈ। ਵੱਡੇ-ਵੱਡੇ ਟੋਲੇ ਜਾ ਰਹੇ ਹਨ। ਕੋਈ ਭੁੱਖਣ ਭਾਣਾ ਸੜਕ ਕੰਢੇ ਬੈਠਾ ਸਾਹ ਲੈ ਰਿਹਾ। ਪੱਤਰਕਾਰ ਮਾਈਕ ਫੜ ਕੇ ਅੱਗੇ ਆਇਆ ਹੈ-

"ਭਾਈ ਸਾਹਿਬ, ਆਪ ਕਿਉਂ ਵਾਪਸ ਜਾ ਰਹੇ ਹੋ?"

"ਸਾਹਿਬ ਘਰ ਮੇਂ ਖਾਨੇ ਕੋ ਦਾਨਾ ਨਹੀਂ। ਦੇਨੇ ਕੋ ਕਿਰਾਇਆ ਨਹੀਂ। ਬਿਜਲੀ ਕਾ ਬਿੱਲ ਆਯਾ ਪੜਾ ਹੈ। ਦੂਧ ਦੇਨੇ ਵਾਲੇ ਨੇ ਦੂਧ ਦੇਨੇ ਸੇ ਇਨਕਾਰ ਕਰ ਦੀਆ ਹੈ।"

ਚੰਡੀਗੜ੍ਹ, ਮੋਹਾਲੀ ਤੇ ਪੰਚਕੂਲਾ ਤੋਂ ਉੱਤਰ ਪ੍ਰਦੇਸ ਤੇ ਬਿਹਾਰ ਨੂੰ ਕੂਚ ਕਰ ਰਹੇ ਮਜ਼ਦੂਰ ਕੈਮਰੇ ਮੋਹਰੇ ਖਾਲੀ ਢਿੱਡ ਵਜਾ ਰਹੇ ਹਨ। ਰਿਕਸ਼ਾ ਚਲਾਉਣ ਵਾਲਾ ਮੇਦੂ ਸਿੰਘ ਗੱਠੜੀ ਚੁੱਕੀ ਪਰਿਵਾਰ ਸਮੇਤ ਜਾ ਰਿਹਾ ਹੈ।

"ਸਾਹਿਬ ਸਵਾਰੀ ਨਹੀਂ ਹੈ। ਸਵਾਰੀ ਨਹੀਂ ਤੋਂ ਪਾਇਸਾ ਨਹੀਂ ਔਰ ਪਾਇਸਾ ਨਹੀਂ ਤੋ।" ਮੇਦੂ ਸਿੰਘ ਨੂੰ ਹੁੱਥੂ ਆ ਗਿਆ ਹੈ।

23 ਸਾਲਾ ਭੱਠਾ ਮਜ਼ਦੂਰ ਸੁੰਦਰ ਕੁਮਾਰ ਆਪਣੀ ਡੇਢ ਸਾਲ ਦੀ ਬਿਮਾਰ ਧੀ ਨੇਹਾ ਨੂੰ ਮੋਢੇ ਲਾ ਕੇ ਅੱਥਰੂ ਕੇਰ ਰਿਹਾ ਹੈ। ਦੋ ਸੌ ਪੱਚੀ ਕਿਲੋਮੀਟਰ ਦੂਰ ਆਪਣੇ ਪਿੰਡ ਨੂੰ ਪੈਦਲ ਜਾਣ ਲਈ ਹਿੰਮਤ ਜੁਟਾਉਣ

ਵਿਚ ਲੱਗਾ ਹੋਇਆ ਹੈ। ਫਾਕਾ ਕਸ਼ੀ ਦੇ ਮਾਰੇ ਇਸ ਮਜ਼ਦੂਰ ਦੀ ਤਾਂ ਕੀ ਉਸਦੀ ਪਤਨੀ ਦੀ ਵੀ ਆਵਾਜ਼ ਨਹੀਂ ਨਿਕਲ ਰਹੀ। ਲੁਧਿਆਣੇ ਦੀਆਂ ਫੈਕਟਰੀਆਂ ਵਿਚ ਡੰਗ ਦੀ ਕਮਾਉਣ ਤੇ ਡੰਗ ਦੀ ਖਾਣ ਵਾਲੇ ਦਿਹਾੜੀਦਾਰ ਕਾਮੇ ਵੀ ਕਰੋਨਾ ਦੇ ਡਰ ਤੋਂ ਤੁਰੇ ਜਾ ਰਹੇ ਹਨ।

"ਸਾਹਿਬ ਇਸ ਕਰੋਨਾ ਵਾਇਰਸ ਸੇ ਸ਼ਾਇਦ ਹਮਾਰੀ ਮੌਤ ਹੋ ਯਾਨਾ ਹੋ ਲੇਕਿਨ ਭੂਖ ਮਰੀ ਸੇ ਹਮ ਕਮਰੇ ਮੇਂ ਹੀ ਮਰ ਜਾਤੇ।" ਪਨਵਾਂ ਯਾਦਵ ਆਪਣੇ ਵਰਗੇ ਲੁਧਿਆਣੇ ਦੇ ਲੱਖਾਂ ਮਜ਼ਦੂਰਾਂ ਦੀ ਦਰਦ ਕਹਾਣੀ ਸੁਣਾ ਰਿਹਾ ਹੈ।

ਮੱਧ ਵਰਗੀ ਘਰਾਂ ਵਿਚ ਜਾ ਕੇ ਪੋਚੇ ਲਾਉਣ, ਭਾਂਡੇ ਤੇ ਕੱਪੜੇ ਧੋਣ ਵਾਲੀ ਲਲਿਤਾ ਇਸ ਗੱਲੋਂ ਹੰਝੂ ਵਹਾ ਰਹੀ ਹੈ ਕਿ ਲੋਕਾਂ ਨੇ ਆਪਣੇ ਘਰਾਂ ਵਿਚ ਹੀ ਵੜਨ ਤੋਂ ਮਨ੍ਹਾਂ ਕਰ ਦਿੱਤਾ। ਸਭ ਇਹੋ ਕਹਿੰਦੇ ਨੇ ਕਿ ਤੇ ਰੇ ਹੱਥਾਂ ਨੂੰ ਕਰੋਨਾ ਲੱਗਾ ਹੋਣਾ। ਲਲਿਤਾ ਦੇ ਨਾਲ ਤੁਰੀ ਜਾ ਰਹੀ ਮਿਦਾਕਨੀ ਵੀ ਕਰੋਨਾ ਤੋਂ ਡਰੀ ਪਈ ਆ।

"ਸਾਹਿਬ, ਹਮ ਯਹਾਂ ਬੇਗਾਨੇ ਦੇਸ ਮੇਂ ਮਰਨਾ ਨਹੀਂ ਚਾਹਤੇ। ਅਗਰ ਮਰਨਾ ਹੀ ਹੈ ਤੋ ਅਪਨੇ ਦੇਸ ਜਾ ਕਰ, ਅਪਨੋਂ ਕੇ ਬੀਚ ਕਿਉਂ ਨਾ ਮਰੇਂ?"

'ਕਿਰਤੀਆਂ ਦਾ ਕੋਈ ਦੇਸ ਨ੍ਹੀਂ ਹੁੰਦਾ ਪਰ ਉਨ੍ਹਾਂ ਦੇ ਮਾਂ-ਬਾਪ, ਭੈਣ-ਭਾਈ, ਪਤਨੀ  ਤੇ ਬੱਚੇ ਹੁੰਦੇ ਹਨ।' ਸ਼ੇਕਰ ਐਂਡੀ ਵਾਲੀ ਫਿਲਾਸਫੀ ਮੇਰੇ ਅੰਦਰੋਂ ਨਿੱਕਲੀ ਹੈ।

"ਸਾਹਿਬ, ਹਮ ਕੋ ਉਤਨਾ ਡਰ ਕਰੋਨਾ ਸੇ ਨਹੀਂ ਹੈ, ਜਿਤਨਾ ਭੂਖ ਮਰੀ ਔਰ ਪੁਲਿਸ ਕੀ ਲਾਠੀਓਂ ਸੇ ਹੈ।" ਮਜ਼ਦੂਰ ਪੁਲਿਸ ਵਲੋਂ ਕੁੱਟ-ਕੁੱਟ ਕੇ ਨੀਲੇ ਕੀਤੇ ਗਿੱਟੇ ਦਿਖਾ ਰਹੇ ਹਨ।

ਇਹ ਮਾਤ੍ਰੜ ਵਿਸ਼ਾਣੂ ਤੋਂ ਵੀ ਚਿੰਤਤ ਹਨ ਪਰ ਇਨ੍ਹਾਂ ਦੀ ਜ਼ਿੰਦਗੀ ਉੱਪਰ ਮੰਡਰਾ ਰਹੀ ਬੇਰੁਜ਼ਗਾਰੀ, ਭੁੱਖਮਰੀ ਅਤੇ ਪੁਲਿਸ ਦੀ ਹਿੰਸਾ ਦੀ ਤੁਲਨਾ ਵਿਚ ਇਹ ਚਿੰਤਾ ਛੋਟੀ ਏ। ਇਕ ਮਜ਼ਦੂਰ ਰੋ-ਰੋ ਕੇ ਕਹਿ ਰਿਹਾ ਏ-

"ਜਬ ਪ੍ਰਧਾਨ ਮੰਤਰੀ ਔਰ ਉਨਕੇ ਮੰਤਰੀ ਮੰਡਲ ਨੇ ਲੌਕ ਡਾਊਨ ਔਰ ਕਰਫਿਊ ਬਾਰੇ ਫੈਸਲਾ ਲੀਆ ਤੋ ਕਿਸੀ ਨੇ ਉਨਕੋ ਹਮਾਰੇ ਬਾਰੇ ਮੇਂ ਨਹੀਂ ਬਤਾਯਾ? ਚਾਰ ਘੰਟੋਂ ਮੇਂ ਹਜ਼ਾਰੋਂ ਮੀਲੋਂ ਕਾ ਸਫ਼ਰ ਕੈਸੇ ਸੰਭਵ ਹੈ?...ਸਾਹਿਬ ਇਸ ਹਕੂਮਤ ਕੋ ਸ਼ਾਇਦ ਪਤਾ ਹੀ ਨਹੀਂ ਹੈ ਕਿ ਮਜ਼ਦੂਰ ਵੀ ਦੇਸ ਕੇ ਵਾਸੀ ਹੋਤੇ ਹੈ? ਵੋਟ ਲੈਨੇ ਕੇ ਬਾਦ ਸਭ ਭੂਲ ਜਾਤੇ ਹੈਂ? ਯਹ ਕੌਨ ਸਾ ਹਮ  ਲੋਗੋਂ  ਕੋ ਇਨਸਾਨ ਮਾਨਤੇ ਹੈ?"

ਮੈਂ ਜਦੋਂ ਇੰਡੀਆ ਤੋਂ ਇਨ੍ਹਾਂ ਮਜ਼ਦੂਰਾਂ ਵਾਂਗ ਅਟੈਚੀ ਚੁੱਕ ਕੇ ਨਵਾਂ-ਨਵਾਂ ਇਥੇ ਆਇਆ ਸੀ, ਉਦੋਂ ਦੀ ਮੈਨੂੰ ਇਕ ਘਟਨਾ ਨਹੀਂ ਭੁੱਲਦੀ। ਉਦੋਂ ਮੈਂ ਗੋਰਿਆਂ ਦੇ ਇਕ ਗੈਸ ਸਟੇਸ਼ਨ 'ਤੇ ਪੰਜ ਕੁ ਸਾਲ ਲਾਏ। ਸੁਪਰ ਸਟੋਰ ਵਾਂਗ ਇਥੇ ਗੈਸ ਦੇ ਨਾਲ-ਨਾਲ ਹਰ ਤਰ੍ਹਾਂ ਦੀ ਗਰੌਸਰੀ ਮਿਲਦੀ ਸੀ। ਇਥੇ ਗੋਰੇ, ਕਾਲੇ, ਮੈਕਸੀਕੇ, ਰੈੱਡ ਇੰਡੀਅਨ, ਚੀਨੇ, ਏਸ਼ੀਅਨ ਪਤਾ ਨ੍ਹੀਂ ਕਿੰਨੇ ਦੇਸਾਂ ਤੇ ਕੌਮਾਂ ਦੇ ਲੋਕ ਆਉਂਦੇ? ਕੈਲੀਫੋਰਨੀਆ ਦੀ ਇਕੋ-ਇਕ ਸਿਫ਼ਤ ਆ ਕਿ ਇਥੋਂ ਦੀ ਬਹੁ-ਕੌਮੀ ਵੰਨ ਸੁਵੰਨਤਾ ਨੇ ਹੀ ਇਹਨੂੰ ਤਰੱਕੀ ਬਖ਼ਸ਼ੀ ਏ।

ਮੇਰੀ ਡਿਊਟੀ ਕੈਸ਼ੀਅਰ ਦੀ ਹੁੰਦੀ ਸੀ। ਇਥੇ ਆਮ ਜਨਤਾ ਤਾਂ ਪੇਮੈਂਟ ਕਰਨ ਵੇਲੇ ਕਰੈਡਿਟ ਕਾਰਡ ਈ ਵਰਤਦੀ ਆ ਪਰ ਗਰੀਬ ਕਾਲ਼ਿਆਂ, ਰੈੱਡ ਇੰਡੀਅਨਾਂ ਤੇ ਮਾਤੜ੍ਹਾਂ ਕੋਲ ਤਾਂ ਕਰੰਸੀ ਹੀ ਹੁੰਦੀ ਆ। ਉਹ ਸਮਾਨ ਪੈਕ ਕਰਵਾਉਂਦੇ। ਨਕਦ ਦੇ ਕੇ ਤੁਰਦੇ ਬਣਦੇ। ਦਿਹਾੜੀ ਵਿਚ ਦੋ ਚਾਰ ਗਾਹਕ ਅਜਿਹੇ ਆਉਂਦੇ, ਜਿਨ੍ਹਾਂ ਕੋਲ ਖੜ੍ਹਨਾ ਮੁਸ਼ਕਿਲ ਹੋ ਜਾਂਦਾ। ਪਤਾ ਨ੍ਹੀਂ ਉਹ ਕਿੰਨੇ-ਕਿੰਨੇ ਦਿਨਾਂ ਤੋਂ ਨਹਾਤੇ ਨਾ ਹੁੰਦੇ। ਗੰਦੇ ਕੱਪੜਿਆਂ 'ਚੋਂ ਮੁਸ਼ਕ ਆਉਂਦਾ। ਉਨ੍ਹਾਂ ਦੇ ਮੂੰਹਾਂ 'ਚੋਂ ਸ਼ਰਾਬ ਤੇ ਸਿਗਰਟਾਂ ਦੀ ਸੜਿਆਂਦ ਉੱਠਦੀ। ਚਿੱਤ ਕਰਦਾ, ਮੂੰਹ ਤੇ ਰੁਮਾਲ ਰੱਖ ਲਈਏ। ਭਾਵੇਂ ਤੜਕੇ ਆ ਜਾਣ। ਫੇਰ ਵੀ ਸ਼ਰਾਬ ਦੀ ਹਵਾੜ ਨੱਕ ਨੂੰ ਚੜ੍ਹਨੀ। ਚੱਤੇ ਪਹਿਰ ਦਾਰੂ 'ਚ ਧੁੱਤ ਰਹਿਣ ਵਾਲੇ। ਹੋਰੇ ਤਰ੍ਹਾਂ ਦੇ ਭੈੜੇ ਜਿਹੇ



ਵਾਲ਼। ਮੇਰਾ ਤਾਂ ਉਨ੍ਹਾਂ ਨੂੰ ਦੇਖ ਕੇ ਹੀ ਸਿਰ ਚਕਰਾਉਣ ਲੱਗ ਪੈਣਾ। ਨਾ ਉਨ੍ਹਾਂ ਨੂੰ ਪੈਸੇ-ਧੇਲੇਦੀ ਸਮਝ। ਭਾਵੇਂ ਡਾਲਰ ਘੱਟ ਮੋੜ ਦਿਓ। ਉਹ ਵੀ ਲੈ ਕੇ ਤੁਰਦੇ ਬਣਦੇ। ਇਕ ਗੱਲ ਸੀ, ਉਹ ਵੀਹ ਡਾਲਰ ਦਾ ਬਿੱਲ (ਨੋਟ) ਕਦੇ ਨਾ ਲੈਂਦੇ।

ਵੀਹ ਡਾਲਰ ਦਾ ਬਿੱਲ ਦੇਖ ਕੇ ਤਾਂ ਉਹ ਸੂਈ ਕੁੱਤੀ ਵਾਂਗ ਪੈਂਦੇ। ਉਨ੍ਹਾਂ ਦੀਆਂ ਅੱਖਾਂ ਵਿਚ ਲਾਲੀ ਉੱਤਰ ਆਉਂਦੀ। ਗੁੱਸੇ ਵਿਚ ਹੱਥ ਕੰਬਣ ਲੱਗ ਪੈਂਦੇ। ਬਿੱਲ ਵਗਾਹ ਕੇ ਮਾਰਦੇ। ਮੈਨੂੰ ਉਨ੍ਹਾਂ 'ਤੇ ਗੁੱਸਾ ਚੜ੍ਹ ਜਾਂਦਾ। ਹਰਾਮੀ ਬਦਤਮੀਜ਼ ਕਿਸੇ ਥਾਂ ਦੇ। ਮੈਂ ਮਨ ਹੀ ਮਨ ਦਹਾੜ ਉੱਠਦਾ। ਮੇਰਾ ਚਿੱਤ ਕਰਦਾ ਇਹੋ ਜਿਹੇ ਅਸੱਭਿਅਕ ਬੰਦਿਆਂ ਦਾ ਬੁਥਾੜਾ ਭੰਨਦਿਆਂ, ਜਿਹੜੇ ਡਾਲਰ ਦੀ ਕਦਰ ਨਹੀਂ ਕਰਦੇ। ਇਕ ਅਮਰੀਕਾ ਵਰਗੇ ਸਿਵਲਾਈਜ਼ਡ ਕੰਟਰੀ ਵਿਚ ਇਦਾਂ ਦੇ ਅਨਸਿਵਲਾਈਜ਼ਡ ਰਾਖਸ਼ਾਂ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ। ਇਥੇ ਤਾਂ ਰਾਮ ਰਾਜ ਆ। ਇਹ ਰਾਵਣ ਦੀ ਔਲਾਦ ਕਿੱਥੋਂ ਜੰਮ ਪਈ? ਇਥੇ ਤਾਂ ਨਾ ਕੋਈ ਕਿਸੇ ਨੂੰ ਫਾਲਤੂ ਗੱਲ ਕਹਿੰਦਾ ਆ ਤੇ ਨਾ ਕੋਈ ਸੁਣਦਾ ਆ। ਹਰੇਕ ਗੱਲ ਤੇ ਹਰ ਇਕ ਨੂੰ 'ਥੈਂਕ ਯੂ ਸੌਰੀ' ਕਹਿਣ ਦਾ ਕਲਚਰ ਆ।

ਜੇ ਕਿਸੇ ਨੂੰ ਕੋਈ ਚੀਜ਼ ਜਾਂ ਬਿੱਲ ਪਸੰਦ ਨਾ ਹੋਵੇ, ਲੋਕ ਚੇਂਜ ਕਰਨ ਲਈ ਰੀਕੁਐਸਟ ਕਰਦੇ। ਕੈਸ਼ੀਅਰ ਝੱਟ ਬਦਲ ਦਿੰਦਾ। ਪਰ ਇਹ ਲੋਕ। ਸੂਰਾਂ ਵਾਂਗੂੰ ਨਾਸਾਂ ਫੁਲਾ ਲੈਂਦੇ। ਇਵੇਂ ਜਾਪਣਾ, ਜਿਵੇਂ ਹੁਣੇ ਠੁੱਡ ਮਾਰਨਗੇ। ਜਦੋਂ ਕਦੇ ਵੀਹ ਡਾਲਰ ਮੋੜਨੇ, ਘਟਨਾ ਤਾਂ ਉਦੋਂ ਈ ਵਾਪਰਨੀ। ਮੇਰਾ ਸਾਰਾ ਦਿਨ ਖਰਾਬ ਹੋ ਜਾਣਾ। ਇਕ ਵਾਰ ਸਵੇਰੇ-ਸਵੇਰੇ ਦਾਰੂ ਡੱਫੀ ਇਕ ਜੋੜਾ ਆ ਗਿਆ। ਮੈਂ ਸ਼ਰਾਬ ਦੀ ਬੋਤਲ ਦੇ ਕੇ ਵੀਹ ਡਾਲਰ ਵਾਪਸ ਕੀਤੇ ਤਾਂ ਉਹ ਲੋਹਾ-ਲਾਖਾ ਹੋ ਗਿਆ। ਉਹਦੀ ਸਹੇਲੀ ਵੀ ਮੈਨੂੰ ਪੈ ਗਈ। ਮੇਰੇ ਕੋਲ ਦਸ-ਦਸ ਦੇ ਦੋ ਬਿੱਲ ਨਹੀਂ ਸਨ। ਫੇਰ ਮੈਂ ਵੀ ਅੜ ਗਿਆ। ਉਹ ਹਿੰਸਕ ਹੋ ਗਏ। ਸਮਾਨ ਚੁੱਕ-ਚੁੱਕ ਕੇ ਮੇਰੇ ਮਾਰਨ ਲੱਗ ਪਏ। ਮੈਂ ਵੀ ਮਾਰਨ ਲੱਗਾ ਸੀ। ਇਹ ਤਾਂ ਮੇਰੇ ਮੈਨੇਜਰ ਨੇ ਮੌਕਾ ਸਾਂਭ ਲਿਆ। ਉਹਨੇ ਹੀ ਉਨ੍ਹਾਂ ਨੂੰ ਪੰਜ-ਪੰਜ ਦੇ ਚਾਰ ਬਿੱਲ ਦਿੱਤੇ ਤੇ ਸ਼ਾਂਤ ਕੀਤਾ।

ਫਿਰ ਮੈਨੂੰ ਆਪਣੇ ਆਪ 'ਤੇ ਗੁੱਸਾ ਆਉਣ ਲੱਗਾ । ਜੇ ਕਿਤੇ ਮੈਂ ਉਨ੍ਹਾਂ ਸ਼ਰਾਬੀਆਂ ਦੇ ਕੁਝ ਮਾਰ ਬਹਿੰਦਾ ਤਾਂ ਉਨ੍ਹਾਂ ਮੈਨੂੰ  'ਸੂਅ' ਕਰ ਦੇਣਾ ਸੀ। ਮੈਂ ਰਗੜਿਆ ਜਾਣਾ ਸੀ। ਨਾਲੇ ਨਵੇਂ ਆਏ ਬੰਦੇ ਨੂੰ ਕਿੰਨਾ ਕੁ ਪਤਾ ਹੁੰਦਾ? ਜਦੋਂ ਸਾਡੀ ਡਿਊਟੀ ਮੁੱਕੀ, ਸ਼ੇਕਰ ਐਂਡੀ ਮੈਨੂੰ ਕੌਫ਼ੀ ਪਿਲਾਉਣ ਲਈ ਬਹਿ ਗਿਆ ਸੀ। ਉਹ ਅੰਗ਼ਰੇਜ਼ੀ ਭਾਸ਼ਾ ਵਿਚ ਬੋਲਿਆ ਸੀ-

"ਹਰਵੀਰ ਸਿੰਘ! ਇਨ੍ਹਾਂ ਨੂੰ ਜਾਣਦੈਂ? ਇਹ ਕੌਣ ਨੇ?"

ਮੇਰੇ ਨਾਂਹ ਵਿਚ ਸਿਰ ਮਾਰਨ ਤੇ ਉਹ ਹੈਰਾਨ ਹੋਇਆ ਸੀ।

"ਇਹ ਰੈੱਡ ਇੰਡੀਅਨ ਨੇ। ਅਮਰੀਕਾ ਦੇ ਮੂਲ ਨਿਵਾਸੀ। ਜਿਵੇਂ ਇੰਡੀਆ ਵਿਚ ਆਦਿਵਾਸੀ ਜਾਂ ਦਰਾਵੜੀਅਨ... ਜਿਨ੍ਹਾਂ ਨੂੰ ਸਦੀਆਂ  ਤੋਂ ਆਰੀਅਨ ਲੋਕਾਂ ਨੇ ਗੁਲਾਮ ਬਣਾਇਆ ਹੋਇਆ। ਅਮਰੀਕਾ 'ਤੇ ਰਾਜ ਕਰਨ ਵਾਲੇ ਤੇ ਅਮਰੀਕਾ ਨੂੰ ਸਾਂਭੀ ਬੈਠੇ ਗੋਰੇ ਇੰਗਲੈਂਡ ਅਤੇ ਯੂਰਪ ਤੋਂ ਆਂ। ਜਿਵੇਂ ਇੰਡੀਅਨ ਹਾਕਮਾਂ ਦਾ ਹਰ ਹੀਲੇ ਇਹ ਸਿੱਧ ਕਰਨ 'ਤੇ ਜ਼ੋਰ ਲੱਗਿਆ ਹੋਇਆ ਹੈ ਆਰੀਆ ਨਹੀ ਇੰਡੀਅਨ ਨੇ। ਦੇਸ ਦੇ ਅਸਲੀ ਮਾਲਕ ਤਾਂ ਰੱਬ ਨੇ ਕਿਤਿਓਂ ਭੇਜੇ ਆ ਦਾਸ ਬਣਾ ਕੇ, ਇਨ੍ਹਾਂ ਦੀ ਸੇਵਾ ਲਈ। ਇਹੀ ਕੀੜਾ ਯੂਰਪੀ ਗੋਰਿਆਂ ਦੇ ਦਿਮਾਗ 'ਚ ਵੜਿਆ ਹੋਇਆ।"

"ਹੈਂ! ਇਹ ਨੇਟਿਵ ਨੇ। ਮੈਂ ਤਾਂ ਪੜ੍ਹਿਆ ਸੀ, ਯੂਰਪੀਅਨ ਗੋਰਿਆਂ ਨੇ ਇਨ੍ਹਾਂ ਦੀ ਧਰਤੀ 'ਤੇ ਕਬਜ਼ਾ ਕਰਨ ਪਿੱਛੋਂ ਇਨ੍ਹਾਂ ਦਾ ਸਭਿਆਚਾਰ, ਘਰ-ਬਾਰ ਸਭ ਕੁਝ ਤਬਾਹ ਕਰ ਦਿੱਤੇ ਸਨ। ਪਿੰਡਾਂ ਦੇ ਪਿੰਡ ਉਜਾੜ ਦਿੱਤੇ ਸਨ। ਇਥੋਂ ਤੱਕ ਕਿ ਇਨ੍ਹਾਂ ਦੀਆਂ ਨਸਲਾਂ ਦਾ ਖੁਰਾ-ਖੋਜ ਮਿਟਾ ਦਿੱਤਾ ਸੀ।"

"ਦਰੁਸਤ!" ਉਸਨੇ ਮੈਨੂੰ ਸੰਬੋਧਨ ਕੀਤਾ, "ਵਿਰੋਧ ਕਰਨ ਵਾਲੇ ਮਾਰ ਦਿੱਤੇ ਕੁਝ ਖਪਾ ਦਿੱਤੇ ਅਤੇ ਕੁਝ ਕਾਬੂ ਕਰਕੇ ਗੁਲਾਮ ਬਣਾ ਲਏ। ਇੰਡੀਆ, ਕੈਨੇਡਾ, ਅਮਰੀਕਾ ਤੇ ਅਸਟਰੇਲੀਆ ਦੇ ਮੂਲ ਨਿਵਾਸੀਆਂ

ਦੀ ਇਕੋ ਕਹਾਣੀ ਇਕੋ ਦਰਦ ਤੇ ਇਕੋ ਹੋਣੀਂ ਆਂ। ਤੁਹਾਡੇ ਇੰਡੀਅਨ ਮੂਲਵਾਸੀਆਂ ਦੀ ਹੋਂਦ ਨੂੰ ਉਨ੍ਹਾਂ ਦੀ ਹੀ ਮਿੱਟੀਵਿਚ ਦਫ਼ਨ ਕਰਨ ਦੀ ਕੋਈ ਕਸਰ ਨਹੀਂ ਛੱਡੀ। ਪਹਿਲਾਂ ਕਈ ਦਹਾਕਿਆਂ ਤੱਕ ਰੱਜ ਕੇ ਲੱਖਾਂ ਲੋਕਾਂ ਦਾ ਕਤਲੇਆਮ ਕੀਤਾ । ਬਾਕੀ ਉਨ੍ਹਾਂ ਦੀ ਹੀ ਧਰਤੀ 'ਤੇ ਗੁਲਾਮ ਬਣਾ ਲਏ। ਆਪਣੀ ਭਾਸ਼ਾ, ਆਪਣੇਦੇਵੀ-ਦੇਵਤੇ ਆਪਣੀਆਂ ਰਹੁ-ਰੀਤਾਂ ਉਨ੍ਹਾਂ 'ਤੇ ਥੋਪ ਦਿੱਤੀਆਂ। " ਸ਼ੇਕਰ ਐਂਡੀ ਨੇ ਹਉਕਾ ਭਰਿਆ ਸੀ।

"ਅਮਰੀਕਾ ਤੇ ਰਾਜ ਕਰਨ ਵਾਲੇ ਗੋਰਿਆਂ ਨੇ ਇਨ੍ਹਾਂ ਨੂੰ ਬਥੇਰੇ ਸਦਮੇ ਦਿੱਤੇ। ਜਿਹੜੇ ਬਚ ਗਏ ਉਨ੍ਹਾਂ ਨੂੰ ਹੁਣ ਸਰਕਾਰਾਂ ਏਨੇ ਕੁ ਡਾਲਰ ਦਿੰਦੀ ਆਂ, ਜਿਨ੍ਹਾਂ ਨਾਲ ਉਹ ਆਪਣੇ ਘੁਰਨਿਆਂ ਵਿਚ ਦਿਨ-ਕਟੀ ਕਰੀ ਜਾਣ, ਅੰਨ ਖਾ ਲੈਣ, ਨਸ਼ੇ ਨਾਲ ਅੰਨ੍ਹੇ ਹੋਏ ਰਹਿਣ। ਸ਼ੈਤਾਨ ਗੋਰੇ ਦੁਨੀਆਂ ਨੂੰ ਦੱਸਦੇ ਆ ਕੇ ਸਾਡੇ ਦੇਸ ਵਿਚ ਡੈਮੋਕਰੇਸੀ ਆ। ਬੱਸ ਉਨ੍ਹਾਂ ਨੂੰ ਸੋਝੀ ਨ੍ਹੀਂ ਆਉਣੀ ਚਾਹੀਦੀ ਕਿ ਉਹ ਕਦੇ ਇਸ ਦੇਸ ਦੇ ਮਾਲਕ ਹੁੰਦੇ ਸਨ। ਤੁਹਾਡੇ ਤਾਂ ਏਨਾ ਵੀ ਦਿਖਾਵਾ ਨਹੀਂ ਕੀਤਾ ਜਾਂਦਾ। ਲੱਗਦੈ, ਇੰਡੀਅਨ ਲੋਕਾਂ ਨੂੰ ਤਾਂ ਆਪਣੀ ਇਸ ਹੋਣੀ ਬਾਰੇ ਇਲਮ ਹੀ ਨਹੀਂ ਹੋਣਾ।" ਸ਼ੇਕਰ ਐਂਡੀ ਉਹ ਇਤਿਹਾਸ ਸੁਣਾ ਰਿਹਾ ਸੀ, ਜਿਹਦਾ ਮੈਨੂੰ ਇੱਲ-ਕੁੱਕੜ ਵੀ ਪਤਾ ਨਹੀਂ ਸੀ। ਉਹ ਫਿਰ ਬੋਲਿਆ-

"ਇਹ ਵੀਹ ਡਾਲਰ ਦਾ ਬਿੱਲ ਦੇਖ ਕੇ ਤਿਲ ਮਿਲਾ ਕਿਉਂ ਉੱਠਦੇ ਆ?"

"ਜੇ ਮੈਨੂੰ ਇੰਨਾ ਪਤਾ ਹੁੰਦਾ, ਮੈਂ ਉਨ੍ਹਾਂ ਗਰੀਬੜਿਆਂ ਨਾਲ ਕਿਉਂ ਸਿੰਗ ਫਸਾਂਦਾ?"

ਮੈਨੂੰ ਜਵਾਬ ਨਾ ਅਹੁੜਦਾ ਦੇਖ ਕੇ ਸ਼ੇਕਰ ਐਂਡੀ ਪਤਾ ਨ੍ਹੀਂ ਹੈਰਾਨ ਹੋਇਆ ਸੀ ਕਿ ਪਰੇਸ਼ਾਨ? ਮੈਂ ਉਹਨੂੰ ਦੱਸਿਆ ਹੋਇਆ ਸੀ ਕਿ ਮੈਂ ਹਿਸਟਰੀ ਦੀ ਐਮ ਏ ਹਾਂ। ਉਹਨੇ ਮੇਰੀ ਨਲਾਇਕੀ ਨੂੰ ਪਾਸੇ ਰੱਖਦਿਆਂ ਅਮਰੀਕਾ ਦੇ ਮੂਲ ਨਿਵਾਸੀਆਂ ਦੇ ਵੱਡੇ ਇਤਿਹਾਸ ਦਾ ਇਕ ਛੋਟਾ ਜਿਹਾ ਟੁਕੜਾ ਮੇਰੇ ਨਾਲ ਸਾਂਝਾ ਕੀਤਾ ਸੀ-

'ਇਹ 1830 ਤੋਂ 1850 ਦੇ ਸਮਿਆਂ ਦੀ ਗੱਲ ਹੈ। ਇਤਿਹਾਸ ਗਵਾਹ ਆ, 1829ਤੋਂ 1837 ਤੱਕ ਅਮਰੀਕਾ ਦਾ ਰਾਸ਼ਟਰਪਤੀ ਐਂਡਰਿਊ ਜੈਕਸਨ ਸੀ। ਇਹ ਸਮਾਂ ਅਮਰੀਕਨ ਮੂਲਨਿਵਾਸੀਆਂ ਲਈ ਕਾਲੇ ਦਿਨਾਂ ਤੋਂ ਵੀ ਭੈੜਾ ਸੀ। ਯੂਰਪ ਦੇ ਗੋਰੇ ਅਮਰੀਕਾ ਦੀ ਖ਼ੂਬਸੂਰਤ ਧਰਤੀ ਦੇ ਕਿਸੇ ਟੋਟੇ 'ਤੇ ਆ ਕੇ ਵਸਣਾ ਚਾਹੁੰਦੇ ਸਨ। ਉਨ੍ਹਾਂ ਨੇ ਅਮਰੀਕਾ ਦੇ ਦੱਖਣ-ਪੂਰਬੀ ਰਾਜਾਂ ਜੌਰਜੀਆ ਤੇ ਅਲਬਾਮਾ ਨੂੰ ਚੁਣਿਆ ਪਰ ਇਥੇ ਤਾਂ ਸੁੱਖੀਂ ਸਾਂਦੀ ਰੈੱਡ ਇੰਡੀਅਨ ਵਸ ਰਹੇ ਸਨ। ਰਾਸ਼ਟਰਪਤੀ ਨੇ ਇਨ੍ਹਾਂ ਨੂੰ ਇਸ ਧਰਤੀ ਤੋਂ ਕੱਢਣ ਲਈ ਐਕਟ ਪਾਸ ਕੀਤਾ। ਇਸ ਪਿੱਛੋਂ ਜੋ ਹੋਇਆ ਬਿਆਨਿਆਂ ਨਹੀਂ ਜਾ ਸਕਦਾ। ਲੱਗ ਭਗ ਇੱਕ ਲੱਖ ਨੇਟਿਵ ਉਥੋਂ ਧੱਕੇ ਨਾਲ ਖਦੇੜੇ ਗਏ। ਉਹਨਾਂ ਨੂੰ ਉਥੋਂ ਬੀਆਵਾਨ ਤੇ ਵਿਰਾਨ ਧਰਤੀ ਓਕਲਾ ਹੋਮਾ ਭੇਜਿਆ ਗਿਆ। ਉਨ੍ਹਾਂ ਦੀ ਆਪਣੀ ਜਨਮ-ਭੋਇਂ ਤੋਂ ਓਕਲਾ ਹੋਮਾ 1200 ਮੀਲ਼ ਦੂਰ ਸੀ। ਉਨ੍ਹਾਂ ਲਈ ਅਣਦੇਖਿਆ ਤੇ ਏਨਾ ਲੰਮਾ ਪੈਂਡਾ ਪੈਦਲ ਤੈਅ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਉਹ ਦਿਨ ਸਰਦੀ ਦੇ ਸਨ। ਸਭ ਠੁਰ-ਠੁਰ ਕਰਦੇ ਤੁਰੇ ਹੋਏ ਸਨ। ਸੀਤ ਹਵਾਵਾਂ ਤਾਂ ਜਿਸਮਾਂ ਨੂੰ ਚੀਰਦੀਆਂ ਜਾਂਦੀਆਂ ਸਨ। ਬੱਚੇ-ਬੁੱਢੇ ਤੇ ਬਿਮਾਰ ਕੜਕਵੀਂ ਠੰਢ ਨਾਲ ਸੁੰਗੜ-ਸੁੰਗੜ ਕੇ ਧਰਤੀ 'ਤੇ ਢੇਰੀ ਹੋ ਰਹੇ ਸਨ। ਉਨ੍ਹਾਂ ਕੋਲ ਢਿੱਡ ਨੂੰ ਝੁਲਕਾ ਦੇਣ ਲਈ ਕੁਝ ਵੀ ਨਹੀਂ ਸੀ। ਆਖਿਰ ਕਿੰਨੇ ਦਿਨ ਭੁੱਖੇ ਰਹਿੰਦੇ? ਭੁੱਖੇ ਪਿਆਸਿਆਂ ਨੇ ਮਰਨਾ ਹੀ ਸੀ। ਦਿਨਾਂ ਵਿਚ ਹੀ ਉਨ੍ਹਾਂ ਦੇ ਸਰੀਰ ਕਰੰਗ ਬਣ ਗਏ ਸਨ। ਉਹ ਸ਼ਾਇਦ ਭੁੱਖ-ਪਿਆਸ ਦਾ ਕੋਈ ਹੱਲ ਕੱਢ ਲੈਂਦੇ, ਕੋਈ ਘਾਹ ਫੂਸ ਖਾ ਲੈਂਦੇ ਪਰ ਉਨ੍ਹਾਂ ਨੂੰ ਰੁਕਣ ਦਾ ਹੁਕਮ ਹੀ ਨਹੀਂ ਸੀ ਕਿਉਂਕਿ ਉਹ ਭੱਜ ਕੇ ਵਾਪਸ ਆ ਜਾਂਦੇ ਸਨ। ਸਰਕਾਰ ਨਹੀਂ ਸੀ ਚਾਹੁੰਦੀ ਕਿ ਉਹ ਵਾਪਸ ਆਉਣ । ਸਰਕਾਰ ਨੂੰ ਨਵੇਂ ਬਸ਼ਿੰਦਿਆਂ ਨੂੰ ਜਲਦ ਵਸਾਉਣ ਦੀ ਕਾਹਲ ਵੀ ਬਹੁਤ ਸੀ। ਹਥਿਆਰ ਬੰਦ ਫੌਜ ਉਨ੍ਹਾਂ ਨੂੰ ਪਸ਼ੂਆਂ ਵਾਂਗ ਕੁੱਟ-ਕੁੱਟ ਕੇ ਲਿਜਾ ਰਹੀ ਸੀ। ਜਿਹੜਾ ਵੀ ਬਗ਼ਾਵਤ ਕਰਦਾ, ਉਸਨੂੰ ਸਦਾ ਦੀ ਨੀਂਦ ਸੁਆ ਦਿੱਤਾ ਜਾਂਦਾ। ਇਹ ਇਨ੍ਹਾਂ ਲੋਕਾਂ ਲਈ ਬਹੁਤ ਵੱਡਾ ਸਦ ਮਾ ਸੀ। ਇਸ ਕੌਮ ਦੀਆਂ



ਔਰਤਾਂ ਦਾ ਕੀ ਹਸ਼ਰ ਹੋਇਆ ਹੋਵੇਗਾ, ਜਿਨ੍ਹਾਂ ਨੂੰ ਪਤਾ ਨਹੀਂ ਕਿੰਨੇ ਸਦਮਿਆਂ ਵਿਚੋਂ ਲੰਘਣਾ ਪਿਆ ਹੋਵੇਗਾ। ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਭੁੱਖਣ ਭਾਣੇ ਬੱਚੇ ਮਰ ਰਹੇ ਸਨ। ਉਨ੍ਹਾਂ ਨੂੰ ਰੰਡੀਆਂ ਕੀਤਾ ਜਾ ਰਿਹਾ ਸੀ। ਉਨ੍ਹਾਂ ਨਾਲ ਬਲਾਤਕਾਰ ਪਤਾ ਕੌਣ ਕਰ ਰਿਹਾ ਸੀ? ਬਰਤਾਨਵੀਂ ਸੈਨਿਕ। ਉਨ੍ਹਾਂ ਨਿੱਕੀਆਂ-ਨਿੱਕੀਆਂ ਬੱਚੀਆਂ ਵੀ ਨਾ ਬਖਸ਼ੀਆਂ। ਪੰਦਰਾਂ-ਸੋਲਾਂ ਸਾਲ ਦੀਆਂ ਬੱਚੀਆਂ ਗਰਭਵਤੀ ਹੋ ਗਈਆਂ ਸਨ। ਠੰਢ, ਭੁੱਖ, ਪਿਆਸ ਤੇ ਆਰਮੀ ਦੀ ਕੁੱਟ ਨਾਲ ਸੱਤ ਹਜ਼ਾਰ ਲੋਕ ਮਾਰੇ ਗਏ। ਇਹਨੂੰ 'ਟ੍ਰੇਲਆਫਟੀਅਰਜ਼' ਦਾ ਨਾਂ ਦਿੱਤਾ ਗਿਆ।'

ਸ਼ੇਕਰ ਐਂਡੀ ਇਤਿਹਾਸ ਦਾ ਇਹ ਪੰਨਾ ਸੁਣਾ ਕੇ ਕਿੰਨਾ ਚਿਰ ਬੋਲਿਆ ਨਾ। ਸਵਾਲਾਂ ਲਈ ਮੇਰੀ ਵੀ ਆਵਾਜ਼ ਨਾ ਨਿਕਲੀ। ਸਾਡੇ ਵਿਚਕਾਰ ਮੌਤ ਵਰਗਾ ਸੰਨਾਟਾ ਛਾਇਆ ਰਿਹਾ। ਜਿਵੇਂ ਕੋਈ ਸਾਡੇ ਆਪਣੇ ਮਰ ਗਏ ਹੋਣ। ਉਹਦੀਆਂ ਅੱਖਾਂ ਵਿਚੋਂ ਤਾਂ ਅੱਥਰੂ ਡਿੱਗਣੇ ਹੀ ਸਨ। ਮੇਰੇ ਵੀ ਧਰਾਲਾਂ ਪੈਣ ਲੱਗੀਆਂ ਸਨ। ਜਿਹੜਾ ਰੈੱਡ ਇੰਡੀਅਨ ਦਾ ਜੋੜਾ ਉਸ ਸਵੇਰ ਮੇਰੇ ਨਾਲ ਝਗੜਿਆ ਸੀ, ਉਨ੍ਹਾਂ ਪ੍ਰਤੀ ਪੈਦਾ ਹੋਈ ਨਫ਼ਰਤ ਉੱਡ-ਪੁੱਡ ਗਈ। ਸ਼ੇਕਰ ਐਂਡੀ ਨੇ ਮੈਨੂੰ ਸਮਝਾਇਆ-

"ਇਨ੍ਹਾਂ ਲੋਕਾਂ 'ਤੇ ਜਬਰ ਹੀ ਇੰਨਾ ਹੋਇਆ ਹੈ। ਇਹ ਭੁੱਲ ਹੀ ਨਹੀਂ ਸਕਦੇ। ਜਲਦੀ ਹਿੰਸਕ ਹੋ ਜਾਂਦੇ ਆ ਤੇ ਇਨ੍ਹਾਂ ਨੂੰ ਭੁੱਲਣਾ ਵੀ ਨਹੀਂ ਚਾਹੀਦਾ।"

ਮੈਂ ਟਿਸ਼ੂ ਪੇਪਰ ਨਾਲ ਆਪਣੀਆਂ ਅੱਖਾਂ ਸਾਫ਼ ਕੀਤੀਆ ਤੇ ਸ਼ੇਕਰ ਐਂਡੀ ਨੇ ਵੀ। ਉਸਨੇ ਜੇਬ ਵਿਚੋਂ ਵੀਹ ਡਾਲਰ ਦਾ ਬਿੱਲ ਕੱਢਿਆ। ਮੇਰੀਆਂ ਅੱਖਾਂ ਸਾਹਮਣੇ ਵਿਛਾ ਦਿੱਤਾ। ਉਸ ਉੱਤੇ ਰਾਸ਼ਟਰਪਤੀ ਐਂਡਰਿਊ ਜੈਕਸਨ ਦੀ ਤਸਵੀਰ ਸੀ। ਇਹ ਫੋਟੋ ਤਾਂ ਮੈਂ ਪਹਿਲਾਂ ਵੀ ਦੇਖਦਾ ਸੀ ਪਰ ਉਸ ਦਿਨ ਇਸਦੇ ਅਰਥ ਹੋਰ ਹੋ ਗਏ ਸਨ। ਨੇਟਿਵ ਦੇ ਕ੍ਰੋਧਿਤ ਹੋਣ ਦੀ ਸਾਰੀ ਕਹਾਣੀ ਸਮਝ ਗਿਆ। ਸ਼ੇਕਰ ਐਂਡੀ ਖੁਦ ਵੀ ਰਾਸ਼ਟਰਪਤੀ ਦੀ ਫੋਟੋ ਦੇਖ ਕੇ ਤਿਲਮਿਲਾ ਉੱਠਿਆ। ਉਸਨੇ ਬਿੱਲ ਦੇ ਟੁਕੜੇ-ਟੁਕੜੇ ਕਰਕੇ ਟਰੈਸ਼ ਕੈਨ ਵਿਚ ਸੁੱਟ ਦਿੱਤੇ।

ਉਸ ਦਿਨ ਤੋਂ ਬਾਅਦ ਮੈਂ ਕਦੇ ਵੀ ਨੇਟਿਵ ਨੂੰ ਵੀਹ ਡਾਲਰ ਦਾ ਬਿੱਲ ਨਾ ਦਿੱਤਾ। ਦਸ-ਦਸ ਜਾਂ ਪੰਜ-ਪੰਜ ਦੇ ਬਿੱਲ ਦਿੰਦਾ। ਉਹ ਖ਼ੁਸ਼ ਹੋ ਕੇ "ਥੈਂਕਯੂ" ਕਹਿੰਦੇ। ਮੈਂ ਉਨ੍ਹਾਂ ਨੂੰ ਦੇਖ ਕੇ ਮੱਥੇ ਵੱਟ ਨਾ ਪਾਉਂਦਾ, ਸਗੋਂ ਖ਼ੁਸ਼ ਹੋ ਜਾਂਦਾ। ਹੁਣ ਮੈਂ ਕਈ ਦਿਨਾਂ ਤੋਂ ਇੰਡੀਆ ਵਿਚ ਉਥੋਂ ਦੇ ਮੂਲ ਨਿਵਾਸੀਆਂ ਨਾਲ ਹੁੰਦੇ ਸਲੂਕ ਨੂੰ ਦੇਖਕੇ ਤਰਲੋ ਮੱਛੀ ਹੋ ਰਿਹਾਂ। ਉਦੋਂ ਇਨ੍ਹਾਂ ਨਾਲ ਕੀ ਹੋਇਆ ਹੋਵੇਗਾ ਇਹ ਤਾਂ ਮੈਂ ਨਹੀਂ ਜਾਣਦਾ ਪਰ ਹੁਣ ਤਾਂ ਸਭ ਕੁਝ ਅੱਖਾਂ ਸਾਹਮਣੇ ਵਾਪਰ ਰਿਹਾ। ਮੇਰੇ ਤੋਂ ਇਨ੍ਹਾਂ ਦੀ ਗ਼ੁਲਾਮਾਂ ਤੋਂ ਵੀ ਭੈੜੀ ਹਾਲਤ ਦੇਖੀ ਨਹੀਂ ਜਾ ਰਹੀ। ਆਪਣੇ ਹੀ ਦੇਸ ਵਿਚ ਇਨ੍ਹਾਂ 'ਤੇ ਜਬਰ ਢਾਹਿਆ ਜਾ ਰਿਹਾ। ਬਿਲਕੁਲ ਉਸੇ ਤਰ੍ਹਾਂ ਜਿਵੇਂ 1838 ਤੋਂ 1850 ਦੇ ਵਿਚਕਾਰਲੇ ਸਮੇਂ ਦੌਰਾਨ ਅਮਰੀਕਾ ਵਿੱਚ।

ਆਹ ਚੈਨਲ ਦੀ ਰਿਪੋਰਟ ਦੇਖੋ। ਟੀ ਵੀ ਵਾਲੇ ਕਸ਼ਮੀਰ ਘਾਟੀ ਦੇ ਅਵੰਤੀ ਪੁਰਾ ਦੇ 93 ਮਜ਼ਦੂਰਾਂ ਨੂੰ ਦਿਖਾ ਰਹੇ ਆ, ਜੋ ਕਈ ਦਿਨਾਂ ਤੋਂ ਪਠਾਨਕੋਟ ਦੇ ਸਿਵਿਆਂ ਵਿਚ ਲੁਕੇ ਬੈਠੇ ਆ। ਸ਼ਹਿਰ ਵਾਲਿਆਂ ਨੇ ਇਹ ਕਹਿ ਕੇ ਭਜਾ ਦਿੱਤੈ ਕਿ ਅੱਤਵਾਦੀ ਹੋਣੈ। ਇਨ੍ਹਾਂ ਦੇ ਹੱਥਾਂ ਨਾਲ ਕਰੋਨਾ ਲੱਗਾ ਹੋਇਆ। ਇਹ ਕਰੋਨਾ ਲਾ ਕੇ ਮਾਰਨਗੇ।

ਚੈਨਲ ਨਵੀਂ ਦਿੱਲੀ ਦੇ ਉੱਤਰੀ ਨੀਮ ਸ਼ਹਿਰੀ ਇਲਾਕੇ 'ਚੋਂ ਇੱਟਾਂ ਦੇ ਭੱਠੇ 'ਤੇ ਕੰਮ ਕਰਦੇ ਬਲਾਕੀ ਰਾਮ ਤੇ ਉਹਦੀ ਪਤਨੀ ਸਰਸਵਤੀ ਦੀ ਸਟੋਰੀ ਦਿਖਾਉਣ ਲੱਗ ਪਿਆ ਹੈ। ਉਨ੍ਹਾਂ ਨੇ ਰੋਟੀ-ਪਾਣੀ ਤੋਂ ਮੁਥਾਜ ਹੋਣ ਮਗਰੋਂ ਆਪਣੇ ਪੰਜ ਸਾਲਾ ਪੁੱਤਰ ਰੋਹਿਤ ਨੂੰ ਲੈ ਕੇ 700 ਕਿਲੋ ਮੀਟਰ ਦੂਰ ਗੋਰਖ ਪੁਰ ਨੇੜੇ ਵੱਸੇ ਆਪਣੇ ਜੱਦੀ ਘਰ ਜਾਣ ਲਈ ਚਾਲੇ ਪਾਏ ਹੋਏ ਸਨ ਪਰ ਰੋਹਿਤ ਨੂੰ ਰਾਹ ਵਿਚ ਹੀ ਡੇਂਗੂ ਬੁਖ਼ਾਰ ਨੇ ਡੰਗ ਲਿਆ। ਉਹ ਤਾਂ ਰੋਟੀ ਦੀ ਬੁਰਕੀ ਤੋਂ ਵੀ ਮੁਹਤਾਜ ਸਨ, ਦਵਾਈ ਕਿਥੋਂ ਮਿਲਣੀ ਸੀ। ਰੋਹਿਤ ਰਾਹ ਵਿਚ ਹੀ ਦਮ ਤੋੜ ਗਿਆ। ਸੜਕ ਦੇ ਕੰਢੇ 'ਤੇ ਬੱਚੇ ਦੀ ਲਾਸ਼ ਪਈ ਹੈ। ਬਲਾਕੀ ਰਾਮ ਅਤੇ ਸਰਸਵਤੀ

ਨੂੰ ਸਮਝ ਨਹੀਂ ਲੱਗ ਰਹੀ ਕਿ ਉਹ ਕੀ ਕਰਨ? ਉਹ ਲਾਸ਼ ਦੇ ਨਾਲ ਹੀ ਸਿਉਂਕ ਬਣ ਜਾਣ ਜਾਂ ਤੁਰੇ ਜਾ ਰਹੇ ਆਪਣੇ ਭੱਠਾ ਮਜ਼ਦੂਰਾਂ ਨਾਲ ਉੱਠ ਕੇ ਤੁਰ ਪੈਣ? ਪੱਤਰਕਾਰ ਨੇ ਇਹ ਸਵਾਲ ਛੱਡਿਆ ਹੈ।

ਕੈਮਰਾਮੈਨ ਉਨ੍ਹਾਂ ਦੇ ਸਰੀਰ ਦੇ ਸ਼ਾਟ ਦਿਖਾਉਣ ਲੱਗ ਪਿਆ ਹੈ। ਸਰਸਵਤੀ ਦੀਆਂ ਛਾਤੀਆਂ ਚਿਪਕੀਆਂ ਹੋਈਆਂ ਹਨ। ਬੁੱਲ੍ਹ ਸੁੱਕੇ ਹੋਏ ਹਨ। ਗੱਲ੍ਹਾਂ ਵਿਚ ਨੂੰ ਵੜੀਆਂ ਹੋਈਆਂ ਹਨ। ਨੰਗੇ ਪੈਰ ਛਾਲਿਆਂ ਨਾਲ ਭਰੇ ਹੋਏ ਹਨ। ਮੈਂ ਆਪਣਾ ਸੈੱਲਫੋਨ ਰਾਣੋ ਕੋਲ ਲੈ ਕੇ ਜਾਂਦਾ ਹਾਂ। ਫਟੀਆਂ ਬਿਆਈਆਂ ਵਾਲੀ ਵੀਡੀਓ ਉਹਦੇ ਮੋਹਰੇ ਕੀਤੀ ਆ।

"ਪਰ੍ਹੇ ਲੈ ਜਾਓ ਫੋਨ! ਮੈਤੋਂ ਨ੍ਹੀਂ ਦੇਖ ਹੁੰਦੀ। ਦੇਖ ਖਾਂ ਕਿਵੇਂ ਪੈਰਾਂ 'ਚੋਂ ਖੂਨ ਨੁੱਚੜ ਰਿਹਾ? ਮਾਸ ਦੇ ਲੋਥੜੇ ਲੱਥ-ਲੱਥ ਕੇ ਡਿੱਗ ਰਹੇ ਆ। ਇਹ ਤੁਸੀਂ ਕਿੱਦਾਂ ਦੇਖੀ ਜਾਂਦੇ ਓ?" ਰਾਣੋ ਨੇ ਅੱਖਾਂ ਮੀਟ ਲਈਆਂ ਹਨ।

ਮੈਂ ਰਾਣੋ ਦੇ ਲਾਏ ਟੀ ਵੀ ਚੈਨਲ 'ਤੇ ਨਿਗ੍ਹਾ ਟਿਕਾ ਲਈ ਆ। ਭਾਰਤ ਦੇ ਇਕ ਕੇਂਦਰੀ ਮੰਤਰੀ ਦਾ ਟੈਸਟ ਕਰੋਨਾ ਪਾਜ਼ੇਟਿਵ ਆਇਆ ਹੈ। ਸੜਕਾਂ ਤੇ ਹੈਲਥ ਡਿਪਾਰਟਮੈਂਟ ਅਤੇ ਪੁਲਿਸ ਦੀਆਂ ਗੱਡੀਆਂ ਦੇ ਸਾਇਰਨ ਵੱਜ ਰਹੇ ਹਨ। ਐਂਬੂਲੈਂਸ ਰਾਹੀਂ ਮੰਤਰੀ ਨੂੰ ਦਿੱਲੀ ਦੇ ਮਸ਼ਹੂਰ ਹਸਪਤਾਲ ਵਿਚ ਲਿਜਾਇਆ ਜਾ ਰਿਹਾ ਹੈ। ਮੈਂ ਜਿਹੜਾ ਵੀ ਇੰਡੀਆ ਦਾ ਚੈਨਲ ਲਾਉਂਦਾ ਹਾਂ, ਸਭ ਤੇ ਮੰਤਰੀ ਸਾਹਿਬ ਦੇ ਫ਼ਿਕਰ ਦੀ ਖ਼ਬਰ ਆ। ਹਸਪਤਾਲ ਦੇ ਡਾਕਟਰਾਂ ਤੇ ਨਰਸਾਂ ਵਿਚ ਭਗਦੜ ਮਚੀ ਹੋਈ ਆ। ਧਾਰਮਿਕ ਸਥਾਨਾਂ ਦੇ ਪੁਜਾਰੀ ਮੰਤਰੀ ਸਾਹਿਬ ਦੀ ਤੰਦਰੁਸਤੀ ਲਈ ਭਗਵਾਨ ਅੱਗੇ ਪ੍ਰਾਰਥਨਾਵਾਂ ਕਰ ਰਹੇ ਹਨ। ਮੰਤਰੀ ਸਾਹਿਬ ਦੀ ਬਿਮਾਰੀ ਦੀ ਖ਼ਬਰ ਵੱਡੇ ਪੱਧਰ 'ਤੇ ਹਾਈ ਲਾਈਟ ਹੋ ਰਹੀ ਹੈ। ਇਸ ਖ਼ਬਰ ਵਿਚ ਮਜ਼ਦੂਰਾਂ ਦੀ ਖ਼ਬਰ ਤਾਂ ਰੁਲ ਹੀ ਗਈ ਹੈ।

"ਇਹ ਲੋਕ ਈ ਨ੍ਹੀ ਚੱਜ ਦੇ। ਇਨ੍ਹਾਂ ਨਾਲ ਏਦਾਂ ਈ ਹੋਣੀ ਚਾਹੀਦੀ ਆ। ਇਨ੍ਹਾਂ ਦੀ ਅਣਖ ਗ਼ੈਰਤ ਮਰ ਚੁੱਕੀ ਆ। ਤੁਸੀਂ ਕਿਉਂ ਚਿੰਤਾ ਕਰੀ ਜਾਂਦੇ ਓ?" ਰਾਣੋ ਮੇਰਾ ਮੁਰਝਾਇਆ ਹੋਇਆ ਚਿਹਰਾ ਦੇਖ ਕੇ ਬੋਲੀ ਏ।

ਇੰਡੀਆ ਦੇ ਬਹੁਤੇ ਲੋਕ ਰਾਣੋ ਵਾਂਗ ਸੋਚਦੇ ਹਨ। ਮੇਰੇ ਗੋਰੇ ਲੀਡਰਾਂ ਨੂੰ ਇੰਡੀਆ ਦੇ ਮਜ਼ਦੂਰਾਂ ਬਾਰੇ ਚਿੰਤਾ ਆ ਕਿ ਇਹ ਕਦੋਂ ਉੱਠਣਗੇ? ਉੱਠ ਤਾਂ ਇਨ੍ਹਾਂ ਤੋਂ ਰੇਲ ਗੱਡੀ ਦਾ ਖੜਾਕਾ ਸੁਣਕੇ ਵੀ ਨਹੀਂ ਹੋਇਆ। ਪੈਦਲ ਤੁਰ ਕੇ ਕਿੰਨਾ ਥੱਕ ਗਏ ਸਨ। ਮਹਾਂ ਰਾਸ਼ਟਰ ਦੇ ਔਰੰਗਾਬਾਦ ਵਿਚ ਰਾਤ ਨੂੰ ਰੇਲਵੇ ਦੀਆਂ ਪਟੜੀਆਂ 'ਤੇ ਹੀ ਸੌਂ ਗਏ। ਸ਼ੂਕਦੀ ਮਾਲ ਗੱਡੀ ਆਈ। ਪੰਜਾਹ-ਸੱਠ ਮਜ਼ਦੂਰਾਂ ਵਿਚੋਂ ਸੋਲਾਂ ਨੂੰ ਦਰੜ ਕੇ ਲੰਘ ਗਈ। ਰੇਲਵੇ ਲਾਈਨ 'ਤੇ ਮਾਸ ਦੀਆਂ ਬੋਟੀਆਂ ਬਣ ਕੇ ਖਿੱਲਰ ਗਈਆਂ। ਲਹੂ ਦੇ ਛੱਪੜ ਲੱਗ ਗਏ ਤੇ ਜਾਂ ਫਿਰ ਰੋਟੀ ਦੀ ਭਾਲ ਵਿਚ ਉਨ੍ਹਾਂ ਦੇ ਪੋਣੇ ਖਿੱਲਰੇ ਪਏ ਸਨ। ਉਹ ਵੀ ਲਹੂ ਨਾਲ ਗਹਿ-ਗੱਚ ਸਨ। ਟੀ ਵੀ 'ਤੇ ਇਹ ਘਿਨਾਉਣਾ ਦ੍ਰਿਸ਼ ਦੇਖ ਕੇ ਅਸੀਂ ਚਾਰੇ ਜੀਅ ਕਈ ਰਾਤਾਂ ਸੌਂ ਨਹੀਂ ਸਕੇ। ਸੁੱਤਾ ਤਾਂ ਸ਼ੇਕਰ ਐਂਡੀ ਵੀ ਨਹੀਂ ਸੀ। ਇੰਡੀਅਨ ਰੇਲਵੇ ਨੇ ਇਨ੍ਹਾਂ ਕਤਲਾਂ ਨੂੰ ਕਿਵੇਂ ਐਕਸੀਡੈਂਟ ਵਿਚ ਬਦਲਿਆ, ਉਹ ਪੜ੍ਹ ਕੇ ਪਿੱਟ ਉੱਠਿਆ। ਉਸਨੂੰ ਤਾਂ ਇਹ ਮਾਸ ਦੀਆਂ ਬੋਟੀਆਂ ਬਣ ਕੇ ਖਿੱਲਰ ਗਈਆਂ ਲਾਸ਼ਾਂ ਆਪਣੇ ਪਿੰਡ ਵਾਲੀ ਰੇਲਵੇ ਲਾਈਨ' ਤੇ ਹੀ ਖਿੱਲਰੀਆਂ ਦਿਖਾਈ ਦੇ ਰਹੀਆਂ ਸਨ। ਦੂਰ ਹਰਪਾਲ ਸਿੰਘ ਦਾ ਰੇਲਵੇ ਸਟੇਸ਼ਨ ਦਾ ਝਾਉਲਾ ਵੀ ਪੈ ਰਿਹਾ ਸੀ।

——0——

ਹੈਂਅ! ਆਹ ਕੀ? ਰਾਣੋ ਨੇ ਟੀ ਵੀ ਦੀ ਆਵਾਜ਼ ਕਿਉਂ ਉੱਚੀ ਕੀਤੀ ਆ? ਮਿਨੀ ਸੋਟਾ ਦੇ ਸ਼ਹਿਰ ਮਿਨੀ ਪੋਲਿਸ ਵਿਚ ਕੀਵਾ ਪਰਗਿਆ 'ਬੇਵ' (ਭਾਗਵਾਨੇ)?...46 ਸਾਲਾ ਜਾਰਜ ਫਲੌਇਡ ਨੂੰ ਅਮਰੀਕਨ ਪੁਲਿਸ ਦੇ ਅਫ਼ਸਰਾਂ ਨੇ ਸੜਕ ਉੱਪਰ ਸੁੱਟ ਲਿਆ। ਉਨ੍ਹਾਂ ਦੇ ਅਫ਼ਸਰ ਡੈਰਿਕ ਚੌਵਿਨ ਨੇ ਉਸਦੀ ਧੌਣ 'ਤੇ 'ਸੱਜਾ' ਗੋਡਾ ਰੱਖ ਦਿੱਤਾ। ਉਸਦੇ ਬਾਕੀ ਸਹਿ ਕਰਮੀ ਤਿੰਨ ਗੋਰੇ ਪੁਲਸੀਏ ਇਹ 'ਤਮਾਸ਼ਾ' ਮਜ਼ੇ ਨਾਲ ਦੇਖ



ਰਹੇ ਹਨ ਜਿਵੇਂ ਉਹ ਇਨਸਾਨ ਨਾ ਹੋ ਕੇ ਕੋਈ ਜਾਨ ਵਰ ਹੋਵੇ। ਬੱਕਰੇ ਵਾਂਗ ਹਲਾਲ ਕੀਤਾ ਜਾ ਰਿਹਾ ਹੈ। ਕਾਲਾ ਤਿਲ ਮਿਲਾ ਰਿਹਾ ਹੈ। ਰੋ ਰਿਹਾ ਹੈ। ਡੈਰਿਕ ਉਸਦੀ ਧੌਣ ਤੋਂ ਗੋਡਾ ਨਹੀਂ ਚੁੱਕ ਰਿਹਾ। ਕਹਿ ਰਿਹਾ- "ਤੂੰ ਸਟੋਰ ਵਾਲੇ ਨੂੰ ਨਕਲੀ ਵੀਹ ਡਾਲਰ ਦਾ ਬਿੱਲ ਦੇ ਰਿਹਾ ਸੀ।"

"ਆਈਂ ਕਾਂਟ ਬ੍ਰੀਦ।" ਫਲੌਇਡ ਦਾ ਮਸੀਂ ਬੋਲ ਨਿਕਲਿਆ ਆ।

"ਮੈਨੂੰ ਸਾਹ ਨਹੀਂ ਆ ਰਿਹਾ। ਮੈਨੂੰ ਛੱਡ ਦੇ।"ਫਲੌਇਡ ਤੜਫ਼ ਰਿਹਾ ਹੈ।

ਉਸਦਾ ਸਾਹ ਕਦੇ ਵੀ ਬੰਦ ਹੋ ਸਕਦਾ ਹੈ। ਪੁਲਸੀਏ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਲੱਗਦੀ। ਆਖਿਰ ਨਸਲ ਭੇਦ ਦਾ ਗੋਡਾ ਉਸਦੀ ਮੌਤ ਤੋਂ ਬਾਅਦ ਹੀ ਧੌਣ ਤੋਂ ਚੁੱਕ ਹੋਇਆ ਹੈ। ਇਸ ਅੱਠ ਮਿੰਟ ਦੀ ਵੀਡੀਓ ਵਿਚ ਉਸਨੇ ਤਿੰਨ ਜਾਂ ਚਾਰ ਵਾਰ ਕਿਹਾ-"ਆਈ ਕਾਂਟ ਬ੍ਰੀਦ।" ਅੱਠਵੇਂ ਮਿੰਟ ਬਾਅਦ ਉਸਦਾ ਸਾਹ ਨਿਕਲ ਗਿਆ। ਉਫ਼! ਕਿੰਨਾ ਭਿਆਨਕ ਦ੍ਰਿਸ਼ ਏ? ਫਲੌਇਡ ਦਾ ਕਸੂਰ ਸਿਰਫ਼ ਕਾਲਾ ਹੋਣਾ ਏਂ।

"ਮਾਈ ਗੁੱਡ ਨੈੱਸ ਨੋ!" ਰਾਣੋ ਦਾ ਵੀ ਹਾਉਕਾ ਨਿਕਲ ਗਿਆ ਏ।

ਇਸ ਦਿਲ ਹਿਲਾ ਦੇਣ ਵਾਲੀ ਘਟਨਾ ਨੂੰ ਦੇਖ ਕੇ ਬੱਚੇ ਵੀ ਡਿਸਟ੍ਰੈਕਟ ਹੋ ਗਏ ਹਨ। ਉਹ ਵੀ ਸਕੂਲ ਦਾ ਕੰਮ ਛੱਡ ਕੇ ਟੀ ਵੀ ਦੁਆਲੇ ਬੈਠ ਗਏ ਹਨ। ਸ਼ੇਕਰ ਐਂਡੀ ਦਾ ਫੋਨ ਆਇਆ ਹੈ। ਉਹ ਇਸ ਤਰ੍ਹਾਂ ਮਰਨ ਨੂੰ ਕੁਰਬਾਨ ਹੋਣਾ ਕਹਿ ਰਿਹਾ। ਅਸੀਂ ਜਿਹੜਾ ਵੀ ਚੈਨਲ ਲਾਉਂਦੇ ਹਾਂ, ਉਹਦੇ ਉੱਤੇ ਫਲੌਇਡ ਨੂੰ ਮਾਰੇ ਜਾਣ ਦੀ ਖ਼ਬਰ ਹੀ ਨਸ਼ਰ ਹੋ ਰਹੀ ਹੈ। ਮੈਨੂੰ ਅਮਰੀਕਾ ਦਾ ਝੰਡਾ ਲਹੂ-ਲੁਹਾਣ ਹੋਇਆ ਦਿਖਾਈ ਦੇ ਰਿਹਾ ਹੈ। ਲਹੂ ਨਾਲ ਭਿੱਜੇ ਝੰਡੇ ਵਿੱਚੋਂ ਐਂਡਰਿਊ ਜੈਕਸਨ ਦੀ ਤਸਵੀਰ ਸਾਫ ਝਲਕ ਰਹੀ ਸੀ। ਇੰਡੀਆ ਦਾ ਮੀਡੀਆ ਰੋਹਿਤ ਦੀ ਰੁਲ ਰਹੀ ਲਾਸ਼ ਨੂੰ ਨਹੀਂ ਦਿਖਾ ਰਿਹਾ।

ਤੇ ਇੱਥੇ ਅਮਰੀਕਨ ਮੀਡੀਏ ਨੇ ਫਲੌਇਡ ਦੇ ਕਤਲ ਦੀ ਖ਼ਬਰ ਘਰ-ਘਰ ਪਹੁੰਚਾ ਦਿੱਤੀ ਆ। ਅਜੀਬ ਕਿਸਮ ਦਾ ਡਰ ਤੇ ਰੋਸ ਅਮਰੀਕਾ ਸਮੇਤ ਪੂਰੇ ਸੰਸਾਰ ਵਿਚ ਫ਼ੈਲ ਗਿਆ ਆ। ਅਮਰੀਕਨ ਕਾਲੇ ਕੀ, ਨੇਟਿਵ ਕੀ, ਕੀ ਮੈਕਸੀਕਨ, ਏਸ਼ੀਅਨ, ਚੀਨੇ ਸਭ ਸੜਕਾਂ 'ਤੇ ਨਿਕਲ ਆਏ ਹਨ ਤੇ ਸਵਾਲ ਕਰ ਰਹੇ ਹਨ-ਕੀ ਸਦੀਆਂ ਤੋਂ ਇਹ ਨਸਲ ਭੇਦ ਦਾ ਗੋਡਾ ਸਾਡੀਆਂ ਧੌਣਾਂ 'ਤੇ ਇੰਝ ਹੀ ਰਹੇਗਾ? ਨਵੀਂ ਪੀੜ੍ਹੀ ਇਹ ਗੋਡਾ ਵਗਾਹ ਮਾਰਨਾ ਚਾਹੁੰਦੀ ਹੈ। ਪਰ ਐਂਡਰਿਊ ਜੈਕਸਨ ਦੀ ਤਸਵੀਰ ਹਰ ਥਾਂ ਲੁਪਤ ਰੂਪ 'ਚ ਹਾਜ਼ਰ ਹੈ। ਮੇਰੇ ਬੱਚੇ ਇਸ ਅਣਮਨੁੱਖੀ ਕਾਰੇ ਵਿਰੁੱਧ ਔਨ ਲਾਈਨ ਪਟੀਸ਼ਨ 'ਤੇ ਸਾਈਨ ਕਰਵਾ ਰਹੇ ਹਨ। ਮਾਪਿਆਂ ਨੂੰ ਉਡੀਕ ਰਹੀ ਰਾਣੋ ਵੀ ਬੱਚਿਆਂ ਨਾਲ ਸਰਗਰਮ ਹੋ ਗਈ ਹੈ।

ਸਾਨੂੰ ਸਾਡੇ ਯੂਨੀਅਨ ਲੀਡਰਾਂ ਦੀ ਈ ਮੇਲ ਆਈ ਆ। ਸ਼ੇਕਰ ਐਂਡੀ ਵਾਂਗ ਮੈਂ ਵੀ ਮੁਜ਼ਾਹਰੇ ਵਿਚ ਸ਼ਾਮਿਲ ਹੋਣ ਲਈ ਤਿਆਰੀ ਕੱਸ ਲਈ ਏ। ਦੋਵੇਂ ਬੱਚੇ ਤੇ ਪਤਨੀ ਵੀ ਨਾਲ ਜਾਣ ਲਈ ਕਾਹਲੇ ਹਨ। ਸ਼ੇਕਰ ਐਂਡੀ ਵੀ ਆਪਣੇ ਪਰਿਵਾਰ ਨੂੰ ਲੈ ਆਇਆ ਹੈ। ਉਸਦੇ ਬਜ਼ੁਰਗ ਮਾਂ-ਬਾਪ ਬਹੁਤ ਹੀ ਦੁਖੀ ਦਿਖਾਈ ਦੇ ਰਹੇ ਹਨ। ਦੋਨੋਂ ਪਰਿਵਾਰ ਮੁਜ਼ਾਹਰੇ ਵਿਚ ਸ਼ਾਮਿਲ ਹੁੰਦੇ ਹਾਂ। ਸਾਡੇ ਮੁਜ਼ਾਹਰਾ ਕਾਰੀਆਂ ਨੇ ਸ਼ੈਲਟਰ ਇਨ ਪਲੇਸ ਦੀ ਪ੍ਰਵਾਹ ਨਹੀਂ ਕੀਤੀ। ਨਾ ਪੁਲਿਸ ਦੀਆਂ ਗੋਲੀਆਂ ਦੀ। ਲੋਕਾਂ ਨੇ ਸਰਕਾਰ ਦੇ ਬਣਾਏ ਸਭ ਕਾਇਦੇ ਕਾਨੂੰਨ ਵਗਾਹ ਮਾਰੇ ਹਨ। ਸਾਡੇ ਉੱਤੇ ਅੱਥਰੂ ਗੈਸ ਦੇ ਗੋਲੇ ਡਿੱਗ ਰਹੇ ਹਨ। ਪਾਣੀ ਦੀ ਬੁਛਾੜ ਹੋ ਰਹੀ ਹੈ ਪਰ ਲੋਕ ਅੱਗੇ ਵਧ ਰਹੇ ਹਨ।

ਅੱਜ ਲੋਕਾਂ ਦੇ ਸੰਘਰਸ਼ ਦਾ ਤੇਰ੍ਹਵਾਂ ਦਿਨ ਹੈ। ਅਸੀਂ ਦਿਨ ਰਾਤ ਲੜਾਈ ਲੜ ਰਹੇ ਹਾਂ। ਵੱਖ-ਵੱਖ ਕੌਮਾਂ ਦੇ ਲੋਕ ਵੱਡੀ ਗਿਣਤੀ ਵਿਚ ਇਨ੍ਹਾਂ ਮੁਜ਼ਾਹਰਿਆਂ ਵਿਚ ਸ਼ਾਮਲ ਹੋ ਰਹੇ ਹਨ। ਅੱਜ ਵਾਸ਼ਿੰਗਟਨ ਡੀਸੀ ਵਿਚ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਸੜਕਾਂ 'ਤੇ ਨਿਤਰਿਆ ਹੋਇਆ ਹੈ। ਉਨ੍ਹਾਂ ਲੜਾਕੂਆਂ ਨੇ ਵਾਈਟ ਹਾਊਸ ਨੂੰ ਘੇਰਾ ਪਾ ਲਿਆ ਹੈ। ਫੌਜ ਨੇ ਉਨ੍ਹਾਂ 'ਤੇ ਕੁੱਤੇ ਛੱਡੇਹਨ ਤੇ ਗੋਲੀਆਂ ਦੀ ਵਾਛੜ ਕਰ ਦਿੱਤੀ ਹੈ। ਸ਼ਹਾਦਤਾਂ ਹੋ ਰਹੀਆਂ ਹਨ। ਸੜਕਾਂ ਲਹੂ ਨਾਲ ਲਾਲ ਹੋ ਗਈਆਂ ਹਨ। ਫੇਰ ਵੀ ਜੰਗਜੂ ਅੱਗੇ

ਵਧ ਰਹੇ ਹਨ। ਹੁਣੇ-ਹੁਣੇ ਟੀ ਵੀ ਨੇ ਖ਼ਬਰ ਨਸ਼ਰ ਕੀਤੀ ਹੈ। ਰਾਸ਼ਟਰਪਤੀ ਡਰਦਾ ਮਾਰਾ ਬੰਕਰ ਵਿਚ ਜਾ ਵੜਿਆ ਹੈ। ਇਸ ਨਿਰਦੋਸ਼ ਕਤਲ ਦੇ ਵਿਰੁੱਧ ਯੂਰਪ ਦੇ ਇਨਸਾਫ਼ ਪਸੰਦ ਲੋਕਾਂ ਵਲੋਂ ਵੀ ਮੁਜ਼ਾਹਰੇ ਕਰਨ ਦੀਆਂ ਖ਼ਬਰਾਂ ਆਉਣ ਲੱਗ ਪਈਆਂ ਹਨ। ਸਾਨੂੰ ਇਸ ਨਾਲ ਹੋਰ ਉਤਸ਼ਾਹ ਮਿਲਿਆ ਹੈ।

"ਆਈ ਕਾਂਟ ਬ੍ਰੀਦ।" ਫਲੌਇਡ ਦੇ ਆਖਰੀ ਬੋਲਾਂ ਵਾਲੀਆਂ ਤਖ਼ਤੀਆਂ ਅਸੀਂ ਗਲਾਂ ਵਿਚ ਪਾਈਆਂ ਹੋਈਆਂ ਹਨ। ਲੋਕ ਨਾਰ੍ਹੇ ਲਾ ਰਹੇ ਹਨ-ਅਮਰੀਕਾ ਗੋਰਿਆਂ ਜਾਂ ਯੂਰਪੀਅਨਾਂ ਦਾ ਦੇਸ ਨਹੀਂ ਹੈ। ਇਹ ਇਥੋਂ ਦੇ ਫਸਟ ਨੇਸ਼ਨ ਰੈੱਡ ਇੰਡੀਅਨ ਲੋਕਾਂ ਦਾ ਮੁਲਕ ਹੈ। ਸਾਡੇ ਅਨੇਕਾਂ ਕਬੀਲਿਆਂ ਨੇ ਇਥੇ ਰਾਜ ਕੀਤਾ ਹੈ। ਇਹ ਸਮੁੰਦਰ, ਨਦੀਆਂ, ਪਹਾੜ, ਚਰਾਂਦਾਂ ਤੇ ਖੇਤ ਸਭ ਸਾਡੇ ਹਨ। ਇਹ ਸੋਨਾ ਉਗਲਦੀ ਧਰਤੀ ਸਾਡੀ ਆ। ਤੁਸੀਂ ਧਾੜਵੀ ਹੋ। ਤੁਹਾਡੇ ਵਿਚ ਮਨੁੱਖਤਾ ਵਾਲਾ ਕੋਈ ਅੰਸ਼ ਨਹੀਂ ਹੈ।

ਮੈਂ ਜਦੋਂ ਦੀ ਹੋਸ਼ ਸੰਭਾਲੀ ਆ। ਨਸਲ ਵਾਦ ਵਾਰ ਵਾਰ ਦੁਹਰਾਇਆ ਜਾ ਰਿਹਾ ਹੈ। ਇਸਦੇ ਖਿਲਾਫ਼ ਇੱਦਾਂ ਦੀ ਬਗਾਵਤ ਵਾਰ ਵਾਰ ਵੇਖੀ ਹੈ। ਹੁਣ ਆਪ ਸ਼ਾਮਿਲ ਹੋ ਕੇ ਕੁਝ ਚੰਗਾ ਵੀ ਲੱਗਾ । ਮੈਨੂੰ ਸਭ ਤੋਂ ਚੰਗੀ ਉਹ ਸਤਾਰਾਂ ਸਾਲ ਦੀ ਲੜਕੀ ਲੱਗੀ ਆ, ਜਿਹਨੇ ਜੌਰਜ ਫਲੌਇਡ ਨੂੰ ਮਾਰਨ ਵਾਲੀ ਵੀਡੀਓ ਬਣਾਈ। ਜੇ ਇਹ ਡਾਰਨੈਲਾ ਫਰੇਜ਼ੀਅਰ ਮਾਰਨ ਵਾਲੀ ਵੀਡੀਓ ਬਣਾਉਣ ਦੀ ਹਿੰਮਤ ਨਾ ਕਰਦੀ ਤੇ ਸੋਸ਼ਲ ਮੀਡੀਏ ਤੇ ਪੋਸਟ ਕਰਨ ਦੀ ਜ਼ੁਰਅੱਤ ਨਾ ਦਿਖਾਉਂਦੀ। ਅਸੀਂ ਕਾਲੇ ਜੌਰਜ ਫਲੌਇਡ ਦਾ ਨਾਂ ਵੀ ਨਹੀਂ ਸੀ ਸੁਣਨਾ। ਅਮਰੀਕਾ ਦੀਆਂ ਸੜਕਾਂ ਉੱਤੇ ਲਾਵਾ ਫੁੱਟਦਾ ਨਹੀਂ ਸੀ ਵੇਖਣਾ। ਡਰੇ ਸਹਿਮੇ ਰਾਸ਼ਟਰਪਤੀ ਨੂੰ ਵਾਈਟ ਹਾਊਸ ਦੇ ਤਹਿਖਾਨੇ ਵਾਲੇ ਬੰਕਰ ਵਿਚ ਲੁਕਦੇ ਨਹੀਂ ਸੀ ਤੱਕਣਾ।

ਉਹਨੀਂ ਇਕ ਕਾਲੇ ਦੀ ਧੌਣ 'ਤੇ ਗੋਡਾ ਰੱਖਿਆ। ਲੋਕ ਸ਼ਕਤੀ ਨੇ ਪੂਰੇ ਅਮਰੀਕੀ ਸਿਸਟਮ ਦੀ ਧੌਣ'ਤੇ ਗੋਡਾ ਰੱਖ ਦਿੱਤਾ। ਮੇਰੀ ਸੋਚ ਵਾਰ-ਵਾਰ ਇੰਡੀਆ ਵੱਲ ਜਾ ਰਹੀ ਹੈ। ਉੱਥੇ ਇੱਦਾਂ ਦੇ ਹਲਾਤ ਕਦੋਂ ਬਣਨਗੇ? ਕਦੋਂ ਲੋਕ ਸੜਕਾਂ 'ਤੇ ਆਉਣਗੇ? ਕਦੋਂ ਗੋਡੇ ਵਾਲੇ ਹਾਕਮਾਂ ਨੂੰ ਬੰਕਰਾਂ 'ਚ ਵਾੜਨਗੇ? ਇਹ ਕਦੋਂ ਕਹਿਣਗੇ ਕਿ ਇਹ ਨਦੀਆਂ, ਪਹਾੜ ਤੇ ਧਰਤੀ ਸਾਡੇ ਹਨ। ਮੈਂ ਇਨ੍ਹਾਂ ਸਵਾਲਾਂ ਨਾਲ ਦੋ-ਚਾਰ ਹੋ ਰਿਹਾ ਸੀ। ਫੋਨ ਦੀ ਘੰਟੀ ਨੇ ਮੇਰਾ ਖਿਆਲ ਤੋੜਿਆ ਹੈ।

ਸ਼ੇਕਰ ਐਂਡੀ ਦੇ ਮੰਮੀ-ਡੈਡੀ ਕੌਫ਼ੀ ਪੀਣੀ ਚਾਹੁੰਦੇ ਹਨ। ਉਸਨੇ 'ਸਟਾਰ ਬਕਸ' ਦੇਖ ਕੇ ਗੱਡੀ ਰੋਕ ਲਈ ਹੈ। ਡਰਾਈਵ ਕਰ ਰਹੀ ਰਾਣੋ ਨੇ ਉਨ੍ਹਾਂ ਦੀ ਗੱਡੀ ਦੇ ਨੇੜੇ ਹੀ ਆਪਣੀ ਗੱਡੀ ਵੀ ਪਾਰਕ ਕਰ ਲਈ ਹੈ। ਕੌਫ਼ੀ ਦੀ ਪੇਮੈਂਟ ਕਰਕੇ ਅਸੀਂ ਕੁਰਸੀਆਂ 'ਤੇ ਬੈਠ ਗਏ ਹਾਂ।

ਮੈਂ ਵਟਸ ਐਪ ਤੇ ਮੈਸੇਜ ਦੇਖਣ ਲੱਗ ਪਿਆ ਹਾਂ। ਮੇਰੇ ਭਤੀਜੇ ਨੇ ਇਕ ਵੀਡੀਓ ਸ਼ੇਅਰ ਕੀਤੀ ਹੋਈ ਹੈ। ਬਰੇਲੀ ਸ਼ਹਿਰ ਦੇ ਬਾਹਰ ਹਜ਼ਾਰਾਂ ਮਜ਼ਦੂਰਾਂ ਦਾ ਇੱਕ ਵੱਡਾ ਇਕੱਠ ਪੁਲਿਸ ਨੇ ਰੋਕਿਆ ਹੋਇਆ ਹੈ। ਇਹ ਮਜ਼ਦੂਰ ਲਗਾਤਾਰ ਬਾਰ੍ਹਾਂ ਦਿਨ ਤੇ ਰਾਤ ਤੁਰਕੇ ਆਪਣੇ ਸੂਬੇ ਦੇ ਸ਼ਹਿਰ ਪੁੱਜੇ ਸਨ। ਸ਼ਹਿਰ ਦੇ ਪਤਵੰਤੇ ਸੱਜਣ ਤੇ ਪੁਲਿਸ ਅਧਿਕਾਰੀ ਇਨ੍ਹਾਂ ਨੂੰ ਸ਼ਹਿਰ ਵਿਚ ਵਾੜਨ ਤੋਂ ਪਹਿਲਾਂ ਇਨ੍ਹਾਂ ਉੱਤੇ ਕੀੜੇ ਮਾਰ ਦਵਾਈਆਂ ਦਾ ਛਿੜਕਾਅ ਕਰ ਰਹੇ ਹਨ। ਮਜ਼ਦੂਰਾਂ ਨੇ ਜ਼ਹਿਰ ਤੋਂ ਡਰਦਿਆਂ ਲੱਤਾਂ ਵਿਚ ਸਿਰ ਦੇ ਲਏ ਹਨ। ਵਿਚਾਰੇ ਮਜ਼ਦੂਰ ਸਹਿਮੇ ਪਏ ਹਨ। ਉਨ੍ਹਾਂ ਨੇ ਛਿੜਕਾਅ ਹੋਰ ਤੇਜ਼ ਕਰ ਦਿੱਤਾ ਹੈ। ਪੁਲਿਸ ਅਧਿਕਾਰੀਆਂ ਨੇ ਮੂੰਹ ਅਤੇ ਹੱਥ ਉੱਪਰ ਨੂੰ ਚੁੱਕਣ ਦਾ ਆਰਡਰ ਦਿੱਤਾ ਹੈ। ਮਜ਼ਦੂਰਾਂ ਨੇ ਆਰਡਰ ਮੰਨ ਲਿਆ ਹੈ।'ਕੱਲੇ-'ਕੱਲੇ ਨੂੰ ਕੱਢਕੇ ਛਿੜਕਾਅ ਕੀਤਾ ਜਾ ਰਿਹਾ ਹੈ। ਮਜ਼ਦੂਰ ਹੋਰ ਸਹਿਮ ਗਏ ਹਨ। ਉਨ੍ਹਾਂ ਦੇ ਹੱਥ ਜੁੜੇ ਹੋਏ ਹਨ। ਡਰ ਨਾਲ ਕਾਂਬਾ ਛਿੜਿਆ ਹੋਇਆ ਹੈ। ਅੱਖਾਂ ਵਿਚੋਂ ਗਲੇਡੂ ਡਿੱਗ ਰਹੇ ਹਨ। ਗਰੀਬਾਂ ਦੀ ਬੇਵਸੀ ਦਿਸ ਰਹੀ ਹੈ। ਉਹ ਬੇਹੋਸ਼ ਹੋ ਕੇ ਡਿਗਣ ਲੱਗ ਪਏ ਹਨ। ਪਿਛਲੇ ਪੌਣੇ ਚਾਰ ਹਜ਼ਾਰ ਸਾਲ ਤੋਂ ਇਨ੍ਹਾਂ ਨਾਲ ਏਹੀ ਹੋ ਰਿਹਾ।

ਜਦੋਂ ਵੀ ਸ਼ੇਕਰ ਐਂਡੀ ਨੇ ਮੈਨੂੰ ਜੌਰਜੀਆ ਤੇ ਅਲਬਾਮਾ ਦੇ ਮੂਲ ਨਿਵਾਸੀਆਂ ਦੇ ਉਜਾੜੇ ਦੀ ਕਹਾਣੀ ਸੁਣਾਉਣੀ, ਮੈਂ ਆਪਣੇ -ਆਪ ਨੂੰ ਸਵਾਲ ਕਰਨਾ ਇਹ ਸੱਚੀਂ ਮਨੁੱਖਾਂ ਨਾਲ ਹੋਇਆ ਹੋਵੇਗਾ



ਪਰ ਆਹ ਤਾਂ ਸਭ ਕੁਝ ਸਾਡੇ ਸਭਨਾਂ ਦੇ ਸਾਹਮਣੇ ਵਾਪਰ ਰਿਹਾ। ਮੈਂ ਸ਼ੇਕਰ ਐਂਡੀ ਮੋਹਰੇ ਫੋਨ ਕੀਤਾ ਏ। ਉਹਦੀਆਂ ਅੱਖਾਂ ਵਿਚ ਲਾਲ ਡੋਰੇ ਉੱਤਰ ਆਏ ਹਨ। ਮੈਂ ਹਉਕਾ ਭਰਿਆ ਹੈ। ਰਾਣੋ ਤਾਂ ਦੇਖ ਹੀ ਨਹੀਂ ਸਕੀ। ਬੱਚੇ 'ਸ਼ੇਮ ਔਨ ਦੈਮ' ਕਹਿ ਰਹੇ ਹਨ। ਸ਼ੇਕਰ ਦੇ ਮੰਮੀ-ਡੈਡੀ ਦੀਆਂ ਅੱਖਾਂ ਨਮ ਹੋ ਗਈਆਂ ਹਨ। ਰੋਹਿਤ ਦੀ ਰੁਲ ਰਹੀ ਲਾਸ਼, ਉਸਦੇ ਮਾਂ-ਬਾਪ ਦੇ ਪੈਰਾਂ ਦੇ ਲੱਥ ਰਹੇ ਮਾਸ ਦੇ ਲੋਥੜੇ ਤੇ ਮਜ਼ਦੂਰਾਂ ਉੱਪਰ ਹੋ ਰਿਹਾ ਕੀੜੇਮਾਰ ਦਵਾਈਆਂ ਦਾ ਛਿੜਕਾਅ ਨੇ ਸਾਨੂੰ ਸਾਰਿਆਂ ਨੂੰ ਸੁੰਨ ਕਰਕੇ ਰੱਖ ਦਿੱਤਾ ਹੈ। ਸਾਡੀ ਕੌਫ਼ੀ ਟੇਬਲ 'ਤੇ ਧਰੀ-ਧਰਾਈ ਰਹਿ ਗਈ ਹੈ। ਸ਼ੇਕਰ ਗੁੱਸੇ ਵਿਚ ਬੋਲਿਆ ਏ-

"ਜਿੱਥੇ ਅੱਜ 200 ਸਾਲ ਬਾਅਦ ਵੀ ਅਮਰੀਕਾ ਦੇ ਮੂਲ ਨਿਵਾਸੀ ਵੀਹ ਡਾਲਰ ਦਾ ਬਿੱਲ ਨ੍ਹੀਂ ਲੈਂਦੇ। ਉਥੇ ਇਹ ਇੰਡੀਆ ਦੇ ਨੇਟਿਵ ਹੋਰ ਚਾਰ ਸਾਲਾਂ ਤੱਕ ਪੈਣ ਵਾਲੀਆਂ ਵੋਟਾਂ ਵਿਚ ਪਕੌੜੇ ਖਾ ਕੇ ਤੇ ਦਾਰੂ ਪੀ ਕੇ ਇਨ੍ਹਾਂ ਨੂੰ ਹੀ ਜਿਤਾ ਦੇਣਗੇ।" ਸ਼ੇਕਰ ਐਂਡੀ ਦੀ ਆਵਾਜ਼ ਵਿੱਚ ਅਫਸੋਸ ਤੇ ਦਰਦ ਸ਼ਾਮਿਲ ਏ। ਆਹ ਗੱਲ ਸੁਣ ਕੇ ਮੇਰੇ ਚਿਹਰੇ 'ਤੇ ਘੋਰ ਉਦਾਸੀ ਛਾ ਗਈ ਹੈ।

ਸਾਨੂੰ ਐਮ ਏ ਹਿਸਟਰੀ ਦੇ ਪਹਿਲੇ ਸਾਲ ਵੱਖ-ਵੱਖ ਦੇਸਾਂ ਵਿਚ ਫਾਂਸੀ ਦੇ ਵੱਖ-ਵੱਖ ਤਰੀਕਿਆਂ ਦਾ ਪਾਠ ਪੜ੍ਹਾਇਆ ਜਾਂਦਾ ਸੀ। ਸਾਡੇ ਪ੍ਰੋਫ਼ੈਸਰ ਨੇ ਕੁਝ ਤਰੀਕੇ ਆਪ ਪੜ੍ਹਾਏ ਤੇ ਕੁਝ ਸਾਨੂੰ ਲੱਭਣ ਲਈ ਕਿਹਾ। ਮੈਂ ਲਾਇਬ੍ਰੇਰੀ 'ਚੋਂ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ ਲਿਖਤਾਂ ਵਾਲਾ 'ਫ਼ਾਂਸੀ ਚਾਂਦ'ਅੰਕ ਲੱਭ ਲਿਆਇਆ। ਉਸ ਵਿਚ ਦਰਜ ਸੀ ਕਿ ਨਿਊਯਾਰਕ ਦੀ ਜੇਲ੍ਹ ਵਿਚ ਗੋਰੇ ਅਫ਼ਸਰ ਨੇਟਿਵ ਤੇ ਕਾਲਿਆਂ ਨੂੰ ਕਿਵੇਂ ਮਾਰਦੇ ਸਨ? ਇਹ ਸਜ਼ਾ ਅੱਜ ਵੀ ਮੇਰੇ ਚੇਤਿਆਂ ਵਿਚ ਵਸੀ ਹੋਈ ਆ-

ਨਿਊਯਾਰਕ ਦੀ ਔਬਰਨ ਜੇਲ੍ਹ ਵਿਚ ਸੰਨ 1858 ਈ. ਤੱਕ 'ਅਪਰਾਧੀ' ਦੇ ਸਿਰ 'ਤੇ ਪਾਣੀ ਪਾ ਕੇ ਫ਼ਾਂਸੀ ਦਿਆ ਕਰਦੇ ਸਨ। 'ਅਪਰਾਧੀ'ਦਾ ਇਕ ਹੱਥ ਝੂਲੇ ਨਾਲ ਬੰਨ੍ਹ ਦਿੰਦੇ ਸਨ ਅਤੇ ਉੱਪਰੋਂ ਉਸਦੇ ਸਿਰ 'ਤੇ ਲਗਾਤਾਰ ਪਾਣੀ ਦੀ ਧਾਰ ਸੁੱਟੀ ਜਾਂਦੀ ਸੀ। ਇਸ ਨਾਲ਼ 'ਅਪਰਾਧੀ' ਨੂੰ ਸਾਹ ਲੈਣ ਵਾਸਤੇ ਹਵਾ ਨਹੀਂ ਮਿਲਦੀ ਸੀ ਅਤੇ ਉਹ ਦਮ ਘੁੱਟਣ ਨਾਲ ਛੇਤੀ ਹੀ ਮਰ ਜਾਂਦਾ ਸੀ।'

ਅਸੀਂ ਆਪੋ-ਆਪਣੇ ਘਰਾਂ ਨੂੰ ਜਾਣ ਲਈ ਕਾਰਾਂ ਤੋਰ ਲਈਆਂ ਹਨ। ਮੇਰੀਆਂ ਅੱਖਾਂ ਅੱਗੇ ਸਿਰਫ਼ ਦੋ ਦ੍ਰਿਸ਼ ਘੁੰਮ ਰਹੇ ਹਨ। ਸਿਰ 'ਤੇ ਲਗਾਤਾਰ ਪਾਣੀ ਦੀ ਧਾਰ ਪਾਉਣੀ, ਸਾਹ ਨਾ ਆਉਣਾ ਤੇ ਬੰਦੇ ਦਾ ਮਰ ਜਾਣਾ। ਦੂਜਾ ਦ੍ਰਿਸ਼ ਬੰਦਿਆਂ 'ਤੇ ਕੀੜੇ ਮਾਰ ਦਵਾਈਆਂ ਦਾ ਛਿੜਕਾਅ ਕਰਨਾ। ਇਹ ਵੀਡੀਓ ਛਿੜਕਾਅ ਤੱਕ ਹੀ ਆ। ਇਸ ਤੋਂ ਅੱਗੇ ਨਹੀਂ। ਹਜ਼ਾਰਾਂ ਮਜ਼ਦੂਰਾਂ, ਮਜ਼ਦੂਰਨੀਆਂ ਅਤੇ ਉਨ੍ਹਾਂ ਦੇ ਬੱਚਿਆਂ ਨਾਲ ਕੀ ਭਾਣਾ ਵਾਪਰਿਆ ਹੋਵੇਗਾ? ਇਸਦੀ ਕੋਈ ਖ਼ਬਰ ਨਹੀਂ ਹੈ।

ਮੀਡੀਏ ਵਿਚ ਇਹ ਖ਼ਬਰ ਕਿਉਂ ਨਹੀਂ ਆਈ? ਸਦੀਆਂ ਤੋਂ ਜੋ ਇਨ੍ਹਾਂ ਲੋਕਾਂ ਨਾਲ਼ ਹੁੰਦਾ ਆਇਆ,ਉਹ ਕਿਹੜਾ ਇਤਿਹਾਸ ਦੇ ਪੰਨਿਆਂ ਤੇ ਲਿਖਿਆ ਹੋਇਆ। ਨਿਊਯਾਰਕ ਵਾਲੀ ਜੇਲ੍ਹ ਦੀ ਸਜ਼ਾ ਦਾ ਤਾਂ ਇਤਿਹਾਸ ਵੀ ਲਿਖ ਹੋ ਗਿਆ ਤੇ ਲੋਕਾਂ ਨੇ ਸੜਕਾਂ 'ਤੇ ਆ ਕੇ ਇਹ ਸਜ਼ਾ ਵੀ ਬੰਦ ਕਰਵਾ ਦਿੱਤੀ ਸੀ।

ਮੈਂ ਸਾਰੀ ਰਾਤ ਬੇਚੈਨੀ ਨਾਲ ਕੱਟੀ। ਮਾੜੀ ਜਿਹੀ ਅੱਖ ਲੱਗੀ ਤਾਂ ਸੁਪਨੇ ਆਉਣ ਲੱਗ ਪਏ।

ਛਿੜਕਾਅ ਵਾਲਾ ਦ੍ਰਿਸ਼ ਅੱਖਾਂ ਅੱਗੇ ਸਕਾਰ ਹੋ ਗਿਆ। ਮਜ਼ਦੂਰ ਸਾਹ ਨਾ ਆਉਣ ਤੇ ਘੁੱਟ-ਘੁੱਟ ਕੇ ਦਮ ਤੋੜ ਰਹੇ ਸਨ। ਸੜਕਾਂ 'ਤੇ ਲੋਥਾਂ ਦੇ ਢੇਰ ਹੀ ਢੇਰ ਸਨ। ਉਨ੍ਹਾਂ ਨੂੰ ਤਾਂ ਸਸਕਾਰ ਲਈ ਨਾ ਧਰਤੀ ਨਾ ਲੱਕੜਾਂ ਨਸੀਬ ਹੋਈਆਂ। ਅਗਲਿਆਂ ਨੇ ਲੋਥਾਂ ਦੇ ਢੇਰਾਂ ਉੱਤੇ ਮਿੱਟੀ ਦਾ ਤੇਲ ਛਿੜਕ ਕੇ ਤੀਲੀ ਲਾ ਦਿੱਤੀ। ਮੈਂ ਉੱਭੜ ਵਾਹੇ ਉੱਠਿਆਂ ਹਾਂ। ਕਮਰੇ ਵਿਚ ਚਾਰੇ-ਪਾਸੇ ਧੂੰਆਂ ਫੈਲਿਆ ਹੋਇਆ ਹੈ। ਬਦਬੂ ਦਿਮਾਗ ਨੂੰ ਚੜ੍ਹ ਰਹੀ ਹੈ। ਫੇਰ ਮੈਨੂੰ ਸਾਹ ਕਿੱਥੋਂ ਆਉਣਾ?

**ਸੰਪਰਕ-919463063990**



# ਕਹਾਣੀ / ਔਸੀਆਂ / - ਜਤਿੰਦਰ ਸਿੰਘ ਹਾਂਸ

"ਥੋਡਾ ਤਾਰੀ ਮਿਲਿਆ ਸੀ ਚਾਚੀ।" ਕੇਸਰ ਘੋੜਾ ਆ ਕੇ ਮਿੰਦਰ ਕੌਰ ਦੇ ਮੰਜੇ ਦੀ ਪੈਂਦੀ ਬੈਠ ਗਿਆ।

ਮਿੰਦਰ ਕੌਰ, ਮੰਜੇ 'ਤੇ ਐਂ ਪਈ ਸੀ। ਜਿਵੇਂ ਵਰ੍ਹਿਆਂ ਤੋਂ ਬੀਮਾਰ ਹੋਵੇ, ਉੱਠ ਕੇ ਬੈਠ ਗਈ, "ਵੇ ਜਿਊਂਦਾ ਰਹਿ ਵੇ ਕੇਸਰਾ, ਵੇ ਤੈਂਅ ਮੈਨੂੰ ਜਿਊਂਦੀ ਕਰਤਾ, ਜੇ ਅਸੀਂ ਗਰੀਬ ਆਂ ਤਾਂ ਸਾਡਾ ਰੱਬ ਤਾਂ ਨੀ ਮਰਿਆ... ਮੇਰੀਆਂ ਆਂਦਰਾਂ ਕਹਿੰਦੀਆਂ ਤੀ... ਉਹ ਰਾਜੀ-ਖ਼ੁਸ਼ੀ ਆ... ਸਾਰੇ ਮੈਨੂੰ ਪਾਗ਼ਲ ਸਮਝੀ ਜਾਂਦੇ।"

ਕੇਸਰ ਨੇ ਸਾਰੀ ਵਿੱਥਿਆ ਸੁਣਾ ਧਰੀ, 'ਸਾਡਾ ਗੁਰੂ, ਕਲਗੀਆਂ ਆਲਾ ਆਪਣੇ ਸਿੰਘਾਂ ਨੂੰ ਸੱਠ ਸਾਲ ਦੀ ਉਮਰ ਤੱਕ ਹਜ਼ੂਰ ਸਾਹਿਬ ਉਡੀਕਦਾ। ਅਸੀਂ ਨਾਂਦੇੜ ਵੱਲ ਗੁਰਦੁਆਰਿਆਂ ਦੇ ਦਰਸ਼ਨ ਕਰਨ ਗਏ। ਰੂਹ ਖ਼ੁਸ਼ ਹੋਗੀ, ਉਸ ਧਰਤੀ ਦੀ ਧੂੜ ਮੱਥੇ ਲਾ ਕੇ। ਉੱਥੇ ਇੱਕ ਡੇਰੇ ਵਿਚ ਲੰਗਰ ਛਕ ਕੇ ਆ ਰਿਹਾ ਸੀ। ਅਣਜਾਣ ਜਿਹਾ ਬੰਦਾ ਹੱਸਦਾ ਸਾਡੇ ਵੱਲ ਤੁਰਿਆ ਆਵੇ, ਉਹਨੇ ਹਾਲ-ਚਾਲ ਪੁੱਛਿਆ।'

ਮੈਂ ਕਿਹਾ, "ਮੈਂ ਤਾਂ ਤੈਨੂੰ ਸਿਆਣਿਆ ਨੀ ਭਾਈ।"

ਕਹਿੰਦਾ, "ਥੋਡੇ ਇਲਾਕੇ ਦਾ ਈ ਆਂ। ਬਾਈ ਜੀ ਥੋਡੇ ਪਿੰਡ ਦੇ ਬੰਨੇ ਨਾਲ ਬੰਨਾ ਲੱਗਦਾ।"

ਮੈਂ ਪੁੱਛਿਆ, "ਕਿਹੜੇ ਲਾਣੇ 'ਚੋਂ ਆਂ। ਤੇਰੇ ਬਾਪ ਦਾ ਨਾਂ ਕੀ ਆ? ਇਥੇ ਕਿਵੇਂ ਫਿਰਦਾ?" ਉਹ ਹੱਸਦਾ ਪਰੇ ਨੂੰ ਤੁਰ ਗਿਆ। ਜਦੋਂ ਤੁਰੇ ਜਾਂਦੇ ਨੂੰ ਪੁੱਛਿਆ, "ਪਿੰਡ ਨੀ ਚੱਲਣਾ?"

ਕਹਿੰਦਾ, "ਇਥੇ ਸੇਵਾ ਕਰਦੇ ਆਂ, ਆਊਂਗਾ ਜ਼ਰੂਰ, ਕਦੇ ਨਾ ਕਦੇ, ਜਦੋਂ ਗੁਰੂ ਨੇ ਚਾਹਿਆ।"



ਚਾਚੀ ਮੈਂ ਦਿਮਾਗ਼ ਤੇ ਬਹੁਤ ਵਜਨ ਪਾਇਆ। ਕੌਣ ਹੋ ਸਕਦਾ? ਸਾਡਾ ਇਲਾਕੇ ਦਾ, ਹਜ਼ਾਰਾ ਮੀਲ ਦੂਰ ਬੈਠਾ, ਮੈਨੂੰ ਜਾਣਦਾ। ਰਸਤੇ 'ਚ ਆਉਂਦੇ ਦੇ ਖ਼ਿਆਲ ਆਇਆ, ਚਾਚੀ ਕਹਿੰਦੀ ਹੁੰਦੀ ਆ, 'ਤਾਰੀ ਜਿਊਂਦਾ!' ਕਿਤੇ ਇਹ ਤਾਰੀ ਤਾਂ ਨਹੀਂ? ਏਨੇ ਸਾਲਾਂ 'ਚ ਬੰਦਾ ਬਦਲ ਵੀ ਜਾਂਦਾ। ਪਹਿਲਾਂ ਰੋਡਾ ਹੁੰਦਾ ਸੀ ਹੁਣ ਦਾੜ੍ਹੀ ਕੇਸ ਰੱਖ ਕੇ ਪੱਗ ਬੰਨ੍ਹਦਾ।

ਪਰ ਉਹ ਤਾਂ ਸ਼ਰਾਬ ਬਹੁਤ ਪੀਂਦਾ ਸੀ। ਸ਼ਰਾਬੀ ਬੰਦਾ ਤਾਂ ਡੇਰੇ 'ਚ ਰਹਿ ਨਹੀਂ ਸਕਦਾ। ਇਕ ਮਨ ਕਹਿੰਦਾ, ਦੂਜਾ ਮਨ ਕਹਿੰਦਾ, 'ਸ਼ਰਾਬ ਛੱਡ ਵੀ ਤਾਂ ਸਕਦਾ।' ਨਾਲੇ ਡੇਰਿਆਂ 'ਚ ਨਸ਼ੇ-ਪੱਤੇ ਦਾ ਕੰਮ ਵਾਧੂ ਚੱਲਦਾ।

ਸੋਚਿਆ, ਚਾਚੀ ਨੂੰ ਦੱਸ ਆਵਾਂ, ਇਕ ਵਾਰ ਦੇਖ ਆਉਣ, ਵਾਹਿਗੁਰੂ ਭਲੀ ਕਰੂ।

ਮਿੰਦਰ ਕੌਰ ਨੇ ਅਸੀਸਾਂ ਦੀ ਝੜੀ ਲਾ ਦਿੱਤੀ, "ਜਿਉਂਦਾ ਰਹਿ ਵੇ ਕਰਮਾਂ ਆਲਿਆ, ਰੱਬ ਤੇਰੀਆਂ ਸੱਭੇ-ਖ਼ੈਰਾਂ ਰੱਖੇ, ਮਾਇਆ ਧਰ-ਧਰ ਭੁੱਲੇਂ। ਮੇਰੀ ਤੱਤੜੀ ਦੀਆਂ ਆਂਦਰਾਂ ਅਸੀਸਾਂ ਦਿੰਦੀਆਂ ਨੇ।"

ਕੇਸਰ ਡੇਰੇ ਦਾ ਅਤਾ-ਪਤਾ ਕਾਗ਼ਜ ਉੱਤੇ ਲਿਖ ਕੇ ਉਹਨੂੰ ਫੜਾ ਗਿਆ।

ਮਿੰਦਰ ਕੌਰ ਨਹਾ ਕੇ, ਕਮਰੇ 'ਚ ਗਈ।

ਕੰਸ 'ਤੇ ਪਈਆਂ, ਗੁਰੂਆਂ, ਪੀਰਾਂ ਦੀਆਂ ਤਸਵੀਰਾਂ ਅੱਗੇ ਧੂਫ਼ ਧੁਖਾ ਕੇ ਮੱਥਾ ਟੇਕਣ ਲੱਗੀ। ਸੁੱਖਾਂ-ਸੁੱਖਣ ਲੱਗੀ। ਰੋਹੀਸਰ ਆਲੇ ਬਾਬੇ ਦੀ ਸੁੱਖ ਵਰ ਆਉਂਦੀ ਆ। ਲਗੋਜੇ ਪੀਰ ਦਾ ਚੂਰਮਾ, ਗੁਰਦੁਆਰੇ ਦੇਗ। ਨੇੜੇ ਤੇੜੇ ਜਿੰਨੀਆਂ ਵੀ ਥਾਂਵਾਂ ਉਹਨੂੰ ਯਾਦ ਆਈਆਂ। ਸਭ ਦੀਆਂ ਸੁੱਖਾਂ ਸੁੱਖੀਆਂ। ਏਨੀਆਂ ਸੁੱਖਾਂ ਤਾਂ ਉਹ ਜੋ ਉਹਦੇ ਕੋਲ਼ ਸੀ, ਵੇਚ ਕੇ ਵੀ ਨਹੀਂ ਉਤਾਰ ਸਕਦੀ ਸੀ।

ਤਾਰੀ ਵੀ ਉਹਨੇ, ਧਾਰਮਿਕ ਥਾਵਾਂ ਤੇ ਮੱਥੇ ਰਗੜ-ਰਗੜ ਕੇ, ਸੁੱਖਣਾ ਸੁੱਖ ਕੇ ਲਿਆ ਸੀ, ਪਤਾ ਨਹੀਂ ਕੀ ਭੁੱਲ ਹੋ ਗਈ, ਧੋਖਾ ਜਿਹੜਾ ਦੇ ਗਿਆ।

ਤਾਰੀ ਦੇ ਜਾਣ ਬਾਅਦ ਉਹਨੇ ਇੱਕ ਇੱਕ ਪਲ ਗਿਣ ਕੇ ਲੰਘਾਇਆ ਸੀ। ਸੱਤ ਸਾਲ ਚਾਰ ਮਹੀਨੇ ਛੇ ਦਿਨ ਹੋ ਗਏ ਸੀ। ਤਾਰੀਂ ਨੂੰ ਘਰੋਂ ਗਿਆ। ਉਦਣ ਦੀ ਨੇ ਕਦੇ ਚੰਗੀ ਤਰ੍ਹਾਂ ਸੌਂ ਕੇ ਨਹੀਂ ਦੇਖਿਆ। ਉਹ ਆਪਣੇ ਕਰਮਾਂ ਨੂੰ ਝੂਰਦੀ, ਕਹਿੰਦੇ ਨੇ ਕੋਰੜਿਆਂ ਦੀ ਮਾਰ ਚੰਗੀ, ਲੇਖਾਂ ਦੀ ਮੰਦੀ।

ਮੰਜੇ ਤੇ ਪਈ ਤਾਰੀ ਨਾਲ ਗੱਲਾਂ ਕਰਦੀ ਰਹਿੰਦੀ, "ਵੇ ਨਿਰਮੋਹਿਆ ਤੂੰ ਇਹ ਤਾਂ ਨੀ ਸੀ ਕਿਹਾ, ਮੈਂ ਜਾਨਾਂ। ਤੂੰ ਤਾਂ ਕਿਹਾ ਸੀ, 'ਬੀਬੀ ਮੈਂ ਜਾ ਕੇ ਆਉਨਾ।' ਫਿਰ ਆਇਆ ਕਿਉਂ ਨੀਂ?

ਤਾਰੀ ਨਾਲ ਗੱਲਾਂ ਕਰਦੀ ਵਿਚ 'ਮਾਤਾ' ਆ ਜਾਂਦੀ, ਉਹ ਬਹੁਤ ਚਿਰ ਸਿਰ ਹਿਲਾਉਂਦੀ ਆਪਾ ਤੋੜਦੀ, ਉਹਦੇ ਵਾਲ਼ ਖੁੱਲ੍ਹ ਜਾਂਦੇ। ਹੱਥ ਪੈਰ ਮੁੜ ਜਾਂਦੇ। ਜਦੋਂ ਮਾਤਾ ਆ ਜਾਂਦੀ ਉਹ ਸਾਰਾ ਦਿਨ ਮੰਜੇ ਤੇ ਸਾਹ-ਸਤ ਹੀਣ ਹੋਈ ਪਈ ਰਹਿੰਦੀ।

'ਓਪਰੀ ਕਸਰ' ਦੂਰ ਕਰਾਉਣ ਲਈ ਜੰਗੀਰ ਸਿੰਘ ਨੇ ਸਿਆਣੇ ਲਿਆਉਣੇ ਪਰ ਕੋਈ ਫ਼ਰਕ ਨਾ ਪਿਆ। ਇਸ ਬੀਮਾਰੀ ਦੀ ਦਵਾਈ ਤਾਂ ਤਾਰੀ ਸੀ। ਉਹ ਘਰ ਆਉਂਦਾ ਤੰਦਰੁਸਤ ਹੁੰਦੀ।

ਜੰਗੀਰ ਸਿੰਘ ਖੇਤੋਂ ਆ ਕੇ ਪਸ਼ੂਆਂ ਨੂੰ ਸੰਨੀ ਕਰਨ ਲੱਗਿਆ। ਮਿੰਦਰ ਕੌਰ ਉਹਦੇ ਕੋਲ਼ ਜਾ ਖੜ੍ਹੀ। ਜਿੱਦ ਕਰਨ ਲੱਗੀ ਹੁਣੇ ਹਜ਼ੂਰ ਸਾਹਿਬ ਜਾਇਆ ਜਾਵੇ। ਤਾਰੀ ਕਿਤੇ ਉਥੋਂ ਉਰੇ-ਪਰੇ ਨਾ ਚਲਾ ਜਾਵੇ।

ਜੰਗੀਰ ਸਿੰਘ ਸਮਝਾਉਣ ਲੱਗਾ, "ਸਿਆਣੀ ਬਣ ਮਿੰਦਰ ਕੌਰੇ, ਮੈਂ ਵੀ ਚਾਹੁੰਨਾ ਉਹ ਜਿਉਂਦਾ ਹੋਵੇ। ਪਰ ਜੋ ਹੈ ਈ ਨੀ, ਕਿਵੇਂ ਮੰਨ ਲਈਏ। ਤੇਰੇ ਸਾਹਮਣੇ ਉਹਨੂੰ ਦਾਗ਼ ਲਾਇਆ। ਫੁੱਲ ਕੀਰਤਪੁਰ ਸਾਹਿਬ ਪਾ ਕੇ ਆਏ। ਉਹਦਾ ਭੋਗ ਪਾਇਆ। ਉਹਦੇ ਨਾਲ ਪਿਛਲੇ ਜਨਮ ਦਾ ਲੈਣ ਦੇਣ ਤੀ। ਸਹੁਰਾ ਨੰਗ ਕਰਕੇ ਸਿੱਟ ਗਿਆ। ਹੁਣ ਮਰ ਕੇ ਵੀ ਖਹਿੜਾ ਨੀਂ ਛੱਡਦਾ। ਤੂੰ ਚੈਨ ਨਾਲ ਪੈ ਜਾ।"

– "ਜਿਹਨਾਂ ਦੇ ਪੁੱਤ ਘਰੋਂ ਚਲੇ ਜਾਂਦੇ ਨੇ, ਉਹਨਾਂ ਨੂੰ ਚੈਨ ਕਿੱਥੇ।"

– "ਐਵੇਂ ਸਾਲਾ ਕੇਸਰ ਘੋੜਾ, ਕੁੱਤਾ ਭੌਂਕਦਾ।" ਜੰਗੀਰ ਸਿੰਘ ਕੇਸਰ ਨੂੰ ਗਾਲ੍ਹਾਂ ਕੱਢਣ ਲੱਗਾ।

– "ਰੋਹੀਸਰ ਆਲੇ ਮੋਨੀ ਬਾਬਾ ਜੀ ਦੀ ਜੀਭ 'ਤੇ ਸਰਸਵਤੀ ਦਾ ਵਾਸ ਆ। ਜੋ ਕਹਿੰਦੇ ਨੇ ਸੱਚ ਹੋ ਜਾਂਦਾ। ਜਦੋਂ ਮੈਂ ਉਹਨਾਂ ਤੋਂ ਤਾਰੀ ਬਾਰੇ ਪੁੱਛਣ ਗਈ ਤੀ, ਉਹਨਾਂ ਨੇ ਮੇਰੇ ਸਿਰ 'ਤੇ ਹੱਥ ਰੱਖ ਕੇ ਕਿਹਾ ਸੀ, "ਹਜਾਰਾਂ ਮੀਲ ਦੂਰ ਬੈਠਾ, ਆਪਣੇ ਗੁਰੂ ਦੇ ਚਰਨਾਂ 'ਚ, ਆ ਜਾਊਗਾ, ਜਦੋਂ ਗੁਰੂ ਦੀ ਮੌਜ ਹੋਈ...।"

ਉਹ ਰੋਟੀਆਂ ਲਾਹੁਣ ਲੱਗੀ, ਵਾਧੂ ਤਾਰੀ ਲਈ ਰੋਟੀਆਂ ਵੀ ਲਾਹ ਲੈਂਦੀ। ਚੁੱਲ੍ਹੇ ਦਾ ਕੰਮ ਨਿਬੇੜ, ਇੱਕ ਕੰਮ ਹੋਰ ਕਰਦੀ, ਥੋੜ੍ਹੀ ਜਿਹੀ ਸਵਾਹ ਕੱਢ ਕੇ ਧਰਤੀ ਤੇ ਵਿਛਾ ਲੈਂਦੀ। ਡੱਕੇ ਨਾਲ ਅਣਗਿਣਤ ਲਕੀਰਾਂ ਖਿੱਚ ਲੈਂਦੀ। ਫਿਰ ਇੱਕ ਲਕੀਰ ਛੱਡ ਦੂਜੀ ਨੂੰ ਵੱਡਾ ਕਰਦੀ, ਔਸੀਆਂ ਪਾਉਂਦੀ। ਆਖ਼ਰ 'ਚ ਇੱਕ ਲਕੀਰ ਬੱਚ ਜਾਂਦੀ, ਉਹ ਖੁਸ਼ ਹੋ ਜਾਂਦੀ, "ਆਊਗਾ... ਆਊਗਾ ਮੇਰਾ ਪੁੱਤਾ।"

ਮਿੰਦਰ ਕੌਰ ਹਜਾਰਾਂ ਮੀਲ ਦੂਰ ਕਿੱਥੇ ਲੱਭਣ ਜਾਂਦੀ। ਉਹਨੂੰ ਤਾਂ ਤਾਰੀ ਛੋਟਾ ਹੁੰਦਾ ਪਿੰਡ 'ਚੋਂ ਵੀ ਨਾ ਲੱਭਦਾ। ਉਹ ਉਡੀਕਦੀ ਰਹਿੰਦੀ, ਤੜਫ਼ਦੀ ਰਹਿੰਦੀ। ਰਾਤ ਨੂੰ ਤਾਰੀ ਦਾ ਸੁਫ਼ਨਾ ਆਉਂਦਾ ਉਹੀ ਗੱਲ ਕਹਿੰਦਾ, ਜੋ ਜਾਣ ਲੱਗਿਆ ਕਹਿ ਕੇ ਗਿਆ ਸੀ, "ਬੀਬੀ ਮੈਂ ਜਾ ਕੇ ਆਉਨਾ।"

ਮੋਨੀ ਬਾਬਾ ਜੀ ਦੀ ਭਾਖਿਆ ਪੂਰੀ ਹੋਈ। ਹੁਣ ਕੇਸਰ ਵੀ ਦੱਸ ਗਿਆ, ਡੇਰੇ ਦਾ ਪਤਾ ਵੀ ਦੇ ਗਿਆ। ਜੰਗੀਰ ਸਿੰਘ ਅਜੇ ਵੀ ਨਹੀਂ ਮੰਨਦਾ। ਘਰੇ ਨਿੱਤ ਕਲੇਸ਼ ਰਹਿੰਦਾ। ਮਿੰਦਰ ਕੌਰ 'ਚ ਹਰ ਰੋਜ਼ 'ਮਾਤਾ' ਆ ਜਾਂਦੀ। ਉਹ ਸਿਰ ਘੁਮਾ, ਵਾਲ਼ ਖਿੰਡਾਂ ਕੇ ਗਾਲ੍ਹਾਂ ਕੱਢਦੀ ਰਹਿੰਦੀ, "ਨਿੱਜੜਿਓ ਤੁਸੀਂ ਦੇਵੀ ਮਾਂ ਤੋਂ ਬੇਮੁੱਖ ਹੋਗੇ। ਮੈਂ ਥੋਨੂੰ "ਗੂਹ ਦੀਆਂ ਰੋੜੀਆਂ ਚੁਗਾਊਗੀ...। ਤਾਰੀ ਆਉਗਾ... ਏਸੇ ਘਰੋਂ ਘੋੜੀ ਚੜੂਗਾ...ਜੀਹਨੇ ਜੋਰ ਲਾਉਣਾ ਲਾ ਲਵੇ, ਜਿਹਨੇ ਢੋਲ ਬਜਾਉਣਾ ਬਜਾ ਲਵੇ।"

ਮਿੰਦਰ ਕੌਰ ਦੀ ਨਣਦ ਧੀਰ ਕੌਰ ਮਿਲਣ ਆਈ, ਉਹਤੋਂ ਭਰਜਾਈ ਦੀ ਹਾਲਤ ਦੇਖੀ ਨਾ ਗਈ। ਪੁੱਤ ਲਈ ਪਾਣੀ 'ਚੋਂ ਕੱਢੀ ਮੱਛੀ ਵਾਂਗ ਤੜਫ਼ ਰਹੀ ਸੀ। ਉਹ ਦਿਲਾਸੇ ਦੇਣ ਲੱਗੀ, "ਤਾਰੀ ਸਾਡਾ ਵੀ ਆ ਭਾਬੀ। ਭੂਆ ਨੂੰ ਭਤੀਜੇ ਜਾਨੋਂ ਪਿਆਰੇ ਹੁੰਦੇ ਨੇ। ਆਪਾਂ ਰੇਲ 'ਚ ਚੱਲਦੀਆਂ, ਤਾਰੀ ਨੂੰ ਲੈ ਆਵਾਂਗੇ। ਨਾਲੇ ਹਜ਼ੂਰ ਸਾਹਿਬ ਦਰਸ਼ਨ ਕਰ ਆਵਾਂਗੇ, ਕਹਿੰਦੇ ਨੇ ਗੁਰੂ ਜੀ ਉੱਥੇ ਆਪਣੇ ਸਿੰਘਾਂ ਨੂੰ ਉਡੀਕਦਾ।"

"ਚੱਲ ਇਹਦਾ ਭੁਲੇਖਾ ਕਢਾ ਲਿਆ।" ਜੰਗੀਰ ਸਿੰਘ ਨੇ ਭੈਣ ਤੇ ਪਤਨੀ ਅੱਗੇ ਹਥਿਆਰ ਸੁੱਟ ਦਿੱਤੇ।

ਤਾਰੀ ਜੁਆਨ ਕਾਹਦਾ ਹੋਇਆ, ਉਹਦਾ ਸੁਭਾਅ ਹੋਰ ਦਾ ਹੋਰ ਹੋ ਗਿਆ ਸੀ। ਉਹ ਕਈ-ਕਈ ਦਿਨ ਘਰ ਨਾ ਆਉਂਦਾ, ਮਿੰਦਰ ਕੌਰ ਤੜਫ਼ਦੀ ਰਹਿੰਦੀ, ਖਿਝਿਆ ਜੰਗੀਰ ਸਿੰਘ ਕਹਿੰਦਾ, "ਆ ਜੂ ਆਪੇ ਭੁੱਖਾ ਮਰਦਾ। ਲੋਕ ਉਹਦੇ ਲਈ ਮੰਨ ਪਕਾ ਕੇ ਨੀ ਬੈਠੇ।" ਤਾਰੀ ਮਾੜੀ ਜਿਹੀ ਗੱਲ ਤੇ ਮਾਂ-ਪਿਉ ਨਾਲ ਰੁੱਸ ਬਹਿੰਦਾ, ਮਿੰਦਰ ਕੌਰ ਖੇਤੋਂ ਆਏ ਜੰਗੀਰ ਸਿੰਘ ਨੂੰ ਮੂੰਹ 'ਚ ਹਵਾ ਭਰ ਕੇ ਫੁਲਾ ਕੇ ਇਸ਼ਾਰਾ ਕਰਦੀ, "ਮੂੰਹ ਫਲਾਈ ਫਿਰਦਾ ਰੋਟੀ ਨੀ ਖਾਧੀ।"

ਲੋਕ ਤਾਂ ਪਹਿਲਾਂ ਹੀ ਜਾਣਦੇ ਸੀ, ਘਰ ਉਹਦੇ ਬਾਰੇ ਉਦੋਂ ਪਤਾ ਲੱਗਿਆ, ਜਦੋਂ ਉਹਤੇ ਕਿਸੇ ਨੇ ਹਮਲਾ ਕਰ ਦਿੱਤਾ। ਕਈ ਜਣੇ ਸਨ, ਕਿਰਪਾਨਾ, ਗੰਡਾਸੇ ਲੈ ਕੇ ਉਹਦੇ ਮਗਰ ਪੈ ਗਏ ਮਸੀਂ ਉਹਨੇ ਭੱਜ ਕੇ ਜਾਨ ਬਚਾਈ। ਪਤਾ ਨਹੀਂ ਲੱਗਿਆ ਜੀਹਨੇ ਹਮਲਾ ਕੀਤਾ, ਕੌਣ ਸਨ, ਕਿਉਂ ਕੀਤਾ? ਕਿੰਨੀਆਂ ਹੀ ਗੱਲਾਂ ਨਿੱਕਲ ਆਈਆਂ, ਜਿਹੜੀ ਕੁੜੀ ਦੇ ਚੱਕਰ 'ਚ ਫਿਰਦਾ ਸੀ, ਸ਼ਾਇਦ ਉਹਦੇ ਭਾਈ ਹੋਣ। ਨਸ਼ੇ ਦੇ ਚੱਕਰ 'ਚ ਪੈ ਗਿਆ। ਸ਼ਾਇਦ ਨਸ਼ਾ ਵੇਚਣ ਵਾਲੇ ਹੋਣ। ਨਸ਼ਾ ਵੇਚਣ ਦੇ ਚੱਕਰ 'ਚ ਦੋ ਵਾਰ ਪੁਲਿਸ ਫੜ ਕੇ ਲੈ ਗਈ। ਦਰਸ਼ਨ ਸੰਧੂ ਥਾਣੇਦਾਰ ਸੀ ਜਿਹਨੂੰ ਜਲਾਦ ਕਹਿੰਦੇ ਉਹਨੂੰ ਚੱਕ ਕੇ ਲੈ ਗਿਆ ਕਹਿੰਦਾ, 'ਖਾੜਕੂਆਂ ਨਾਲ ਸੰਬੰਧ ਨੇ।'



ਲੋਕਾਂ ਨੇ ਜੰਗੀਰ ਸਿੰਘ ਨੂੰ ਡਰਾ ਦਿੱਤਾ ਦਰਸ਼ਨ ਸੰਧੂ ਜਲਾਦ ਆ, ਜੀਹਦੇ ਮਗਰ ਪੈਂਦਾ ਉਹਦੀ ਜਾਨ ਲਏ ਬਿਨ੍ਹਾਂ ਨੀਂ ਛੱਡਦਾ। ਪੈਸੇ ਦੇ ਕੇ ਛੁਡਵਾਇਆ ਸੀ।

ਤਾਰੀ ਨੂੰ ਨਸ਼ਾ ਛਡਾਉ ਕੇਂਦਰ 'ਚ ਦਾਖ਼ਲ ਕਰਵਾ ਦਿੱਤਾ। ਜਦ ਠੀਕ ਹੋ ਕੇ ਆਇਆ ਕਾਰ ਲੈ ਦਿੱਤੀ। ਮਨ ਕਿਸੇ ਚੰਗੇ ਪਾਸੇ ਲੱਗੇ। ਉਹ ਕਿਰਾਇਆ ਲਾਉਣ ਲੱਗਿਆ। ਟੈਕਸੀ ਸਟੈਂਡ ਤੇ ਕਾਰ ਖੜਾ ਲੈਂਦਾ। ਸਵਾਰੀ ਮਿਲ ਜਾਂਦੀ। ਕੰਮ ਰੁੜ ਪਿਆ। ਜੇ ਘਰੇ ਪੈਸੇ ਨਾ ਦਿੰਦਾ ਤਾਂ ਮੰਗਦਾ ਵੀ ਨਾ।

ਆਲ਼ੇ-ਦੁਆਲ਼ੇ ਇਲਾਕੇ 'ਚ ਕੋਈ ਵਾਰਦਾਤ ਹੋ ਜਾਂਦੀ, ਜਲਾਦ ਸੰਧੂ ਉਹਨੂੰ ਚੱਕ ਲੈ ਜਾਂਦਾ। ਹਰ ਵਾਰ ਵੱਧ ਕੀਮਤ ਮੰਗਦਾ ਛੱਡਣ ਦੀ।

ਓਦਣ ਤਾਰੀ ਨੂੰ ਗਰੇਵਾਲਾਂ ਦਾ ਗੋਗੀ ਹਾਕ ਮਾਰ ਕੇ ਲੈ ਗਿਆ। ਉਹਦੀ ਮਾਂ ਬਿਮਾਰ ਸੀ। ਹਸਪਤਾਲ ਲੈ ਕੇ ਜਾਣਾ ਸੀ।

"ਬੀਬੀ ਮੈਂ ਜਾ ਕੇ ਆਇਆ।" ਕਹਿ ਕੇ ਤਾਰੀ ਉਂਗਲ 'ਚ ਕਾਰ ਦੀ ਚਾਬੀ ਘੁਮਾਉਂਦਾ ਬਾਹਰ ਨਿੱਕਲ ਗਿਆ।

ਅੱਧੀ ਰਾਤ ਹੋ ਗਈ ਤਾਰੀ ਨਾ ਮੁੜਿਆ। ਉਹਦੇ ਮੋਬਾਇਲ 'ਤੇ ਨੰਬਰ ਮਿਲਾਇਆ ਸੁੱਚ ਔਫ਼ ਆਵੇ। ਗਰੇਵਾਲਾਂ ਦੇ ਗੋਗੀ ਨੂੰ ਪੁੱਛਿਆ, ਉਹ ਕਹਿੰਦਾ "ਤਾਰੀ ਤਾਂ ਸਵੇਰੇ ਈ, ਮੰਮੀ ਨੂੰ ਹਸਪਤਾਲ ਛੱਡ ਕੇ ਮੁੜ ਆਇਆ ਸੀ।"

ਠਾਣੇ ਰਪਟ ਲਿਖਾ ਦਿੱਤੀ।

ਹਫ਼ਤੇ ਬਾਅਦ ਦੋਰਾਹੇ ਨਹਿਰ ਕੋਲ਼ ਕਾਰ ਖੜ੍ਹੀ ਮਿਲੀ। ਕਾਰ ਵਿਚ ਸ਼ਰਾਬ ਅਤੇ ਕੋਕ ਦੀਆਂ ਖਾਲੀ ਬੋਤਲਾਂ, ਨਸ਼ੇ ਦੇ ਖਾਲੀ ਪੱਤੇ ਸੀ। ਖ਼ਬਰੈ ਕਿਸੇ ਨੇ ਉਹਦੇ ਕੋਕ ਜਾਂ ਸ਼ਰਾਬ 'ਚ ਨਸ਼ੇ ਦੇ ਕੈਪਸੂਲ ਮਿਲਾ ਕੇ ਨਹਿਰ 'ਚ ਰੋੜ ਦਿੱਤਾ ਹੋਵੇ।

ਪੁਲਿਸ ਨੇ ਗਰੇਵਾਲਾਂ ਦਾ ਗੋਗੀ, ਕੁੜੀ ਦੇ ਭਾਈ ਫੜ ਲਏ। ਪੁੱਛ-ਗਿਛ ਕਰਕੇ ਛੱਡ ਦਿੱਤੇ।

ਠਾਣੇਦਾਰ ਜੰਗੀਰ ਸਿੰਘ ਨੂੰ ਵੀ ਪੁੱਛ-ਗਿੱਛ ਲਈ ਠਾਣੇ ਲੈ ਗਿਆ। ਉਹ ਹੱਥ ਜੋੜ ਕੇ ਕਹਿੰਦਾ, "ਜੀ ਨਸ਼ਾ ਤਾਂ ਹੁਣ ਛੱਡ ਗਿਆ ਤੀ, ਪਰ ਕਹਿੰਦੇ ਨੇ ਨਾ ਪੁੱਤ ਦੀ ਨਾ ਧੀ ਦੀ ਸੁੰਹ ਖਾਈਏ ਜੀਅ ਦੀ, ਕਿਸੇ ਦੇ ਮਨ ਦਾ ਕੀ ਪਤਾ...।"

ਗੱਡੀ ਨਹਿਰ ਕੋਲ ਮਿਲੀ ਸੀ। ਗੁਰਥਲੀ ਦੇ ਪੁਲ ਤੇ ਬੰਦੇ ਬਿਠਾ ਦਿੱਤੇ। ਡਬੋਲੀਏ ਨਹਿਰਾਂ ਲੱਭਣ ਲੱਗੇ। ਦਸਵੇਂ ਦਿਨ ਫੁੱਲੀ ਹੋਈ ਲਾਸ਼ ਮਿਲੀ। ਜੰਗੀਰ ਸਿੰਘ ਨੇ ਕੱਪੜਿਆਂ ਤੋਂ ਸਿਆਣਿਆ ਸੀ। ਲਾਸ਼ 'ਚ ਗੋਲ਼ੀਆਂ ਦੇ ਨਿਸ਼ਾਨ ਸਨ। ਕੋਈ ਆਖਦਾ ਸੰਧੂ ਜਲਾਦ ਦਾ ਕੰਮ ਆ, ਜਿਹੜਾ ਪੈਸੇ ਨੀਂ ਦਿੰਦਾ, ਉਹਨੂੰ ਐਂ ਈ ਗੱਡੀ ਚਾੜ ਦਿੰਦਾ। ਕੋਈ ਕਹੇ ਕੁੜੀ ਦੇ ਭਾਈਆਂ ਦਾ ਕੰਮ ਆ। ਕੋਈ ਨਸ਼ੇ ਪੱਤੇ ਆਲ਼ਿਆਂ ਦਾ ਕਾਰਾ ਦਸਦਾ। ਗਰੇਵਾਲਾਂ ਦਾ ਗੋਗੀ ਇਹੀ ਕੰਮ ਕਰਦਾ ਸੀ।

ਲਾਸ਼ ਦੇਖ ਕੇ ਮਿੰਦਰ ਕੌਰ ਦਾ ਮਨ ਨਾ ਉਦੋਂ ਮੰਨਿਆ ਸੀ ਨਾ ਹੀ ਬਾਅਦ ਵਿਚ। ਉਹ ਕਹੀ ਜਾਵੇ, "ਇਹ ਉਹ ਹੈ ਈ ਨੀਂ।"

ਮਿੰਦਰ ਕੌਰ ਨੂੰ ਅੱਚੋਤਾਈ ਲੱਗ ਗਈ। ਉਹ ਕਿਹੜੇ ਵੇਲ਼ੇ ਉਡ ਕੇ ਉਸ ਡੇਰੇ ਪਹੁੰਚ ਜਾਵੇ, ਜੀਹਦਾ ਅਡਰੈੱਸ ਕੇਸਰ ਘੋੜਾ ਦੇ ਕੇ ਗਿਆ ਸੀ। ਹਜ਼ੂਰ ਸਾਹਿਬ ਦੇ ਨੇੜੇ ਹੀ ਉਹ ਡੇਰਾ ਸੀ। ਮਹਾਂਰਾਸ਼ਟਰ ਭਾਰਤ ਵਿਚ ਹੀ ਸੀ, ਲੋਕ ਸੱਤ ਸਮੁੰਦਰ ਪਾਰ ਤੋਂ ਲੱਭ ਲਿਆਉਂਦੇ ਨੇ।

ਰੇਲ ਗੱਡੀ ਚੜ੍ਹ ਕੇ ਮਿੰਦਰ ਕੌਰ ਤੇ ਉਹਦੀ ਨਣਦ ਡੇਰੇ ਜਾ ਪਹੁੰਚੀਆਂ। ਯਾਤਰੀਆਂ ਲਈ ਬਣਾਈ ਸਰਾਂ 'ਚ ਕਮਰਾ ਲੈ ਲਿਆ। ਤਾਰੀ ਨੂੰ ਲੱਭਣ ਲੱਗੀਆਂ। ਉਥੇ ਕੰਮ ਕਰਦੇ ਕਈ ਸੇਵਕਾਂ ਤੋਂ ਪੁਛਿਆ, ਉਥੇ ਤਾਰੀ ਨਾਂ ਦਾ ਕੋਈ ਸੇਵਕ ਨਹੀਂ ਸੀ।

ਕੇਸਰ ਘੋੜੇ ਨੂੰ ਤਾਰੀ ਲੰਗਰ ਹਾਲ ਦੇ ਨੇੜੇ ਮਿਲਿਆ ਸੀ। ਜਦੋਂ ਉਹ ਲੰਗਰ ਹਾਲ 'ਚ ਪਰਛਾਦਾ

ਛਕ ਕੇ ਮੁੜਿਆ ਇਕ ਮਾੜਕੂ ਜਿਹਾ ਸੇਵਾਦਾਰ ਮਿਲਿਆ। ਉਹਦੀ ਚਾਲ ਅਤੇ ਆਵਾਜ਼ ਤੋਂ ਲੱਗਦਾ ਸੀ ਉਹ ਬਿਮਾਰ ਆ। ਉਹਨੇ ਮਿੰਦਰ ਕੌਰ ਦੀ ਗੱਲ ਤਾਂ ਧਿਆਨ ਨਾਲ ਸੁਣੀ, ਪਰ ਕੋਈ ਹੱਥ ਪੱਲਾ ਨਾ ਫੜਾਇਆ। ਫਿਰ ਮਿੰਦਰ ਕੌਰ ਦੇ ਹੰਝੂ ਦੇਖ ਕੇ ਪਿਘਲ ਗਿਆ। ਕਹਿੰਦਾ, "ਬੀਬੀ ਦਿਲ ਹੌਲਾ ਨਾ ਕਰ, ਵਾਹਿਗੁਰੂ ਨੇ ਚਾਹਿਆ ਤਾਂ ਮਿਲਜੂਗਾ। ਡੇਰੇ 'ਚ ਤਾਰੀ ਨਾਂ ਦਾ ਕੋਈ ਸੇਵਾਦਾਰ ਨਹੀਂ। ਅਵਤਾਰ ਸਿੰਘ ਨਾਂ ਦਾ ਇਕ ਮੁੰਡਾ ਰਹਿੰਦਾ, ਮੇਰੇ ਨਾਲ ਉਹਦਾ ਕਮਰਾ ਸਾਂਝਾ। ਉਹਨੇ ਮੇਰੇ ਨਾਲ ਕਦੇ ਪਿੰਡ ਬਾਰੇ ਕੋਈ ਗੱਲ ਸਾਂਝੀ ਨਹੀਂ ਕੀਤੀ। ਕਈ ਸਾਲਾਂ ਤੋਂ ਏਥੇ ਰਹਿੰਦਾ। ਇਹ ਡੇਰੇ ਦਾ ਨਿਯਮ ਆ। ਏਥੇ ਬੰਦਾ ਜਦੋਂ ਆਉਂਦਾ, ਮੋਹ ਮਾਇਆ ਤਿਆਗ ਕੇ ਆਉਂਦਾ। ਪਰਿਵਾਰ ਸਮਾਜ ਦੇ ਬੰਧਨ ਤੋੜ ਕੇ ਆਉਂਦਾ। ਏਥੇ ਆਉਣ ਦਾ ਰਸਤਾ ਈ ਆ, ਜਾਣ ਦਾ ਨੀਂ। ਜਿਹੜਾ ਨਿਯਮ ਤੋੜਦਾ ਉਹਨੂੰ ਸਜਾ ਮਿਲਦੀ ਆ।"

-"ਇਕ ਵਾਰ ਮਿਲਾ ਦੇ ਪੁੱਤ, ਮਾਂ ਅਸੀਸਾਂ ਦਊਗੀ। ਉਹਨੂੰ ਦੇਖਕੇ ਮੇਰੇ ਕਾਲਜੇ ਠੰਢ ਪੈ ਜੂ।"

-"ਬੀਬੀ ਉਹ ਡੇਰੇ ਦੀ ਗੱਡੀ ਚਲਾਉਂਦਾ। ਡੇਰੇ ਦੀ ਇਮਾਰਤ ਬਣ ਰਹੀ ਆ। ਰੇਤਾ ਲੈਣ ਗਿਆ। ਮੈਂ ਉਹਦੇ ਨਾਲ ਗੱਲ ਕਰਦਾਂ, ਥੋੜੀ ਵੀ ਕਰਵਾਦੂ।" ਮਾੜਕੂ ਜਹੇ ਸੇਵਾਦਾਰ ਗੁਰਜੰਟ ਨੇ ਕਿਹਾ।

-"ਪੁੱਤ ਅਸੀਂ ਵੱਡੇ ਸੰਤਾਂ ਨੂੰ ਮਿਲ ਕੇ ਝੋਲੀ ਅੱਡ ਲੈਨੇ ਆ। " ਧੀਰੋ ਨੇ ਕਿਹਾ।

-"ਉਹਨਾਂ ਨਹੀਂ ਮੰਨਣਾ ਮਾਤਾ।" ਗੁਰਜੰਟ ਨੇ ਜੁਆਬ ਦਿੱਤਾ।

-"ਕਿਉਂ ਪੁੱਤ, ਮਾਂ ਨੂੰ ਪੁੱਤ ਮਿਲਾਉਣਾ ਤਾਂ ਪੁੰਨ ਆ।" ਮਿੰਦਰ ਕੌਰ ਹੈਰਾਨ ਹੋਈ।

-"ਬਸ ਉਹਨਾਂ ਦੇ ਮਨ ਦੀ ਮੌਜ।"

"ਖੋਤੇ ਦੀ ਮੌਜ ਟੀਟਣੇ।" ਮਿੰਦਰ ਕੌਰ ਨੇ ਖਿੱਝ ਕੇ ਹੌਲ਼ੀ ਜਿਹੇ ਕਿਹਾ। ਗੁਰਜੰਟ ਨੇ ਸੁਣ ਲਿਆ।

ਅਵਤਾਰ ਸਿੰਘ ਰੇਤੇ ਦਾ ਭਰਿਆ ਟਰੱਕ ਲੈ ਕੇ ਆਇਆ। ਗੁਰਜੰਟ ਨੇ ਮਿੰਦਰ ਕੌਰ ਨੂੰ ਦੱਸ ਦਿੱਤਾ।

ਸੇਵਾਦਾਰ ਗੱਡੀ ਵਿੱਚੋਂ ਰੇਤਾ ਲਾਹੁਣ ਲੱਗੇ। ਮਿੰਦਰ ਕੌਰ ਤੇ ਧੀਰੋ ਖੜੀਆਂ ਦੇਖ ਰਹੀਆਂ ਸੀ। ਅਵਤਾਰ ਸਿੰਘ ਇਕ ਸੇਵਾਦਾਰ ਨਾਲ ਗੱਲੀਂ ਪਿਆ ਹੋਇਆ ਸੀ। ਧੀਰੋ ਨੂੰ ਓਪਰਾ ਬੰਦਾ ਲੱਗਿਆ। ਮਿੰਦਰ ਕੌਰ ਸੋਚ ਰਹੀ ਸੀ, ਹੈਰਾਨ ਹੋ ਰਹੀ ਸੀ, 'ਹੈਂਅ, ਉਹਨੂੰ ਭੋਰਾ ਵੀ ਪਤਾ ਨ੍ਹੀਂ ਲੱਗਿਆ, ਉਹਦੀਆਂ ਆਂਦਰਾਂ ਮੇਰੇ ਵਾਂਗ ਤੜਫ਼ੀਆਂ ਨਹੀਂ? ਬਈ ਉਹਦੀ ਮਾਂ ਕੋਲ਼ ਖੜੀ ਆ। ਉਹਦੇ ਦਿਲ ਨੂੰ ਕੁਛ ਨੀਂ ਹੋਇਆ? ਉਵੇਂ ਖਿੱਚ ਜਿਹੀ ਨੀਂ ਪਈ, ਜਿਵੇਂ ਮੇਰੇ ਦਿਲ ਨੂੰ ਪਈ ਆ।'

ਅਵਤਾਰ ਸਿੰਘ ਸੇਵਾਦਾਰਾਂ ਨਾਲ ਗੱਲਾਂ ਕਰਦਾ ਹੱਸਦਾ ਰਿਹਾ। ਗੱਡੀ ਦੀ ਚਾਬੀ ਦਾ ਛੱਲਾ ਉਂਗਲ 'ਚ ਪਾ ਕੇ ਉਹਨੂੰ ਘੁਮਾਉਂਦਾ। ਸੇਵਾਦਾਰਾਂ ਦੇ ਨਿਵਾਸ ਸਥਾਨ ਦੀਆਂ ਪੌੜੀਆਂ ਚੜ੍ਹਨ ਲੱਗਾ। ਪੌੜੀਆਂ ਚੜ੍ਹਦੇ ਨੇ ਇਕ ਵਾਰ ਗਰਦਨ ਘੁਮਾ ਕੇ ਦੇਖਿਆ। ਫਿਰ ਆਪਣੇ ਕਮਰੇ 'ਚ ਚਲਿਆ ਗਿਆ। ਉਹਨੇ ਪੱਗ ਬੰਨ੍ਹੀ ਹੋਈ ਸੀ। ਖੁੱਲ੍ਹੀ ਦਾਹੜੀ ਸੀ। ਉਹ ਹੋਰ ਦਾ ਹੋਰ ਹੀ ਹੋ ਗਿਆ ਸੀ। ਮਿੰਦਰ ਕੌਰ ਦੇ ਦਿਲ ਦੀ ਹਾਲਤ ਉਹ ਜਾਣਦੀ ਸੀ। ਉਹਦਾ ਦਿਲ ਗਵਾਹੀ ਭਰਦਾ 'ਉਹੀ ਆ।'

ਧੀਰੋ ਬਹੁਤ ਧਿਆਨ ਨਾਲ ਦੇਖ ਰਹੀ ਸੀ ਕਹਿਣ ਲੱਗੀ, 'ਭਾਬੀ ਮੈਨੂੰ ਨੀਂ ਲੱਗਦਾ ਇਹ ਤਾਰੀ ਆ, ਜੇ ਉਹ ਹੁੰਦਾ ਭੂਆ-ਭੂਆ ਕਰਦੇ ਨੇ ਜੱਫ਼ੀ ਪਾ ਲੈਣੀ ਸੀ। ਇਹ ਤਾਂ ਆਪਾਂ ਨੂੰ ਦੇਖ ਕੇ ਓਪਰਿਆਂ ਵਾਂਗੂ ਲੰਘ ਗਿਆ।"

ਮਿੰਦਰ ਕੌਰ ਬੋਲੀ, "ਉਹੀ ਆ।"

-"ਮੇਰੇ ਤਾਂ ਸਿਆਣ ਨੀਂ ਆਇਆ।"

-"ਤੈਨੂੰ ਪਤਾ ਜਦ ਉਹ ਗੱਲਾਂ ਕਰਦਾ ਤਾਂ ਹਸਕੇ ਬੋਲਣ ਦੀ ਆਦਤ ਆ। ਚਾਹੇ ਹਾਸੇ ਆਲੀ ਗੱਲ ਨਾ ਵੀ ਹੋਵੇ।"

-"ਆਹੋ।"

-"ਜਦੋਂ ਸੇਵਾਦਾਰ ਨਾਲ ਹੱਸ-ਹੱਸ ਗੱਲਾਂ ਕਰਦਾ ਸੀ, ਉਹਦੀਆਂ ਗੱਲਾਂ 'ਚ ਟੋਏ ਪੈਂਦੇ ਸੀ।"



ਧੀਰੋ, "ਅੱਛਾ।" ਕਹਿ ਕੇ ਚੁੱਪ ਕਰ ਗਈ। ਉਹਨੂੰ ਅਵਤਾਰ ਦੀ ਸੰਘਣੀ ਦਾਹੜੀ 'ਚ ਗੱਲਾਂ 'ਚ ਪੈਂਦੇ ਟੋਏ ਦਿਸੇ ਨਹੀਂ ਸਨ।

ਸੇਵਾਦਾਰ ਗੁਰਜੰਟ ਸਿੰਘ ਨੇ ਆ ਕੇ ਦੱਸਿਆ, "ਮੈਂ ਅਵਤਾਰ ਨਾਲ ਗੱਲਬਾਤ ਕੀਤੀ ਆ, ਉਹ ਕਹਿੰਦਾ, "ਮੈਂ ਨਹੀਂ ਉਹਨਾਂ ਨੂੰ ਜਾਣਦਾ।"

ਮਿੰਦਰ ਕੌਰ ਤੇ ਜਿਵੇਂ ਪਹਾੜ ਹੀ ਟੁਟ ਪਿਆ, "ਪੁੱਤ ਇਕ ਵਾਰ ਮਿਲਾ ਦੇ, ਅੱਗੇ ਸਾਡੇ ਭਾਗ।" ਉਹਦੇ ਅੱਥਰੂ ਵਗ ਤੁਰੇ।

"ਥੋੜੇ ਚਿਰ ਤੱਕ ਉਹਨੇ ਲੰਗਰ ਵੱਲ ਆਉਣੈ, ਤੁਸੀਂ ਮਿਲ ਲਿਉ।" ਕਹਿ ਕੇ ਗੁਰਜੰਟ ਚਲਿਆ ਗਿਆ।

ਲੰਗਰ ਹਾਲ 'ਚ ਅਵਤਾਰ ਦੇ ਸਾਹਮਣੇ ਮਿੰਦਰ ਕੌਰ ਤੇ ਧੀਰੋ ਜਾ ਬੈਠੀਆਂ। ਅਵਤਾਰ ਉਹਨਾਂ ਵੱਲ ਦੇਖ-ਦੇਖ ਮੁਸਕਰਾਈ ਜਾਵੇ। ਮਿੰਦਰ ਕੌਰ ਉਹਨੂੰ ਪਰਛਾਦਾ ਛਕਦੇ ਨੂੰ ਦੇਖੀ ਜਾਵੇ। ਉਹਦੀ ਆਪਣੀ ਰੋਟੀ ਹੱਥ 'ਚ ਸੁੱਕ ਗਈ। ਉਹਨੇ ਬੁਰਕੀ ਤੋੜ ਕੇ ਮੂੰਹ 'ਚ ਨਾ ਪਾਈ।

ਜਦੋਂ ਉਹ ਜਾਣ ਲੱਗਿਆ। ਮਿੰਦਰ ਕੌਰ ਉਹਦੇ ਮੂਹਰੇ ਜਾ ਖੜ੍ਹੀ, "ਪੁੱਤ ਤੇਰੇ ਨਾਲ ਇਕ ਗੱਲ ਕਰਨੀ ਆ।" ਉਹਦਾ ਰੋਣ ਨਿੱਕਲ ਗਿਆ।

"ਮਾਤਾ ਆਜੋ ਸਾਹਮਣੇ ਪਾਰਕ 'ਚ ਬੈਠਦੇ ਆ।" ਉਹ ਅੱਗੇ-ਅੱਗੇ ਤੁਰ ਪਿਆ।

ਪਾਰਕ 'ਚ ਜਾ ਕੇ ਮਿੰਦਰ ਕੌਰ ਨੇ ਉਹਦਾ ਮੋਢਾ ਪਲੋਸਿਆ। ਉਹਦੇ ਕੋਲ ਬੈਠ ਗਈ। ਉਹ ਤਾਂ ਚਾਹੁੰਦੀ ਸੀ ਸੀਨੇ ਨਾਲ ਲਾ ਕੇ ਤਪਦਾ ਸੀਨਾ ਠਾਰ ਲਵੇ।

-"ਪੁੱਤ ਪਿੱਛੇ ਜੋ ਹੋਇਆ ਭੁੱਲ ਜਾ। ਚੱਲ ਸਾਡੇ ਨਾਲ ਅਸੀਂ ਤੈਨੂੰ ਲੈਣ ਆਏ ਆ। ਪੁੱਤ ਤੇਰੇ ਬਿਨਾ ਘਰ ਉਜਾੜ ਹੋਇਆ ਪਿਆ।" ਉਹਦਾ ਮਨ ਛਲਕ ਗਿਆ।

"ਮਾਤਾ ਮੈਨੂੰ ਗੁਰਜੰਟ ਨੇ ਸਾਰਾ ਕੁੱਝ ਦੱਸਿਆ। ਥੋਨੂੰ ਭੁਲੇਖਾ ਲੱਗਿਆ। ਮੈਂ ਥੋਡਾ ਨੀਂ। ਮਾਤਾ ਚੁੱਪ ਕਰਕੇ ਪਿੰਡ ਮੁੜਜੋ। ਏਥੇ ਡੇਰੇ 'ਚ ਰਹਿਣਾ ਸੁੱਖ-ਹੱਥਾ ਨੀਂ। ਸੌ ਦੀ ਇਕ ਸੁਣਲੋ, ਮੈਂ ਥੋਡਾ ਨੀਂ...।"

"ਪੁੱਤ ਐਂ ਨਾ ਕਰ, ਅਸੀਂ ਤੇਰੇ ਬਿਨਾਂ ਮਰੇ ਪਏ ਆ। ਐਂ ਕਿਉਂ ਕਰਦੈ? ਤੇਰੀ ਕੀ ਮਜ਼ਬੂਰੀ ਆ... ਤੇਰੇ ਬਿਨਾ ਸਾਡਾ ਹੈ ਕੌਣ ... ਸੱਚ ਕਹਿੰਨੀ ਆ।"

"ਸੱਚਾ ਨਾਉ ਸਾਈ ਦਾ...।" ਅਸਮਾਨ ਵੱਲ ਹੱਥ ਕਰਦਾ ਅਵਤਾਰ ਬੋਲਿਆ।

"ਪੁੱਤ ਤੇਰੀ ਮਾਂ ਦਿਨ ਰਾਤ, ਕੋਇਲ ਵਾਂਗੂ ਤਾਰੀ, ਤਾਰੀ ਕੂਕਦੀ ਰਹਿੰਦੀ ਆ।" ਧੀਰੋ ਨੇ ਕਿਹਾ।

-"ਮਾਤਾ ਮੈਂ ਅਵਤਾਰ ਸਿੰਘ ਆ ਤਾਰੀ ਨੀਂ।"

-"ਪੁੱਤ ਤੇਰੇ ਬਿਨਾਂ ਅਸੀਂ ਬਾਅਲੇ ਦੁਖੀ ਆ।"

-"ਸਗਲ ਸ੍ਰਿਸਟੀ ਦਾ ਰਾਜਾ ਦੁਖੀਆ। ਅੱਛਾ ਕੀ ਸਬੂਤ ਆ ਮੈਂ ਤਾਰੀ ਆਂ?"

"ਸਬੂਤ... ਹੋਰ ਸਬੂਤ ਕੀ ਦੇਣਾ, ਤੈਨੂੰ ਦੇਖ ਕੇ ਮੇਰੇ ਅੰਦਰ ਧੂਹ ਜਿਹੀ ਪੈਂਦੀ ਆ।" ਮਿੰਦਰ ਕੌਰ ਦੀਆਂ ਅੱਖਾਂ 'ਚ ਗੰਗਾ ਜਮਨਾਂ ਵਗ ਰਹੀਆਂ ਸੀ।

"ਪੁੱਤ ਇਹਦੇ ਵੱਲ ਦੇਖ ਇਹਨੇ ਰੋ-ਰੋ ਕੇ ਨਿਗਾਹ ਗਵਾ ਲਈ।" ਧੀਰੋ ਨੇ ਤਰਲੇ ਵਾਂਗ ਕਿਹਾ।

"ਤਾਂਹੀਓ ਤਾਂ ਮੈਂ ਕਹਿੰਨਾ, ਜੇ ਅੱਖਾਂ ਹੁੰਦੀਆਂ, ਗੈਰ ਬੰਦੇ ਨੂੰ ਪੁੱਤ-ਪੁੱਤ ਨਾ ਕਰਦੇ। ਥੋਡੀ ਤਾਂ ਉਹ ਗੱਲ ਆ, ਤੂੰ ਕੌਣ? ਅਖੇ ਮੈਂ ਖਾਮਖਾਹ। ਖਾਮਖਾਹ ਗਲ਼ ਪਈ ਜਾਨੇ ਓ। ਮੈਂ ਡੇਰੇ 'ਚ ਅਣਤੋਲੀ ਧਰਤੀ 'ਤੇ ਬੈਠਾ, ਸੱਚ ਕਹਿੰਨਾ ਮੈਂ ਥੋਡਾ ਨੀਂ।" ਉਹ ਉੱਠ ਕੇ ਚਲਾ ਗਿਆ।

"ਵੇ ਪੁੱਤ ਗੱਲ...ਗੱਲ...ਤਾਂ...ਸੁਣ।" ਮਿੰਦਰ ਕੌਰ ਮਗਰ ਵੀ ਗਈ, ਪਰ ਉਹਨੇ ਮੁੜਕੇ ਨਾ ਦੇਖਿਆ।

ਧੀਰੋ ਦਿਲਾਸਾ ਦੇਣ ਲੱਗੀ, "ਭਾਬੀ ਤਾਰੀ ਏਨਾ ਨਿਰਮੋਹਾ ਤਾਂ ਹੈਨੀ। ਜੇ ਉਹ ਹੁੰਦਾ, ਭੂਆ,

ਭੂਆ ਕਹਿੰਦੇ ਦੀ ਜੁਬਾਨ ਨਾ ਥੱਕਦੀ। ਤੈਨੂੰ ਦੇਖਦਿਆਂ ਜੱਫ਼ੀ ਪਾ ਲੈਂਦਾ। ਜੇ ਇਹ ਆਪਣਾ ਤਾਰੀ ਹੁੰਦਾ ਤਾਂ ਵੀ ਇਹਨੂੰ ਇਥੋਂ ਲਿਜਾਣਾ ਸ਼ੇਰ ਦੀ ਗੁਫ਼ਾ ਚੋਂ ਮਾਸ ਲਿਜਾਣਾ।" ਉਹ ਹਿੰਮਤ ਹਾਰ ਗਈ।

"ਇਹ ਉਹੀ ਆ। ਮੇਰੀਆਂ ਆਂਦਰਾ ਕਹਿੰਦੀਆਂ ਨੇ। ਮੈਂ ਲੈ ਕੇ ਜਾਊਗੀ।" ਮਿੰਦਰ ਕੌਰ ਨੇ ਅੱਖਾਂ ਸਾਫ਼ ਕਰਦਿਆਂ ਕਿਹਾ।

ਉਹ ਵੱਡੇ ਸੰਤਾਂ ਨੂੰ ਭੋਰਾ ਸਾਹਿਬ ਵਿਚ ਮਿਲਣ ਚਲੀਆਂ ਗਈਆਂ। ਮਿਨਤਾਂ ਤਰਲੇ ਕਰਨ ਤੇ ਸੇਵਾਦਾਰਾਂ ਨੇ ਮਿਲਾ ਦਿੱਤਾ। ਮਿੰਦਰ ਕੌਰ ਨੇ ਸਾਰੀ ਵਿਥਿਆ ਸੁਣਾ ਕੇ ਕਿਹਾ, "ਬਾਬਾ ਜੀ ਤੁਸੀਂ ਦੁਨੀਆਂ ਦੀਆਂ ਝੋਲੀਆਂ ਖ਼ੈਰ ਨਾਲ ਭਰਦੇ ਓ। ਮੇਰਾ ਤੱਤੜੀ ਦਾ ਪੁੱਤ ਥੋਡੇ ਡੇਰੇ ਆ। ਦੁਖਿਆਰੀ ਦੀ ਝੋਲੀ ਖ਼ੈਰ ਪਾ ਦਿਓ। ਉਹਨੂੰ ਸਾਡੇ ਨਾਲ ਤੋਰਦੋ। ਉਹਦੇ ਬਿਨਾਂ ਮੇਰਾ ਜੱਗ ਤੇ ਕੋਈ ਨੀ।"

-"ਬੀਬੀ ਮੈਂ ਦੁਨਿਆਵੀ ਰਿਸ਼ਤਿਆਂ ਨੂੰ ਨੀਂ ਮੰਨਦਾ। ਸਾਰੇ ਉਸ ਨਿਰੰਕਾਰ ਦੇ ਬੱਚੇ ਨੇ। ਤੁਸੀਂ ਡੇਰੇ ਆ ਜਾਵੋ ਥੋਡੇ ਲਈ ਵੀ ਦਰ ਖੁੱਲ੍ਹੇ ਨੇ।"

-"ਬਾਬਾ ਜੀ ਮੇਰੇ...।" ਮਿੰਦਰ ਕੌਰ ਨੇ ਸਿਰ ਦੀ ਚੁੰਨੀ ਦਾ ਪੱਲਾ ਖ਼ੈਰ ਮੰਗਣ ਵਾਂਗ, ਬਾਬੇ ਅੱਗੇ ਫੈਲਾ ਦਿੱਤਾ।

"ਮੋਹ ਮਾਇਆ ਤਿਆਗੋ। ਬੀਬੀ ਇਹ ਦੁਨੀਆ 'ਤੇ ਕੋਈ ਕਿਸੇ ਦਾ ਨੀਂ। ਅਸੀਂ ਆਪਣੀ ਮਾਂ ਨੂੰ ਡੇਰੇ ਆਉਣ ਤੋਂ ਮਨਾ ਕੀਤਾ ਹੋਇਆ। ਉਹਨੂੰ ਕਿਹਾ ਇਥੇ ਮਾਂ ਬਣ ਕੇ ਨਾ ਆਈਂ। ਸੰਗਤ ਬਣਕੇ ਜੀਅ ਸਦਕੇ ਆ।" ਸੰਤ ਉੱਠ ਕੇ ਤੁਰਗੇ।

ਸੇਵਾਦਾਰ ਅਤੇ ਧੀਰੋ ਨੇ ਮਸੀਂ ਸਹਾਰਾ ਦੇ ਕੇ ਭੋਰੇ ਚੋਂ ਬਾਹਰ ਕੱਢਿਆ। ਬਾਹਰ ਨਿਕਲ ਕੇ ਉਸ ਵਿਚ 'ਮਾਤਾ' ਆਗੀ ਕਿੰਨਾ ਹੀ ਚਿਰ ਸਿਰ ਘਮਾਉਂਦੀ ਰਹੀ, ਆਪਾ ਤੋੜਦੀ ਰਹੀ।

ਕਈ ਦਿਨ ਉਥੇ ਰਹਿ ਕੇ ਤਰਲੇ ਮਿੰਨਤਾ ਕਰਦੀ ਰਹੀ।

"ਸਭ ਲੈਣੇ ਦੇਣੇ ਦੇ ਸਰਬੰਧ ਨੇ।" ਧੀਰੋ ਦਿਲਾਸੇ ਦਿੰਦੀ ਰਹੀ।

ਉਥੋਂ ਜਾਣ ਤੋਂ ਪਹਿਲਾਂ ਮਿੰਦਰ ਕੌਰ ਅਵਤਾਰ ਨੂੰ ਰੱਜ ਕੇ ਦੇਖਣਾ ਚਾਹੁੰਦੀ ਸੀ। ਉਹ ਪਤਾ ਨੀਂ ਕਿਥੇ ਅਲੋਪ ਹੋ ਗਿਆ। ਰੇਤੇ ਵਾਲਾ ਟਰੱਕ ਵੀ ਕੋਈ ਹੋਰ ਸੇਵਾਦਾਰ ਚਲਾਉਂਦਾ।

ਸੇਵਾਦਾਰ ਗੁਰਜੰਟ ਨੂੰ ਮਿਲ ਕੇ ਮਿੰਦਰ ਕੌਰ ਬਹੁਤ ਚਿਰ ਤਾਰੀ ਦੀਆਂ ਗੱਲਾਂ ਕਰਦੀ ਰਹੀ। ਹਾਰ ਕੇ ਦੋਵੇਂ ਨਣਦ-ਭਰਜਾਈ ਪਿੰਡ ਮੁੜ ਆਈਆਂ।

-"ਤੈਨੂੰ ਕਿਹਾ ਸੀ, ਨਾ ਪੈਸੇ ਪੱਟਦੀ ਫਿਰ। ਜੇ ਆਪਣਾ ਹੁੰਦਾ, ਰੱਬ ਕਿਉਂ ਲਿਜਾਂਦਾ।" ਜੰਗੀਰ ਸਿੰਘ ਨੇ ਕਿਹਾ।

-"ਇਹੋ ਜਿਹੀ ਭਾਖਿਆ ਨਾ ਕੱਢੋ। ਚੱਲ ਉਹ ਜਾਣੇ, ਜੇ ਉਹ ਨਹੀਂ ਆਇਆ। ਏਨੇ ਸਾਲਾਂ ਬਾਅਦ ਉਹਦਾ ਮੂੰਹ ਈ ਦੇਖ ਲਿਆ। ਵਾਹਿਗੁਰੂ ਦਾ ਸ਼ੁਕਰ ਆ, ਉਹ ਜਿਉਂਦਾ ਜਾਗਦਾ। ਜਿੱਥੇ ਮਰਜ਼ੀ ਰਹੇ।" ਮਿੰਦਰ ਕੌਰ ਦੀਆਂ ਅੱਖਾਂ ਵਗ ਤੁਰੀਆਂ।

ਜੰਗੀਰ ਸਿੰਘ ਨੂੰ ਫ਼ਿਕਰ ਪੈ ਗਿਆ, ਹੁਣ ਇਹਦੇ 'ਚ 'ਮਾਤਾ' ਆਉਗੀ, ਸਿਰ ਘੁਮਾਉਣ ਲੱਗੂ, ਆਪਾ ਤੋੜੂਗੀ। ਫਿਰ ਸਾਰਾ ਦਿਨ ਮਰਿਆ ਵਾਂਗ ਮੰਜੇ 'ਤੇ ਪਈ ਰਹੂ।

"ਉਥੇ ਤਾਰੀ ਦਾ ਇਕ ਆੜੀ ਆ। ਆੜੀ ਵੀ ਪੱਗ ਵੱਟ ਭਰਾ ਈ ਆ। ਮੈਂ ਉਹਦੇ ਕੋਲ਼ੋਂ, ਬਚਨ ਲੈ ਕੇ ਆਈ ਆ। ਜਿਵੇਂ ਕਿਵੇਂ ਤਾਰੀ ਦਾ ਵਿਆਹ ਕਰ ਦੇਵੇ। ਜੇ ਇਹ ਨਿਰਮੋਹਾ ਨਹੀਂ ਆਉਂਦਾ, ਨਾ ਆਵੇ.. ਅਸੀਂ ਆਪਣਾ ਪੋਤਾ ਲੈ ਆਵਾਂਗੇ।" ਉਹ ਉੱਠ ਕੇ ਕੰਮ ਲੱਗ ਗਈ।

ਚੁੱਲ੍ਹੇ ਅੱਗੇ ਸੁਆਹ ਵਿਛਾਅ ਕੇ ਅਣਗਿਣਤ ਲਕੀਰਾਂ ਖਿੱਚੀਆਂ, ਔਸੀਆਂ ਪਾਉਣ ਲੱਗੀ, ਆਖਿਰ 'ਚ ਇੱਕ ਲਕੀਰ ਬੱਚ ਗਈ, ਉਹ ਖੁਸ਼ ਹੋ ਕੇ ਚੀਕੀ, "ਆਊਗਾ...ਆਊਗਾ, ਮੇਰਾ ਪੋਤਾ ਜ਼ਰੂਰ ਆਊਗਾ।" (**ਸੰਪਰਕ-**94633-52107, 83608-82627)





## ਕਹਾਣੀ / **ਅਉਖੀ ਘੜੀ** / - ਦੀਪਤੀ ਬਬੂਟਾ

ਆਈ. ਸੀ. ਯੂ. ਦੇ ਗੇਟ 'ਚ ਲੱਗੇ ਪਾਰਦਰਸ਼ੀ ਸ਼ੀਸ਼ੇ 'ਚੋਂ ਅੰਦਰ ਝਾਕਦੀ, ਮੈਂ ਚੰਗਾ ਸੁਨੇਹਾ ਉਡੀਕ ਰਹੀ ਹਾਂ। ਰਾਊਂਡ 'ਤੇ ਆਇਆ ਡਾਕਟਰ ਨਰਸ ਨਾਲ ਗੱਲਬਾਤ ਕਰ ਰਿਹਾ ਹੈ। ਕੋਲ ਖੜ੍ਹਾ ਅਵਿਨਾਸ਼ ਚੁੱਪਚਾਪ ਦੋਹਾਂ ਦੇ ਮੂੰਹ ਤੱਕ ਰਿਹਾ ਹੈ। ਮੈਂ ਚਿਹਰਿਆਂ ਦੇ ਹਾਵ-ਭਾਵ ਭਾਂਪਣ ਲੱਗੀ ਹਾਂ।

'ਸਭ ਠੀਕ।'

ਆਸ ਨਾਲ ਦਿਲ ਹੁਲਾਰੇ 'ਚ ਆਇਆ। ਅਗਲੇ ਪਲ਼ ਕੁੱਲ ਸੰਸਾਰ ਲੁੱਟੇ ਜਾਣ ਦੇ ਖ਼ਿਆਲ ਨੇ ਸਿਰ ਨੂੰ ਭੁਆਟਣੀ ਲਿਆ ਦਿੱਤੀ। ਡਿੱਗਦੀ-ਢਹਿੰਦੀ, ਖ਼ੁਦ ਨੂੰ ਸੰਭਾਲ ਮੈਂ ਵੇਟਿੰਗ ਹਾਲ 'ਚ ਲੱਗੀਆਂ ਕੁਰਸੀਆਂ 'ਤੇ ਆ ਬੈਠੀ ਹਾਂ।

ਤਿੰਨ ਦਿਨ ਬਾਦ ਫਿਰ ਅਪਰੇਸ਼ਨ ਹੋਣੈਂ। ਇੰਨਾ ਪੈਸਾ! ਕਿੱਥੋਂ ਤੇ ਕਿਵੇਂ ਆਵੇਗਾ? ਪੈਸੇ ਦੀ ਕੀਮਤ ਪਤਾ ਲੱਗਦੀ ਏ, ਜਦੋਂ ਕੋਈ ਆਪਣਾ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੋਵੇ ਤੇ ਪਤਲੂਨ ਨੂੰ ਜੇਬ ਨਾ ਹੋਵੇ। ਰੋਟੀ ਰੁੱਖੀ-ਮਿੱਸੀ ਖਾ ਕੇ ਗੁਜ਼ਾਰਾ ਹੋ ਸਕਦੈ, ਪਰ ਇਲਾਜ ! ਇਲਾਜ ਡਾਕਟਰਾਂ ਦੇ ਭਾਅ ਦਾ ਹੀ ਕਰਵਾਉਣਾ ਪੈਂਦੈ। ਮੌਤ ਆਪਣੀ ਹੋਵੇ, ਬੰਦਾ ਇਲਾਜ ਖੁਣੋਂ ਮਰਨਾ ਸਵੀਕਾਰ ਵੀ ਲਵੇ, ਪਰ ਜਿਗਰ ਦੇ ਟੁੱਕੜੇ ਨੂੰ ਆਉਂਦੇ-ਜਾਂਦੇ ਸਾਹ ਨਾਲ ਲੜਦਾ ਕਿੰਝ ਜਰੇ? ਪੈਸਾ ਜ਼ਿੰਦਗੀ 'ਤੇ ਭਾਰੂ ਹੋ ਗਿਆ। ਸੋਚਾਂ ਦਾ ਪੀਹਣ ਛੱਟਦਾ ਦਿਮਾਗ ਬੰਦਿਆਂ 'ਚੋਂ ਇਨਸਾਨੀਅਤ ਭਾਲਣ ਦੀ ਉਲਝਣ 'ਚ ਪੈ ਗਿਆ। ਕਿੰਨੀ ਬੇਵਿਸਾਹੀ ਹੋ ਗਈ ਦੁਨੀਆ। ਇਲਾਜ ਦਾ ਮੁੱਲ ਪਹਿਲਾਂ ਤਾਰੋ, ਨਹੀਂ ਮਰਦੈ ਤਾਂ ਮਰੇ ਬੰਦਾ। ਕਿਸੇ ਨੂੰ ਕੀ? ਡਾਕਟਰਾਂ ਦਾ ਘਰ ਪੂਰਾ ਹੋਣਾ ਚਾਹੀਦੈ, ਤੁਹਾਡਾ ਭਾਵੇਂ ਮਰਨ ਹੋ'ਜੇ।

ਮੇਰਾ ਅੰਦਰ ਤੜਪਿਆ, "ਕੋਈ ਖਰੀਦ ਲਵੇ ਮੈਨੂੰ। ਹਾਏ! ਮੈਂ ਪੋਟਾ-ਪੋਟਾ ਵਿਕ ਜਾਵਾਂ। ਬਸ, ਮੇਰਾ

ਲਾਲ ਮੇਰੀ ਝੋਲੀ ਪਾ ਦੇਵੇ।"

ਤੜਫਨੀ ਉੱਠੀ ਤੇ ਭੱਜ ਕੇ ਅੱਖਾਂ ਫਿਰ ਸ਼ੀਸ਼ੇ ਨਾਲ ਜਾ ਲਾਈਆਂ।

ਅਵਿਨਾਸ਼ ਡਾਕਟਰ ਨਾਲ ਗੱਲ ਕਰ ਰਿਹਾ ਹੈ। ਜ਼ਾਹਿਰ ਹੈ, ਅਵੀ ਦੀ ਹਾਲਤ 'ਚ ਸੁਧਾਰ ਬਾਰੇ ਪੁੱਛ ਰਿਹਾ ਹੋਵੇਗਾ। ਮੈਂ ਅਵੀ ਵੱਲ ਵੇਖਣ ਲੱਗੀ ਹਾਂ। ਕੋਈ ਹਿਲ-ਜੁਲ ਨਹੀਂ। ਜਿਉਂ ਦਾ ਤਿਉਂ ਬੇਸੁੱਧ ਪਿਐ। ਵੈਂਟੀਲੇਟਰ ਚੱਲ ਰਿਹਾ ਹੈ।

ਪੁੱਤ ਦੀ ਜ਼ਿੰਦਗੀ ਲਈ ਅਰਦਾਸਾਂ ਕਰਦੀ, ਮੈਂ ਵਾਪਸ ਕੁਰਸੀ 'ਤੇ ਆ ਬੈਠੀ ਹਾਂ। ਮੇਰੇ ਸਾਹ ਵੀ ਅਵੀ ਤੇ ਖੰਭ ਵੀ ਅਵੀ। ਇਸੇ ਦਾ ਮੂੰਹ ਵੇਖਦੀ ਉੱਡੀ ਫਿਰਦੀ। ਪਤਾ ਨਹੀਂ ਕਿਸ ਦੀ ਨਜ਼ਰ ਲੱਗ'ਗੀ।

ਚੰਗਾ ਭਲਾ ਘਰੋਂ ਗਿਆ। ਬੁਖਾਰ ਤਾਂ ਦੂਰ, ਕਦੀ ਸਿਰ ਦਰਦ ਨਹੀਂ ਹੋਇਆ। ਬ੍ਰੇਨ ਟਿਊਮਰ ਜਿਹਾ ਚੰਦਰਾ ਰੋਗ ! ਪਤਾ ਨਹੀਂ ਕਿੱਥੋਂ ਅੰਦਰੇ-ਅੰਦਰ ਫੁੱਟ ਪਿਆ? ਐਸੀ ਬੀਮਾਰੀ ਚਿੰਬੜੀ, ਪਿੱਛਾ ਛੱਡਣ ਦਾ ਨਾਂ ਨਹੀਂ ਪਈ ਲੈਂਦੀ। 'ਮੰਮੀ ਮੰਮੀ' ਕਰਦਾ ਮੇਰੀ ਸੁਰਤ ਭੁਆਈ ਰੱਖਦਾ। ਕੰਨ ਤਰਸ ਗਏ ਮੇਰੇ ਮੰਮੀ ਸੁਣਨ ਲਈ। ਇੱਕ ਮੋਟਾ ਗਲੇਡੂ ਮੇਰੀ ਅੱਖ 'ਚੋਂ ਡਲ੍ਹਕ ਕੇ ਝੋਲੀ ਆ ਪਿਆ। ਬੇਚੈਨੀ ਵਿੱਚ ਅੱਖਾਂ ਫਿਰ ਸ਼ੀਸ਼ੇ ਨਾਲ ਜਾ ਜੋੜੀਆਂ। ਜਿਉਂ ਦਾ ਤਿਉਂ ਅਹਿੱਲ ਪਿਐ।

ਡਾਕਟਰਾਂ ਨੂੰ ਪੁੱਛੋ। ਆਖ ਛੱਡਦੇ ਨੇ, "ਟ੍ਰੀਟਮੈਂਟ ਚੱਲ ਰਿਹੈ। ਹੋਪ ਫਾਰ ਦਾ ਬੈਸਟ।"

ਕੀ 'ਹੋਪ ਫਾਰ ਦਾ ਬੈਸਟ?' ਦੋ ਮਹੀਨਿਆਂ 'ਚ ਸਿਰ ਦੇ ਤਿੰਨ ਅਪਰੇਸ਼ਨ ਹੋ ਗਏ। ਅਜੇ ਕਹਿੰਦੇ ਨੇ ਅਸਲ ਬੀਮਾਰੀ ਦਾ ਇਲਾਜ ਤੇ ਸ਼ੁਰੂ ਹੀ ਨਹੀਂ ਹੋਇਆ।

ਛੇ ਫੁੱਟ ਕੱਦ, ਘੰਟਿਆਂ ਬੱਧੀ ਐਕਸਰਸਾਈਜ਼ ਕਰਦਾ। ਸਿਰ 'ਤੇ ਇੱਕੋ ਭੂਤ ਸਵਾਰ,

"ਮਾਂ, ਆਹ ਸਾਲ ਹੋਰ। ਵੇਖੀਂ ਤੇਰੇ ਪੁੱਤ ਨੇ ਤੇਰੇ ਸਾਰੇ ਦੁੱਖ ਦੂਰ ਕਰ ਦੇਣੇ ਆ। ਪੁਲਿਸ ਅਫ਼ਸਰ ਬਣੂ ਤੇਰਾ ਪੁੱਤਰ।" ਸੰਧੂਰੀ ਰੰਗ। ਤਗੜਾ ਜਵਾਨ। ਕੌਣ ਮੰਨੇ ਮੇਰੇ ਪੁੱਤਰ ਨੂੰ ਕੋਈ ਬੀਮਾਰੀ ਵੀ ਹੋ ਸਕਦੀ ਏ?

ਰੋਜ਼ਾਨਾ ਵਾਂਗ ਤੜਕੇ ਮੂੰਹ-ਨ੍ਹੇਰੇ ਉੱਠਿਆ। ਸਟੇਡੀਅਮ ਗਿਆ। ਅੱਧਾ ਘੰਟਾ ਨਹੀਂ ਪਿਆ। ਫ਼ੋਨ ਆ ਗਿਆ, "ਆਂਟੀ ਅਵੀ ਨੂੰ ਹਸਪਤਾਲ ਲੈ ਕੇ ਜਾ ਰਹੇ ਹਾਂ। ਜਲਦੀ ਕਰੋ, ਸਿੱਧਾ ਹਸਪਤਾਲ ਪਹੁੰਚ ਜਾਉ। ਅੰਕਲ ਦਾ ਨੰਬਰ ਨਹੀਂ ਲੱਗ ਰਿਹਾ। ਪਲੀਜ਼ ਉਨ੍ਹਾਂ ਨੂੰ ਤੁਸੀਂ ਇਨਫਾਰਮ ਕਰ ਦੇਣਾ।" ਅਵੀ ਨਾਲ ਰੋਜ਼ਾਨਾ ਐਕਸਰਸਾਈਜ਼ ਕਰਨ ਜਾਂਦੇ ਪੁਨੀਤ ਦਾ ਫ਼ੋਨ ਸੀ।

"ਕੀ ਹੋਇਐ ?"

ਸ਼ਬਦ ਮੇਰੀ ਜ਼ੁਬਾਨ 'ਚ ਰਹਿ ਗਏ ਤੇ ਫ਼ੋਨ ਕੱਟ ਗਿਆ। ਮੈਂ ਜਿਵੇਂ ਬੈਠੀ ਸਾਂ, ਉਵੇਂ ਹਸਪਤਾਲ ਵੱਲ ਭੱਜ ਪਈ। ਨਾ ਚਾਹੁੰਦੇ ਵੀ ਅਵਿਨਾਸ਼ ਨੂੰ ਫ਼ੋਨ ਕਰਨ ਲੱਗੀ। ਫ਼ੋਨ ਲਗਾਵਾਂ, 'ਨਾਟ ਰੀਚੇਬਲ' ਆਈ ਜਾਵੇ। 'ਪਹੁੰਚ ਤੋਂ ਬਾਹਰ ਤਾਂ ਕਦੋਂ ਦਾ ਹੋ ਗਿਆ, ਫ਼ੋਨ ਤੇ ਫ਼ੋਨ ਵਾਲਾ ਵੀ। ਜੋ ਸਾਡਾ ਰਿਹਾ ਨਹੀਂ, ਉਸ 'ਤੇ ਜ਼ੋਰ ਕਾਹਦਾ?'

ਸੜਦੀ-ਕੁਲਝਦੀ ਮੈਂ ਹਸਪਤਾਲ ਪਹੁੰਚੀ। ਜਨਰਲ ਵਾਰਡ ਦੇ ਬੈੱਡ 'ਤੇ ਬੇਹੋਸ਼ ਪਿਆ ਮੇਰਾ ਅਵੀ। ਡਾਕਟਰ ਹੱਥ ਖੜ੍ਹੇ ਕਰ ਚੁੱਕੇ। ਮੈਂ ਪੁੱਛਾਂ, "ਹੋਇਆ ਕੀ ਏ?"

ਪੁਨੀਤ ਆਖੇ, "ਸਾਨੂੰ ਤਾਂ ਲੱਗਿਆ ਟਰੈਕ 'ਤੇ ਦੌੜਦਿਆਂ ਠੁੱਡਾ ਲੱਗ ਕੇ ਡਿੱਗ ਪਿਐ। ਉਹ ਤਾਂ ਇੱਕ ਅੰਕਲ ਨੇ ਦੱਸਿਆ ਕਿ ਭੱਜਦੇ ਨੂੰ ਚੱਕਰ ਆਇਐ। ਉਹ ਸੰਭਾਲਣ ਲਈ ਭੱਜੇ ਵੀ, ਪਰ ਮਾੜੀ ਕਿਸਮਤ । ਅਵੀ ਸਿਰ ਭਾਰ ਧੜੰਮ ਦੇਣੀ ਜਾ ਪਿਆ। ਊਂਅ ਵੀ ਠੁੱਡਾ ਲੱਗਣ ਨਾਲ ਬੰਦਾ ਮੂੰਹ ਪਰਨੇ ਡਿੱਗਦੈ, ਸਿਰ ਦੇ ਭਾਰ ਨਹੀਂ। ਸੱਟ ਅੰਦਰੂਨੀ ਲੱਗੀ ਏ। ਡਾਕਟਰ ਕਹਿੰਦੈ, ਜੇ ਜ਼ਿਆਦਾ ਖ਼ੂਨ ਅੰਦਰ ਪੈ ਗਿਆ, ਮੁਸ਼ਕਿਲ ਹੋ ਜਾਵੇਗੀ। ਆਂਟੀ ਆਪਾਂ ਨੂੰ ਜਲਦੀ ਚੱਲਣਾ ਪੈਣੈ।"

ਮੈਨੂੰ ਹੱਥਾਂ-ਪੈਰਾਂ ਦੀ ਪੈ ਗਈ। ਸਮਝ ਨਾ ਆਵੇ ਇਕੱਲੀ ਕਾਰੀ ਕੀ ਕਰਾਂ। ਪਿਉ ਹੋਇਆ, ਕੇਹਾ ਨਾ ਹੋਇਆ। ਵੇਲੇ ਸਿਰ ਨਾ ਪੱਕਰਿਆ, ਕਾਹਦਾ ਬਾਪ? ਬੰਦਾ ਜਨਾਨੀ ਤੋਂ ਅਵਾਜਾਰ ਹੋ ਸਕਦੈ, ਪਰ



ਔਲਾਦ ਔਲਾਦ ਤੋਂ ਬੇਮੁੱਖ ਕਿਵੇਂ ਹੋ ਸਕਦੈ? ਜੀਉਂਦੇ ਰਹਿਣ ਮੇਰੇ ਪੁੱਤਰ ਦੇ ਯਾਰ-ਬੇਲੀ। ਔਖੇ ਵੇਲੇ ਬਾਂਹ ਬਣੇ। ਐਂਬੂਲੈਂਸ 'ਚ ਪਾ ਲੁਧਿਆਣੇ ਲੈ ਪਹੁੰਚੇ। ਇਲਾਜ ਸ਼ੁਰੂ ਹੋਇਆ।

ਪਤਾ ਲੱਗਿਆ ਸਿਰ ਭਾਰ ਡਿੱਗਣ ਨਾਲ ਅੰਦਰੂਨੀ ਸੱਟ ਵੱਜੀ ਏ। ਖ਼ੂਨ ਅੰਦਰ ਪੈ ਗਿਐ। ਸਿਰ 'ਚ ਖ਼ੂਨ ਦੇ ਥੱਕੇ ਜੰਮ ਜਾਣ ਕਾਰਨ ਕੌਮਾ 'ਚ ਚਲਾ ਗਿਆ ਹੈ। ਸੁਣ ਕੇ ਮੇਰੇ ਪ੍ਰਾਣ ਖੁਸ਼ਕ। ਅਗਲੇ ਦਿਨ ਹਸਪਤਾਲ ਪਹੁੰਚਿਆ ਅਵਿਨਾਸ਼ ਸਫ਼ਾਈਆਂ ਦੇਵੇ। ਮੈਨੂੰ ਉਸ ਦੀ ਸਾਫ਼ਗੋਈ ਨਾਲ ਵਾਹ-ਵਾਸਤਾ ਨਾ। ਬਸ ਇੱਕੋ ਵਾਸਤਾ ਮੇਰੇ ਪੁੱਤਰ ਨੂੰ ਹੱਸਦਾ-ਖੇਡਦਾ ਮੇਰੀ ਝੋਲੀ ਪਾ ਦੇਵੇ। ਮੈਂ ਉਸ ਦੀਆਂ ਕੀਤੀਆਂ ਭੁਲਾ ਉਸ ਦੇ ਪੈਰਾਂ ਦੀ ਧੂੜ ਬਣ ਜਾਵਾਂਗੀ।

****

ਅਵਿਨਾਸ਼ ਨੇ ਘਰ ਦੇ ਮੇਨ ਗੇਟ ਦੀ ਐਂਟਰੈਂਸ 'ਤੇ ਆਪਣਾ ਦਫ਼ਤਰ ਬਣਾ ਰੱਖਿਆ ਸੀ। ਨਾਮੀ ਵਕੀਲ ਨਾ ਸਹੀ, ਪਰ ਚੰਗੇ ਵਕੀਲਾਂ 'ਚ ਨਾਮ ਸ਼ੁਮਾਰ। ਲੋਕਾਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ। ਅਵਿਨਾਸ਼ ਕੋਲ ਦਫ਼ਤਰ 'ਚ ਵਕੀਲ ਔਰਤਾਂ, ਕਲਰਕਾਂ ਸਭ ਦਾ ਆਉਣਾ-ਜਾਣਾ। ਦੋ ਵਕੀਲ ਕੁੜੀਆਂ ਅਸਿਸਟੈਂਟ ਵਜੋਂ ਕੰਮ ਕਰਦੀਆਂ। ਮੇਰੇ ਘਰ ਨੂੰ ਸੰਨ੍ਹ ਲੱਗਣ ਦਾ ਕੋਈ ਖ਼ਦਸ਼ਾ ਨਾ। ਕੰਮ ਨਾਲ ਕੰਮ ਰੱਖਣ ਵਾਲੇ ਸੁਭਾਅ ਦਾ ਅਵਿਨਾਸ਼ 'ਮੇਰਾ ਤੇ ਸਿਰਫ ਮੇਰਾ' ਮੰਨ, ਮੈਂ ਘਰ-ਗ੍ਰਹਿਸਥੀ 'ਚ ਮਸਤ। ਅਵਿਨਾਸ਼ ਨੂੰ ਕੰਪਿਊਟਰ ਆਪਰੇਟਰ ਦੀ ਲੋੜ ਸੀ। ਅਨੀਤਾ ਨੂੰ ਰੱਖ ਲਿਆ। ਉਹ ਸਾਰਾ ਦਿਨ ਦਫ਼ਤਰ ਰਹਿੰਦੀ। ਦਫ਼ਤਰ ਘਰ ਵਿੱਚ ਹੋਣ ਕਰਕੇ, ਆਨੇ-ਬਹਾਨੇ ਮੇਰਾ ਗੇੜਾ ਦਫ਼ਤਰ 'ਚ ਲੱਗਿਆ ਰਹਿੰਦਾ। ਮਿੱਠ-ਬੋਲੜੀ ਤੇ ਮਿਲਾਪੜੇ ਸੁਭਾਅ ਦੀ ਅਨੀਤਾ ਮੈਨੂੰ ਚੰਗੀ ਲੱਗਣ ਲੱਗੀ। ਨਿੱਕੀਆਂ-ਨਿੱਕੀਆਂ ਗੱਲਾਂ ਕਰਦੀਆਂ, ਅਸੀਂ ਦਿਨਾਂ 'ਚ ਦੁੱਖ-ਸੁੱਖ ਦੀਆਂ ਸਾਂਝੀਵਾਲ ਬਣ ਗਈਆਂ। ਦਫ਼ਤਰ 'ਚੋਂ ਥੋੜ੍ਹੀ ਜਿਹੀ ਵਿਹਲ ਮਿਲਦੀ ਉਹ ਮੇਰੇ ਕੋਲ ਆ ਜਾਂਦੀ। ਹੱਥ ਫੜੇ ਕੰਮ 'ਚ ਹੱਥ ਵਟਾਉਂਦੀ ਉਹ ਦਿਲ ਫਰੋਲਣ ਲੱਗਦੀ।

ਘਰਵਾਲਾ ਵੈਲੀ-ਕੁਵੈਲੀ। ਸ਼ੈਲਰ 'ਚ ਮੁਨੀਮ। ਦੋ ਬੱਚੇ। ਕਿਰਾਏ ਦਾ ਮਕਾਨ। ਕੰਮ 'ਤੇ ਗਿਆ ਕਦੀ ਨਾ ਗਿਆ। ਉੱਤੋਂ ਘਰ 'ਚ ਲੜਾਈ-ਝਗੜਾ, ਕੁੱਟ-ਮਾਰ। ਅਨੀਤਾ ਨੂੰ ਕਈ ਵਾਰ ਦਫ਼ਤਰ ਛੱਡਣ-ਲੈਣ ਆਉਂਦਾ ਮੱਥੇ ਲੱਗ ਜਾਂਦਾ। ਮੈਨੂੰ ਦੀਦੀ-ਦੀਦੀ ਕਰਦੇ ਦਾ ਮੂੰਹ ਸੁੱਕਦਾ। ਮੈਂ ਵੀ ਭੈਣ ਦਾ ਫਰਜ਼ ਨਿਭਾਉਂਦੀ ਉਸ ਨੂੰ ਸਿਆਣਾ ਬਣਨ ਦੀਆਂ ਮੱਤਾਂ ਦੇਣ ਲੱਗੀ।

"ਧੀ-ਪੁੱਤ। ਦੋ ਬਾਲ, ਸੋਹਣੀ ਔਲਾਦ। ਕਿਉਂ ਕਮਲਾ ਬਨਿਐਂ ਉਂਕਾਰ?"

ਅੱਗੋਂ ਨੀਂਵੀਂ ਪਾ ਛੱਡਦਾ, ਤੇ ਮੇਰਾ ਅੰਦਰ ਭਰਾ ਲਈ ਮੋਹ ਨਾਲ ਭਰ ਆਉਂਦਾ। ਲਉ ਜੀ ਭਰੱਪੀਪੁਣਾ ਅਜਿਹਾ ਪਿਆ, ਕਦੀ ਉਹ ਸਾਡੇ ਘਰ ਰੋਟੀ ਖਾਣ ਆ ਰਹੇ ਹਨ, ਕਦੀ ਅਸੀਂ ਜਾ ਰਹੇ ਹਾਂ।

ਅਨੀਤਾ ਕੋਲ ਗਿਣਤੀ ਦੇ ਚਾਰ ਸੂਟ ਨਾ। ਕਦੀ ਇੱਕ ਦੀ ਸਲਵਾਰ ਨਾਲ ਦੂਜਾ ਜੈਂਪਰ ਤਾਂ ਕਦੀ ਦੂਜੇ ਜੈਂਪਰ ਨਾਲ ਦੂਜੇ ਦੀ ਸਲਵਾਰ ਅਦਲ-ਬਦਲ ਕੇ ਪਾਉਂਦੀ ਚਾਰ ਦੀ ਥਾਂ ਅੱਠ ਸੂਟਾਂ ਦਾ ਭੁਲੇਖਾ ਪਾ ਦਿਲ ਨੂੰ ਥੋੜ੍ਹੇ 'ਚ ਵਾਧੂ ਦਾ ਭਰਮ ਪਾਲਦੀ। ਇੱਕ-ਇੱਕ ਪੈਸਾ ਬਚਾਉਣ ਲਈ ਤਰਲਾ ਮਾਰਦੀ। ਕਿੰਨੀ ਦੂਰੋਂ ਪੈਦਲ ਚੱਲ ਕੇ ਦਫ਼ਤਰ ਆਉਂਦੀ-ਜਾਂਦੀ। ਮੈਂ ਤਰਸ ਖਾ ਕੇ ਅਨੀਤਾ ਨੂੰ ਕੁਝ ਨਾ ਕੁਝ ਦਿੱਤੀ ਰੱਖਦੀ। ਕਈ ਵਾਰ ਉਹ ਰੋਟੀ ਨਾ ਲੈ ਕੇ ਆਈ ਹੁੰਦੀ, ਮੈਂ ਖੁਆ ਦੇਣੀ।

ਪਹਿਲੀ ਵਾਰ ਅਨੀਤਾ ਤੇ ਉਂਕਾਰ ਨੇ ਸਾਨੂੰ ਡਿਨਰ 'ਤੇ ਸੱਦਾ ਦਿੱਤਾ। ਚਾਰ-ਚਾਰ ਸਬਜ਼ੀਆਂ, ਰਾਇਤਾ, ਸਲਾਦ, ਡਰਿੰਕ, ਆਈਸਕ੍ਰੀਮ। ਮੈਂ ਅਨੀਤਾ ਤੇ ਉਂਕਾਰ ਨੂੰ ਇਨੀ ਖੇਚਲ ਕਰਨ 'ਤੇ ਮਿੱਠਾ ਜਿਹਾ ਝਿੜਕਿਆ। ਆਉਂਦੀ ਹੋਈ ਉਸ ਦੇ ਬਾਲਾਂ ਨੂੰ ਦੋ ਹਜ਼ਾਰ ਰੁਪਏ ਦੇ ਆਈ। ਸੋਚਿਆ ਕਾਹਨੂੰ ਅਗਲਿਆਂ ਲਈ ਬੋਝ ਬਣਨਾ। ਘਰ ਆਈ ਨੂੰ ਅਵਿਨਾਸ਼ ਗੁੱਸੇ ਹੋਵੇ। ਮੈਂ ਕਾਹਤੋਂ ਦੋ ਹਜ਼ਾਰ ਦਾ ਉਜਾੜਾ ਕਰ ਆਈ। ਅਗਲੇ ਦਿਨ ਕੰਮ 'ਤੇ ਆਈ ਅਨੀਤਾ ਨੂੰ ਮੈਂ ਸਾਫ਼ ਸ਼ਬਦਾਂ 'ਚ ਕਹਿ ਦਿੱਤਾ,

"ਅੱਗੇ ਤੋਂ ਸਾਦਾ ਦਾਲ ਫੁਲਕਾ ਖੁਆਉਗੇ ਤਾਂ ਦੁਬਾਰਾ ਆਵਾਂਗੇ, ਨਹੀਂ ਤੇ ਕਿੰਨਾ ਵੀ ਆਖੋ ਅਸੀਂ ਖਾਣੇ 'ਤੇ ਨਹੀਂ ਆਉਣਾ।"

ਪਰ, ਅਜਿਹਾ ਹੋਇਆ ਨਹੀਂ। ਇੱਕ ਵਾਰ ਸ਼ੁਰੂ ਹੋਇਆ ਸਿਲਸਿਲਾ ਰੁਕਿਆ ਨਾ। ਹਰ ਵਾਰ ਖਾਣੇ 'ਚ ਕੀਤਾ ਉਚੇਚ ਵੇਖ ਹੈਰਾਨੀ ਹੁੰਦੀ। ਨਾ ਚਾਹੁੰਦਿਆਂ ਵੀ ਮੈਂ ਮਨ ਆਈ ਗੱਲ ਅਵਿਨਾਸ਼ ਨਾਲ ਸਾਂਝੀ ਕਰਨ ਲੱਗੀ, "ਉਂਞ ਇਹਦੇ ਘਰ ਖਾਣ ਨੂੰ ਰੋਟੀ ਹੈਨੀ, ਫਿਰ ਸਾਡੇ ਵਾਸਤੇ ਦੋ-ਦੋ ਤਰ੍ਹਾਂ ਦਾ ਮੁਰਗ-ਮਸੱਲਮ, ਸਲਾਦ, ਆਈਸਕ੍ਰੀਮ। ਇੱਥੋਂ ਤੱਕ ਤੁਹਾਡੇ ਲਈ ਤੁਹਾਡੀ ਪਸੰਦ ਵਾਲੀ ਇੰਨੀ ਮਹਿੰਗੀ ਡਰਿੰਕ ਵੀ! ਹਜ਼ਾਰਾਂ ਦਾ ਖਰਚ ਇੱਕ ਡਿਨਰ ਦਾ! ਕਿਵੇਂ ਕਰਦੇ ਹੋਣਗੇ?"

"ਤੈਨੂੰ ਕੀ? ਤੂੰ ਆਪਣਾ ਖਾਹ-ਪੀ। ਇਹ ਅਗਲੇ ਜਾਣਨ ਕਿੱਥੋਂ ਖਰਚਦੇ ਨੇ ਕਿੱਥੋਂ ਨਹੀਂ?"

ਮੈਂ ਚੁੱਪ ਕਰ ਜਾਂਦੀ, ਪਰ ਦਿਮਾਗ ਦੀ ਸੂਈ ਦਾ ਕੀ ਕਰਾਂ? ਉਂਕਾਰ ਤੇ ਅਨੀਤਾ ਦੀ ਕਮਾਈ, ਰਹਿਣ-ਸਹਿਣ, ਸਾਡੀ ਆਉ-ਭਗਤ ਦੇ ਹਿਸਾਬ-ਕਿਤਾਬ 'ਤੇ ਟਿਕ-ਟਿਕ ਕਰਦੀ ਰਹਿੰਦੀ।

ਵਕਤ ਪਿਆ। ਪਤਾ ਲੱਗਾ। ਸਾਡਾ ਸਿਰ ਤੇ ਸਾਡੀਆਂ ਜੁੱਤੀਆਂ। ਖਾਣ-ਪੀਣ ਦਾ ਸਾਰਾ ਸਾਮਾਨ ਤਾਂ ਵਕੀਲ ਸਾਹਿਬ ਪਹਿਲਾਂ ਹੀ ਪੁੱਜਦਾ ਕਰ ਦਿੰਦੇ ਸਨ।

ਖ਼ੈਰ, ਸਾਡੇ ਦੋਹਾਂ ਦੇ ਪਰਿਵਾਰਾਂ 'ਚ ਅਜਿਹੀ ਸਾਂਝ ਬਣ ਗਈ ਕਿ ਸੂਈ ਦੇ ਨੱਕੇ 'ਚੋਂ ਧਾਗਾ ਲੰਘ ਸਕਦੈ, ਸਾਡੀ ਸੂਈ ਨੱਕੇ ਬਗੈਰ। ਮੇਰੀ ਕੋਸ਼ਿਸ਼ ਹੁੰਦੀ, ਅਵਿਨਾਸ਼ ਨੂੰ ਤਵੇ ਤੋਂ ਲਹਿੰਦੀ ਰੋਟੀ ਖੁਆਵਾਂ। ਕੰਮ ਦੀ ਕਾਹਲ 'ਚ ਉਹ ਅਕਸਰ ਦੁਪਹਿਰ ਦੀ ਰੋਟੀ ਮੇਰੇ ਕੋਲ ਰਸੋਈ 'ਚ ਖੜ੍ਹਾ-ਖੜ੍ਹਾ ਖਾ ਲੈਂਦਾ। ਰੂਟੀਨ ਮੁਤਾਬਿਕ ਅਵਿਨਾਸ਼ ਮੇਰੇ ਕੋਲ ਖੜ੍ਹਾ ਛੇਤੀ-ਛੋਟੀ ਰੋਟੀ ਖਾ ਰਿਹਾ ਸੀ ਕਿ ਅਨੀਤਾ ਆ ਗਈ। ਅਵਿਨਾਸ਼ ਨੇ ਅਨੀਤਾ ਨੂੰ ਬੜੀ ਅਪਣੱਤ ਨਾਲ ਕਿਹਾ,

"ਆ ਜਾ, ਆ ਜਾ, ਤੂੰ ਵੀ ਇਸੇ ਪਲੇਟ 'ਚ ਖਾ ਲੈ ਦੋ ਗਰਾਹੀਆਂ।"

ਅਵਿਨਾਸ਼ ਦੇ ਕਹਿਣ ਦੀ ਦੇਰ ਸੀ, ਉਹ ਫਟਾਫਟ ਅਵਿਨਾਸ਼ ਦੀ ਪਲੇਟ 'ਚ ਖਾਣ ਲੱਗ ਪਈ। ਮੈਂ ਪਕਾ-ਪਕਾ ਘਿਉ ਦੀਆਂ ਗੁੱਝੀਆਂ ਦਿੱਤੀ ਜਾਂਵਾਂ ਤੇ ਦੋਵੇਂ ਉਂਗਲਾਂ ਚੱਟਦੇ ਖਾਈ ਜਾਣ।

ਮੇਰਾ ਮੱਥਾ ਠਣਕਿਆ, ਪਰ ਦਿਲ ਨੂੰ ਸਮਝੌਤੀ ਦਿੱਤੀ। ਲੰਚ ਬ੍ਰੇਕ ਤੋਂ ਬਾਦ ਦੋਹਾਂ ਨੇ ਕੇਸ ਦੀ ਸੁਣਵਾਈ ਲਈ ਅਦਾਲਤ ਪਹੁੰਚਣੈ। ਇੱਕ ਪਲੇਟ 'ਚ ਖਾ ਵੀ ਲਿਆ ਤਾਂ ਕਿਹੜਾ ਪਹਾੜ ਢਹਿ ਪਿਆ।

ਮੈਂ ਤਰਸ ਖਾ ਕੇ ਅਨੀਤਾ ਨੂੰ ਫ਼ਾਲਤੂ ਸਾਮਾਨ ਦੇ ਛੱਡਦੀ, ਪਰ ਮੇਰੀ ਜ਼ਿੰਦਗੀ ਦੀ ਸਭ ਤੋਂ ਕੀਮਤੀ ਸੌਗਾਤ, ਮੇਰਾ ਅਵਿਨਾਸ਼ ਕਦੋਂ ਮੇਰੀ ਬੁੱਕਲ ਦਾ ਚੋਰ ਬਣ ਕੇ ਅਨੀਤਾ ਦੇ ਮਨ ਦਾ ਮੀਤ ਹੋ ਗਿਆ, ਜੜ੍ਹ ਫੜਨੀ ਔਖੀ। ਇੱਕ ਦਿਨ ਆਖਣ ਲੱਗਿਆ, "ਆਪਣਾ ਉੱਪਰ ਵਾਲਾ ਪੋਰਸ਼ਨ, ਵਨ ਰੂਮ ਸੈੱਟ ਜੇ ਤੂੰ ਠੀਕ ਸਮਝੇਂ ਤਾਂ ਅਨੀਤਾ ਨੂੰ ਕਿਰਾਏ 'ਤੇ ਦੇ ਦੇਈਏ। ਵਿਚਾਰੀ ਹਰ ਵੇਲੇ ਘਰਵਾਲੇ ਦੀ ਮਾਰ ਤੋਂ ਡਰੀ ਰਹਿੰਦੀ ਏ। ਹੋਰ ਨਹੀਂ ਤਾਂ ਸ਼ਾਇਦ ਮੁਨੀਮ ਨੂੰ ਅੱਖ ਦੀ ਸ਼ਰਮ ਹੀ ਕੋਈ ਬੰਨ੍ਹ ਲਾ ਦੇਵੇ। ਉਂਞ ਵੀ ਤੈਨੂੰ ਦੀਦੀ ਕਹਿੰਦਾ ਹੀ ਨਹੀਂ, ਭੈਣ ਮੰਨਦਾ ਵੀ ਏ ਤੇ ਉਹਦੇ ਬੱਚੇ ਵੇਖ, ਕਿਵੇਂ ਤੈਨੂੰ ਭੂਆ-ਭੂਆ ਕਰਦੇ ਅੱਗੇ-ਪਿੱਛੇ ਹੁੰਦੇ ਨੇ।"

ਮੈਂ ਮੂਰਖ, ਗੱਲਾਂ ਵਿੱਚ ਆ ਗਈ। ਹੱਥੀਂ ਸੌਂਕਣ ਘਰ 'ਚ ਵਾੜ ਸੇਵਾਦਾਰਨੀ ਬਣ ਗਈ।

ਇੱਧਰ ਮੇਰੀ ਹਾਂ ਹੋਈ ਉੱਧਰ ਸਾਮਾਨ ਨਾਲ ਲੱਦੀ ਟਰਾਲੀ ਬੂਹੇ 'ਤੇ। ਜਿਵੇਂ ਪਹਿਲਾਂ ਹੀ ਅਨੀਤਾ ਨੇ ਸਾਮਾਨ ਬੰਨ੍ਹ ਕੇ ਰੱਖਿਆ ਹੋਵੇ। ਕੁਝ ਦਿਨਾਂ 'ਚ 'ਦੀਦੀ ਮੈਂ ਹੈਲਪ ਕਰਦੀ ਆਂ' ਜ਼ੋਰ ਪਾਉਂਦੀ ਰਸੋਈ 'ਚ ਆ ਵੜੀ। ਮੈਨੂੰ ਵੀ ਹੁੰਦਾ ਚਲੋ ਜੇ ਇੱਕ ਥਾਂ ਪੱਕੀ ਬੱਚੇ ਇਕੱਠੇ ਖਾ ਲੈਣ ਤਾਂ ਕੀ ਫਰਕ ਪੈਂਦੈ।

'ਕੀ ਫਰਕ ਪੈਂਦੈ?' ਪਹਿਲੀ ਵਾਰ ਮਾਂ ਨੇ ਆਗਾਹ ਕੀਤਾ।

ਉਹ ਮਾਂ ਦੀ ਸਾਡੇ ਕੋਲ ਆਖਰੀ ਫੇਰੀ ਸੀ। ਮਿਲਣ ਆਈ।

ਮੈਂ ਕੁਝ ਦਿਨ ਆਪਣੇ ਕੋਲ ਰੋਕ ਲਿਆ। ਉਸ ਨੇ ਕੁਝ ਅੱਖੀਂ ਵੇਖਿਆ, ਕੰਨੀਂ ਸੁਣਿਆ ਸੀ ਜਾਂ



ਉਮਰ ਦੀ ਪਰਖ ਸੀ, ਉਹੀ ਜਾਣੇ। ਕਹਿਣ ਲੱਗੀ, "ਆਹ ਜਿਹੜੀ ਮੁਸੀਬਤ ਸਿਰ 'ਤੇ ਬਿਠਾਈ ਏ ਨਾ, ਘਰੋਂ ਕੱਢ ਇਹਨੂੰ।"

ਮੇਰੀ ਮੱਤ 'ਤੇ ਕਿਵੇਂ ਪਰਦਾ ਪਿਆ ਸੀ। ਹੁਣ ਸੋਚਦੀ ਹਾਂ ਤਾਂ ਆਪਣੇ-ਆਪ ਨੂੰ ਫਿੱਟ ਲਾਹਨਤਾਂ ਪਾਉਂਦੀ ਹਾਂ। ਬਜਾਏ ਮਾਂ ਦੀ ਗੱਲ 'ਤੇ ਗ਼ੌਰ ਕਰਨ ਦੇ ਮੈਂ ਮਾਂ ਨੂੰ ਅੱਗੋਂ ਦੀ ਹੋ ਗਈ।

"ਮੰਮੀ ਤੁਸੀਂ ਸਾਰੀ ਉਮਰ ਨਹੀਂ ਨਿਭਾਈ ਕਿਸੇ ਨਾਲ, ਅੱਗੋਂ ਅਸੀਂ ਵੀ ਨਾ ਨਿਭਾਈਏ? ਅਨੀਤਾ ਕੋਈ ਵਰਕਰ ਨਹੀਂ। ਫੈਮਿਲੀ ਮੈਂਬਰ ਹੈ ਸਾਡੀ। ਵੇਖਿਆ ਨਹੀਂ, ਉਂਕਾਰ ਵੀਰ ਜੀ ਕਿੰਨਾ ਮਾਣ ਕਰਦੇ ਆ ਮੇਰਾ ਤੇ ਇਨ੍ਹਾਂ ਦਾ।"

"ਉਹ ਵੀ ਰੋਵੇਗਾ ਅੱਖਾਂ 'ਚ ਘਸੁੰਨ ਦੇ ਕੇ, ਜਿਹਨੇ ਸਭ ਕੁਝ ਅੱਖੀਂ ਵੇਖ ਪੱਟੀ ਬੰਨ੍ਹੀ ਹੋਈ ਏ।"

ਕਾਸ਼! ਮਾਂ ਦੇ ਕਹਿਣ 'ਤੇ ਮੈਂ ਬਾਹਰਲਿਆਂ ਨੂੰ ਘਰ ਦੇ ਸਮਝਣ ਦੀ ਬੇਵਕੂਫ਼ੀ ਨਾ ਕੀਤੀ ਹੁੰਦੀ। ਸ਼ਾਇਦ ਅੱਜ ਮੇਰੇ ਘਰ ਦਾ ਮੂੰਹ-ਮੱਥਾ ਕੁਝ ਹੋਰ ਹੁੰਦਾ। ਮੈਂ ਸ਼ਤਰੰਜ ਦੀ ਗੋਟੀ ਬਣਾ ਕੇ ਖੇਡੀ ਜਾ ਰਹੀ ਸਾਂ। ਭੇਤ ਖੁੱਲ੍ਹਿਆ, ਜਦੋਂ ਜੰਗਲ ਮੱਚ ਕੇ ਰਾਖ ਹੋ ਚੁੱਕਿਆ ਸੀ। ਇਸ ਅੱਗ ਦੇ ਸੇਕ 'ਚ ਮੇਰੀ ਤੇ ਮੇਰੇ ਬਾਲਾਂ ਦੀ ਆਹੂਤੀ ਨਹੀਂ ਸੀ ਪਾਈ ਗਈ। ਅਨੀਤਾ ਦਾ ਘਰਵਾਲਾ ਵੀ ਰਾੜ੍ਹਿਆ ਗਿਆ ਸੀ।

ਘਰਵਾਲੇ ਦੀ ਸਹੇਲੀ ਬਣ ਮੁਨੀਮਣੀ ਦਿਨ ਰਾਤ ਘਰ ਵੜੀ ਮੇਰੀ ਛਾਤੀ 'ਤੇ ਮੂੰਗ ਦਲਣ ਲੱਗੀ। ਉਸ ਦੇ ਬੱਚੇ ਮੈਂ ਸੰਭਾਲਦੀ ਤੇ ਮਹਾਰਾਣੀ ਮੇਰੇ ਸਿਰ ਦਾ ਤਾਜ ਮਾਣਦੀ। ਪਤਾ ਨਹੀਂ ਅਵਿਨਾਸ਼ ਦੇ ਸਿਰ 'ਚ ਕੀ ਧੂੜਿਆ, ਜਿਹੜਾ ਮੇਰਾ ਤੇ ਬੱਚਿਆਂ ਦਾ ਝੱਟ ਵਿਸਾਹ ਨਹੀਂ ਸੀ ਖਾਂਦਾ, ਗੱਲ-ਗੱਲ 'ਤੇ ਸਾਨੂੰ ਵੱਢੂੰ-ਖਾਊਂ ਕਰਨ ਲੱਗਿਆ। ਅਨੀਤਾ ਆਹ, ਅਨੀਤਾ ਉਹ। ਅਨੀਤਾ ਨਾ ਹੋਈ ਗੁਰੂ ਮੰਤਰ ਹੋ ਗਈ। ਉੱਠਦੇ ਬਹਿੰਦੇ ਬਸ, ਉਸ ਦੇ ਨਾਂ ਦੀ ਮਾਲਾ ਦਾ ਜਾਪ। ਵਕਤ ਪਿਆ। ਚਾਨਣ ਹੋਇਆ। ਸਾਡਾ ਰਿਸ਼ਤਾ ਦੁੱਧ 'ਚੋਂ ਪਾਣੀ ਵੱਖ ਨਾ ਹੋਣ ਵਾਲਾ ਕਿ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਰਨ ਲੱਗਿਆ।

ਮਾਂ ਦਾ ਉਮਰ ਭਰ ਦਾ ਤਜਰਬਾ ਸੱਚਾ ਸੀ, ਮੇਰਾ ਵਿਸ਼ਵਾਸ ਝੂਠਾ। ਅਵਿਨਾਸ਼ ਦਫ਼ਤਰੋਂ ਵਾਪਸ ਆਇਆ। ਪਾਣੀ ਦਾ ਗਿਲਾਸ ਫੜਾਉਂਦਿਆਂ ਮੇਰੀਆਂ ਨਜ਼ਰਾਂ ਉਸ ਦੀ ਛਾਤੀ 'ਤੇ ਠਹਿਰ ਗਈਆਂ। ਅਵਿਨਾਸ਼ ਦੀ ਚਿੱਟੀ ਕਮੀਜ਼ 'ਤੇ ਖੱਬੇ ਪਾਸੇ ਕੁਝ ਸੁਰਲ-ਸੁਰਲ ਹੁੰਦਾ ਵੇਖ ਮੈਂ ਚੂੰਢੀ ਭਰੀ। ਇੰਨੀ ਮੋਟੀ ਜੂੰ। ਮੇਰਾ ਦਿਲ ਕੱਚਾ ਹੋ ਗਿਆ। ਧਿਆਨ ਆਇਆ ਅਨੀਤਾ ਦਾ ਸਿਰ ਜੂੰਆਂ ਨਾਲ ਭਰਿਆ ਹੁੰਦਾ। ਮੈਂ ਕਈ ਵਾਰ ਉਸ ਨੂੰ ਸਿਰ ਸਾਫ਼ ਕਰਵਾਉਣ ਲਈ ਆਖਿਆ ਸੀ। ਅਵਿਨਾਸ਼ ਨੂੰ ਵੀ ਮੈਂ ਕਈ ਵਾਰ ਉਸ ਦੀਆਂ ਜੂੰਆਂ ਲਈ ਫ਼ਿਕਰਮੰਦ ਹੁੰਦਾ ਵੇਖਿਆ ਸੀ।

'ਚੋਰ ਦੀ ਦਾੜ੍ਹੀ 'ਚ ਤਿਣਕਾ'। ਸੁਣਿਆ ਸੀ ਜੂੰਆਂ ਦਾ ਰੰਗ ਸਿਰ ਦੇ ਵਾਲਾਂ ਵਾਲਾ ਹੁੰਦੈ। ਮੈਂ ਜੂੰ ਦੇ ਰੰਗ ਦਾ ਅਨੀਤਾ ਦੇ ਵਾਲਾਂ ਨਾਲ ਮਿਲਾਣ ਕਰਦੀ ਸੋਚੀਂ ਪਈ ਸੀ ਕਿ ਅਵਿਨਾਸ਼ ਬੋਲ ਪਿਆ।

"ਇਹ ਅਨੀਤਾ ਦੀਆਂ ਜੂੰਆਂ ਵੀ ਨਾ, ਪਤਾ ਨਹੀਂ ਕਿੱਥੇ-ਕਿੱਥੇ ਤੁਰਨ ਲੱਗੀਆਂ ਨੇ।"

ਮੈਂ ਚੁੱਪ ਕਰ ਗਈ, ਪਰ ਪਤਾ ਨਹੀਂ ਕਿਉਂ? ਮੈਨੂੰ ਜੂੰ ਦੀ ਬਜਾਏ ਅਵਿਨਾਸ਼ ਦੀ ਕਮੀਜ਼ 'ਤੇ ਅਨੀਤਾ ਹੀ ਸੁਰਲ-ਸੁਰਲ ਕਰਦੀ ਦਿਖੀ ਜਾਏ। ਚਾਰ ਦਿਨ ਨਹੀਂ ਪਏ। ਸਾਹੋ ਸਾਹ ਹੋਇਆ ਅਵੀ ਰਸੋਈ 'ਚ ਵੜਿਆ ਤੇ ਪਾਣੀ ਦਾ ਗਲਾਸ ਭਰ ਕੇ ਮੇਰੇ ਕੋਲ ਆ ਖਲੋਤਾ। ਆਪਣੀ ਉਮਰ ਤੋਂ ਇਕਦਮ ਕਿੰਨਾ ਵੱਡਾ ਹੋ ਗਿਆ ਜਾਪਿਆ ਸੀ ਅਵੀ ਮੈਨੂੰ। ਪਾਣੀ ਦਾ ਗਲਾਸ ਮੇਰੇ ਹੱਥ ਫੜਾਉਂਦਾ ਆਖੇ ਪਿਆ, "ਮੰਮਾ ਪ੍ਰੋਮਿਸ ਕਰੋ, ਤੁਸੀਂ ਟੈਨਸ਼ਨ ਨਹੀਂ ਲਓਗੇ।"

ਮੈਂ ਉਸ ਦੇ ਹੱਥ ਆਪਣੇ ਹੱਥਾਂ 'ਚ ਘੁੱਟ ਪੱਕਾ ਪ੍ਰੋਮਿਸ ਕੀਤਾ, ਤੇ ਉਹ ਬੋਲਣ ਲੱਗਿਆ, "ਮੰਮਾ, ਅਨੀਤਾ ਆਂਟੀ ਕਹਿੰਦੀ ਮੈਨੂੰ, ਜਾ ਤੇ ਜਾ ਕੇ ਦੱਸ ਦੇਵੀਂ ਆਪਣੀ ਮਾਂ ਵੱਡੀ ਕਿਰਨਜੋਤ ਨੂੰ। ਆ ਜਾਵੇ ਮੇਰੇ ਨਾਲ ਜਿਹੜੇ ਮੈਦਾਨ 'ਚ ਆਉਣੈ। ਮੰਮਾ, ਪਾਪਾ ਚੀਟਰ ਨੇ। ਮੈਂ ਵੀ ਪਾਪਾ ਤੇ ਆਂਟੀ ਨੂੰ ਕਈ ਵਾਰੀ ਵੇਖਿਆ ਗਲਤ ਹਰਕਤਾਂ ਕਰਦੇ। ਦੀਦੀ ਨੂੰ ਵੀ ਪਤੈ ਤੇ ...।"

ਨਿੱਕੇ ਜਿਹੇ ਪੁੱਤਰ ਦੇ ਮੂੰਹ ਤੋਂ ਗਾਲ੍ਹਾਂ ਵਰਗੀਆਂ ਗੱਲਾਂ ਸੁਣ ਮੇਰੇ ਤਾਂ ਖਾਨਿਓਂ ਗਈ।

ਆਪੇ ਤੋਂ ਬਾਹਰ ਹੋਈ ਮੈਂ ਅਵੀ ਨੂੰ ਉਂਗਲ ਲਾ ਉਸੇ ਵੇਲੇ ਘਰ 'ਚ ਬਣਾਏ ਦਫ਼ਤਰ ਅੰਦਰ ਜਾ ਧਮਕੀ। ਅਨੀਤਾ ਤੇ ਅਵਿਨਾਸ਼ ਕਿਸੇ ਕੇਸ ਦੀ ਫ਼ਾਈਲ ਫਰੋਲ ਰਹੇ ਸਨ। ਬੇਵਕੂਫ਼ੀ ਕੀਤੀ ਜੋ ਪੁੱਤਰ ਨੂੰ ਮੁਦੱਈ ਬਣਾ ਕੇ ਅਵਿਨਾਸ਼ ਨੂੰ ਸੱਚ ਪੁੱਛ ਬੈਠੀ।

ਅਵਿਨਾਸ਼ ਦਾ ਪ੍ਰਚੰਡ ਰੂਪ ਮੈਂ ਪਹਿਲੀ ਵਾਰ ਵੇਖਿਆ। ਅਵਿਨਾਸ਼ ਨੇ ਅਵੀ ਨੂੰ ਗਰਦਨ ਤੋਂ ਫੜਿਆ ਤੇ ਮੂੰਹ 'ਤੇ ਕੱਸ ਕੇ ਚਪੇੜ ਕੱਢ ਮਾਰੀ। ਮੈਂ ਅਵੀ ਨੂੰ ਬਚਾਉਣ ਲਈ ਅੱਗੇ ਹੋ ਗਈ। ਅਵਿਨਾਸ਼ ਦੇ ਸਿਰ ਪਤਾ ਨਹੀਂ ਕਿਹੜਾ ਭੂਤ ਸਵਾਰ ਹੋਇਆ ਸੀ। ਮੇਰੇ ਮਗਰ ਲੁੱਕਦੇ ਅਵੀ ਨੂੰ ਬਾਹੋਂ ਫੜਿਆ ਤੇ ਵਾਲਾਂ ਤੋਂ ਧੂੰਹਦਾ ਬਾਥਰੂਮ 'ਚ ਤਾੜ ਕੇ ਦਰਵਾਜ਼ੇ ਨੂੰ ਕੁੰਡਾ ਮਾਰ ਪਹਿਰੇ ਖੜ੍ਹ ਗਿਆ। ਮੇਰਾ ਵੱਸ ਨਾ ਚੱਲੇ। ਕਿਵੇਂ ਬਚਾਵਾਂ ਪੁੱਤ ਨੂੰ? ਅਵਿਨਾਸ਼ ਆਖੇ, "ਮਰ ਗਿਆ ਤੇਰਾ ਮੁੰਡਾ, ਤੈਨੂੰ ਤੇਰੇ ਮਰੇ ਪੁੱਤਰ ਦੀ ਸਹੁੰ ਜੇ ਇਸ ਕੰਜਰ ਨੂੰ ਬਾਹਰ ਕੱਢੇਂ।"

ਅਵੀ ਦਾ ਨਾਂ ਅਵਿਨਾਸ਼ ਨੇ ਰੱਖਿਆ ਸੀ ਅਵਿਜੋਤ। ਅਵਿਨਾਸ਼ ਦਾ 'ਅਵਿ' ਤੇ ਕਿਰਨਜੋਤ 'ਚੋਂ 'ਜੋਤ' ਲੈ ਕੇ ਬਣਿਆ 'ਅਵਿਜੋਤ' ਅਵਿਨਾਸ਼ ਲਈ 'ਕੰਜਰ' ਹੋ ਗਿਆ।

'ਉਲਟੇ ਬਾਂਸ ਬਰੇਲੀ ਕੋ'। ਚੋਰੀ ਫੜੀ ਜਾਣ 'ਤੇ ਬਜਾਏ ਸ਼ਰਮਿੰਦਾ ਹੋਣ ਦੇ ਅਵਿਨਾਸ਼ ਸਾਡੇ ਮਾਂ-ਪੁੱਤਰ ਦੇ ਸਿਰ ਸਵਾਰ ਹੋ ਗਿਆ। ਆਪਣੇ ਘਰ ਦਾ ਰੋਣਾ-ਧੋਣਾ ਸੁਣਾਉਂਦੀ ਮੁਨੀਮਣੀ ਮੇਰੀਆਂ ਜੜ੍ਹਾਂ 'ਚ ਆ ਬੈਠੀ। ਦੁਨੀਆਂਦਾਰੀ ਸਮਝਾਉਂਦੀ ਮਾਂ ਜੱਗ ਤੋਂ ਚਲੀ ਗਈ। ਮੈਨੂੰ ਮੱਤ ਨਾ ਆਈ।

ਅਵਿਨਾਸ਼ ਮੇਰੀ ਸਿਆਣਪ ਆਖਾਂ ਜਾਂ ਮੂਰਖਤਾ ਨੂੰ ਕਿੰਨੀ ਸਿਆਣਪ ਨਾਲ ਵਰਤ ਗਿਆ।

ਮਾਂ ਦੀਆਂ ਖਰੀਆਂ ਖਰੀਆਂ ਮੂੰਹ 'ਤੇ ਚਪੇੜਾਂ ਬਣ ਵੱਜਣ।

"ਕਿੰਨਾ ਸਮਝਾ ਲਉ, ਬਾਜ ਹੀ ਨਹੀਂ ਆਉਂਦੀ ਸਹੇਲਪੁਣਿਆਂ ਤੋਂ। ਘਰ ਖੁਆ ਕੇ ਭੜਵਾ ਅਖਵਾਉਣਾ ਹੋਵੇ ਤਾਂ ਸਹੇਲਪੁਣੇ ਪਾਲ ਲਵੋ। ਮੇਰੀ ਆਖੀ ਯਾਦ ਰੱਖੀਂ, ਆਹ ਜਿਹੜੀ 'ਵਿਚਾਰੀ ਵਿਚਾਰੀ' ਕਰਦੀ ਪਾਈ ਆ ਨਾ ਪੱਲੇ, ਭੁਗਤੀਂ ਸਾਰੀ ਉਮਰਾਂ ਦਾ ਰੋਗ, ਜਦੋਂ ਮਗਰੋਂ ਲਾਹੁਣੀ ਔਖੀ ਹੋ ਗਈ। ਬਣੀ ਏ ਵੱਡੀ ਰਾਜੇ ਹਰੀਸ਼ ਚੰਦਰ ਦੀ ਮਾਸੀ।" ਅੰਤਿਮ ਸਾਹਾਂ 'ਤੇ ਵੀ ਮਾਂ ਨੂੰ ਮੇਰੀ ਚਿੰਤਾ।

ਮੈਂ ਉਂਕਾਰ ਅੱਗੇ ਹੱਥ ਜੋੜਾਂ, "ਭਰਾਵਾ ਲੈ ਜਾ ਆਪਣੀ ਜ਼ਨਾਨੀ ਤੇ ਬੱਚੇ। ਅਜੇ ਵੀ ਰਿਝਦੀ ਢੱਕੀ ਜਾਵੇ ਤਾਂ ਦਿੱਤਾ ਹੱਥ ਆ ਜਾਊ।"

ਘਰ-ਪਰਿਵਾਰ ਸੰਭਾਲਣ ਦੀ ਥਾਂਏਂ ਉਹ ਬੀਵੀ-ਬੱਚੇ ਛੱਡ ਕੇ ਭਰਾਵਾਂ ਕੋਲ ਜਾ ਬੈਠਾ। ਅਜੇ ਵੀ ਟੁੱਟੀ ਗੰਢੀ ਜਾਂਦੀ, ਪਰ ਜਦੋਂ ਪਾਸਾ ਮੂਧਾ ਪੈਣ 'ਤੇ ਆਵੇ ਕੀ ਕੀਤਾ ਜਾਵੇ। ਮਾਂ ਜਾਇਆ ਭਰਾ ਹੁੰਦਾ, ਭੈਣ ਦਾ ਘਰ ਵੱਸਦਾ ਰੱਖਣ ਲਈ ਜ਼ਨਾਨੀ ਦਾ ਫਸਤਾ ਵੱਢ ਕੇ ਭਾਵੇਂ ਆਪ ਸੂਲੀ ਨਾ ਚੜ੍ਹਨਾ ਪੈਂਦਾ, ਪਰ ਅਗਲੇ ਨੂੰ ਕੀ ਪੀੜ। ਜ਼ਨਾਨੀ ਬੱਚੇ ਵਕੀਲ ਸਾਹਿਬ ਦੇ ਪੱਲੇ ਪਾ ਤਲਾਕ ਲੈ ਸੁਰਖ਼ਰੂ ਹੋ ਗਿਆ ਤੇ ਸਾਰਾ ਨਜ਼ਲਾ ਮੇਰੇ ਸਿਰ। ਵੱਸਿਆ-ਵਸਾਇਆ ਘਰ ਉਜਾੜੇ ਦੀ ਦਹਿਲੀਜ਼ 'ਤੇ ਆ ਪਹੁੰਚਿਆ। ਸਹੇਲਪੁਣੇ ਦੀ ਆੜ 'ਚ ਮੁਨੀਮਣੀ ਦਗ਼ਾ ਕਮਾ ਗਈ ਮੰਨਿਆ, ਪਰ ਅਵਿਨਾਸ਼ ਨੂੰ ਕੀ ਹੋਇਆ ਸੀ? ਉਹ ਤਾਂ ਮੇਰਾ ਸੀ। ਮੇਰਾ ਤੇ ਬਾਲਾਂ ਦਾ ਮੂੰਹ ਵੇਖੇ ਬਗੈਰ ਜਿਸ ਦਾ ਦਿਨ ਨਹੀਂ ਸੀ ਚੜ੍ਹਦਾ, ਉਹ ਇੰਨਾ ਬੇਮੁੱਖ ਕਿਵੇਂ ਹੋ ਗਿਆ?

ਦਿਨ ਰਾਤ ਇੱਕੋ ਰਟ, "ਵੇਖ ਕਿਰਨ ਆਪਣੀ ਸੋਹਣੀ ਨਿਭ ਗਈ, ਪਰ ਹੁਣ ਮੈਂ ਅਨੀਤਾ ਬਗੈਰ ਨਹੀਂ ਜੀ ਸਕਦਾ। ਤੂੰ ਮੈਨੂੰ ਤਲਾਕ ਦੇ ਦੇ। ਮੈਨੂੰ ਪਤੈ ਤੂੰ ਅਵੀਜੋਤ ਤੇ ਕੀਰਤੀ ਬਗੈਰ ਨਹੀਂ ਜੀਅ ਸਕਦੀ। ਬੱਚੇ ਵੀ ਤੇਰੇ। ਮੈਂ ਕਦੀ ਹੱਕ ਨਹੀਂ ਜਤਾਵਾਂਗਾ।"

ਕਿੰਨੀ ਦੇਰ ਮੈਂ ਸੋਚਦੀ ਰਹੀ। 'ਕਿਵੇਂ ਮੂੰਹ ਭਰ ਕੇ ਇਹਨੇ ਅੱਡ ਹੋਣ ਦੀ ਗੱਲ ਕਹਿ ਦਿੱਤੀ। ਭੋਰਾ ਮੱਥੇ ਵੱਟ ਨਹੀਂ ਪਾਇਆ। ਕਿੰਨੀ ਦੇਰ ਬਿਗਾਨੀ ਥਾਲੀ ਚੱਟੇਗਾ। ਆਪੇ ਭੌਂਕ-ਭੁਕਾ ਕੇ ਅੰਤ ਮੁੜ ਆਵੇਗਾ। ਮੈਂ ਕਿਉਂ ਘਰ ਛੱਡਾਂ?' ਮੈਨੂੰ ਸੋਚੀਂ ਪਈ ਵੇਖ ਅਵਿਨਾਸ਼ ਫਿਰ ਬੋਲਣ ਲੱਗਾ, "ਆਪਸੀ



ਸਹਿਮਤੀ ਨਾਲ ਤਲਾਕ ਹੋ ਜਾਵੇ, ਇਸ ਤੋਂ ਬੇਹਤਰ ਕੁਝ ਨਹੀਂ। ਮੇਰਾ ਤਾਂ ਕੰਮ ਹੀ ਵਕਾਲਤ ਦਾ ਏ। ਰੁਲ ਜਾਂਦੀਆਂ ਨੇ ਇਨਸਾਫ਼ ਦੀ... ।"

ਉਹ ਬੋਲ ਰਿਹਾ ਸੀ, ਪਰ ਮੇਰਾ ਹੋਰ ਸੁਣਨ ਦਾ ਮਾਦਾ ਜਵਾਬ ਦੇਣ ਲੱਗਿਆ। ਮੈਂ ਆਖਿਆ, "ਮੈਨੂੰ ਨਹੀਂ ਚਾਹੀਦਾ ਤਲਾਕ। ਤੂੰ ਨਹੀਂ ਜੀ ਸਕਦਾ ਕਿਸੇ ਹੋਰ ਬਗੈਰ ਤਾਂ ਜਾ ਉਸ ਨਾਲ ਜਿੱਥੇ ਜਾਣਾ। ਇਹ ਮੇਰਾ ਘਰ ਹੈ। ਮੇਰੇ ਸੁਪਨਿਆਂ ਦਾ ਸੰਸਾਰ।"

"ਇਹ ਘਰ ਤਾਂ ਨਾ ਹੁਣ ਤੇਰਾ ਤੇ ਨਾ ਮੇਰਾ। ਪੈਸਿਆਂ ਦੀ ਲੋੜ ਸੀ। ਘਰ ਵੇਚਣਾ ਪੈ ਗਿਆ।" ਅਵਿਨਾਸ਼ ਨੇ ਅਜਿਹਾ ਵਾਰ ਕੀਤਾ, ਮੇਰਾ ਧੁਰ ਅੰਦਰ ਹਿੱਲ ਗਿਆ।

"ਕੀ, ਕੀ ਕਿਹਾ? ਘਰ ਵੇਚ 'ਤਾ। ਕਦੋਂ, ਕਿਵੇਂ? ਘਰ ਤਾਂ ਮੇਰੇ ਨਾਂ ਏ। ਮੇਰੀ ਮਰਜੀ ਬਗੈਰ ਕਿਵੇਂ ਵਿਕ ਗਿਆ? ਮਾਂ ਮਰੀ 'ਤੇ ਸਾਡੇ ਭੈਣ-ਭਰਾਵਾਂ ਦੇ ਹਿੱਸੇ ਜੋ ਤਿਲ-ਫੁੱਲ ਆਇਆ। ਮੈਂ ਇਹ ਘਰ ਉਸਾਰਨ 'ਤੇ ਲਾ ਦਿੱਤਾ। ਐਵੇਂ ਕਿਵੇਂ ਵਿਕ ਗਿਆ।" ਮੈਨੂੰ ਥੱਬਲੀਆਂ ਪੈਣ।

"ਤੇਰੀ ਮਰਜੀ ਨਾਲ ਹੀ ਵਿਕਿਐ।" ਮੇਰੇ ਅੰਦਰ ਜਿਵੇਂ ਆਰੀ ਫਿਰ ਗਈ ਹੋਵੇ।

ਮੈਂ ਅੱਖਾਂ ਬੰਦ ਕਰਕੇ ਅਵਿਨਾਸ਼ ਜਿੱਥੇ ਕਹਿੰਦਾ ਦਸਤਖ਼ਤ ਕਰ ਦਿੰਦੀ। ਕਦੀ ਨਾ ਪੁੱਛਿਆ ਕੀ ਕਰ ਰਿਹਾ, ਕੀ ਨਹੀਂ। ਉਹ ਜੋ ਵੀ ਕਰੇਗਾ ਮੇਰੇ ਤੇ ਬੱਚਿਆਂ ਦੇ ਹਿਤ 'ਚ ਹੀ ਕਰੇਗਾ। ਪਰ ਨਹੀਂ, ਵਕਤ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦਾ। ਕੁਝ ਹੋਰ ਦਾ ਹੋਰ ਹੀ ਬਣਾ ਦਿੰਦੈ, ਜਿਸ ਦੀ ਜੂਨੀ ਪਰਖ ਤੋਂ ਬਾਹਰ ਵੀ ਹੋ ਸਕਦੀ ਹੈ। ਕੱਲ੍ਹ ਤੱਕ ਜੋ ਮੇਰਾ ਸੀ। ਕੁਝ ਵੀ ਮੇਰਾ ਨਾ ਰਿਹਾ। ਨਾ ਘਰ, ਨਾ ਘਰਵਾਲਾ। ਸਮਝ ਨਾ ਆਵੇ ਕੀ ਕਰਾਂ, ਕਿੱਧਰ ਜਾਵਾਂ? ਮੈਂ ਚੁੱਪ ਵੱਟ ਲਈ, ਪਰ ਕੋਈ ਚੁੱਪ ਰਹਿਣ ਵੀ ਦੇਵੇ।

ਕੁਝ ਦਿਨ ਪਏ। ਮੈਨੂੰ ਮਕਾਨ ਖ਼ਾਲੀ ਕਰਨ ਦਾ ਲੀਗਲ ਨੋਟਿਸ ਆ ਗਿਆ। ਮੇਰੇ ਮਕਾਨ 'ਚੋਂ ਨਿਕਲ ਜਾਣ ਦਾ ਸਰਕਾਰੀ ਨੋਟਿਸ ਫੜੀ ਮੇਰੇ ਹੱਥ ਨਹੀਂ ਮੇਰੇ ਸਰੀਰ ਨੂੰ ਕੰਬਣੀ ਛਿੜ ਗਈ। ਕਹਿੰਦੇ ਆ ਕੋਈ ਆਪਣਾ ਮਾਰੇਗਾ ਵੀ, ਗਿੱਲੀ ਥਾਂ ਨਹੀਂ ਸੁੱਕੀ ਥਾਂ ਹੀ ਸੁੱਟੇਗਾ। ਸੱਚਮੁੱਚ ਅਵਿਨਾਸ਼ ਨੇ ਮੈਨੂੰ ਅਜਿਹੇ ਰੇਤਲੇ ਸਮੁੰਦਰ 'ਚ ਸੁੱਟਿਆ ਸੀ, ਜਿੱਥੇ ਮੈਨੂੰ ਸੁੱਕੇ ਸੰਘ ਡੋਬੂ ਆ ਰਹੇ ਸਨ। ਬਚਣ ਦਾ ਰਾਹ ਨਾ। ਪਤੀ 'ਤੇ ਅੰਨ੍ਹਾ ਵਿਸ਼ਵਾਸ ਕਰਕੇ ਮੈਂ ਹੱਥੀਂ ਹੱਥ ਵਢਾ ਲਏ। ਅਵਿਨਾਸ਼ ਵਕੀਲ ਸੀ। ਕਾਨੂੰਨੀ ਦਾਅ-ਪੇਚ ਖੇਡਣਾ ਖ਼ੂਬ ਜਾਣਦਾ। ਅਖੇ, "ਮਕਾਨ ਤਾਂ ਮਿਲਣੋਂ ਰਿਹਾ, ਇੱਜ਼ਤ ਬਚੀ ਰਹਿ ਜਾਏ, ਲੱਖ ਵੱਟੀਏ। ਮੈਂ ਮਕਾਨ ਕਿਰਾਏ 'ਤੇ ਵੇਖ ਲਿਐ।" ਤੇ ਬਸ, ਆਪਣੇ ਘਰ 'ਚੋਂ ਬੇਘਰ ਹੋ ਕਿਰਾਏ ਦੇ ਮਕਾਨ 'ਚ ਆ ਗਏ।

ਕੁਝ ਚਿਰ ਚੁੱਪ ਪਸਰੀ ਰਹੀ। ਹੌਲੀ-ਹੌਲੀ ਅਵਿਨਾਸ਼ ਦਾ ਘਰ ਆਉਣਾ ਘਟਣ ਲੱਗਾ। 'ਅੱਜ ਉੱਥੇ ਜਾਣਾ ਪੈ ਗਿਐ, ਅੱਜ ਉੱਥੇ' ਨਿੱਤ ਨਵੇਂ ਬਹਾਨੇ। ਉਹ ਘਰ ਚਲਾਉਣ ਲਈ ਸਮੇਂ ਸਿਰ ਖ਼ਰਚ-ਪਾਣੀ ਦੇ ਰਿਹਾ ਸੀ ਤੇ ਮੈਂ ਵਕਤ ਬਦਲਣ ਦੀ ਉਡੀਕ ਵਿੱਚ ਦਿਨ ਲੰਘਾਉਣ ਲੱਗੀ।

ਆਸ ਬਾਕੀ ਸੀ। ਸ਼ਾਇਦ, ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਪਰਤ ਆਵੇ, ਪਰ ਨਹੀਂ। ਅਵਿਨਾਸ਼ ਦੇ ਮਾਮਲੇ 'ਚ ਸਾਰੇ ਕਿਆਸ ਮੇਰੇ ਮੂੰਹ 'ਤੇ ਉਲਟੇ ਹੱਥ ਦੀ ਚਪੇੜ ਬਣ ਵੱਜਣ ਲੱਗੇ। ਘਰ ਦਾ ਖ਼ਰਚਾ ਦੇਣਾ ਬੰਦ ਕੀਤਾ, ਫਿਰ ਬੱਚਿਆਂ ਦੀ ਸਕੂਲ ਫੀਸ ਭਰਨੀ ਬੰਦ ਕਰ ਦਿੱਤੀ।

ਅਵੀ ਦੇ ਸਕੂਲ ਤੋਂ ਫੀਸ ਦਾ ਨੋਟਿਸ ਆਇਆ। ਗੱਲ ਕਰਨ ਗਈ, ਪ੍ਰਿੰਸੀਪਲ ਮੈਡਮ ਨੂੰ ਸਾਰਾ ਸੱਚ ਬਿਆਨ ਕਰ ਦਿੱਤਾ। ਠੰਡਾ ਹਉਕਾ ਭਰਦੀ ਨੇ ਮੈਨੂੰ ਆਪਣੇ ਪੈਰਾਂ ਸਿਰ ਖੜ੍ਹੀ ਹੋਣ ਦੀ ਸਲਾਹ ਹੀ ਨਾ ਦਿੱਤੀ, ਕਿੰਡਰ ਗਾਰਡਨ ਟੀਚਰ ਵਜੋਂ ਸਕੂਲ ਜੁਆਇਨ ਕਰਨ ਦੀ ਆਫ਼ਰ ਵੀ ਕਰ ਦਿੱਤੀ। ਡਿੱਗਦੀ ਛੱਤ ਨੂੰ ਬੱਲੀ ਦਾ ਸਹਾਰਾ। ਸਕੂਲ ਸਟਾਫ਼ ਮੈਂਬਰਾਂ ਦੇ ਬੱਚਿਆਂ ਦੀ ਅੱਧੀ ਫ਼ੀਸ ਮਾਫ਼ ਦੀ ਤਜਵੀਜ਼ ਮੇਰੇ ਮਨ ਲੱਗ ਗਈ। ਮੈਂ ਘਰ ਵਾਪਸ ਮੁੜਨ ਦੀ ਬਜਾਏ ਉਸੇ ਵੇਲੇ ਸਕੂਲ ਜੁਆਇਨ ਕਰਨ ਦੀ ਹਾਮੀ ਭਰ ਦਿੱਤੀ। ਮੈਂ ਕਿਸੇ ਨਾਲ ਘੱਟ ਹੀ ਗੱਲ ਕਰਦੀ। ਦੁੱਧ ਦਾ ਸੜਿਆ ਲੱਸੀ ਵੀ ਫੂਕ-ਫੂਕ ਕੇ ਪੀਂਦੈ, ਉਹੀ ਹਾਲ ਮੇਰਾ। ਮੈਨੂੰ ਹਰ ਚਿਹਰੇ ਦਾ ਰੰਗ ਅਨੀਤਾ ਤੇ ਅਵਿਨਾਸ਼ ਵਾਂਗ ਧੋਖੇਬਾਜ਼ ਦਿਸਦਾ। ਇਸ ਦੇ

ਬਾਵਜੂਦ ਮਨੀਸ਼ਾ ਨਾਲ ਸਾਂਝ ਬਣਨ ਲੱਗੀ।

ਇੱਕ ਦਿਨ ਲੰਚ ਬ੍ਰੇਕ 'ਚ ਖਾਣਾ ਖਾਂਦਿਆਂ ਉਸੇ ਨੇ ਗੱਲ ਛੇੜੀ, "ਕਿਰਨ ਤੂੰ ਲੱਖ ਚੁੱਪ ਵੱਟ, ਪਰ ਤੇਰੇ ਨਾਲ ਜੋ ਹੋਈ ਵਾਪਰੀ ਹੈ, ਉਸ ਬਾਰੇ ਕੌਣ ਨਹੀਂ ਜਾਣਦਾ। ਤੂੰ ਆਪਣੇ ਹੱਕ ਲਈ ਨਾ ਸਹੀ, ਆਪਣੇ ਬਾਲਾਂ ਲਈ ਤਾਂ ਲੜ। ਹੋਰ ਕੁਝ ਨਹੀਂ, ਪਿਉ ਨੂੰ ਪਤਾ ਤੇ ਲੱਗੇ ਕਿ ਮਾਂ ਦੀ ਕੁੱਖ 'ਚ ਪਾਇਆ ਬੀਜ ਪਾਲਣ ਦਾ ਹੱਕ ਮਾਂ ਦਾ ਨਹੀਂ, ਬਾਪ ਦਾ ਹੁੰਦੈ। ਤੂੰ ਨਾ ਲੈ ਤਲਾਕ। ਆਪਣੇ ਬੱਚਿਆਂ ਲਈ ਖਰਚਾ ਤਾਂ ਲੈ।"

ਇਸ ਤੋਂ ਪਹਿਲਾਂ ਕਿ ਮੈਂ ਅਦਾਲਤੀ ਲੜਾਈ ਦਾ ਫ਼ੈਸਲਾ ਲੈਂਦੀ, ਉੱਡਦੀ-ਉੱਡਦੀ ਗੱਲ ਮੇਰੇ ਤੱਕ ਆ ਪਹੁੰਚੀ। ਅਨੀਤਾ ਅਵਿਨਾਸ਼ ਦੇ ਬੱਚੇ ਦੀ ਮਾਂ ਬਣਨ ਵਾਲੀ ਹੈ। ਮੈਨੂੰ ਦੰਦਲਾਂ ਪੈਣ। ਬੰਦੇ ਨੇ ਮੇਰੇ ਸਿਰ 'ਤੇ ਲਿਆ ਕੇ ਦੂਜੀ ਜ਼ਨਾਨੀ ਬਿਠਾ ਲਈ। ਸੋਚਿਆ ਦੇਰ-ਸਵੇਰ ਭੁੱਲਿਆ-ਭਟਕਿਆ ਘਰ ਪਰਤ ਆਵੇਗਾ, ਪਰ ਇਹ ਤਾਂ ਟੁੱਟੇ ਛਿੱਤਰ ਵਾਂਗ ਅੱਗੇ ਹੀ ਵੱਧਣ ਲੱਗਿਐ।

ਮੈਂ ਅਵਿਨਾਸ਼ ਕੋਲੋਂ ਪੁੱਛਾਂ, "ਇਹ ਸਭ ਕੀ ਹੈ?"

ਅਖੇ, "ਜਦੋਂ ਆਪਣੇ ਵਿੱਚ ਕੁਝ ਬਾਕੀ ਬਚਿਆ ਹੀ ਨਹੀਂ, ਫਿਰ ਮੈਂ ਕੀ ਕਰਦਾ... ਹਾਂ ਕੀ ਨਹੀਂ, ... ਤੈਨੂੰ ਕੀ ਮਤਲਬ?"

"ਬਾਕੀ ਕਿਉਂ ਨਹੀਂ ਬਚਿਆ ਅਵਿਨਾਸ਼। ਆਪਣੀ ਧੀ, ਆਪਣਾ ਪੁੱਤਰ। ਕੀ ਇਹ ਸਾਡੇ ਸਾਹਾਂ ਦੀ ਡੋਰ ਵੀ ਨਹੀਂ ਬਚੀ ਆਪਣੇ ਵਿੱਚ? ਫਿਰ ਮੈਂ ਕਿਹੜਾ ਸੁਖ ਨਹੀਂ ਦਿੱਤਾ। ਮੈਂ ਕਿੱਥੇ ਘੱਟ ਪੈ ਗਈ? ਰਸੋਈ ਵਿੱਚ ਜਾਂ ਬਿਸਤਰ ਵਿੱਚ?"

ਮੈਂ ਫਫਕ ਪਈ। ਪਤਾ ਨਹੀਂ ਕਿਹੜੇ ਮੋਹ ਦੀ ਤਾਰ ਬੱਝੀ ਸੀ ਜਿਹੜੀ ਮੈਨੂੰ ਅਵਿਨਾਸ਼ ਨਾਲੋਂ ਟੁੱਟਣ 'ਤੇ ਕੋਹ-ਕੋਹ ਕੇ ਮਾਰ ਰਹੀ ਸੀ।

"ਮੈਂ ਤੈਨੂੰ ਕੋਈ ਦੋਸ਼ ਨਹੀਂ ਦਿੰਦਾ, ਬਸ ਮੈਨੂੰ ਇਸ ਬੰਧਨ ਤੋਂ ਮੁਕਤੀ ਚਾਹੀਦੀ ਹੈ।"

"ਇੰਨੀ ਸੌਖੀ ਨਹੀਂ।"

ਮੈਨੂੰ ਤਲਾਕ ਨਹੀਂ ਚਾਹੀਦਾ ਸੀ, ਪਰ ਔਲਾਦ ਦੇ ਪਾਲਣ-ਪੋਸਣ ਦੀ ਜ਼ਿੰਮੇਵਾਰੀ ਮਾਂ ਦੀ ਹੀ ਨਹੀਂ ਪਿਤਾ ਦੀ ਵੀ ਹੁੰਦੀ ਏ। ਹੋਰ ਕੁਝ ਨਹੀਂ, ਘੱਟੋ-ਘੱਟ ਬੱਚਿਆਂ ਦਾ ਖ਼ਰਚ ਤਾਂ ਚੁੱਕੇ।

ਮਨੀਸ਼ਾ ਦੀ ਗੱਲ ਮੇਰੇ ਮਨ ਲੱਗ ਗਈ। ਮੈਂ ਆਪਣੇ ਬੱਚਿਆਂ ਦਾ ਹੱਕ ਦੁਆਉਣ ਲਈ ਅਦਾਲਤ ਦੀ ਸ਼ਰਨ ਜਾ ਲਈ। ਰਾਹ ਪਏ ਜਾਣੀਏਂ ਜਾਂ ਵਾਹ ਪਏ। ਸੱਚ ਕਹਿੰਦੇ ਆ, ਹਸਪਤਾਲ ਤੇ ਅਦਾਲਤਾਂ ਦੇ ਚੱਕਰ 'ਚ ਤਾਂ ਰੱਬ ਵੈਰੀ ਦੁਸ਼ਮਣ ਨੂੰ ਨਾ ਪਾਵੇ। ਇੰਜ ਲੱਗਦੈ ਜਿਵੇਂ ਕਾਨੂੰਨ ਨਿਆਂ ਦੁਆਉਣ ਲਈ ਨਹੀਂ, ਗੁਨਾਹਗਾਰ ਨੂੰ ਬਚਾਉਣ ਲਈ ਘੜੇ ਹੋਣ। ਕਿਸੇ ਦਾ ਤਾਂ ਪਤਾ ਨਹੀਂ ਪਰ ਮੈਨੂੰ ਅਜਿਹਾ ਅਨੁਭਵ ਹੀ ਮਿਲਿਆ। ਕਹਿਣ ਨੂੰ ਔਰਤਾਂ ਵਾਸਤੇ ਮੁਫ਼ਤ ਕਾਨੂੰਨੀ ਸਹਾਇਤਾ ਦਾ ਪ੍ਰਬੰਧ, ਪਤਾ ਉਦੋਂ ਲੱਗਾ ਜਦੋਂ ਵਕੀਲ ਆਏ ਦਿਨ ਫੀਸ ਦੇ ਨਾਂ 'ਤੇ ਤਲੀ ਅੱਡ ਖਲੋਂਦਾ। ਪ੍ਰਾਈਵੇਟ ਨੌਕਰੀ ਦੇ ਨਾਲ ਮੈਂ ਟਿਊਸ਼ਨਾਂ ਪੜ੍ਹਾਉਣ ਲੱਗੀ। ਮਿਹਨਤ ਵਕੀਲ ਦੇ ਖੂਹ 'ਚ। ਦੋ ਸਾਲ ਹੋ ਗਏ ਧੱਕੇ ਖਾਂਦਿਆਂ। ਅਵਿਨਾਸ਼ ਅਨੀਤਾ ਦਾ ਜੰਮਿਆ ਪੁੱਤਰ ਉਂਗਲ ਲਾ ਕੇ ਮੇਰੇ ਸਾਹਮਣੇ ਆ ਖਲੋਂਦਾ।

ਮੈਂ ਬਿਨਾਂ ਤਲਾਕ ਲਏ ਅਵਿਨਾਸ਼ ਨੂੰ ਅਨੀਤਾ ਨਾਲ ਵਿਆਹ ਕਰਵਾਉਣ ਦੀ ਸਜ਼ਾ ਦੁਆਉਣ ਦੀ ਮੰਗ ਕੀਤੀ। ਅਗਲਾ ਕਹਿੰਦਾ, "ਮੈਂ ਤੇ ਅਨੀਤਾ ਨਾਲ ਵਿਆਹ ਕਰਵਾਇਆ ਹੀ ਨਹੀਂ।"

ਜੇ ਵਿਆਹ ਨਹੀਂ ਕਰਵਾਇਆ ਤਾਂ ਬੱਚਾ ਕਿੱਥੋਂ ਹੋ ਗਿਆ? ਅਨੀਤਾ ਦਾ ਜਵਾਬ ਵੇਖੋ। ਅਖੇ, "ਮੇਰੇ ਨਾਲ ਅਵਿਨਾਸ਼ ਨੇ ਕਦੀ ਕੋਈ ਜੋਰ-ਜਬਰਦਸਤੀ ਨਹੀਂ ਕੀਤੀ। ਨਾ ਹੀ ਮੇਰਾ ਪੁੱਤਰ ਕੋਈ ਨਜਾਇਜ਼ ਔਲਾਦ ਹੈ। ਲਿਵ ਇਨ ਰਿਲੇਸ਼ਨਸ਼ਿਪ 'ਚ ਸਾਡੀ ਆਪਸੀ ਸਹਿਮਤੀ ਨਾਲ ਬਣੇ ਸਬੰਧਾਂ ਦੀ ਜਾਇਜ਼ ਸੰਤਾਨ ਹੈ ਮੇਰਾ ਬੱਚਾ। ਅਵਿਨਾਸ਼ ਮੇਰਾ ਪਤੀ ਨਹੀਂ, ਮੇਰੇ ਬੱਚੇ ਦਾ ਪਿਤਾ ਹੈ।"



ਰਿਸ਼ਤਾ ਨਾਜਾਇਜ਼, ਔਲਾਦ ਜਾਇਜ਼। ਇਹ ਕੈਸੀ ਕਾਨੂੰਨੀ ਵਿਡੰਬਨਾ ਹੈ। ਸੋਚ ਕੇ ਹਾਸਾ ਆਵੇ ਵਿਆਹ ਕਰਵਾ ਕੇ ਗੁਨਾਹਗਾਰ ਹੋ ਗਈ ਮੈਂ ਤੇ ਅਗਲੀ ਲਿਵ ਇਨ 'ਚ ਰਹਿ ਕੇ ਘਰਵਾਲੀ ਹੋ ਗਈ। ਮੈਂ ਰਖੇਲ ਵੀ ਨਾ। ਘਰ ਮੇਰਾ, ਪਤੀ ਮੇਰਾ, ਮਾਲਕ ਕੋਈ ਹੋਰ ਹੋ ਗਏ। ਭੁੱਖੀ ਨੰਗੀ ਅਨੀਤਾ ਰਾਜ 'ਤੇ ਚੜ੍ਹ ਗਈ। ਮੈਂ ਤੇ ਮੇਰੇ ਬੱਚੇ ਰਹਿ ਗਏ ਠੋਕਰਾਂ ਖਾਣ ਲਈ।

'ਰਾਣੀ ਸੀ ਜੋ ਗੋਲੀ ਹੋਈ, ਗੋਲੀ ਹੋਈ ਰਾਣੀ।' ਨਿੱਕੇ ਹੁੰਦਿਆਂ ਤੋਂ ਮਾਂ ਨਾਲ ਕਰਵਾ ਚੌਥ ਦੀ ਕਥਾ ਸੁਣਦੀ, ਮੈਂ ਅਵਿਨਾਸ਼ ਦੀ ਅਰਧਾਂਗਨੀ ਬਣ ਉਸ ਦੀ ਲੰਮੀ ਉਮਰਾਂ ਲਈ ਵਰਤ ਰੱਖਣ ਲੱਗ ਪਈ। ਕਥਾ ਨਾ ਬਦਲੀ। ਚੰਨ ਉਗਮਨ ਤੋਂ ਪਹਿਲਾਂ ਰਾਣੀ ਭਰਾਵਾਂ ਦੇ ਕਹਿਣ 'ਤੇ ਅੰਨ-ਜਲ ਗ੍ਰਹਿਣ ਕਰ ਲੈਂਦੀ ਹੈ। ਰਾਜਾ ਮੂਰਛਿਤ ਹੋ ਜਾਂਦਾ ਹੈ। ਗੋਲੀ ਮੌਕੇ ਦਾ ਫ਼ਾਇਦਾ ਉਠਾ ਰਾਣੀ ਬਣ ਜਾਂਦੀ ਹੈ। ਅੰਤ ਸੱਚ ਜਗ੍ਹਾ ਲੈਂਦਾ ਹੈ। ਰਾਣੀ ਫਿਰ ਰਾਣੀ ਤੇ ਗੋਲੀ ਅੰਤ ਗੋਲੀ ਹੋ ਜਾਂਦੀ ਹੈ। ਰਾਣੀ ਗੋਲੀ ਤੇ ਗੋਲੀ ਰਾਣੀ ਵਾਲੀ ਲੋਕ ਕਥਾ ਦੀ ਮਹਾਂਨਾਇਕਾ ਬਣੀ ਮੈਨੂੰ ਦੁਬਾਰਾ ਸੁਖਦ ਅੰਤ ਦੀ ਉਮੀਦ ਜਾਗਦੀ, ਪਰੰਤੂ ਅਜਿਹਾ ਨਹੀਂ ਹੋਇਆ। ਵਕਤ ਨਾਲ ਕਹਾਣੀਆਂ ਦੇ ਯਥਾਰਥ ਬਦਲ ਜਾਂਦੇ ਹਨ। ਮੇਰਾ ਰਾਜ-ਭਾਗ ਐਸਾ ਖੁੱਸਿਆ ਫਿਰ ਨਾ ਮਿਲਿਆ। ਰਾਣੀ ਗੋਲੀ ਬਣ ਕੇ ਦੁਨੀਆਂ ਤੋਂ ਮੂੰਹ ਲੁਕੋਂਦੀ ਫਿਰੇ ਤੇ ਗੋਲੀ ਸਾਂਈਂ ਤੇ ਛੱਤ ਵਾਲੀ ਹੋ ਕੇ ਦੁਨੀਆਂ ਦੀ ਹਿੱਕ 'ਤੇ ਨੱਚਣ ਲੱਗੀ।

ਅੰਤ ਮਨ ਨੂੰ ਸਮਝਾ ਲਿਆ। ਕਿਸੇ ਨੂੰ ਕੀ ਦੋਸ਼? ਜਦੋਂ ਆਪਣਾ ਭਾਂਡਾ ਚਿੱਬਾ ਪੈ ਗਿਆ। ਹਾਲਾਤ ਮੇਰੇ ਬਾਲਾਂ ਨੂੰ ਉਮਰ ਨਾਲੋਂ ਪਹਿਲਾਂ ਵੱਡਾ ਬਣਾਉਣ ਲੱਗੇ ਤੇ ਮੈਨੂੰ ਜੋਬਨ ਰੁੱਤੇ ਬੁਢਾਪਾ ਘੇਰਨ ਲੱਗਿਆ।

ਚੌਥਾ ਖੌਰੇ ਪੰਜਵਾਂ ਸਾਲ ਸੀ ਕੇਸ ਦਾ। ਅਵੀ ਨੇ ਮੈਨੂੰ ਅਦਾਲਤੀ ਲੜਾਈ ਬੰਦ ਕਰਕੇ ਸਕੂਨ ਦੀ ਜ਼ਿੰਦਗੀ ਜੀਉਣ ਦੀ ਜ਼ਿੱਦ ਫੜ ਲਈ। ਆਖਿਰ ਪੁੱਤਰ ਦੀ ਦਲੀਲ ਅੱਗੇ ਹਥਿਆਰ ਸੁੱਟਣੇ ਪਏ। ਅਖੇ, "ਮੰਮਾ ਜਦੋਂ ਪਿਉ ਹੀ ਆਪਣਾ ਨਾ ਬਣਿਆ ਤਾਂ ਉਸ ਦੀ ਜਾਇਦਾਦ ਦਾ ਕੀ ਲੈਣਾ। ਮੇਰੇ ਸਿਰ 'ਤੇ ਹੱਥ ਰੱਖ ਕੇ ਕਸਮ ਖਾਓ, ਮਰਦੇ ਮਰ ਜਾਵਾਂਗੇ ਪਰ ਉਸ ਬੰਦੇ ਕੋਲੋਂ ਇੱਕ ਪੈਸਾ ਨਹੀਂ ਲੈਣਾ। ਛੱਡੋ ਅਦਾਲਤਾਂ ਦੇ ਧੱਕੇ ਖਾਣੇ। ਸਕੂਲ ਖਤਮ ਹੋ ਗਿਆ। ਕਾਲਜ ਦੀ ਪੜ੍ਹਾਈ ਦੇ ਨਾਲ ਮੈਂ ਪਾਰਟ ਟਾਇਮ ਜੌਬ ਕਰਾਂਗਾ। ਦੋ-ਤਿੰਨ ਸਾਲ ਹੋਰ। ਤੇ ਬਸ ਫਿਰ, ਤੁਹਾਡੇ ਪੁੱਤਰ ਦੇ ਗਲ ਵਰਦੀ ਤੇ ਵਰਦੀ ਦੇ ਮੋਢੇ 'ਤੇ ਸਟਾਰ। ਮੈਨੂੰ ਨਹੀਂ ਚਾਹੀਦੀ ਉਸ ਬੰਦੇ ਦੀ ਇੱਕ ਦੁਆਨੀ, ਜਿਸ ਨੇ ਸਾਨੂੰ ਜੀਉਂਦੇ ਜੀਅ ਮਰਿਆ ਐਲਾਨਣ ਲੱਗਿਆਂ ਇੱਕ ਵਾਰ ਨਾ ਸੋਚਿਆ। ਮੈਂ ਛੋਟਾ ਸੀ, ਪਰ ਮੇਰੇ ਅੰਦਰ ਪਾਪਾ ਦੇ ਆਖੇ ਸ਼ਬਦ 'ਮਰ ਗਿਆ ਤੇਰਾ ਪੁੱਤਰ, ਤੈਨੂੰ ਤੇਰੇ ਮਰੇ ਪੁੱਤਰ ਦੀ ਸਹੁੰ' ਮੇਰੇ ਨਾਲ-ਨਾਲ ਵੱਡੇ ਹੋਏ ਨੇ।"

'ਕਿਉਂ ਮਰੇ ਮੇਰਾ ਪੁੱਤਰ?' ਬੁਰੇ ਖ਼ਿਆਲ ਦੀ ਦਹਿਲਾਈ ਮੈਂ ਭੱਜ ਕੇ ਆਈ. ਸੀ.ਯੂ. ਵੱਲ ਹੋ ਗਈ। ਜਿਉਂ ਦਾ ਤਿਉਂ ਬੇਸੁੱਧ ਪਿਐ ਮੇਰਾ ਅਵੀ। ਮੇਰਾ ਰੋਣ ਨਿਕਲ ਗਿਆ। ਦਿਲ 'ਚ ਆਇਆ ਕਾਲਰ ਤੋਂ ਘੜੀਸ ਕੇ ਅਵਿਨਾਸ਼ ਨੂੰ ਦੂਰ ਕਿਧਰੇ ਸੁੱਟ ਆਵਾਂ। ਅੱਗ ਲੱਗੇ ਮੇਰੇ ਪੁੱਤਰ ਨੂੰ ਬਦ-ਦੁਆਵਾਂ ਦੇਣ ਵਾਲੀ ਜ਼ੁਬਾਨ ਨੂੰ। ਮੋਢੇ 'ਤੇ ਹੱਥ ਮਹਿਸੂਸ ਹੋਇਆ। ਮੈਂ ਤ੍ਰਭਕੀ। ਭੌਂਅ ਕੇ ਵੇਖਿਆ, ਮਨੀਸ਼ਾ ਸੀ।

ਮੇਰੇ ਅੰਦਰੋਂ ਉਬਾਲ ਉੱਠਿਆ ਤੇ ਮਨੀਸ਼ਾ ਦੇ ਗਲ ਲੱਗ ਰੋਂਦੀ ਰਹੀ ਕਿੰਨਾ ਹੀ ਚਿਰ। ਰੋਣਾ ਹਟਕੋਰੇ ਲੈਣ ਲੱਗਿਆ। ਉਸ ਮੈਨੂੰ ਮੋਢੇ 'ਤੋਂ ਫੜ ਸਿੱਧੇ ਕਰ ਪੁੱਛਿਆ, "ਕਿਵੇਂ ਹੈ ਅਵੀ? ਕੀ ਕਹਿੰਦਾ ਡਾਕਟਰ? ਪੈਸਿਆਂ ਦਾ ਹੋਇਆ ਕੋਈ ਪ੍ਰਬੰਧ?" ਉਸ ਦੇ ਇੱਕੋ ਸਾਹ ਪੁੱਛੇ ਸਵਾਲਾਂ ਦਾ ਜਵਾਬ ਮੈਂ ਨਾਂਹ 'ਚ ਸਿਰ ਹਿਲਾ ਕੇ ਦਿੱਤਾ। ਮੇਰਾ ਫਿਰ ਰੋਣਾ ਛੁੱਟ ਗਿਆ।

"ਮੇਰੀ ਹੋਈ ਏ ਕਿਸੇ ਨਾਲ ਗੱਲ। ਇਹ ਫੜ ਟਿਫਿਨ। ਰੋਟੀ ਲਿਆਂਦੀ ਏ, ਖਾ ਲੈ ਤੂੰ। ਆਈ ਮੈਂ।" ਆਖ ਕੇ ਉਹ ਚਲੀ ਗਈ। ਮੈਂ ਫਿਰ ਆਈ. ਸੀ.ਯੂ. ਦੇ ਗੇਟ 'ਚ ਲੱਗੇ ਸ਼ੀਸ਼ੇ ਨੂੰ ਅੱਖਾਂ ਜਾ ਲਾਈਆਂ। ਕੋਲ ਤਾਂ ਬੈਠਣ ਨਹੀਂ ਦਿੰਦੇ। ਮਿਲਣ ਲਈ ਝੱਟ ਘੜੀ ਦਾ ਸਮਾਂ, ਬਾਕੀ ਵੇਟਿੰਗ ਹਾਲ 'ਚ ਬੈਠੇ ਝਾਤੀਆਂ ਮਾਰੀ ਜਾਓ। ਬਸ ਇਹ ਝਾਤੀ ਹੀ ਆਸ।

ਦੋ ਮਹੀਨੇ ਹੋ ਗਏ। ਹਸਪਤਾਲ ’ਚ ਪੱਕਾ ਡੇਰਾ ਹੋਇਆਂ। ਤਿੰਨ ਅਪਰੇਸ਼ਨਾਂ ਨੇ ਕੀ ਹਾਲ ਬਣਾ ਕੇ ਰੱਖ’ਤਾ। ਸ਼ਕਲੋਂ ਬੇਸ਼ਕਲ ਹੋ ਗਿਆ ਮੇਰਾ ਪੁੱਤਰ। ਕਈ ਵਾਰੀ ਤਾਂ ਸ਼ੰਕਾ ’ਚ ਘਿਰ ਜਾਨੀ ਆਂ। ‘ਕੀ ਇਹ ਮੇਰਾ ਹੀ ਅਵੀ ਏ? ਕਿਧਰੇ ਡਾਕਟਰਾਂ ਨੇ ਕਿਸੇ ਹੋਰ ਨਾਲ ਬਦਲ ਤਾਂ ਨਹੀਂ ਦਿੱਤਾ।’ ਪਾਗਲਾਂ ਵਾਂਗ ਉਸ ਦੇ ਮੂੰਹ ਵੱਲ ਵੇਖਦੀ ‘ਅਵੀ, ਅਵੀ’ ਆਵਾਜ਼ਾਂ ਮਾਰਨ ਲੱਗਦੀ ਹਾਂ। ਕਦੀ ਮੇਰਾ ਹੀ ਪੁੱਤਰ ਹੋਣ ਦੀ ਨਿਸ਼ਾਨਦੇਹੀ ਕਰਨ ਲਈ ਉਸ ਦੇ ਸਰੀਰ ਦੇ ਨਿਸ਼ਾਨ ਫਰੋਲਣ ਲੱਗਦੀ ਹਾਂ। ਕੀ ਕਰਾਂ, ਹੁੰਗਾਰਾ ਹੀ ਨਹੀਂ ਭਰਦਾ। ਇਹ ਵੀ ਸਮਝ ਨਹੀਂ ਪੈਂਦੀ, ਮੇਰੀ ਆਵਾਜ਼ ਸੁਣਦਾ ਵੀ ਏ ਕਿ ਨਹੀਂ। ਦਿਲ ਡੁੱਬ-ਡੁੱਬ ਜਾਂਦੈ। ਪਲ਼-ਪਲ਼ ਮੂੰਹ ਵੇਖਦਿਆਂ ਉੱਨੀ ਵਰ੍ਹਿਆਂ ਦਾ ਹੋਇਆ। ਉੱਚਾ-ਲੰਬਾ, ਹੱਡਾਂ-ਪੈਰਾਂ ਦਾ ਖੁੱਲ੍ਹਾ। ਰੋਜ਼ ਘੱਟਦਾ ਅੱਧਾ ਨਹੀਂ ਰਹਿ ਗਿਆ।

ਪਾਣੀ ਤਰ੍ਹਾਂ ਪੈਸਾ ਇਲਾਜ ’ਤੇ ਲੱਗੀ ਜਾਂਦੈ। ਭਲਾ ਉਲਾਦ ਤੋਂ ਉੱਤੇ ਕੀ? ਜੋ ਹੱਥ-ਪੱਲੇ ਸੀ ਸਭ ਲੱਗ ਗਿਆ। ਭੈਣਾਂ-ਭਰਾਵਾਂ ਨੇ ਵਿੱਤ ਮੁਜਬ ਮਦਦ ਕੀਤੀ, ਪਰ ਇਲਾਜ ਨਾਲ ਪੂਰੀ ਨਾ ਲੱਥੀ। ਜਿਵੇਂ-ਜਿਵੇਂ ਅਗਲੇ ਅਪਰੇਸ਼ਨ ਦਾ ਸਮਾਂ ਨੇੜੇ ਆ ਰਿਹੈ, ਮੈਂ ਅੰਦਰੇ-ਅੰਦਰ ਮਰਨ ਲੱਗੀ ਆਂ। ਇੰਨੀ ਵੱਡੀ ਰਕਮ ਦਾ ਪ੍ਰਬੰਧ ਕਿੱਥੋਂ ਤੇ ਕਿਵੇਂ ਹੋਊ?

ਮੋਹ ਦੀਆਂ ਤੰਦਾਂ ਨਾੜੂਏ ਦੀਆਂ ਮੁਥਾਜ ਨਹੀਂ ਹੁੰਦੀਆਂ, ਕੁਝ ਅਜਿਹਾ ਹੀ ਸਾਥ ਨਿਭਾਇਆ ਔਖੇ ਵੇਲੇ ਹਮਦਰਦ ਬਣੀ ਮਨੀਸ਼ਾ ਨੇ। ਜਿੰਨੀ ਮਦਦ ਕਰ ਸਕਦੀ ਸੀ, ਬਿਨਾਂ ਆਖੇ ਕੀਤੀ। ਕਿੱਧਰੋਂ ਢੋਈ ਬਣਦੀ ਨਾ ਵੇਖ, ਮਗਰ ਪਈ ਏ। ਅਖੇ, “ਕਿਰਨ ਮੇਰੀ ਮੰਨ, ਸੋਸ਼ਲ ਮੀਡੀਆ ’ਤੇ ਅਸੀਂ ਅਵੀ ਦੇ ਅਪਰੇਸ਼ਨ ਲਈ ਮਦਦ ਮੰਗ ਸਕਦੇ ਹਾਂ। ਔਖੇ ਵੇਲੇ ਜਿਹੜਾ ਕੰਮ ਆ ਜਾਵੇ ਉਹੀ ਰੱਬ। ਫਿਰ ਦਰ ਕੋਈ ਧਾਰਮਿਕ ਸਥਾਨ ਹੋਵੇ ਜਾਂ ਸੋਸ਼ਲ ਨੈੱਟਵਰਕ। ਕੀ ਫ਼ਰਕ ਪੈਂਦੈ?”

“ਭੀਖ ਮੰਗਾਂਗੇ ਹੁਣ ?” ਮੈਂ ਉਲਟਾ ਸਵਾਲ ਦਾਗਿਆ ਸੀ।

“ਮੈਨੂੰ ਕੰਮ ਏ। ਚੱਲਦਾਂ ਮੈਂ।”

ਪਿੱਠ ਪਿੱਛੋਂ ਆਵਾਜ਼ ਸੁਣ ਮੈਂ ਤ੍ਰਭਕੀ। ਅਵਿਨਾਸ਼ ਜਾਣ ਬਾਰੇ ਆਖ ਰਿਹਾ ਸੀ।

ਜਜ਼ਬਾਤੋਂ ਸੱਖਣੇ ਅਵਿਨਾਸ਼ ਦੇ ਬੋਲਾਂ ’ਚ ਕੋਈ ਅਹਿਸਾਸ ਨਹੀਂ। ਮੈਨੂੰ ਪਤਾ ਨਹੀਂ ਕੀ ਹੋਇਆ। ਅਵਿਨਾਸ਼ ਦੇ ਗਲ ਨਾਲ ਚਿੰਬੜ, ਫੁੱਟ-ਫੁੱਟ ਰੋਣ ਲੱਗੀ।

“ਹੌਂਸਲਾ ਰੱਖ। ਜੇ ਵਧੀ ਏ ਤਾਂ ਕੁਝ ਨਹੀਂ ਹੁੰਦਾ ਅਵੀ ਨੂੰ। ਰਹੀ ਗੱਲ ਅਪਰੇਸ਼ਨ ਦੀ ਪੇਮੈਂਟ ਦੀ, ਤਾਂ ਫਿਕਰ ਨਾ ਕਰ। ਮੈਂ ਹਾਂ।” ਆਖ ਕੇ ਉਹ ਚਲਾ ਗਿਆ। ਮੇਰੇ ਅੰਦਰੋਂ ਹੌਲ ਉੱਠਿਆ। ਆਪਣੇ-ਆਪ ’ਤੇ ਹੈਰਾਨੀ ਹੋਵੇ। ਪਲ਼ ਭਰ ਪਹਿਲਾਂ ਜਿਸ ਅਵਿਨਾਸ਼ ਨੂੰ ਧੂਹ ਕੇ ਦੂਰ ਸੁੱਟ ਆਉਣ ਲਈ ਕਾਹਲੀਆਂ ਪੈ ਰਹੀਆਂ ਸਨ, ਹੁਣ ਦਿਲ ਆਵੇ। ਆਖਾਂ, “ਮੈਨੂੰ ਤੇਰੀ ਬੜੀ ਲੋੜ ਏ ਅਵਿਨਾਸ਼। ਮੁੜ ਆ।”

ਉਹ ਚਲਾ ਗਿਆ। ਜਦੋਂ ਮੁੜਨ ਦਾ ਵੇਲਾ ਸੀ ਉਦੋਂ ਨਾ ਮੁੜਿਆ। ਮੈਂ ਵੇਟਿੰਗ ਚੇਅਰ ’ਤੇ ਬੈਠ ਮਨੀਸ਼ਾ ਦਾ ਰਾਹ ਉਡੀਕਣ ਲੱਗੀ ਹਾਂ। ਥੋੜ੍ਹੀ ਦੇਰ ਪਈ। ਅਵਿਨਾਸ਼ ਆਉਂਦਾ ਦਿਖਿਆ। ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ।

ਅਵਿਨਾਸ਼ ਮੇਰੇ ਕੋਲ ਆ ਖਲੋਤਾ। ਨਜ਼ਰ ਉਸ ਦੀ ਬਾਂਹ ਫੜੀ ਖੜੇ ਅੱਠ ਕੁ ਸਾਲਾਂ ਦੇ ਮੁੰਡੇ ’ਤੇ ਪਈ। ਦਿਲ ’ਚੋਂ ਉਬਾਲ ਉੱਠਿਆ, “ਐਡਾ ਕੁ ਸੀ ਮੇਰਾ ਅਵੀ ਜਦੋਂ ਅਵਿਨਾਸ਼ ਸਾਥੋਂ ਬਾਂਹ ਛੁਡਾਉਣ ਲਈ ਬੇਮੁੱਖ ਹੋਇਆ ਸੀ।”

“ਮੁੰਡੇ ਦੇ ਇਲਾਜ ਦੀ ਫਿਕਰ ਨਾ ਕਰੀਂ।”

ਚੈੱਕ ਮੇਰੇ ਵੱਲ ਵਧਾਉਂਦਾ ਅਵਿਨਾਸ਼ ਬੋਲਿਆ। ਅਜੀਬ ਕਸ਼-ਮ-ਕਸ਼ ’ਚ ਮੈਂ ਚੈੱਕ ਲੈਣ ਲਈ ਹੱਥ ਅੱਗੇ ਵਧਾਇਆ। ਨਜ਼ਰਾਂ ਚੈੱਕ ਉੱਤੇ ਕੀਤੇ ਅਨੀਤਾ ਦੇ ਹਸਤਾਖਰਾਂ ’ਤੇ ਰੁਕ ਗਈਆਂ। ਤੇ ਹੱਥ, ਹੱਥ ਨੂੰ ਲਕਵਾ ਮਾਰ ਗਿਆ।

**(ਸੰਪਰਕ-98146-70707)**



## ਕਹਾਣੀ / ਰੜਕ / - ਭੁਪਿੰਦਰ ਫ਼ੌਜੀ



ਜੂਨ ਦਾ ਮਹੀਨਾ ਅੱਤ ਦੀ ਗਰਮੀ ਪੈ ਰਹੀ ਸੀ। ਸਿਖਰ ਦੁਪਹਿਰ ਰਾਹਾਂ ਦੇ ਵਿੱਚ ਵੀ ਕੋਈ ਬਿਰਲਾ ਟਾਵਾਂ ਬੰਦਾ ਦਿਖਾਈ ਦਿੰਦਾ। ਪੰਛੀ ਆਪਣੇ ਬੋਟਾਂ ਕੋਲ਼ ਟਾਹਣੀਆਂ ਉੱਤੇ ਬੈਠੇ ਗਰਮੀ ਨੂੰ ਸ਼ਾਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਲੋਕ ਆਪਣੇ ਘਰਾਂ ਵਿੱਚੋਂ ਸ਼ਾਮ ਢਲੀ ਤੋਂ ਬਾਹਰ ਨਿੱਕਲਦੇ ਹਨ ਤੇ ਪੰਛੀ ਚੋਗ ਲਈ। ਨੌਕਰੀ ਕਰਨ ਵਾਲੇ ਮੁਲਾਜ਼ਮਾਂ ਨੂੰ ਆਪਣੇ ਕੰਮ ’ਤੇ ਜਾਣਾ ਹੀ ਪੈਂਦਾ ਹੈ। ਕਹਿੰਦੇ ਨੇ... ਮੀਂਹ ਆਵੇ ਹਨੇਰੀ ਆਵੇ, ਤਨਖ਼ਾਹ ਤਾਂ ਖਾਤੇ ਵਿੱਚ ਪੈ ਜਾਣੀ ਐ। ਉਹ ਇਹ ਨਹੀਂ ਜਾਣਦੇ ਜੋ ਵੀ ਮੌਸਮ ਹੋਵੇ ਡਿਊਟੀ ’ਤੇ ਹਾਜ਼ਰੀ ਤਾਂ ਲਾਉਣੀ ਹੀ ਪੈਂਦੀ ਐ। ਕੇਵਲ ਸਿੰਘ ਅੱਜ ਡਿਊਟੀ ’ਤੇ ਆਇਆ। ਆਉਣ ਸਾਰ ਰੀਡਰ ਨੇ ਹੁਕਮ ਦੇ ਦਿੱਤਾ।

“ਕੇਵਲ ! ਸਾਹਬ ਦੀ ਕੋਠੀ ਚਲਿਆ ਜਾਈਂ। ਸਾਹਬ ਨੇ ਫ਼ੋਨ ਕਰਕੇ ਕਿਹਾ ਸੀ।” ਰੀਡਰ ਮੇਜ਼ ’ਤੇ ਪਈਆਂ ਫਾਇਲਾਂ ਮਿਸਲਾਂ ’ਚ ਫਰੋਲਣ ਲੱਗ ਪਿਆ। ਅਫ਼ਸਰ ਦੀ ਕੋਠੀ ਜਾਣਾ ਕੋਈ ਪਹਿਲੀ ਵਾਰ ਨਹੀਂ ਸੀ, ਇਹ ਤਾਂ ਚਲਦਾ ਹੀ ਰਹਿੰਦੈ।

“ਠੀਕ ਸਰ ! ਮੈਂ ਚਲਿਆ ਜਾਵਾਂਗਾ । ਕਦੋਂ ਜਾਣਾ ਐ ?” ਕੇਵਲ ਨੇ ਆਪਣਾ ਰੋਟੀ ਵਾਲਾ ਟਿਫਨ ਅਲਮਾਰੀ ਵਿੱਚ ਰੱਖ ਦਿੱਤਾ।

“ਆ ਫਾਇਲ ਨਾਜ਼ਰ ਸਾਹਬ ਨੂੰ ਫੜਾ ਕੇ ਚਲਿਆ ਜਾ। ਸਾਹਬ ਨੇ ਜਲਦੀ ਭੇਜਣ ਲਈ ਕਿਹਾ ਸੀ। ਕੋਠੀ ਕੋਈ ਕੰਮ ਕਰਵਾਉਣਾ ਐ। ਫਿਰ ਸਾਹਬ ਨੇ ਦਫ਼ਤਰ ਵੀ ਆਉਣਾ ਐ।” ਰੀਡਰ ਨੇ ਸਾਰੀ ਗੱਲ ਸਮਝਾਉਂਦਿਆਂ ਉਸ ਨੂੰ ਫਾਇਲ ਫੜਾ ਦਿੱਤੀ। ਕੇਵਲ ਫਾਇਲ ਫੜ ਕੇ ਕੋਠੀ ਦੇ ਰਾਹ ਪੈ ਗਿਆ। ਕੋਠੀ ਦਫ਼ਤਰ ਤੋਂ ਦੋ ਸੋ ਮੀਟਰ ਦੀ ਦੂਰੀ ’ਤੇ ਸੀ। ਕਚਿਹਰੀ ਕੰਪਲੈਕਸ ਦੇ ਵਿੱਚ ਹੀ ਅਫ਼ਸਰਾਂ ਦੀ ਰਿਹਾਇਸ ਬਣੀ ਹੋਈ ਸੀ। ਕੇਵਲ ਨੂੰ ਮੈਜਿਸਟਰੇਟ ਦੇ ਦਫ਼ਤਰ ਕੰਮ ਕਰਦਿਆਂ ਛੇ ਸਾਲ ਹੋ ਗਏ ਸਨ। ਕਈ ਅਫ਼ਸਰ ਆਏ ਕਈ ਚਲੇ ਗਏ। ਹੁਣ ਵੀ.ਪੀ. ਸਿੰਘ ਸਿੱਧੂ ਉਰਫ਼ ਵੀਰਪ੍ਰਤਾਪ ਸਿੰਘ ਸਿੱਧੂ ਮੌਜੂਦਾ ਮੈਜਿਸਟਰੇਟ ਸੀ। ਕੇਵਲ ਨੂੰ ਬੜੀ ਭੱਜ-ਨੱਠ ਤੋਂ ਬਾਅਦ ਇਹ ਨੌਕਰੀ ਮਿਲੀ। ਕੇਵਲ ਦੀ ਚਾਹੇ ਗ੍ਰੇਜੂਏਸ਼ਨ ਕੀਤੀ ਹੋਈ ਸੀ। ਫਿਰ ਵੀ ਉਹ ਪੀਅਨ ਦੀ ਨੌਕਰੀ ਕਰ ਰਿਹਾ ਸੀ। ਦੇਸ਼ ਦੇ ਹਲਾਤ ਹੀ ਕੁੱਝ ਅਜਿਹੇ ਬਣੇ ਹੋਏ ਸਨ। ਪੀਅਨ ਦੀ ਨੌਕਰੀ ਲੈਣੀ ਵੀ ਬੜੀ ਮੁਸ਼ਕਲ ਸੀ। ਕਿਤੇ ਦੋ ਚਾਰ ਪੋਸਟਾਂ ਨਿੱਕਲਦੀਆਂ। ਡਿਗਰੀਆਂ ਹੱਥਾਂ ’ਚ ਲਈ ਹਜ਼ਾਰਾਂ ਨੌਜਵਾਨ ਮੁੰਡੇ ਕੁੜੀਆਂ ਦੀਆਂ ਲਾਇਨਾਂ ਲੱਗ ਜਾਂਦੀਆਂ। ਕੇਵਲ ਨੂੰ ਸੀ ਇੱਕ ਵਾਰ ਅੜ ਗਿਆ। ਘਰ ਦਾ ਤੋਰਾ ਤੁਰਨ ਲੱਗ ਪਿਆ। ਅੱਗੇ ਚੰਗੀ ਨੌਕਰੀ ਵੀ ਮਿਲ ਜਾਣੀ ਹੈ। ਤਿਆਰੀ ਕਰ ਰਿਹਾ ਸੀ। ਕਿਤੇ ਵੀ ਪੋਸਟਾਂ ਨਿਕਲਦੀਆਂ ਉਹ ਫ਼ਾਰਮ ਭਰ ਦਿੰਦਾ। ਉਸ ਨੂੰ ਇੱਕ ਉਮੀਦ ਸੀ ਕਦੇ ਨਾ ਕਦੇ ਉਹ ਜ਼ਰੂਰ ਚੰਗੀ ਨੌਕਰੀ ਹਾਸਲ ਕਰ ਲਵੇਗਾ।

ਕੇਵਲ ਨੇ ਸਾਹਬ ਦੀ ਕੋਠੀ ਦੀ ਵੈੱਲ ਵਜਾ ਦਿੱਤੀ। ਅੰਦਰੋਂ ਹੋਮ ਪੀਅਨ ਨੇ ਦਰਵਾਜ਼ਾ ਖੋਲ੍ਹ ਦਿੱਤਾ ’ਤੇ ਸਾਹਬ ਨੂੰ ਦੱਸਣ ਚਲੀ ਗਈ। ਇਹ ਕੁੜੀ ਪ੍ਰੀਤ ਸਾਲ ਭਰ ਤੋਂ ਸਾਹਬ ਦੇ ਘਰ ਕੰਮ ਕਰ ਰਹੀ ਸੀ। ਇਸ ਤੋਂ ਪਹਿਲਾਂ ਇੱਕ ਕੁੜੀ ਰੁਪਿੰਦਰ ਕੌਰ ਹੋਰ ਲੱਗੀ ਸੀ। ਉਹ ਛੱਡ ਕੇ ਚਲੀ ਗਈ। ਪ੍ਰੀਤ ਐਮ. ਏ.ਦੀ

ਪੜ੍ਹਾਈ ਵੀ ਕਰ ਰਹੀ ਸੀ। ਸਾਹਬ ਨੂੰ ਡੇਢ ਸਾਲ ਹੋ ਗਿਆ ਸੀ ਆਏ ਨੂੰ। ਸਾਹਬ ਦੀ ਮੈਡਮ ਦਾ ਸੁਭਾਅ ਥੋੜ੍ਹਾ ਸਖ਼ਤ ਸੀ। ਆਪਣੇ ਆਪ ਨੂੰ ਉਹ ਵੀ ਮੈਜਿਸਟਰੇਟ ਤੋਂ ਘੱਟ ਨਹੀਂ ਸੀ ਸਮਝਦੀ। ਹਰ ਕੰਮ 'ਚ ਨਗੋਚਾਂ ਨੁਕਤਾਚੀਨੀ ਕਰਦੀ ਰਹਿੰਦੀ। ਸਾਹਬ ਵੀ ਉਸ ਦੀ ਹਾਂ ਵਿੱਚ ਹਾਂ ਮਿਲਾਉਂਦਾ ਰਹਿੰਦਾ। ਜਦੋਂ ਕਦੇ ਮੈਡਮ ਨੇ ਕਾਰ 'ਚ ਬਾਹਰ ਜਾਣਾ ਹੁੰਦਾ ਤਾਂ ਉਹ ਦੋ ਗੰਨਮੈਨ ਲੈ ਕੇ ਜਾਂਦੀ, ਜਿਵੇਂ ਕੋਈ ਵੱਡੀ ਅਫ਼ਸਰ ਲੱਗੀ ਹੋਵੇ। ਉਂਝ ਚਰਚਾ ਇਹ ਵੀ ਸੀ ਕਿ ਉਹ ਪੀ. ਸੀ. ਐੱਸ. ਦੀ ਤਿਆਰੀ ਕਰ ਰਹੀ ਹੈ। ਸਾਹਬ ਨੇ ਦਰਵਾਜਾ ਖੋਲ੍ਹ ਦਿੱਤਾ ਅਤੇ ਕੇਵਲ ਨੇ ਸਤਿ ਸ਼੍ਰੀ ਅਕਾਲ ਬੁਲਾਈ। ਸਾਹਬ ਉਸ ਨੂੰ ਕੰਮ ਸਮਝਾਉਣ ਲੱਗ ਪਿਆ।

"ਰਾਜੇ ਇੱਕ ਤਾਂ ਆਏਂ ਕਰੀਂ! ਕੋਠੀ ਦੇ ਚਾਰੇ ਪਾਸੇ ਕੀੜੇ ਮਾਰ ਦਵਾਈ ਪਾ ਦੇਈਂ।" ਕੇਵਲ ਹਾਂ 'ਚ ਹਾਂ ਮਿਲਾ ਰਿਹਾ ਸੀ। ਐਨੇ ਨੂੰ ਮੈਡਮ ਬਾਹਰ ਆ ਗਈ।

"ਅੱਜ ਮੈਨੂੰ ਬੈੱਡ ਤੋਂ ਪੂਰੀਆਂ ਤਿੰਨ ਸੁਸਰੀਆਂ ਮਿਲਿਆ ਨੇ। ਮੈਨੂੰ ਤਾਂ ਡਰ ਲੱਗੀ ਜਾਂਦਾ ਹੋਰ ਵੀ ਹੋਣਗੀਆਂ। ਘਰ ਦੀ ਸਾਰੀ ਸਫ਼ਾਈ ਕਰਨੀ ਐ ਆਹ ਕਰੋ,ਓਹ ਕਰਨਾ।" ਮੈਡਮ ਲਗਾਤਾਰ ਬੋਲਦੀ ਜਾ ਰਹੀ ਸੀ। ਉਹ ਸਾਹਬ ਨੂੰ ਬੋਲਣ ਦਾ ਮੌਕਾ ਨਹੀਂ ਸੀ ਦੇ ਰਹੀ। ਕੇਵਲ ਚੁੱਪ ਕਰਕੇ ਸੁਣੀ ਜਾ ਰਿਹਾ ਸੀ। ਜਿਵੇਂ ਨੌਕਰ ਮਾਲਕ ਦੀਆਂ ਹਦਾਇਤਾਂ ਸੁਣ ਰਿਹਾ ਹੋਵੇ। ਕੇਵਲ ਘਰ ਇੰਨਡੋਰ ਦੇ ਬਾਹਰ ਖੜ੍ਹਾ ਸੀ। ਉਹ ਦੋਵੇਂ ਅੰਦਰ ਵਾਲੇ ਪਾਸੇ। ਘਰ 'ਚ ਚੱਲ ਰਹੇ ਏ. ਸੀ. ਦਾ ਕੋਈ ਠੰਢਾ ਬੁੱਲਾ ਕੇਵਲ ਦੇ ਚਿਹਰੇ ਉੱਤੇ ਆ ਵੱਜਦਾ। ਤਾਂ ਉਸ ਨੂੰ ਅਜੀਬ ਲੱਗਦਾ।

"ਮੈਡਮ ਬਾਕੀ ਤੈਨੂੰ ਸਾਰਾ ਕੰਮ ਦੱਸ ਦੇਣਗੇ। ਜਿਵੇਂ ਮੈਡਮ ਕਹਿੰਦੀ ਆ ਓਵੇਂ ਕਰੀਂ ਜਾਈਂ।" ਇੰਨ੍ਹਾਂ ਕਹਿ ਕੇ ਸਾਹਬ ਦਫ਼ਤਰ ਦੇ ਰਾਹ ਵੱਲ ਤੁਰ ਪਿਆ। ਮੈਡਮ ਨੇ ਸਾਹਬ ਨੂੰ ਜਾਂਦੇ ਜਾਂਦੇ ਇੱਕ ਹੋਰ ਬੰਦਾ ਭੇਜਣ ਦਾ ਹੁਕਮ ਸੁਣਾ ਦਿੱਤਾ।

"ਜਦੋਂ ਤੱਕ ਕੋਈ ਹੋਰ ਆਉਂਦਾ ਹੈ, ਤੂੰ ਬੈੱਡ ਰੂਮ ਦੇ ਸਾਰੇ ਕੱਪੜੇ ਬਾਹਰ ਕੱਢ ਬੈਂਚਾਂ ਉੱਪਰ ਰੱਖ ਦੇ। ਫਿਰ ਆਪਾਂ ਬੈੱਡ ਵੀ ਬਾਹਰ ਕੱਢਾਂਗੇ।" ਕੇਵਲ ਚੁੱਪ ਕਰਕੇ ਕੰਮ 'ਤੇ ਲੱਗ ਗਿਆ। ਆਪਣੇ ਆਪ ਨਾਲ਼ ਗੱਲਾਂ ਕਰਨ ਲੱਗ ਪਿਆ,

"ਤਿੰਨ ਸੁਸਰੀਆਂ ਮਿਲ ਜਾਣ ਨਾਲ਼ ਇਸ ਨੇ ਸਾਰਾ ਘਰ ਪੱਟ ਦਿੱਤਾ। ਜੇ ਕਦੇ ਕੋਈ ਸੱਪ ਸੀਂਹ ਨਿੱਕਲ ਆਵੇ ਫਿਰ ਕੀ ਹੋਊ। ਸਾਡੇ ਘਰਾਂ 'ਚ ਤਾਂ ਕਣਕ ਵਿੱਚ ਸੈਂਕੜੇ ਸੁਸਰੀਆਂ ਤੁਰੀਆਂ ਫਿਰਦੀਆਂ ਰਹਿੰਦੀਆਂ ਨੇ। ਇਹ ਨੀ ਪਤਾ ਰੋਟੀ ਵਿੱਚ ਹੀ ਪੱਕ ਜਾਣ ਤੇ ਛਕ ਜਾਈਏ।" ਇਨ੍ਹਾਂ ਖਿਆਲਾਂ ਨਾਲ਼ ਉਹ ਦੋ-ਚਾਰ ਹੋ ਰਿਹਾ ਸੀ। ਅੰਦਰ ਏ. ਸੀ. ਜ਼ੋਰ-ਸ਼ੋਰ ਨਾਲ਼ ਚੱਲ ਰਹੇ ਹਨ। ਬਾਹਰ ਗਰਮੀ ਆਪਣਾ ਰੰਗ ਦਿਖਾ ਰਹੀ ਸੀ। ਕੁੱਝ ਸਮੇਂ ਬਾਅਦ ਇੱਕ ਸਫ਼ਾਈ ਕਮਰਚਾਰੀ ਰਾਜ਼ੇਸ ਆ ਗਿਆ। ਕੇਵਲ ਨਾਲ਼ ਕੰਮ ਕਰਵਾਉਣ ਲਈ। ਮੈਡਮ ਉਂਗਲਾਂ ਕਰ-ਕਰ ਕੇ ਕੰਮ ਕਰਵਾਉਂਦੀ। ਬੈੱਡ ਰੂਮ ਦਾ ਸਾਰਾ ਸਮਾਨ ਬਾਹਰ ਕਢਵਾ ਲਿਆ। ਕੇਵਲ ਹੋਰੀਂ ਮੁੜਕੋ-ਮੁੜਕੀ ਹੋਏ ਪਏ ਸਨ। ਦੁਪਹਿਰ ਤੱਕ ਪੂਰੇ ਕਮਰੇ ਦੀ ਸਫ਼ਾਈ ਕਰਵਾਈ ਗਈ। ਕਈ ਵਾਰ ਗੁੱਸੇ ਹੋ ਜਾਂਦੀ। ਜਦੋਂ ਕੋਈ ਕੰਮ ਉਸ ਦੀ ਹਾਜ਼ਰੀ ਤੋਂ ਬਿਨਾਂ ਹੋ ਜਾਂਦਾ। ਉਸ ਨੂੰ ਦੁਵਾਰਾ ਕਰਵਾਉਂਦੀ। ਇੱਕ ਤਰ੍ਹਾਂ ਨਾਲ਼ ਉਹ ਭਰੋਸਾ ਨਹੀਂ ਸੀ ਕਰਦੀ। ਸਾਹਬ ਵੀ ਡਿਊਟੀ ਤੋਂ ਦੁਪਹਿਰ ਦੇ ਖਾਣੇ ਲਈ ਆ ਗਏ। ਅਜੇ ਵੀ ਛੋਟਾ-ਮੋਟਾ ਕੰਮ ਬਾਕੀ ਸੀ। ਜਲਦੀ ਹੀ ਉਹ ਕੰਮ ਖ਼ਤਮ ਹੋ ਗਿਆ। ਸਾਹਬ ਨੇ ਕੱਲ੍ਹ ਫਿਰ ਆਉਣ ਲਈ ਕਿਹਾ ਤੇ ਅੰਦਰ ਚਲਾ ਗਿਆ। ਮੁੜਦੇ ਸਮੇਂ ਹੋਮ ਪੀਅਨ ਕੁੜੀ ਪ੍ਰੀਤ ਨੂੰ ਕੇਵਲ ਨੇ ਪੀਣ ਵਾਲਾ ਪਾਣੀ ਲਿਆਉਣ ਲਈ ਕਹਿ ਦਿੱਤਾ।

"ਭਾਈ! ਪਾਣੀ ਲਿਆ ਦਿਓ 'ਤੇਹ ਬਹੁਤ ਲੱਗੀ ਹੈ।"

"ਠੀਕ ਮੈਂ ਲਿਆਉਂਦੀ ਹਾਂ।" ਉਹ ਅੰਦਰ ਰਸੋਈ ਵਿੱਚ ਪਾਣੀ ਲੈਣ ਚਲੀ ਗਈ। ਕੁੱਝ ਦੇਰ ਬਾਅਦ ਉਹ ਟਰੇਅ ਦੇ ਵਿੱਚ ਦੋ ਕੱਚ ਦੇ ਗ਼ਲਾਸ ਰੱਖ ਕੇ ਲੈ ਆਈ।



"ਧੰਨਵਾਦ ਬਾਈ ਤੇਰਾ। ਬਹੁਤ 'ਤੇਹ ਲੱਗੀ ਸੀ। ਜਿਵੇਂ ਜਾਨ ਨਿੱਕਲ ਰਹੀ ਹੋਵੇ।" ਉਹ ਖਾਲ੍ਹੀ ਗ਼ਲਾਸ ਲੈ ਅੰਦਰ ਚਲੀ ਗਈ। ਕੇਵਲ ਹੋਰੀਂ ਆਪਸ 'ਚ ਗੱਲਾਂ ਕਰ ਰਹੇ ਸੀ।

"ਕਦੋਂ ਦੇ ਲੱਗੇ ਹਾਂ! ਇਨ੍ਹਾਂ ਨੇ ਪਾਣੀ ਵੀ ਨਹੀਂ ਪੁੱਛਿਆ। ਮੰਗ ਕੇ ਪੀਤਾ ਐ।" ਉਹ ਅਜਿਹੀ ਉਧੇੜ-ਬੁਣ ਵਿੱਚ ਤੁਰੇ ਹੀ ਸੀ। ਕੋਠੀ ਦੇ ਅੰਦਰੋਂ ਕੁੱਝ ਸ਼ੀਸ਼ੇ ਦਾ ਟੁੱਟਣ ਦੀ ਆਵਾਜ਼ ਆਈ। ਉਹ ਪਲ ਭਰ ਲਈ ਰੁਕੇ ਅਤੇ ਤੁਰ ਪਏ। ਗੱਲਾਂ ਵਿੱਚ ਰੁੱਝ ਗਏ। ਬਾਹਰ ਸਿਖਰ ਦੁਪਹਿਰ, ਲੋਅ ਚੱਲ ਰਹੀ ਸੀ।

ਅਗਲੀ ਸਵੇਰ ਉਹ ਦਫ਼ਤਰ ਵਿੱਚ ਹਾਜ਼ਰੀ ਲਾ ਕੇ, ਦੋਵੇਂ ਸਾਹਬ ਦੀ ਕੋਠੀ ਵੱਲ ਤੁਰ ਪਏ। ਰਾਜ਼ੇਸ ਨੇ ਦਫ਼ਤਰ ਦੀ ਮੋਟੀ-ਮੋਟੀ ਸਫ਼ਾਈ ਕਰ ਦਿੱਤੀ ਸੀ। ਸਵੇਰ ਤੋਂ ਗਰਮੀ ਆਪਣਾ ਰੰਗ ਦਿਖਾਉਣ ਲੱਗ ਪਈ। ਧੁੱਪ ਦੇ ਵਿੱਚ ਭੰਬੂਤਾਰੇ ਦਿਖਣ ਲੱਗ ਪਏ ਸਨ। ਜਿਵੇਂ ਸਿਖਰ ਦੁਪਹਿਰ ਵਿੱਚ ਦਿਖਦੇ ਹੁੰਦੇ ਹਨ। ਕੋਠੀ ਦੀ ਵੈੱਲ ਵਜਾ ਦਿੱਤੀ। ਅੰਦਰੋਂ ਪ੍ਰੀਤ ਨੇ ਦਰਵਾਜ਼ਾ ਖੋਲ੍ਹ ਕੇ ਮੈਡਮ ਨੂੰ ਦੱਸਣ ਚਲੀ ਗਈ। ਅੱਜ ਉਸ ਦਾ ਚਿਹਰਾ ਉਤਰਿਆ ਹੋਇਆ ਲੱਗਿਆ। ਉਸ ਨੇ ਨਾ ਨਮਸਤੇ ਨਾ ਸਤਿ ਸ਼੍ਰੀ ਅਕਾਲ ਬੁਲਾਈ। ਪਹਿਲਾਂ ਜ਼ਰੂਰ ਬੋਲ ਦਿੰਦੀ ਸੀ। ਹੋ ਸਕਦਾ ਬਿਮਾਰ-ਠਮਾਰ ਹੋ ਗਈ ਹੋਵੇ। ਮੈਡਮ ਬਾਹਰ ਆ ਕੇ ਕੇਵਲ ਤੇ ਰਾਜ਼ੇਸ ਨੂੰ ਡਰਾਇੰਗ ਰੂਮ ਵਿੱਚ ਲੈ ਗਈ। ਸਾਰਾ ਸਮਾਨ ਬਾਹਰ ਕੱਢਣ ਦਾ ਹੁਕਮ ਦੇ ਦਿੱਤਾ। ਉਹ ਸਮਾਨ ਬਾਹਰ ਕੱਢਣ ਲੱਗ ਪਏ। ਸਾਹਬ ਦਫ਼ਤਰ ਨੂੰ ਚਲਾ ਗਿਆ। ਉਹ ਦੋਵੇਂ ਸੋਫ਼ਾ ਦਰਵਾਜ਼ੇ ਤੋਂ ਬਾਹਰ ਕੱਢ ਰਹੇ ਸੀ। ਦਰਵਾਜ਼ਾ ਛੋਟਾ ਹੋਣ ਕਰਕੇ ਮਸਾਂ ਨਿੱਕਲ ਰਿਹਾ ਸੀ। ਰਾਜ਼ੇਸ ਬਾਹਰਲੇ ਪਾਸੇ ਸੀ, ਅੰਦਰਲੇ ਪਾਸੇ ਕੇਵਲ ਲੱਗਿਆ ਹੋਇਆ ਸੀ। ਕੇਵਲ ਦਾ ਹੱਥ ਤਿਲਕਣ ਨਾਲ਼ ਸੋਫ਼ਾ ਛੁੱਟ ਗਿਆ। ਖੜਾਕ ਦੀ ਆਵਾਜ਼ ਆਈ। ਮੈਡਮ ਨੇ ਸਾਰੀ ਕੋਠੀ ਫਿਰ ਸਿਰ 'ਤੇ ਚੁੱਕ ਲਈ।

"ਤੁਹਾਨੂੰ ਕੰਮ ਕਰਨ ਦੀ ਅਕਲ ਨਹੀਂ। ਤੁਹਾਡੇ ਸਿਰ 'ਤੇ ਖੜ੍ਹੇ ਰਹੋ ਕੰਮ ਕਰਵਾਓ ਠੀਕ ਹੈ। ਨਹੀਂ ਤੁਸੀਂ ਸਾਰਾ ਸਮਾਨ ਤੋੜ ਦਿਓਂ। ਮੇਰਾ ਪੰਜਾਹ ਹਜ਼ਾਰ ਦਾ ਸੋਫ਼ਾ ਤੋੜ ਦੇਣਾ ਸੀ।' ਸੋਨੂੰ ਕੀ ਪਤਾ ਘਰ ਦਾ ਸਮਾਨ ਕਿਵੇਂ ਬਣਦਾ ਐ। ਬੇਵਕੂਫ ਜਿਹੇ ਨਾ ਹੋਣ।" ਉਸ ਦੀ ਜੁਬਾਨ ਕੈਂਚੀ ਵਾਂਗ ਚਲਦੀ ਗਈ। ਉਹ ਦੋਵੇਂ ਕਿਸੇ ਮੁਜ਼ਰਮ ਵਾਂਗ ਸੁਣਦੇ ਰਹੇ। ਜਿੰਨਾਂ ਚਿਰ ਡਰਾਇੰਗ ਰੂਮ ਦਾ ਸਮਾਨ ਬਾਹਰ ਨਹੀਂ ਨਿਕਲਿਆ, ਉਹ ਬੁੜ-ਬੁੜ ਕਰਦੀ ਖੜ੍ਹੀ ਰਹੀ। ਉਨ੍ਹਾਂ ਨੂੰ ਸੋਫ਼ਿਆਂ ਦੀ ਸਫ਼ਾਈ'ਤੇ ਲਾ ਕੇ ਆਪ ਨਹਾਉਣ ਚਲੀ ਗਈ। ਉਹ ਆਪਸ ਵਿੱਚ ਘੁਸਰ-ਮੁਸਰ ਕਰਨ ਲੱਗ ਪਏ। ਮੈਡਮ ਨੂੰ ਕੋਸਦੇ ਰਹੇ। ਪ੍ਰੀਤ ਬਾਹਰ ਕਿਸੇ ਕੰਮ ਲਈ ਆਈ ਤਾਂ ਕੇਵਲ ਨੇ ਉਸ ਨੂੰ ਪਾਣੀ ਲਈ ਕਹਿ ਦਿੱਤਾ।

"ਭਾਈ! ਪਾਣੀ ਪਿਆ ਦੇ।"

"ਮੈਂਥੋ ਤੁਸੀਂ ਪਾਣੀ ਨਾ ਮੰਗਿਆ ਕਰੋ।" ਪ੍ਰੀਤ ਦੇ ਮੂੰਹੋਂ ਇਹ ਸ਼ਬਦ ਮਸਾਂ ਹੀ ਨਿੱਕਲੇ। ਉਹਦਾ ਚਿਹਰਾ ਹੋਰ ਉੱਤਰ ਗਿਆ।

"ਕੀ ਹੋ ਗਿਆ।" ਕੇਵਲ ਨੇ ਸਹਿਜ ਹੁੰਦਿਆਂ ਕਿਹਾ। ਪਹਿਲਾਂ ਤਾਂ ਉਹ ਬੋਲ਼ੀ ਨਹੀਂ। ਫਿਰ ਉਸ ਮਸਾਂ ਲਫ਼ਜ਼ ਇਕੱਠੇ ਕਰਕੇ ਮੂੰਹ ਖੋਲ੍ਹਿਆ।

"ਕੱਲ੍ਹ ਜਦੋਂ ਮੈਂ ਤੁਹਾਨੂੰ ਪਾਣੀ ਦੇ ਕੇ ਗਈ ਸੀ। ਮੈਡਮ ਨੇ ਮੈਨੂੰ ਬਹੁਤ ਗਾਲਾਂ ਦਿੱਤੀਆਂ। ਸਾਹਬ ਵੀ ਮੰਦਾ ਚੰਗਾ ਬੋਲਿਆ।"

"ਕਿਉਂ ? ਕੇਵਲ ਨੇ ਇੱਕ ਹੀ ਸ਼ਬਦ ਬੋਲਿਆ।

"ਮੈਨੂੰ ਮੈਡਮ ਕਹਿੰਦੀ! "ਤੂੰ ਉਨ੍ਹਾਂ ਨੂੰ ਕੱਚ ਦੇ ਗ਼ਲਾਸ 'ਚ ਪਾਣੀ ਕਿਉਂ ਦਿੱਤਾ। ਜਦੋਂ ਉਨ੍ਹਾਂ ਲੋਕਾਂ ਦੇ ਭਾਂਡੇ ਅਲੱਗ ਰੱਖੇ ਹੋਏ ਨੇ।" ਨਾਲ਼ੇ ਸਾਹਬ ਨੂੰ ਸਿਕਾਇਤ ਕਰ ਦਿੱਤੀ। ਹੋਰ ਕਈ ਗੱਲਾਂ ਵਧਾ ਚੜ੍ਹਾ ਕੇ ਲਾ ਦਿੱਤੀਆਂ। "ਉਨ੍ਹਾਂ ਨਾਲ਼ ਖੜੀ ਗੱਲਾਂ ਕਰਦੀ ਰਹਿੰਦੀ ਐ। "ਸਾਹਬ ਮੇਰੇ 'ਤੇ ਲੋਹਾ-ਲਾਖਾ ਹੋ ਗਿਆ,

"ਅਸੀਂ ਉਨ੍ਹਾਂ ਦੇ ਜੂਠੇ ਗ਼ਲਾਸਾਂ ਵਿੱਚ ਪੀਵਾਂਗੇ। ਤੈਨੂੰ ਸ਼ਰਮ ਨਹੀਂ ਆਈ, ਖ਼ਸਮਾਂ ਨੂੰ ਸਾਡੇ

ਭਾਂਡਿਆਂ ਵਿੱਚ ਪਾਣੀ ਪਿਆਉਂਦਿਆਂ।" ਸਾਹਬ ਨੇ ਦੋਵੇਂ ਗ਼ਲਾਸ ਫ਼ਰਸ 'ਤੇ ਮਾਰ ਭੰਨ ਦਿੱਤੇ। ਸਾਹਬ ਬਹੁਤ ਕੁੱਝ ਬੋਲਦਾ ਰਿਹਾ। ਮੈਂ ਨੀਵੀਂ ਪਾ ਕੇ ਸੁਣਦੀ ਰਹੀ। ਮੇਰੀਆਂ ਅੱਖਾਂ ਦੇ ਵਿੱਚੋਂ ਹੰਝੂ ਆ ਗਏ। ਪ੍ਰੀਤ ਦੀਆਂ ਅੱਖਾਂ ਬੋਲਦਿਆਂ ਭਰ ਆਈਆਂ।

"ਤੈਨੂੰ ਸਾਡੇ ਕਰਕੇ ਬਹੁਤ ਜਲੀਲ ਹੋਣਾ ਪਿਆ। ਮੈਨੂੰ ਬਹੁਤ ਬੁਰਾ ਲੱਗ ਰਿਹਾ ਹੈ। ਇਨ੍ਹਾਂ ਦੀਆਂ ਗੱਲਾਂ ਨੂੰ ਜਿਆਦਾ ਦਿਮਾਗ਼ 'ਤੇ ਨਾ ਲਾਈ। ਅਸੀਂ ਪਿਆਸੇ ਰਹਿ ਲਵਾਂਗੇ। ਇਨ੍ਹਾਂ ਦੇ ਘਰ ਦਾ ਅੱਜ ਤੋਂ ਬਾਅਦ ਪਾਣੀ ਨਹੀਂ ਪੀਂਦੇ। ਚਾਹੇ ਇਹ ਲਿਆ ਕੇ ਵੀ ਦੇਣ।" ਪ੍ਰੀਤ ਅੰਦਰ ਚਲੀ ਗਈ। ਕੇਵਲ ਦੇ ਅੰਦਰ ਭੰਨ ਤੋੜ ਹੋਣ ਲੱਗੀ।

"ਰਾਜ਼ੇਸ ਦੇਖ ਲਿਆ! ਇਨ੍ਹਾਂ ਦਾ ਹਾਲ। ਇਹ ਪੜ੍ਹ ਲਿਖ ਜ਼ਰੂਰ ਗਏ। ਸੋਚ ਅੱਜ ਵੀ ਰੂੜੀਵਾਦੀ ਐ। ਕੱਲ੍ਹ ਇਨ੍ਹਾਂ ਦੇ ਪੁਰਖੇ ਪਸ਼ੂਆਂ ਦਾ ਚੰਮ ਲਾਹੁੰਦੇ ਹੁੰਦੇ। ਸਰਦਾਰਾਂ ਦਾ ਮਲ ਆਪਣੇ ਸਿਰ 'ਤੇ ਢੋਹਦੇ ਹੁੰਦੇ ਸੀ। ਲੋਕਾਂ ਦੇ ਘਰਾਂ ਵਿੱਚ ਜਾ ਪਸ਼ੂਆਂ ਦੀਆਂ ਖੁਰਲੀਆਂ'ਚ ਹੱਥ ਮਾਰਦੇ। ਫਿਰ ਕਿਤੇ ਜਾ ਕੇ ਦੋ ਡੰਗ ਦੀ ਰੋਟੀ ਨਸ਼ੀਬ ਹੁੰਦੀ ਸੀ। ਇਨ੍ਹਾਂ ਦੇ ਪੁਰਖਿਆ ਨੂੰ ਤਾਂ ਪੜ੍ਹਨ ਵੀ ਨਹੀਂ ਦਿੱਤਾ ਜਾਂਦਾ ਸੀ। ਜੀਭ ਕੱਟ ਦਿੱਤੀ ਜਾਂਦੀ। ਕੰਨਾਂ ਵਿੱਚ ਸਿੱਕਾ ਢਾਲ ਕੇ ਪਾਇਆ ਜਾਂਦਾ। ਜੇ ਪੁਰਖਿਆਂ ਨੇ ਦੁੱਖ ਕੱਟੇ ਤਾਂ ਅੱਜ ਇਹ ਅਫ਼ਸਰ ਬਣੇ ਨੇ। ਹੁਣ ਇਹ ਆਪਣੇ-ਆਪ ਨੂੰ ਲੁਕਾਦੇਂ। ਸਿੱਧੂ ਸਰਦਾਰ ਬਣੇ ਫਿਰਦੇ ਨੇ। ਸਾਡੇ 'ਚੋ ਇਨ੍ਹਾਂ ਨੂੰ ਬੂਅ ਮਾਰਨ ਲੱਗ ਪਈ। ਵੱਡੇ ਬੰਦਿਆਂ ਨੂੰ । ਬਈ ਇਹ ਫੋਰ ਕਲਾਸ ਦੇ ਬੰਦੇ ਨੇ। ਜੇ ਇਨ੍ਹਾਂ ਨੂੰ ਪੁੱਛਣ ਵਾਲਾ ਹੋਵੇ। ਅਸੀਂ ਇਨ੍ਹਾਂ ਦੇ ਘਰ ਵਿੱਚ ਕੰਮ ਕਰਨ ਦੇ ਲਈ ਤਾਂ ਨਹੀਂ ਰੱਖੇ ਹੋਏ। ਦਫ਼ਤਰ ਦੇ ਕੰਮ ਲਈ ਹਾਂ। ਸਾਥੋਂ ਘਰਾਂ ਵਿੱਚ ਗੋਲਪਣਾ ਕਰਵਾਉਂਦੇ ਰਹਿੰਦੇ ਨੇ। ਇਨ੍ਹਾਂ ਦੀ ਵੀ ਕੋਈ ਗਲਤੀ ਨਹੀਂ, ਸਾਡੇ ਵਾਲ਼ੇ ਜਿਹੜੇ ਅਧਿਕਾਰੀ ਇਨ੍ਹਾਂ ਦੀ ਚਮਚੀ ਮਾਰਦੇ, ਅੱਗੇ ਪਿੱਛੇ ਪੂਛ ਹਿਲਾਉਂਦੇ ਤੁਰੇ ਫਿਰਦੇ ਨੇ। ਇਨ੍ਹਾਂ ਨੇ ਸਿਰ ਚੜ੍ਹਾ ਰੱਖੇ ਨੇ। ਸਾਲੇ ਕੁੱਤੇ ਦੇ ਹੱਡ।" ਕੇਵਲ ਨੇ ਬੋਲਦਿਆ ਪਿਛਲਾ ਇਤਿਹਾਸ ਤੱਕ ਫਰੋਲ ਮਾਰਿਆ। ਰਾਜ਼ੇਸ ਉਸ ਦੇ ਮੂੰਹ ਵੱਲ ਤੱਕਦਾ ਰਹਿ ਗਿਆ। ਕੇਵਲ ਦਾ ਇੱਕ ਮਨ ਕਰਿਆ। ਉਹ ਹੁਣੇ ਕੰਮ ਛੱਡ ਦਫ਼ਤਰ ਭੱਜ ਜਾਵੇ ਤੇ ਸਾਹਬ ਨੂੰ ਗਲ ਤੋਂ ਫੜ ਲਵੇ, ਪਰ ਉਹ ਅਜਿਹਾ ਨਹੀਂ ਕਰ ਸਕਦਾ ਸੀ। ਉਸ ਨੂੰ ਆਪਣੇ ਘਰ ਦੇ ਹਲਾਤ ਦਿਖਾਈ ਦੇ ਰਹੇ ਸੀ। ਉਸ ਨੂੰ ਕੱਚ ਦੇ ਟੁੱਕੜਿਆਂ ਵਿੱਚ ਆਪਣਾ ਅਤੀਤ ਦਿਖਾਈ ਦੇਣ ਲੱਗ ਪਿਆ।

ਜਦੋਂ ਉਹ ਛੋਟਾ ਹੁੰਦਾ ਸੀ। ਆਪਣੀ ਮਾਂ ਨਾਲ਼ ਜਿਮੀਦਾਰਾਂ ਦੇ ਘਰ ਜਾਂਦਾ। ਉਸ ਦੀ ਮਾਂ ਉਨ੍ਹਾਂ ਦਾ ਗੋਹਾ-ਕੂੜਾ ਕਰਦੀ। ਉਸ ਦਾ ਬਾਪ ਦਾ ਸੀਰ ਕਰਿਆ ਹੁੰਦਾ। ਉਨ੍ਹਾਂ ਦੀਆਂ ਬਾਟੀਆਂ ਬਾਹਰ ਆਲੇ ਵਿੱਚ ਪਈਆਂ ਹੁੰਦੀਆਂ ਸੀ। ਮਾਂ ਦੁੱਧ ਵਾਲਾ ਡੋਲੂ ਵੀ ਆਲੇ ਵਿੱਚ ਰੱਖ ਦਿੰਦੀ। ਬਾਟੀ ਚੁੱਕ ਕੇ ਉਸ ਦੀ ਮਾਂ ਚਾਹ ਲੈਣ ਲਈ ਭੁੰਜੇ ਬੈਠ ਜਾਂਦੀ। ਕਦੇ ਉਸ ਦਾ ਬਾਪ ਰੋਟੀ ਲਈ। ਸਰਦਾਰਨੀ ਉਨ੍ਹਾਂ ਦੀਆਂ ਬਾਟੀਆਂ ਵਿੱਚ ਉਤਾਹਾਂ ਤੋਂ ਹੀ ਖਾਣ ਪੀਣ ਦਾ ਸਮਾਨ ਪਾ ਦਿੰਦੀ। ਕਿਤੇ ਉਨ੍ਹਾਂ ਦਾ ਭਾਂਡਾ ਉਸ ਦੇ ਭਾਂਡੇ ਨੂੰ ਛੂਹ ਨਾ ਜਾਵੇ। ਜਦੋਂ ਕਦੇ ਕੇਵਲ ਦਾ ਮਨ ਕਰਦਾ ਪਾਣੀ ਪੀਣ ਨੂੰ ਜਾ ਚਾਹ ਪੀਣ ਨੂੰ ਉਹ ਆਲੇ ਕੋਲ਼ ਬਾਟੀਆਂ ਵੱਲ ਤੱਕਣ ਲੱਗ ਜਾਂਦਾ ਤੇ ਤੋਤਲੀ ਜੁਬਾਨ ਨਾਲ਼ ਇਸਾਰੇ ਕਰਦਾ। ਉਹਦੀ ਮਾਂ ਬਾਟੀ ਚੁੱਕ ਚਾਹ ਜਾਂ ਦੁੱਧ ਆਪਣੇ ਪੁੱਤਰ ਵਾਸਤੇ ਸਰਦਾਰਨੀ ਤੋਂ ਮੰਗ ਲੈਂਦੀ। ਉਹ ਚਾਈਂ-ਚਾਈਂ ਪੀ ਜਾਂਦਾ। ਪੀ ਕੇ ਮਾਂ ਦੀ ਰੀਸ ਨਾਲ਼ ਉਹ ਰੇਤੇ ਨਾਲ਼ ਬਾਟੀ ਮਾਂਜਣ ਦੀ ਕੋਸ਼ਿਸ਼ ਕਰਦਾ। ਬਾਟੀ ਵਿੱਚ ਮਿੱਟੀ 'ਤੇ ਉਹ ਘੋਰ-ਕੰਡੇ ਜਿਹੇ ਵਾਹੀ ਜਾਂਦਾ। ਉਸ ਨੂੰ ਬੜਾ ਅਜੀਬ ਜਿਹਾ ਸਕੂਨ ਮਿਲਦਾ। ਮਾਂ ਸੁੰਭਰ ਸਰਮੋਣਾ ਕਰੀ ਜਾਂਦੀ। ਉਹ ਰੇਤੇ ਨਾਲ਼ ਖੇਡੀ ਜਾਂਦਾ। ਕਦੇ ਬਾਟੀ ਨੂੰ ਪੂਰੀ ਮਿੱਟੀ ਨਾਲ਼ ਭਰ ਮੂਧੀ ਮਾਰਕੇ ਬਾਟੀ ਪੱਥ ਲੈਂਦਾ। ਕਿੰਨੀਆਂ ਹੀ ਉਹ ਬਾਟੀਆਂ ਬਣਾਉਂਦਾ। ਆਪਣੇ-ਆਪ ਨਾਲ਼ ਬੋਲਦਾ ਰਹਿੰਦਾ।

"ਮੈਂ ਇਸ ਵਿੱਚ ਚਾਹ ਪੀਵਾਂਗਾ, ਇਸ ਵਿੱਚ ਦੁੱਧ, ਇਸ ਵਿੱਚ ਮੈਨੂੰ ਸਰਦਾਰਨੀ ਦਾਲ ਪਾਵੇਗੀ। ਇਸ ਵਿੱਚ ਲੱਸੀ, ਇਸ ਵਿੱਚ ਦਹੀਂ ਜਦੋਂ ਇਨ੍ਹਾਂ ਨੇ ਪਾਠ ਖੋਲ੍ਹਿਆ ਬਦਾਣਾਂ ਤੇ ਪਕੌੜੀਆਂ ਪਾਉਣਗੇ।



ਮੈਂ ਮੁੱਠੀਆਂ ਭਰ-ਭਰ ਖਾਵਾਂਗਾ। ਝੰਮ-ਝੰਮ । ਰੋਟੀਆਂ ਤਾਂ ਮੈਂ ਹੱਥ ਉੱਤੇ ਰੱਖ ਖਾ ਲਵਾਂਗਾ ।" ਉਹ ਖਾਣ ਦੀ ਨਕਲ ਕਰਦਾ। ਉਹ ਆਪਣੇ ਨਿੱਕੇ ਨਿੱਕੇ ਹੱਥਾਂ ਦੇ ਬੁੱਕ ਬਣਾ ਕੇ ਉੱਪਰ ਵੱਲ ਨੂੰ ਕਰਦਾ, ਜਿਵੇਂ ਸੱਚੀਂ ਰੋਟੀ ਮੰਗ ਰਿਹਾ ਹੋਵੇ। ਮਾਂ ਗੋਹੇ ਦੇ ਟੋਕਰੇ ਭਰ-ਭਰ ਸੁਟਦੀ ਰਹਿੰਦੀ। ਸਾਰੇ ਘਰ ਨੂੰ ਸੁੰਭਰ-ਸੰਵਾਰ ਦਿੰਦੀ। ਜਾਂਦੀ ਹੋਈ ਡੋਲੂ ਵਿੱਚ ਦੁੱਧ ਪਵਾ ਤੇ ਰਾਤ ਦੀਆਂ ਬਾਸੀ ਰੋਟੀਆਂ ਚੁੰਨੀ ਦੇ ਲੜ ਬੰਨ ਕੇਵਲ ਨੂੰ ਲੈ ਘਰ ਨੂੰ ਮੁੜ ਪੈਂਦੀ। ਫਿਰ ਘਰ ਦੇ ਕੰਮ-ਧੰਦੇ ਨਵੇੜ ਪੱਲੀ ਦਾਤੀ ਚੁੱਕ ਖੇਤ ਨੂੰ ਹਰੇ-ਚਾਰੇ ਲਈ ਤੁਰ ਪੈਂਦੀ। ਕੇਵਲ ਨੂੰ ਢਾਕ ਨਾਲ਼ ਲਾ ਤੁਰੀ ਜਾਂਦੀ। ਇੰਝ ਰਾਹਾਂ ਦੇ ਵਿੱਚ ਉਸ ਦਾ ਬਚਪਨ ਲੰਘਦਾ ਉਸ ਨੂੰ ਦਿਖਾਈ ਦਿੱਤਾ।

ਕੇਵਲ ਆਪਣੇ ਅਤੀਤ ਨੂੰ ਗਹਿਰਾਈ ਨਾਲ਼ ਵਾਚਣ ਲੱਗਾ। ਉਸ ਨੂੰ ਇੱਕ ਘਟਨਾ ਯਾਦ ਆ ਗਈ ਤੇ ਉਸ ਦੇ ਸਰੀਰ ਨੂੰ ਕੰਬਣੀ ਛਿੜ ਗਈ। ਹੁਣ ਵੀ ਉਹ ਘਟਨਾ ਉਸ ਨੂੰ ਕਦੇ-ਕਦੇ ਸੌਣ ਨਹੀਂ ਦਿੰਦੀ। ਉਦੋਂ ਉਸ ਦੀ ਉਮਰ ਮਹਿਜ ਛੇ-ਸੱਤ ਸਾਲ ਹੋਵੇਗੀ। ਮਾਂ ਜ਼ਿਮੀਦਾਰਾਂ ਦੇ ਖੇਤ ਕੱਖ ਲੈਣ ਗਈ। ਕੇਵਲ ਨੂੰ ਉਂਗਲੀ ਨਾਲ਼ ਲਾ ਰੱਖਿਆ। ਬਾਪੂ ਉਸ ਦਿਨ ਸਰਦਾਰਾਂ ਦੇ ਦੂਸਰੇ ਖੇਤ ਗਿਆ ਹੋਇਆ ਸੀ। ਮਾਂ ਕੱਖ ਵੱਢਣ ਲੱਗ ਪਈ। ਵੱਡਾ ਸਰਦਾਰ ਮਾਂ ਨੂੰ ਖਿੱਚ ਕੇ ਮੋਟਰ ਵਾਲੇ ਕੋਠੇ 'ਚ ਲੈ ਗਿਆ। ਮਾਂ ਆਪਣੀ ਬਾਂਹ ਛੁਡਵਾਉਂਦੀ ਰਹੀ। ਉਹ ਮਾਂ ਨੂੰ ਖਿੱਚੀ ਜਾ ਰਿਹਾ ਸੀ। ਕੇਵਲ ਬਾਹਰ ਰੋਂਦਾ ਰਿਹਾ। ਜਿਵੇਂ ਸਰਦਾਰ ਅੱਜ ਮਾਂ ਨੂੰ ਮਾਰ ਦੇਵੇਗਾ। ਉਹ ਤਖ਼ਤਿਆਂ ਦੀਆਂ ਚੀਥਾਂ ਥਾਂਣੀ ਦੇਖਦਾ ਮਾਂ ਨੂੰ ਸਰਦਾਰ ਨੇ ਹੇਠਾਂ ਢਾਹ ਰੱਖਿਆ ਸੀ। ਉਹ ਤਖ਼ਤਿਆਂ ਨੂੰ ਡਲੇ ਮਾਰਦਾ ਕਦੇ ਡੰਡੇ ਮਾਰਨ ਲੱਗ ਜਾਂਦਾ। ਕਦੇ ਆਪਣੀਆਂ ਛੋਟੀਆਂ-ਛੋਟੀਆਂ ਲੱਤਾਂ ਬਾਂਹਾਂ ਨਾਲ਼ ਤਖ਼ਤਿਆਂ ਨੂੰ ਖੋਲ੍ਹਣ ਦਾ ਯਤਨ ਕਰਦਾ। ਕਿੰਨੇ ਚਿਰ ਪਿੱਛੋਂ ਉਸ ਦੀ ਮਾਂ ਬਾਹਰ ਆਈ ਸੀ। ਉਸ ਦੇ ਵਾਲ਼ ਖਿੱਲਰੇ ਹੋਏ ਸਨ। ਮਾਂ ਨੂੰ ਉਹ ਇੱਕ ਦਮ ਚਿੰਬੜ ਗਿਆ। ਮਾਂ ਨੇ ਗੋਦੀ ਚੁੱਕ ਲਿਆ। ਗੋਦੀ ਚੜ੍ਹਿਆ ਕਿੰਨਾਂ ਚਿਰ ਹਟਕੋਰੇ ਲੈਂਦਾ ਰਿਹਾ। ਮਾਂ ਵਾਲ਼ਾਂ ਵਿੱਚ ਹੱਥ ਫੇਰਦੀ ਰਹੀ। ਕੇਵਲ ਨੂੰ ਮਾਂ ਦਾ ਹੱਥ ਵਾਲ਼ਾਂ ਵਿੱਚ ਚੰਗਾ ਲੱਗ ਰਿਹਾ ਸੀ। ਅੱਜ ਮੁੜ ਕੇਵਲ ਨੂੰ ਜਦੋਂ ਉਹ ਸਮਾਂ ਯਾਦ ਆਇਆ। ਉਸ ਨੂੰ ਪ੍ਰਤੀਤ ਹੋਇਆ, ਜਿਵੇਂ ਵੱਡੇ ਲੋਕ ਉਸ ਦੇ ਸਿਰ ਵਿੱਚ ਹਜ਼ਾਰਾਂ ਸੂਲਾਂ ਭੁਭੋ ਰਹੇ ਹੋਣ। ਅਜਿਹੇ ਜ਼ਖ਼ਮ ਬਣਦੇ ਜਾ ਰਹੇ ਜੋ ਕਦੇ ਭਰਦੇ ਨਹੀਂ। ਕੇਵਲ ਆਪਣੇ-ਆਪ ਵਿੱਚੋਂ ਉਸ ਸਮੇਂ ਬਾਹਰ ਆਇਆ ਜਦੋਂ ਮੈਡਮ ਨੇ ਆ ਕੇ ਕਿਹਾ,

"ਅਜੇ ਤੁਹਾਡੇ ਕੋਲੋਂ ਸੋਫ਼ੇ ਵੀ ਸਾਫ਼ ਨਹੀਂ ਹੋਏ। ਇਨ੍ਹਾਂ ਨੂੰ ਹੀ ਲਈ ਬੈਠੇ ਰਿਹੋ। ਹੋਰ ਬਹੁਤ ਕੰਮ ਨੇ ਕਰਨ ਵਾਲੇ। ਲੱਗੇ ਰਹੋ ਗੱਲਾਂ ਮਾਰਨ ਟਾਇਮ ਪਾਸ ਕਰਨ ਨੂੰ।" ਉਸ ਨੇ ਆਪਣੇ ਗਿੱਲੇ ਵਾਲ਼ਾਂ ਨੂੰ ਹੱਥਾਂ ਨਾਲ਼ ਝਟਕਾਇਆ।

"ਮੈਡਮ ਕਰੀਂ ਤਾਂ ਜਾਨੇ ਆ। ਅਸੀਂ ਕਿਹੜਾ ਵਿਹਲੇ ਬੈਠੇ ਐਂ।" ਕੇਵਲ ਨੇ ਜੁਵਾਬ ਦੇ ਦਿੱਤਾ। ਕੁੱਝ ਗਰਮੀ ਸੀ ਕੁੱਝ ਪ੍ਰੀਤ ਦੀਆਂ ਗੱਲਾਂ ਨੇ ਤੇ ਅਤੀਤ ਨੇ ਉਸ ਦੇ ਖ਼ੂਨ ਵਿੱਚ ਉਬਾਲ ਲੈ ਆਂਦਾ ਸੀ। ਮੈਡਮ ਇਨ੍ਹਾਂ ਸੁਣਨ ਵਾਲੀ ਕਿੱਥੋਂ ਸੀ। ਉਸ ਨੂੰ ਸੱਤੀ ਕੱਪੜੇ ਅੱਗ ਲੱਗ ਗਈ।

"ਤੂੰ ਬਕਵਾਸ ਕਰਦੈਂ ਮੇਰੇ ਨਾਲ਼। ਜੁਬਾਨ ਲੜਾਉਨਾ। ਘਟੀਆ ਇਨਸਾਨ ਆ ਜਾਣ ਦੇ ਸਾਹਬ ਨੂੰ ਕਰਦੀ ਆਂ ਗੱਲ।" ਕੇਵਲ ਨੂੰ ਗੁੱਸਾ ਚੜ੍ਹ ਗਿਆ। ਉਹ ਬੋਲਣ ਵਾਲਾ ਹੀ ਸੀ। ਰਾਜ਼ੇਸ ਨੇ ਇਸਾਰੇ ਨਾਲ਼ ਚੁੱਪ ਕਰਵਾ ਦਿੱਤਾ। ਸਾਰਾ ਗੁੱਸਾ ਅੰਦਰ ਪੀ ਗਿਆ ਤੇ ਸਮਾਂ ਵਿਚਾਰ ਗਿਆ। ਮੈਡਮ ਕਾਫੀ ਸਮੇਂ ਤੱਕ ਅਵਾ-ਤਵਾ ਬੋਲਦੀ ਰਹੀ। ਮਾੜੇ-ਮੋਟੇ ਕੰਮ ਲਈ ਵੀ ਉਨ੍ਹਾਂ ਨੂੰ ਤੰਗ ਕਰਨ ਲੱਗ ਪਈ। ਉਹ ਅਜਿਹੀਆਂ ਤੰਗੀਆਂ ਨੂੰ ਕੀ ਜਾਣਦੇ ਸਨ। ਜਿਨ੍ਹਾਂ ਨੇ ਆਪਣੇ ਪਿੰਡੇ ਉੱਤੇ ਬਚਪਨ 'ਚ ਮਿੱਟੀ ਦੇ ਵਸਤਰ ਪਾਏ ਹੋਣ। ਮੈਡਮ ਉਂਗਲਾਂ ਕਰ-ਕਰ ਕੰਮ ਕਰਵਾਉਂਦੀ ਰਹੀ। ਉਹ ਕਰਦੇ ਰਹੇ। ਜਦੋਂ ਸਾਹਬ ਆ ਗਿਆ, ਉਸ ਦੇ ਕੰਨਾਂ ਵਿੱਚ ਫੂਕ ਮਾਰਨ ਤੋਂ ਨਾ ਮੈਡਮ ਟਲੀ। ਸਾਹਬ ਨੇ ਬਹੁਤ ਡਾਂਟ ਮਾਰੀ। ਉਹ ਚੁੱਪ ਚਾਪ ਘੁੱਗੂ ਬਣੇ ਦੋਵੇਂ ਖੜ੍ਹੇ ਸੁਣਦੇ ਰਹੇ। ਸਾਹਬ ਦੇ ਬੋਲ਼ਾਂ ਵਿੱਚ ਤਲਖ਼ੀ ਸੀ। ਕੋਠੀ ਤੋਂ ਬਾਹਰ ਵੀ ਸੁਣ ਰਿਹਾ ਸੀ।

ਬਾਹਰ ਗਾਰਦ'ਤੇ ਖੜ੍ਹੇ ਪੁਲਿਸ ਦੇ ਜਵਾਨ ਸੁਣ ਰਹੇ ਸੀ। ਕੋਠੀ ਦੇ ਬਾਹਰ ਸਪੈਸ਼ਲ ਗਾਰਦ ਲਗਵਾਈ ਹੋਈ ਸੀ। ਦੋ ਬੰਦੇ ਹਮੇਸ਼ਾ ਖੜ੍ਹੇ ਰਹਿੰਦੇ ਸਨ। ਸਾਹਬ ਮੁੜ ਦਫ਼ਤਰ ਚਲਾ ਗਿਆ। ਘੰਟੇ ਪਿੱਛੋਂ ਕੇਵਲ ਤੇ ਰਾਜ਼ੇਸ ਵੀ ਆ ਗਏ। ਪੁਲਿਸ ਵਾਲਿਆਂ ਨੇ ਉਨ੍ਹਾਂ ਨੂੰ ਰੋਕ ਲਿਆ। ਪਾਣੀ ਦੀ ਬੋਤਲ ਉਨ੍ਹਾਂ ਅੱਗੇ ਕਰ ਦਿੱਤੀ। ਉਹ ਜਾਣਦੇ ਸਨ ਇਹ ਪਾਣੀ ਵੀ ਨਹੀਂ ਪੁੱਛਦੇ। ਉਹ ਗਟਗਟ ਕਰਕੇ ਪਾਣੀ ਪੀ ਗਏ। ਪੁਲਿਸ ਜਵਾਨ ਕਰਨੈਲ ਨੇ ਪੁੱਛ ਲਿਆ,

"ਕੀ ਹੋ ਗਿਆ ਸੀ ਸਾਹਬ ਬੜੇ ਗੁੱਸੇ ਹੋ ਰਹੇ ਸੀ।"

"ਤੁਹਾਨੂੰ ਪਤਾ ਹੈ! ਮੈਡਮ ਦੇ ਸੁਭਾਅ ਦਾ, ਉਸ ਨੇ ਆਉਂਦੇ ਦੇ ਲੁੱਤੀਆਂ ਲਾ ਦਿੱਤੀਆਂ।" ਕੇਵਲ ਨੇ ਪਾਣੀ ਦੀ ਬੋਤਲ ਫੜਾਉਂਦਿਆਂ ਕਿਹਾ।

"ਨਾ ਫਿਰ ਵੀ ਕੀ ਗੱਲ ਹੋ ਗਈ।" ਕਰਨੈਲ ਪੂਰੀ ਜਾਣਕਾਰੀ ਚਾਹੁੰਦਾ ਸੀ।

"ਹੋਣਾ ਕੀ ਸੀ ਯਾਰ! ਤੁਸੀਂ ਜਾਣਦੇ ਤਾਂ ਹੋ, ਇਸ ਕੁੱਤੀ ਦੀ ਆਦਤ ਨੂੰ ਚਿਕਰ-ਚਿਕਰ ਕਰਦੀ ਰਹਿੰਦੀ ਐ। ਅੱਜ ਮੂਡ ਮੇਰਾ ਵੀ ਖ਼ਰਾਬ ਹੋ ਗਿਆ ਸੀ ਸਵੇਰੇ ਹੀ। ਕੱਲ੍ਹ ਕੁੜੀ ਤੋਂ ਪਾਣੀ ਮੰਗ ਲਿਆ ਸੀ।" ਕੇਵਲ ਨੇ ਸਾਰੀ ਕਹਾਣੀ ਦੱਸੀ।

"ਅੱਛਾ ਯਾਰ ਬੜੀ ਮਾੜੀ ਗੱਲ ਐ।" ਗਾਰਡ 'ਤੇ ਖੜ੍ਹੇ ਦਰਸ਼ਨ ਨੇ ਕਿਹਾ।

"ਅਸੀਂ ਕੰਮ ਕਰੀ ਜਾਂਦੇ ਸੀ। ਉਹ ਕਹਿੰਦੀ, "ਤੁਸੀਂ ਵਿਹਲੇ ਬੈਠੇ ਹੋਂ।" ਮੈਂ ਅੱਗੋਂ ਜਵਾਬ ਦੇ ਦਿੱਤਾ। ਇਸ ਨੇ ਸਾਹਬ ਨੂੰ ਉਂਗਲ ਲਾ ਦਿੱਤੀ, ਜਿਵੇਂ ਕਰਦੀ ਹੁੰਦੀ ਐ।" ਕੇਵਲ ਨੇ ਹੱਥ ਦੀ ਉਂਗਲ ਕਰਕੇ ਕਿਹਾ।

"ਇਹ ਤਾਂ ਯਾਰ ਆਈਂ ਐਂ। ਕੇਰਾਂ ਮੈਨੂੰ ਕਹਿੰਦੀ ਗੱਡੀ ਧੋ ਦੇ।' ਮਖਾਂ ਸਾਡੀ ਡਿਊਟੀ, ਤੁਹਾਡੀਆਂ ਗੱਡੀਆਂ ਧੋਣ ਦੀ ਨਹੀਂ। ਉਹ ਮੇਰੇ ਵੱਲ ਬਿਟਰ-ਬਿਟਰ ਝਾਕੇ। ਓਹੀ ਗੱਲ ਸਾਹਬ ਨੂੰ ਦੱਸ ਦਿੱਤੀ। ਉਸ ਨੇ ਡੀ. ਐੱਸ. ਪੀ. ਨੂੰ ਫ਼ੋਨ ਕਰ ਦਿੱਤਾ। ਮੈਨੂੰ ਬੁਲਾਇਆ ਗਿਆ, ਮੈਂ ਸਾਰੀ ਗੱਲ ਦੱਸ ਦਿੱਤੀ। ਮੇਰਾ ਕੀ ਕਰ ਲੈਂਦੇ ਇੱਥੋਂ ਵੱਧ ਤੋਂ ਵੱਧ ਬਦਲੀ ਹੁੰਦੀ। ਅੱਜ ਤੱਕ ਮੁੜ ਕੇ ਕੁੱਝ ਨਹੀਂ ਕਿਹਾ।" ਕਰਨੈਲ ਫ਼ੌਜ ਵਿੱਚੋਂ ਰਿਟਾਇਡ ਹੋ ਦੋਬਾਰਾ ਪੁਲਿਸ ਦੀ ਨੌਕਰੀ ਕਰ ਰਿਹਾ ਤੇ ਡਿਊਟੀ ਨੂੰ ਡਿਊਟੀ ਸਮਝਦਾ ਸੀ।

"ਤੁਹਾਡਾ ਤਾਂ ਚੱਲ ਗਿਆ, ਸਾਡਾ ਤਾਂ ਮੌਕੇ ਦਾ ਆਪਣਾ ਅਫ਼ਸਰ ਐ। ਕੋਈ ਵੀ ਕਾਰਵਾਈ ਕਰ ਸਕਦੈ।" ਰਾਜ਼ੇਸ ਗੱਤੇ ਨਾਲ਼ ਝੱਲ ਮਾਰਦਾ ਬੋਲਿਆ। ਉਸ ਦਾ ਡਰ ਸਾਹਮਣੇ ਆ ਰਿਹਾ ਸੀ।

"ਤੁਸੀਂ ਕੋਈ ਚੋਰੀ ਕੀਤੀ ਐ, ਜਾ ਕਤਲ ਕਰ ਦਿੱਤਾ। ਗੈਰ ਕਾਨੂੰਨੀ ਕੰਮ ਤਾਂ ਆਪ ਕਰਵਾਉਂਦੇ ਨੇ। ਆਪਾਂ ਇਨ੍ਹਾਂ ਤੋਂ ਕਿਹੜੀ ਗੱਲੋਂ ਘੱਟ ਹਾਂ। ਕੇਵਲ ਸਿੰਘ ਤੂੰ ਚੰਗਾ ਪੜ੍ਹਿਆ ਲਿਖਿਆ ਐ। ਹੁਸ਼ਿਆਰ ਵੀ ਐਂ ਯਾਰ। ਚੰਗੀ ਨੌਕਰੀ ਦੀ ਤਿਆਰੀ ਕਰ। ਤੂੰ ਵੀ ਅਫ਼ਸਰ ਬਣ ਸਕਦੈਂ। ਇਹ ਕਿਹੜਾ ਅਸਮਾਨ ਤੋਂ ਉੱਤਰੇ ਹੋਏ ਨੇ।" ਫ਼ੌਜੀ ਨੇ ਘਾਟ-ਘਾਟ ਦਾ ਪਾਣੀ ਪੀਤਾ ਹੋਇਆ ਸੀ। ਉਹ ਸਭ ਜਾਣਕਾਰੀ ਰੱਖਦਾ ਸੀ। ਫ਼ੌਜੀ ਦੀਆਂ ਗੱਲਾਂ ਨੇ ਉਸ ਨੂੰ ਟੁੰਬ ਦਿੱਤਾ।

"ਇਨ੍ਹਾਂ ਨੇ ਤਾਂ ਰੁਪਿੰਦਰ ਵਿਚਾਰੀ ਨਾਲ਼ ਵੀ ਬਹੁਤ ਮਾੜੀ ਕੀਤੀ ਸੀ। ਤਾਂ ਹੀ ਤਾਂ ਉਹ ਚਲੀ ਗਈ, ਸਾਡੇ ਕੋਲ਼ ਰੋਣਾ ਰੋਂਦੀ ਰਹਿੰਦੀ। ਵਿਚਾਰੀ ਨੂੰ ਪੰਜ ਹਜ਼ਾਰ ਤਨਖ਼ਾਹ ਦਿੰਦੇ ਸੀ। ਸਰਕਾਰ ਖਾਤੇ ਵਿੱਚ ਅੱਠ ਹਜ਼ਾਰ ਪਾਉਂਦੀ। ਬੈਂਕ ਦੀ ਕਾਪੀ ਵੀ ਇਨ੍ਹਾਂ ਨੇ ਰੱਖੀ ਹੋਈ ਤੇ ਏ. ਟੀ. ਐੱਮ. ਕਾਰਡ ਵੀ ਇਨ੍ਹਾਂ ਕੋਲ਼। ਜਦੋਂ ਤਨਖ਼ਾਹ ਦੇਣੀ ਹੁੰਦੀ ਮੈਂ ਕਢਵਾ ਕੇ ਦਿੰਦਾ। ਤਿੰਨ ਆਪ ਰੱਖ ਲੈਂਦੇ ਪੰਜ ਉਹਨੂੰ ਦਿੰਦੇ।" ਕੋਲ਼ ਖੜ੍ਹੇ ਗੰਨਮੈਨ ਪਾਲ ਸਿੰਘ ਨੇ ਨਵੀਂ ਹੀ ਗੱਲ ਦੱਸ ਦਿੱਤੀ।

"ਅੱਛਾ ਯਾਰ ਆਂਏ ਕਰਦੇ ਸੀ ਕੀ ਕਮੀਂ ਹੈ ਇਨ੍ਹਾਂ ਨੂੰ। ਫਿਰ ਵੀ ਭੁੱਖ ਨੰਗ ਦਿਖਾਉਂਦੇ ਫਿਰਦੇ ਨੇ।" ਕੇਵਲ ਨੇ ਦੂਜਿਆ ਦੇ ਹੱਕ ਮਾਰਨ 'ਤੇ ਚਿੰਤਾਂ ਜ਼ਾਹਰ ਕੀਤੀ।

"ਕੇਰਾਂ ਉਸ ਦੇ ਅਕਾਊਂਟ ਵਿੱਚ ਦੋ ਮਹੀਨਿਆਂ ਦੀ ਤਨਖ਼ਾਹ ਕੱਠੀ ਹੋਈ ਪਈ ਸੀ। ਮੈਂ ਉਸ ਨੂੰ



ਸ਼ਕੀਮ ਦੱਸੀ, ਮੈਡਮ ਤੋਂ ਵੀ ਦਸ ਹਜ਼ਾਰ ਮੰਗਣ ਲਈ ਕਹਿ ਦਿੱਤਾ। ਬੈਂਕ ਵਿੱਚੋਂ ਡੁਪਲੀਕੇਟ ਕਾਪੀ ਬਣਾਉਣ ਲਈ ਸਲਾਹ ਦਿੱਤੀ। ਮੈਨੂੰ ਮੈਡਮ ਨੇ ਏ. ਟੀ. ਐੱਮ. ਦੇ ਦਿੱਤਾ ਪੈਸੇ ਕੱਢਵਾਉਣ ਲਈ। ਮੈਂ ਪੈਸੇ ਨਾ ਹੋਣ ਦਾ ਬਹਾਨਾ ਬਣਾ ਦਿੱਤਾ। ਉਸ ਦੀ ਡੁਪਲੀਕੇਟ ਕਾਪੀ ਬਣਾ ਲਿਆਇਆ। ਮੈਡਮ ਨੇ ਪੈਸੇ ਆਪਣੇ ਕੋਲ਼ੋਂ ਦੇ ਦਿੱਤੇ। ਅਗਲੇ ਦਿਨ ਰੁਪਿੰਦਰ ਦੱਸੇ ਅਨੁਸਾਰ ਛੁੱਟੀ 'ਤੇ ਹੋ ਗਈ। ਬੈਂਕ ਚੋਂ ਆਪਣਾ ਅਕਾਊਂਟ ਸਾਫ਼ ਕਰ ਦਿੱਤਾ। ਮੈਡਮ ਦੇ ਮੋਬਾਇਲ'ਤੇ ਮੈਸਿਜ਼ ਆ ਗਏ। ਉਹਨੂੰ ਅੱਗ ਲੱਗ ਗਈ। ਮੁੜ ਕੇ ਰੁਪਿੰਦਰ ਨਹੀਂ ਆਈ। ਮੈਨੂੰ ਬਥੇਰਾ ਕਹਿੰਦੇ ਰਹੇ ਉਨ੍ਹਾਂ ਦੇ ਘਰੋਂ ਪੈਸੇ ਲੈ ਕੇ ਆ। ਮੈਂ ਝੂਠ-ਮੂਠ ਮਾਰ ਬਹਾਨੇ ਲਾ ਦਿੰਦਾ।" ਪਾਲ ਆਪਣੇ ਨੇਕ ਕੰਮ ਦੇ ਕਿੱਸੇ ਫ਼ਖ਼ਰ ਨਾਲ਼ ਸੁਣਾ ਰਿਹਾ ਸੀ।

"ਜੈਸੇ ਕੋ ਤੈਸਾ, ਇਨ੍ਹਾਂ ਨਾਲ਼ ਹੋਣਾ ਵੀ ਆਏਂ ਹੀ ਚਾਹੀਦਾ ਐ। ਕੀ ਕਰ ਲੈਂਦੇ ਗੈਰ ਕਾਨੂੰਨੀ ਕੰਮ ਤਾਂ ਆਪ ਕਰਦੇ ਨੇ। ਕਿਸੇ ਦਾ ਹੱਕ ਮਾਰਕੇ ਕੀ ਮੱਲ੍ਹਾਂ ਮਾਰ ਲੈਣਗੇ। ਤਾਹੀਂ ਤਾਂ ਔਲਾਦ ਵੀ ਨਹੀਂ ਹੁੰਦੀ।" ਕਰਨੈਲ ਨੇ ਸਿਰੇ ਦੀ ਕਹਿ ਦਿੱਤੀ। ਕੇਵਲ ਤੇ ਰਾਜ਼ੇਸ ਵਿਦਾ ਲੈ ਕੇ ਦਫ਼ਤਰ ਦੇ ਰਾਹ ਤੁਰ ਪਏ। ਕੇਵਲ ਦੇ ਦਿਮਾਗ਼ ਵਿੱਚ ਅੱਜ ਬਹੁਤ ਕੁੱਝ ਚੱਲ ਰਿਹਾ ਸੀ। ਉਸ ਨੂੰ ਅੱਜ ਇਨ੍ਹਾਂ ਅਫ਼ਸਰਾਂ ਤੋਂ ਘਿਰਣਾ ਜਿਹੀ ਹੋਣ ਲੱਗੀ। ਬਹੁਤ ਸਾਰੇ ਵਿਚਾਰ ਮਨ ਵਿੱਚ ਆਏ। ਨੌਕਰੀ ਛੱਡ ਦੇਵੇ, ਕਦੇ ਚੰਗੀ ਨੌਕਰੀ ਲਈ ਤਿਆਰੀ ਕਰੇ। ਅਜਿਹੀ ਖਿੱਚੋ ਤਾਣੀ ਵਿਚ ਉਹ ਦਫ਼ਤਰ ਪਹੁੰਚ ਗਏ।

ਅਗਲੀ ਸਵੇਰ ਕੇਵਲ ਨੂੰ ਕੋਠੀ ਨਹੀਂ ਸੀ ਬੁਲਾਇਆ। ਸਗੋਂ ਰਾਤ ਦਾ ਚੌਂਕੀਦਾਰ ਗੋਪਾਲ ਸਿੰਘ ਤੇ ਰਾਜ਼ੇਸ ਗਏ ਸਨ। ਕੇਵਲ ਦੇ ਹੱਥ ਵਿੱਚ ਇੱਕ ਆਡਰ ਦੀ ਕਾਪੀ ਫੜਾ ਦਿੱਤੀ। ਉਸ ਦੀ ਡਿਊਟੀ ਚੌਂਕੀਦਾਰ ਦੀ ਲਾ ਦਿੱਤੀ ਤੇ ਚੌਂਕੀਦਾਰ ਨੂੰ ਉਸ ਦੀ ਜਗ੍ਹਾ। ਉਸ ਨੂੰ ਰਾਤ ਦੀ ਡਿਊਟੀ 'ਤੇ ਆਉਣ ਦਾ ਹੁਕਮ ਹੋ ਗਿਆ। ਹੁਣ ਉਹ ਘਰ ਜਾ ਸਕਦਾ ਸੀ। ਇੱਕ ਵਾਰ ਤਾਂ ਉਸ ਨੂੰ ਝਟਕਾ ਜਿਹਾ ਲੱਗਾ। ਜੋ ਹੁਕਮ ਸੀ ਉਹ ਤਾਂ ਮੰਨਣਾ ਪੈਣਾ। ਫਿਰ ਆਪਣਾ ਮਨ ਸਮਝਾ ਲਿਆ। ਚਿਹਰਾ ਉਦਾਸ ਸੀ। ਦਫ਼ਤਰ 'ਚੋ ਬਾਹਰ ਆ ਗਿਆ। ਅੱਜ ਧੁੱਪ ਉਸ ਨੂੰ ਬਹੁਤ ਤੇਜ ਲੱਗ ਰਹੀ ਸੀ। ਉਸ ਨੂੰ ਲੱਗ ਰਿਹਾ ਸੀ ਜਿਵੇਂ ਧੁੱਪ 'ਚ ਉਡਦੇ ਭੰਬੂਤਾਰੇ ਉਸ ਦਾ ਮਾਖੌਲ ਉਡਾ ਰਹੇ ਹੋਣ। ਗੋਪਾਲ ਤਾਂ ਬਹੁਤ ਪਹਿਲਾਂ ਕੋਸ਼ਿਸ਼ ਕਰ ਰਿਹਾ ਸੀ, ਦਿਨ ਦੀ ਡਿਊਟੀ ਲਈ। ਸਾਹਬ ਦੀ ਪੂਰੀ ਸੇਵਾ ਕਰਦਾ। ਅੱਜ ਮੌਕਾ ਮਿਲ ਜਾਣ 'ਤੇ ਸਾਹਬ ਨੇ ਉਸ ਦੀ ਬਦਲੀ ਕਰ ਦਿੱਤੀ। ਦਿਨ ਦੀ ਡਿਊਟੀ 'ਤੇ ਚਾਰ ਪੈਸੇ ਬਣ ਜਾਂਦੇ ਹਨ। ਉਸ ਨੂੰ ਲਾਲਚ ਸੀ। ਕੇਵਲ ਇਸ ਕੰਮ ਤੋਂ ਹਮੇਸ਼ਾ ਦੂਰ ਰਿਹਾ। ਰੀਡਰ ਹੋਰੀਂ ਆਪਸ ਵਿੱਚ ਮਿਲ ਕੇ ਲੈਣ ਦੇਣ ਦਾ ਕੰਮ ਚਲਾਈ ਜਾਂਦੇ ਸਨ। ਜਦੋਂ ਉਹ ਬਾਹਰ ਨਿੱਕਲਿਆ ਉਸ ਨੂੰ ਕਰਨੈਲ ਫ਼ੌਜੀ ਮਿਲ ਗਿਆ। ਉਸ ਨੇ ਰੋਕ ਲਿਆ।

"ਕੇਵਲ ਕਿਵੇਂ ਅੱਜ ਉਦਾਸ ਲੱਗਦੈਂ? ਕਿਵੇਂ ਤਬੀਅਤ ਠੀਕ ਨਹੀਂ।"

"ਅਜਿਹੀ ਕੋਈ ਗੱਲ ਨਹੀਂ। ਮੇਰੀ ਬਦਲੀ ਰਾਤ ਦੀ ਕਰ ਦਿੱਤੀ।" ਉਸ ਨੇ ਆਡਰ ਦੀ ਕਾਪੀ ਉਸ ਨੂੰ ਫੜਾ ਦਿੱਤੀ।

"ਕੋਈ ਨ੍ਹੀਂ! ਕੁੱਝ ਨਹੀਂ ਹੁੰਦਾ। ਰਾਤ ਨੂੰ ਤਾਂ ਸੌਖਾ ਐ, ਆ ਕੇ ਪੈਣਾ ਹੀ ਹੈ। ਸਵੇਰੇ ਬਿਸਤਰ ਝਾੜ ਕੇ ਰੱਖ ਦਿਓ। ਤੇਰੇ ਲਈ ਇੱਕ ਵਧੀਆਂ ਮੌਕਾ ਹੈ। ਤੂੰ ਟੈਸਟਾਂ ਦੀ ਤਿਆਰੀ ਕਰ। ਇਨ੍ਹਾਂ ਸਾਲਿਆਂ ਨੂੰ ਕੁੱਝ ਬਣਕੇ ਦਿਖਾ। ਰਾਤ ਤੇਰੇ ਕੋਲ਼ ਪੂਰੀ ਪਈ ਐ। ਦਿਨੇ ਤੂੰ ਕੋਚਿੰਗ ਲੈ ਸਕਦੈਂ। ਤੇਰੇ ਕੋਲ਼ ਸੁਨਹਿਰੀ ਮੌਕਾ ਐ। ਮੈਥੋਂ ਜਿਵੇਂ ਤੂੰ ਚਾਹੇ, ਮੈਂ ਤੇਰੀ ਮੱਦਦ ਲਈ ਹਮੇਸ਼ਾ ਤਿਆਰ ਹਾਂ।" ਕਰਨੈਲ ਫ਼ੌਜੀ ਕਿੰਨ੍ਹਾਂ ਚਿਰ ਉਸ ਨੂੰ ਸਮਝਾਉਂਦਾ ਰਿਹਾ। ਕੇਵਲ ਨੂੰ ਵੀ ਉਸ ਦੀਆਂ ਗੱਲਾਂ ਜਚ ਰਹੀਆਂ ਸਨ। ਇਨ੍ਹਾਂ ਗੱਲਾਂ ਨੇ ਉਸ ਨੂੰ ਇੱਕ ਨਵੀਂ ਤਾਕਤ ਦਿੱਤੀ। ਬਸ ਵਿੱਚ ਬੈਠਾ ਉਹ ਆਪਣੇ-ਆਪ ਗੱਲਾਂ ਕਰਦਾ ਗਿਆ।

"ਕਰਨੈਲ ਸਹੀ ਤਾਂ ਕਹਿ ਰਿਹਾ। ਮੈਂ ਰਾਤ ਨੂੰ ਵਧੀਆ ਤਿਆਰੀ ਕਰ ਸਕਦਾ ਹਾਂ।" ਕਿੰਨ੍ਹੇ ਉਸ ਦੇ ਮਨ ਵਿੱਚ ਖਿਆਲ਼ ਆਏ। ਉਸ ਨੂੰ ਪਤਾ ਹੀ ਨਹੀਂ ਲੱਗਿਆ,ਕਦੋਂ ਘਰ ਪਹੁੰਚ ਗਿਆ। ਆਪਣੀ ਮਾਂ ਨੂੰ ਰਾਤ ਦੀ ਬਦਲੀ ਬਾਰੇ ਦੱਸਿਆ।

ਜਦੋਂ ਉਹ ਰਾਤ ਦੀ ਡਿਊਟੀ ਉੱਤੇ ਆਇਆ। ਉਸ ਨੂੰ ਸਭ ਸ਼ਾਂਤ ਲੱਗ ਰਿਹਾ ਸੀ। ਕਰਨੈਲ ਫ਼ੌਜੀ ਹੋਰਾਂ ਕੋਲ਼ ਉਹ ਕਿੰਨ੍ਹਾਂ ਚਿਰ ਗੱਲਾਂ ਕਰਦਾ ਰਿਹਾ। ਕਰਨੈਲ ਉਸ ਮੁੜ ਟੈਸਟਾਂ ਦੀ ਤਿਆਰੀ ਵਾਸਤੇ ਕਹਿ ਰਿਹਾ ਸੀ। ਜਦੋਂ ਉਹ ਰਾਤ ਨੂੰ ਪਿਆ ਉਸ ਨੂੰ ਨੀਂਦ ਨਹੀਂ ਆਈ। ਕੁੱਝ ਉਸ ਦੇ ਅੰਦਰ ਟੁੱਟਦਾ-ਭੱਜਦਾ ਰਿਹਾ। ਉਸ ਨੂੰ ਖਿਆਲ਼ ਆਇਆ।

"ਮੈਡਮ ਪੀ. ਸੀ. ਐੱਸ. ਦੀ ਤਿਆਰੀ ਕਰ ਰਹੀ ਐ। ਮੈਂ ਕਿਉਂ ਨਹੀਂ ਕਰ ਸਕਦਾ। ਮੇਰੇ ਵਿੱਚ ਕੀ ਕਮੀਂ ਐ।" ਉਸ ਨੇ ਮਨ ਬਣਾ ਲਿਆ। ਪੀ. ਸੀ. ਐੱਸ. ਦਾ ਟੈਸਟ ਦੇਵੇਗਾ। ਸਵੇਰੇ ਜਦੋਂ ਉਹ ਉੱਠਿਆ ਉਸ ਦੇ ਚਿਹਰੇ ਉੱਤੇ ਵੱਖਰਾ ਨੂਰ ਸੀ। ਕਰਨੈਲ ਫ਼ੌਜੀ ਨੂੰ ਗਲਵੱਕੜੀ ਪਾ ਮਿਲਿਆ। ਸ਼ਹਿਰ ਵਿੱਚ ਜਾ ਕੇ ਉਸ ਨੇ ਕੋਚਿੰਗ ਸੈਂਟਰ 'ਚ ਗੱਲ ਕੀਤੀ। ਫੀਸ ਜ਼ਿਆਦਾ ਸੀ। ਫਿਰ ਉਸ ਨੇ ਜੋੜ-ਤੋੜ ਲਾ ਕੇ ਕੋਚਿੰਗ ਲੈਣ ਦੀ ਸਲਾਹ ਕਰ ਲਈ। ਕੁੱਝ ਕਿਤਾਬਾਂ ਤਾਂ ਅੱਜ ਹੀ ਉਨ੍ਹਾਂ ਨੂੰ ਪੁੱਛ ਕੇ ਖ਼ਰੀਦ ਲੈ ਆਇਆ। ਸ਼ਾਮ ਨੂੰ ਜਦੋਂ ਡਿਊਟੀ ਗਿਆ ਸੀ ਤਾਂ ਉਸ ਨੇ ਕਿਤਾਬਾਂ ਵਾਲਾ ਬੈਗ ਮੋਢੇ ਪਾਇਆ ਹੋਇਆ ਸੀ। ਰਾਤ ਨੂੰ ਉਹ ਕਿਤਾਬਾਂ ਪੜ੍ਹਦਾ ਰਿਹਾ। ਕਰਨੈਲ ਫ਼ੌਜੀ ਉਸ ਨੂੰ ਦੇਖ ਕੇ ਬਹੁਤ ਖ਼ੁਸ਼ ਹੋਇਆ।

"ਆ ਬਣੀ ਨਾ ਗੱਲ! ਹੁਣ ਪੁੱਠਾ ਮੁੜ ਕੇ ਨਾ ਦੇਖੀ। ਅੱਗੇ ਹੀ ਵਧਣਾ ਐ। ਪੈਸੇ ਟਕੇ ਦੀ ਜ਼ਰੂਰਤ ਹੋਈ! ਮੈਥੋਂ ਮੰਗਣ ਲੱਗਿਆ ਸੰਗੀ ਨਾ।" ਕਰਨੈਲ ਫ਼ੌਜੀ ਨੇ ਬੇਫਿਕਰੀ ਨਾਲ਼ ਹੌਂਸਲਾ ਦਿੰਦਿਆਂ ਕਿਹਾ।

"ਜਦੋਂ ਤੁਸੀਂ ਮੇਰੇ ਨਾਲ਼ ਖੜ੍ਹੇ ਹੋ। ਮੈਨੂੰ ਕੋਈ ਚਿੰਤਾਂ ਨਹੀਂ। ਇਹ ਟੈਸਟ ਕੀ ਨੇ ਫਿਰ।" ਕੇਵਲ ਥੋੜ੍ਹਾ ਭਾਵੁਕ ਹੋ ਗਿਆ। ਉਸ ਦਾ ਗੱਚ ਭਰ ਆਇਆ।

ਦਿਨ ਲੰਘਦੇ ਗਏ, ਮਹੀਨੇ ਲੰਘਦੇ ਗਏ। ਕੇਵਲ ਕੋਚਿੰਗ ਸੈਂਟਰ ਤਿਆਰੀ ਲਈ ਲਗਾਤਾਰ ਜਾਂਦਾ। ਡਿਊਟੀ ਦੌਰਾਨ ਸਾਰੀ-ਸਾਰੀ ਰਾਤ ਪੜ੍ਹਦਾ ਰਹਿੰਦਾ। ਸਾਲ ਭਰ ਦੀ ਤਿਆਰੀ ਤੋਂ ਬਾਅਦ। ਉਸ ਨੇ ਟੈਸਟ ਦੇਣ ਲਈ ਮਹਿਕਮੇ ਤੋਂ ਇਜਾਜਤ ਮੰਗੀ। ਸਾਹਬ ਨੇ ਉਸ ਦੀ ਅਰਜੀ ਮਨਜ਼ੂਰ ਨਾ ਕੀਤੀ। ਜਦੋਂ ਪਤਾ ਲੱਗਿਆ, ਉਹ ਪੀ. ਸੀ. ਐੱਸ. ਦਾ ਟੈਸਟ ਦੇ ਰਿਹਾ ਤਾਂ ਉਨ੍ਹਾਂ ਨੂੰ ਹਮਦਰਦੀ ਥਾਂ ਈਰਖਾ ਹੋਣ ਲੱਗੀ। ਇਹ ਵੀ ਪਤਾ ਲੱਗਿਆ ਇਹ ਕੋਚਿੰਗ ਲੈ ਰਿਹਾ। ਰਾਤ ਭਰ ਪੜ੍ਹਦਾ ਰਹਿੰਦਾ। ਕੇਵਲ ਦੀ ਡਿਊਟੀ ਰਾਤ ਤੋਂ ਬਦਲ ਕੇ ਫਿਰ ਦਿਨ ਦੀ ਕਰ ਦਿੱਤੀ। ਉਸਨੇ ਛੁੱਟੀ ਮੰਗੀ ਪਰ ਉਹਨੂੰ ਮਨ੍ਹਾਂ ਕਰ ਦਿੱਤਾ। ਕੇਵਲ ਨੂੰ ਜਦੋਂ ਮੌਕਾ ਮਿਲਦਾ। ਉਹ ਕਿਤਾਬ ਖੋਲ੍ਹ ਬੈਠ ਜਾਂਦਾ। ਸਾਹਬ ਕੈਮਰੇ 'ਚ ਦੇਖਦਾ ਵੈਲ ਮਾਰਦਾ। ਬਿਨਾਂ ਮਤਲਬ ਭਜਾਈ ਫਿਰਦਾ। ਸ਼ਾਮ ਨੂੰ ਜਾਣ ਬੁੱਝ ਕੇ ਲੇਟ ਕਰ ਦਿੰਦਾ। ਕੇਵਲ ਨੇ ਕਰਨੈਲ ਫ਼ੌਜੀ ਨਾਲ਼ ਸਾਰੀ ਗੱਲ ਸਾਂਝੀ ਕੀਤੀ।

"ਕੋਈ ਗੱਲ ਨਹੀਂ! ਜੇ ਮਨਜ਼ੂਰੀ ਨਹੀਂ ਦਿੱਤੀ। ਛੁੱਟੀ ਨਹੀਂ ਦਿੰਦਾ, ਫਿਰ ਕਿਹੜਾ ਤੂੰ ਟੈਸਟ ਨਹੀਂ ਦੇ ਸਕਦਾ। ਤੂੰ ਬੇਫਿਕਰ ਹੋ ਕੇ ਟੈਸਟ ਦੇ। ਜਿੰਨ੍ਹਾਂ ਨੇ ਉੱਗਣਾ ਹੁੰਦਾ ਉਹ ਪੱਥਰਾਂ ਦਾ ਸੀਨਾ ਪਾੜ ਵੀ ਬਾਹਰ ਆ ਜਾਂਦੇ ਨੇ। ਇਹ ਤਾਂ ਚੀਜ਼ ਹੀ ਕੀ ਨੇ।" ਕਰਨੈਲ ਫ਼ੌਜੀ ਉਸ ਨੂੰ ਹਮੇਸ਼ਾ ਜੋਸ਼ ਤੇ ਹੌਂਸਲਾ ਦਿੰਦਾ। ਜਦੋਂ ਕੇਵਲ ਨੇ ਉਸ ਤੋਂ ਪੈਸੇ ਮੰਗੇ ਉਸ ਨੇ ਕਦੇ ਮਨ੍ਹਾਂ ਨਹੀਂ ਕੀਤਾ। ਉਸ ਨੇ ਕਦੇ ਪੈਸੇ ਵਾਪਸ ਵੀ ਨਹੀਂ ਮੰਗੇ।

ਕੇਵਲ ਚਾਹੇ ਹੁਣ ਕੋਚਿੰਗ ਸੈਂਟਰ ਨਹੀਂ ਜਾ ਸਕਦਾ ਸੀ। ਪਰ ਘਰ ਉਹ ਰਾਤ ਭਰ ਪੜ੍ਹਦਾ ਰਹਿੰਦਾ। ਉਸ ਦੀ ਸਿਹਤ ਵੀ ਕਮਜ਼ੋਰ ਦਿਖਣ ਲੱਗ ਪਈ ਸੀ। ਟੈਸਟ ਦੀ ਤਰੀਖ਼ ਨੇੜੇ ਆ ਗਈ। ਕਰਨੈਲ ਫ਼ੌਜੀ ਦੇ ਸੁਝਾਅ ਦਿੱਤਾ "ਛੁੱਟੀ ਲਈ ਉੱਚ ਅਧੀਕਾਰੀ ਕੋਲ਼ ਚਲਾ ਜਾਹ ਸਾਰੀ ਗੱਲ਼ ਦੱਸ ਦੇ।" ਕੇਵਲ ਨੇ ਉਂਝ ਹੀ ਕੀਤਾ ਅਧਿਕਾਰੀ ਨੇ ਉਸ ਦੀ ਗੱਲ ਬੜੇ ਗੌਰ ਨਾਲ ਸੁਣੀ। ਤੁਰੰਤ ਵੀ. ਪੀ. ਸਿੰਘ ਸਿੱਧੂ ਨੂੰ ਫ਼ੋਨ ਘੁੰਮਾ ਦਿੱਤਾ। ਉਸ ਫਟਕਾਰ ਵੀ ਲਾਈ। ਉਹ ਅੱਗੋਂ "ਜੀ ਸਰ, ਜੀ ਸਰ" ਕਰ ਰਿਹਾ ਸੀ।

"ਜਾ ਕਾਕਾ ਛੁੱਟੀ ਲਈ ਆਪਣੇ ਸਾਹਬ ਕੋਲ਼। ਟੈਸਟ ਵਧੀਆ ਕਰਕੇ ਆਉਣਾ। ਜੇ ਕੋਈ ਸਮੱਸਿਆ ਆਈ ਤਾਂ ਦੱਸਣਾ।" ਅਧਿਕਾਰੀ ਨੇ ਬੜ੍ਹੇ ਪਿਆਰ ਨਾਲ਼ ਗੱਲ ਕੀਤੀ। ਵੀ. ਪੀ. ਸਿੰਘ ਸਿੱਧੂ ਔਖਾ ਹੋ ਰਿਹਾ ਸੀ। ਉਸ ਦੀ ਕਲਾਸ ਜੋ ਲੱਗ ਗਈ ਸੀ। ਜਦੋਂ ਉਹ ਉਸ ਕੋਲ਼ ਪਹੁੰਚਿਆ।



"ਕੋਈ ਨਹੀਂ ਆਉਣਾ ਤਾਂ ਮੇਰੇ ਕੋਲ਼ ਐ। ਦੇਖਦੇ ਹਾਂ ਤੈਨੂੰ ਡੀ. ਸੀ. ਬਣਦੇ ਨੂੰ। ਪੁੱਤ ਕਲੱਰਕ ਤੈਨੂੰ ਮੈਂ ਬਣਨ ਨਹੀਂ ਦਿੰਦਾ। ਅਫ਼ਸਰ ਤੂੰ ਬਣ ਨਹੀਂ ਸਕਦਾ।" ਕਿੰਨਾਂ ਕੁੱਝ ਉਹ ਬੋਲਦਾ ਰਿਹਾ। ਕੇਵਲ ਚੁੱਪ ਕਰਕੇ ਸੁਣਦਾ ਰਿਹਾ। ਦਸ ਦਿਨ ਦੀ ਛੁੱਟੀ ਲੈ ਕੇ ਕੇਵਲ ਘਰ ਆ ਗਿਆ। ਦਿਨ ਰਾਤ ਤਿਆਰੀ ਕਰਨ ਲੱਗਾ। ਕੋਚਿੰਗ ਸੈਂਟਰ ਵੀ ਜਾ ਆਉਂਦਾ। ਟੈਸਟ ਵਾਲੀ ਤਾਰੀਖ਼ ਵੀ ਆ ਗਈ ਦਿਨ ਐਤਵਾਰ ਦਾ ਰੱਖਿਆ ਗਿਆ। ਜ਼ਿਲ੍ਹੇ ਦੇ ਇੱਕ ਵੱਡੇ ਕਾਲਜ ਵਿੱਚ ਟੈਸਟ ਹੋਣਾ ਸੀ। ਦਸ ਵਜੇ ਦਾ ਸਮਾਂ ਸੀ।

ਕੇਵਲ ਸਾਢੇ ਅੱਠ ਵਜੇ ਹੀ ਪਹੁੰਚ ਗਿਆ। ਅਜੇ ਗੇਟ ਨਹੀਂ ਸਨ ਖੁੱਲ੍ਹੇ। ਹਜ਼ਾਰਾਂ ਦੀ ਗਿਣਤੀ ਵਿੱਚ ਮੁੰਡੇ ਕੁੜੀਆਂ ਬਾਹਰ ਹੀ ਘੁੰਮ ਰਹੇ ਸਨ। ਕੁੱਝ ਅਜੇ ਵੀ ਕਿਤਾਬਾਂ ਖੋਲ੍ਹੀ ਬੈਠੇ ਸਨ। ਕੇਵਲ ਵੀ ਕਿਤਾਬ ਲੈ ਕੇ ਇੱਕ ਦਰਖ਼ਤ ਦੀ ਢੋਹ ਲਾਈਂ ਬੈਠਾ ਸੀ। ਕੁੱਝ ਸਮੇਂ ਬਾਅਦ ਉੱਥੇ ਮੈਜਿਸਟਰੇਟ ਦੀ ਗੱਡੀ ਆ ਕੇ ਰੁਕੀ। ਗੰਨਮੈਨ ਫਟਾਫਟ ਹੇਠਾਂ ਉਤਰੇ। ਕੇਵਲ ਨੇ ਦੇਖਿਆ ਮੈਡਮ ਸੀ। ਉਹ ਵੀ ਟੈਸਟ ਦੇਣ ਆਈ ਸੀ। ਉਸ ਸਿਰ ਹਿਲਾ ਕੇ ਸਤਿ ਸ੍ਰੀ ਅਕਾਲ ਕਿਹਾ। ਉਸ ਨੇ ਦੂਜੇ ਪਾਸੇ ਮੂੰਹ ਘੁੰਮਾ ਲਿਆ। ਗੰਨਮੈਨਾਂ ਨੇ ਇਸਾਰੇ ਨਾਲ਼ ਫਤਿਹ ਦਾ ਜਵਾਬ ਦਿੱਤਾ। ਉੱਥੇ ਖੜ੍ਹੇ ਮੁੰਡੇ ਕੁੜੀਆਂ ਤੇ ਉਨ੍ਹਾਂ ਦੇ ਮਾਪੇ ਇਹ ਸੋਚ ਰਹੇ ਸੀ। ਕੋਈ ਅਫ਼ਸਰ ਹੋਣੀ। ਗੰਨਮੈਨ ਗੇਟ ਦੇ ਅੰਦਰ ਗੱਡੀ ਕਰਨ ਵਾਸਤੇ ਗਿਆ ਸੀ। ਉਨ੍ਹਾਂ ਬਾਹਰ ਦਾ ਰਾਹ ਦਿਖਾ ਦਿੱਤਾ। ਹੁਣ ਉਹ ਸੜਕ ਦੇ ਫੁੱਟਪਾਥ 'ਤੇ ਗੱਡੀ ਲਾਈਂ ਖੜ੍ਹੇ ਸਨ। ਮੈਡਮ ਗੱਡੀ ਵਿੱਚ ਪੜ੍ਹ ਰਹੀ ਸੀ। ਦੋਵੇਂ ਗੰਨਮੈਨ ਬਾਹਰ ਖੜ੍ਹੇ ਆਪਸ ਵਿੱਚ ਗੱਲਾਂ ਕਰ ਰਹੇ ਸਨ। ਕਦੇ-ਕਦੇ ਉਹ ਕੇਵਲ ਵੱਲ ਦੇਖ ਕੇ ਹੱਸ ਪੈਂਦੇ। ਕੇਵਲ ਉਨ੍ਹਾਂ ਨੂੰ ਮਿਲਣ ਨਹੀਂ ਸੀ ਗਿਆ। ਕਿਤੇ ਉਨ੍ਹਾਂ ਵਿਚਾਰਿਆਂ ਦੀ ਕਲਾਸ ਨਾ ਲੱਗ ਜਾਵੇ। ਕੁੱਝ ਸਮੇਂ ਬਾਅਦ ਗੇਟ ਖੁੱਲ੍ਹ ਗਏ। ਸਭ ਅੰਦਰ ਜਾਣ ਲੱਗੇ। ਮੈਡਮ ਵੀ ਗੱਡੀ 'ਚੋਂ ਉੱਤਰ ਅੰਦਰ ਲੰਘ ਗਈ।

ਕੇਵਲ ਦੇ ਰੂਮ ਵਿੱਚ ਮੈਡਮ ਦਾ ਨੰਬਰ ਆ ਗਿਆ। ਕੇਵਲ ਕੰਧ ਵਾਲੇ ਪਾਸੇ ਬੈਠਾ ਸੀ। ਮੈਡਮ ਇੱਕ ਲਾਇਨ ਛੱਡ ਉਸ ਦੇ ਸਾਹਮਣੇ ਵਿੱਚ ਬੈਠੀ ਸੀ। ਕੇਵਲ ਕਦੇ ਚੋਰੀ ਚੋਰੀ ਉਸ ਵੱਲ ਤੱਕ ਲੈਂਦਾ। ਮੈਡਮ ਆਪਣੇ ਘੁਮੰਡ ਵਿੱਚ। ਕੇਵਲ ਸੋਚ ਰਿਹਾ ਸੀ।

"ਕਿਆ ਇਤਫ਼ਾਕ ਹੈ। ਏ. ਸੀ. ਅਤੇ ਮਖ਼ਮਲ ਦੇ ਸੋਫੇ 'ਤੇ ਬੈਠਣ ਵਾਲੀ ਅੱਜ ਮੇਰੇ ਬਰਾਬਰ ਲੱਕੜ ਦੇ ਬੈਂਚ 'ਤੇ ਬੈਠੀ ਐ। ਕੀ ਫ਼ਰਕ ਰਹਿ ਗਿਆ ਅੱਜ ਵੱਡੇ ਛੋਟੇ ਦਾ। ਇਹ ਵਿੱਦਿਆ ਦਾ ਮੰਦਰ ਹੈ। ਇੱਥੇ ਸਭ ਇੱਕ ਨੇ। ਫ਼ਰਕ ਜਿਹੜਾ ਉਹ ਗੇਟ ਤੋਂ ਬਾਹਰ ਐ।" ਉਸ ਦੇ ਦਿਮਾਗ ਵਿੱਚ ਅਜਿਹੀ ਦੌੜ ਚੱਲ ਰਹੀ ਸੀ। ਟੈਸਟ ਸ਼ੁਰੂ ਹੋ ਗਿਆ। ਕੇਵਲ ਨੇ ਬੜੀ ਨੀਝ ਨਾਲ਼ ਟੈਸਟ ਦਿੱਤਾ। ਬਹੁਤ ਵਧੀਆ ਹੋਇਆ। ਮੁੰਡੇ ਕੁੜੀਆਂ ਟੈਸਟ ਤੋਂ ਬਾਹਰ ਆ ਕੇ ਮੁਲਾਂਕਣ ਕਰ ਰਹੇ ਸਨ। ਮੈਡਮ ਗੱਡੀ ਵਿੱਚ ਬੈਠ ਘਰ ਨੂੰ ਚਲੀ ਗਈ। ਕੇਵਲ ਬਸ 'ਚ ਬੈਠ ਆਪਣੇ ਘਰ ਵੱਲ। ਦੋ ਦਿਨ ਬਾਅਦ ਇੱਕ ਹੋਰ ਟੈਸਟ ਸੀ। ਉਹ ਵੀ ਕੇਵਲ ਦਾ ਵਧੀਆ ਹੋ ਗਿਆ। ਮੈਡਮ ਵੀ ਆਉਂਦੀ ਰਹੀ। ਕੁੱਝ ਦਿਨ ਬਾਅਦ ਕੇਵਲ ਦੀ ਇੰਟਰਵਿਊ ਹੋਈ। ਉਹ ਵੀ ਐਤਵਾਰ ਵਾਲੇ ਦਿਨ। ਇਸ ਦਾ ਉਸ ਨੂੰ ਫਾਇਦਾ ਇਹ ਹੋਇਆ ਛੁੱਟੀ ਲਈ ਮਿਨਤ ਤਰਲੇ ਨਹੀਂ ਕਰਨੇ ਪਏ।

ਸਾਹਮਣੇ ਕੁਰਸੀਆਂ'ਤੇ ਪੰਜ ਅਫ਼ਸਰ ਬੈਠੇ ਸਨ। ਅੱਜ ਕੇਵਲ ਪੂਰਾ ਬਣ ਤਣ ਕੇ ਚਿੱਟੀ ਕਮੀਜ਼ 'ਤੇ ਮਹਿਰੂਮ ਰੰਗ ਦੀ ਟਾਈ ਲਾ ਕੇ ਕਾਲੀ ਪੈਂਟ ਪਾ ਕੇ ਗਿਆ ਸੀ। ਕਿਸੇ ਅਫ਼ਸਰ ਵਾਂਗ ਲੱਗ ਰਿਹਾ ਸੀ। ਅਫ਼ਸਰਾਂ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਉਸ ਨੇ ਬੜੇ ਵਧੀਆ ਤਰੀਕੇ ਨਾਲ਼ ਦਿੱਤੇ। ਹਰ ਇੱਕ ਅਫ਼ਸਰ ਆਪਣੇ ਤਰੀਕੇ ਨਾਲ਼ ਸਵਾਲ ਦਾਗ ਰਿਹਾ ਸੀ। ਚਾਹੇ ਉਹ ਸਵਾਲ ਘੁੰਮਾ ਫਿਰਾ ਕੇ ਕਰਦੇ। ਉਲਝਾਉਣ ਦੀ ਕੋਸ਼ਿਸ਼ ਕਰਦੇ ਰਹੇ। ਕੇਵਲ ਨੇ ਇੰਟਰਵਿਊ ਵਧੀਆ ਸਲੀਕੇ ਨਾਲ਼ ਦਿੱਤੀ। ਬਿਨਾਂ ਕਿਸੇ ਡਰ ਭੈਅ ਤੋਂ।

ਕੇਵਲ ਵੀ. ਪੀ. ਸਿੰਘ ਸਿੱਧੂ ਦੀ ਜਾੜ ਹੇਠ ਆਏ ਦਾਲ 'ਚ, ਪਏ ਕੋਕੜੂ ਵਾਂਗ ਰੜਕ ਰਿਹਾ ਸੀ। ਬਹੁਤ ਪ੍ਰੇਸ਼ਾਨ ਕਰਦਾ। ਕਦੇ ਕੋਠੀ ਭੇਜਦਾ ਕਦੇ ਮਾਲੀ ਦੇ ਕੰਮ 'ਤੇ ਲਾ ਦਿੰਦਾ। ਆਪਣੇ ਕੱਪੜੇ ਧੋਣ ਤੱਕ ਲਾ ਦਿੰਦਾ। ਰਸੋਈ ਵਿੱਚ ਪਏ ਜੂਠੇ ਭਾਂਡੇ ਸਾਫ਼ ਕਰਵਾਏ ਜਾਂਦੇ। ਸ਼ਾਮ ਨੂੰ ਤਾਂ ਹਮੇਸ਼ਾ ਹੀ ਲੇਟ ਕਰਵਾ

ਦਿੰਦਾ। ਕੋਠੀ ਦੇ ਬਾਹਰ ਦੋ-ਦੋ ਘੰਟੇ ਖੜ੍ਹਾ ਕਰਕੇ ਰੱਖਦਾ। ਛੁੱਟੀ ਵਾਲੇ ਦਿਨ ਵੀ ਬੁਲਾ ਲੈਂਦਾ । ਕੇਵਲ ਸਭ ਕੁੱਝ ਚੁੱਪ ਕੀਤੇ ਸਹਿ ਰਿਹਾ ਸੀ। ਉਸ ਕੋਲ਼ ਕੋਈ ਚਾਰਾ ਵੀ ਨਹੀਂ ਸੀ। ਕਦੇ-ਕਦੇ ਉਸ ਨੂੰ ਲੱਗਦਾ ਅਫ਼ਸਰਾਂ ਨਾਲ਼ ਖਾਹ-ਮਖਾਹ ਪੰਗੇ ਵਿੱਚ ਪਿਆ। ਕਦੇ ਉਸ ਦਾ ਨੌਕਰੀ ਛੱਡਣ ਨੂੰ ਵੀ ਦਿਲ ਕਰਦਾ। ਪ੍ਰੀਤ ਵੀ ਤਿੰਨ ਮਹੀਨੇ ਪਹਿਲਾਂ ਇਨ੍ਹਾਂ ਤੋਂ ਤੰਗ ਆ ਕੇ ਨੌਕਰੀ ਛੱਡ ਚਲੀ ਗਈ ਸੀ। ਕੇਵਲ ਦੀ ਉਸ ਨਾਲ਼ ਫ਼ੋਨ 'ਤੇ ਗੱਲਬਾਤ ਹੁੰਦੀ ਰਹਿੰਦੀ। ਪ੍ਰੀਤ ਨੇ ਕੇਵਲ ਕੋਲ਼ ਉਨ੍ਹਾਂ ਦੇ ਬਹੁਤ ਸਾਰੇ ਅੰਦਰਲੇ ਰਾਜ ਵੀ ਖੋਲ੍ਹੇ ਸਨ। ਹੁਣ ਕੋਈ ਨਵੀਂ ਕੁੜੀ ਰੱਖ ਲਈ ਸੀ। ਉਹ ਵੀ ਵਿਚਾਰੀ ਤੰਗੀ ਮਹਿਸੂਸ ਕਰਨ ਲੱਗੀ। ਕਰਨੈਲ ਫ਼ੌਜੀ ਕੇਵਲ ਨੂੰ ਸਮਝਾਉਂਦਾ ਰਹਿੰਦਾ,

"ਚਾਰ ਮਹੀਨੇ ਹੋਰ ਐ! ਫਿਰ ਇਸ ਨੇ ਦਫਾ ਹੋ ਜਾਣਾ। ਕੋਈ ਚੰਗਾ ਅਫ਼ਸਰ ਵੀ ਆ ਜਾਊ। ਦਿਨ ਇਹ ਵੀ ਨਹੀਂ ਰਹਿਣੇ, ਦਿਨ ਉਹ ਵੀ ਨਹੀਂ ਰਹੇ, ਦਿਨ ਆਉਣ ਵਾਲੇ ਵੀ ਨਹੀਂ ਰਹਿਣੇ। ਸਭ ਘੜੀ ਪਲ ਲੰਘ ਜਾਣਾ ਕੇਵਲ ਸਿਹਾਂ। ਤੂੰ ਆਪਣੇ ਟੈਸਟਾਂ ਦੀ ਤਿਆਰੀ ਨਾ ਛੱਡ ਮਿਹਨਤ ਦਾ ਫ਼ਲ ਜ਼ਰੂਰ ਮਿਲਦਾ ਹੈ।" ਕੇਵਲ ਨੂੰ ਕਰਨੈਲ ਫ਼ੌਜੀ ਕਿਸੇ ਵਿਦਵਾਨ ਵਾਂਗ ਲੱਗਦਾ। ਉਸ ਦੀਆਂ ਗੱਲਾਂ ਬੜੀਆਂ ਵਜ਼ਨ ਵਾਲੀਆਂ ਹੁੰਦੀਆਂ। ਉਸ ਦੀ ਬਣਦੀ ਵੀ ਜਿਆਦਾ ਉਸ ਨਾਲ਼ ਹੀ ਸੀ। ਜਦੋਂ ਉਹ ਉਦਾਸ ਹੁੰਦਾ, ਉਸ ਕੋਲ਼ ਆ ਕੇ ਆਪਣੇ ਪੱਤੇ ਖੋਲ੍ਹ ਦਿੰਦਾ। ਉਸ ਤੋਂ ਬਾਅਦ ਉਹ ਹਲਕਾ ਹੋ ਜਾਂਦਾ।

ਅੱਜ ਛੁੱਟੀ ਵਾਲੇ ਦਿਨ ਵੀ ਕੇਵਲ ਮੈਜਿਸਟਰੇਟ ਵੀ.ਪੀ.ਸਿੰਘ ਸਿੱਧੂ ਦੇ ਘਰ ਕੰਮ ਕਰਨ ਲਈ ਆਇਆ ਸੀ। ਹੋਰ ਕੋਈ ਨਹੀਂ ਕੇਵਲ ਨੂੰ ਤੰਗ ਕਰਨ ਲਈ ਬੁਲਾਇਆ ਜਾਂਦਾ। ਗਰਮੀ ਦੇ ਦਿਨ ਬਾਹਰ ਧੁੱਪ ਤੇਜ਼ ਸੀ। ਕੇਵਲ ਨੂੰ ਮੈਡਮ ਕੋਠੀ ਦੀਆਂ ਖਿੜਕੀਆਂ ਸਾਫ਼ ਕਰਨ ਲਈ ਲਾ ਗਈ। ਹੁਕਮ ਸੀ ਸਾਰੀ ਕੋਠੀ ਦੀਆਂ ਖਿੜਕੀਆਂ ਅੱਜ ਸਾਫ਼ ਕਰਨੀਆਂ ਨੇ। ਸਾਹਬ ਨੇ ਇਹ ਹਦਾਇਤ ਆਪ ਆ ਕੇ ਦਿੱਤੀ। ਮੈਡਮ ਇਸ ਤਰ੍ਹਾਂ ਨਾਲ਼ ਬਹੁਤ ਖ਼ੁਸ਼ ਹੁੰਦੀ। ਉਸਦੇ ਮਨ ਵਿੱਚ ਸੀ। "ਇਨ੍ਹਾਂ ਛੋਟੇ ਲੋਕਾਂ ਨੂੰ ਇੰਝ ਹੀ ਦਬਾ ਕੇ ਰੱਖਣਾ ਚਾਹੀਦਾ ਹੈ। ਫਿਰ ਹੀ ਠੀਕ ਰਹਿੰਦੇ ਨੇ।"

ਦੁਪਹਿਰ ਦੇ ਸਾਢੇ ਬਾਰ੍ਹਾਂ ਵੱਜ ਚੁੱਕੇ ਸਨ। ਕੇਵਲ ਰਸੋਈ ਦੀਆਂ ਖਿੜਕੀਆਂ ਸਾਫ਼ ਕਰ ਰਿਹਾ ਸੀ। ਮੈਡਮ ਤੇ ਉਹ ਕੁੜੀ ਖਾਣਾ ਬਣਾ ਰਹੀਆਂ ਸਨ। ਕੇਵਲ ਦੇ ਮੋਬਾਇਲ'ਤੇ ਇੱਕ ਮੈਸਿਜ਼ ਆਇਆ। ਉਸ ਦੀ ਪੀ.ਸੀ.ਐੱਸ. ਲਈ ਸਲੈਕਸ਼ਨ ਹੋ ਗਈ। ਉਸ ਦਾ ਪੰਚਵੰਜਾਵਾਂ ਰੈਂਕ ਸੀ। ਉਸ ਨੂੰ ਇੱਕ ਸੁਪਨੇ ਵਾਂਗ ਲੱਗਿਆ। ਉਸ ਨੇ ਹੱਥ 'ਚ ਫੜਿਆ ਕੱਪੜਾ ਰਸੋਈ ਦੀ ਸੈਲਫ਼ 'ਤੇ ਸਿੱਟ ਦਿੱਤਾ। ਉਹ ਕੱਚ ਦੇ ਗ਼ਲਾਸ 'ਤੇ ਵੱਜਾ। ਗ਼ਲਾਸ ਹੇਠਾਂ ਡਿੱਗ ਤੜਾਕ ਕਰਕੇ ਟੁੱਟ ਗਿਆ। ਆਵਾਜ਼ ਸੁਣ ਸਾਹਬ ਵੀ ਆ ਗਿਆ। ਮੈਡਮ ਕੁੱਝ ਬੋਲਦੀ, ਉਸ ਤੋਂ ਪਹਿਲਾਂ ਕੇਵਲ ਨੇ ਮੋਬਾਇਲ'ਤੇ ਆਇਆ ਮੈਸਿਜ਼ ਉਨ੍ਹਾਂ ਦੇ ਸਾਹਮਣੇ ਕਰ ਦਿੱਤਾ।

"ਆਈ ਐਮ ਪੀ.ਸੀ.ਐੱਸ ਕਲੀਅਰ।" ਇਹ ਸ਼ਬਦ ਕਹਿ ਉਹ ਬਾਹਰ ਆ ਗਿਆ। ਉਨ੍ਹਾਂ ਦੋਵਾਂ ਨੂੰ ਏ.ਸੀ. ਰਸੋਈ ਵਿੱਚ ਵੀ ਭੰਬੂਤਾਰੇ ਦਿਖਣ ਲੱਗ ਪਏ। ਉਹ ਨੈੱਟ 'ਤੇ ਫਰੋਲਾ ਫਰਾਲੀ ਕਰਨ ਲੱਗੇ। ਮੈਡਮ ਦਾ ਕਿਤੇ ਨਾ ਨਹੀਂ ਸੀ। ਮਾਊਸ ਕੇਵਲ ਦੇ ਨਾਂ 'ਤੇ ਆ ਕਲਿਕ ਹੋ ਜਾਂਦਾ। ਕੇਵਲ ਨੇ ਬਾਹਰ ਆ ਕੇ। ਕੇਵਲ ਦੇ ਸ਼ਬਦਾਂ ਨਾਲ ਦੋਹਾਂ ਦੇ ਮੱਥੇ ਵਿਚ ਰੜਕ ਪੈਣ ਲੱਗ ਪਈ ਸੀ। ਸਭ ਤੋਂ ਪਹਿਲਾਂ ਗਾਰਦ 'ਤੇ ਖੜ੍ਹੇ ਕਰਨੈਲ ਫ਼ੌਜੀ ਨੂੰ ਖ਼ੁਸ਼ਖ਼ਬਰੀ ਦਿੱਤੀ ਅਤੇ ਉਸ ਦੇ ਪੈਰੀਂ ਹੱਥ ਲਾਏ।

"ਜੇਕਰ ਤੁਸੀਂ! ਮੈਨੂੰ ਹੌਂਸਲਾ ਨਾ ਦਿੰਦੇ ਮੇਰੀ ਮੱਦਦ ਨਾ ਕਰਦੇ । ਮੈਂ ਇਸ ਮੁਕਾਮ 'ਤੇ ਕਦੇ ਨਹੀਂ ਪਹੁੰਚ ਸਕਦਾ ਸੀ।" ਕਰਨੈਲ ਨੇ ਉਸ ਨੂੰ ਘੁੱਟ ਜੱਫੀ ਵਿੱਚ ਲੈ ਲਿਆ। ਦੋਵਾਂ ਦੀਆਂ ਅੱਖਾਂ ਨਮ ਹੋ ਗਈਆਂ। ਕੋਲ਼ ਖੜ੍ਹੇ ਮੁਲਾਜ਼ਮਾਂ ਨੇ ਕੇਵਲ ਨੂੰ ਸਲੂਟ ਮਾਰ ਦਿੱਤਾ। ਕੇਵਲ ਘਰ ਦੇ ਰਾਹ ਪੈ ਗਿਆ। ਉਸ ਨੇ ਪ੍ਰੀਤ ਨੂੰ ਫ਼ੋਨ ਲਾ ਲਿਆ।(**ਸੰਪਰਕ-98143-98762**)





## ਕਹਾਣੀ / ਭਰਮ ਜਾਲ / - ਮਨਜੀਤ ਕੌਰ ਸੇਖੋਂ

ਮਿਸਿਜ਼ ਵਿਲਸਨ ਨੂੰ ਹਸਪਤਾਲ 'ਚ ਦਾਖਲ ਹੋਇਆਂ ਤਕਰੀਬਨ ਦੋ ਹਫ਼ਤੇ ਹੋ ਗਏ ਸਨ। ਉਸ ਦੀਆਂ ਤਿੰਨੋਂ ਬੇਟੀਆਂ ਵਾਰੀ-ਵਾਰੀ ਹਸਪਤਾਲ ਵਿਚ ਚੱਕਰ ਮਾਰਦੀਆਂ ਰਹਿੰਦੀਆਂ। ਮਿਸਿਜ਼ ਵਿਲਸਨ ਤਾਂ ਬੇਸੁਰਤ ਪਈ ਸੀ। ਉਸਨੂੰ ਤਾਂ ਕਿਸੇ ਦੇ ਆਉਣ ਜਾਂ ਨਾ ਆਉਣ ਦਾ ਕੋਈ ਫ਼ਰਕ ਨਹੀਂ ਪੈਂਦਾ ਸੀ। ਪਰ ਡਾਇਨਾ, ਮਿਸ਼ੈਲ ਤੇ ਡਾਰਥੀ ਨੇ ਆਪਣੀ ਰੁਟੀਨ ਵਿਚ ਨਾਗਾ ਨਹੀਂ ਪਾਇਆ ਸੀ। ਕਦੀ ਉਹ ਤਾਜੇ ਫੁੱਲਾਂ ਦਾ ਗੁਲਦਸਤਾ ਰੱਖ ਜਾਂਦੀਆਂ, ਕਦੀ "ਗੈਟ ਵੈਲ ਸੂਨ" ਦੇ ਕਾਰਡ। ਮਿਸ਼ੈਲ ਨੇ ਤਾਂ ਆਪਣੇ ਬੱਚਿਆਂ ਵਲੋਂ ਬਣਾਏ ਹੋਏ "ਆਈ ਲਵ ਯੂ, ਗਰੈਂਡ ਮਾਂ" "ਕਮ ਬੈਕ ਸੂਨ" ਵਗੈਰਾ ਦੇ ਕਿੰਨੇ ਸਾਰੇ ਪੋਸਟਰ ਮਿਸਿਜ਼ ਵਿਸਲਨ ਦੇ ਕਮਰੇ ਵਿਚ ਲਿਆ ਕੇ ਚਿਪਕਾ ਦਿੱਤੇ ਸਨ। ਤਿੰਨੇ ਬੇਟੀਆਂ ਆਪਣੀ ਮਾਂ ਨੂੰ ਬੇਹੱਦ ਪਿਆਰ ਕਰਦੀਆਂ ਸਨ। ਜਦੋਂ ਡਾਕਟਰ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਮਾਮ ਦੇ ਬਚਣ ਦੀ ਆਸ ਨਹੀਂ ਹੈ ਤਾਂ ਤਿੰਨੋਂ ਹੀ ਬਹੁਤ ਉਦਾਸ ਹੋ ਗਈਆਂ ਸਨ ਤੇ ਫੁੱਟ-ਫੁੱਟ ਰੋਈਆਂ ਸਨ। ਉਸ ਦਿਨ ਤੋਂ ਬਾਅਦ ਤਾਂ ਉਹ ਰੋਜਾਨਾ ਮਾਮ ਕੋਲ ਅਰਦਾਸ ਕਰਨ ਵਾਸਤੇ ਆਉਣ ਲੱਗੀਆਂ।

ਕਈ ਵਾਰੀ ਤਾਂ ਉਹ ਤਿੰਨੋਂ ਇਕੱਠੀਆਂ ਵੀ ਆਉਂਦੀਆਂ। ਅਰਦਾਸ ਕਰਨ ਬਾਅਦ ਕਿੰਨਾ-ਕਿੰਨਾ ਚਿਰ ਮਾਂ ਨਾਲ ਬਿਤਾਇਆ ਸਮਾਂ ਤੇ ਬਚਪਨ ਦੇ ਦਿਨ ਯਾਦ ਕਰਦੀਆਂ ਰਹਿੰਦੀਆਂ। ਨਰਸ ਨੇ ਉਨ੍ਹਾਂ ਨੂੰ ਸੁਝਾਅ ਦਿੱਤਾ ਕਿ ਭਾਵੇਂ ਉਹਨਾਂ ਦੀ ਮਾਂ ਬੇਸੁਰਤ ਪਈ ਹੈ ਤੇ ਕੁਝ ਬੋਲਦੀ ਨਹੀਂ। ਤਾਂ ਵੀ ਤੁਸੀਂ ਆਪਣੇ ਵਲੋਂ ਉਸ ਨਾਲ ਗੱਲਾਂ ਬਾਤਾਂ ਕਰਿਆ ਕਰੋ। ਉਸਦਾ ਹੱਥ ਪਕੜਿਆ ਕਰੋ। ਸਿਰ 'ਤੇ ਹੱਥ ਫੇਰਿਆ ਕਰੋ ਤੇ ਮਾਂ ਨੂੰ ਅਵਾਜ਼ਾਂ ਮਾਰ ਕੇ ਬੁਲਾਇਆ ਕਰੋ। ਉਹ ਤੁਹਾਡੀ ਗੱਲ ਦਾ ਹੁੰਗਾਰਾ ਨਹੀਂ ਵੀ ਦਿੰਦੀ ਤਾਂ ਵੀ ਜਦੋਂ ਤੁਸੀਂ ਆ ਕੇ ਉਹਨੂੰ ਛੋਂਹਦੀਆਂ ਹੋ, "ਹੈਲੋ ਮਾਮ" ਆਖਦੀਆਂ ਹੋ, ਤਾਂ ਉਹਦੀ ਅੰਤਰ-ਆਤਮਾ ਨੂੰ ਤੁਹਾਡੀ ਹਾਜ਼ਰੀ ਦਾ ਅਨੁਭਵ ਹੁੰਦਾ ਹੈ ਤੇ ਇਹੀ ਅਨੁਭਵ ਉਸਨੂੰ ਸਕੂਨ ਬਖਸ਼ਦਾ

ਹੈ। ਤੇ ਫਿਰ ਉਨ੍ਹਾਂ ਨੂੰ ਸੱਚੀਂ ਜਾਪਣ ਲੱਗ ਪਿਆ ਸੀ, ਕਿ ਮਾਂ ਦੀ ਖਾਮੋਸ਼ੀ ਵੀ ਉਨ੍ਹਾਂ ਦੇ ਸੁਆਲਾਂ ਦੇ ਉੱਤਰ ਦੇਂਦੀ ਏ। ਫੇਰ ਉਹ ਕੋਲ ਬੈਠੀਆਂ ਵਾਰੀ-ਵਾਰੀ ਉੱਠਕੇ ਕਦੀ ਮਾਮ ਦੇ ਹੱਥ ਪਲੋਸਣ ਲੱਗ ਜਾਂਦੀਆਂ, ਕਦੀ ਪੈਰ ਝੱਸਣ ਲੱਗ ਜਾਂਦੀਆਂ। ਕਦੀ ਹੱਥਾਂ 'ਤੇ ਕਿੱਸ ਕਰਦੀਆਂ ਤੇ ਕਦੀ ਮੱਥੇ 'ਤੇ।

ਮਾਮ ਨੂੰ ਆਕਸੀਜਨ ਲੱਗੀ ਹੋਈ ਸੀ। ਗਲੂਕੋਜ ਲੱਗਾ ਹੋਇਆ ਸੀ। ਯੂਰਿਨ-ਪਾਈਪ ਲੱਗੀ ਹੋਈ ਸੀ। ਨਰਸਾਂ ਆਪਣੇ ਵਕਤ 'ਤੇ ਚੱਕਰ ਲਾ ਜਾਂਦੀਆਂ। ਹਦਾਇਤਾਂ ਅਨੁਸਾਰ ਆਪਣਾ ਰੁਟੀਨ ਨਿਭਾ ਜਾਂਦੀਆਂ। ਮਿਸਿਜ਼ ਵਿਲਸਨ ਨੂੰ ਨਾ ਤਾਂ ਦਿਨ ਚੜ੍ਹੇ ਦੀ ਸੋਝੀ ਸੀ ਤੇ ਨਾ ਸ਼ਾਮ ਢਲੀ ਦਾ ਪਤਾ ਲੱਗਦਾ ਤੇ ਨਾ ਰਾਤ ਗੁਜਰੀ ਦਾ। ਉਦਾਂ ਮਿਸਿਜ਼ ਵਿਲਸਨ ਦੀਆਂ ਬੇਟੀਆਂ ਨੂੰ ਮਾਂ ਦੀ ਗੰਭੀਰ ਹਾਲਤ ਕਰਕੇ ਇਜਾਜ਼ਤ ਦੇ ਰੱਖੀ ਸੀ ਕਿ ਉਹ ਕਿਸੇ ਵੇਲੇ ਵੀ ਹਸਪਤਾਲ ਆ ਸਕਦੀਆਂ ਨੇ। "ਵਿਜੀਟਿੰਗ ਆਵਰਜ" ਦੇ ਰੂਲ ਉਨ੍ਹਾਂ 'ਤੇ ਲਾਗੂ ਨਹੀਂ ਹੁੰਦੇ ਸਨ। ਜਿਨ੍ਹਾਂ ਚਿਰ ਉਹ ਚਾਹੁੰਣ, ਮਾਮ ਦੇ ਕਮਰੇ ਵਿਚ ਬੈਠ ਸਕਦੀਆਂ ਸਨ। ਉਹ ਅੰਤਮ ਵੇਲੇ, ਵੱਧ ਤੋਂ ਵੱਧ ਮਾਂ ਦੇ ਭਲੇ ਲਈ ਅਰਦਾਸ ਕਰਨਾ ਚਾਹੁੰਦੀਆਂ ਸਨ। ਮਿਸਿਜ਼ ਵਿਲਸਨ ਦੀ ਛੋਟੀ ਬੇਟੀ ਡਾਰਥੀ ਤਾਂ ਕਿੰਨੇ ਹੀ ਵਰ੍ਹੇ ਮਾਂ ਨਾਲ ਰੁੱਸੀ ਰਹੀ ਸੀ। ਤੇ ਕਦੀ ਮਾਂ ਨੂੰ ਮਿਲਣ ਵੀ ਨਹੀਂ ਸੀ ਆਈ। ਹੁਣ ਮਾਂ ਦੇ ਬੀਮਾਰ ਹੋਣ 'ਤੇ ਉਹੀ ਸਭ ਤੋਂ ਵੱਧ ਖ਼ੁਦ ਨੂੰ ਦੋਸ਼ੀ ਮੰਨ ਰਹੀ ਸੀ।

ਮਿਸਿਜ਼ ਵਿਲਸਨ ਨੇ ਉਸਨੂੰ ਉਸਦੇ ਬੁਆਏ ਫਰੈਂਡ ਕਰਟਿਸ ਨਾਲ ਮੇਲ-ਜੋਲ ਬੰਦ ਕਰਨ ਦਾ ਸੁਝਾਅ ਦਿੱਤਾ ਸੀ। ਉਸਨੂੰ ਪਤਾ ਸੀ ਕਿ ਉਹ ਚੰਗੀ ਬੈਕਗਰਾਊਂਡ ਵਾਲਾ ਲੜਕਾ ਨਹੀਂ। ਉਸ ਵੇਲੇ ਡਾਰਥੀ ਨੇ ਮਾਂ ਦੀ ਗੱਲ ਨਹੀਂ ਸੁਣੀ ਸੀ।

ਹੁਣ ਉਸਦਾ ਬੁਆਏ ਫਰੈਂਡ ਕਿੰਨੇ ਵਰ੍ਹਿਆਂ ਤੋਂ ਜੇਲ੍ਹ ਵਿਚ ਸੀ। ਫੇਰ ਮਗਰੋਂ ਤਾਂ ਡਾਰਥੀ ਆਪਣੇ ਗ਼ਲਤ ਫ਼ੈਸਲੇ 'ਤੇ ਪਛਤਾਉਂਦੀ ਰਹੀ। ਪਰ ਉਸਦੀ ਈਗੋ (ਹਉਮੈ) ਨੇ ਉਸਨੂੰ ਮਾਂ ਅੱਗੇ ਝੁਕਣ ਨਹੀਂ ਦਿੱਤਾ। ਇਸੇ ਆਕੜ ਦੀ ਮਾਰੀ ਉਹ ਮੁੜ ਕਦੀ ਮਾਂ ਨੂੰ ਮਿਲਣ ਵੀ ਨਹੀਂ ਆਈ। ਹੁਣ ਉਹ ਪਛਤਾ ਰਹੀ ਸੀ ਤੇ ਦੁਆ ਕਰ ਰਹੀ ਸੀ ਕਿ ਕਾਸ਼ ਮਾਮ ਦੀ ਜਾਨ ਬਚ ਜਾਵੇ ਤਾਂ ਉਹ ਮਾਮ ਨਾਲ ਦੁਬਾਰਾ ਰਹਿਣ ਦਾ ਸੁਭਾਗ ਪ੍ਰਾਪਤ ਕਰ ਸਕਦੀ ਹੈ, ਤਾਂ ਜੁ ਆਕੜ ਕਾਰਣ ਗੁਆਚੇ ਪਲਾਂ ਨੂੰ ਮੁੜ ਫੜ੍ਹਨ ਦੀ ਕੋਸ਼ਿਸ਼ ਕਰ ਸਕੇ।

ਡਾਰਥੀ ਤੇ ਬੇਹੱਦ ਦੀ ਭਾਵੁਕ ਹੋ ਗਈ ਸੀ। ਗੱਲ ਗੱਲ 'ਤੇ ਉਸਦੇ ਹਉਂਕੇ ਨਿਕਲਦੇ, ਅੱਖਾਂ ਭਰ-ਭਰ ਆਉਂਦੀਆਂ, ਉਸਨੂੰ ਮਾਂ ਬਿਨਾਂ ਦੁਨੀਆ ਵਿਚ ਅੰਧਕਾਰ ਜਿਹਾ ਲੱਗਦਾ। ਉਸ ਨੂੰ ਮਹਿਸੂਸ ਹੁੰਦਾ ਕਿ ਜਦੋਂ ਉਹ ਮਾਂ ਨਾਲ ਨਾਰਾਜ ਵੀ ਸੀ ਤਾਂ ਵੀ ਉਸਨੂੰ ਇਕ ਸਕੂਨ ਸੀ ਕਿ ਦੁਨੀਆ ਵਿਚ ਫੇਰ ਵੀ ਕੋਈ ਉਸਦਾ ਆਪਣਾ ਹੈ। ਜੋ ਉਸਦੇ ਦੁੱਖਾਂ-ਸੁੱਖਾਂ ਦੀ ਰਗ ਨੂੰ ਬੁੱਝ ਸਕਦਾ ਹੈ। ਇਕ ਮਹਿਫ਼ੂਜ ਗੋਦ ਹੈ, ਜਿਸ ਵਿਚ ਉਹਦੇ ਲਈ ਨਿੱਘ ਤੇ ਪਿਆਰ ਹੈ। ਇਸੇ ਲਈ ਸ਼ਾਇਦ ਉਸ ਨੇ ਮਾਂ ਦੀ ਗੋਦ ਆਪਣੀ ਹਉਮੈ ਨੂੰ ਨਜ਼ਰਅੰਦਾਜ ਕਰਦਿਆਂ ਸੰਕਟਕਾਲ ਲਈ ਰਾਖਵੀਂ ਰੱਖ ਛੱਡੀ ਸੀ। ਪਰ ਅੱਜ ਜਦੋਂ ਮਾਂ ਦੀ ਜ਼ਿੰਦਗੀ ਦੇ ਗਿਣੇ-ਚੁਣੇ ਪਲ ਉਸ ਪਾਸ ਬਚੇ ਸਨ ਤਾਂ ਉਸਨੂੰ ਆਪਣੀ ਅਣਗਹਿਲੀ 'ਤੇ ਰਹਿ-ਰਹਿ ਕੇ ਪਛਤਾਵਾ ਹੋ ਰਿਹਾ ਸੀ। ਉਸਨੇ ਸੋਚਿਆ ਹੀ ਨਹੀਂ ਸੀ ਕਿ ਮਾਂ ਨੇ ਇਕ ਦਿਨ ਦੁਨੀਆ ਤੋਂ ਜਾਣਾ ਵੀ ਹੁੰਦੈ। ਇਕ ਵਾਰੀ ਖੁਸਿਆ ਪਿਆਰ ਮੁੜ ਕਦੀ ਵਾਪਸ ਨਹੀਂ ਮਿਲਦਾ। ਅੱਜ ਉਹ ਚਾਹੁੰਦੀ ਸੀ ਕਿ ਮਾਂ ਦੁਬਾਰਾ ਤੰਦਰੁਸਤ ਹੋ ਜਾਵੇ ਤਾਂ ਉਹ ਆਪਣੀਆਂ ਸਭ ਗਲਤੀਆਂ ਲਈ ਮਾਫੀ ਮੰਗ ਲਵੇਗੀ। ਤੇ ਮਾਮ ਨੂੰ ਸਦਾ ਸਦਾ ਲਈ ਆਪਣੇ ਨਾਲ ਰੱਖੇਗੀ। ਉਸਨੂੰ ਮਾਮ ਦੀ ਸੋਸ਼ਲ-ਸਕਿਓਰਟੀ ਦਾ ਲਾਲਚ ਨਹੀਂ ਸੀ, ਉਸਨੂੰ ਤਾਂ ਸੱਚਮੁੱਚ ਆਪਣੀ ਜ਼ਿੰਦਗੀ ਲਈ ਠੋਸ ਸਹਾਰੇ ਦੀ ਲੋੜ ਸੀ। ਕਰਟਿਸ ਬਿਨਾਂ ਉਹਦੀ ਜ਼ਿੰਦਗੀ ਲੜਖੜਾ ਗਈ ਸੀ। ਮਾਮ ਦੇ ਨਿੱਗਰ ਸਹਾਰੇ ਬਿਨਾਂ ਉਹ ਭੰਵਰ 'ਚ ਫਸੀ ਬੇੜੀ ਵਾਂਗ ਡਗਮਗਾ ਰਹੀ ਸੀ।

ਮਿਸ਼ੈਲ ਦੇ ਨਾਲ ਤਾਂ ਮਾਂ ਇਸ ਵੇਲੇ ਰਹਿੰਦੀ ਹੀ ਸੀ। ਉਹ ਤਾਂ ਸਾਇਦ ਆਰਥਿਕ ਪੱਖੋਂ ਵੀ ਮਾਂ ਦੀ



ਕਮੀ ਨੂੰ ਮਹਿਸੂਸ ਕਰਦੀ ਸੀ। ਉਹਦੇ ਚਾਰ ਬੱਚਿਆਂ ਦੀ ਬੇਬੀ ਸਿਟਿੰਗ ਲਈ ਪੈਸੇ ਬਚ ਜਾਂਦੇ ਸਨ। ਮਾਂ ਦੇ ਸਿਰ 'ਤੇ ਬੱਚੇ ਛੱਡ ਕੇ ਉਹ ਕਿਤੇ ਵੀ ਆਜ਼ਾਦੀ ਨਾਲ ਘੁੰਮ ਫਿਰ ਲੈਂਦੀ ਸੀ। ਫੇਰ ਬਹੁਤੀ ਵਾਰ ਮਾਂ ਦੇ ਸੋਸਲ-ਸਕਿਓਰਟੀ ਦੇ ਪੈਸਿਆਂ 'ਚੋਂ ਗਰੌਸਰੀ ਜਾਂ ਕਦੀ-ਕਦਾਈਂ ਘਰ ਦੀ ਕੋਈ ਚੀਜ ਵੀ ਲੈ ਲੈਂਦੀ ਸੀ। ਮਿਸ਼ੈਲ ਜਾਣਦੀ ਸੀ, ਉਸਦੀ ਮਾਂ ਦਿਲਦਾਰ ਔਰਤ ਹੈ। ਉਸਦਾ ਜੀਵਨ ਵੀ ਬੜਾ ਸ਼ਾਨਦਾਰ ਰਿਹਾ ਸੀ। ਉਹ ਸੋਚਦੀ ਸੀ, ਜੇ ਜੀਣ ਦਾ ਢੰਗ ਸਿੱਖਣਾ ਹੋਵੇ ਤਾਂ ਉਸਦੀ ਮਾਂ ਤੋਂ ਸਿੱਖੇ। ਬਲੈਕ-ਕਮਿਊਨਿਟੀ 'ਚ ਮਿਸਿਜ਼ ਵਿਲਸਨ ਦਾ ਆਪਣਾ ਹੀ ਅਦਬ ਬਣਿਆ ਹੋਇਆ ਸੀ। ਉਹਦੇ ਇਸ਼ਾਰੇ ਨਾਲ ਤਾਂ ਕਈ ਅੱਥਰੇ ਗੱਭਰੂ ਵੀ ਆਪਣੀਆਂ ਕੁਹਜੀਆਂ ਇੱਲਤਾਂ ਤੋਂ ਬਾਜ ਆ ਜਾਂਦੇ। ਮਿਸ਼ੈਲ ਨੂੰ ਮਾਂ ਦੇ ਇਨ੍ਹਾਂ ਗੁਣਾਂ ਦਾ ਪਤਾ ਸੀ। ਉਹ ਬੜੀ ਵਫ਼ਾਦਾਰ ਕਰਿਸਚਨ ਸੀ। ਨੇਮ ਨਾਲ ਚਰਚ ਜਾਂਦੀ। ਸਾਰੀ ਜ਼ਿੰਦਗੀ ਸਖ਼ਤ ਮਿਹਨਤ ਕੀਤੀ। ਕਦੀ ਵੈਲਫੇਅਰ ਦਾ ਪੈਸਾ ਨਹੀਂ ਲਿਆ। ਉਹਦਾ ਸੁਪਨਾ ਸੀ ਕਿ ਉਹਦੇ ਬੱਚੇ ਵੀ ਉਸ ਦੀ ਮਾਂ ਵਾਂਗ ਬਣਨ। ਵੱਡੀਆਂ ਦੋਵੇਂ ਤਾਂ ਠੀਕ ਰਹੀਆਂ, ਪਰ ਛੋਟੀ ਨੂੰ ਜ਼ਮਾਨੇ ਦੀ ਹਵਾ ਲੱਗ ਗਈ ਸੀ। ਪਰ ਅੱਜ ਤਾਂ ਜਿਵੇਂ ਛੋਟੀ ਦੇ ਹੰਝੂ ਵੀ ਉਸਦੇ ਕੁਕਰਮਾਂ ਨੂੰ ਧੋ ਕੇ ਉਹਨੂੰ ਮਾਂ ਵਾਂਗ ਪਾਕ-ਪਵਿੱਤਰ ਬਣਾਉਣ ਦਾ ਯਤਨ ਕਰ ਰਹੇ ਸਨ।

ਡਾਇਨਾ ਇੰਨਾ ਖੁੱਲ੍ਹ ਕੇ ਰੋਈ ਤਾਂ ਨਹੀਂ ਸੀ, ਪਰ ਉਸਦਾ ਦਿਲ ਜ਼ਰੂਰ ਅੰਦਰੋਂ ਖੁੱਸਦਾ ਜਾਂਦਾ ਸੀ। ਡਾਇਨਾ ਨੂੰ ਤਾਂ ਚੜ੍ਹਦੀ ਉਮਰੇ ਹੀ 'ਬੈਕ-ਪਰਾਬਲਮ' ਹੋ ਗਈ ਸੀ, ਲੋਅਰ ਬੈਕ ਦੀ ਡਿਸਕ ਹਿੱਲ ਗਈ ਸੀ। ਪਰ ਉਸਨੇ ਵੀ ਮਾਮ ਵਾਂਗ ਕਿਸੇ ਤਰ੍ਹਾਂ ਦੀ "ਡਿਸਏਬਿਲਟੀ" ਮੰਜੂਰ ਨਹੀਂ ਕੀਤੀ ਸੀ, ਨਾ ਵੈਲਫੇਅਰ ਲਿਆ ਸੀ। ਸਾਇਦ ਡਾਇਨਾ ਦੀਆਂ ਇਨ੍ਹਾਂ ਗੱਲਾਂ ਤੋਂ ਪ੍ਰਭਾਵਤ ਹੋ ਕੇ ਮਾਂ ਨੇ ਆਪਣਾ ਜੱਦੀ ਘਰ ਡਾਇਨਾ ਦੇ ਨਾਮ ਲੁਆ ਦਿੱਤਾ ਸੀ। ਉਂਜ ਵੀ ਉਹ ਸਿੰਗਲ-ਪੇਰੈਂਟ ਸੀ। ਸਰੀਰਕ ਤੌਰ 'ਤੇ ਬਹੁਤੀ ਨਰੋਈ ਨਹੀਂ ਸੀ। ਮਿਸਿਜ਼ ਵਿਲਸਨ ਦੀ ਦੇਖ ਭਾਲ ਵੀ ਸਭ ਤੋਂ ਵੱਧ ਉਹੀ ਕਰਦੀ ਸੀ। ਜਦੋਂ ਕਦੀ ਉਸਨੇ ਹਸਪਤਾਲ ਜਾਣਾ ਹੁੰਦਾ, ਚਰਚ ਜਾਣਾ ਹੁੰਦਾ ਜਾਂ ਕਮਿਊਨਿਟੀ ਦੇ ਕਿਸੇ ਖਾਸ ਪ੍ਰੋਗਰਾਮ 'ਤੇ ਤਾਂ ਡਾਇਨਾ ਦੀ ਕਾਰ ਮਾਂ ਦੇ ਦਰਵਾਜੇ 'ਤੇ ਵੇਲੇ ਸਿਰ ਆ ਖਲੋਂਦੀ। ਡਾਇਨਾ ਦੇ ਦੋਵੇਂ ਬੱਚੇ ਵੱਡੇ ਸਨ। ਪਤੀ ਨਾਲ ਤਲਾਕ ਹੋ ਗਿਆ ਸੀ। ਉਸ ਸਿਰ ਕੋਈ ਜ਼ਿੰਮੇਵਾਰੀ ਵੀ ਨਹੀਂ ਸੀ।

ਮਿਸ਼ੈਲ ਤਾਂ ਸਕੂਲ ਟੀਚਰ ਸੀ। ਸੁਭਾਅ ਦੀ ਥੋੜ੍ਹੀ ਲਾਲਚੀ ਵੀ ਸੀ। ਕਾਰ ਦੀ ਗੈਸ ਬਦਲੇ ਵੀ ਕਈ ਵਾਰੀ ਕਿਰਸ ਕਰ ਜਾਂਦੀ। ਮਾਮ ਨੂੰ ਰਾਈਡ ਦੇਣ ਲਈ ਕੋਈ ਬਹਾਨਾ ਲੱਭ ਕੇ ਡਾਇਨਾ ਨੂੰ ਹੀ ਫੋਨ ਕਰ ਦਿੰਦੀ। ਵੀਕਐਂਡ 'ਤੇ ਕਈ ਵਾਰੀ ਪਾਰਟ ਟਾਈਮ ਕੰਮ ਵੀ ਕਰ ਲੈਂਦੀ। ਕਈ ਵਾਰੀ ਸ਼ਾਮ ਨੂੰ ਵੀ ਕਿਸੇ ਸਟੋਰ 'ਤੇ ਕੈਸ਼ੀਅਰ ਦੀ ਜਾਬ ਕਰ ਲੈਂਦੀ। ਉਹ ਮਾਂ ਦੇ ਨਾਲ ਰਹਿਣ ਦਾ ਪੂਰਾ ਫਾਇਦਾ ਲੈ ਲੈਂਦੀ। ਹਾਲਾਂਕਿ ਮਾਂ ਤਾਂ ਆਪਣਾ ਖਰਚਾ ਆਪ ਕਰਦੀ ਸੀ। ਕਦੀ-ਕਦੀ ਤਾਂ ਉਹ ਦੇ ਅੰਤਰ-ਮਨ ਵਿਚ ਮਾਂ ਦੀ ਲਾਈਫ-ਇਨਸੋਰੈਂਸ (ਜੀਵਨ ਬੀਮੇ) ਵਾਲੇ ਪੈਸੇ ਵੀ ਆ ਜਾਂਦੇ, ਜਿਸ ਵਿਚ ਉਸ ਨੇ ਸ਼ੁਰੂ ਤੋਂ ਤਿੰਨਾਂ ਬੇਟੀਆਂ ਦਾ ਨਾਂ ਲਿਖਵਾਇਆ ਹੋਇਆ ਸੀ। ਉਹਦੀ ਰੂਹ ਪੈਸੇ ਵਲੋਂ ਤਾਂ ਸਦਾ ਹੀ ਅਤ੍ਰਿਪਤ ਰਹਿੰਦੀ ਸੀ। ਪਰ ਫੇਰ ਵੀ ਮਾਂ ਦਾ ਪਿਆਰ ਤਾਂ ਵਿਲੱਖਣ ਹੀ ਹੁੰਦਾ, ਜਿਹਦੇ ਅੱਗੇ ਬਾਕੀ ਦੁਨਿਆਵੀ ਰਿਸਤਿਆਂ ਦੇ ਕੱਦ ਛੋਟੇ ਹੋ ਜਾਂਦੇ ਨੇ। ਜਿਉਂਦੀ ਜਾਨ ਤੋਂ ਬੰਦੇ ਨੂੰ ਸੌ ਆਸਾਂ ਲੱਗ ਜਾਂਦੀਆਂ ਨੇ। ਫਿਰ ਵੀ ਇਨ੍ਹਾਂ ਨਿੱਕੇ ਮੋਟੇ ਸਵਾਰਥਾਂ ਤੋਂ ਉੱਪਰ ਉੱਠ ਕੇ ਮਿਸ਼ੈਲ ਨੂੰ ਜਾਪਦਾ ਸੀ, ਉਸਨੂੰ ਹਾਲੇ ਸੱਚਮੁੱਚ ਹੀ ਮਾਂ ਦੀ ਜ਼ਰੂਰਤ ਏ। ਉਹਦੇ ਜੁੜੇ ਹੱਥ, ਫਰਕਦੇ ਹੋਂਠ ਮਾਂ ਦੀ ਲੰਬੀ ਜ਼ਿੰਦਗੀ ਲਈ ਅਰਜੋਈਆਂ ਕਰ ਰਹੇ ਸਨ।

ਤਿੰਨੇ ਭੈਣਾਂ ਮਾਂ ਦੇ ਪੈਰਾਂ ਵਲ ਬੈਠੀਆਂ ਆਪੋ-ਆਪਣੇ ਇਸਟ ਨੂੰ ਧਿਆ ਰਹੀਆਂ ਸਨ। ਤੇ ਮਾਂ ਲਈ ਜੀਵਨ-ਦਾਨ ਮੰਗ ਰਹੀਆਂ ਸਨ। ਅਚਾਨਕ ਨਰਸ ਆਈ ਤੇ ਜਾਂਚ-ਪੜਤਾਲ ਦੌਰਾਨ ਮਿਸਿਜ਼ ਵਿਲਸਨ ਦੀ ਨਬਜ਼ ਰੁਕਦੀ-ਰੁਕਦੀ ਜਾਪੀ। ਉਹ ਤੇਜੀ ਨਾਲ ਜਾ ਕੇ ਡਾਕਟਰ ਨੂੰ ਬੁਲਾ ਲਿਆਈ। ਡਾਕਟਰ ਨੇ ਪੂਰਾ ਚੈਕ-ਅੱਪ ਕਰਕੇ ਐਲਾਨ ਕਰ ਦਿੱਤਾ ਕਿ ਮਿਸਿਜ਼ ਵਿਲਸਨ ਤਾਂ ਜਾ ਚੁੱਕੀ ਹੈ। ਇਹ

ਸੁਣ ਕੇ ਡਾਰਥੀ ਦੇ ਹੰਝੂ, ਚੀਕਾਂ 'ਚ ਵੱਟ ਗਏ। ਉਹਦੇ 'ਚੋਂ ਤਾਂ ਹਾਲੇ ਬਚਪਨ ਵੀ ਪੂਰਾ ਨਹੀਂ ਸੀ ਗਿਆ। ਡਾਇਨਾ ਤੇ ਮਿਸ਼ੈਲ ਵੀ ਫ਼ਫਕ-ਫ਼ਫਕ ਕੇ ਰੋ ਰਹੀਆਂ ਸਨ ਪਰ ਨਾਲ ਦੇ ਮਰੀਜਾਂ ਬਾਰੇ ਵੀ ਚੇਤੰਨ ਸਨ ਤੇ ਬਾਲੜੀ ਜਿਹੀ ਡਾਰਥੀ ਨੂੰ ਵੀ ਹੌਂਸਲਾ ਦੇ ਰਹੀਆਂ ਸਨ। ਮਿਸਿਜ਼ ਵਿਲਸਨ ਨੂੰ ਲੱਗੀਆਂ ਸਾਰੀਆਂ ਟਿਊਬਾਂ ਪਰ੍ਹੇ ਹਟਾ ਦਿੱਤੀਆਂ ਗਈਆਂ ਤੇ ਚਿੱਟੀ ਚਾਦਰ ਨਾਲ ਉਸਦਾ ਪੂਰਾ ਮੂੰਹ-ਸਿਰ ਤੋਂ ਪੈਰਾਂ ਤੱਕ ਕੱਜ ਦਿੱਤਾ ਗਿਆ। ਬੈੱਡ ਦਾ ਸਿਰਹਾਣਾ ਨੀਵਾਂ ਕਰ ਦਿੱਤਾ ਗਿਆ।

ਨਰਸ ਨੇ ਕਿਹਾ ਕਿ ਉਹ ਜਿੰਨਾ ਚਿਰ ਮਾਂ ਕੋਲ ਬੈਠਣਾ ਚਾਹੁੰਦੀਆਂ ਹਨ, ਬੈਠ ਸਕਦੀਆਂ ਨੇ। ਕਿਸੇ ਨੂੰ ਫ਼ੋਨ ਕਰਕੇ ਬੁਲਾਉਣਾ ਚਾਹੁੰਣ, ਬੁਲਾ ਸਕਦੀਆਂ ਨੇ। ਜੋ-ਜੋ ਵੀ ਰਸਮ ਉਨ੍ਹਾਂ ਨੇ ਕਰਨੀ ਹੈ ਕਰ ਲੈਣ ਤੇ ਦਸ ਦੇਣ ਕਿ ਕਿੰਨੇ ਵਜੇ ਉਹ ਬਾਡੀ ਨੂੰ ਫਾਰ.ਗ ਕਰ ਦੇਣਗੀਆਂ। ਫਿਰ ਪੋਰਟਰ ਆ ਕੇ ਡੈੱਡ ਬਾਡੀ ਨੂੰ ਮਾਰਚਰੀ ਵਿਚ ਲੈ ਜਾਏਗਾ। ਬੁਲਾਉਣਾ ਤਾਂ ਉਨ੍ਹਾਂ ਨੇ ਕਿਸੇ ਨੂੰ ਨਹੀਂ ਸੀ, ਬਸ ਉਹ ਤਾਂ ਰੱਜ ਕੇ ਮਾਂ ਨੂੰ ਆਖਰੀ ਵਾਰ ਦੇਖਣਾ ਚਾਹੁੰਦੀਆਂ ਸਨ। ਸਵੇਰੇ ਦਸ ਵਜੇ ਮਿਸਿਜ਼ ਵਿਲਸਨ ਦੀ ਮੌਤ ਦਾ ਐਲਾਨ ਹੋਇਆ ਤੇ ਉਨ੍ਹਾਂ ਨੇ ਤਿੰਨ ਘੰਟੇ ਮਾਂ ਕੋਲ ਬੈਠਣ ਦੀ ਇਜਾਜ਼ਤ ਲੈ ਲਈ।

ਤਿੰਨਾਂ ਜਣੀਆਂ ਨੇ ਰੋਣ-ਧੋਣ ਤੋਂ ਵਿਹਲੇ ਹੋ ਕੇ ਮਾਂ ਦੇ ਸੁਰਗਾਂ ਦੇ ਵਾਸੇ ਲਈ ਤੇ ਆਤਮਾ ਦੀ ਸ਼ਾਂਤੀ ਲਈ ਆਖ਼ਰੀ ਪਰੇਅਰ ਕੀਤੀ। ਤਿੰਨੇ ਆਖ਼ਰੀ ਵਾਰੀ ਮਾਂ ਕੋਲ ਬੈਠ ਕੇ ਆਪਣਾ ਬੀਤਿਆ ਸਮਾਂ ਯਾਦ ਕਰ ਰਹੀਆਂ ਸਨ। ਤਿੰਨਾਂ ਦੇ ਦਿਲਾਂ-ਦਿਮਾਗਾਂ 'ਚ ਮਾਂ ਦੀ ਲੋੜ ਖੌਰੂ ਪਾ ਰਹੀ ਸੀ। ਤਿੰਨੋਂ ਇਕ ਦੂਜੀ ਤੋਂ ਵੱਧ ਦੁੱਖ ਦਾ ਦਾਅਵਾ ਕਰ ਰਹੀਆਂ ਸਨ। ਡਿਆਨਾ ਨੂੰ ਲੱਗਦਾ ਕਿ ਉਸਦਾ ਇੱਕੋ-ਇਕ ਸਹਾਰਾ ਮਾਂ ਸੀ। ਡਾਇਨਾ ਖਾਤਰ ਮਾਂ ਨੂੰ ਕੁਝ ਸਾਲ ਹੋਰ ਜੀਣਾ ਚਾਹੀਦਾ ਸੀ। ਮਿਸ਼ੈਲ ਆਖਦੀ ਸੀ, ਕਿ ਉਹ ਤਾਂ ਮਾਂ ਨੂੰ ਮਿਸ ਕਰੇਗੀ ਹੀ, ਉਸਦੇ ਬੱਚੇ ਵੀ ਗਰੈਂਡ ਮਾਂ ਬਿਨਾਂ ਰੁਲ ਜਾਣਗੇ। ਮਿਸ਼ੈਲ ਨੂੰ ਲੱਗਿਆ ਉਸ ਦੀਆਂ ਤੇ ਉਸਦੇ ਬੱਚਿਆਂ ਦੀਆਂ ਖੁਸ਼ੀਆਂ ਤਾਂ ਮਾਂ ਦੇ ਨਾਲ ਹੀ ਖਤਮ ਹੋ ਗਈਆਂ ਨੇ। ਨਵੀਂ ਬੇਬੀ ਸਿਟਰ ਨਾਲ ਤਾਂ ਬੱਚਿਆਂ ਨੇ ਛੇਤੀ ਘੁਲਣਾ-ਮਿਲਣਾ ਵੀ ਨਹੀਂ। ਮਿਸ਼ੈਲ ਦੇ ਬੱਚੇ ਤਾਂ ਖਾਣਾ ਵੀ ਗਰੈਂਡ ਮਾਂ ਦੇ ਹੱਥੋਂ ਹੀ ਖਾਂਦੇ ਸਨ। ਉਂਜ ਵੀ ਅੱਜ ਕੱਲ੍ਹ 'ਬੇਬੀ-ਸਿੰਟਿਗ' ਦੇ ਰੇਟ ਵੀ ਬਹੁਤ ਜ਼ਿਆਦਾ ਨੇ। ਕਾਸ਼ ਮਾਂ ਥੋੜ੍ਹੇ ਸਾਲ ਹੋਰ ਜੀਅ ਲੈਂਦੀ, ਉਸਦੇ ਬੱਚੇ 'ਉਡਾਰ' ਹੋ ਜਾਂਦੇ ਤੇ ਇਹ ਵੀ ਰੱਜ ਕੇ ਮਾਂ ਦਾ ਪਿਆਰ ਮਾਣ ਲੈਂਦੀ! ਅੱਜ ਤਾਂ ਜਾਣੀ ਉਹ ਯਤੀਮਾਂ ਵਾਂਗ ਹੋ ਗਈ ਸੀ। ਅਚਾਨਕ ਹੀ ਉਸਦੇ ਖਾਮੋਸ਼ ਅੰਤਰਮਨ ਵਿਚ ਮਾਂ ਦੀ ਲਾਈ੍ ਇਨਸੋਰੈਂਸ ਦੇ ਪੈਸਿਆਂ ਦੀ ਝਲਕ ਸਲੋ ਮੂਵ 'ਚ ਗੁਜਰੀ। ਉਹ ਤ੍ਰਭਕ ਪਈ, ਜਿਵੇਂ ਉਸ ਦੀਆਂ ਭੈਣਾਂ ਨੇ ਉਹਦੀ ਚੋਰੀ ਫੜ੍ਹ ਲਈ ਹੋਵੇ।

ਡਾਰਥੀ ਤਾਂ ਹਾਲੇ ਖੁਦ ਆਪਣੇ-ਆਪ ਨੂੰ ਨਿਆਣੀ ਸਮਝਦੀ ਸੀ। ਉਹ ਤਾਂ ਰੱਬ 'ਤੇ ਗਿਲਾ ਕਰ ਰਹੀ ਸੀ, ਕਿ ਉਹ ਤਾਂ ਅੰਞਾਣੀ ਤੇ ਬੇਵਕੂਫ ਸੀ, ਮਾਂ ਨਾਲ ਰੁੱਸ ਕੇ ਘਰ ਛੱਡ ਗਈ। ਕੀ ਰੱਬ ਨੂੰ ਨਹੀਂ ਚਾਹੀਦਾ ਸੀ ਉਸ ਨਾਲ ਸਮਝੌਤਾ ਕਰਨ ਦਾ ਮੌਕਾ ਦਿੰਦਾ। ਹੁਣ ਜਦੋਂ ਉਹਦਾ ਬੁਆਏ ਫਰੈਂਡ ਵੀ ਜੇਲ੍ਹ ਵਿਚ ਹੈ, ਉਲਟਾ ਉਸਨੇ ਡਾਰਥੀ ਨੂੰ ਵੀ ਡਰਗ-ਐਡਿਕਟ ਕਰ ਦਿੱਤਾ ਸੀ। ਇਸ ਹਾਲ 'ਚ ਉਸ ਨੂੰ ਕਿਸ ਨੇ ਸਹਾਰਾ ਦੇਣਾ। ਜੇ ਮਾਮ ਕੁਝ ਸਾਲ ਹੋਰ ਜਿਉਂ ਲੈਂਦੀ ਉਹ ਆਪਣੇ ਗੁਆਚੇ ਪਲ ਵਾਪਸ ਕਰ ਲੈਂਦੀ। ਤਿੰਨੋਂ ਖਾਮੋਸ਼ ਬੈਠੀਆਂ ਆਪਣੀ ਆਪਣੀ ਸੋਚ ਦੇ ਘੋੜੇ ਦੁੜਾ ਰਹੀਆਂ ਸਨ।

ਅਚਾਨਕ ਡਾਇਨਾ ਦਾ ਧਿਆਨ ਮਾਂ ਦੀ ਨਿਰਜਿੰਦ ਲਾਸ਼ ਵਲ ਗਿਆ। ਉਸਨੂੰ ਜਾਪਿਆ ਜਿਵੇਂ ਚਾਦਰ ਹਿੱਲੀ ਹੋਵੇ। ਉਸਨੂੰ ਯਕੀਨ ਸੀ ਕਿ ਚਾਦਰ ਕਿੱਥੋਂ ਹਿਲਣੀ ਏ, ਸਰਘੀ ਵੇਲੇ ਦੀ ਬੈਠੀ ਦਾ ਉਸਦਾ ਆਪਣਾ ਦਿਮਾਗ ਹੀ ਹਿੱਲ ਰਿਹਾ ਏ। ਪਰ ਅਗਲੇ ਹੀ ਪਲ ਡਾਰਥੀ ਨੂੰ ਲੱਗਿਆ ਜਿਵੇਂ ਮਾਂ ਨੇ ਪੈਰ ਹਿਲਾਇਆ ਹੋਵੇ। ਉਹਨੂੰ ਨਰਸ ਸਾਹਮਣੇ ਦਿਸ ਗਈ ਤੇ ਕਾਹਲੀ 'ਚ ਉਸ ਨੇ ਨਰਸ ਨੂੰ ਆਵਾਜ਼ ਮਾਰ ਦਿੱਤੀ। ਨਰਸ ਨੇ ਆ ਕੇ ਮੂੰਹ ਤੋਂ ਕੱਪੜਾ ਲਾਹਿਆ ਤਾਂ ਉਸਨੂੰ ਜਰਾ ਕੁ ਅੱਖਾਂ ਫਰਕਦੀਆਂ ਲੱਗੀਆਂ। ਮਾਂ ਤਾਂ ਸੱਚਮੁੱਚ ਵਾਪਸ ਆ ਗਈ ਸੀ, ਸਾਇਦ ਮੌਤ ਦਾ ਫਰਿਸਤਾ ਕਿਸੇ ਹੋਰ ਦੀ ਬਜਾਏ ਗ਼ਲਤੀ ਨਾਲ



ਮਿਸਿਜ਼ ਵਿਲਸਨ ਨੂੰ ਲੈ ਗਿਆ ਸੀ। ਤੇ ਹੁਣ ਵਾਪਸ ਛੱਡ ਗਿਆ। ਜਾਂ ਫਿਰ ਉਹਦੇ ਦਿਮਾਗ ਦੇ ਕਿਸੇ ਹਿੱਸੇ 'ਚ 'ਪ੍ਰਾਣ' ਆਪਣਾ ਸਾਹ ਦੱਬ ਕੇ ਬੈਠੇ ਰਹੇ, ਤੇ ਹੁਣ ਪ੍ਰਗਟ ਹੋ ਗਏ। ਮਾਂ ਦੇ ਨਿਰਜਿੰਦ ਬੁੱਲ ਕੋਈ ਲਫ਼ਜ਼ ਜੋੜਨ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਸ਼ਬਦ ਹੋਠਾਂ ਦਾ ਸਾਥ ਨਹੀਂ ਦੇ ਰਹੇ ਸਨ।

ਡਾਕਟਰ ਨੂੰ ਬੁਲਾਇਆ ਗਿਆ। ਡਾਕਟਰ ਨੇ ਚੈਕ-ਅੱਪ ਕੀਤਾ। ਮਿਸਿਜ਼ ਵਿਲਸਨ ਦਾ ਸਰੀਰ ਹਰਕਤ 'ਚ ਆਉਣਾ ਸ਼ੁਰੂ ਹੋ ਗਿਆ। ਹੁਣ ਤਾਂ ਉਸ ਨੇ ਅੱਖਾਂ ਪੂਰੀਆਂ ਖੋਲ੍ਹ ਲਈਆਂ ਸਨ ਤੇ ਉਹ ਪਾਟੀਆਂ-ਪਾਟੀਆਂ ਨਜ਼ਰਾਂ ਨਾਲ ਆਪਣੀਆਂ ਬੇਹਾਲ ਹੋਈਆਂ ਧੀਆਂ ਵੱਲ ਵੇਖ ਰਹੀ ਸੀ। ਡਾਰਥੀ ਨੂੰ ਵੇਖ ਕੇ ਜਿਵੇਂ ਉਹਨੂੰ ਕੁਝ ਸਕੂਨ ਮਿਲਿਆ। ਉਹਨੇ ਕੁਝ ਬੁੜਬੜਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਤੋਂ ਲਫ਼ਜ਼ ਨਾ ਬਣੇ। ਸਾਇਦ ਉਸਦੀ ਜੀਭ ਬਹੁਤ ਸੁੱਕੀ ਹੋਈ ਸੀ। ਨਰਸ ਨੇ ਮੂੰਹ 'ਤੇ, ਬੁੱਲਾਂ 'ਤੇ, ਜੀਭ 'ਤੇ ਗਿੱਲੀ-ਗਿੱਲੀ ਰੂੰ ਫੇਰੀ। ਮਿਸਿਜ਼ ਵਿਲਸਨ ਨੂੰ ਧੀਆਂ ਦਾ ਹਾਲ ਵੇਖ ਕੇ ਆਪਣੇ ਆਪ 'ਤੇ ਫ਼ਖ਼ਰ ਹੋਇਆ ਜਾਪਦਾ ਸੀ ਕਿ ਉਨ੍ਹਾਂ ਨੇ ਮਾਂ ਦੀ ਗ਼ੈਰ-ਹਾਜਰੀ ਕਿੰਨੀ ਬੁਰੀ ਤਰ੍ਹਾਂ ਮਹਿਸੂਸ ਕੀਤੀ ਹੈ। ਕੁਦਰਤ ਦਾ ਚਮਤਕਾਰ, ਕੁਝ ਹੀ ਘੰਟਿਆਂ ਵਿਚ ਮਿਸਿਜ਼ ਵਿਲਸਨ ਨੌਂ ਬਰ ਨੌਂ ਹੋ ਗਈ ਸੀ। ਹੁਣ ਤਾਂ ਥੋੜ੍ਹਾ-ਥੋੜ੍ਹਾ ਬੋਲਦੀ ਵੀ ਸੀ। ਪਰ ਇਹ ਬਹੁਤਾ ਸਮਝ ਨਹੀਂ ਸੀ ਪੈਂਦਾ।

ਹੁਣ ਮਿਸਿਜ਼ ਵਿਲਸਨ ਨੂੰ ਛੁੱਟੀ ਦੁਆ ਕੇ ਘਰ ਲਿਜਾਣ ਦਾ ਸੁਆਲ ਖੜ੍ਹਾ ਹੋ ਗਿਆ। ਡਾਇਨਾ ਨੇ ਆਪਣੇ ਵਲੋਂ ਕੁਰਬਾਨੀ ਦਾ ਸਬੂਤ ਦਿੰਦਿਆਂ ਕਿਹਾ, ਕਿ ਉਹ ਚਾਹੁੰਦੀ ਤਾਂ ਹੈ, ਮਾਮ ਨੂੰ ਆਪਣੇ ਨਾਲ ਰੱਖੇ, ਪਰ ਮਿਸ਼ੈਲ ਦੀ ਸਮੱਸਿਆ ਵੱਡੀ ਹੈ। ਸੋ ਮਾਮ ਉਸ ਨਾਲ ਹੀ ਰਹੇਗੀ। ਮਿਸ਼ੈਲ ਇਹ ਸੁਣਕੇ ਇਕ ਦਮ ਤ੍ਰਭਕ ਪਈ, "ਮੇਰਾ ਕੀ ਏ, ਮੈਂ ਤਾਂ ਸਕੂਲ ਤੋਂ ਆਉਂਦੀ ਰੋਜ ਮਾਂ ਕੋਲ ਚੱਕਰ ਮਾਰ ਜਾਇਆ ਕਰਾਂਗੀ। ਡਾਰਥੀ ਅੱਜ ਕੱਲ੍ਹ ਵਧੇਰੇ ਉਦਾਸ ਹੈ। ਸੋ ਇਹਦਾ ਹੱਕ ਪਹਿਲਾ ਹੈ। ਡਾਰਥੀ ਮਾਂ ਨੂੰ ਲੈ ਜਾਏਗੀ।

ਡਾਰਥੀ ਨੇ ਕਿਹਾ, "ਮੇਰਾ ਅਪਾਰਟਮੈਂਟ ਤਾਂ ਸਟੂਡੀਓ ਹੈ, ਬੜਾ ਛੋਟਾ ਤੇ ਮੈਲ਼ਾ-ਕੁਚੈਲਾ। ਮਾਂ ਨੂੰ ਉਥੋਂ ਸਫੋਕੇਸ਼ਨ ਹੋਵੇਗੀ। ਮੈਂ ਤਾਂ ਆਪ ਉਸ ਆਭਾਗੀ ਜਗ੍ਹਾ ਨੂੰ ਛੱਡਣ ਬਾਰੇ ਸੋਚ ਰਹੀ ਹਾਂ। ਮਾਂ ਨੂੰ ਡਾਇਨਾ ਲੈ ਜਾਏਗੀ। ਮੈਂ ਵੀ ਪਹਿਲੀ ਤਕ ਸਮਾਨ ਲੈ ਕੇ ਮਾਂ ਵਾਲੇ ਘਰ ਵਿਚ ਆ ਜਾਵਾਂਗੀ। ਮਿਸ਼ੈਲ ਦੇ ਦਿਮਾਗ ਵਿਚ ਫਿਰ ਲਾਈਫ਼ ਇਨਸੋਰੈਂਸ ਵਾਲੇ ਪੈਸੇ ਝਲਕਾਰਾ ਮਾਰਕੇ ਮੱਧਮ ਹੋ ਗਏ।

ਅੱਧ ਸੁਰਤੀ ਮਿੱਸੇ ਜਿਹੇ ਚਾਨਣ ਵਿਚ ਮਿਸਿਜ਼ ਵਿਲਸਨ ਨੂੰ ਘਰ ਲਿਜਾਣ ਬਾਰੇ ਪਏ ਧੀਆਂ ਦੇ ਕਾਟੋ-ਕਲੇਸ ਦੀ ਸਮਝ ਪੈ ਰਹੀ ਸੀ ਜਾਂ ਨਹੀਂ। ਪਰ ਉਸਨੂੰ ਇਹ ਸ਼ੋਰ ਚੁਭ ਰਿਹਾ ਸੀ। ਉਸਦਾ ਦਿਲ ਕਰਦਾ ਸੀ ਜੋ ਵੀ ਉਸਦੇ ਕਮਰੇ ਵਿਚ ਬੋਲ ਰਹੇ ਹਨ, ਚੁੱਪ ਕਰ ਜਾਣ। ਅਚਾਨਕ ਮਿਸਿਜ਼ ਵਿਲਸਨ ਦੇ ਘੁੰਡ ਮੁੜ ਗਏ ਤੇ ਧੌਣ ਇਕ ਪਾਸੇ ਲਟਕ ਗਈ। ਇਸ ਤੋਂ ਬੇਖ਼ਬਰ ਧੀਆਂ ਹਾਲੀਂ ਵੀ ਮਾਂ ਨੂੰ ਇਕ ਦੂਜੀ 'ਤੇ ਸੁੱਟਣ ਲਈ ਜੀਭਾਂ ਦਾ ਭੇੜ ਕਰੀ ਜਾ ਰਹੀਆਂ ਸਨ।

**ਸੰਪਰਕ-916-690-2379, USA, email: mksekhin1@yahoo,com**

*'ਕਹਾਣੀ ਧਾਰਾ' ਦੇ ਪੁਰਾਣੇ ਅੰਕ ਬਸ ਇਕ ਕਲਿੱਕ ਕਰਕੇ ਪੜ੍ਹੋ*

*'ਕਹਾਣੀ ਧਾਰਾ' ਨੂੰ ਛਪਦਿਆਂ ਪੰਦਰਾਂ ਸਾਲ ਹੋ ਗਏ ਹਨ। ਅਸੀਂ ਹੁਣ ਤੱਕ ਕਹਾਣੀ ਧਾਰਾ ਦੇ 63 ਅੰਕ ਪਾਠਕਾਂ ਲਈ ਪ੍ਰਕਾਸ਼ਤ ਕਰ ਚੁੱਕੇ ਹਾਂ। ਇਸ ਦੇ ਸਾਰੇ ਅੰਕਾਂ ਦੀਆਂ PDF ਤਿਆਰ ਕਰਕੇ ਅਸੀਂ ਇਸ ਦੀ ਵੈਬਸਾਇਟ 'ਤੇ ਪਾ ਦਿੱਤੀਆਂ ਹਨ। ਤੁਸੀਂ ਗੂਗਲ ਸਰਚ ਇੰਜਨ 'ਤੇ ਜਾ ਕੇ : kahani Dhara ਕਲਿੱਕ ਕਰੋ। Parwaz Parkashan ਦੀ ਵੈਬਸਾਇਟ ਨਾਲ 'ਕਹਾਣੀ ਧਾਰਾ' ਦਾ ਵੈਬ ਪੇਜ਼ ਵੀ ਜੁੜਿਆ ਹੋਇਆ ਹੈ। ਤੁਸੀਂ ਪ੍ਰਵਾਜ਼ ਪ੍ਰਕਾਸ਼ਨ ਦੀ ਵੈਬਸਾਇਟ ਖੋਲ੍ਹ ਕੇ ਵੀ 'ਕਹਾਣੀ ਧਾਰਾ' ਦੇ ਪੁਰਾਣੇ ਅੰਕ ਨੰ. 1- 63 ਤੱਕ ਡਾਊਨਲੋਡ ਕਰ ਸਕਦੇ ਹੋ। ਇਸ ਵੈਬਸਾਈਟ 'ਚ ਗਲਪ ਨੂੰ ਸਮਰਪਤ 'ਸੁਰ ਸਾਂਝ' ਦੇ ਪੰਜ ਅੰਕ ਵੀ ਪੜ੍ਹਨ ਨੂੰ ਮਿਲਣਗੇ।*

*-ਸੰਪਾਦਕ*

## ਸਿਰਜਣਾ ਦੇ ਪਲ / ਕੁਦਰਤ ਤੇ ਸ਼ਬਦ-ਸਾਧਨਾ / -ਬਲਬੀਰ ਪਰਵਾਨਾ



ਲਿਖਤ ਆਪਣੇ ਸਮੇਂ ਦੀ ਕੁਦਰਤ ਦਾ ਅਨੁਵਾਦ ਹੁੰਦੀ ਹੈ, ਇਕ ਦੌਰ ਦੀ ਜੀਵਨ-ਜਾਚ ਨੂੰ ਸ਼ਬਦਾਂ 'ਚ ਢਾਲਣ ਦਾ ਯਤਨ ਕਿ ਉਸ ਨੂੰ ਪੜ੍ਹਦਿਆਂ ਸਮੇਂ ਦਾ ਉਹ ਟੁਕੜਾ ਜਾਂ ਉਸ ਖਿੱਤੇ ਦੀ ਜੀਵਨ-ਜਾਚ ਪਾਠਕ ਦੀ ਕਲਪਣਾ 'ਚ ਸਾਕਾਰ ਹੋ ਉਠੇ। ਉਂਜ ਜੋ ਕੁਝ ਉਹਨਾਂ ਸ਼ਬਦਾਂ 'ਚ ਪੇਸ਼ ਹੋ ਰਿਹਾ ਹੁੰਦਾ, ਜੇ ਪਾਠਕ ਵੀ ਉਸੇ ਖਿੱਤੇ ਦਾ ਹੋਵੇ, ਦੇਖਿਆ ਉਸਨੇ ਵੀ ਹੁੰਦਾ, ਪਰ ਉਸਨੇ ਲੇਖਕ ਵਾਂਗ ਗਹੁ ਨਾਲ ਉਸ 'ਤੇ ਧਿਆਨ ਨਹੀਂ ਦਿੱਤਾ ਹੁੰਦਾ ਜਾਂ ਉਸਨੂੰ ਇੰਜ ਮੋਹਿਆ ਨਹੀਂ ਹੁੰਦਾ ਜਿਵੇਂ ਲੇਖਕ ਖਿੱਚਿਆ ਗਿਆ, ਉਸਨੇ ਪੇਸ਼ ਕੀਤਾ। ਵੱਖ ਵੱਖ ਲੇਖਕ ਇਕ ਸਮੇਂ ਤੇ ਸਥਾਨ 'ਤੇ ਰਹਿੰਦਿਆਂ, ਸਾਂਝੇ ਵਿਸ਼ਿਆਂ 'ਤੇ ਲਿਖਦੇ ਹੋਏ ਵੀ ਪੇਸ਼ਕਾਰੀ ਵੱਖ ਵੱਖ ਕਰ ਰਹੇ ਹੁੰਦੇ ਹਨ। ਇਸ ਪਿੱਛੇ ਉਹਨਾਂ ਦੀ ਜੀਵਨ-ਦ੍ਰਿਸ਼ਟੀ ਹੁੰਦੀ ਹੈ। ਉਹਨਾਂ ਨੂੰ ਕੁਝ ਚੀਜ਼ਾਂ ਵਧੇਰੇ ਮਹੱਤਵਪੂਰਨ ਲੱਗੀਆਂ, ਉਹਨਾਂ ਨੂੰ ਉਹ ਵਧੇਰੇ ਗਹੁ ਨਾਲ ਦੇਖਣ ਲਗਦੇ ਹਨ। ਗਹੁ ਨਾਲ ਦੇਖਣ 'ਤੇ ਉਹਨਾਂ ਦੇ ਕੁਝ ਹੋਰ ਪਾਸਾਰ ਵੀ ਸਾਹਮਣੇ ਆ ਜਾਂਦੇ ਹਨ, ਪਰ ਕੁਝ ਹੋਰ ਪਾਸਾਰ ਉਹਨਾਂ ਤੋਂ ਛੁੱਟ ਵੀ ਰਹੇ ਹੁੰਦੇ ਹਨ! ਇਹ ਛੁੱਟ ਰਹੇ ਪਾਸਾਰ ਕਿਸੇ ਹੋਰ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੋ ਸਕਦੇ ਹਨ, ਉਹ ਉਹਨਾਂ 'ਤੇ ਫੋਕਸ ਕਰਦੇ ਹਨ। ਇਸ ਵਿਭਿੰਨਤਾ ਪਿੱਛੇ ਲੇਖਕਾਂ ਦੀ ਪ੍ਰਤਿਭਾ, ਸਮਰੱਥਾ ਤੇ ਜੀਵਨ-ਹਾਲਤ ਵੀ ਕੰਮ ਕਰਦੇ ਹਨ। ਉਸੇ ਅਨੁਸਾਰ ਉਹ ਚੀਜ਼ਾਂ ਨੂੰ ਫੜ ਰਹੇ ਹੁੰਦੇ। ਇਸਨੂੰ ਇੰਜ ਵੀ ਸਮਝਿਆ ਜਾ ਸਕਦਾ; ਪੰਜਾਬੀ ਦਾ ਅੱਸੀ ਪ੍ਰਤੀਸ਼ਤ ਤੋਂ ਬਹੁਤਾ ਨਾਵਲ ਪੇਂਡੂ ਜੀਵਨ ਬਾਰੇ ਹੈ, ਪਰ ਇਸ ਵਿਚੋਂ ਕਿੰਨੀਆਂ ਰਚਨਾਵਾਂ ਪਿੰਡ ਦੀ ਜ਼ਿੰਦਗੀ ਦੀ ਪ੍ਰਤੀਕ ਬਣਕੇ ਉਭਰੀਆਂ। ਸਵਾਲ ਇਹ ਨਹੀਂ ਕਿ ਲੇਖਕ ਦੇ ਮਨ 'ਚ ਕੀ ਹੁੰਦਾ? ਨਹੀਂ, ਸਵਾਲ ਇਹ ਹੁੰਦਾ ਕਿ ਉਸਨੇ ਪੇਸ਼ ਕਿਵੇਂ ਕੀਤਾ ਤੇ ਅਗਾਂਹ ਪਾਠਕ ਨੇ ਉਸਨੂੰ ਗ੍ਰਹਿਣ ਕਿਵੇਂ ਕੀਤਾ! ਲੇਖਕ ਦੀ ਇੱਛਾ ਤੇ ਪਾਠਕ ਦੇ ਗ੍ਰਹਿਣ ਕਰਨ ਵਿਚਾਲੇ ਕਿਤੇ ਖੱਪਾ ਤਾਂ ਨਹੀਂ ਬਣ ਰਿਹਾ!

ਕਿਸਾਨੀ ਜ਼ਿੰਦਗੀ ਬਾਰੇ ਪਾਠਕਾਂ ਵਲੋਂ ਪ੍ਰਵਾਨ ਕੀਤੀਆਂ ਗਈਆਂ ਉਂਗਲਾਂ 'ਤੇ ਗਿਣਨਯੋਗ ਪੰਜਾਬੀ ਰਚਨਾਵਾਂ 'ਚੋਂ ਇਕ ਹੈ, ਜਸਵੰਤ ਸਿੰਘ ਕੰਵਲ ਦਾ 'ਪੂਰਨਮਾਸ਼ੀ'। ਇਸ ਦੀ ਸ਼ੁਰੂਆਤ ਇੰਜ ਹੁੰਦੀ ਹੈ:

'ਮੂੰਹ-ਅਨ੍ਹੇਰੀ ਸਵੇਰ ਭਗਤਾਂ ਦਾ ਸਮਾਂ ਹੁੰਦਾ ਹੈ, ਇਸ ਵਿਚ ਉਹ ਇਸ਼ਨਾਨ ਕਰਕੇ ਆਪਣੇ ਧਿਆਨ ਨੂੰ ਸਹਿਜ-ਆਤਮਾ ਵਿਚ ਜੋੜਦੇ ਹਨ। ਹਾਲੀ ਖੇਤਾਂ ਵਿਚ ਜੋਗ ਪਿਛੇ ਆਰਥਿਕ ਹਾਲਤ ਵਿਚ ਬੁੱਢੀ ਹੋ ਰਹੀ ਜ਼ਿੰਦਗੀ ਨੂੰ ਮਿੱਠੀ ਤੇ ਲੰਮੀ ਹੇਕ ਦੇ ਗੀਤ ਗਾ ਗਾ, ਠੁੰਮਣੇ ਦੇ ਕੇ ਬਚਾਂਦੇ ਹਨ। ਇਸੇ ਹੀ ਸਵੇਰ ਵਿਚ ਕਈ ਸੁਆਣੀਆਂ ਨੂੰ ਪੀਹ ਕੇ ਡੰਗ ਪਕਾਉਣ ਦਾ ਫ਼ਿਕਰ ਪਿਆ ਹੁੰਦਾ ਹੈ ਅਤੇ ਉਹਨਾਂ ਦੇ ਜਵਾਨ ਡੌਲੇ ਚੱਕੀ ਪੀਂਹਦੇ, ਗੰਢ ਵਿਚੋਂ ਆਟੇ ਦੀ ਲਗਾਤਾਰ ਧਾਰ ਵਗਾ ਦੇਂਦੇ ਹਨ। ਬਹੁਤ ਸੁਆਣੀਆਂ ਚਾਟੀਆਂ ਵਿਚ ਮਧਾਣੀਆਂ ਪਾ ਕੇ ਦੁੱਧ ਰਿੜਕਣਾ ਸ਼ੁਰੂ ਕਰਦੀਆਂ ਹਨ। ਪੇਂਡੂ ਜਵਾਨੀ ਮੱਖਣਾਂ ਵਿਚ ਘੁਲ ਕੇ



ਲਿਸ਼ਕਦੀ ਹੈ। ਅਮਲੀ ਰਜਾਈਆਂ ਹੇਠ ਊਂਘਦੇ, ਪਾਲੇ ਤੇ ਨਸ਼ੇ ਦੀ ਤਰੋਟ ਦੇ ਭੰਨੇ ਹੱਡ, ਇਕੱਠੇ ਕਰਨ ਦਾ ਯਤਨ ਕਰਦੇ ਹਨ। ਕੁੱਕੜ ਦੀ ਬਾਂਗ ਸੁਣਕੇ, ਉਹ ਰਜਾਈ ਦਾ ਉਚਾ ਹੋਇਆ ਲੜ ਦੱਬ ਕੇ ਫਿਰ ਸੌਂ ਜਾਂਦੇ ਹਨ, ਜਿਵੇਂ ਉਹਨਾਂ ਦੀ ਜ਼ਿੰਦਗੀ ਵਿਚ ਮੂਲ-ਉਤਸ਼ਾਹ ਅਮਲੋਂ ਮੁੱਕ ਗਿਆ ਹੋਵੇ।'

ਇਹ ਉਸ ਪਿੰਡ ਦੀ ਸਵੇਰ ਹੈ, ਜਿਹੜਾ 1950ਵਿਆਂ ਦੇ ਦਹਾਕਿਆਂ ਦੇ ਆਸਪਾਸ ਹੋਂਦ 'ਚ ਸੀ। ਇਉਂ ਲੇਖਕ ਨੇ ਇਕ ਸਮੇਂ ਟੁਕੜੇ ਨੂੰ ਆਪਣੇ ਸ਼ਬਦਾਂ 'ਚ ਸਥਿਰ ਕਰਕੇ ਸਾਂਭ ਲਿਆ। ਇਹ ਪੜ੍ਹਦਿਆਂ ਪਾਠਕ ਦੇ ਮਨ 'ਚ ਜਿਹੜੀ ਪੈਰਲਲ-ਟੈਕਸਟ ਨਾਲੋ-ਨਾਲ ਚਲਦੀ ਹੈ, ਉਹ ਇਹਨਾਂ ਸ਼ਬਦਾਂ ਦੀ ਰਵਾਨੀ ਨਾਲ ਇਕਸੁਰ ਹੁੰਦੀ ਜਾਂਦੀ ਹੈ ਜਾਂ ਇਹਨਾਂ ਸ਼ਬਦਾਂ ਦਾ ਵੇਗ ਏਨਾ ਰਵਾਨੀ ਭਰਿਆ ਕਿ ਉਹ ਇਹਨਾਂ ਦੇ ਅੰਤਮ ਸੱਚ ਹੋਣ ਦੇ ਭਰਮ 'ਚ ਗੁਆਚ ਜਾਂਦਾ। ਇਹੀ ਕਿਸੇ ਕ੍ਰਿਤ ਦੀ ਸਫ਼ਲਤਾ ਹੁੰਦੀ ਹੈ ਤੇ ਲੇਖਕ ਦੀ ਵੀ।

ਭਾਰਤੀ ਪਰੰਪਰਾ 'ਚ ਦੋ ਮਹੱਤਵਪੂਰਨ ਰਵਾਇਤਾਂ ਹਨ : ਯੋਗ ਤੇ ਸਾਧਨਾ। ਦੋਵੇਂ ਜੁੜਵੀਆਂ ਵੀ ਹਨ, ਇਕ ਦੂਜੇ ਦੀਆਂ ਪੂਰਕ ਵੀ। ਧਿਆਨ ਲਾਉਣ ਦਾ ਅਰਥ ਹੈ ਆਪਣੇ ਆਪ ਨੂੰ ਕਿਸੇ ਨੁਕਤੇ 'ਤੇ ਕੇਂਦਰਤ ਕਰ ਲੈਣਾ, ਉਸ 'ਚ ਹੋਰ ਡੂੰਘੇ ਉਤਰਦੇ ਜਾਣਾ; ਉਸ ਤਹਿ ਤਕ ਪਹੁੰਚਣ ਦੀ ਕੋਸ਼ਿਸ਼, ਜਿਥੋਂ ਜੜ੍ਹ ਤੁਰਦੀ ਹੈ, ਉਸ ਸੁੰਨ ਤਕ। ਤੇ ਯੋਗ ਇਸ ਧਿਆਨ ਨੂੰ ਕੇਂਦਰਤ ਕਰਨ ਦੀ ਵਿਧੀ। ਸਿਰਫ਼ ਅਧਿਆਤਮ ਨਾਲ ਜੋੜ ਕੇ ਅਸੀਂ ਇਹਨਾਂ ਦੇ ਪਾਸਾਰਾਂ ਨੂੰ ਸੀਮਤ ਕਰ ਦਿੰਦੇ ਹਾਂ। ਲੇਖਕ ਵੀ ਇਕ ਤਰ੍ਹਾਂ ਦਾ ਯੋਗੀ ਹੀ ਹੁੰਦਾ, ਜਿਹੜਾ ਆਪਣੀ ਸੁੰਨ-ਸਮਾਧੀ 'ਚੋਂ ਸਮਾਜ ਨੂੰ ਦੇਖ ਰਿਹਾ ਹੁੰਦਾ; ਇਕ ਖ਼ਾਸ ਦ੍ਰਿਸ਼ਟੀ ਤੋਂ, ਜਿਹੜੀ ਉਸ ਲਈ ਮਹੱਤਵਪੂਰਨ ਹੁੰਦੀ ਹੈ। ਕੋਈ ਲੇਖਕ ਇਸ ਧਿਆਨ (ਸਮਾਜ ਦੇ ਜ਼ਿੰਦਗੀ ਤੇ ਡੂੰਘੇ ਅਧਿਐਨ 'ਚ ਉਤਰਨਾ) 'ਚ ਕਿੰਨਾ ਆਪਣੇ ਆਪ ਨੂੰ ਸਾਧ ਲੈਂਦਾ, ਉਸਦੀ ਲਿਖਤ ਉਨੀ ਹੀ ਸਮੇਂ ਤੇ ਸਥਾਨ ਨੂੰ ਵਧੇਰੇ ਜੀਵੰਤ ਢੰਗ ਨਾਲ ਪੇਸ਼ ਕਰਨ ਦੇ ਸਮਰੱਥ ਹੋ ਜਾਂਦੀ ਹੈ। ਸਵਾਲ ਫਿਰ ਖੜ੍ਹਾ ਹੋ ਜਾਂਦਾ ਹੈ? ਉਸਨੇ ਸੁੰਨ-ਸਮਾਧੀ ਦੇ ਕਿਸ ਬਿੰਦੂ ਵਲ ਸਫ਼ਰ ਕਰਨਾ ਹੈ, ਇਸਨੂੰ ਟਵਿੱਸਟ ਕੌਣ ਦਿੰਦਾ ਹੈ? ਇਹ ਗੱਲ ਬਹੁਤੀ ਅਵਚੇਤਨ 'ਤੇ ਨਿਰਭਰ ਕਰਦੀ ਹੈ, ਜਿਹੜਾ ਉਸਦੀਆਂ ਜੀਵਨ-ਹਾਲਤਾਂ ਅਨੁਸਾਰ ਵਿਕਸਤ ਹੋਇਆ ਹੁੰਦਾ।

ਆਪਣਾ ਘਰ ਬਣਾ ਕੇ ਪੰਜਾਬ ਐਵੀਨਿਊ 'ਚ ਰਹਿਣ ਲੱਗੇ ਤਾਂ ਇਸ ਦੇ ਪਿਛਿਓਂ ਰੇਲਵੇ-ਲਾਇਨ ਲੰਘਦੀ ਹੈ। ਜਲੰਧਰ ਤੋਂ ਨਕੋਦਰ ਤਕ ਜਾਂਦੀ, ਇਸ ਰੇਲਵੇ-ਲਾਇਨ 'ਤੇ ਚਾਰ ਵਾਰ ਡੀ. ਐਮ. ਯੂ. ਨਕੋਦਰ ਨੂੰ ਜਾਂਦਾ ਹੈ ਤੇ ਉਹੀ ਚਾਰ ਵਾਰ ਉਥੋਂ ਮੁੜਕੇ ਆਉਂਦਾ। ਆਵਾਜਾਈ ਘੱਟ ਹੋਣ ਕਰਕੇ ਕਲੋਨੀ ਵਾਲੇ ਕਈ ਇਸ ਰੇਲਵੇ-ਲਾਇਨ ਵਲ ਸੈਰ ਲਈ ਨਿਕਲ ਜਾਂਦੇ ਹਨ। ਲਾਕ-ਡਾਊਨ ਤੋਂ ਬਾਅਦ ਡੀ. ਐਮ. ਯੂ. ਦੇ ਚਾਰੇ ਟਾਇਮ ਵੀ ਬੰਦ ਹੋਣ ਕਰਕੇ ਬਿਲਕੁੱਲ ਹੀ ਸੁੰਨ ਪਸਰ ਗਈ, ਮੁਕੰਮਲ ਸ਼ਾਂਤੀ। ਇਸ ਸੁੰਨ-ਸਾਂ 'ਚ ਸੈਰ ਕਰਦਿਆਂ, ਕੁਦਰਤ ਨਾਲ ਜੁੜਨ ਦਾ ਸਬੱਬ ਵੀ ਬਣਨ ਲੱਗਾ। ਲਾਇਨਾਂ ਕੰਢੇ ਘਾਹ, ਝਾੜੀਆਂ, ਬਾਂਸ, ਰੁੱਖ਼। ਰੁੱਖ਼ ਬਹੁਤੇ ਨਿੰਮ ਅਤੇ ਡੇਕਾਂ ਦੇ ਹਨ। ਇਹਨਾਂ ਰੁੱਖਾਂ-ਝਾੜੀਆਂ ਨੂੰ ਰੋਜ਼ ਹੀ ਤੱਕਦਿਆਂ, ਇਹਨਾਂ 'ਚ ਆਉਂਦੇ ਫ਼ਰਕ ਜ਼ਿਹਨ 'ਚ ਦਰਜ ਹੋਣ ਲੱਗੇ, ਖ਼ਾਸ ਕਰਕੇ ਰੁੱਤ ਬਦਲਣ 'ਤੇ ਆਉਂਦੇ ਬਦਲਾਅ। ਇਹਨਾਂ ਬਦਲਾਵਾਂ ਨੂੰ ਕੁਝ ਹੋਰ ਗਹੁ ਨਾਲ ਦੇਖਣਾ ਸ਼ੁਰੂ ਕੀਤਾ ਤੇ ਨਾਲੋ-ਨਾਲ ਲਿਖਣਾ।

19 ਦਸੰਬਰ 2020: ਦਿਨ ਦੇ ਦੋ ਵੱਜੇ ਹਨ। ਸਵੇਰੇ ਧੁੰਦ ਸੀ ਪਰ ਹੁਣ ਮੌਸਮ ਪੂਰਾ ਨਿਖਰਿਆ ਹੋਇਆ। ਨਿਖਰੀ ਹੋਈ ਧੁੱਪ। ਚੁਫੇਰੇ ਦੇ ਰੁੱਖ, ਬੂਟਿਆਂ 'ਤੇ ਕੁਝ ਪੀਲੇ ਪੱਤੇ ਚਮਕ ਰਹੇ ਹਨ, ਉਂਜ ਤਾਂ ਅਜਕਲ੍ਹ ਪਤਝੜ ਛਾਈ ਹੋਈ ਹੈ। ਸਾਡੇ ਘਰ ਦੇ ਪਿਛਵਾੜਿਉਂ ਰੇਲਵੇ ਲਾਇਨ ਲੰਘਦੀ ਹੈ, ਜਿਸ ਕੰਢੇ ਦੋ ਡੇਕਾਂ ਹਨ, ਜਿਹੜੀਆਂ ਪੂਰੀ ਤਰ੍ਹਾਂ ਰੁੰਡ-ਮੁੰਡ ਹੋ ਚੁਕੀਆਂ। ਖੱਬੇ ਪਾਸੇ ਵਾਲੀ ਡੇਕ 'ਤੇ ਤਾਂ ਇਕ ਵੀ ਪੱਤਾ ਨਹੀਂ, ਜਦੋਂਕਿ ਦੂਸਰੀ ਦੀਆਂ ਟਾਹਣੀਆਂ 'ਤੇ ਕੁਝ ਪੱਤੇ ਬਚੇ ਹੋਏ ਹਨ। ਦੋਹਾਂ 'ਤੇ ਹੀ ਡਾਲੀਆਂ

ਨਾਲ ਗੁੱਛਿਆਂ ਦੇ ਗੁੱਛੇ ਸੁੱਕੇ ਡਕਾਣੂੰਆਂ ਦੇ ਲੱਗੇ ਹਨ। ਕੁਝ ਦੂਰੋਂ ਇੰਜ ਲਗਦਾ ਜਿਵੇਂ ਪੀਲੇ ਫੁੱਲਾਂ ਦੇ ਗੁੱਛੇ ਹੋਣ। ਰੇਲਵੇ ਲਾਇਨ ਤੋਂ ਪਾਰ ਬਾਸਾਂ ਦੇ ਪੌਤਿਆਂ 'ਤੇ ਵੀ ਪਹਿਲਾਂ ਵਰਗੀ ਹਰਿਆਲੀ ਨਹੀਂ। ਉਹ ਵੀ ਪੀਲੇ ਪੈ ਕੇ ਝੜਨ ਦੇ ਰਾਹ ਪਏ ਹੋਏ ਹਨ। ਜਾੜਾਂ ਹੇਠਾਂ ਪੌਤਿਆਂ ਦੀ ਡਿੱਗ ਡਿੱਗ ਕੇ ਵਿਛੀ ਹੋਈ ਤਹਿ। ਦੱਖਣ ਵਲ ਇਕ ਕੋਠੀ ਤੋਂ ਪਾਰ ਖਾਲੀ ਪਲਾਟ 'ਚ ਤੂਤ ਦਾ ਰੁੱਖ਼ ਹੈ, ਜਿਸਦੇ ਪੱਤੇ ਵੀ ਪੂਰੀ ਤਰ੍ਹਾਂ ਪੀਲੇ ਪੈ ਚੁਕੇ ਹਨ ਕਿ ਮਾੜੀ ਜਿਹੀ ਹਵਾ ਨਾਲ ਹੀ ਝੜਨ ਲਗਦੇ। ਉਸਦੀਆਂ ਛਿੱਟੀਆਂ ਝਾਕਣ ਲੱਗੀਆਂ ਹਨ। ਗੁਲਮੋਹਰ ਦੇ ਪੱਤੇ ਵੀ ਭੁਰਭੁਰ ਜਿਹੇ ਹੋ ਕੇ ਝੜਨ ਲੱਗੇ ਹਨ। ਅਜੇ ਅੱਧ ਕੁ ਹੀ ਝੜੇ ਹੋਣਗੇ, ਉਹਨਾਂ 'ਚੋਂ ਡਾਲੀਆਂ ਦਿਸਣ ਲੱਗੀਆਂ ਹਨ, ਇਕ ਦੁਸਾਂਗੜ 'ਤੇ ਕਿਸੇ ਪੰਛੀ ਦਾ ਆਲ੍ਹਣਾ ਵੀ। ਰੇਲਵੇ ਲਾਇਨ ਤੋਂ ਪਾਰ ਸੜਕ ਹੈ ਤੇ ਸੜਕ ਤੋਂ ਪਾਰ ਕਣਕ ਦਾ ਖੇਤ, ਜਿਹੜੀ ਉੱਗ ਕੇ ਖੇਤ ਨੂੰ ਪੂਰੀ ਤਰ੍ਹਾਂ ਹਰਿਆਲੀ 'ਚ ਬਦਲ ਚੁਕੀ ਹੈ, ਭਰਪੂਰ ਹਰਿਆਲੀ। ਹਾਂ! ਕਣਕ ਇਸ ਪਤਝੜ ਦੀ ਉਦਾਸੀ 'ਚ ਧੜਕਦੀ ਹੋਈ ਜਵਾਨੀ ਵਲ ਵਧ ਰਹੀ ਹੈ।

23 ਦਸੰਬਰ: ਅੱਜ ਤੋਂ ਦਿਨ ਵੱਡੇ ਹੋਣੇ ਸ਼ੁਰੂ ਹੋ ਗਏ ਹਨ। ਰੁੱਤ 'ਚ ਇਕ ਮਹੱਤਵਪੂਰਨ ਮੋੜ। ਇਸ ਵੇਲੇ ਸਵਾ ਚਾਰ ਹੋਏ ਹਨ ਤੇ ਮੈਂ ਆਪਣੀ ਛੱਤ 'ਤੇ ਬੈਠਾ ਹਾਂ। ਧੁੱਪ ਨਿਕਲੀ ਹੋਈ ਹੈ, ਨਿਖ਼ਰਿਆ ਸਾਫ ਦਿਨ। ਦੂਰ ਦੱਖਣ ਵਲ ਕੁਝ ਕੁ ਤਿੱਤਰ-ਖੰਭੀਆਂ ਬੱਦਲੀਆਂ ਵੀ ਦਿਸ ਰਹੀਆਂ। ਇਸ ਧੁੱਪ 'ਚ ਗੁਲਮੋਹਰ ਦੇ ਪੱਤੇ ਪਹਿਲਾਂ ਤੋਂ ਵੱਧ ਭੁਰਭੁਰੇ ਲਗਦੇ ਹਨ। ਇਹਨਾਂ ਦੀ ਹੁਣ ਰੁੱਤ ਨਹੀਂ ਰਹੀ। ਜਦੋਂ ਜ਼ਿੰਦਗੀ ਹੰਢਾ ਲਈ ਜਾਂਦੀ ਹੈ ਤਾਂ ਭੁਰਨਾ ਸ਼ੁਰੂ ਹੋ ਜਾਂਦਾ ਹੈ ਸਭ ਕੁਝ ਹੀ! ਇਥੇ ਬੈਠਿਆਂ ਪਿੰਡ 'ਚ ਬੈਠੇ ਹੋਣ ਦਾ ਅਹਿਸਾਸ ਵੀ ਹੁੰਦਾ! ਪੱਛਮ ਵਾਲੇ ਪਾਸੇ ਰੇਲਵੇ ਲਾਇਨ ਦੇ ਕੰਢੇ ਭਰਪੂਰ ਹਰਿਆਲੀ, ਰੁੱਖ, ਝਾੜੀਆਂ। ਦੱਖਣ ਵਾਲੇ ਪਾਸੇ ਇਕ ਹੀ ਗਲੀ ਆਬਾਦ ਹੈ ਤੇ ਉਸ ਤੋਂ ਅਗਾਂਹ ਸੁਭਾਨੇ ਪਿੰਡ ਦੇ ਖੇਤ। ਸ਼ਾਮ ਨੂੰ ਜਦੋਂ ਰੇਲਵੇ ਲਾਇਨ ਦੇ ਨਾਲ-ਨਾਲ ਸੈਰ ਲਈ ਜਾਂਦਾ ਹਾਂ ਤਾਂ ਖੇਤਾਂ 'ਚ, ਕਣਕਾਂ ਦੀ ਹਰਿਆਲੀ ਦੀ ਵਿਛੀ ਚਾਦਰ, ਸ਼ਹਿਰ ਦੇ ਤਲਿੱਸਮ ਤੋਂ ਅਜੇ ਅਭਿੱਜ ਲਗਦੀ ਹੈ। ਪਿੰਡ ਜ਼ਿੰਦਾਬਾਦ! ਪਰ ਸ਼ਹਿਰ ਨਾਲ ਜੁੜਿਆ ਇਹ, ਕਿੰਨਾ ਕੁ ਚਿਰ ਆਪਣੀ ਹੋਂਦ ਬਚਾ ਕੇ ਰੱਖ ਸਕੇਗਾ!

24 ਦਸੰਬਰ : ਡੇਕਾਂ ਦੇ ਡਕਾਣੂੰਆਂ ਦਾ ਰੰਗ ਹੌਲੀ-ਹੌਲੀ ਬਦਲਦਾ ਹੈ। ਹਰੇ ਤੋਂ ਪਹਿਲਾਂ ਇਹ ਕੁਝ ਲਾਲਗੀ ਦੀ ਭਾਹ ਮਾਰਨ ਲੱਗੇ। ਜਦੋਂ ਪੂਰੀ ਤਰ੍ਹਾਂ ਸੁੱਕ ਗਏ ਤਾਂ ਹਲਕੇ ਪੀਲੇ ਰੰਗ ਦੇ ਹੋ ਗਏ। ਵੱਖ-ਵੱਖ ਡੇਕਾਂ 'ਤੇ, ਡਕਾਣੂੰਆਂ ਦੇ ਗੁੱਛਿਆਂ ਦੇ ਰੰਗ 'ਚ ਕੁਝ ਫ਼ਰਕ ਵੀ ਲਗਦਾ। ਦੂਰ ਤੋਂ ਇੰਜ ਲਗਦਾ ਜਿਵੇਂ ਕੁਝ ਕੁ ਮਾਮੂਲੀ ਫ਼ਰਕ ਨਾਲ ਹਲਕੇ ਪੀਲੇ ਫੁੱਲਾਂ ਦੇ ਗੁੱਛੇ ਹੋਣ। ਇਕ ਹੋਰ ਵੀ ਦਿਲਚਸਪ ਗੱਲ ਦਿਸੀ। ਇਕ ਡੇਕ ਦੇ ਪੱਤੇ ਅਜੇ ਝੜੇ ਨਹੀਂ ਸਨ, ਸਾਰੀਆਂ ਡਾਲਾਂ ਹਰੀਆਂ ਕਚੂਰ। ਨੇੜੇ ਜਾ ਕੇ ਦੇਖਿਆ ਤਾਂ ਪਤਾ ਲੱਗਾ, ਇਹ ਪਿਛਲੇ ਸਾਲ ਦੀ ਛਾਂਗੀ ਹੋਈ ਸੀ। ਇਸਦੀਆਂ ਇਹ ਡਾਲੀਆਂ ਪਿਛਲੀ ਬਸੰਤ 'ਚ ਨਿਕਲੀਆਂ ਸਨ।

12 ਜਨਵਰੀ 2021: ਤੂਤ ਪੱਤਿਆਂ ਤੋਂ ਲਗਭਗ ਖਾਲੀ ਹੋ ਚੁਕਾ ਹੈ, ਮਸਾਂ ਪੰਜਵਾਂ ਹਿੱਸਾ ਪੱਤੇ ਬਚੇ ਹੋਣਗੇ। ਉਹ ਵੀ ਪੀਲੇ, ਡਿੱਗ ਪੈਣ ਦੀ ਉਡੀਕ ਕਰਦੇ ਹੋਏ, ਕਿਸੇ ਮਾਮੂਲੀ ਜਿਹੇ ਹਵਾ ਦੇ ਬੁੱਲੇ ਦੀ। ਛਿੱਟੀਆਂ ਨੰਗੀਆਂ ਦਿਸਣ ਲੱਗੀਆਂ ਹਨ, ਭਾਵੇਂ ਰੁੰਡ-ਮੁੰਡ ਨਹੀਂ ਹੋਈਆਂ। ਡੇਕਾਂ ਬਿਲਕੁੱਲ ਹੀ ਸੱਖਣੀਆਂ ਹੋ ਗਈਆਂ ਹਨ, ਜਿਵੇਂ ਡੰਡਿਆਂ ਉਪਰ ਡੰਡੇ ਖੜ੍ਹੇ ਕੀਤੇ ਹੋਣ। ਕਿਤੇ ਕੋਈ ਪੱਤਾ ਨਹੀਂ, ਜਿਹੜਾ ਜ਼ਿੰਦਗੀ ਦੀ ਨਿਸ਼ਾਨੀ ਹੋਵੇ! ਹੁਣ ਡਕਾਣੂੰ ਵੀ ਝੜਨ ਲੱਗ ਪਏ ਹਨ। ਗੁਲਮੋਹਰ ਦੇ ਪੱਤੇ ਵੀ ਕਾਫ਼ੀ ਝੜ ਚੁਕੇ ਹਨ ਤੇ ਰਹਿੰਦਿਆਂ 'ਤੇ ਕਾਲੀ-ਪੀਲੀ ਭਾਹ ਹੈ। ਪਤਝੜ ਇੰਜ ਹੀ ਹੌਲੀ-ਹੌਲੀ ਆਉਂਦੀ ਹੈ ਰੁੱਖ਼ਾਂ 'ਤੇ। ਖੇਤਾਂ 'ਚ ਕਣਕ ਦੇ ਬੂਟੇ ਜਵਾਨੀ ਵਲ ਵਧ ਰਹੇ ਦਿਸਦੇ ਹਨ।

15 ਜਨਵਰੀ: ਤੂਤ 'ਤੇ ਵਿਰਲੇ-ਵਿਰਲੇ ਪੱਤੇ ਹੀ ਰਹਿ ਗਏ ਹਨ। ਹੁਣ ਛਿਟੀਆਂ ਨੰਗ-ਮੁਨੰਗੀਆਂ ਦਿਸਦੀਆਂ ਨੇ ਤੇ ਪੱਤੇ ਕਿਤੇ ਕਿਤੇ, ਉਹ ਵੀ ਪੀਲੇ।



20 ਜਨਵਰੀ: ਤੂਤ ਦੇ ਲਗਭਗ ਸਭ ਪੱਤੇ ਝੜ ਗਏ ਹਨ। ਹੁਣ ਤਾਂ ਛਿਟੀਆਂ ਹੀ ਖੜ੍ਹੀਆਂ ਦਿਸਦੀਆਂ। ਡੇਕਾਂ ਵੀ ਇੰਜ ਲਗਦਾ, ਜਿਵੇਂ ਸੁੱਕੀਆਂ ਲੱਕੜਾਂ ਦੇ ਢਾਂਚੇ ਹੋਣ। ਕੋਈ ਪੱਤਾ ਨਹੀਂ, ਨਾ ਕੋਈ ਹੋਰ ਜਿਊਂਦੇ ਹੋਣ ਦੀ ਨਿਸ਼ਾਨੀ। ਕਿਤੇ-ਕਿਤੇ ਸੁੱਕੇ ਡਕਾਣੂੰਆਂ ਦੇ ਗੁੱਛੇ ਅਜੇ ਲਟਕੇ ਹੋਏ ਹਨ। ਗੁਲਮੋਹਰ 'ਤੇ ਪੀਲੇ ਪੱਤੇ ਜਿੰਨੇ ਕੁ ਦਸ ਦਿਨ ਪਹਿਲਾਂ ਸਨ, ਲਗਭਗ ਓਨੇ ਹੀ ਲਗਦੇ ਹਨ, ਭਾਵੇਂ ਉਹਨਾਂ 'ਤੇ ਕਾਲੋਂ ਗੂੜ੍ਹੀ ਹੋ ਗਈ ਹੈ। ਇਹਨਾਂ ਦਾ ਕਾਲੀ ਭਾਹ ਮਾਰਦਾ ਭੁਰਭੁਰਿਆ ਰੰਗ ਦੱਸ ਪਾਉਂਦਾ, ਇਹਨਾਂ ਦੀ ਜ਼ਿੰਦਗੀ ਹੋਰ ਬਹੁਤਾ ਚਿਰ ਨਹੀਂ।

26 ਜਨਵਰੀ: ਗੁਲਮੋਹਰ ਦੇ ਪੀਲੇ ਪੱਤੇ ਭੁਰਭੁਰ ਕੇ ਤੇਜ਼ੀ ਨਾਲ ਕਾਲੇ ਹੋਣ ਲੱਗੇ ਹਨ। ਪੂਰੀ ਦੀ ਪੂਰੀ ਪੱਤੀ, ਜਿਸ ਤੋਂ ਛੋਟੇ-ਛੋਟੇ ਪੱਤੇ ਨਿਕਲੇ ਹੁੰਦੇ ਹਨ, ਕਾਲੀ ਪੈ ਰਹੀ ਹੈ। ਸ਼ਾਇਦ ਅਗਲੇ ਦਿਨਾਂ 'ਚ ਇਹ ਇੰਜ ਹੀ ਭੁਰਭੁਰ ਕੇ ਡਿਗਣਗੇ! ਤੂਤ ਦੀਆਂ ਛਿਟੀਆਂ ਬਿਲਕੁੱਲ ਨੰਗੀਆਂ ਹੋ ਚੁਕੀਆਂ ਹਨ, ਬਸ ਖੜ੍ਹਾ ਢਾਂਚਾ ਜਿਹਾ। ਪਿੱਪਲ 'ਤੇ ਅਜੇ ਪਤਝੜ ਦੀ ਝਲਕ ਨਹੀਂ ਦਿਸਦੀ, ਸਿਵਾਏ ਇਸਦੇ ਕਿ ਪੱਤੇ ਪਕਰੋੜ ਹੋ ਕੇ ਘਸਮੈਲੇ ਜਿਹੇ ਲਗਦੇ ਹਨ, ਚਮਕ ਤੋਂ ਸੱਖਣੇ। ਅੱਜ ਕਿੰਨੇ ਦਿਨਾਂ ਬਾਅਦ ਧੁੱਪ ਨਿਕਲੀ ਹੈ। ਤਿੰਨ ਵੱਜੇ ਹਨ ਤੇ ਧੁੱਪੇ ਪਿਆਂ ਇਹ ਚੁਭਦੀ ਲਗਦੀ ਹੈ। ਪਹਿਲਾਂ ਤਾਂ ਠੰਢ ਤੇ ਕਾਂਬਾ ਹੀ ਰਿਹਾ।

27 ਜਨਵਰੀ: ਗੁਲਮੋਹਰ ਦੇ ਪੱਤਿਆਂ 'ਤੇ ਅੱਜ ਵਧੇਰੇ ਕਾਲੋਂ ਫਿਰੀ ਲਗਦੀ ਹੈ, ਇਕ ਦਿਨ ਵਿਚ ਹੀ। ਜਦੋਂ ਮਰਨ ਰੁੱਤ ਆਉਂਦੀ ਹੈ ਤਾਂ ਕਿੰਜ ਏਡੀ ਛੇਤੀਂ ਜ਼ਿੰਦਗੀ ਮੁੱਕਣ ਲਗਦੀ ਹੈ! ਡੇਕਾਂ ਦੀਆਂ ਡਾਲੀਆਂ ਦੇ ਸਿਰਿਆਂ 'ਤੇ ਕੁਝ ਨੋਕਾਂ ਜਿਹੀਆਂ ਉਭਰਦੀਆਂ ਲਗਦੀਆਂ ਹਨ। ਨੇੜੇ ਜਾਣ 'ਤੇ ਇਹ ਮਾਮੂਲੀ-ਮਾਮੂਲੀ ਕੌਂਪਲਾਂ ਦਿਸੀਆਂ, ਪਰ ਅਜੇ ਪੱਤੀਆਂ ਨਹੀਂ ਬਣੀਆਂ।

5 ਫਰਵਰੀ 2021: ਡੇਕ ਭਰਪੂਰ ਹਰੀਆਂ ਕਰੂੰਬਲਾਂ ਨਾਲ ਭਰ ਗਈ ਹੈ। ਲਿਸ਼ਕਦੀਆਂ ਹੋਈਆਂ ਛੋਟੀਆਂ-ਛੋਟੀਆਂ ਕੋਮਲ ਪੱਤੀਆਂ। ਬਹੁਤ ਗਹੁ ਨਾਲ ਦੇਖਣ 'ਤੇ ਪਿਛਲੇ ਸਾਲ ਵਾਲੇ ਕੁਝ ਡਕਾਣੂੰ ਅਜੇ ਦਿਸਦੇ ਹਨ, ਪਰ ਸ਼ਾਇਦ ਪੂਰੀ ਡੇਕ 'ਤੇ ਦਸ-ਪੰਦਰਾਂ ਹੀ ਹੋਣ! ਇਹ ਕਿਉਂ ਨਹੀਂ ਝੜੇ? ਕਦੋਂ ਝੜਨਗੇ ਇਹ? ਹਜ਼ਾਰਾਂ ਦੀ ਗਿਣਤੀ 'ਚ ਲੱਗੇ ਸਨ ਪਰ ਉਹਨਾਂ 'ਚੋਂ ਕੁਝ ਗਿਣਤੀ ਦੇ ਹੀ ਇਹ ਬਚੇ ਰਹਿ ਗਏ! ਡੇਕ ਉਹੀ ਹੈ, ਉਸਦੀਆਂ ਟਹਿਣੀਆਂ ਤੇ ਜ਼ਮੀਨ ਵੀ ਉਹੀ। ਸੁੱਕ ਜਾਣ ਦੇ ਬਾਵਜੂਦ ਇਹਨਾਂ 'ਚ ਇਹ ਡਾਣੀਆਂ ਨਾਲ ਜੁੜੇ ਰਹਿਣ ਦੀ ਸਮਰੱਥਾ ਕਿਥੋਂ ਆਈ?

ਆਪਣੇ ਹੀ ਲਿਖੇ ਸ਼ਬਦ ਪੜ੍ਹਦਿਆਂ ਮਨ 'ਚ ਹੋਰ ਬੜਾ ਕੁਝ ਸੁਲਗਣ ਲੱਗ ਪਿਆ। ਰੇਲਵੇ ਲਾਇਨ ਕੰਢੇ ਤਾਂ ਮੈਂ ਦਰਜਨਾਂ ਕਿਸਮ ਦੀਆਂ ਝਾੜੀਆਂ, ਰੁਖ਼, ਘਾਹ ਦੇਖਦਾ ਹਾਂ। ਉਹਨਾਂ 'ਤੇ ਅਨੇਕਾਂ ਕਿਸਮ ਦੇ ਉੱਡਦੇ ਪੰਛੀ, ਤਿਤਲੀਆਂ। ਧਰਤੀ 'ਤੇ ਤੁਰੇ ਫਿਰਦੇ ਅਨੇਕਾਂ ਕਿਸਮ ਦੇ ਕੀੜੇ, ਛੋਟੇ ਛੋਟੇ ਜੀਵ। ਇਸ ਸਭ ਕੁਝ 'ਚੋਂ ਉਪਰੋਕਤ ਕੁਝ ਚੀਜ਼ਾਂ 'ਤੇ ਹੀ ਧਿਆਨ ਕਿਉਂ ਗਿਆ? ਇਹ ਕੁਦਰਤ ਦੇ ਉਸ ਵਿਸ਼ਾਲ ਮਹਾਂਦ੍ਰਿਸ਼ ਦਾ ਇਕ ਕਿਣਕਾ ਮਾਤਰ ਹੀ ਹੈ; ਸ਼ਾਇਦ ਕਿਣਕੇ ਦਾ ਵੀ ਕੋਈ ਬਹੁਤ ਛੋਟਾ ਹਿੱਸਾ। ਕਿੰਨਾ ਕੁਝ ਅਸੀਂ ਦੇਖਦੇ ਹੁੰਦੇ ਹਾਂ, ਕਿੰਨਾ ਕੁਝ ਸਾਡੀਆਂ ਅੱਖਾਂ ਦੇ ਸਾਹਮਣੇ ਹੁੰਦਾ, ਪਰ ਉਹ ਸਾਡੇ ਜ਼ਿਹਨ 'ਚ ਆਪਣੀ ਹੋਂਦ ਦਰਜ ਕਿਉਂ ਨਹੀਂ ਕਰਵਾ ਰਿਹਾ ਹੁੰਦਾ; ਜਦੋਂਕਿ ਕੋਈ ਹੋਰ ਉਸਨੂੰ ਦਰਜ ਕਰ ਰਿਹਾ ਹੁੰਦਾ, ਜੋ ਅਸੀਂ ਦਰਜ ਨਹੀਂ ਕਰ ਰਹੇ ਹੁੰਦੇ! ਇਹੀ ਮੁੱਢ-ਕਦੀਮਾਂ ਤੋਂ ਸਿਰਜਣਾ ਦੇ ਮੂਲ 'ਚ ਨਿਰੰਤਰ ਵਹਿੰਦੀ ਵਿਭਿੰਨਤਾ ਦੀ ਧਾਰਾ ਹੈ, ਇਹੀ ਮਨੁੱਖ ਤੋਂ ਮਨੁੱਖ ਦੀ ਸੋਚ 'ਚ ਵਿਭਿੰਨਤਾ ਬਖ਼ਸ਼ਦੀ ਹੈ। ਇਸ ਧਾਰਾ 'ਚ ਕਦੀ ਹੀ ਕੋਈ ਵਾਰਸ, ਬੁੱਲਾ, ਸ਼ਿਵ ਜਾਂ ਕੰਵਲ ਆਉਂਦਾ, ਜਿਹੜਾ ਆਪਣੀ ਸਾਧਨਾ ਤੇ ਪ੍ਰਤਿਭਾ ਨਾਲ ਕੁਦਰਤ ਦੇ ਇਸ ਮਹਾਂਦ੍ਰਿਸ਼ 'ਚੋਂ ਕੁਝ ਅਜਿਹੇ ਕਿਣਕੇ ਫੜ ਲੈਂਦਾ ਕਿ ਉਹ ਪਿਛੇ ਆਉਣ ਵਾਲਿਆਂ ਲਈ ਮੀਲ-ਪੱਥਰ ਬਣ ਜਾਂਦੇ ਹਨ ਤੇ ਚੈਲਿੰਜ ਵੀ।

ਟਾਲਸਟਾਏ ਹੋਣ ਲਈ ਪਲ-ਪਲ ਮਰਨਾ ਪੈਂਦਾ ਜਾਂ ਸੂਫ਼ੀ ਸ਼ਬਦਾਵਲੀ 'ਚ ਕਹਿਣਾ ਹੋਵੇ, ਫ਼ਨਾਹ ਹੋਣ ਤੋਂ ਬਾਅਦ, ਉਸ ਰਾਖ 'ਚੋਂ ਨਵਾਂ ਕੁਕਨੂਸ ਜਨਮਦਾ ਹੈ।**(ਮੋਬਾਇਲ: 95309-44345)**




# ਆਜ਼ਮਗੜ੍ਹ ਦੀ ਭੁੱਖ-ਮਰੀ

**(ਤੁਲਸੀ ਰਾਮ ਦੀ ਸਵੈ ਜੀਵਨੀ 'ਹੱਡਾ ਰੋੜੀ' ਦਾ ਇਕ ਕਾਂਡ)**

**ਅਨੁਵਾਦਕ : ਸਤਵੀਰ ਕੌਰ ਸ਼ਾਲੂ**

1 ਜੁਲਾਈ 1964 (ਸਰਟੀਫਿਕੇਟ ਵਾਲਾ ਮੇਰਾ 15ਵਾਂ ਜਨਮ ਦਿਨ) ਨੂੰ ਘਰ ਤੋਂ ਭੱਜਦੇ ਹੋਏ ਨਟਣੀ ਅਤੇ ਜੋਗੀ ਬਾਬਾ ਦੋ ਅਜਿਹੇ ਵਿਅਕਤੀ ਸੀ, ਜਿਨ੍ਹਾਂ ਨੂੰ ਟਕਰਨ ਤੋਂ ਬਾਅਦ ਮੈਂ ਇੱਕ ਅਨਿਸ਼ਚਿਤ ਭਵਿੱਖ ਦੇ ਲਈ ਰਵਾਨਾ ਹੋ ਗਿਆ। ਅਤੀਤ ਵਿੱਚ ਹੱਡਾ ਰੋੜੀ ਅਤੇ ਜਹਾਨਾਗੰਜ ਦੇ ਵਿਚਲਾ ਸੱਤ ਕਿਲੋਮੀਟਰ ਦਾ ਰਸਤਾ ਪਤਾ ਨਹੀਂ ਕਿੰਨੀ ਵਾਰ ਬਹੁਤ ਆਸਾਨੀ ਨਾਲ ਪਾਰ ਕਰ ਲਿਆ ਸੀ, ਪਰ ਇਸ ਵਾਰ ਪਹਾੜ ਲੱਗ ਰਿਹਾ ਸੀ। ਜਦੋਂ ਜਹਾਨਾਗੰਜ ਪਹੁੰਚਿਆ ਤਾਂ ਦੇਖਿਆ ਕਿ ਸਵਾਰੀਆਂ ਨਾਲ ਭਰੇ ਇੱਕ ਟਾਂਗੇ ਕੋਲ ਖੜ੍ਹਾ ਟਾਂਗੇ ਵਾਲਾ ਉੱਚੀ-ਉੱਚੀ ਆਵਾਜ਼ ਦੇ ਰਿਹਾ ਸੀ: ਇੱਕ ਸਵਾਰੀ ਆਜ਼ਮਗੜ੍ਹ ਸਿਧਾਰੀ, ਇੱਕ ਸਵਾਰੀ ਆਜ਼ਮਗੜ੍ਹ ਸਿਧਾਰੀ ਸੰਭਵ ਹੀ ਮੇਰੇ ਹੱਥ ਵਿਚ ਸੰਦੂਕੜੀ ਦੇਖ ਕੇ ਟਾਂਗੇ ਵਾਲੇ ਨੂੰ ਪਤਾ ਲੱਗ ਗਿਆ ਹੋਵੇਗਾ ਕਿ ਮੇਰੀ ਮੰਜ਼ਲ ਆਜ਼ਮਗੜ੍ਹ ਹੀ ਹੋਵੇਗੀ। ਕੋਲ ਪਹੁੰਚਣ ਤੇ ਉਸਨੇ ਮੇਰੀ ਸੰਦੂਕੜੀ ਆਪਣੇ ਹੱਥਾਂ ਵਿੱਚ ਲੈਂਦੇ ਹੋਏ ਮੈਨੂੰ ਟਾਂਗੇ ਤੇ ਚੜ੍ਹਨ ਲਈ ਕਿਹਾ। ਮੈਂ ਪੌਡੇ 'ਤੇ ਇੱਕ ਪੈਰ ਰੱਖ ਕੇ ਖੜ੍ਹਾ ਹੋ ਗਿਆ। ਦੂਸਰੇ ਪੈਰ ਲਈ ਕੋਈ ਥਾਂ ਨਹੀਂ ਸੀ। ਬੈਠਣ ਦਾ ਤਾਂ ਸਵਾਲ ਹੀ ਨਹੀਂ ਸੀ। ਮੇਰੀ ਅਸੁਵਿਧਾ ਨੂੰ ਦੇਖਦੇ ਹੋਏ ਟਾਂਗੇ ਵਾਲਾ ਬਹੁਤ ਸਹਿਜਤਾ ਨਾਲ ਕਹਿਣ ਲੱਗਾ ਕਿ ਘਬਰਾਉਣ ਦੀ ਕੋਈ ਗੱਲ ਨਹੀਂ ਹੈ ਚੰਡੇਸਰ ਪਹੁੰਚਦੇ ਹੀ ਜਗ੍ਹਾ ਖਾਲੀ ਹੋ ਜਾਏਗੀ, ਫਿਰ ਆਜ਼ਮਗੜ੍ਹ ਤੱਕ ਮੌਜ ਹੀ ਮੌਜ। ਇਸਦਾ ਭਾਵ ਇਹ ਸੀ ਕਿ ਜਹਾਨਾਗੰਜ ਅਤੇ ਆਜ਼ਮਗੜ੍ਹ ਦੇ ਵਿੱਚ ਦਾ ਅੱਧਾ ਰਸਤਾ ਖੜ੍ਹੇ-ਖੜ੍ਹੇ ਤੈਅ ਕਰਨਾ ਪਵੇਗਾ। ਇਸ ਭਗੌੜੀ ਯਾਤਰਾ ਨੇ ਸਾਬਿਤ ਕਰ ਦਿੱਤਾ ਸੀ ਕਿ ਗਿਆਨ ਪ੍ਰਾਪਤ ਕਰਨਾ ਕੋਈ ਆਸਾਨ ਕੰਮ ਨਹੀਂ ਸੀ।

ਟਾਂਗੇ ਦੇ ਪਿੱਛੇ ਇੱਕ ਪੈਰ ਦੇ ਸਹਾਰੇ ਪੌਡੇ 'ਤੇ ਖੜ੍ਹੇ-ਖੜ੍ਹੇ ਉਸ ਯਾਤਰਾ ਤੋਂ ਚੂਰ-ਚੂਰ ਹੋਣ ਦਾ ਖ਼ਤਰਾ



ਬਣਿਆ ਹੋਇਆ ਸੀ। ਸਭ ਤੋਂ ਵੱਧ ਬੇਚੈਨ ਕਰਨ ਵਾਲੀ ਗੱਲ ਇਹ ਸੀ ਕਿ ਟਾਂਗੇ ਵਿਚ ਬੈਠੇ ਸਾਰੇ ਲੋਕ ਮੈਨੂੰ ਨਿਰੰਤਰ ਘੂਰੀ ਜਾ ਰਹੇ ਸੀ। ਉਨ੍ਹਾਂ ਦੀਆਂ ਘੂਰਦੀਆਂ ਨਜ਼ਰਾਂ ਤੋਂ ਬਚਣ ਲਈ ਮੈਂ ਆਪਣੇ ਸਿਰ ਨੂੰ ਸੱਜੇ-ਖੱਬੇ ਘੁਮਾਉਣ ਵਿੱਚ ਵੀ ਅਸਮਰੱਥ ਸੀ, ਨਹੀਂ ਤਾਂ ਪੈਰ ਦਾ ਸੰਤੁਲਨ ਵਿਗੜਨ ਦਾ ਖ਼ਤਰਾ ਝੱਲ ਸਕਣਾ ਅਸੰਭਵ ਹੋ ਜਾਂਦਾ। ਟਾਂਗਾ ਜਿਵੇਂ-ਜਿਵੇਂ ਅੱਗੇ ਵਧਦਾ ਜਾਂਦਾ, ਮਨ ਵਿੱਚ ਇਕਦਮ ਭਾਵਨਾ ਉੱਠਦੀ ਕਿ ਪੌਡੇ ਤੋਂ ਉੱਛਲ ਕੇ ਸਿੱਧਾ ਘੋੜੇ ਤੇ ਸਵਾਰ ਹੋ ਕੇ ਰਫੂਚੱਕਰ ਹੋ ਜਾਵਾਂ। ਇਸੇ ਮੁਦਰਾ ਵਿੱਚ ਚੰਡੇਸਰ ਪਹੁੰਚਣ ਤੋਂ ਥੋੜ੍ਹਾ ਪਹਿਲਾਂ ਮੈਨੂੰ ਉਹ ਵਿਸ਼ਾਲ ਪਿੱਪਲ ਦਾ ਦਰਖ਼ਤ ਦਿਖਾਈ ਦਿੱਤਾ, ਜਿਸਦੇ ਥੱਲੇ ਦੋ ਹਫ਼ਤੇ ਪਹਿਲਾਂ ਕਰਮਵੀਰ ਸਿੰਘ ਨੇ ਹਾਈ ਸਕੂਲ ਦਾ ਨਤੀਜਾ ਸੁਣਾਇਆ ਸੀ। ਮਨ ਹੀ ਮਨ ਉਸਨੂੰ ਪ੍ਰਣਾਮ ਕਰਦੇ ਹੋਏ ਅੱਗੇ ਨਿਕਲ ਗਿਆ। ਤੀਬਰ ਇੱਛਾ ਹੋਣ ਦੇ ਬਾਵਜੂਦ ਟਾਂਗੇ ਦੀ ਸਥਿਤੀ ਨੇ ਮੈਨੂੰ ਮੁੜ ਕੇ ਇੱਕ ਵਾਰ ਫਿਰ ਉਸਨੂੰ ਦੇਖਣ ਨਹੀਂ ਦਿੱਤਾ। ਮੁਸ਼ਕਿਲ ਨਾਲ ਪੰਜ ਮਿੰਟ ਬਾਅਦ ਚੰਡੇਸਰ ਆਉਣ 'ਤੇ ਟਾਂਗਾ ਉੱਥੇ ਹੀ ਰੁਕ ਗਿਆ। ਬਹੁਤ ਮੋਟੀ ਬੋਦੀ ਵਾਲਾ ਇੱਕ ਵਿਅਕਤੀ ਟਾਂਗੇ ਤੋਂ ਉਤਰਦੇ ਹੋਏ ਟਾਂਗੇ ਵਾਲੇ ਨੂੰ ਕਹਿਣ ਲੱਗਾ: ਇੱਕ ਫਾਟਕ ਬੰਦ ਹੈ ! ਮੈਨੂੰ ਸਮਝਣ ਵਿੱਚ ਬਿਲਕੁਲ ਵੀ ਸਮਾਂ ਨਹੀਂ ਲੱਗਾ ਕਿ ਉਨ੍ਹਾਂ ਦੇ ਇਸ ਮੁਹਾਵਰੇ ਦਾ ਇਸ਼ਾਰਾ ਮੇਰੀ ਰੌਸ਼ਨੀਹੀਣ ਅੱਖ ਵੱਲ ਸੀ। ਜੋ ਵੀ ਹੋਵੇ ਟਾਂਗੇ ਵਾਲੇ ਦੇ ਕਹਿਣ ਅਨੁਸਾਰ ਚੰਡੇਸਰ ਤੋਂ ਮੈਨੂੰ ਬੈਠਣ ਲਈ ਜਗ੍ਹਾ ਮਿਲ ਗਈ। ਧਰਵਾਹਾ ਮੋੜ ਹੁੰਦੇ ਹੀ ਇੱਕ ਘੰਟੇ ਦੇ ਅੰਦਰ ਟਾਂਗਾ ਆਜ਼ਮਗੜ੍ਹ ਨੂੰ ਘੇਰੀ ਟੌਂਸ ਨਦੀ ਦੇ ਕੰਢੇ ਸਥਿਤ ਸਿਧਾਰੀ ਨਾਮਕ ਸਥਾਨ 'ਤੇ ਰੁਕ ਗਿਆ। ਸਾਹਮਣੇ ਸਿਧਾਰੀ ਦਾ ਪੁਲ਼ ਸੀ। ਉਨ੍ਹਾਂ ਦਿਨਾਂ ਵਿੱਚ ਪੁਲ਼ ਦੇ ਆਰ-ਪਾਰ ਸਥਿਤ ਆਜ਼ਮਗੜ੍ਹ ਸ਼ਹਿਰ ਵਿੱਚ ਟਾਂਗਿਆਂ ਦਾ ਪ੍ਰਵੇਸ਼ ਵਰਜਿਤ ਸੀ, ਇਸ ਲਈ ਸਾਰੇ ਟਾਂਗੇ ਸਿਧਾਰੀ 'ਤੇ ਹੀ ਰੁਕ ਜਾਂਦੇ ਸੀ। ਇਹੀ ਕਾਰਣ ਸੀ ਕਿ ਸਾਡੇ ਟਾਂਗੇ ਵਾਲੇ ਨੇ ਜਹਾਨਾਗੰਜ ਵਿੱਚ ਇੱਕ ਸਵਾਰੀ ਆਜ਼ਮਗੜ੍ਹ ਸਿਧਾਰੀ ਵਾਲਾ ਨਾਅਰਾ ਲਾਇਆ ਸੀ। ਟਾਂਗੇ ਤੋਂ ਉਤਰਦੇ ਹੀ ਨਦੀ ਦੇ ਉਸ ਪਾਰ ਆਜ਼ਮਗੜ੍ਹ ਦਾ ਸਿਧਾਰੀ ਬਿਜਲੀ ਘਰ ਦਿਖਾਈ ਦਿੱਤਾ ਜਿੱਥੇਂ ਅਣਗਿਣਤ ਖੰਭਿਆਂ 'ਤੇ ਅਟਕੀ ਗੋਲ-ਗੋਲ ਚੱਕਰੀਆਂ ਤੋਂ ਲੰਘਦੀ ਬਿਜਲੀ ਦੀਆਂ ਨੰਗੀਆਂ ਤਾਰਾਂ ਨੂੰ ਛੂੰਹਦੇ ਹੀ ਸਾਕਾਰ ਬਣਾ ਦੇਣ ਵਾਲੀ ਮੌਤ ਦੀ ਕਲਪਨਾ ਦਿਮਾਗ ਵਿੱਚ ਘੁੰਮ ਗਈ। ਅਜੇ ਇਹ ਸਭ ਸੋਚ ਹੀ ਰਿਹਾ ਸੀ ਕਿ ਸਿਧਾਰੀ ਦੇ ਪੁਲ਼ ਨੂੰ ਛੂੰਹਣ ਵਾਲੀ ਸੜਕ 'ਤੇ ਵਿਛੀ ਛੋਟੀ ਰੇਲ ਲਾਈਨ ਦੀਆਂ ਪਟੜੀਆਂ ਦੇ ਆਰ-ਪਾਰ ਵਾਲੇ ਫਾਟਕ ਬੰਦ ਹੋ ਗਏ। ਕੁੱਝ ਹੀ ਪਲਾਂ ਵਿੱਚ ਮਊਨਾਥ ਭੰਜਨ ਅਤੇ ਸ਼ਾਹਗੰਜ ਦੇ ਵਿੱਚ ਸਰਪਟ ਭੱਜਣ ਵਾਲੀ ਅੰਗਰੇਜ਼ਾਂ ਦੇ ਜ਼ਮਾਨੇ ਦੀ ਕੋਲੇ ਨਾਲ ਚੱਲਣ ਵਾਲੀ ਰੇਲ ਗੱਡੀ ਬੇਹੱਦ ਸ਼ੋਰ ਮਚਾਉਂਦੀ ਹੋਈ ਮੇਰੇ ਸਾਹਮਣੇ ਤੋਂ ਲੰਘ ਗਈ। ਜ਼ਿੰਦਗੀ ਵਿੱਚ ਪਹਿਲੀ ਵਾਰ ਰੇਲ ਗੱਡੀ ਦਾ ਮੇਰੀਆਂ ਅੱਖਾਂ ਤੋਂ ਹੋ ਕੇ ਲੰਘਣਾ ਸੁਭਾਵਿਕ ਰੂਪ ਤੋਂ ਉਤਸੁਕਤਾ ਪੈਦਾ ਕਰ ਦੇਣ ਵਾਲਾ ਸੀ। ਹਜ਼ਾਰ ਕਲਪਨਾਵਾਂ ਜਾਗ ਉੱਠੀਆਂ। ਉਨ੍ਹਾਂ ਵਿੱਚ ਕਲਪਨਾ ਇਹ ਵੀ ਸੀ ਕਿ ਰੇਲ ਇੰਜਣ ਦੇ ਖੋਜੀ ਜੇਮਸ ਵਾਟ ਇਸੇ ਗੱਡੀ ਵਿੱਚ ਬੈਠੇ ਅਗਲੇ ਸਟੇਸ਼ਨ ਭਾਵ ਪਲਹਨੀ 'ਤੇ ਜ਼ਰੂਰ ਉੱਤਰ ਗਏ ਹੋਣਗੇ। ਪਹਿਲੇ ਦ੍ਰਿਸ਼ ਵਿੱਚ ਰੇਲ ਗੱਡੀ ਬਹੁਤ ਮਨਮੋਹਣੀ ਲੱਗੀ ਸੀ। ਇਸ ਨੂੰ ਵਾਰ-ਵਾਰ ਦੇਖਣ ਦਾ ਖਿਆਲ ਸਤਾਉਣ ਲੱਗਾ। ਇਨ੍ਹਾਂ ਹੀ ਖਿਆਲਾਂ ਨਾਲ ਮੈਂ ਰਿਕਸ਼ੇ 'ਚ ਬੈਠ ਕੇ ਦਲਿਤ ਹੋਸਟਲ ਲੱਭਣ ਮਾਤਬਰਗੰਜ ਲਈ ਰਵਾਨਾ ਹੋ ਗਿਆ। ਜਿਵੇਂ ਹੀ ਪੁਲ਼ ਤੋਂ ਟੌਂਸ ਨਦੀ ਦਾ ਪਾਣੀ ਮੈਨੂੰ ਦਿਖਾਈ ਦਿੱਤਾ, ਬਚਪਨ ਤੋਂ ਹੀ ਰਟੀ-ਰਟਾਈ ਰਾਮ ਚਰਿਤ ਮਾਨਸ ਦੇ ਅਯੋਧਿਆ ਕਾਂਡ ਦੀਆਂ ਇਹ ਪੰਕਤੀਆਂ ਤਮਸਾ ਤੀਰ ਨਿਵਾਸੁ ਕਿਯ ਪ੍ਰਥਮ ਦਿਵਸ ਰਘੁਨਾਥ ਮੇਰੇ ਦਿਮਾਗ ਵਿੱਚ ਆ ਗਈਆਂ। ਅਜਿਹਾ ਮੰਨਿਆ ਜਾਂਦਾ ਹੈ ਕਿ ਇਸੇ ਟੌਂਸ ਨਦੀ ਨੂੰ ਪੁਰਾਣੇ ਜ਼ਮਾਨੇ ਵਿੱਚ ਤਮਸਾ ਕਿਹਾ ਜਾਂਦਾ ਸੀ, ਜਿਸਦੇ ਕੰਢੇ ਬਨਵਾਸ ਲਈ ਜਾਂਦੇ ਹੋਏ ਮਿੱਥੀਕ ਰਾਮ ਨੇ ਪਹਿਲਾ ਦਿਨ ਬਿਤਾਇਆ ਸੀ। ਇਹ ਸਭ ਸੋਚ ਹੀ ਰਿਹਾ ਸੀ ਕਿ ਰਿਕਸ਼ੇ ਦੀ ਤੇਜ਼ ਰਫ਼ਤਾਰ ਕਰਕੇ ਤਮਸਾ ਨਦੀ ਦਾ ਕਿਨਾਰਾ ਮੇਰੀਆਂ ਅੱਖਾਂ ਤੋਂ ਓਝਲ ਹੋ ਗਿਆ, ਪਰ ਉਸਦੇ ਘਾਟ 'ਤੇ ਧੋਬੀਆਂ ਰਾਹੀਂ ਪਟੜੇ ਤੇ ਕੱਪੜਿਆਂ ਨੂੰ ਛੰਡਣ ਦੀ ਧੁਨੀ ਕੁੱਝ ਪਲਾਂ ਤੱਕ ਸੁਣਦੀ ਰਹੀ। ਇਸ ਤਰ੍ਹਾਂ ਮੈਂ



ਪਹਿਲੀ ਵਾਰ ਆਜ਼ਮਗੜ੍ਹ ਨਗਰ ਵਿੱਚ ਪ੍ਰਵੇਸ਼ ਕੀਤਾ। ਇਸ ਸੰਦਰਭ ਵਿੱਚ ਵਰਨਣਯੋਗ ਗੱਲ ਇਹ ਹੈ ਕਿ ਮਹਾਨ ਬੋਧੀ ਭਿਕਸ਼ੂ ਸਾਰਪੁੱਤਰ ਦੀ ਮੌਤ ਤੋਂ ਬਾਅਦ ਇੱਕ ਪਰੰਪਰਾ ਦੇ ਅਨੁਸਾਰ ਉਨ੍ਹਾਂ ਦੇ ਵਸਤਰ (ਪਹਿਰਾਵਾ) ਸਰਸਵਤੀ ਵਿੱਚ ਗੌਤਮ ਬੁੱਧ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਨ੍ਹਾਂ ਨੇ ਤਤਕਾਲ ਉਨ੍ਹਾਂ ਦੀ ਸ਼ਾਲੀਨਤਾ ਦਾ ਵਰਨਣ ਕਰਦੇ ਹੋਏ ਕਿਹਾ ਸੀ, ਜਿਸ ਤਰ੍ਹਾਂ ਕੋਈ ਚੰਡਾਲ ਖੁੱਲ੍ਹੇ ਹੋਏ ਵਾਲਾਂ ਨਾਲ ਮੋਢੇ 'ਤੇ ਸਿਰ ਨੂੰ ਝੁਕਾਈ, ਪਲਕਾਂ ਨੂੰ ਨਮ ਕਰਦੇ ਹੋਏ ਨਗਰ ਵਿੱਚ ਪ੍ਰਵੇਸ਼ ਕਰੇ ਓਵੇਂ ਹੀ ਸਾਰਪੁੱਤਰ ਚਲਦਾ ਸੀ। ਬੁੱਧ ਨੇ ਆਪਣੇ ਸਮਕਾਲੀਨ ਜਿਸ ਚੰਡਾਲ ਦਾ ਵਰਨਣ ਕੀਤਾ ਹੈ, ਮੇਰੀ ਸਥਿਤੀ ਉਸ ਚੰਡਾਲ ਤੋਂ ਬਿਲਕੁਲ ਵੀ ਵੱਖਰੀ ਨਹੀਂ ਸੀ। ਵੱਖਰਤਾ ਸਿਰਫ਼ ਇੰਨੀ ਸੀ ਕਿ ਉਸਦਾ ਚੰਡਾਲ ਪੈਦਲ ਸੀ ਪਰ ਮੈਂ ਰਿਕਸ਼ੇ ਚ, ਜਿਸ ਨੂੰ ਇੱਕ ਚੰਡਾਲ ਹੀ ਖਿੱਚ ਰਿਹਾ ਸੀ। ਜਿਵੇਂ ਹੀ ਰਿਕਸ਼ਾ ਆਜ਼ਮਗੜ੍ਹ ਦੀ ਕਚਹਿਰੀ ਤੋਂ ਲੰਘਿਆ ਤਾਂ ਮੈਂ ਦੇਖਿਆ ਕਿ ਕਚਹਿਰੀ ਦੇ ਪਿੱਛੇ ਇੱਕ ਛੋਟੀ ਪਰ ਸਥਿਰ ਭੀੜ ਖੜ੍ਹੀ ਸੀ ਅਤੇ ਇੱਕ ਵਣਜਾਰਾ ਕਾਲੀ ਲੁੰਗੀ ਪਾਈ ਬਹੁਤ ਨਾਟਕੀ ਲਹਿਜੇ ਵਿੱਚ ਮਰਦਾਨਗੀ ਦਾ ਵਰਨਣ ਕਰਦੇ ਹੋਏ ਕਿਸੇ ਜਾਨਵਰ ਦਾ ਛੋਟਾ ਜਿਹਾ ਕੰਕਾਲ ਸਾਰਿਆਂ ਨੂੰ ਦਿਖਾ ਰਿਹਾ ਸੀ। ਨਾਲ ਹੀ ਡਮਰੂ ਵਜਾਉਂਦਾ ਜਾ ਰਿਹਾ ਸੀ। ਇਸ ਵਿਸ਼ੇ ਤੇ ਕੁੱਝ ਹੋਰ ਸੁਣਦਾ ਪਰ ਇਸ ਤੋਂ ਪਹਿਲਾ ਰਿਕਸ਼ਾ ਆਜ਼ਮਗੜ੍ਹ ਦੇ ਪ੍ਰਸਿੱਧ ਪੋਸਟ ਮਾਰਟਮ ਹਾਊਸ ਤੋਂ ਲੰਘਿਆ। ਉੱਥੇ ਤਿੰਨ ਬੈਲ-ਗੱਡੀਆਂ 'ਤੇ ਕਤਲ ਕੀਤੀਆਂ ਹੋਈਆਂ ਅਲੱਗ-ਅਲੱਗ ਲਾਸ਼ਾਂ ਲੱਦੀਆਂ ਹੋਈਆਂ ਸੀ। ਜ਼ਾਹਰ ਹੈ, ਵੱਡੇ ਸਾਮੰਤਾਂ ਨੇ ਇਨ੍ਹਾਂ ਤੇ ਆਪਣੀ ਅਸਲ ਮਰਦਾਨਗੀ ਦਿਖਾ ਦਿੱਤੀ ਸੀ। ਰਿਕਸ਼ੇਵਾਲੇ ਨੇ ਮੈਨੂੰ ਕਿਹਾ ਕਿ ਸਾਹਬ ਇੱਥੇ ਰੋਜ਼ ਅੱਠ-ਦਸ ਕਤਲ ਹੁੰਦੇ ਹਨ ਪਰ ਕਾਤਲਾਂ ਦਾ ਕੁੱਝ ਨਹੀਂ ਵਿਗੜਦਾ ਕਿਉਂਕਿ ਉਹ ਸਾਰੇ ਵੱਡੇ-ਵੱਡੇ ਜ਼ਿਮੀਦਾਰਾਂ ਦੇ ਮੁੰਡੇ ਹੁੰਦੇ ਹਨ। ਇਸ ਦੌਰਾਨ ਮਾਤਬਰਗੰਜ ਦਾ ਤਿਰਾਹਾ ਆ ਗਿਆ, ਜਿੱਥੇ ਸ਼ੰਕਰ ਭਗਵਾਨ ਦੀ ਲੱਗੀ ਮੂਰਤੀ ਤੋਂ ਪਾਣੀ ਦੀ ਧਾਰ ਵਹਿ ਰਹੀ ਸੀ। ਬਿਲਕੁਲ ਮਿੱਥਕ ਗੰਗਾ ਦੀ ਦ੍ਰਿਸ਼ ਸੀ। ਉੱਥੋਂ ਹੀ ਰਿਕਸ਼ੇਵਾਲਾ ਖੱਬੇ ਮੁੜਿਆ ਅਤੇ ਪਲਕ ਝਪਕਦੇ ਹੀ ਉਸ ਖਪੜੈਲ ਪਰ ਵੱਡੀ ਇਮਾਰਤ ਦੇ ਦਰਵਾਜ਼ੇ ਤੇ ਰਿਕਸ਼ਾ ਰੋਕ ਦਿੱਤਾ। ਦਰਵਾਜ਼ੇ ਦੇ ਉੱਪਰ ਇੱਕ ਛੋਟਾ ਜਿਹਾ ਟੀਨ ਦਾ ਬੋਰਡ ਲੱਗਾ ਹੋਇਆ ਸੀ, ਜਿਸ 'ਤੇ ਲਿਖਿਆ ਸੀ: ਅੰਬੇਡਕਰ ਹੋਸਟਲ ਮੈਂ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਅੰਬੇਡਕਰ ਦਾ ਨਾਮ ਪੜ੍ਹਿਆ ਜਾਂ ਸੁਣਿਆ ਸੀ। ਰਾਮ ਖਿਲਾਵਨ ਮਾਮਾ ਜੋ ਇਸੇ ਹੋਸਟਲ ਵਿੱਚ ਰਹਿੰਦੇ ਸੀ, ਉਨ੍ਹਾਂ ਨੇ ਵੀ ਅੰਬੇਡਕਰ ਹੋਸਟਲ ਦੀ ਥਾਂ ਹਰਿਜਨ ਹੋਸਟਲ ਹੀ ਮੈਨੂੰ ਦੱਸਿਆ ਸੀ। ਬੋਰਡ 'ਤੇ ਨਾਮ ਪੜ੍ਹਦੇ ਹੀ ਮੈਨੂੰ ਲੱਗਿਆ ਕਿ ਇਹ ਆਜ਼ਮਗੜ੍ਹ ਸ਼ਹਿਰ ਦਾ ਕੋਈ ਵਿਅਕਤੀ ਹੋਵੇਗਾ, ਜਿਸ ਨੇ ਦਲਿਤਾਂ ਦੇ ਲਈ ਹੋਸਟਲ ਬਣਾਇਆ ਹੋਵੇਗਾ। ਇਨ੍ਹਾਂ ਵਿਚਾਰਾਂ ਦੇ ਨਾਲ ਮੈਂ ਅੰਬੇਡਕਰ ਹੋਸਟਲ ਵਿੱਚ ਪ੍ਰਵੇਸ਼ ਕੀਤਾ ਜਿੱਥੇ ਰਾਮ ਖਿਲਾਵਨ ਮਾਮਾ ਮੇਰੇ ਇੰਤਜ਼ਾਰ ਵਿੱਚ ਬੈਠੇ ਸਨ।

ਮਾਮੇ ਨੇ ਕਿਹਾ ਕਿ ਅੱਜ ਅਰਾਮ ਕਰਾਂ ਅਤੇ ਕੱਲ੍ਹ ਭਾਵ 2 ਜੁਲਾਈ 1964 ਨੂੰ ਡੀ.ਏ.ਵੀ. ਕਾਲਜ ਜਾ ਕੇ 11ਵੀਂ ਕਲਾਸ ਵਿੱਚ ਨਾਮ ਲਿਖਾਂ ਲਵਾਂ। ਉਸ ਦਿਨ ਸ਼ਾਮ ਨੂੰ ਮਾਮੇ ਨੇ ਮੇਰੀ ਹਾਈ ਸਕੂਲ ਦੀ ਮਾਰਕਸ਼ੀਟ ਅਟੈਸਟਡ ਕਰਵਾਉਣ ਲਈ ਆਜ਼ਮਗੜ੍ਹ ਦੇ ਪ੍ਰਸਿੱਧ ਕਮਿਊਨਿਸਟ ਨੇਤਾ ਤੇਜ ਬਹਾਦਰ ਸਿੰਘ ਦੇ ਕੋਲ ਲੈ ਗਏ, ਜੋ ਉਸ ਸਮੇਂ ਵਿਧਾਨ ਪਰਿਸ਼ਦ ਦੇ ਮੈਂਬਰ ਸੀ ਅਤੇ ਮਾਤਹਰਗੰਜ ਵਿੱਚ ਹੀ ਰਹਿੰਦੇ ਸੀ। ਉਨ੍ਹਾਂ ਦਾ ਮਕਾਨ ਸ਼ੰਕਰ ਜੀ ਦੀ ਮੂਰਤੀ ਵਾਲੇ ਦੇ ਚੌਰਾਹੇ ਦੇ ਸਾਹਮਣੇ ਵੰਸ਼ ਗੋਪਾਲ ਲਾਲ ਦੀ ਦੁਕਾਨ ਦਾ ਉੱਪਰ ਵਾਲਾ ਹਿੱਸਾ ਸੀ। ਯਾਦ ਰਹੇ ਕਿ ਇਹ ਉਹੀ ਤੇਜ਼ ਬਹਾਦਰ ਸਿੰਘ ਸੀ ਜਿੰਨ੍ਹਾਂ ਨੇ 1942 ਦੇ ਭਾਰਤ ਛੱਡੋ ਅੰਦੋਲਨ ਦੌਰਾਨ ਮੇਰੇ ਨਾਨਕੇ ਵਾਲਾ ਤਰਵਾਂ ਦਾ ਥਾਣਾ ਫੂਕ ਦਿੱਤਾ ਸੀ। ਮਾਰਕਸ਼ੀਟ ਅਟੈਸਟਡ



ਕਰਨ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਮਿਲਦੇ ਰਹਿਣ ਲਈ ਕਿਹਾ। ਤੇਜ ਬਹਾਦਰ ਸਿੰਘ ਪਹਿਲੇ ਅਜਿਹੇ ਨੇਤਾ ਸੀ ਜਿਨ੍ਹਾਂ ਨਾਲ ਵਿਅਕਤੀਗਤ ਰੂਪ ਵਿੱਚ ਮੇਰੀ ਮੁਲਾਕਾਤ ਹੋਈ। ਇਸ ਦਾ ਨਤੀਜਾ ਇਹ ਹੋਇਆ ਕਿ ਮੇਰਾ ਮਾਰਕਸਵਾਦੀ ਪ੍ਰਭਾਵ ਵਿੱਚ ਆਉਣਾ ਲਗਭਗ ਪੱਕਾ ਹੋ ਗਿਆ। ਦੂਸਰੇ ਦਿਨ ਡੀ.ਏ.ਵੀ ਕਾਲਜ ਵਿੱਚ ਮੇਰਾ ਦਾਖਲਾ ਹੋ ਗਿਆ ਅਤੇ ਦੋ-ਚਾਰ ਦਿਨਾਂ ਬਾਅਦ ਕਲਾਸਾਂ ਸ਼ੁਰੂ ਹੋ ਗਈਆਂ। ਇਸ ਕਾਲਜ ਵਿੱਚ ਜਲਦੀ ਹੀ ਹੈਰਾਨ ਕਰਨ ਵਾਲੀ ਗੱਲ ਇਹ ਲੱਗੀ ਕਿ ਦੁਪਹਿਰ ਤੋਂ ਬਾਅਦ ਲੱਗਣ ਵਾਲੀਆਂ ਕਲਾਸਾਂ ਵਿੱਚ ਅਨੇਕ ਅਧਿਆਪਕ ਚਿੱਟੀ ਕਮੀਜ਼ ਤੇ ਖਾਕੀ ਨਿੱਕਰ ਪਾ ਕੇ ਆਉਂਦੇ ਸੀ। ਅਨੇਕਾਂ ਵਿਦਿਆਰਥੀ ਵੀ ਉਵੇਂ ਹੀ ਆਉਂਦੇ ਸਨ। ਪੰਜ ਵਜੇ ਛੁੱਟੀ ਦੀ ਘੰਟੀ ਵੱਜਦੇ ਹੀ ਇਹ ਸਾਰੇ ਕਾਲਜ ਦੇ ਵਿਹੜੇ ਵਿੱਚ ਲੱਗਣ ਵਾਲੀ ਆਰ.ਐੱਸ.ਐੱਸ (ਰਾਸ਼ਟਰੀ ਸਵੈਸੇਵਕ ਸੰਘ) ਦੀ ਸ਼ਾਖਾ ਵਿੱਚ ਸ਼ਾਮਿਲ ਹੋ ਜਾਂਦੇ। ਇਸ ਤਰ੍ਹਾਂ ਸ਼ੁਰੂ ਹੋ ਜਾਂਦੀ ਸੀ ਹਿੰਦੂਤਵ ਦੀ ਉੱਗਰਵਾਦੀ ਪਾਠਸ਼ਾਲਾ। ਹੌਲੀ-ਹੌਲੀ ਪਤਾ ਲੱਗਣ ਲੱਗਾ ਕਿ ਆਜ਼ਮਗੜ੍ਹ ਦਾ ਇਹ ਡੀ.ਏ.ਵੀ. ਕਾਲਜ ਸੰਪੂਰਨ ਰੂਪ ਨਾਲ ਆਰ.ਐੱਸ.ਐੱਸ ਦੇ ਅਧੀਨ ਸੀ ਭਾਵੇਂ ਕਿ ਮੈਂ ਇਸ ਤੋਂ ਪਹਿਲਾਂ ਆਰ.ਐੱਸ.ਐੱਸ ਦੇ ਬਾਰੇ ਕੁਝ ਵੀ ਨਹੀਂ ਜਾਣਦਾ ਸੀ ਪਰ ਇਸ ਨਾਲ ਜੁੜੇ ਹੋਏ ਲੋਕ ਕਾਲਜ ਦੇ ਅੰਦਰ ਜਿਸ ਤਰ੍ਹਾਂ ਪੇਸ਼ ਆਉਂਦੇ ਉਸ ਨਾਲ ਮੇਰੇ ਅੰਦਰ ਘ੍ਰਿਣਾ ਦਾ ਭਾਵ ਵਧਣ ਲੱਗਾ। ਆਰ.ਐੱਸ.ਐੱਸ ਨਾਲ ਜੁੜੇ ਮੇਰੇ ਅਧਿਆਪਕਾਂ ਵਿਚੋਂ ਇੱਕ ਸੀ ਰਾਜਮਣੀ ਵਰਮਾ ਜੋ ਗਿਆਰਵ੍ਹੀਂ ਕਲਾਸ ਨੂੰ ਅੰਗਰੇਜ਼ੀ ਪੜ੍ਹਾਉਂਦੇ ਸਨ। ਉਹ ਪਹਿਲੇ ਹੀ ਦਿਨ ਦੀ ਕਲਾਸ ਵਿੱਚ ਆਉਂਦੇ ਹੀ ਆਰ.ਐੱਸ.ਐੱਸ ਦਾ ਗੁਣਗਾਨ ਕਰਦੇ ਹੋਏ ਮੁਸਲਿਮ ਸਮੁਦਾਇ ਦੇ ਵਿਰੁੱਧ ਅਨੇਕ ਟਿੱਪਣੀਆਂ ਕਰਨ ਲੱਗੇ। ਇਸ ਕੜੀ ਵਿੱਚ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਮਊਨਾਥ ਭੰਜਨ ਵਿੱਚ ਕਿਸੇ ਮੁਸਲਮਾਨ ਨੇ ਰਾਮਾਇਣ ਦੇ ਵਿਰੁੱਧ ਕੁਝ ਬੋਲ ਦਿੱਤਾ ਸੀ। ਜਿਸ ਕਰਕੇ ਉਸ ਨੂੰ ਹਿੰਦੂਆਂ ਨੇ ਜਲਾ ਕੇ ਮਾਰ ਦਿੱਤਾ ਸੀ। ਉਨ੍ਹਾਂ ਨੇ ਇਹ ਤਾਂ ਨਹੀਂ ਦੱਸਿਆ ਕਿ ਇਹ ਘਟਨਾ ਕਦੋਂ ਦੀ ਹੈ ਪਰ ਇਸ ਨੂੰ ਸੁਣਦੇ ਹੀ ਮੈਂ ਅਵਾਕ ਰਹਿ ਗਿਆ ਸੀ। ਕੁਦਰਤੀ ਸਾਡੀ ਕਲਾਸ ਵਿਚ ਕੋਈ ਮੁਸਲਮਾਨ ਵਿਦਿਆਰਥੀ ਨਹੀਂ ਸੀ। ਇਸ ਦਾ ਕਾਰਨ ਸਾਫ਼ ਸੀ ਕਿ ਇਸ ਕਾਲਜ ਤੋਂ ਮੁਸਲਮਾਨ ਬਹੁਤ ਡਰਦੇ ਸੀ ਇਸ ਲਈ ਉਹ ਇਸ ਵਿੱਚ ਪੜ੍ਹਨ ਨਹੀਂ ਆਉਂਦੇ ਸੀ। ਉਸ ਸਮੇਂ ਆਜ਼ਮਗੜ੍ਹ ਸ਼ਹਿਰ ਵਿੱਚ ਸਿਬਲੀ ਨੈਸ਼ਨਲ ਕਾਲਜ ਬਹੁਤ ਮਸ਼ਹੂਰ ਸੀ ਜਿਸ ਵਿਚ ਮੁਸਲਮਾਨਾਂ ਦੇ ਨਾਲ ਵੱਡੀ ਸੰਖਿਆ ਵਿੱਚ ਹਿੰਦੂ ਵਿਦਿਆਰਥੀ ਵੀ ਪੜ੍ਹਾਈ ਕਰਦੇ ਸੀ। ਇਹ ਕਾਲਜ ਮੁਸਲਿਮ ਪ੍ਰਬੰਧਨ ਦੇ ਅਧੀਨ ਸੀ, ਪਰ ਉੱਥੇ ਬਹੁਤ ਧਰਮ ਨਿਰਪੱਖ ਵਾਤਾਵਰਣ ਹੋਇਆ ਕਰਦਾ ਸੀ। ਇਸ ਲਈ ਆਜ਼ਮਗੜ੍ਹ ਸ਼ਹਿਰ ਵਿੱਚ ਆ ਕੇ ਪੜ੍ਹਨ ਵਾਲੇ ਸਾਰੇ ਮੁਸਲਿਮ ਵਿਦਿਆਰਥੀ ਸਿਬਲੀ ਨੈਸ਼ਨਲ ਕਾਲਜ ਵਿੱਚ ਚਲੇ ਜਾਂਦੇ ਸੀ। ਜਿੱਥੋਂ ਤੱਕ ਡੀ.ਏ.ਵੀ ਕਾਲਜ ਦਾ ਸਵਾਲ ਹੈ, ਜਲਦ ਹੀ ਮੈਨੂੰ ਪਤਾ ਲੱਗ ਗਿਆ ਕਿ ਇਹ ਕਾਲਜ ਸੰਪ੍ਰਦਾਇਕ ਤੱਤਾਂ ਦਾ ਗੜ੍ਹ ਸੀ। ਕਾਲਜ ਦੇ ਲਗਭਗ ਸਾਰੇ ਅਧਿਆਪਕ ਆਰ.ਐਸ.ਐਸ ਨਾਲ ਜੁੜੇ ਹੋਏ ਸੀ। ਅੰਗਰੇਜ਼ੀ ਅਧਿਆਪਕ ਰਾਜਮਣੀ ਵਰਮਾ ਕੱਟੜ ਹਿੰਦੂਤਵਵਾਦੀ ਸੀ। ਉਨ੍ਹਾਂ ਨੇ ਆਪ ਦੱਸਿਆ ਕਿ ਉਨ੍ਹਾਂ ਦੀ ਸਾਰੀ ਸਿੱਖਿਆ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਹੋਈ ਸੀ। ਪਰ ਅਲੀਗੜ੍ਹ ਦਾ ਜ਼ਿਕਰ ਆਉਂਦੇ ਹੀ ਉਨ੍ਹਾਂ ਦੀ ਬਾਣੀ ਮੁਸਲਿਮ ਸੰਪ੍ਰਦਾਇ ਦੇ ਪ੍ਰਤੀ ਉਗਰਤਾ ਦਾ ਸ਼ਿਕਾਰ ਹੋ ਜਾਂਦੀ ਸੀ। ਹੌਲੀ-ਹੌਲੀ ਡੀ.ਏ.ਵੀ ਕਾਲਜ ਦੇ ਸੰਪ੍ਰਦਾਇਕ ਵਾਤਾਵਰਣ ਤੋਂ ਮੈਂ ਅੱਕ ਗਿਆ। ਕਾਲਜ ਵਿੱਚ ਪਰੇਡ ਕਰਦੀ ਆਰ.ਐਸ.ਐਸ ਦੀਆਂ ਸ਼ਾਖਾਵਾਂ ਦੇ ਰਸਤੇ ਵਿੱਚੋਂ ਲੰਘਦੇ ਹੋਏ ਮੈਂ ਬਹੁਤ ਭੈਭੀਤ ਹੋ ਜਾਂਦਾ ਸੀ। ਇਸ ਦਾ ਸਿਰਫ਼ ਇੱਕ ਕਾਰਨ ਇਹ ਸੀ ਕਿ ਸ਼ਾਖਾ ਦੀਆਂ ਚਲਾਈਆਂ ਜਾਣ ਵਾਲੀਆਂ ਡਾਂਗਾਂ ਤੋਂ ਨਿਕਲਣ ਵਾਲੀ ਹਿੰਸਾਤਮਕ ਸਰਸਰਾਹਟ।

ਵਾਪਸ ਅੰਬੇਡਕਰ ਹੋਸਟਲ ਵਿੱਚ ਝਾਕਦੇ ਹੋਏ ਅਜੀਬ ਜਿਹਾ ਲਗਦਾ ਸੀ। ਇਸ ਤਰ੍ਹਾਂ ਦੇ ਹੋਸਟਲਾਂ ਦੀ ਵਿਵਸਥਾ ਡਾਕਟਰ ਅੰਬੇਡਕਰ ਦੇ ਸੰਘਰਸ਼ਾਂ ਦੇ ਫਲਸਰੂਪ ਸਾਰੇ ਦੇਸ਼ ਵਿੱਚ ਦਲਿਤ ਵਿਦਿਆਰਥੀਆਂ ਲਈ ਮੁਫ਼ਤ ਵਿੱਚ ਕੀਤੀ ਗਈ ਸੀ ਤਾਂ ਕਿ ਛੂਤ-ਛਾਤ ਦੇ ਕਾਰਨ ਅਜਿਹੇ ਵਿਦਿਆਰਥੀਆਂ ਦੇ ਲਈ

ਕਿਰਾਏ 'ਤੇ ਮਕਾਨ ਨਾ ਮਿਲਣ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕੇ। ਪਰ ਅਜਿਹੇ ਹੋਸਟਲਾਂ ਦਾ ਉਸ ਸਮੇਂ ਨਜ਼ਾਰਾ ਕੁਝ ਹੋਰ ਹੀ ਸੀ। ਇੰਨ੍ਹਾਂ ਹੋਸਟਲਾਂ ਦਾ ਮੈਨੇਜਰ ਹਮੇਸ਼ਾਂ ਕੋਈ ਨਾ ਕੋਈ ਸਥਾਨਕ ਦਲਿਤ ਨੇਤਾ ਹੋਇਆ ਕਰਦਾ ਸੀ। ਅਜਿਹੇ ਮੈਨੇਜਰ ਮਹਾਂ ਭ੍ਰਿਸ਼ਟ ਹੁੰਦੇ ਸੀ। ਭਾਵੇਂ ਕਿ ਇੰਨ੍ਹਾਂ ਹੋਸਟਲਾਂ ਵਿੱਚ ਦਲਿਤ ਵਿਦਿਆਰਥੀਆਂ ਨੂੰ ਮੁਫ਼ਤ ਵਿਚ ਰਹਿਣ ਦਾ ਪ੍ਰਬੰਧ ਸੀ ਪਰ ਮੈਨੇਜਰ ਬਿਨਾਂ ਰਿਸ਼ਵਤ ਲਏ ਕਿਸੇ ਨੂੰ ਅੰਦਰ ਨਹੀਂ ਆਉਣ ਦਿੰਦਾ ਸੀ। ਦਸ ਰੁਪਏ ਤੋਂ ਲੈ ਕੇ ਵੀਹ ਰੁਪਏ ਤੱਕ ਦਿੱਤੀ ਜਾਣ ਵਾਲੀ ਇਹ ਰਿਸ਼ਵਤ ਸੰਨ 1964 ਦੇ ਹਿਸਾਬ ਨਾਲ ਇੱਕ ਵੱਡੀ ਧੰਨ ਰਾਸ਼ੀ ਹੋਇਆ ਕਰਦੀ ਸੀ। ਮੈਨੂੰ ਵੀ ਦਸ ਰੁਪਏ ਲੈ ਕੇ ਪ੍ਰਵੇਸ਼ ਕਰਨ ਦਿੱਤਾ ਗਿਆ ਸੀ। ਹੋਸਟਲ ਦੇ ਮੈਨੇਜਰ ਸ਼ੁਭ ਚਰਨ ਵਿਯੋਗੀ ਬਾਬਾ ਸਾਹਿਬ ਅੰਬੇਡਕਰ ਦੁਆਰਾ ਸਥਾਪਿਤ ਰਿਪਬਲਿਕ ਪਾਰਟੀ ਦੇ ਸਥਾਨਕ ਨੇਤਾ ਸੀ। ਮੈਂ ਅੰਬੇਡਕਰ ਦੇ ਬਾਰੇ ਵਿੱਚ ਪਹਿਲਾਂ ਤੋਂ ਕੁਝ ਵੀ ਨਹੀਂ ਜਾਣਦਾ ਸੀ ਉਨ੍ਹਾਂ ਦੇ ਸੰਦਰਭ ਵਿੱਚ ਮੇਰੇ ਪਹਿਲੇ ਗੁਰੂ ਸਿੱਧ ਹੋਏ ਸਨਵਾਰੀ ਰਾਮ ਜੋ ਡੀ.ਏ.ਵੀ ਕਾਲਜ 12ਵੀਂ ਕਲਾਸ ਵਿੱਚ ਸਾਇੰਸ ਦੇ ਵਿਦਿਆਰਥੀ ਸੀ। ਸਨਵਾਰੀ ਰਾਮ ਬਹੁਤ ਤੇਜੱਸਵੀ ਪ੍ਰਵਕਤਾ ਸੀ। ਉਹ ਅੰਬੇਡਕਰ ਹੋਸਟਲ ਦੇ ਠੀਕ ਸਾਹਮਣੇ ਵਾਲੇ ਮਕਾਨ ਵਿੱਚ ਰਹਿੰਦੇ ਸੀ। ਇਸ ਮਕਾਨ ਵਿੱਚ ਆਜ਼ਮਗੜ੍ਹ ਡਾਕ ਤਾਰ ਵਿਭਾਗ ਦੇ ਮੈਨੇਜਰ ਰਾਮ ਨਾਥ ਕਿਰਾਏ 'ਤੇ ਰਹਿੰਦੇ ਸੀ। ਰਾਮਨਾਥ ਜੀ 'ਤਾਰ ਬਾਬੂ' ਦੇ ਨਾਮ ਨਾਲ ਜਾਣੇ ਜਾਂਦੇ ਸੀ। ਤਾਰ ਬਾਬੂ ਦੀ ਪਤਨੀ ਪ੍ਰਾਇਮਰੀ ਸਕੂਲ ਵਿੱਚ ਅਧਿਆਪਕਾ ਸੀ। ਦੋਨੋਂ ਲੋਕ ਬਹੁਤ ਸਮਾਜਕ ਵਿਅਕਤੀ ਸੀ। ਸਨਵਾਰੀ ਰਾਮ ਤਾਰ ਬਾਬੂ ਦੇ ਮੁੰਡੇ ਵਿਜੈ ਅਤੇ ਭਤੀਜੇ ਪ੍ਰਹਲਾਦ ਨੂੰ ਟਿਊਸ਼ਨ ਦਿੰਦੇ ਸੀ ਜਿਸ ਦੇ ਬਦਲੇ ਉਹ ਉਨ੍ਹਾਂ ਨਾਲ ਉਸੇ ਮਕਾਨ ਵਿੱਚ ਰਹਿੰਦੇ ਸੀ। ਸਨਵਾਰੀ ਰਾਮ ਹਰ ਵੇਲੇ ਅੰਬੇਡਕਰ ਹੋਸਟਲ ਵਿਚ ਹੀ ਮੌਜੂਦ ਰਹਿੰਦੇ ਸੀ ਅਤੇ ਅੰਬੇਡਕਰ ਦੇ ਬਾਰੇ ਵਿੱਚ ਬਹੁਤ ਗੱਲਾਂ ਕਰਿਆ ਕਰਦੇ ਸੀ। ਸਨਵਾਰੀ ਰਾਮ ਨੇ ਹੀ ਪਹਿਲੀ ਵਾਰ ਡਾ. ਅੰਬੇਡਕਰ ਦੀ ਪ੍ਰਸਿੱਧ ਉਕਤੀ 'ਜਾਤੀ ਹੀਣ ਸਮਾਜ ਤੋਂ ਬਿਨਾਂ ਸਵਰਾਜ ਪ੍ਰਾਪਤੀ ਦਾ ਕੋਈ ਮਹੱਤਵ ਨਹੀਂ' ਤੋਂ ਮੈਨੂੰ ਜਾਣੂੰ ਕਰਵਾਇਆ ਸੀ। ਸਨਵਾਰੀ ਰਾਮ ਬਹੁਤ ਪ੍ਰਤਿਭਾਸ਼ਾਲੀ ਵਿਦਿਆਰਥੀ ਸੀ। ਗਣਿਤ ਸ਼ਾਸਤਰ ਵਿੱਚ ਉਨ੍ਹਾਂ ਨੂੰ ਮੁਹਾਰਤ ਹਾਸਿਲ ਸੀ ਪਰ 12ਵੀਂ ਕਲਾਸ ਵਿੱਚ ਸੱਤ ਵਾਰ ਫੇਲ੍ਹ ਹੋ ਕੇ ਅੱਠਵੀਂ ਵਾਰ ਕਿਸੇ ਤਰ੍ਹਾਂ ਪਾਸ ਹੋਏ ਅਤੇ ਬਾਅਦ ਵਿੱਚ ਰੇਲਵੇ ਵਿਭਾਗ ਵਿੱਚ ਸਟੇਸ਼ਨ ਮਾਸਟਰ ਬਣ ਗਏ ਸੀ। ਸਨਵਾਰੀ ਰਾਮ ਤੋਂ ਹੀ ਪਤਾ ਲੱਗਾ ਕਿ ਡਾ. ਅੰਬੇਡਕਰ ਨੇ ਬੁੱਧ ਧਰਮ ਗ੍ਰਹਿਣ ਕਰ ਲਿਆ ਸੀ ਅਤੇ ਉਨ੍ਹਾਂ ਨੇ ਗਾਂਧੀ ਜੀ ਨਾਲ ਲੜ ਕੇ ਦਲਿਤਾਂ ਲਈ ਰਿਜ਼ਰਵੇਸ਼ਨ ਹਾਸਿਲ ਕੀਤਾ ਸੀ। ਡਾ. ਅੰਬੇਡਕਰ ਬੋਧੀ ਬਣ ਗਏ ਸੀ। ਇਹ ਗੱਲ ਮੈਨੂੰ ਸਭ ਤੋਂ ਵੱਧ ਸੋਹਣੀ ਲੱਗੀ ਸੀ। ਇਨ੍ਹਾਂ ਦੋ-ਚਾਰ ਪ੍ਰਮੁੱਖ ਜਾਣਕਾਰੀਆਂ ਤੋਂ ਇਲਾਵਾ ਸਨਵਾਰੀ ਰਾਮ ਨੂੰ ਕੁੱਝ ਹੋਰ ਪਤਾ ਨਹੀਂ ਸੀ, ਪਰ ਉਹ ਹਮੇਸ਼ਾਂ ਇਨ੍ਹਾਂ ਨੂੰ ਦੁਹਰਾਇਆ ਕਰਦੇ ਸੀ ਜਿਸ ਵਿੱਚ ਡਾ. ਅੰਬੇਡਕਰ ਦੇ ਬਾਰੇ ਵਿੱਚ ਚਰਚਾ ਹਮੇਸ਼ਾਂ ਜਾਰੀ ਰਹਿੰਦੀ ਸੀ। ਸਹਿਦੇਵ ਅਤੇ ਤੇਜ ਬਹਾਦਰ ਰਾਮ ਦੋ ਹੋਰ ਵਿਦਿਆਰਥੀ ਅੰਬੇਡਕਰਵਾਦੀ ਸੀ। ਇਹ ਦੋਨੋਂ ਬਾਅਦ ਵਿੱਚ ਇੰਜਨੀਅਰ ਬਣ ਗਏ ਸੀ।

ਹੋਸਟਲ ਵਿਚ ਭੋਜਨ ਦੀ ਕੋਈ ਵਿਵਸਥਾ ਨਹੀਂ ਸੀ ਜਦੋਂ ਕਿ ਸਰਕਾਰੀ ਨਿਯਮਾਂ ਅਨੁਸਾਰ ਇਸਦਾ ਪ੍ਰਬੰਧ ਸੀ। ਇਸ ਲਈ ਇਸ ਵਿੱਚ ਰਹਿਣ ਵਾਲੇ ਵਿਦਿਆਰਥੀ ਆਪਸ ਵਿੱਚ ਪੈਸੇ ਇਕੱਠੇ ਕਰਕੇ ਮੈੱਸ ਚਲਾਉਂਦੇ ਸੀ। ਜੋ ਵਿਦਿਆਰਥੀ ਘਰ ਤੋਂ ਰਾਸ਼ਨ ਲਿਆਉਂਦੇ ਉਸ ਨੂੰ ਵੀ ਮੈੱਸ ਵਿੱਚ ਜਮ੍ਹਾ ਕਰਕੇ ਖਾਣੇ ਦਾ ਹਿਸਾਬ ਪੂਰਾ ਕਰ ਲਿਆ ਜਾਂਦਾ ਸੀ। ਜਿਸ ਵਿਦਿਆਰਥੀ ਦਾ ਪੈਸਾ ਜਾਂ ਰਾਸ਼ਨ ਦਾ ਬਿਉਰਾ ਖਤਮ ਹੋ ਜਾਂਦਾ ਅਤੇ ਅੱਗੇ ਕੁੱਝ ਜਮ੍ਹਾਂ ਨਹੀਂ ਹੋ ਪਾਉਂਦਾ ਤਾਂ ਉਸਦਾ ਮੈੱਸ ਵਿੱਚ ਖਾਣਾ ਬੰਦ ਕਰ ਦਿੱਤਾ ਜਾਂਦੀ ਸੀ। ਬਹੁਤੇ ਵਿਦਿਆਰਥੀਆਂ ਲਈ ਇਹ ਇੱਕ ਵਿਰਾਟ ਸਮੱਸਿਆ ਸੀ ਕਿਉਂਕਿ ਉਹ ਸਾਰੇ ਬਹੁਤ ਗਰੀਬ ਪਰਿਵਾਰਾਂ ਤੋਂ ਆਉਂਦੇ ਸੀ। ਮੇਰਾ ਖਾਣਾ ਵੀ ਮੈੱਸ ਵਿੱਚ ਹੁਣ ਬੰਦ ਹੋਣ ਲੱਗਾ। ਉਸ ਸਮੇਂ ਅੰਬੇਡਕਰ ਹੋਸਟਲ ਦੇ ਸਾਹਮਣੇ ਤਾਰ ਬਾਬੂ ਵਾਲੇ ਮਕਾਨ ਦੇ ਖੱਬੇ ਪਾਸੇ ਇੱਕ ਵੱਡੀ ਪਕੌੜੀਆਂ ਦੀ ਦੁਕਾਨ ਸੀ, ਜੋ 'ਢੁੱਕੂ ਦੀ ਪਕੌੜੀ' ਦੇ ਨਾਂ ਨਾਲ ਮਸ਼ਹੂਰ ਸੀ। ਦੁਕਾਨ ਦੇ ਮਾਲਕ ਸੀ ਢੁੱਕੂ। ਇਸ ਲਈ ਉਨ੍ਹਾਂ ਦੇ ਨਾਮ ਨਾਲ



ਪਕੌੜੀ ਦਾ ਨਾਂ ਜੁੜ ਗਿਆ ਸੀ। ਢੁੱਕੂ ਜਾਤ ਦੇ ਤੇਲੀ ਸੀ ਅਤੇ ਉਹ ਆਪ ਚੌਂਕੜੀ ਮਾਰ ਕੇ ਉਬਲਦੇ ਤੇਲ ਦੀ ਕੜਾਹੀ ਦੇ ਕੋਲ ਬੈਠ ਕੇ ਵੱਡੀ ਛਾਨਣੀ ਨਾਲ ਪਕੌੜੀਆਂ ਕੱਢਿਆ ਕਰਦੇ ਸੀ। ਢੁੱਕੂ ਵੱਡੀ ਗੋਗੜ ਵਾਲੇ ਪੁਰਸ਼ ਸੀ, ਜੋ ਸਿਰ ਤੋਂ ਹਮੇਸ਼ਾਂ ਟਕਲੇ ਰਹਿੰਦੇ ਸੀ। ਉਹ ਚੀਨ ਦੇ ਜਿਉਂਦੇ-ਜਾਗਦੇ ਹੱਸਦੇ ਬੁੱਧ ਦੀ ਤਰ੍ਹਾਂ ਦਿਖਾਈ ਦਿੰਦੇ ਸੀ। ਉਹ ਕਈ ਪ੍ਰਕਾਰ ਦੀਆਂ ਪਕੌੜੀਆਂ ਦੇ ਨਾਲ ਮੀਟ ਵੀ ਪਕਾਇਆ ਕਰਦੇ ਸੀ। ਉਨ੍ਹਾਂ ਦੀਆਂ ਬਣਾਈਆਂ ਸਾਰੀਆਂ ਚੀਜ਼ਾਂ ਬਹੁਤ ਸਵਾਦ ਹੋਇਆ ਕਰਦੀਆਂ ਸੀ। ਉਨ੍ਹਾਂ ਦੀ ਦੁਕਾਨ ਦੇ ਠੀਕ ਨਾਲ ਹੀ ਆਜ਼ਮਗੜ੍ਹ ਦਾ ਸਭ ਤੋਂ ਵੱਡਾ ਤਾੜੀਖਾਨਾ ਸੀ ਜਿੱਥੇ ਅੱਧੀ ਰਾਤ ਤੋਂ ਬਾਅਦ ਤੱਕ ਪਿਅੱਕੜਾ ਦੀ ਭੀੜ ਜਮ੍ਹਾਂ ਰਹਿੰਦੀ ਸੀ, ਜਿਸਦੇ ਕਾਰਨ ਢੁੱਕੂ ਦੀ ਦੁਕਾਨ ਸੁਪਰਹਿੱਟ ਬਣ ਗਈ ਸੀ। ਦੇਰ ਰਾਤ ਨੂੰ ਤਾੜੀਖਾਨਾ ਬੰਦ ਹੋਣ ਤੱਕ ਨਸ਼ੇ ਵਿੱਚ ਟੁੰਨ ਹੋ ਕੇ ਸ਼ਰਾਬੀ ਬਹੁਤ ਰੌਲਾ ਪਾਉਂਦੇ ਅਤੇ ਫਿਰ ਆਪਸ ਵਿੱਚ ਲੜ ਪੈਂਦੇ। ਅੰਬੇਡਕਰ ਹੋਸਟਲ ਦੇ ਮੇਰੇ ਦੋ ਸਾਲ ਦੇ ਦੌਰਾਨ ਕੋਈ ਰਾਤ ਅਜਿਹੀ ਨਹੀਂ ਸੀ ਜਦੋਂ ਇਨ੍ਹਾਂ ਸ਼ਰਾਬੀਆਂ ਦੀਆਂ ਭਿਅੱਕੜ ਧੁਨੀਆਂ ਨਾ ਗੂੰਜੀਆਂ ਹੋਣ। ਉਨ੍ਹਾਂ ਦੀ ਯਾਦ ਆਉਣ 'ਤੇ ਹਰਿਵੰਸ਼ ਰਾਏ ਬਚਨ ਦੀਆਂ ਇਹ ਸਤਰਾਂ ਉਂਝ ਹੀ ਯਾਦ ਆ ਜਾਂਦੀਆਂ ਹਨ:

ਗੂੰਜ ਉੱਠੀ ਮਹਿਖਾਨੇ ਵਿੱਚ,
ਲੈ ਪੀ ਪੀ ਦੀ ਬੋਲੀ।

ਮਹਿਖਾਨੇ ਨਾਲ ਤਾਂ ਮੇਰਾ ਕੋਈ ਖਾਸ ਸੰਬੰਧ ਨਹੀਂ ਜੁੜ ਸਕਿਆ ਪਰ ਢੁੱਕੂ ਦੀਆਂ ਪਕੌੜੀਆਂ ਅਭਿੰਨ ਭੋਜਨ ਬਣ ਗਈਆਂ ਸੀ। ਕੋਈ ਸਹਿਪਾਠੀ ਜਾਂ ਹੋਰ ਮਹਿਮਾਨ ਆਉਂਦੇ ਹੀ ਮੈਂ ਢੁੱਕੂ ਕੋਲ ਹਾਜ਼ਰ ਹੋ ਜਾਂਦਾ ਸੀ। ਫਲਸਰੂਪ ਢੁੱਕੂ ਮੈਨੂੰ ਪਕੌੜੀਆਂ ਉਧਾਰ ਦੇਣ ਲੱਗਾ। ਪਰ ਤਿੰਨ-ਚਾਰ ਦਿਨ ਤੋਂ ਵੱਧ ਉਧਾਰੀ ਨਹੀਂ ਚੱਲਦੀ ਸੀ ਕਿਉਂਕਿ ਪੈਸਾ ਵਸੂਲਣ ਵਿਚ ਢੁੱਕੂ ਦਾ ਕੋਈ ਜਵਾਬ ਨਹੀਂ ਸੀ। ਅਜਿਹਾ ਕਰਦੇ ਸਮੇਂ ਤੇਲ ਵਿਚ ਡੁੱਬੀ ਉਨ੍ਹਾਂ ਦੀ ਬੁੱਧਾ ਆਕ੍ਰਿਤੀ ਹੱਸਦੇ ਹੋਏ ਬੁੱਧ ਤੋਂ ਜਲਦ ਹੀ ਇੱਕ ਦੈਂਤ ਦੇ ਰੂਪ ਵਿੱਚ ਬਦਲ ਜਾਂਦੀ ਸੀ। ਫਿਰ ਵੀ ਢੁੱਕੂ ਮੇਰੇ ਬਹੁਤ ਕੰਮ ਆਉਂਦੇ ਸੀ। ਮੈੱਸ ਵਿੱਚ ਮੇਰਾ ਖਾਣਾ ਜਦੋਂ ਵੀ ਬੰਦ ਹੋ ਜਾਂਦਾ ਮੇਰਾ ਕੰਮ ਢੁੱਕੂ ਦੀਆਂ ਪਕੌੜੀਆਂ ਨਾਲ ਚੱਲ ਜਾਂਦਾ ਸੀ। ਜਿਵੇਂ ਕਿ ਤਿੰਨ ਚਾਰ ਦਿਨ ਤੋਂ ਵੱਧ ਉਨ੍ਹਾਂ ਦੀ ਉਧਾਰੀ ਨਹੀਂ ਚੱਲਦੀ ਸੀ ਇਸ ਲਈ ਫਿਰ ਪਕੌੜੀਆਂ ਖਾਣਾ ਬੰਦ ਹੋ ਜਾਂਦਾ ਸੀ। ਜਿਸ ਦਾ ਮਤਲਬ ਸੀ ਭੁੱਖ-ਮਰੀ ਸ਼ੁਰੂ। ਇਸ ਤਰ੍ਹਾਂ ਅੰਬੇਡਕਰ ਹੋਸਟਲ ਵਿੱਚ ਮੈੱਸ ਅਤੇ ਢੁੱਕੂ ਦੀਆਂ ਪਕੌੜੀਆਂ ਦੀ ਦੁਕਾਨ ਵਿੱਚ ਜੂਝਦੇ ਹੋਏ ਆਜ਼ਮਗੜ੍ਹ ਦੀਆਂ ਮੇਰੀਆਂ ਅਣਗਿਣਤ ਰਾਤਾਂ ਭੁੱਖਿਆ ਲੰਘਦੀਆਂ ਰਹੀਆਂ। ਹੁਣ ਹੌਲੀ-ਹੌਲੀ ਸਮਝ ਆਉਣ ਲੱਗਾ ਕਿ ਘਰ ਤੋਂ ਭੱਜਣ ਵਾਲਾ ਹਰ ਵਿਅਕਤੀ ਬੁੱਧ ਨਹੀਂ ਬਣ ਜਾਂਦਾ। ਘਰ ਤਿਆਗ ਤੋਂ ਚਮਤਕਾਰ ਸ਼ਕਤੀ ਪਾਉਣ ਲਈ ਬ੍ਰਾਹਮਣਾਂ ਦੇ ਚੱਕਰ ਵਿੱਚ ਬੁੱਧ ਵੀ ਭੁੱਖੇ ਰਹਿ ਕੇ ਸ਼ਮਸ਼ਾਨ ਵਿੱਚ ਸਾਧਨਾ ਕਰਨ ਲੱਗੇ ਸੀ, ਪਰ ਜਦੋਂ ਚਮਤਕਾਰ ਨਹੀਂ ਮਿਲਿਆ ਤਾਂ ਉਨ੍ਹਾਂ ਨੇ ਕਹਿ ਦਿੱਤਾ ਕਿ ਬਿਨਾਂ ਭੋਜਨ ਤੋਂ ਦਿਮਾਗ ਕੰਮ ਨਹੀਂ ਕਰਦਾ। ਉਸ ਸਮੇਂ ਮੇਰੇ ਲਈ ਭੋਜਨ ਮਿਲ ਜਾਣਾ ਹੀ ਚਮਤਕਾਰ ਸੀ। ਫਿਰ ਵੀ ਆਜ਼ਮਗੜ੍ਹ ਮੈਨੂੰ ਬਹੁਤ ਵਧੀਆ ਲੱਗਣ ਲੱਗਾ। ਸ਼ਹਿਰ ਵਿੱਚ ਰਹਿਣ ਦੀ ਆਪਣੀ ਖਿੱਚ ਸੀ।

ਜ਼ਿੰਦਗੀ ਵਿਚ ਮੇਰੀ ਪਹਿਲੀ ਰੇਲ ਯਾਤਰਾ ਆਜ਼ਮਗੜ੍ਹ ਤੋਂ ਬਨਾਰਸ ਤੱਕ ਸੰਪੰਨ ਹੋਈ, ਉਹ ਵੀ ਬਹੁਤ ਅਨੋਖੇ ਢੰਗ ਨਾਲ। ਉਨ੍ਹਾਂ ਦਿਨਾਂ ਵਿੱਚ ਹਰ 15 ਅਗਸਤ ਅਤੇ 26 ਜਨਵਰੀ ਨੂੰ ਸਾਰੇ ਵਿਦਿਆਰਥੀ 24 ਘੰਟਿਆਂ ਦੇ ਅੰਦਰ ਬਿਨਾਂ ਟਿਕਟ ਦੇ ਕਿਸੇ ਵੀ ਟਰੇਨ ਵਿਚ ਬੈਠ ਕੇ ਨੇੜੇ-ਤੇੜੇ ਦੇ ਸ਼ਹਿਰਾਂ ਦੀ ਯਾਤਰਾ ਕਰ ਆਉਂਦੇ ਸੀ। ਤਰਕ ਇਹ ਹੁੰਦਾ ਸੀ ਕਿ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਰੇਲ ਗੱਡੀ ਫ਼ਰੀ ਕਰ ਦਿੱਤੀ ਗਈ ਸੀ। ਜਦੋਂ ਕਿ ਅਜਿਹਾ ਕੁਝ ਵੀ ਨਹੀਂ ਸੀ। ਸੋ ਇਸ ਤਰਕ ਦੇ ਸਹਾਰੇ ਹੀ ਅੰਬੇਡਕਰ ਹੋਸਟਲ ਦੇ ਜੋਖੂਰਾਮ, ਯਮੁਨਾ ਪ੍ਰਸਾਦ ਅਤੇ ਬਲਵੰਤ ਦੇ ਨਾਲ ਆਜ਼ਮਗੜ੍ਹ ਦੇ ਪਲਹਨੀ ਸਟੇਸ਼ਨ ਤੋਂ ਰਾਤ ਦੇ 9 ਵਜੇ ਛੋਟੀ ਲਾਈਨ ਦੀ ਰੇਲ ਗੱਡੀ ਫੜ ਕੇ ਅਸੀਂ ਜੌਨਪੁਰ ਦੇ ਸ਼ਾਹਗੰਜ ਜੰਕਸ਼ਨ ਤੇ ਪਹੁੰਚਣ ਤੋਂ ਬਾਅਦ

ਦਿੱਲੀ ਤੋਂ ਆ ਕੇ ਬਨਾਰਸ ਜਾਣ ਵਾਲੀ ਰੇਲ ਗੱਡੀ ਵਿੱਚ ਬੈਠ ਗਏ। ਮੇਰੀ ਪਹਿਲੀ ਅਤੇ ਬਿਨਾਂ ਟਿਕਟ ਭਾਵ ਡਬਲਿਊ.ਟੀ. (ਵਿਦਾਊਟ ਟਿਕਟ) ਯਾਤਰਾ ਨੇ ਮੈਨੂੰ 15 ਅਗਸਤ 1964 ਨੂੰ ਬਨਾਰਸ ਪਹੁੰਚਾ ਦਿੱਤਾ ਸੀ। ਦੇਰ ਰਾਤ ਦਾ ਸਮਾਂ ਸੀ ਇਸ ਲਈ ਸਵੇਰ ਹੋਣ ਦਾ ਇੰਤਜ਼ਾਰ ਸਟੇਸ਼ਨ ’ਤੇ ਹੀ ਕਰਨਾ ਪਿਆ। ਰੇਲ ਯਾਤਰਾ ਦਾ ਭੂਤ ਸਿਰ ’ਤੇ ਸਵਾਰ ਹੋ ਚੁੱਕਾ ਸੀ। ਯਾਤਰਾ ਦੇ ਦੌਰਾਨ ਰੌਚਕ ਗੱਲ ਇਹ ਸੀ ਕਿ ਰੇਲ ਗੱਡੀ ਵਿੱਚ ਜਾਂ ਉਸ ਦੇ ਨੇੜੇ-ਤੇੜੇ ਕਿਸੇ ਰੇਲ ਕਰਮਚਾਰੀ ਨੂੰ ਦੇਖਦੇ ਹੀ ਵਿਦਿਆਰਥੀ ਨਾਅਰਾ ਲਗਾਉਣਾ ਸ਼ੁਰੂ ਕਰ ਦਿੰਦੇ। ਨਾਅਰਿਆਂ ਵਿੱਚ ਸ਼ਾਮਿਲ ਸੀ: 15 ਅਗਸਤ ਜਿੰਦਾਬਾਦ ਅਤੇ ਮਹਾਤਮਾ ਗਾਂਧੀ ਜਿੰਦਾਬਾਦ ਆਦਿ। ਇਨ੍ਹਾਂ ਨਾਅਰਿਆਂ ਨਾਲ ਗੂੰਜਦੀ ਹੋਈ ਸਾਡੀ ਗੱਡੀ ਬਨਾਰਸ ਤੱਕ ਪਹੁੰਚੀ ਸੀ। ਇਸ ਯਾਤਰਾ ਵਿੱਚ ਇੱਕ ਦਿਲਚਸਪ ਘਟਨਾ ਵਾਪਰੀ। ਮੇਰੇ ਨਾਲ ਸ਼ਰਾਬ ਦੇ ਨਸ਼ੇ ਵਿੱਚ ਚੂਰ ਇੱਕ ਯਾਤਰੀ ਦਾ ਸਫ਼ਰ। ਉਹ ਆਪਣੀ ਸੰਪੰਨਤਾ ਦੇ ਬਾਰੇ ਬਹੁਤ ਸ਼ੇਖ਼ੀ ਮਾਰ ਰਿਹਾ ਸੀ। ਸਾਰੇ ਦੂਸਰੇ ਯਾਤਰੀ ਉਸਦੀ ਨਸ਼ਾ ਪ੍ਰਭਾਵਿਤ ਤੋਤਲੀ ਜ਼ੁਬਾਨ ਦਾ ਖ਼ੂਬ ਮਜ਼ਾ ਲੈ ਰਹੇ ਸੀ। ਬਨਾਰਸ ਪਹੁੰਚਣ ਤੋਂ ਤਕਰੀਬਨ 15 ਮਿੰਟ ਪਹਿਲਾਂ ਉਹ ਆਪਣੀਆਂ ਜੁਰਾਬਾਂ ਕੱਢ ਕੇ ਉਸ ਨੂੰ ਝੰਜੋੜਨ ਲੱਗਾ। ਜੁਰਾਬ ਵਿੱਚੋਂ ਸੌ-ਸੌ ਰੁਪਏ ਦੇ ਪੰਜ ਨੋਟ ਨਿਕਲ ਕੇ ਡੱਬੇ ਦੇ ਫ਼ਰਸ਼ ’ਤੇ ਡਿੱਗ ਗਏ। ਉੱਥੇ ਖੜ੍ਹੇ ਇੱਕ ਵਿਅਕਤੀ ਨੇ ਉਨ੍ਹਾਂ ਨੂੰ ਚੁੱਕ ਲਿਆ ਪਰ ਸ਼ਰਾਬੀ ਉਸਨੂੰ ਦੇਖ ਨਾ ਸਕਿਆ। ਉਹ ਇੱਧਰ-ਉੱਧਰ ਨੋਟਾਂ ਨੂੰ ਲੱਭਦਾ ਰਿਹਾ। ਜਲਦੀ ਹੀ ਉਸਦਾ ਨਸ਼ਾ ਉਤਰਨ ਲੱਗਾ। ਗੱਡੀ ਦੀ ਰਫ਼ਤਾਰ ਧੀਮੀ ਹੋ ਚੁੱਕੀ ਸੀ ਅਤੇ ਅਸੀਂ ਬਨਾਰਸ ਜੰਕਸ਼ਨ ’ਤੇ ਪਹੁੰਚ ਗਏ। ਇਸ ਵੇਲੇ ਸਾਡੇ ਸਹਿਪਾਠੀ ਯਮੁਨਾ ਪ੍ਰਸਾਦ ਉਸ ਵਿਅਕਤੀ ਦੇ ਪਿੱਛੇ ਪੈ ਗਏ ਜਿਸਨੇ ਨੋਟ ਚੁੱਕੇ ਸਨ। ਯਮੁਨਾ ਪ੍ਰਸਾਦ ਉਸਨੂੰ ਪੁਲਿਸ ਦਾ ਹਵਾਲਾ ਦੇ ਕੇ ਧਮਕਾਉਂਦੇ ਹੋਏ ਕਹਿਣ ਲੱਗੇ ਕਿ ਇਨ੍ਹਾਂ ਰੁਪਈਆਂ ਨੂੰ ਡਿੱਗਦੇ ਹੋਏ ਉਨ੍ਹਾਂ ਨੇ ਵੀ ਦੇਖਿਆ ਸੀ, ਇਸ ਲਈ ਉਸ ਵਿੱਚ ਉਨ੍ਹਾਂ ਦਾ ਵੀ ਹਿੱਸਾ ਬਣਦਾ ਹੈ। ਉਸ ਆਦਮੀ ਨੇ ਡਰ ਕੇ ਉਨ੍ਹਾਂ ਰੁਪਈਆਂ ਵਿੱਚੋਂ ਦੋ ਸੌ ਰੁਪਏ ਯਮੁਨਾ ਪ੍ਰਸਾਦ ਨੂੰ ਦੇ ਦਿੱਤੇ। ਅਸੀਂ ਸਾਰੇ ਹੈਰਾਨ ਹੋ ਕੇ ਯਮੁਨਾ ਪ੍ਰਸਾਦ ਨੂੰ ਦੇਖਦੇ ਹੀ ਰਹਿ ਗਏ। ਜਾਹਿਰ ਹੈ ਉਸ ਜ਼ਮਾਨੇ ਵਿੱਚ ਪੰਜ ਸੌ ਰੁਪਏ ਇੱਕ ਵੱਡੀ ਰਕਮ ਸੀ ਅਤੇ ਦੋ ਸੌ ਰੁਪਏ ਵਿੱਚ ਤਾਂ ਮੇਰਾ ਸਾਲ ਭਰ ਦਾ ਖਰਚਾ ਹੀ ਨਿਕਲ ਸਕਦਾ ਸੀ। ਮੇਰੇ ਮਨ ਵਿੱਚ ਇਹ ਗੱਲ ਉੱਠਦੀ ਸੀ ਕਿ ਮੈਂ ਵੀ ਪੁਲਿਸ ਦੇ ਹਵਾਲੇ ਨਾਲ ਯਮੁਨਾ ਪ੍ਰਸਾਦ ਨੂੰ ਧਮਕਾ ਕੇ ਕੁੱਝ ਲੈ ਲਵਾਂ ਪਰ ਅਜਿਹਾ ਕਰ ਨਾ ਸਕਿਆ। ਆਖਿਰਕਾਰ ਯਮੁਨਾ ਪ੍ਰਸਾਦ ਅੰਬੇਡਕਰ ਹੋਸਟਲ ਦੇ ਸਹਿਪਾਠੀ ਜੋ ਠਹਿਰੇ।

ਸਟੇਸ਼ਨ ਤੇ ਰਾਤ ਲੰਘ ਜਾਣ ਤੋਂ ਬਾਅਦ ਅਸੀਂ ਚਾਰਾਂ ਸਾਥੀਆਂ ਨੇ ਤੈਅ ਕੀਤਾ ਕਿ ਸਾਰੇ ਅਲੱਗ-ਅਲੱਗ ਸੁਤੰਤਰ ਹੋ ਕੇ ਸ਼ਹਿਰ ਦਾ ਭ੍ਰਮਣ ਕਰਨਗੇ। ਮੇਰੇ ਅੰਦਰ ਸਭ ਤੋਂ ਵੱਡੀ ਉਤਸੁਕਤਾ ਸੀ- ਪਹਿਲਾ ਬਨਾਰਸ ਦੀ ਗੰਗਾ, ਫਿਰ ਕਾਸ਼ੀ ਵਿਸ਼ਵਨਾਥ ਅਤੇ ਫਿਰ ਬਨਾਰਸ ਹਿੰਦੂ ਯੂਨੀਵਰਸਿਟੀ (ਬੀ.ਐੱਚ.ਯੂ.) ਨੂੰ ਦੇਖਣ ਦੀ। ਰਿਕਸ਼ੇ ਵਾਲੇ ਤੋਂ ਪੁੱਛਦੇ-ਪੁੱਛਦੇ ਪੈਦਲ ਹੀ ਮੈਂ ਦਸ਼ਾਸ਼ਵਮੇਘ ਘਾਟ ਸਥਿਤ ਗੰਗਾ ਦੇ ਕਿਨਾਰੇ ਪਹੁੰਚ ਗਿਆ। ਬਰਸਾਤ ਦਾ ਦਿਨ ਸੀ। ਇਸ ਲਈ ਗੰਗਾ ਮੀਲਾਂ ਤੱਕ ਚੌੜੀ ਹੋ ਕੇ ਉੱਛਲ ਰਹੀ ਸੀ। ਮੇਰੇ ਸਾਹਮਣੇ ਬਸ ਪਾਣੀ ਹੀ ਪਾਣੀ ਸੀ। ਇੱਕ ਥਾਂ ’ਤੇ ਇੰਨ੍ਹਾਂ ਜ਼ਿਆਦਾ ਪਾਣੀ ਮੈਂ ਪਹਿਲੀ ਵਾਰ ਦੇਖਿਆ ਸੀ। ਦਸ਼ਾਸ਼ਵਮੇਘ ਘਾਟ ਦੀਆਂ ਪੱਕੀਆਂ ਪੌੜੀਆਂ ਦੇਖ ਕੇ ਦੰਗ ਰਹਿ ਗਿਆ ਸੀ। ਉਨ੍ਹਾਂ ਦਿਨਾਂ ਵਿੱਚ ਬਨਾਰਸ ਦੀ ਗੰਗਾ ਵਿੱਚ ਵੱਡੀ ਸੰਖਿਆ ਵਿੱਚ ਡਾਲਫਿਨ ਮੱਛੀਆਂ ਹੁੰਦੀਆਂ ਸੀ ਅਤੇ ਉਹ ਅਕਸਰ ਪਾਣੀ ਵਿੱਚ ਧੜੰਮ-ਧੜੰਮ ਉੱਛਲਦੀਆਂ-ਟੱਪਦੀਆਂ ਦਿਖਾਈ ਦਿੰਦੀਆਂ ਸੀ। ਸਥਾਨਿਕ ਲੋਕ ਉਨ੍ਹਾਂ ਨੂੰ ਮੱਛ ਕਹਿੰਦੇ ਸੀ। ਦਸ਼ਾਸ਼ਵਮੇਘ ਘਾਟ ’ਤੇ ਖੜ੍ਹੇ-ਖੜ੍ਹੇ ਮੈਂ ਵੀ ਕਈ ਮੱਛ ਨੂੰ ਟੱਪਦੇ ਦੇਖਿਆ। ਉਸ ਸਮੇਂ ਤੱਕ ਮੈਂ ਡਾਲਫਿਨ ਦਾ ਨਾਮ ਤੱਕ ਨਹੀਂ ਸੁਣਿਆ ਸੀ। ਇਸ ਲਈ ਮੱਛ ਤੋਂ ਬਹੁਤ ਡਰ ਲਗਦਾ ਸੀ। ਪਿੰਡ ਦੇ ਲੋਕਾਂ ਤੋਂ ਸੁਣਿਆ ਸੀ ਕਿ ਇਹ ਆਦਮੀ ਨੂੰ ਨਿਗਲ ਜਾਂਦੀ ਹੈ। ਇਸ ਲਈ ਮੇਰੀਆਂ ਅੱਖਾਂ ਦੇ ਸਾਹਮਣੇ ਬਹੁਤ ਡਰਾਉਣਾ ਦ੍ਰਿਸ਼ ਸੀ, ਪਰ ਗੰਗਾ ਦੇ ਬਾਰੇ ਅਨੇਕ ਮਾਨਤਾਵਾਂ ਜਾਗ੍ਰਿਤ ਹੋ ਗਈਆਂ। ਸਭ ਤੋਂ ਵੱਡੀ ਮਿੱਥ ਇਹ ਸੀ ਕਿ ਗੰਗਾ ਵਿੱਚ ਨਹਾਉਣ ਨਾਲ ਜੀਵਨ ਦੇ ਸਾਰੇ ਪਾਪ ਧੋਤੇ ਜਾਂਦੇ



ਹਨ। ਮੈਂ ਚਾਹੁੰਦੇ ਹੋਏ ਵੀ ਗੰਗਾ ਵਿੱਚ ਮੱਛ ਦੇ ਡਰ ਕਰਕੇ ਨਹਾ ਨਾ ਸਕਿਆ। ਮੈਂ ਘਾਟ ਦੀਆਂ ਪੌੜੀਆਂ ’ਤੇ ਉੱਛਲਦੇ ਪਾਣੀ ਵਿੱਚ ਪੈਰ ਧੋ ਕੇ ਹੀ ਸੰਤੁਸ਼ਟ ਹੋ ਗਿਆ। ਅਨੇਕ ਭਗਵੇ ਕੱਪੜਿਆਂ ਵਾਲੇ ਸਾਧੂਆਂ ਨੂੰ ਉੱਥੇ ਨਹਾਉਂਦੇ ਜ਼ਰੂਰ ਦੇਖਿਆ ਸੀ। ਕਰੀਬ ਘੰਟੇ ਤੱਕ ਖੜ੍ਹਾ ਹੋ ਕੇ ਗੰਗਾ ਦਾ ਨਜ਼ਾਰਾ ਦੇਖਦਾ ਰਿਹਾ। ਕਲਪਨਾ ਵਿੱਚ ਉਹ ਵਾਰ-ਵਾਰ ਮੈਨੂੰ ਸ਼ੰਕਰ ਦੀਆਂ ਜਟਾਂ ਵਿੱਚ ਲੋਪ ਹੁੰਦੀ ਨਜ਼ਰ ਆ ਰਹੀ ਸੀ। ਉੱਥੋਂ ਜਾਣ ਦਾ ਜੀਅ ਨਹੀਂ ਕਰਦਾ ਸੀ, ਪਰ 24 ਘੰਟਿਆਂ ਦੇ ਅੰਦਰ ਰੇਲ ਗੱਡੀ ਚ ਡਬਲਿਊ. ਟੀ. ਰਾਹੀਂ ਵਾਪਸ ਜਾਣ ਦੀ ਮਜ਼ਬੂਰੀ ਮੈਨੂੰ ਉੱਥੋਂ ਨਾਲ ਹੀ ਸਥਿਤ ਕਾਸ਼ੀ ਵਿਸ਼ਵਨਾਥ ਦੇ ਸੁਨਹਿਰੇ ਗੁੰਬਦ ਵਾਲੇ ਮੰਦਰ ਦੇ ਅੰਦਰ ਲੈ ਗਈ। ਮੰਦਰ ਵਿੱਚ ਪ੍ਰਵੇਸ਼ ਕਰਦਾ ਹੋਇਆ ਬਹੁਤ ਭੈਭੀਤ ਹੋ ਗਿਆ। ਸੁਣਿਆ ਹੋਇਆ ਸੀ ਕਿ ਬਨਾਰਸ ਦੇ ਪੰਡਤ ਬਹੁਤ ਖ਼ੂਖਾਰ ਹੁੰਦੇ ਹਨ। ਇਸ ਤਰ੍ਹਾਂ ਆਪਣਾ ਜਾਤੀ ਗਿਆਨ ਬਹੁਤ ਡਰਾਉਣਾ ਲੱਗਾ। ਇਸ ਲਈ ਜਲਦ ਹੀ ਭਗਤੀ ਭਾਵਨਾ ਨਾਲ ਸ਼ਿਵਲਿੰਗ ਦੇ ਦਰਸ਼ਨ ਕਰਕੇ ਮੰਦਰ ਤੋਂ ਬਾਹਰ ਆ ਗਿਆ। ਫਿਰ ਪੁੱਛਦੇ-ਪੁੱਛਦੇ ਮੈਂ ਬੀ.ਐੱਚ.ਯੂ. ਵੱਲ ਚੱਲ ਪਿਆ। ਓੱਥੋਂ ਬੀ.ਐੱਚ.ਯੂ. ਚਾਰ ਕਿਲੋਮੀਟਰ ਦੂਰ ਸੀ। ਗਦੋਲੀਆ ਤੋਂ ਦੱਖਣ ਜਾਣ ਵਾਲੀ ਸੜਕ ’ਤੇ ਚੱਲਦੇ ਹੋਏ ਮਦਨਪੁਰਾ, ਸੋਨਾਰਪੁਰਾ, ਭਦੌਨੀ, ਅੱਸੀ ਅਤੇ ਲੰਕਾ ਹੁੰਦੇ ਹੋਏ ਜਦੋਂ ਮੈਂ ਬੀ.ਐੱਚ.ਯੂ. ਦੇ ਗੇਟ ’ਤੇ ਪਹੁੰਚਿਆ ਤਾਂ ਉਸਦਾ ਵਿਸ਼ਾਲ ਮੁੱਖ ਦਰਵਾਜ਼ਾ ਦੇਖ ਕੇ ਦੰਗ ਰਹਿ ਗਿਆ। ਸਾਹਮਣੇ ਯੂਨੀਵਰਸਿਟੀ ਦੇ ਸੰਸਥਾਪਕ ਮਦਨ ਮੋਹਨ ਮਾਲਵੀਯ ਦੀ ਮੂਰਤੀ ਸੀ। ਮੁੱਖ ਦਰਵਾਜ਼ੇ ਦੇ ਅੰਦਰ ਸਥਿਤ ਪ੍ਰਬੰਧਕੀ ਬਲਾਕ ਦੇ ਸਾਹਮਣੇ ਰੱਖੇ ਇੱਕ ਬੋਰਡ ’ਤੇ ਲਿਖੀ ਸੂਚਨਾ ਵਿੱਚ ਕਿਹਾ ਗਿਆ ਸੀ ਕਿ ਅੱਜ ਬੀ.ਐੱਚ.ਯੂ. ਅਤੇ ਚੰਡੀਗੜ੍ਹ ਯੂਨੀਵਰਸਿਟੀ ਦਰਮਿਆਨ ਸਟੇਡੀਅਮ ਵਿੱਚ ਹਾਕੀ ਦਾ ਮੈਚ ਹੋਵੇਗਾ। ਉੱਥੋਂ ਲੰਘਦੇ ਹੋਏ ਘੜੀ ਬੰਨੀ ਹੋਈ ਵਿਅਕਤੀ ਨੇ ਪੁੱਛਣ ’ਤੇ ਦੱਸਿਆ ਕਿ ਦੁਪਹਿਰ ਦੇ ਡੇਢ ਵੱਜੇ ਹਨ। ਮੈਚ ਦੋ ਵਜੇ ਸ਼ੁਰੂ ਹੋਣ ਵਾਲਾ ਸੀ। ਇਸ ਮੈਚ ਨੂੰ ਦੇਖਣ ਦੀ ਮੇਰੀ ਉਤਸੁਕਤਾ ਹੱਦ ਤੋਂ ਜ਼ਿਆਦਾ ਵੱਧ ਗਈ ਸੀ। ਇਸ ਲਈ ਪੁੱਛਦੇ-ਪੁਛਾਉਂਦੇ ਮੈਂ ਬੀ.ਐੱਚ.ਯੂ. ਦੇ ਏਮਫੀ ਥੀਏਟਰ ਸਥਿਤ ਸਟੇਡੀਅਮ ਪਹੁੰਚ ਗਿਆ। ਇਹ ਮੈਚ ਮੇਰੇ ਲਈ ਇਤਿਹਾਸਕ ਸਿੱਧ ਹੋਇਆ। ਵਿਦਿਆਰਥੀਆਂ ਨਾਲ ਭਰੀ ਭੀੜ ਸਟੇਡੀਅਮ ਵਿੱਚ ਡਫ਼ਲੀ ਅਤੇ ਘੰਟੇ ਵਜਾ ਕੇ ਨਾਅਰੇ ਲਾ ਰਹੇ ਸੀ। ਬੀ.ਐੱਚ.ਯੂ. ਦਾ ਜੋਸ਼ (ਟੈਂਪੋ) ਹਾਈ ਹੈ। ਵਾਰ-ਵਾਰ ਦੁਹਰਾਇਆ ਜਾਣ ਵਾਲਾ ਇਹ ਨਾਅਰਾ ਮੈਨੂੰ ਬਹੁਤ ਰੌਚਕ ਲੱਗਿਆ। ਬੀ.ਐੱਚ.ਯੂ. ਦੀ ਟੀਮ ਮੈਚ ਹਾਰ ਗਈ ਜਿਸ ਨਾਲ ਮੈਨੂੰ ਬਹੁਤ ਦੁਖ ਹੋਇਆ। ਸਟੇਡੀਅਮ ਦੀਆਂ ਚੱਕਰਾਕਾਰ ਪੌੜੀਆਂ ’ਤੇ ਜਿੱਥੇ ਮੈਂ ਬੈਠਾ ਸੀ, ਮੇਰੇ ਨਾਲ ਹੀ ਬੀ.ਐੱਚ.ਯੂ. ਲਾੱਅ ਕਾਲਜ ਦਾ ਇੱਕ ਵਿਦਿਆਰਥੀ ਤਪਸੀ ਰਾਮ ਬੈਠ ਕੇ ਮੈਚ ਦੇਖ ਰਿਹਾ ਸੀ। ਮੈਂ ਉਨ੍ਹਾਂ ਲਈ ਅਣਜਾਣ ਸੀ ਪਰ ਮੇਰਾ ਰੰਗ-ਰੂਪ ਦੇਖ ਕੇ ਉਨ੍ਹਾਂ ਨੇ ਅੰਦਾਜ਼ਾ ਲਾ ਲਿਆ ਸੀ ਕਿ ਮੈਂ ਬੀ.ਐੱਚ.ਯੂ. ਦਾ ਵਿਦਿਆਰਥੀ ਨਹੀਂ ਹਾਂ। ਉਨ੍ਹਾਂ ਨੇ ਮੈਨੂੰ ਪੁੱਛ ਲਿਆ ਕਿ ਮੈਂ ਕਿੱਥੋਂ ਆਇਆ ਹਾਂ। ਮੈਂ ਘਬਰਾਉਂਦੇ ਹੋਏ ਉਨ੍ਹਾਂ ਨੂੰ ਦੱਸਿਆ ਕਿ ਆਜ਼ਮਗੜ੍ਹ ਤੋਂ 15 ਅਗਸਤ ਦਾ ਫ਼ਾਇਦਾ ਚੁੱਕ ਕੇ ਡਬਲਿਊ.ਟੀ. ਬਨਾਰਸ ਦੇਖਣ ਆਇਆ ਹਾਂ। ਉਨ੍ਹਾਂ ਨੇ ਹੱਸਦੇ ਹੋਏ ਪੁੱਛ ਲਿਆ: ਬਿਰਾਦਰ ਹੈ ਨਾ। ਬਿਰਾਦਰ ਸ਼ਬਦ ਸੁਣ ਕੇ ਮੈਨੂੰ ਬਹੁਤ ਵਧੀਆ ਲੱਗਾ ਅਤੇ ਮੈਂ ਸਮਝ ਗਿਆ ਕਿ ਪ੍ਰਸ਼ਨ ਕਰਤਾ ਵੀ ਦਲਿਤ ਹੈ। ਉੱਤਰ ਵਿੱਚ ਜਦੋਂ ਮੈਂ ਹਾਂ ਕਿਹਾ ਤਾਂ ਤਪਸੀ ਰਾਮ ਨੇ ਆਪਣਾ ਪਰਿਚੈ ਦਿੰਦੇ ਹੋਏ ਕਿਹਾ ਕਿ ਉਹ ਵੀ ਆਜ਼ਮਗੜ੍ਹ ਦੇ ਰਹਿਣ ਵਾਲੇ ਹਨ। ਜਿਲ੍ਹਾਵਾਦ ਸਾਡੇ ਦੋਨਾਂ ’ਤੇ ਹਾਵੀ ਹੋ ਗਿਆ। ਉਹ ਤੁਰੰਤ ਮੈਨੂੰ ਆਪਣੇ ਨਾਲ ਬਿੜਲਾ ਹੋਸਟਲ ਲੈ ਗਏ ਜਿੱਥੇ ਉਨ੍ਹਾਂ ਦਾ ਨਿਵਾਸ ਸੀ। ਰਸਤੇ ਵਿੱਚ ਸੰਸਕ੍ਰਿਤ ਕਾਲਜ, ਆਰਟਸ ਕਾਲਜ, ਸਾਇੰਸ ਕਾਲਜ ਆਦਿ ਦੀਆਂ ਇਮਾਰਤਾਂ ਤੋਂ ਉਹ ਮੈਨੂੰ ਜਾਣੂ ਕਰਵਾਉਂਦੇ ਰਹੇ। ਮੰਦਰ ਦੀ ਸ਼ਕਲ ਵਿੱਚ ਬਣੀ ਇਮਾਰਤਾਂ ਨੂੰ ਦੇਖ ਕੇ ਮੈਂ ਬਹੁਤ ਪ੍ਰਭਾਵਿਤ ਹੋਇਆ ਅਤੇ ਮੈਂ ਮਨ ਹੀ ਮਨ ਪ੍ਰਣ ਕਰ ਲਿਆ ਕਿ ਹਰ ਹਾਲ ਵਿੱਚ ਮੈਂ ਭਵਿੱਖ ਵਿੱਚ ਇਸੇ ਯੂਨੀਵਰਸਿਟੀ ਵਿੱਚ ਪੜ੍ਹਾਈ ਕਰਾਂਗਾ। ਝਿਜਕਦੇ ਹੋਏ ਮੈਂ ਤਪਸੀ ਰਾਮ ਨੂੰ ਕਿਹਾ ਕਿ ਮੈਂ ਭਵਿੱਖ ਵਿੱਚ ਇੱਥੇ ਪੜ੍ਹਨਾ ਚਾਹੁੰਦਾ ਹਾਂ ਪਰ ਘਰ ਤੋਂ ਭੱਜਿਆ ਹੋਇਆ ਹਾਂ ਇਸ ਲਈ ਸਭ ਕੁੱਝ ਆਪਣੇ ਦਮ ’ਤੇ ਕਰਨਾ ਹੈ। ਤਪਸੀ ਰਾਮ ਨੇ

ਭਰੋਸਾ ਦਿੰਦੇ ਹੋਏ ਮੈਨੂੰ ਕਿਹਾ ਕਿ ਪਹਿਲਾਂ ਇੰਟਰ ਪਾਸ ਕਰੋ ਫਿਰ ਦੇਖਿਆ ਜਾਵੇਗਾ। ਬਿੜਲਾ ਹੋਸਟਲ ਵਿੱਚ ਗੁਲਾਬ-ਜਾਮਣ ਅਤੇ ਚਾਹ ਦੇ ਨਾਲ ਸਵਾਗਤ ਤੋਂ ਬਾਅਦ ਤਪਸੀ ਰਾਮ ਨੇ ਬੀ.ਐੱਚ.ਯੂ. ਦੇ ਅੰਦਰ ਨਵਾਂ ਬਣਿਆ ਵਿਸ਼ਾਲ ਵਿਸ਼ਵ ਨਾਥ ਮੰਦਰ ਦਿਖਾਇਆ। ਉੱਥੇ ਪਹਿਲੀ ਮੰਜ਼ਲ 'ਤੇ ਕੁੱਝ ਭਗਤ ਜਨ ਭਜਨ ਗਾ ਰਹੇ ਸੀ। ਇੱਕ ਦ੍ਰਿਸ਼ਟੀਹੀਣ ਵਿਅਕਤੀ ਬਹੁਤ ਸ਼ਾਸ਼ਤਰੀ ਸੁਰ ਵਿੱਚ ਮੀਰਾ ਬਾਈ ਦਾ ਪਦ 'ਪਗ ਘੁੰਘਰੂ ਬਾਂਧ ਮੀਰਾ ਨਾਚੀ ਰੇ' ਨੂੰ ਗਾ ਰਿਹਾ ਸੀ। ਇਸ ਮੰਦਰ ਦੀਆਂ ਕੰਧਾਂ 'ਤੇ ਭਗਵਤ ਗੀਤਾ ਦੇ ਸਾਰੇ ਸਲੋਕ ਲਿਖੇ ਹੋਏ ਸੀ। ਹੋਰ ਦੇਵੀ-ਦੇਵਤਿਆਂ ਨਾਲ ਮੰਦਰ ਦੀ ਕੰਧ ਦੇ ਇੱਕ ਹਿੱਸੇ ਵਿੱਚ ਗੁਰੂ ਰਵਿਦਾਸ ਦਾ ਚਿੱਤਰ ਵੀ ਬਣਿਆ ਹੋਇਆ ਸੀ, ਜਿਸ ਨੂੰ ਦੇਖ ਕੇ ਮੈਂ ਬਹੁਤ ਪ੍ਰਭਾਵਿਤ ਹੋਇਆ। ਹੁਣ ਸ਼ਾਮ ਹੋ ਚੱਲੀ ਸੀ। ਵੱਡੇ-ਵੱਡੇ ਦਰਖ਼ੱਤਾਂ ਵਾਲੀਆਂ ਸੜਕਾਂ ਦੇ ਆਰ-ਪਾਰ ਝਲਕਦੀ ਗੇਰੂਏ ਰੰਗ ਦੀ ਬਨਾਰਸ ਹਿੰਦੂ ਯੂਨੀਵਰਸਿਟੀ ਨੇ ਮੈਨੂੰ ਵੈਰਾਗੀ ਜਿਹਾ ਬਣਾ ਦਿੱਤਾ ਸੀ। ਛੱਡ ਕੇ ਜਾਣ ਦਾ ਮਨ ਨਹੀਂ ਕਰ ਰਿਹਾ ਸੀ, ਪਰ ਡਬਲਿਊ. ਟੀ. ਰਾਹੀਂ ਵਾਪਸ ਜਾਣ ਦੀ ਮਜ਼ਬੂਰੀ ਨੇ ਮੈਨੂੰ ਤਪਸੀ ਰਾਮ ਤੋਂ ਵਿਦਾ ਲੈ ਕੇ ਜਲਦ ਹੀ ਰੇਲਵੇ ਸਟੇਸ਼ਨ ਪਹੁੰਚਾ ਦਿੱਤਾ। ਕੁਦਰਤੀ ਉੱਥੇ ਜੋਖੂ, ਯਮੁਨਾ ਅਤੇ ਬਲਵੰਤ ਮੈਨੂੰ ਦੁਬਾਰਾ ਮਿਲ ਗਏ। ਬਨਾਰਸ ਤੋਂ ਆਜ਼ਮਗੜ੍ਹ ਦੀ ਸਾਡੀ ਵਾਪਸੀ ਦੀ ਯਾਤਰਾ ਇਕ ਵਾਰ ਫਿਰ ਪੰਦਰਾਂ ਅਗਸਤ ਜਿੰਦਾਬਾਦ, ਮਹਾਤਮਾ ਗਾਂਧੀ ਜਿੰਦਾਬਾਦ ਦੇ ਵਿਚ ਪੂਰੀ ਹੋਈ। ਸਾਰਾ ਰਸਤਾ ਮੇਰੀ ਕਲਪਨਾ ਵਿੱਚ ਗੰਗਾ ਵਹਿੰਦੀ ਰਹੀ। ਉਸ ਵਿੱਚ ਮੱਛ ਉਛਲਦੀ ਰਹੀ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਲਲਚਾ ਕੇ ਨਿਰਾਸ਼ ਕਰਦੀ ਰਹੀ। 15 ਅਗਸਤ 1964 ਦੀ ਪਹਿਲੀ ਰੇਲ ਯਾਤਰਾ, ਤੇ ਉਹ ਵੀ ਬਿਲਕੁਲ ਮੁਫ਼ਤ, ਨੇ ਮੈਨੂੰ ਬਨਾਰਸ ਤਾਂ ਘੁੰਮਾ ਦਿੱਤਾ ਪਰ ਬੀ.ਐਚ.ਯੂ. ਦਾ ਆਕਰਸ਼ਣ ਅਤਿਅੰਤ ਦੁਖਦਾਈ ਸਾਬਿਤ ਹੋਣ ਲੱਗਾ। ਤਪਸੀ ਰਾਮ ਇੱਕ ਉਮੀਦ ਦੀ ਕਿਰਣ ਦੇ ਰੂਪ ਵਿੱਚ ਜ਼ਰੂਰ ਦਿਖਾਈ ਦਿੰਦੇ ਸੀ। ਹਰ ਵੇਲੇ ਬਸ ਇਹੀ ਧੁਨ ਲੱਗੀ ਰਹਿੰਦੀ ਸੀ ਕਿ ਇੰਟਰ ਪਾਸ ਕਰਦੇ ਹੀ ਬੀ.ਐਚ.ਯੂ ਜਾ ਧਮਕਾਂ।

ਚੌਬੀ ਘੰਟਿਆਂ ਦੇ ਅੰਦਰ-ਅੰਦਰ ਅੰਬੇਡਕਰ ਹੋਸਟਲ ਵਾਪਸ ਆਉਂਦੇ ਹੀ ਜ਼ਿੰਦਗੀ ਦੀਆਂ ਸਾਰੀਆਂ ਸਮੱਸਿਆਵਾਂ ਮੌਲਿਕ ਰੂਪ ਵਿੱਚ ਦੁਬਾਰਾ ਖੜ੍ਹੀਆਂ ਹੋ ਗਈਆਂ। ਸਭ ਤੋਂ ਵੱਡੀ ਸਮੱਸਿਆ ਸੀ ਅੰਬੇਡਕਰ ਹੋਸਟਲ ਦੇ ਮੈਨੇਜਰ ਸ਼ੁੱਭ ਚਰਣ ਵਿਯੋਗੀ। ਪਰ ਆਜ਼ਮਗੜ੍ਹ ਦੇ ਪ੍ਰਸਿੱਧ ਦਲਿਤ ਨੇਤਾ ਰਾਮਧਨ ਜੋ ਉਸ ਸਮੇਂ ਇੱਕ ਵਕੀਲ ਸੀ, ਨੇ ਹੋਸਟਲ ਤੇ ਆਪਣਾ ਅਧਿਕਾਰ ਕਰਨ ਲਈ ਕਾਨੂੰਨੀ ਪ੍ਰਕਿਰਿਆ ਦੁਆਰਾ ਦਾਅਵਾ ਠੋਕ ਦਿੱਤਾ ਸੀ ਜਿਸ ਕਾਰਣ ਹੋਸਟਲ ਦੀ ਸਿਰਫ਼ 500 ਰੁਪਏ ਮਾਸਿਕ ਮਿਲਣ ਵਾਲੀ ਸਰਕਾਰੀ ਸਹਾਇਤਾ ਬੰਦ ਹੋ ਗਈ। ਉਸ ਸਮੇਂ ਅੰਬੇਡਕਰ ਹੋਸਟਲ ਦੀ ਪੂਰੀ ਇਮਾਰਤ ਸਿਰਫ਼ 50 ਰੁਪਏ ਮਾਸਿਕ ਕਿਰਾਏ 'ਤੇ ਲਈ ਗਈ ਸੀ। ਇਸ ਇਮਾਰਤ ਵਿੱਚ ਚਾਰ ਵੱਡੇ-ਵੱਡੇ ਹਾਲਨੁਮਾ ਕਮਰੇ ਅਤੇ ਤਿੰਨ ਵਰਾਂਡੇ ਸੀ। ਇਸ ਚੌਰਸ ਇਮਾਰਤ ਦੇ ਵਿੱਚ ਇੱਕ ਬਹੁਤ ਵੱਡਾ ਵਿਹੜਾ ਸੀ। ਇੱਕ ਕਮਰੇ ਵਿੱਚ ਦਸ-ਦਸ ਵਿਦਿਆਰਥੀ ਰਹਿੰਦੇ ਸੀ। ਇਸ ਤਰ੍ਹਾਂ ਹਮੇਸ਼ਾਂ 50-60 ਵਿਦਿਆਰਥੀ ਇਸ ਵਿੱਚ ਰਹਿ ਲੈਂਦੇ ਸੀ। ਪੂਰੀ ਇਮਾਰਤ ਖਪਰੈਲ ਸੀ। ਇਸ ਇਮਾਰਤ ਦੇ ਮਾਲਕ ਆਜ਼ਮਗੜ੍ਹ ਦੇ ਦੋ ਵਕੀਲ ਭਰਾ ਰਫ਼ੀ-ਸਫ਼ੀ ਸਨ। ਰਾਮਧਨ ਦੁਆਰਾ ਦਾਅਵਾ ਪੇਸ਼ ਕਰਨ ਕਰਕੇ ਸਰਕਾਰੀ ਸਹਾਇਤਾ ਬੰਦ ਹੋ ਜਾਣ ਦੇ ਕਾਰਣ ਹੋਸਟਲ ਦਾ ਕਿਰਾਇਆ ਵੀ ਬੰਦ ਹੋ ਗਿਆ ਸੀ। ਇਸ ਲਈ ਰਫ਼ੀ-ਸਫੀ ਵਕੀਲਾਂ ਨੇ ਕੋਰਟ ਵੱਲੋਂ ਨੋਟਿਸ ਭੇਜ ਕੇ ਹੋਸਟਲ ਖਾਲੀ ਕਰਾਉਣ ਦਾ ਆਦੇਸ਼ ਦੇ ਦਿੱਤਾ। ਉਸ ਸਮੇਂ ਹੋਸਟਲ ਦੇ ਸਾਰੇ ਵਿਦਿਆਰਥੀ ਚਿੰਤਤ ਹੋ ਉੱਠੇ। ਮੇਰੀ ਤਾਂ ਹਾਲਤ ਬਹੁਤ ਖਰਾਬ ਹੋ ਗਈ। ਸੋਚਦਾ ਸੀ ਕਿ ਹੋਸਟਲ ਤੋਂ ਕੱਢਿਆ ਗਿਆ ਤਾਂ ਕਿੱਥੇ ਰਹਾਂਗਾ? ਪੂਰਾ ਮਾਮਲਾ ਭ੍ਰਿਸ਼ਟਾਚਾਰ ਦਾ ਸੀ। ਹੋਸਟਲ ਨੂੰ 300 ਰੁਪਏ ਮਾਸਿਕ ਮਿਲਣ ਵਾਲੀ ਸਹਾਇਤਾ ਨੂੰ ਹੜੱਪ ਕਰ ਲੈਣ ਦਾ ਮਾਮਲਾ ਸੀ, ਜਿਸ ਨੂੰ ਲੈ ਕੇ ਸ਼ੁਭਚਰਣ ਵਿਯੋਗੀ ਅਤੇ ਰਾਮਧਨ ਵਿੱਚ ਖਿੱਚੋਤਾਣ ਚੱਲ ਰਹੀ ਸੀ। ਇਸ ਸਮੱਸਿਆ ਦਾ ਕੋਈ ਹੱਲ ਦਿਖਾਈ ਨਹੀਂ ਦਿੰਦਾ ਸੀ। ਅਸੀਂ ਡਰੇ ਹੋਏ ਸੀ ਕਿ ਕਿਤੇ ਪੁਲਿਸ ਆ ਕੇ ਮਕਾਨ ਖਾਲੀ ਨਾ ਕਰਾ ਦੇਵੇ। ਅਖੀਰ, ਇੱਕ ਉਪਾਅ ਕੰਮ ਆਇਆ। ਕਮਿਊਨਿਸਟ ਨੇਤਾ



ਤੇਜ਼ ਬਹਾਦਰ ਸਿੰਘ ਦੀ ਸਲਾਹ 'ਤੇ ਅਸੀਂ ਸਾਰੇ ਵਿਦਿਆਰਥੀ ਕਚਹਿਰੀ ਪਹੁੰਚ ਕੇ ਰਾਮਧਨ ਨੂੰ ਬੇਨਤੀ ਕਰਨ ਲੱਗੇ ਕਿ ਜਾਂ ਤਾਂ ਉਹ ਹੋਸਟਲ ਚਲਾਉਣ ਜਾਂ ਫਿਰ ਉਸ 'ਤੇ ਆਪਣਾ ਦਾਅਵਾ ਪੇਸ਼ ਨਾ ਕਰਨ। ਅਜਿਹਾ ਵਿਦਿਆਰਥੀਆਂ ਨੇ ਉਨ੍ਹਾਂ ਨੂੰ ਲਿਖ ਕੇ ਦੇਣ ਦੀ ਅਪੀਲ ਕੀਤੀ। ਜਵਾਬ ਵਿੱਚ ਰਾਮਧਨ ਨੇ ਗੁੱਸੇ ਵਿੱਚ ਆ ਕੇ ਵਿਦਿਆਰਥੀਆਂ ਨੂੰ ਉਥੋਂ ਭੱਜ ਜਾਣ ਲਈ ਕਿਹਾ। ਇਨ੍ਹਾਂ ਸੁਣਦੇ ਹੀ ਸਹਿਦੇਵ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੇ ਕਚਹਿਰੀ ਵਿੱਚ ਹੀ ਰਾਮਧਨ ਨੂੰ ਜੁੱਤੇ-ਚੱਪਲਾਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਉਸ ਦਿਨ ਬਹੁਤ ਮੁਸ਼ਕਿਲ ਨਾਲ ਰਾਮਧਨ ਦੀ ਜਾਨ ਬਚੀ ਸੀ। ਫਲਸਰੂਪ ਰਾਮਧਨ ਨੇ ਹੋਸਟਲ ਤੋਂ ਆਪਣਾ ਪੱਲਾ ਝਾੜ ਲਿਆ ਅਤੇ ਬੰਦ ਸਰਕਾਰੀ ਸਹਾਇਤਾ ਮੁੜ ਬਹਾਲ ਹੋ ਗਈ। ਇਸ ਘਟਨਾ ਤੋਂ ਬਾਅਦ ਕੁੱਝ ਵਿਦਿਆਰਥੀਆਂ ਨੂੰ ਪੁਲਿਸ ਗ੍ਰਿਫ਼ਤਾਰ ਕਰ ਕੇ ਥਾਣੇ ਲੈ ਗਈ , ਜਿਨ੍ਹਾਂ ਨੂੰ ਉਸੇ ਰਾਤ ਤੇਜ਼ ਬਹਾਦਰ ਸਿੰਘ ਨੇ ਰਿਹਾਅ ਕਰਵਾ ਦਿੱਤਾ ਸੀ। ਇਸ ਤਰ੍ਹਾਂ ਹੋਸਟਲ ਖਾਲੀ ਕਰਨ ਦੇ ਸੰਕਟ ਤੋਂ ਅਸੀਂ ਬਚ ਗਏ ਸੀ। ਹੋਸਟਲ ਵਿੱਚ ਖੁਸ਼ਹਾਲੀ ਵਾਪਸ ਆਉਂਦੇ ਹੀ ਅਹਿਮਦੀ ਬੀਬੀ ਦਾ ਝਾੜੂ ਵੀ ਵਾਪਸ ਆ ਗਿਆ ਸੀ। ਅਹਿਮਦੀ ਬੀਬੀ ਇੱਕ ਸਰਕਾਰੀ ਸਫ਼ਾਈ ਕਰਮਚਾਰੀ ਸੀ ਜੋ ਅੰਬੇਡਕਰ ਹੋਸਟਲ ਅਤੇ ਉਸ ਦੇ ਸਾਹਮਣੇ ਵਾਲੀ ਸੜਕ 'ਤੇ ਝਾੜੂ ਲਾਇਆ ਕਰਦੀ ਸੀ। ਜਵਾਨੀ ਵਿੱਚ ਹੀ ਅਹਿਮਦੀ ਬੀਬੀ ਦੇ ਪਤੀ ਦੀ ਮੌਤ ਹੋ ਗਈ ਸੀ। ਉਹ ਬਹੁਤ ਖ਼ੂਬਸੂਰਤ ਸੀ, ਪਰ ਜਵਾਨੀ ਵਿੱਚ ਹੀ ਸੁੰਨਾਪਨ ਉਨ੍ਹਾਂ ਦੇ ਚਿਹਰੇ 'ਤੇ ਸਾਫ਼ ਦਿਖਾਈ ਦਿੰਦਾ ਸੀ। ਉਹ ਸਾਰਿਆਂ ਨਾਲ ਬਹੁਤ ਅਦਬ ਨਾਲ ਪੇਸ਼ ਆਉਂਦੀ ਸੀ। ਉਸ ਸਮੇਂ ਅੰਬੇਡਕਰ ਹੋਸਟਲ ਵਿੱਚ ਕੋਈ ਬਾਥਰੂਮ ਨਹੀਂ ਸੀ। ਹੋਸਟਲ ਦੇ ਪਿੱਛੇ ਸ਼ਹਿਰ ਨੂੰ ਹੜ੍ਹ ਤੋਂ ਬਚਾਉਣ ਲਈ ਲਾਲ ਡਿੱਗੀ ਦਾ ਉੱਚਾ ਬੰਨ੍ਹ ਬਣਾਇਆ ਗਿਆ ਸੀ। ਉਸੇ ਦੇ ਕੋਲ ਇੱਕ ਸਰਵਜਨਿਕ ਬਾਥਰੂਮ ਸੀ। ਇੱਕ ਟੁੱਟੇ-ਫੁੱਟੇ ਕਮਰੇ ਵਿੱਚ ਗੋਲ ਛੇਕ ਦੇ ਆਸ-ਪਾਸ ਬਸ ਦੋ ਇੱਟਾਂ ਰੱਖੀਆਂ ਹੁੰਦੀਆਂ ਸੀ ਅਤੇ ਥੱਲੇ ਜ਼ਮੀਨ 'ਤੇ ਇੱਕ ਘੜਾ ਰੱਖ ਦਿੱਤਾ ਜਾਂਦਾ ਸੀ। ਮੈਲ਼ੇ ਨਾਲ ਭਰੇ ਇਨ੍ਹਾਂ ਘੜਿਆਂ ਨੂੰ ਦੋ ਮਹਿਲਾ ਸਫ਼ਾਈਕਰਮੀ ਸਵੇਰ-ਸ਼ਾਮ ਚੁੱਕ ਕੇ ਲਾਲ ਡਿੱਗੀ ਬੰਨ੍ਹ ਕੇ ਦੂਸਰੇ ਪਾਸੇ ਸੁੱਟ ਆਉਂਦੀਆਂ ਸੀ। ਅਜਿਹੇ ਬਾਥਰੂਮ ਆਜ਼ਮਗੜ੍ਹ ਦੇ ਕਈ ਹਿੱਸਿਆਂ ਵਿੱਚ ਬਣੇ ਹੋਏ ਸੀ, ਜਿੱਥੇ ਔਰਤਾਂ ਕੰਮ ਕਰਦੀਆਂ ਸੀ। ਜੋ ਦੋ ਔਰਤਾਂ ਅੰਬੇਡਕਰ ਹੋਸਟਲ ਦੇ ਆਸ-ਪਾਸ ਦੇ ਬਾਥਰੂਮ ਵਿੱਚ ਕੰਮ ਕਰਦੀਆਂ ਸੀ। ਉਹ ਸਾਰਾ ਦਿਨ ਪਾਨ ਖਾਂਦੀਆਂ ਰਹਿੰਦੀਆਂ ਸੀ। ਜਾਹਿਰ ਹੈ ਜਿਸ ਪ੍ਰਕਿਰਤੀ ਦਾ ਉਨ੍ਹਾਂ ਦਾ ਕੰਮ ਸੀ ਉਸ ਵਿੱਚ ਪਾਨ ਇੱਕ ਸਹਿਯੋਗੀ ਦਾ ਕੰਮ ਕਰਦਾ ਸੀ। ਕੰਮ ਖਤਮ ਕਰਨ ਤੋਂ ਬਾਅਦ ਉਹ ਇੱਕ ਪਾਨ ਦੀ ਦੁਕਾਨ ਤੋਂ ਦੂਸਰੀ ਦੁਕਾਨ ਵੱਲ ਚਾਲੇ ਪਾਉਂਦੀਆਂ। ਕਿਸੇ ਨਾਲ ਵੀ ਉਹ ਬਹੁਤ ਆਸਾਨੀ ਨਾਲ ਹਾਸਾ-ਮਜ਼ਾਕ ਕਰ ਲੈਂਦੀਆਂ ਸੀ, ਪਰ ਜੇ ਥੋੜ੍ਹੀ ਜਿਹੀ ਵੀ ਅਣਬਣ ਹੋ ਜਾਂਦੀ ਤਾਂ ਗੋਲ਼ੀ ਦੀ ਰਫ਼ਤਾਰ ਵਾਂਗ ਉਨ੍ਹਾਂ ਦੇ ਮੂੰਹੋਂ ਗਾਲ੍ਹਾਂ ਨਿਕਲ ਆਉਂਦੀਆਂ। ਇਨ੍ਹਾਂ ਹੀ ਨਹੀਂ ਉਹ ਤੁਰੰਤ ਬਾਲਟੀ ਵਿੱਚ ਮੈਲ਼ਾ ਚੁੱਕ ਲਿਆਉਂਦੀਆਂ ਅਤੇ ਅੰਧਾਧੁੰਦ ਆਉਂਦੇ ਜਾਂਦੇ ਲੋਕਾਂ 'ਤੇ ਸੁੱਟਣਾ ਸ਼ੁਰੂ ਕਰ ਦਿੰਦੀਆਂ। ਉਨ੍ਹਾਂ ਦੇ ਅਜਿਹੇ ਕਾਰਜ ਨਾਲ ਸੜਕ 'ਤੇ ਭੱਜਦਾ ਹਜੂਮ ਪੂਰੀ ਤਰ੍ਹਾਂ ਬੇਵੱਸ ਨਜ਼ਰ ਆਉਂਦਾ। ਇੱਕ ਵਾਰ ਮੈਂ ਵੀ ਅਜਿਹੇ ਬੇਵੱਸ ਹਜੂਮ ਦਾ ਹਿੱਸਾ ਬਣ ਗਿਆ ਸੀ। ਜਨਵਰੀ 1965 ਦਾ ਮਹੀਨਾ ਸੀ। ਆਜ਼ਮਗੜ੍ਹ ਚੌਂਕ ਦੇ ਪੂਰਵ ਵਾਲੀ ਸੜਕ 'ਤੇ ਸਥਿਤ ਪ੍ਰਸਿੱਧ ਕਾਲੀਨਗੰਜ ਮੁਹੱਲੇ ਦੇ ਇੱਕ ਸਟੂਡੀਓ ਤੋਂ ਪਾਸਪੋਰਟ ਫ਼ੋਟੋ ਖਿਚਵਾ ਕੇ ਵਾਪਸ ਆ ਰਿਹਾ ਸੀ, ਇਸੇ ਵੇਲੇ ਉਨ੍ਹਾਂ ਦੋਨਾਂ ਔਰਤਾਂ ਨਾਲ ਕਿਸੇ ਦੀ ਤਕਰਾਰ ਹੋ ਗਈ। ਦੇਖਦੇ ਹੀ ਦੇਖਦੇ ਮੈਲ਼ੇ ਦੀ ਵਾਛੜ ਨਾਲ ਸੜਕ ਵੀਰਾਨ ਹੋ ਗਈ। ਜ਼ਿੰਦਗੀ ਵਿੱਚ ਸਭ ਤੋਂ ਤੇਜ਼ ਰਫ਼ਤਾਰ ਨਾਲ ਭੱਜਣ ਦੇ ਬਾਵਜੂਦ ਉਨ੍ਹਾਂ ਦੇ ਨਿਸ਼ਾਨੇ ਤੋਂ ਮੈਂ ਆਪਣੀ ਪਿੱਠ ਨੂੰ ਬਚਾ ਨਹੀਂ ਸਕਿਆ। ਕਾਲੀਨਗੰਜ ਮੁਹੱਲਾ ਇਸ ਲਈ ਬਦਨਾਮ ਸੀ ਕਿਉਂਕਿ ਉੱਥੇ ਧਨ ਦੇ ਬਦਲੇ ਔਰਤਾਂ ਆਪਣੀਆਂ ਰਾਤਾਂ ਵੇਚਿਆਂ ਕਰਦੀਆਂ ਸੀ। ਅਜਿਹੀਆਂ ਔਰਤਾਂ ਨੂੰ ਆਪਣੇ 'ਅਰਥਸ਼ਾਸ਼ਤਰ' ਨਾਮਕ ਇਤਿਹਾਸਕ ਗ੍ਰੰਥ ਵਿੱਚ ਕੋਟਿਲਯਾ ਨੇ 'ਵੇਸਵਾ' (ਪਣ ਸੁੰਦਰੀ) ਕਿਹਾ ਹੈ। ਪਣ ਮੁਦਰਾ ਨੂੰ ਕਹਿੰਦੇ ਹਨ। ਇਹ ਵੀ ਸ਼ਾਇਦ ਕੋਈ ਨਾ ਕੋਈ ਮਜ਼ਬੂਰੀ ਜ਼ਰੂਰ ਰਹੀ ਹੋਵੇਗੀ, ਨਹੀਂ ਤਾਂ ਮੈਲ਼ਾ ਢੋਣ ਵਾਲੀਆਂ

ਇਹ ਦੋਨੋਂ ਔਰਤਾਂ ਵੇਸਵਾ ਨਾ ਬਣਦੀਆਂ। ਸ਼ਾਮ ਹੁੰਦੇ ਹੀ ਸ਼ਿੰਗਾਰ ਵਿੱਚ ਡੁੱਬੀਆਂ ਇਹ ਔਰਤਾਂ ਪਾਨ ਚੱਬਦੀਆਂ ਮਸ਼ੀਨਾਂ ਵਿੱਚ ਬਦਲ ਜਾਂਦੀਆਂ ਅਤੇ ਇਨ੍ਹਾਂ ਨੂੰ ਦੇਖਦੇ ਹੀ ਇੰਝ ਲਗਦਾ ਸੀ ਕਿ ਜਿਵੇਂ ਸਾਰਾ ਸ਼ਹਿਰ ਹੀ ਇਨ੍ਹਾਂ ਤੋਂ ਜਾਣੂ ਹੋਵੇ।

ਕਾਲੀਨਗੰਜ ਦੇ ਸੰਦਰਭ ਵਿੱਚ ਇੱਕ ਹੋਰ ਘਟਨਾ ਤੋਂ ਮੈਂ ਕਈ ਦਿਨਾਂ ਤੱਕ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਰਿਹਾ। ਮੇਰੀ ਚਚੇਰੀ ਮਾਮੀ ਦੇ ਮੁੰਡੇ ਦੇਵ ਨਾਰਾਇਣ ਜੋ ਰਾਣੀਪੁਰ ਇੰਟਰ ਕਾਲਜ ਦੇ ਵਿਦਿਆਰਥੀ ਸੀ, ਮੇਰੇ ਤਾਂਤਰਿਕ ਰਿਸ਼ਤੇਦਾਰ ਦੇ ਮੁੰਡੇ ਦੀਪ ਚੰਦ ਦੇ ਨਾਲ ਅੰਬੇਡਕਰ ਹੋਸਟਲ ਮੈਨੂੰ ਮਿਲਣ ਆਏ। ਘਟਨਾ ਮਈ 1965 ਦੀ ਹੈ। ਉਹ ਦੋਨੋਂ ਰਾਤ ਨੂੰ ਮੇਰੇ ਕੋਲ ਰੁਕੇ, ਖਾ-ਪੀ ਕੇ ਕਰੀਬ ਦਸ ਵਜੇ ਰਾਤ ਨੂੰ ਦੇਵ ਨਾਰਾਇਣ ਪਾਨ ਖਾਣ ਲਈ ਸਾਨੂੰ ਚੌਂਕ ਤੱਕ ਲੈ ਗਏ। ਪਾਨ ਖਾਣ ਤੋਂ ਬਾਅਦ ਅਚਾਨਕ ਉਨ੍ਹਾਂ ਨੇ ਕਿਹਾ ਕਿ ਜਾ ਕੇ ਕਾਲੀਨਗੰਜ ਵਿੱਚ ਮੁਜ਼ਰਾ ਦੇਖਿਆ ਜਾਵੇ। ਦੇਵ ਨਾਰਾਇਣ ਚੁਲਬੁਲੇ ਵਿਅਕਤੀ ਸੀ। ਉਨ੍ਹਾਂ ਦਿਨਾਂ ਵਿੱਚ ਮੁਜਰੇ ਦਾ ਬਹੁਤ ਪ੍ਰਚਲਨ ਸੀ ਅਤੇ ਰਈਸਜ਼ਾਦੇ ਕੋਠਿਆਂ ’ਤੇ ਜਾ ਕੇ ਵੇਸਵਾ ਦੇ ਨਾਚ-ਗਾਣੇ ਵਿੱਚ ਮਸ਼ਰੂਫ਼ ਹੋ ਜਾਂਦੇ ਸੀ। ਮੇਰੇ ਬਹੁਤ ਕਹਿਣ ਦੇ ਬਾਵਜੂਦ ਦੇਵ ਨਾਰਾਇਣ ਦੀਪ ਚੰਦ ਦੇ ਨਾਲ ਕਾਲੀਨਗੰਜ ਦੀ ਸੜਕ ’ਤੇ ਚੱਲ ਪਏ। ਦਸ ਕਦਮ ਅੱਗੇ ਜਾਣ ਤੋਂ ਪਿੱਛੋਂ ਮੈਂ ਵੀ ਉਨ੍ਹਾਂ ਦੇ ਨਾਲ ਹੋ ਗਿਆ। ਸੜਕ ’ਤੇ ਥੋੜ੍ਹੀ ਦੂਰ ਚੱਲਣ ਤੋਂ ਬਾਅਦ ਸੱਜੀ ਪਟੜੀ ਦੇ ਇੱਕ ਮਕਾਨ ਤੋਂ ਘੁੰਘਰੂ ਦੇ ਨਾਲ ਤਬਲੇ ਦੀ ਥਾਪ ’ਤੇ ਸਾਰੰਗੀ ਦੀ ਕੀਂਕੂ-ਕੀਂਕੂ ਵਾਲੀ ਧੁਨ ਇਕਦਮ ਗੂੰਜ ਉੱਠੀ। ਦੇਵ ਨਾਰਾਇਣ ਦੀ ਅਗਵਾਈ ਵਿੱਚ ਸਾਡਾ ਕਾਫ਼ਲਾ ਗੂੰਜਦੇ ਸੁਰਾਂ ਵੱਲ ਮੁੜ ਗਿਆ। ਇੱਕ ਬੰਦ ਖਿੜਕੀ ਤੋਂ ਆਵਾਜ਼ ਆ ਰਹੀ ਸੀ। ਖਿੜਕੀ ਪੁਰਾਣੇ ਜ਼ਮਾਨੇ ਦੀ ਦੋ ਪੱਲਿਆਂ ਵਾਲੀ ਸੀ। ਵਿਚਕਾਰ ਕੁੱਝ ਵਿਰਲ ਉੱਪਰ ਸੀ ਅਤੇ ਕੁੱਝ ਥੱਲੇ। ਉੱਪਰ ਵਾਲੀ ਵਿਰਲ ’ਤੇ ਨਿਗਾਹ ਗੱਡ ਕੇ ਦੇਵ ਨਾਰਾਇਣ ਨੇ ਮੋਰਚਾ ਸੰਭਾਲ ਲਿਆ। ਉੱਥੇ ਵਿਚਕਾਰ ਦੀਪ ਚੰਦ ਨੇ ਅੱਖਾਂ ਗੱਡ ਲਈਆਂ ਅਤੇ ਮੈਂ ਸਭ ਤੋਂ ਥੱਲੇ ਝੁਕ ਕੇ ਵਿਰਲ ਵਿੱਚੋਂ ਝਾਕਣ ਲੱਗਾ। ਮੈਨੂੰ ਨਰਤਕੀ ਦੇ ਸਿਰਫ਼ ਘੁੰਗਰੂ ਬੰਨੇ ਪੈਰ ਅਤੇ ਤਬਲਾ ਕੁੱਟਦੇ ਤਬਲਚੀ ਦੇ ਹੱਥ ਦਿਖਾਈ ਦੇ ਰਹੇ ਸੀ। ਦੇਵ ਨਾਰਾਇਣ ਨਰਤਕੀ ਦਾ ਉੱਪਰੀ ਹਿੱਸਾ ਦੇਖ ਕੇ ਦੱਸਦੇ ਰਹੇ ਕਿ ਉਹ ਕਿੰਨੀ ਸੋਹਣੀ ਸੀ। ਸੌਂਦਰਯ ਵਰਨਣ ਦੇ ਨਾਲ ਹੀ ਉਹ ਬੋਲ ਪਏ: ਇਹ ਤਾਂ ਸਟੂਡੈਂਟ ਵਰਗੀ ਲਗਦੀ ਹੈ -ਇਹ ਸੁਣਦੇ ਹੀ ਦੀਪ ਚੰਦ ਬੋਲ ਉਠੇ: ਤੇਰੀ ਕਲਾਸ ਫੇਲੋ ਹੋਊ.. ਅਸੀਂ ਦੋਨਾਂ ਦੇ ਵਿੱਚ ਦੀਪ ਚੰਦ ਦੀ ਹਾਲਤ ਤ੍ਰਿਸ਼ੰਕੂ ਵਰਗੀ ਸੀ ਕਿਉਂਕਿ ਖਿੜਕੀ ਵਿੱਚ ਵਿਰਲ ਦੀ ਸਥਿਤੀ ਕੁੱਝ ਅਜਿਹੀ ਸੀ ਜਿਸ ਵਿੱਚ ਉਹ ਨੱਚਦੀ-ਟੱਪਦੀ ਨਰਤਕੀ ਦਾ ਕੋਈ ਵੀ ਹਿੱਸਾ ਠੀਕ ਤਰ੍ਹਾਂ ਨਹੀਂ ਦੇਖ ਪਾ ਰਿਹਾ ਸੀ। ਇਸ ਤਰ੍ਹਾਂ ਸਾਡੇ ਤਿੰਨਾਂ ਦੀਆਂ ਨਿਗਾਹਾਂ ਨਾਲ ਤਾਰ-ਤਾਰ ਹੁੰਦੀ ਬੇਖ਼ਬਰ ਨਰਤਕੀ ਗਾਉਣ ਲੱਗੀ,

ਨਜ਼ਰੀਆ, ਨਜ਼ਰੀਆ, ਨਜ਼ਰੀਆ
ਡਰੀਆ ਲਾਗੇ ਹੋ ਲੜਾਵਤ ਕੇ ਨਜ਼ਰੀਆ
ਅੱਖੀਆਂ ਤੋਹਾਰ ਗੋਰੀ ਜਈਸਨ ਅਮਵਾ ਕੇ ਫ਼ਰੀਆ
ਡਰੀਆ ਲਾਗੇ ਹੋ ਲੜਾਵਤ ਕੇ ਨਜ਼ਰੀਆ।।

ਇਸ ਗਾਣੇ ਦੀ ਤੀਸਰੀ ਲਾਈਨ ਦੇ ਨਾਲ ਹੀ ਨਰਤਕੀ ਤਬਲੇ ਦੀ ਤੇਜ਼ ਥਾਪ ’ਤੇ ਜ਼ੋਰ ਨਾਲ ਉੱਛਲ ਪਈ। ਉਸ ਦੇ ਘੁੰਗਰੂ ਮੇਰੀਆਂ ਨਿਗਾਹਾਂ ਤੋਂ ਓਝਲ ਹੋ ਗਏ। ਤ੍ਰਿਸ਼ੰਕੂ ਦੀ ਤਰ੍ਹਾਂ ਖਿੜਕੀ ’ਤੇ ਲਟਕੇ ਦੀਪ ਚੰਦ ਨੇ ਪਹਿਲੀ ਵਾਰ ਉਸਦੇ ਪੈਰ ਦੇਖੇ। ਪਰ ‘ਡਰੀਆ ਲਾਗੇ ਹੋ ਲੜਾਵਤ ਕੇ ਨਜਰੀਆ’ ਦੀ ਧੁਨ ਤੇ ਦੇਵ ਨਾਰਾਇਣ ਇਕਦਮ ਬੇਕਾਬੂ ਹੋ ਕੇ ਉੱਚੀ ਨਾਲ ਬੋਲ ਪਏ: ਬੱਲੇ ਓਏ ਬੱਲੇ – ਉਨ੍ਹਾਂ ਦੀ ਇਹ ਆਵਾਜ਼ ਖਿੜਕੀ ਦੀ ਵਿਰਲ ਤੋਂ ਹੁੰਦੀ ਹੋਈ ਅੰਦਰ ਬੈਠੀ ਮਹਿਫ਼ਲ ਤੱਕ ਜਾ ਪਹੁੰਚੀ। ਇੱਕ ਵੱਡਾ ਤਕੜਾ ਆਦਮੀ ਅਚਾਨਕ ਖਿੜਕੀ ’ਤੇ ਆ ਧਮਕਿਆ। ਅਸੀਂ ਉਸ ਤੋਂ ਬਿਲਕੁਲ ਬੇਖ਼ਬਰ ਸੀ। ਉਸ ਆਦਮੀ ਨੇ ਸੱਜੇ ਹੱਥ ਨਾਲ ਦੇਵ ਨਾਰਾਇਣ ਦੀ ਗਰਦਨ ਅਤੇ ਖੱਬੇ ਹੱਥ ਨਾਲ ਮੇਰੀ ਗਰਦਨ ਫੜ ਕੇ ਜ਼ੋਰ



ਨਾਲ ਇੱਕ-ਦੂਜੇ ਦੇ ਸਿਰ ਨਾਲ ਸਿਰ ਭੇੜਦੇ ਹੋਏ ਗਾਲ੍ਹਾਂ ਦੀ ਭਰਮਾਰ ਕਰ ਦਿੱਤੀ। ਉਹ ਕਹਿੰਦਾ ਰਿਹਾ: ਰੰਡੀਬਾਜ਼ ਕਰਨੀ ਹੈ ਤਾਂ ਅੰਦਰ ਆਓ। ਤ੍ਰਿਸ਼ੰਕੂ ਦੀ ਸਥਿਤੀ ਵਾਲੇ ਦੀਪ ਚੰਦ ਉਸਦੇ ਵਾਰ ਤੋਂ ਸਾਫ਼-ਸਾਫ਼ ਬਚ ਗਏ। ਮੈਂ ਉਸ ਵਿਅਕਤੀ ਦੇ ਹੱਥ-ਪੈਰ ਜੋੜਦਾ ਰਿਹਾ। ਜਿਵੇਂ-ਕਿਵੇਂ ਉਸ ਤੋਂ ਛੁਟਕਾਰਾ ਪਾ ਕੇ ਅਸੀਂ ਤੇਜ਼ੀ ਨਾਲ ਭੱਜਦੇ ਹੋਏ ਆਜ਼ਮਗੜ੍ਹ ਚੌਂਕ ਵਿੱਚ ਦਾਖਲ ਹੋ ਗਏ। ਕਿਸੇ ਨੂੰ ਪਿੱਛੇ ਆਉਂਦਾ ਨਾ ਦੇਖ ਕੇ ਬਹੁਤ ਰਾਹਤ ਮਹਿਸੂਸ ਹੋਈ। ਚੌਂਕ ’ਚ ਪਹੁੰਚ ਕੇ ਮੈਂ ਦੇਵ ਨਾਰਾਇਣ ’ਤੇ ਟੁੱਟ ਪਿਆ। ਜਵਾਬ ਵਿੱਚ ਉਹ ਸਿਰਫ਼ ਹੱਸਦੇ ਰਹੇ ਅਤੇ ਕਹਿਣ ਲੱਗੇ ਕਿ: ਇਸ ਟਾਈਮ ਦਾ ਮਜ਼ਾ ਲੈਣਾ ਚਾਹੀਦਾ, ਚਾਲੀ-ਪੰਜਾਹ ਸਾਲ ਬਾਅਦ ਸੋਚ ਕੇ ਦੇਖੀ, ਤਾਂ ਬਹੁਤ ਮਜ਼ਾ ਆਊਗਾ। ਇਸ ਘਟਨਾ ਤੋਂ ਬਾਅਦ ਮੈਂ ਕਈ ਦਿਨਾਂ ਤੱਕ ਮਾਨਸਿਕ ਪਰੇਸ਼ਾਨੀ ਨਾਲ ਜੂਝਦਾ ਰਿਹਾ। ਪਰ 45 ਸਾਲ ਬਾਅਦ ਇਸ ਨੂੰ ਸੋਚਦਾ ਹਾਂ ਕਿ ਦੇਵ ਨਾਰਾਇਣ ਨੇ ਬਿਲਕੁਲ ਸਹੀ ਕਿਹਾ ਸੀ। ਕਾਲੀਨਗੰਜ ਦੇ ਸੰਦਰਭ ਵਿੱਚ ਵਿਨੈਪਿਟਕ ਵਿੱਚ ਵਰਣਿਤ ਭੱਦਰ-ਲੋਕ ਕਥਾ ਯਾਦ ਆਉਂਦੀ ਹੈ। ਗੌਤਮ ਬੁੱਧ ਸਾਰਨਾਥ ਉਰੂਬੇਲਾ ਭਾਵ ਬੋਧਗਯਾ ਵੱਲ ਵਾਪਸ ਮੁੜ ਰਹੇ ਸੀ। ਰਸਤੇ ਵਿੱਚ ਇੱਕ ਸੰਘਣਾ ਜੰਗਲ ਸੀ। ਉੱਥੇ ਬੁੱਧ ਇੱਕ ਦਰਖ਼ੱਤ ਦੇ ਥੱਲੇ ਬੈਠ ਗਏ। ਅਚਾਨਕ ਉੱਥੋਂ ਤੀਹ ਵਿਅਕਤੀਆਂ ਦਾ ਇੱਕ ਝੁੰਡ ਲੰਘਿਆ। ਬਚਿੱਤਰ ਬੁੱਧ ਨੂੰ ਦੇਖ ਕੇ ਇਨ੍ਹਾਂ ਵਿਅਕਤੀਆਂ ਨੇ ਉਹਨਾਂ ਨੂੰ ਪੁੱਛ ਲਿਆ ਕਿ ਉਨ੍ਹਾਂ ਨੇ ਓਧਰੋਂ ਲੰਘਦੀ ਕਿਸੇ ਔਰਤ ਨੂੰ ਦੇਖਿਆ ਹੈ। ਬੁੱਧ ਨੇ ਉਨ੍ਹਾਂ ਨੂੰ ਪੂਰਾ ਵਿਵਰਣ ਪੁੱਛਿਆ। ਇਨ੍ਹਾਂ ਤੀਹਾਂ ਨੇ ਦੱਸਿਆ ਕਿ ਉਹ ਆਪਣੀਆਂ ਪਤਨੀਆਂ ਦੇ ਨਾਲ ਮਨੋਰੰਜਨ ਲਈ ਇਸ ਵਣ ਖੰਡ ਵਿੱਚ ਆਏ ਸੀ ਪਰ ਇਨ੍ਹਾਂ ਵਿੱਚੋਂ ਇੱਕ ਬਿਨ੍ਹਾਂ ਪਤਨੀ ਦੇ ਸੀ, ਇਸ ਲਈ ਉਸਦੇ ਲਈ ਇੱਕ ਵੇਸਵਾ ਲਿਆਈ ਗਈ ਸੀ। ਉਨ੍ਹਾਂ ਨੇ ਅੱਗੇ ਦੱਸਿਆ ਕਿ ਜਦੋਂ ਉਹ ਸਾਰੇ ਸ਼ਰਾਬ ਦੇ ਨਸ਼ੇ ਵਿੱਚ ਇੱਧਰ-ਉੱਧਰ ਘੁੰਮ ਰਹੇ ਸੀ ਤਾਂ ਉਹ ਵੇਸਵਾ ਸਾਰੇ ਗਹਿਣੇ ਆਦਿ ਲੈ ਕੇ ਕਿਤੇ ਭੱਜ ਗਈ। ਇਸ ਲਈ ਉਹ ਉਸੇ ਔਰਤ ਨੂੰ ਲੱਭ ਰਹੇ ਸੀ। ਇਸ ’ਤੇ ਬੁੱਧ ਨੇ ਉਨ੍ਹਾਂ ਤੀਹਾਂ ਵਿਅਕਤੀਆਂ ਨੂੰ ਕਿਹਾ ਕਿ ਤੁਸੀਂ ਸਾਰੇ ਉਸ ਔਰਤ ਨੂੰ ਲੱਭਣਾ ਚਾਹੁੰਦੇ ਹੋ ਜਾਂ ਖੁਦ ਨੂੰ? ਬੁੱਧ ਦੇ ਇਸ ਦਾਰਸ਼ਨਿਕ ਪ੍ਰਸ਼ਨ ਨੂੰ ਸੁਣ ਕੇ ਇਨ੍ਹਾਂ ਤੀਹਾਂ ਵਿਅਕਤੀਆਂ ਦੀ ਸੰਵੇਦਨਾ ਜਾਗ ਉੱਠੀ ਅਤੇ ਉਹ ਬੁੱਧ ਦਾ ਉਪਦੇਸ਼ ਸੁਣ ਕੇ ਭਿਕਸ਼ੂ ਬਣ ਗਏ। ਬਾਅਦ ਵਿੱਚ ਅੱਗੇ ਚੱਲ ਕੇ ਉਹ ‘ਭੱਦਰ-ਸ਼੍ਰੇਣੀ ਭਿਕਸ਼ੂ’ ਕਹਾਏ। ਸੰਭਵ ਹੀ ਜੇ ਅਸੀਂ ਤਿੰਨੋਂ ਉਨ੍ਹਾਂ ਦੇ ਨਾਲ ਹੁੰਦੇ ਤਾਂ ਭੱਦਰ-ਸ਼੍ਰੇਣੀ ਭਿਕਸ਼ੂਆਂ ਦੀ ਸ਼੍ਰੇਣੀ ਵਿੱਚ ਜ਼ਰੂਰ ਆ ਗਏ ਹੁੰਦੇ। ਇਸ ਘਟਨਾ ਤੋਂ ਇੱਕ ਮਹੀਨੇ ਬਾਅਦ ਦੀਪ ਚੰਦ ਮੇਰੇ ਕੋਲ ਫਿਰ ਆਏ। ਆਰਥਕ ਪ੍ਰੇਸ਼ਾਨੀਆਂ ਨਾਲ ਪੜ੍ਹਾਈ ਛੁੱਟ ਜਾਣ ਦੀ ਸ਼ੰਕਾ ਨਾਲ ਮੈਂ ਹਮੇਸ਼ਾਂ ਘਿਰਿਆਂ ਰਹਿੰਦਾ।

ਮੈਂ ਆਜ਼ਮਗੜ੍ਹ ਦੇ ਕੁੱਝ ਵਿਦਿਆਰਥੀਆਂ ਤੋਂ ਸੁਣਿਆ ਸੀ ਕਿ ਜੋ ਲੋਕ ਈਸਾਈ ਬਣ ਜਾਂਦੇ ਹਨ, ਉਨ੍ਹਾਂ ਨੂੰ ਚਰਚ ਵਾਲੇ ਪੜ੍ਹਾਈ-ਲਿਖਾਈ ਦਾ ਪੂਰਾ ਖਰਚਾ ਦਿੰਦੇ ਹਨ। ਉਦਾਹਰਣ ਦੇ ਤੌਰ ’ਤੇ ਸ਼ਹਿਰ ਦੇ ਪ੍ਰਸਿੱਧ ਮਿਸ਼ਨ ਕਾਲਜ ਦੇ ਪ੍ਰਿੰਸੀਪਲ ਵਿਲੀਅਮ ਥਿਊਪਲੱਸ ਦਾ ਨਾਮ ਲੈਂਦੇ ਸੀ। ਉਨ੍ਹਾਂ ਦੇ ਅਨੁਸਾਰ ਥਿਊਪਲੱਸ ਆਪਣੇ ਆਰੰਭਿਕ ਜੀਵਨ ਵਿੱਚ ਕਿਸੇ ਚੂਹੇਮਾਰ ਦੇ ਅਨਾਥ ਬਾਲਕ ਸੀ। ਆਪਣੇ ਬਚਪਨ ਵਿੱਚ ਉਹ ਇੱਕ ਦਿਨ ਆਜ਼ਮਗੜ੍ਹ ਤੋਂ ਮਊ ਜਾਣ ਵਾਲੀ ਸੜਕ ’ਤੇ ਡਿੱਗਿਆ ਸ਼ੀਰਾ ਚੱਟ ਰਹੇ ਸੀ, ਇਸ ਦੌਰਾਨ ਉਸੇ ਸੜਕ ਤੋਂ ਕਿਸੇ ਚਰਚ ਦਾ ਪਾਦਰੀ ਲੰਘ ਰਿਹਾ ਸੀ। ਉਹ ਇਸ ਬਾਲਕ ਨੂੰ ਆਪਣੇ ਨਾਲ ਲੈ ਗਏ ਅਤੇ ਖ਼ੂਬ ਪੜ੍ਹਾਇਆ-ਲਿਖਾਇਆ। ਬਾਅਦ ਵਿੱਚ ਇਹੀ ਬਾਲਕ ਆਜ਼ਮਗੜ੍ਹ ਦੇ ਸਭ ਤੋਂ ਲੋਕਪ੍ਰਿਯ ਕਾਲਜ ਦਾ ਪ੍ਰਿੰਸੀਪਲ ਬਣਿਆ। ਥਿਊਪਲੱਸ ਦੇ ਨਾਲ ਜੁੜੀ ਇਸ ਕਹਾਣੀ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ ਅਤੇ ਮਨ ਹੀ ਮਨ ਠਾਣ ਲਿਆ ਕਿ ਮੈਂ ਵੀ ਈਸਾਈ ਬਣਾਂਗਾਂ ਤਾਂ ਕਿ ਅੱਗੇ ਦੀ ਪੜ੍ਹਾਈ ਜਾਰੀ ਰੱਖਾਂ। ਸਿਰਫ਼ ਆਜ਼ਮਗੜ੍ਹ ਰੋਡਵੇਜ਼ ਦੇ ਕੋਲ ਇੱਕ ਚਰਚ ਸੀ। ਮੈਂ ਰਾਤ ਨੂੰ ਖਾਣਾ ਖਾਣ ਤੋਂ ਬਾਅਦ ਦੀਪਚੰਦ ਨਾਲ ਈਸਾਈ ਬਣਨ ਦੇ ਇਰਾਦੇ ਨੂੰ ਜ਼ਾਹਿਰ ਕੀਤਾ ਅਤੇ ਤੁਰੰਤ ਚਰਚ ਜਾਣ ਦੀ ਜਿੱਦ ਕਰਨ ਲੱਗਾ। ਦੀਪ ਚੰਦ ਮੈਨੂੰ ਸਮਝਾਉਂਦੇ ਰਹੇ ਕਿ ਈਸਾਈ ਬਣਨ ਦਾ ਇਰਾਦਾ ਛੱਡ ਦੇਵਾਂ। ਪਰ ਮੈਂ ਸ਼ੰਕਰ ਦੀ

ਮੂਰਤੀ ਦੇ ਕੋਲੋਂ ਇੱਕ ਰਿਕਸ਼ਾ ਫੜ੍ਹ ਕੇ ਰੋਡਵੇਜ਼ ਸਥਿਤ ਚਰਚ ਲਈ ਰਵਾਨਾ ਹੋ ਗਿਆ। ਦੀਪ ਚੰਦ ਮੇਰੇ ਨਾਲ ਚਸ਼ਮਦੀਦ ਦੇ ਰੂਪ ਵਿੱਚ ਗਏ। ਜਦੋਂ ਮੈਂ ਰਾਤ ਦੇ ਕਰੀਬ ਨੌਂ ਵਜੇ ਚਰਚ ਪਹੁੰਚਿਆ ਤਾਂ ਉਸਦੇ ਵਿਸ਼ਾਲ ਲੋਹੇ ਦੇ ਫਾਟਕ ਤੇ ਬਹੁਤ ਵੱਡਾ ਜਿੰਦਾ ਲੱਗਿਆ ਹੋਇਆ ਸੀ। ਐਤਵਾਰ ਦਾ ਦਿਨ ਸੀ। ਮੈਂ ਅਤਿਅੰਤ ਨਿਰਾਸ਼ ਹੋ ਕੇ ਚਰਚ ਤੋਂ ਮੁੜਿਆ ਸੀ। ਜੇਕਰ ਉਸ ਦਿਨ ਚਰਚ ਦੇ ਪਾਦਰੀ ਨਾਲ ਮੁਲਾਕਾਤ ਹੋ ਜਾਂਦੀ ਤਾਂ ਮੈਂ ਆਪਣੀ ਸਥਿਤੀ ਦਾ ਬਿਆਨ ਕਰ ਸਮੱਸਿਆ ਦਾ ਹੱਲ ਮਿਲਦੇ ਹੀ ਜ਼ਰੂਰ ਈਸਾਈ ਬਣ ਗਿਆ ਹੁੰਦਾ। ਚਰਚ ਦੇ ਉਸ ਵੱਡੇ ਜ਼ਿੰਦੇ ਨੇ ਮੰਜ਼ਿਲ ਬਦਲ ਦਿੱਤੀ। ਦੀਪ ਚੰਦ ਉਸ ਰਾਤ ਬਹੁਤ ਖ਼ੁਸ਼ ਹੋਏ ਸੀ ਕਿਉਂਕਿ ਉਹ ਕੱਟੜ ਹਿੰਦੂਵਾਦੀ ਸੀ। ਦੂਸਰੇ ਦਿਨ ਈਸਾਈ ਨਾ ਬਣਨ ਦਾ ਭਰੋਸਾ ਲੈ ਕੇ ਉਹ ਚੰਡੇਸਰ ਵਾਪਸ ਮੁੜ ਗਏ, ਜਿੱਥੇ ਉਹ ਸਿੱਖਿਅਕ ਸੀ।

ਉੱਧਰ ਡੀ.ਏ.ਵੀ ਕਾਲਜ ਦਾ ਮਾਹੌਲ ਠੀਕ ਨਹੀਂ ਸੀ। ਮੈਨੂੰ ਵਾਰ-ਵਾਰ ਪਛਤਾਵਾ ਹੁੰਦਾ ਕਿ ਰਾਮ ਖਿਲਾਵਨ ਮਾਮਾ ਨੇ ਮੈਨੂੰ ਕਿੱਥੇ ਲਿਆ ਕੇ ਫਸਾ ਦਿੱਤਾ। ਆਰ.ਐੱਸ.ਐੱਸ ਦਾ ਹਿੰਦੂਵਾਦੀ ਦਰਸ਼ਨ ਮੈਨੂੰ ਬੇਚੈਨ ਕਰ ਦਿੰਦਾ ਸੀ। ਡੀ.ਏ.ਵੀ. ਦੇ ਪ੍ਰਿੰਸੀਪਲ ਤੋਂ ਲੈ ਕੇ ਚਪੜਾਸੀ ਤੱਕ ਆਰ.ਐੱਸ.ਐੱਸ ਨਾਲ ਜੁੜੇ ਹੋਏ ਸੀ। ਵਾਰ-ਵਾਰ ਅੰਬੇਡਕਰ ਹੋਸਟਲ ਦੇ ਮੈੱਸ ਵਿੱਚ ਖਾਣਾ ਬੰਦ ਹੋਣਾ ਅਤੇ ਢੁੱਕੂ ਦੀਆਂ ਪਕੌੜੀਆਂ ਉਧਾਰ ਨਾ ਮਿਲਣ ਦੀ ਸਥਿਤੀ ਵਿੱਚ ਮੈਂ ਬਿਲਕੁਲ ਘਬਰਾ ਗਿਆ ਸੀ। ਸਿਰਫ਼ ਇੱਕ ਹੀ ਸਹਾਰਾ ਸੀ ਸਰਕਾਰ ਤੋਂ ਮਿਲਣ ਵਾਲੀ ਜ਼ਰੂਰੀ ਸਕਾਲਰਸ਼ਿਪ, ਜੋ 27 ਰੁਪਏ ਮਾਸਿਕ ਹੋਇਆ ਕਰਦੀ ਸੀ। 27 ਰੁਪਏ ਦੀ ਇਹ ਧੰਨ ਰਾਸ਼ੀ ਉਸ ਜ਼ਮਾਨੇ ਵਿੱਚ ਮਾਸਿਕ ਖਰਚ ਦੇ ਲਈ ਕਾਫ਼ੀ ਸਨ। ਪਰ ਇਹ ਬਹੁਤ ਦੇਰ ਨਾਲ ਮਿਲਦੀ ਸੀ। ਕਰੀਬ ਨੌਂ ਮਹੀਨੇ ਬਾਅਦ ਮਾਰਚ 1965 ਵਿੱਚ ਪਹਿਲੀ ਵਾਰ ਛੇ ਮਹੀਨਿਆਂ ਦੀ ਸਕਾਲਰਸ਼ਿਪ ਦੇ 162 ਰੁਪਏ ਮੈਨੂੰ ਮਿਲੇ। ਮੈਂ ਬਹੁਤ ਖ਼ੁਸ਼ ਹੋਇਆ। ਇਹ ਹਾਈ ਸਕੂਲ ਪਾਸ ਕਰਨ ਤੋਂ ਕਿਤੇ ਜ਼ਿਆਦਾ ਵੱਡੀ ਖ਼ੁਸ਼ੀ ਸੀ। ਮੈਂ ਸੋਚਿਆ ਕਿ ਅੱਗੇ ਭੁੱਖਮਰੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਅਤੇ ਪੜ੍ਹਾਈ ਚੰਗੀ ਤਰ੍ਹਾਂ ਜਾਰੀ ਰਹਿ ਸਕੇਗੀ। ਉਸ ਸਮੇਂ ਮੇਰੀ ਕਲਾਸ ਦੇ ਸਭ ਤੋਂ ਗੂੜ੍ਹੇ ਦੋਸਤ ਸੀ ਦੇਵਰਾਜ ਸਿੰਘ। ਉਹ ਬਸਤੀ ਜ਼ਿਲ੍ਹੇ ਦੇ ਰਹਿਣ ਵਾਲੇ ਸੀ। ਉਹ ਡੀ.ਏ.ਵੀ ਕਾਲਜ ਵਿੱਚ ਇਸ ਲਈ ਪੜ੍ਹਨ ਆਉਂਦੇ ਸੀ ਕਿਉਂਕਿ ਉਨ੍ਹਾਂ ਦੇ ਵੱਡੇ ਭਰਾ ਆਜ਼ਮਗੜ੍ਹ ਵਿੱਚ ਸਪਲਾਈ ਅਫ਼ਸਰ ਦੇ ਰੂਪ ਵਿੱਚ ਨਿਯੁਕਤ ਸਨ। ਉਹ ਕਾਫ਼ੀ ਅਮੀਰ ਪਰਿਵਾਰ ਦੇ ਸੀ। ਦੇਵਰਾਜ ਸਿੰਘ ਅਕਸਰ ਮੇਰੇ ਅੰਬੇਡਕਰ ਹੋਸਟਲ ਵਿੱਚ ਮੈਨੂੰ ਮਿਲਣ ਆਉਂਦੇ ਅਤੇ ਮੈਂ ਢੁੱਕੂ ਦੀਆਂ ਪਕੌੜੀਆਂ ਨਾਲ ਉਨ੍ਹਾਂ ਦਾ ਸਵਾਗਤ ਕਰਦਾ। ਇੱਕ ਪਰੰਪਰਾ ਅਨੁਸਾਰ ਲੇਟ ਮਿਲਣ ਵਾਲੀ ਉਸ ਸਕਾਲਰਸ਼ਿਪ ਦਾ ਪੂਰਾ ਬਿਊਰਾ ਕਾਲਜ ਦੇ ਨੋਟਿਸ ਬੋਰਡ 'ਤੇ ਲਾ ਦਿੱਤਾ ਜਾਂਦਾ ਸੀ ਜਿਸ ਨਾਲ ਸਾਰਿਆਂ ਨੂੰ ਪਤਾ ਲੱਗ ਜਾਂਦਾ ਸੀ ਕਿ ਕਿਸਨੂੰ ਕਿੰਨੇ ਰੁਪਏ ਮਿਲੇ। ਜਿਸ ਦਿਨ ਮੈਨੂੰ 162 ਰੁਪਏ ਮਿਲੇ, ਉਸ ਦੇ ਠੀਕ ਦੂਸਰੇ ਦਿਨ ਦੇਵ ਰਾਜ ਸਿੰਘ ਕਾਲਜ ਜਾਣ ਤੋਂ ਥੋੜ੍ਹਾ ਪਹਿਲਾਂ ਅੰਬੇਡਕਰ ਹੋਸਟਲ ਆਏ। ਹਮੇਸ਼ਾਂ ਦੀ ਤਰ੍ਹਾਂ ਉਸ ਦਿਨ ਵੀ ਢੁੱਕੂ ਦੀਆਂ ਪਕੌੜੀਆਂ ਨੇ ਉਸਦਾ ਸਵਾਗਤ ਕੀਤਾ। ਜਿਸ ਤੋਂ ਬਾਅਦ ਅਸੀਂ ਦੋਨੋਂ ਮਾਤਬਰਗੰਜ ਦੇ ਵਿੱਚ ਵਾਲੇ ਸ਼ਾਰਟਕੱਟ ਰਸਤੇ ਤੋਂ ਡੀ.ਏ.ਵੀ. ਕਾਲਜ ਲਈ ਰਵਾਨਾ ਹੋ ਗਏ। ਕਾਲਜ ਤੋਂ ਥੋੜ੍ਹਾ ਪਹਿਲਾਂ ਇੱਕ ਏਕੜ ਵਾਲਾ ਇੱਕ ਸੁੰਨਸਾਨ ਮੈਦਾਨ ਸੀ। ਉਸ ਮੈਦਾਨ ਦੇ ਵਿੱਚੋਂ ਡੀ.ਏ.ਵੀ. ਕਾਲਜ ਲਈ ਰਸਤਾ ਲੰਘਦਾ ਸੀ। ਦੇਵਰਾਜ ਸਿੰਘ ਬਹੁਤ ਸਾਧਾਰਨ ਢੰਗ ਨਾਲ ਮੇਰੇ ਨਾਲ ਗੱਪਾ ਮਾਰਦੇ ਤੁਰੇ ਜਾ ਰਹੇ ਸੀ। ਜਦੋਂ ਉਸ ਮੈਦਾਨ ਦੇ ਵਿਚਕਾਰ ਪਹੁੰਚੇ ਤਾਂ ਦੇਵਰਾਜ ਸਿੰਘ ਅਚਾਨਕ ਬੋਲ ਪਏ: ਤੁਸੀਂ ਦੋਸਤੀ ਲਈ ਕੀ-ਕੀ ਕਰ ਸਕਦੇ ਹੋ? ਇਸ ਤਰ੍ਹਾਂ ਦੇ ਪ੍ਰਸ਼ਨ 'ਤੇ ਮੈਨੂੰ ਹੈਰਾਨੀ ਤਾਂ ਜ਼ਰੂਰ ਹੋਈ ਪਰ ਕਹਿ ਦਿੱਤਾ ਕਿ ਦੋਸਤੀ ਦੇ ਲਈ ਮੈਂ ਜਾਨ ਵੀ ਦੇ ਸਕਦਾ ਹਾਂ। ਇਨ੍ਹਾਂ ਸੁਣਦੇ ਹੀ ਦੇਵਰਾਜ ਸਿੰਘ ਅਚਾਨਕ ਇੱਕ ਰਾਮਪੁਰੀ ਚਾਕੂ ਮੇਰੇ ਸੀਨੇ 'ਤੇ ਲਾ ਕੇ ਕਹਿਣ ਲੱਗੇ, ਤੇਰੀ ਜੇਬ ਵਿੱਚ ਕੱਲ੍ਹ ਮਿਲੇ 162 ਰੁਪਏ ਮੌਜੂਦ ਹਨ, ਉਸ ਵਿੱਚੋਂ 81 ਰੁਪਏ ਮੈਨੂੰ ਦੇ ਦੇ ਅਤੇ ਬਾਕੀ ਨਾਲ ਆਪਣਾ ਖਰਚਾ ਚਲਾਵਾਂ, ਨਹੀਂ ਤਾਂ ਦੋਸਤੀ ਲਈ ਆਪਣਾ ਵਚਨ ਪੂਰਾ ਕਰਨ ਲਈ ਮੈਂ ਤਿਆਰ ਹੋ ਜਾਵਾਂ ਭਾਵ ਮੈਂ ਜਾਨ ਗਵਾਉਣ



ਲਈ ਤਿਆਰ ਹੋ ਜਾਵਾਂ। ਉਨ੍ਹਾਂ ਦਾ ਅਚਾਨਕ ਪਰਿਵਰਤਿਤ ਰੂਪ ਦੇਖ ਕੇ ਮੈਂ ਹੱਕਾ-ਬੱਕਾ ਰਹਿ ਗਿਆ ਅਤੇ ਝੱਟ ਉਸਨੂੰ 81 ਰੁਪਏ ਸੌਂਪ ਦਿੱਤੇ। ਬਾਕੀ ਪੰਜ ਮਿੰਟ ਦਾ ਰਸਤਾ ਅਸੀਂ ਦੋਨਾਂ ਨੇ ਨਾਲ-ਨਾਲ ਪਰ ਪੂਰਨ ਰੂਪ ਵਿੱਚ ਮੌਨਧਾਰੀ ਦੇ ਰੂਪ ਵਿੱਚ ਤੈਅ ਕੀਤਾ। ਉੱਪਰੋਂ ਗੂੜ੍ਹਾ ਦੋਸਤ ਅਤੇ ਅੰਦਰੋਂ ਉਸਦੇ ਇਸ ਰੂਪ ਨਾਲ ਮੈਂ ਬਹੁਤ ਸ਼ਰਮ ਮਹਿਸੂਸ ਕਰਨ ਲੱਗਾ। ਹਮੇਸ਼ਾਂ ਇਹ ਸੋਚ ਕੇ ਚਿੰਤਿਤ ਹੋ ਜਾਂਦਾ ਕਿ ਪਤਾ ਲੱਗਣ ਤੇ ਲੋਕਾਂ ਵਿੱਚ ਮੈਨੂੰ ਕਿੰਨਾ ਸ਼ਰਮਿੰਦਾ ਹੋਣਾ ਪਵੇਗਾ। ਹੋਸਟਲ ਦੇ ਵਿਦਿਆਰਥੀ ਇਹੀ ਕਹਿਣਗੇ ਕਿ ਠਾਕੁਰਾਂ ਨਾਲ ਦੋਸਤੀ ਦਾ ਅਜਿਹਾ ਹੀ ਨਤੀਜਾ ਹੁੰਦਾ ਹੈ, ਇਹ ਸੋਚ ਕੇ ਮੈਂ ਇਸ ਘਟਨਾ ਦਾ ਜ਼ਿਕਰ ਕਿਸੇ ਨਾਲ ਨਹੀਂ ਕੀਤਾ। ਕਈ ਵਿਦਿਆਰਥੀ ਗ਼ੈਰ-ਦਲਿਤਾਂ ਨਾਲ ਮੇਰੀ ਦੋਸਤੀ 'ਤੇ ਪਹਿਲਾਂ ਵੀ ਉਂਗਲ ਚੁੱਕ ਚੁੱਕੇ ਸੀ। ਉਸ ਬੁਰੀ ਸਥਿਤੀ ਵਿੱਚ 81 ਰੁਪਏ ਦਾ ਇਸ ਤਰ੍ਹਾਂ ਖੋਹੇ ਜਾਣਾ ਮੇਰੇ ਲਈ ਇੱਕ ਵੱਡਾ ਸੰਕਟ ਸੀ। ਵਿਸ਼ਵਾਸ ਨਹੀਂ ਹੋ ਰਿਹਾ ਸੀ ਕਿ ਦੇਵਰਾਜ ਸਿੰਘ ਵਰਗਾ ਦੋਸਤ ਮੇਰੇ ਨਾਲ ਅਜਿਹਾ ਵਿਵਹਾਰ ਕਰ ਸਕਦਾ ਸੀ। ਮੈਂ ਅੱਗੇ ਤੋਂ ਵੀ ਡਰਦਾ ਰਿਹਾ ਕਿ ਜਦੋਂ ਵੀ ਸਕਾਲਰਸ਼ਿਪ ਮਿਲੇਗੀ ਤਾਂ ਉਸਦਾ ਅੱਧਾ ਹਿੱਸਾ ਦੇਵਰਾਜ ਸਿੰਘ ਜ਼ਰੂਰ ਖੋਹ ਲੈਣਗੇ ਪਰ ਭਲਾ ਹੋਵੇ ਉਸਦਾ, ਉਸਨੇ ਕਦੇ ਦੁਬਾਰਾ ਅਜਿਹਾ ਨਹੀਂ ਕੀਤਾ। ਹੁੰਦਾ ਇਹ ਸੀ ਕਿ ਛੇ-ਅੱਠ ਮਹੀਨੇ ਬਾਅਦ ਜਿੰਨੀ ਸਕਾਲਰਸ਼ਿਪ ਮਿਲਦੀ, ਉਸ ਤੋਂ ਕਿਤੇ ਵੱਧ ਇੱਧਰ-ਉੱਧਰ ਤੋਂ ਮੈਂ ਉਧਾਰ ਲੈ ਲਿਆ ਕਰਦਾ ਸੀ। ਨਤੀਜੇ ਵਜੋਂ ਸਾਰਾ ਪੈਸਾ ਉਧਾਰ ਮੋੜਨ ਵਿੱਚ ਹੀ ਖੱਪ ਜਾਂਦਾ ਸੀ। ਪਰ ਦੇਵਰਾਜ ਸਿੰਘ ਦੁਆਰਾ ਖੋਹੇ ਗਏ ਪੈਸੇ ਨਾਲ ਉਤਪੰਨ ਪਰਿਸਥਿਤੀ ਕਰਕੇ ਭਵਿੱਖ ਲਈ ਵੀ ਮੇਰੇ ਭੁੱਖ-ਮਰੀ ਦਾ ਅੰਤ ਨਹੀਂ ਹੋਇਆ। ਇਸ ਘਟਨਾ ਨੂੰ ਬੀਤੇ 45 ਸਾਲ ਹੋ ਗਏ ਦੇਵਰਾਜ ਸਿੰਘ ਨਾਲ ਦੁਬਾਰਾ ਕਦੇ ਮੁਲਾਕਾਤ ਨਹੀਂ ਹੋਈ। ਪਰ ਕਦੇ ਮਿਲ ਗਏ ਤਾਂ ਮੈਂ ਉਨ੍ਹਾਂ ਦਾ ਸਵਾਗਤ ਪਕੌੜੀਆਂ ਨਾਲ ਜ਼ਰੂਰ ਕਰਾਂਗਾ।

ਇਸ ਦੌਰਾਨ ਮੈਨੂੰ ਪਹਿਲੀ ਵਾਰ ਸ਼ਰਾਬ ਪਿਲਾਉਣ ਵਾਲੇ ਲਾਲ ਬਹਾਦਰ ਸਿੰਘ ਦੋ-ਤਿੰਨ ਮਹੀਨੇ ਵਿੱਚ ਇੱਕ ਵਾਰ ਮੈਨੂੰ ਮਿਲਣ ਅੰਬੇਡਕਰ ਹੋਸਟਲ ਜ਼ਰੂਰ ਆ ਜਾਂਦੇ ਸੀ। ਉਨ੍ਹਾਂ ਦੇ ਆਉਂਦੇ ਹੀ ਪੁਰਾਣੀ ਮਹਿਫ਼ਲ ਫਿਰ ਸ਼ੁਰੂ ਹੋ ਜਾਂਦੀ ਸੀ। ਉਨ੍ਹਾਂ ਦੇ ਨਾਲ ਹੀ ਪਹਿਲੀ ਵਾਰ ਅੰਬੇਡਕਰ ਹੋਸਟਲ ਦੇ ਨਾਲ ਵਾਲੇ ਤਾੜੀਖਾਨੇ ਵਿੱਚ ਬੈਠ ਕੇ ਤਾੜੀ ਪੀਤੀ। ਪਰ ਲਾਲ ਬਹਾਦਰ ਸਿੰਘ ਨੂੰ ਦੇਸੀ ਸ਼ਰਾਬ ਪੀਤੇ ਬਿਨਾਂ ਮਜ਼ਾ ਨਹੀਂ ਆਉਂਦਾ ਸੀ। ਉਹ ਮੈਨੂੰ ਆਜ਼ਮਗੜ੍ਹ ਦੇ ਰੋਡਵੇਜ਼ ਦੇ ਕੋਲੋਂ ਲੰਘਦੀ ਟੌਂਸ ਨਦੀ ਦੇ ਨਵੇਂ ਪੁਲ਼ ਦੇ ਉਸ ਪਾਰ ਇੱਕ ਪਿੰਡ ਵਿੱਚ ਸਥਿਤ ਸ਼ਰਾਬਖਾਨੇ ਵਿੱਚ ਲੈ ਜਾਂਦੇ ਅਤੇ ਉੱਥੇ ਮਹਿਫ਼ਲ ਲੱਗ ਜਾਂਦੀ ਸੀ। ਇੱਕ ਵਾਰ ਉਹ ਆਪਣੀ ਪਤਨੀ ਦੇ ਸੋਨੇ ਦੇ ਕੰਗਣ ਲੈ ਕੇ ਮੇਰੇ ਕੋਲ ਆਏ। ਅਸੀਂ ਦੋਨੋਂ ਉਸ ਨੂੰ ਆਜ਼ਮਗੜ੍ਹ ਦੇ ਪ੍ਰਸਿੱਧ ਸੋਨਾ ਵਪਾਰੀ ਹਰੀਸ਼ ਚੰਦ ਦੀ ਦੁਕਾਨ ਤੇ 400 ਰੁਪਏ ਵਿੱਚ ਵੇਚ ਆਏ। ਲਾਲ ਬਹਾਦਰ ਸਿੰਘ ਓਦੋਂ ਤੱਕ ਮੇਰੇ ਕੋਲ ਰੁਕੇ ਰਹੇ ਜਦੋਂ ਤੱਕ ਕਿ ਇਹ ਪੈਸਾ ਖਤਮ ਨਹੀਂ ਹੋ ਗਿਆ। ਇਸ ਤਰ੍ਹਾਂ ਇੱਕ ਵਾਰ ਬਹੁਤ ਠੰਡ ਪੈ ਰਹੀ ਸੀ। ਦਸੰਬਰ 1964 ਦੀ ਗੱਲ ਹੈ। ਥੋੜ੍ਹੀ-ਥੋੜ੍ਹੀ ਬਾਰਿਸ਼ ਵੀ ਹੋ ਰਹੀ ਸੀ। ਉਸ ਸਮੇਂ ਲਾਲ ਬਹਾਦਰ ਸਿੰਘ 'ਹੁਣੇ ਆਉਂਦਾ ਹਾਂ' ਕਹਿ ਕੇ ਮੇਰੀ ਊਨੀ ਚਾਦਰ ਲੈ ਕੇ ਚਲੇ ਗਏ। ਕਰੀਬ ਦੋ ਘੰਟੇ ਬਾਅਦ ਉਹ ਵਾਪਸ ਜ਼ਰੂਰ ਆਏ ਪਰ ਚਾਦਰ ਗਾਇਬ ਸੀ ਅਤੇ ਉਨ੍ਹਾਂ ਨੇ ਇੱਕ ਦੇਸੀ ਦਾਰੂ ਦੀ ਬੋਤਲ ਮੇਰੇ ਸਾਹਮਣੇ ਰੱਖ ਦਿੱਤੀ। ਇਹ ਬੋਤਲ ਚਾਦਰ ਦੇ ਬਦਲੇ ਲਿਆਂਦੀ ਗਈ ਸੀ। ਮੈਨੂੰ ਬਹੁਤ ਦੁੱਖ ਹੋਇਆ ਕਿਉਂਕਿ ਉਸ ਚਾਦਰ ਤੋਂ ਇਲਾਵਾ ਮੇਰੇ ਕੋਲ ਉੱਪਰ ਲੈਣ ਲਈ ਕੁੱਝ ਵੀ ਨਹੀਂ ਸੀ। ਪਰ ਆਪਣੇ ਸਨੇਹ ਕਰਕੇ ਮੈਂ ਕੁੱਝ ਵੀ ਬੋਲ ਨਹੀਂ ਸਕਿਆ। ਉਹ ਠੰਡ ਬਹੁਤ ਮੁਸ਼ਕਿਲ ਨਾਲ ਲੰਘੀ ਸੀ।

ਲਾਲ ਬਹਾਦਰ ਸਿੰਘ ਦੁਬਾਰਾ ਠੀਕ 26 ਜਨਵਰੀ 1965 ਨੂੰ ਮੇਰੇ ਕੋਲ ਆਏ ਅਤੇ ਮੈਨੂੰ ਲੈ ਕੇ ਡਬਲਿਊ. ਟੀ. ਰੇਲ ਗੱਡੀ ਨਾਲ ਫ਼ੈਜਾਬਾਦ ਚਲੇ ਗਏ। ਉਨ੍ਹਾਂ ਦਾ ਸਹੁਰਾ ਫ਼ੈਜਾਬਾਦ ਜ਼ੰਕਸ਼ਨ 'ਤੇ ਖ਼ਜ਼ਾਨਚੀ ਸੀ। ਉੱਥੇ ਅਸੀਂ ਨਾਲ ਹੀ ਸਥਿਤ ਅਯੋਧਿਆ ਜਾ ਕੇ ਹਨੂੰਮਾਨ ਗੜ੍ਹੀ ਸਮੇਤ ਕਈ ਮੰਦਰਾਂ ਦੇ ਦਰਸ਼ਨ ਕੀਤੇ। ਉਸ ਸਮੇਂ ਹਨੂੰਮਾਨ ਗੜੀ ਦੀ ਇੱਕ ਘਟਨਾ ਮੇਰੇ ਲਈ ਯਾਦਗਾਰ ਬਣ ਗਈ। ਹੋਇਆ

ਇਹ ਕਿ ਮੈਂ ਪ੍ਰਸਾਦ ਨਾਲ ਭਰਿਆ ਹੋਇਆ ਡੂਨਾ ਹੱਥ ਵਿੱਚ ਲਈ ਖੜ੍ਹਾ ਸੀ। ਅਚਾਨਕ ਇੱਕ ਬਾਂਦਰ ਡੂਨੇ ਨੂੰ ਮੇਰੇ ਤੋਂ ਖੋਹ ਕੇ ਸਾਰੀਆਂ ਮਿਠਾਈਆਂ ਖਾ ਗਿਆ। ਅਯੁੱਧਿਆ ਘੁੰਮਣ ਤੋਂ ਬਾਅਦ ਅਸੀਂ ਦੁਬਾਰਾ ਫ਼ੈਜਾਬਾਦ ਮੁੜ ਆਏ। ਉੱਥੇ ਰੇਲਵੇ ਵਿੱਚ ਇੱਕ ਟਿਕਟ ਇੰਸਪੈਕਟਰ ਸੀ ਜੋ ਰੀਡ ਸਾਹਿਬ ਦੇ ਨਾਮ ਨਾਲ ਜਾਣੇ ਜਾਂਦੇ ਸੀ। ਰੀਡ ਸਾਹਿਬ ਦਾ ਸਰਕਾਰੀ ਘਰ ਸਟੇਸ਼ਨ ਦੇ ਠੀਕ ਸਾਹਮਣੇ ਸੀ। ਖ਼ਜ਼ਾਨਚੀ ਸਾਹਿਬ ਦੇ ਜਵਾਈ ਹੋਣ ਕਾਰਨ ਤੇਜ ਬਹਾਦਰ ਸਿੰਘ ਦੀ ਉਨ੍ਹਾਂ ਨਾਲ ਗੂੜ੍ਹੀ ਦੋਸਤੀ ਸੀ। ਇਸ ਦੋਸਤੀ ਦਾ ਇੱਕ ਕਾਰਨ ਇਹ ਵੀ ਸੀ ਕਿ ਰੀਡ ਸਾਹਿਬ ਲਾਲ ਬਹਾਦਰ ਦੀ ਹੀ ਤਰ੍ਹਾਂ ਪੀਣ ਦੇ ਬਹੁਤ ਸ਼ੌਕੀਨ ਸੀ। ਇਹੀ ਕਾਰਨ ਸੀ ਕਿ ਲਾਲ ਬਹਾਦਰ ਆਪਣੇ ਸਹੁਰੇ ਘਰ ਨਾ ਰੁਕ ਕੇ ਰੀਡ ਸਾਹਿਬ ਦੇ ਘਰ ਰੁਕੇ। ਉਸ ਰਾਤ ਰੀਡ ਸਾਹਿਬ ਨੇ ਸਾਨੂੰ ਦੋਨਾਂ ਨੂੰ ਸ਼ਰਾਬ ਨਾਲ ਤਰ ਕਰ ਦਿੱਤਾ ਸੀ। ਬਿਨਾਂ ਹੋਸ਼ੋ-ਹਵਾਸ ਦੇ ਅਸੀਂ ਸਾਰੀ ਰਾਤ ਰੀਡ ਸਾਹਿਬ ਦੇ ਘਰ ਸੁੱਤੇ ਰਹੇ। ਦੂਸਰੇ ਦਿਨ ਉਨ੍ਹਾਂ ਨੇ ਆਪ ਸਾਨੂੰ ਰੇਲ ਗੱਡੀ ਰਾਹੀਂ ਆਜ਼ਮਗੜ੍ਹ ਪਹੁੰਚਾਇਆ ਸੀ। ਇਸ ਘਟਨਾ ਦੇ ਕੁੱਝ ਹੀ ਦਿਨਾਂ ਬਾਅਦ ਮੇਰੇ ਪਿੰਡ ਦੇ 18 ਦਲਿਤ, ਜਿਸ ਵਿੱਚ ਰਾਮਰਾਜ, ਰਾਮ ਪਲਟ, ਸੰਪੰਨ, ਜੋਖੂ, ਨਿਠੂਰੀ ਆਦਿ ਸ਼ਾਮਿਲ ਸੀ, ਮੈਨੂੰ ਲੱਭਦੇ ਅੰਬੇਡਕਰ ਹੋਸਟਲ ਆ ਪਹੁੰਚੇ। ਉਨ੍ਹਾਂ ਨੂੰ ਦੇਖ ਕੇ ਮੈਂ ਦੰਗ ਰਹਿ ਗਿਆ। ਉਨ੍ਹਾਂ ਵਿਚੋਂ ਕਈਆਂ ਦੀਆਂ ਅੱਖਾਂ ਵਿਚੋਂ ਅੱਥਰੂ ਨਿਕਲ ਰਹੇ ਸੀ। ਉਨ੍ਹਾਂ ਤੋਂ ਸੁਣੀ ਸਭ ਤੋਂ ਵੱਧ ਹੈਰਾਨ ਕਰ ਦੇਣ ਵਾਲੀ ਗੱਲ ਇਹ ਸੀ ਕਿ ਪਿੰਡ ਦੇ ਹੀ ਇੱਕ ਬ੍ਰਾਹਮਣ ਵਿਜਈ ਪਾਂਡੇ ਨੇ ਚੀਟਿੰਗ ਦਾ ਮੁਕੱਦਮਾ ਦਰਜ ਕਰਕੇ ਇਨ੍ਹਾਂ ਸਾਰਿਆਂ ਦੇ ਵਿਰੁੱਧ ਕੋਰਟ ਦਾ ਵਰੰਟ ਜਾਰੀ ਕਰਾ ਦਿੱਤਾ ਸੀ, ਜਿਸ ਦੇ ਚਲਦੇ ਉਹ ਮੇਰੇ ਕੋਲ ਆਏ ਸੀ। ਉਹ ਸਾਰੀ ਰਾਤ ਮੇਰੇ ਕੋਲ ਅੰਬੇਡਕਰ ਹੋਸਟਲ ਵਿੱਚ ਰੁਕੇ ਅਤੇ ਆਪਣੇ ਨਾਲ ਲਿਆਏ ਰਾਸ਼ਨ ਨਾਲ ਖਾਣਾ ਬਣਾ ਕੇ ਖਾਧਾ। ਸਵੇਰੇ ਮੁਕੱਦਮੇ ਦੀ ਤਾਰੀਖ਼ ਸੀ। ਉਹ ਚੀਟਿੰਗ ਕੇਸ ਨੂੰ 'ਚਿਕਨਕੇਸ' ਕਹਿੰਦੇ ਸੀ। ਉਸ ਸਮੇਂ ਮੈਂ ਵੀ 'ਚਿਕਨਕੇਸ' ਹੀ ਕਹਿੰਦਾ ਸੀ। ਵਿਜਈ ਪਾਂਡੇ ਹਾਈ ਸਕੂਲ ਫੇਲ੍ਹ ਸੀ, ਪਰ ਟਾਈਪਿੰਗ ਸਿੱਖ ਕੇ ਆਜ਼ਮਗੜ੍ਹ ਕਚਿਹਰੀ ਵਿੱਚ ਟਾਈਪ ਕਰਨ ਦਾ ਕੰਮ ਕਰਦੇ ਸੀ। ਟਾਈਪਿੰਗ ਨਾਲ ਉਨ੍ਹਾਂ ਨੇ ਖ਼ੂਬ ਪੈਸਾ ਕਮਾਇਆ ਸੀ। ਪਿੰਡ ਦੇ ਦਲਿਤਾਂ ਨੇ ਇਕ ਵਾਰ ਫਿਰ ਮਜ਼ਦੂਰੀ ਆਦਿ ਨੂੰ ਲੈ ਕੇ ਹੜਤਾਲ ਕਰ ਦਿੱਤੀ ਸੀ, ਇਸ ਲਈ ਉਨ੍ਹਾਂ ਨੂੰ ਸਬਕ ਸਿਖਾਉਣ ਲਈ ਵਿਜਈ ਪਾਂਡੇ ਨੇ ਚੀਟਿੰਗ ਦਾ ਫ਼ਰਜ਼ੀ ਮੁਕੱਦਮਾ ਦਰਜ ਕਰਵਾ ਦਿੱਤਾ। ਸਹਿਮੇ ਹੋਏ ਸਾਰੇ ਦਲਿਤ ਜੱਜ ਦੇ ਸਾਹਮਣੇ ਰੋਣ ਲੱਗੇ। ਮੈਂ ਵੀ ਸਾਰਾ ਨਜ਼ਾਰਾ ਉੱਥੇ ਖੜ੍ਹਾ ਹੋ ਕੇ ਦੇਖ ਰਿਹਾ ਸੀ। ਦਲਿਤਾਂ ਦੀ ਇਸ ਸੁਭਾਵਿਕ ਪਰ ਨਿਰਦੋਸ਼ ਸਥਿਤੀ 'ਤੇ ਜੱਜ ਨੂੰ ਸੱਚ ਦਾ ਅਹਿਸਾਸ ਹੋਇਆ। ਸੋ ਉਨ੍ਹਾਂ ਨੇ ਸਾਰਿਆਂ ਨੂੰ ਬਰੀ ਕਰਦੇ ਹੋਏ ਕੇਸ ਨੂੰ ਖ਼ਾਰਜ ਕਰ ਦਿੱਤਾ। ਉਸ ਸਮੇਂ ਇਹ ਸਾਰੇ ਦਲਿਤ ਘਰ ਮੁੜਨ ਤੋਂ ਪਹਿਲਾਂ ਮੈਨੂੰ ਆਪਣੇ ਨਾਲ ਪਿੰਡ ਲੈ ਜਾਣ ਦੀ ਜਿੱਦ 'ਤੇ ਬਹੁਤ ਦੇਰ ਤੱਕ ਅੜੇ ਰਹੇ ਸੀ।

ਕਦੇ-ਕਦੇ ਬੀ.ਐਚ.ਯੂ ਤੋਂ ਤਪਸੀ ਰਾਮ ਦੀ ਚਿੱਠੀ ਆਉਂਦੀ ਅਤੇ ਉਹ ਮੈਨੂੰ ਵਾਰ-ਵਾਰ ਭਰੋਸਾ ਦਿੰਦੇ ਰਹਿੰਦੇ ਕਿ ਮੇਰੀ ਅੱਗੇ ਦੀ ਪੜ੍ਹਾਈ ਬੀ.ਐਚ.ਯੂ ਵਿੱਚ ਜ਼ਰੂਰ ਹੋਵੇਗੀ। ਉਹ ਸਹੀ ਅਰਥਾਂ ਵਿੱਚ ਮੇਰੇ ਲਈ ਡੁੱਬਦੇ ਨੂੰ ਤਿਣਕੇ ਦੇ ਸਹਾਰੇ ਵਰਗੇ ਸੀ। ਉਨ੍ਹਾਂ ਨੇ ਇੱਕ ਵਾਰ ਮੈਨੂੰ ਆਪਣੇ ਲਾਲਗੰਜ ਤਹਿਸੀਲ ਦੇ ਨਾਲ ਵਾਲੇ ਪਿੰਡ ਵੀ ਬੁਲਾਇਆ ਸੀ, ਮੈਂ ਦੋ ਦਿਨ ਉਨ੍ਹਾਂ ਦੇ ਪਿੰਡ ਰਿਹਾ। ਉਨ੍ਹਾਂ ਦੇ ਘਰ ਵਿਚ ਮੇਰਾ ਬਹੁਤ ਸਵਾਗਤ ਹੋਇਆ। ਪਹਿਲੇ ਹੀ ਦਿਨ ਬੱਕਰਾ ਵੱਢਿਆ ਗਿਆ। ਉਨ੍ਹਾਂ ਦਿਨਾਂ ਵਿੱਚ ਜਿਸ ਨੂੰ ਬਹੁਤ ਕਰੀਬੀ ਮੰਨਿਆ ਜਾਂਦਾ ਸੀ, ਉਸ ਲਈ ਬੱਕਰਾ ਵੱਢਿਆ ਜਾਂਦਾ ਸੀ। ਤਪਸੀ ਰਾਮ ਦੇ ਪਿਤਾ ਕਲਕੱਤੇ ਦੀ ਇੱਕ ਜੂਟ ਮਿੱਲ ਵਿੱਚ ਕੰਮ ਕਰਦੇ ਸੀ। ਘਰ ਚੰਗੀ ਖੇਤੀਬਾੜੀ ਹੁੰਦੀ ਸੀ ਅਤੇ ਉਹ ਔਸਤਨ ਅਮੀਰ ਵਿਅਕਤੀ ਸੀ। ਉਨ੍ਹਾਂ ਦੀ ਫ਼ਰਾਕਦਿੱਲੀ ਤੋਂ ਮੈਂ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ ਕਿ ਮੈਂ ਅੱਗੇ ਬੀ.ਐਚ.ਯੂ ਵਿੱਚ ਜ਼ਰੂਰ ਪੜ੍ਹਾਂਗਾ। ਜਦੋਂ ਮੈਂ ਉਨ੍ਹਾਂ ਦੇ ਘਰ ਤੋਂ ਵਾਪਸ ਆਜ਼ਮਗੜ੍ਹ ਚੱਲਣ ਲਈ ਤਿਆਰ ਹੋਇਆ ਤਾਂ ਉਨ੍ਹਾਂ ਦੀ ਮਾਂ ਨੇ ਮੈਨੂੰ ਵੀਹ ਰੁਪਏ ਦਿੱਤੇ ਅਤੇ ਉਨ੍ਹਾਂ ਦੇ ਪੈਰ ਛੂਹ ਕੇ ਮੈਂ ਜਿਉਂ ਹੀ ਚੱਲਣ ਲੱਗਾ ਤਾਂ ਉਹ ਰੋ ਪਈ। ਨਾਲ ਹੀ ਤਪਸੀ ਰਾਮ ਦੀਆਂ ਅੱਖਾਂ ਵਿੱਚ ਵੀ ਹੰਝੂ ਆ ਗਏ। ਮੈਂ ਲਾਲਗੰਜ ਤੋਂ ਬਨਾਰਸ ਤੋਂ



ਆਜ਼ਮਗੜ੍ਹ ਜਾਣ ਵਾਲੀ ਬੱਸ ਵਿੱਚ ਬੈਠ ਕੇ ਅੰਬੇਡਕਰ ਹੋਸਟਲ ਵਾਪਸ ਆ ਗਿਆ। ਤਪਸੀ ਰਾਮ ਦੇ ਪਿੰਡ ਤੋਂ ਮੁੜਨ ਤੋਂ ਬਾਅਦ ਬੀ. ਐਚ. ਯੂ ਵਿਚ ਪੜ੍ਹਾਈ ਕਰਨ ਦੀ ਇੱਛਾ ਨੂੰ ਸੰਭਾਵਿਤ ਸਾਕਾਰ ਹੁੰਦਾ ਦੇਖ ਕੇ ਮੈਂ ਬਹੁਤ ਖ਼ੁਸ਼ ਰਹਿਣ ਲੱਗਾ ਪਰ ਮਿੱਥਕ ਤ੍ਰਿਸ਼ੰਕੂ ਦੀ ਤਰ੍ਹਾਂ ਆਸਮਾਨ ਵਿੱਚ ਆਪਣੇ-ਆਪ ਨੂੰ ਲਟਕਿਆ ਹੋਇਆ ਵੀ ਮਹਿਸੂਸ ਕਰਦਾ ਸੀ। ਇਹ ਖ਼ੁਸ਼ੀ-ਗਮੀ ਵਾਲੀ ਸਥਿਤੀ ਦੌਰਾਨ ਸਮੇਂ-ਸਮੇਂ ਤੋਂ ਭਾਰਤੀ ਕਮਿਊਨਿਸਟ ਪਾਰਟੀ ਵੱਡੇ-ਵੱਡੇ ਜਲੂਸ ਕੱਢ ਕੇ ਵੱਧਦੀ ਹੋਈ ਮਹਿੰਗਾਈ ਦੇ ਵਿਰੁੱਧ ਅਤੇ ਹੋਰ ਸਮੱਸਿਆਵਾਂ ਵੱਲ ਧਿਆਨ ਆਕਰਸ਼ਿਤ ਕਰਦੀ ਰਹੀ। ਅਜਿਹੇ ਜਲੂਸਾਂ ਦੀ ਅਗਵਾਈ ਸੁਤੰਤਰਤਾ ਸੈਨਾਨੀ ਜੈ ਬਹਾਦਰ ਸਿੰਘ, ਤੇਜ ਬਹਾਦਰ ਸਿੰਘ ਅਤੇ ਝਾਰਖੰਡੇ ਰਾਏ ਅਤੇ ਚੰਦਰਜੀਤ ਯਾਦਵ ਆਦਿ ਕਰਿਆ ਕਰਦੇ ਸੀ। ਇਨ੍ਹਾਂ ਜਲੂਸਾਂ ਵਿੱਚ ਆਜ਼ਮਗੜ੍ਹ ਦੇ ਹਜ਼ਾਰਾਂ ਮਜ਼ਦੂਰ ਕਿਸਾਨ ਸ਼ਾਮਿਲ ਹੁੰਦੇ ਸਨ। ਸਾਰੇ ਲੋਕ ਲਾਲ ਝੰਡਾ ਲੈ ਕੇ ਕਚਹਿਰੀ ਵੱਲ ਮਾਰਚ ਕਰਦੇ ਹੋਏ ਨਾਅਰਾ ਲਾਉਂਦੇ: ਤਿੰਨ ਪਾਅ ਦਾ ਰਾਸ਼ਨ ਹੈ, ਬੜਾ ਨਿਕੰਮਾ ਸ਼ਾਸ਼ਨ ਹੈ। ਸੰਨ 1964-65 ਵਿੱਚ ਲਾਇਆ ਜਾਣ ਵਾਲਾ ਇਹ ਨਾਅਰਾ ਇੱਕ ਵੱਡੀ ਮਹਿੰਗਾਈ ਵੱਲ ਇਸ਼ਾਰਾ ਕਰਦਾ ਸੀ, ਪਰ ਜੇ ਅੱਜ ਤਿੰਨ ਪਾਅ ਦਾ ਰਾਸ਼ਨ ਵਿਕਣ ਲੱਗੇ ਤਾਂ ਇਸਨੂੰ ਸਹੀ ਅਰਥਾਂ ਵਿੱਚ ਸਮਾਜਵਾਦ ਹੀ ਕਿਹਾ ਜਾਵੇਗਾ। ਮੈਂ ਕਮਿਊਨਿਸਟ ਪਾਰਟੀ ਦੇ ਇਨ੍ਹਾਂ ਜਲੂਸਾਂ ਨੂੰ ਆਜ਼ਮਗੜ੍ਹ ਵਿੱਚ ਜਦੋਂ ਵੀ ਦੇਖਦਾ ਤਾਂ ਅੰਬੇਡਕਰ ਹੋਸਟਲ ਤੋਂ ਨਿਕਲ ਕੇ ਸ਼ੰਕਰ ਜੀ ਦੀ ਮੂਰਤੀ ਕੋਲ ਚਲਿਆ ਜਾਂਦਾ ਅਤੇ ਉੱਥੇ ਹੀ ਖੜ੍ਹਾ ਹੋ ਕੇ ਲਾਲ ਝੰਡੇ ਨਾਲ ਲੰਘਦੀ ਹੋਈ ਭੀੜ ਨੂੰ ਦੇਖ ਕੇ ਰੋ ਪੈਂਦਾ ਸੀ। ਰੋਣ ਦਾ ਕਾਰਨ ਅਗਿਆਤ ਹੁੰਦਾ, ਪਰ ਹਰ ਵਾਰ ਮੇਰੀ ਅਜਿਹੀ ਹੀ ਸੁਭਾਵਿਕ ਪ੍ਰਵਿਰਤੀ ਹੋ ਜਾਂਦੀ ਸੀ।

ਸੰਨ 1965 ਦੀਆਂ ਗਰਮੀਆਂ ਆਉਂਦੇ-ਆਉਂਦੇ ਭਾਰਤ-ਪਾਕਿਸਤਾਨ ਦਾ ਦੂਸਰਾ ਯੁੱਧ ਸ਼ੁਰੂ ਹੋ ਗਿਆ। ਆਜ਼ਮਗੜ੍ਹ ਵਿੱਚ ਅਫ਼ਵਾਹਾਂ ਦਾ ਬਾਜ਼ਾਰ ਭੜਕ ਉੱਠਿਆ। ਡੀ.ਏ.ਵੀ. ਕਾਲਜ ਤਾਂ ਇਨ੍ਹਾਂ ਅਫ਼ਵਾਹਾਂ ਦੀ ਫੈਕਟਰੀ ਵਿੱਚ ਤਬਦੀਲ ਹੋ ਗਿਆ ਸੀ। ਆਰ.ਐੱਸ.ਐੱਸ. ਦੇ ਤੰਤਰ ਨੂੰ ਇਸ ਤੋਂ ਵਧੀਆ ਮੌਕਾ ਕਿੱਥੋਂ ਮਿਲ ਸਕਦਾ ਸੀ। ਉਸਦੇ ਸੰਪਰਦਾਇਕ ਅਭਿਆਨ ਨੂੰ ਇਸ ਯੁੱਧ ਨਾਲ ਬਹੁਤ ਬਲ ਮਿਲਿਆ ਸੀ। ਡੀ.ਏ.ਵੀ. ਕਾਲਜ ਦਾ ਲਗਭਗ ਹਰ ਵਿਦਿਆਰਥੀ ਅਤੇ ਅਧਿਆਪਕ ਕਿਸੇ ਮੁਸਲਮਾਨ ਨੂੰ ਦੇਖਦੇ ਹੀ ਉਸਨੂੰ ਮਾਰ ਦੇਣ ਦੀ ਕਲਪਨਾ ਵਿੱਚ ਡੁੱਬ ਜਾਂਦਾ ਸੀ। ਛੇਦੀ ਲਾਲ ਕਾਲਜ ਵਿੱਚ ਚਪੜਾਸੀ ਸੀ। ਉਨ੍ਹਾਂ ਦਿਨਾਂ ਵਿੱਚ ਜਿੱਥੇ ਸਾਡੀਆਂ ਕਲਾਸਾਂ ਲੱਗਦੀਆਂ ਸਨ, ਉੱਥੇ ਬਿਜਲੀ ਨਹੀਂ ਸੀ। ਇਸ ਲਈ ਗਰਮੀ ਤੋਂ ਬਚਣ ਲਈ ਕਲਾਸਾਂ ਦੀਆਂ ਛੱਤਾਂ ਨਾਲ ਝਾਲਰਦਾਰ ਕੱਪੜੇ ਦੇ ਪਰਦਾਨੁਮਾ ਪੱਖੇ ਲਟਕੇ ਹੋਏ ਹੁੰਦੇ ਸੀ। ਉਸ ਵਿੱਚ ਰੱਸੀ ਲਾ ਕੇ ਇੱਕ ਵਿਅਕਤੀ ਹਮੇਸ਼ਾਂ ਇੱਧਰ-ਉੱਧਰ ਖਿੱਚ ਕੇ ਹਵਾ ਕਰਦਾ ਰਹਿੰਦਾ ਸੀ। ਛੇਦੀ ਲਾਲ ਅਜਿਹੇ ਹੀ ਪੱਖਿਆਂ ਨੂੰ ਰੱਸੀ ਨਾਲ ਖਿੱਚਣ ਦਾ ਕੰਮ ਕਰਦੇ ਸੀ, ਪਰ ਉਹ ਮੁਸਲਮਾਨਾਂ ਅਤੇ ਪਾਕਿਸਤਾਨ ਨੂੰ ਸਭ ਤੋਂ ਵੱਧ ਗਾਲ੍ਹਾਂ ਦਿੰਦੇ ਰਹਿੰਦੇ। ਕਈ ਗੁੰਡੇ ਕਿਸਮ ਦੇ ਵਿਦਿਆਰਥੀ ਆਪਸ ਵਿੱਚ ਯੋਜਨਾ ਬਣਾਉਂਦੇ ਕਿ ਸ਼ਾਮ ਵੇਲੇ ਸਿਧਾਰੀ ਪੁਲ਼ ਤੋਂ ਲੰਘਦੇ ਕਿਸੇ ਵੀ ਮੁਸਲਮਾਨ 'ਤੇ ਹਮਲਾ ਕਰਕੇ ਉਸਦਾ ਸਾਈਕਲ ਅਤੇ ਘੜੀ ਖੋਹ ਲੈਣਗੇ। ਹਕੀਕਤ ਇਹ ਸੀ ਕਿ ਆਜ਼ਮਗੜ੍ਹ ਦੇ ਲੱਖਾਂ ਮੁਸਲਮਾਨ ਉਨ੍ਹਾਂ ਦਿਨਾਂ ਵਿੱਚ ਸਿੰਗਾਪੁਰ, ਮਲੇਸ਼ੀਆ ਅਤੇ ਖਾੜੀ ਦੇ ਦੇਸ਼ਾਂ ਵਿੱਚ ਕੰਮ ਕਰਦੇ ਸੀ। ਸੋ, ਅਨੇਕਾਂ ਮੁਸਲਮਾਨ ਮੁਬਾਰਕਪੁਰ ਅਤੇ ਸਰਾਅਮੀਰ ਆਦਿ ਕਸਬਿਆਂ ਤੋਂ ਸਿੰਗਾਪੁਰੀ ਸਾਈਕਲ 'ਤੇ ਬੈਠ ਕੇ ਆਜ਼ਮਗੜ੍ਹ ਆਇਆ-ਜਾਇਆ ਕਰਦੇ ਸੀ। ਆਜ਼ਮਗੜ੍ਹ ਵਿੱਚ ਸਿੰਗਾਪੁਰੀ ਸਾਈਕਲ ਵਾਲੇ ਮੁਸਲਮਾਨ ਉਨ੍ਹਾਂ ਦਿਨਾਂ ਵਿੱਚ ਸੰਪੰਨਤਾ ਦੇ ਪ੍ਰਤੀਕ ਸੀ। ਮੈਂ ਉਨ੍ਹਾਂ ਵਿਦਿਆਰਥੀਆਂ ਦੀਆਂ ਯੋਜਨਾਵਾਂ ਸੁਣ ਕੇ ਦੰਗ ਰਹਿ ਜਾਂਦਾ। ਪਰ ਮੈਂ ਕੁੱਝ ਵੀ ਨਾ ਕਰ ਸਕਣ ਦੀ ਸਥਿਤੀ ਵਿੱਚ ਸੀ। ਜ਼ਾਹਰ ਹੈ ਪੂਰਾ ਕਾਲਜ ਹੀ ਸੰਪਰਦਾਇਕਤਾ ਵਿੱਚ ਡੁੱਬਿਆ ਹੋਇਆ ਸੀ। ਅਜਿਹੇ ਤੱਤਾਂ ਦੁਆਰਾ ਸਿਧਾਰੀ ਦੇ ਪੁਲ਼ ਤੋਂ ਲੰਘਦੇ ਅਨੇਕ ਨਿਰਦੋਸ਼ ਮੁਸਲਮਾਨ ਹਿੰਸਕ ਗਤੀਵਿਧੀਆਂ ਦਾ ਸ਼ਿਕਾਰ ਹੋਏ ਸੀ। ਯੁੱਧ ਤਾਂ ਕੁੱਝ ਹੀ ਦਿਨਾਂ ਬਾਅਦ ਬੰਦ ਹੋ ਗਿਆ ਪਰ ਮਹਿੰਗਾਈ ਵਧਣ ਨਾਲ ਮਿੱਟੀ ਦਾ ਤੇਲ ਮਿਲਣਾ ਬੰਦ ਹੋ ਗਿਆ। ਅਸੀਂ ਸਾਰੇ ਮਿੱਟੀ ਦੇ

ਤੇਲ ਦੇ ਲੈਂਪ ਨਾਲ ਪੜ੍ਹਾਈ ਕਰਦੇ ਸੀ। ਜਿਲ੍ਹਾ ਪ੍ਰਸ਼ਾਸ਼ਨ ਨੇ ਤੇਲ ਦੀ ਕਮੀ ਨੂੰ ਪੂਰਾ ਕਰਨ ਲਈ ਰਾਸ਼ਨਿੰਗ ਵਿਵਸਥਾ ਲਾਗੂ ਕਰ ਦਿੱਤੀ ਸੀ। ਇਸ ਲਈ ਹਰ ਵਿਦਿਆਰਥੀ ਨੂੰ ਕਾਲਜ ਦੇ ਅੰਦਰੋਂ ਹੀ ਇੱਕ ਬੋਤਲ ਮਿੱਟੀ ਦਾ ਤੇਲ ਹਫ਼ਤੇ ਵਿੱਚ ਇੱਕ ਵਾਰ ਕੰਟਰੋਲ ਰੇਟ 'ਤੇ ਦਿੱਤਾ ਜਾਂਦਾ ਸੀ। ਨਾਲ ਹੀ ਦੋ ਮੋਮਬੱਤੀਆਂ ਵੀ ਵੇਚੀਆਂ ਜਾਂਦੀਆਂ। ਤੇਲ ਦੀ ਲਗਾਤਾਰ ਅਣ-ਉਪਲਬੱਧਤਾ ਕਰਕੇ ਅਸੀਂ ਠੀਕ ਤਰ੍ਹਾਂ ਪੜ੍ਹਾਈ ਨਹੀਂ ਕਰ ਪਾਉਂਦੇ ਸੀ। ਯੁੱਧ ਤਾਂ ਜਲਦੀ ਹੀ ਬੀਤ ਗਿਆ, ਪਰ ਡੀ.ਏ.ਵੀ. ਕਾਲਜ ਦਾ ਸੰਪਰਦਾਇਕ ਵਾਤਾਵਰਣ ਕਾਫ਼ੀ ਸਮੇਂ ਤੱਕ ਗੁਲਜ਼ਾਰ ਰਿਹਾ।

ਉਸ ਸਮੇਂ ਲਾਲ ਬਹਾਦਰ ਸ਼ਾਸ਼ਤਰੀ ਜੀ ਦੁਆਰਾ ਦਿੱਤਾ ਗਿਆ ਨਾਅਰਾ, 'ਜੈ ਜਵਾਨ ਜੈ ਕਿਸਾਨ' ਹਰ ਇੱਕ ਦੀ ਜ਼ੁਬਾਨ 'ਤੇ ਚੜ੍ਹਿਆ ਹੋਇਆ ਸੀ। ਅਚਾਨਕ 11 ਜਨਵਰੀ 1966 ਨੂੰ ਸਾਰੇ ਦੇਸ਼ ਵਿੱਚ ਖ਼ਬਰ ਫੈਲ ਗਈ ਕਿ ਤਾਸ਼ਕੰਦ ਵਿੱਚ ਸ਼ਾਸ਼ਤਰੀ ਜੀ ਦੀ ਮੌਤ ਹੋ ਗਈ। ਉੱਥੇ ਸੋਵੀਅਤ ਸੰਘ ਦੀ ਤਤਕਾਲੀਨ ਪ੍ਰਧਾਨ ਮੰਤਰੀ ਅਲੈਕਸੇਈ ਕੋਸਿਗਿਨ ਦੀ ਵਿਚੋਲਗੀ ਵਿੱਚ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖਾਨ ਦੇ ਨਾਲ ਵਾਰਤਾ ਦੇ ਲਈ ਉਹ ਗਏ ਸੀ। ਉਨ੍ਹਾਂ ਦੀ ਮੌਤ ਦਾ ਸਮਾਚਾਰ ਸੁਣ ਕੇ ਪੂਰਾ ਆਜ਼ਮਗੜ੍ਹ ਸੁੰਨ ਹੋ ਗਿਆ। ਵਿਸ਼ੇਸ਼ ਰੂਪ ਨਾਲ ਕਾਯਸਥ ਸਮੁਦਾਇ ਸਭ ਤੋਂ ਵੱਧ ਸ਼ੋਕ ਵਿੱਚ ਡੁੱਬ ਗਿਆ ਸੀ। ਡੀ.ਏ.ਵੀ. ਕਾਲਜ ਦੀ ਇੱਕ ਹੋਰ ਵਿਸ਼ੇਸ਼ਤਾ ਇਹ ਵੀ ਸੀ ਕਿ ਆਰ.ਐਸ.ਐਸ ਪ੍ਰਭੂਤੱਵ ਦੇ ਨਾਲ-ਨਾਲ ਕਾਯਸਥ ਕਾਲਜ ਵੀ ਸੀ। ਇਸ ਲਈ ਸਭ ਤੋਂ ਵੱਧ ਦੁੱਖ ਦਾ ਕੇਂਦਰ ਇਹੀ ਕਾਲਜ ਬਣ ਗਿਆ। ਸਾਡੇ ਅੰਬੇਡਕਰ ਹੋਸਟਲ ਦੇ ਠੀਕ ਸਾਹਮਣੇ ਇੱਕ ਕਾਯਸਥ ਪਰਿਵਾਰ ਰਹਿੰਦਾ ਸੀ। ਉਸ ਦਿਨ ਉਨ੍ਹਾਂ ਦੇ ਘਰ ਵਾਲਿਆਂ ਨੇ ਖਾਣਾ ਨਹੀਂ ਖਾਇਆ ਅਤੇ ਉਹ ਦੂਸਰੇ ਹੀ ਦਿਨ ਸ਼ਾਸ਼ਤਰੀ ਜੀ ਦੀ ਅੰਤਿਮ ਯਾਤਰਾ ਵਿੱਚ ਸ਼ਾਮਿਲ ਹੋਣ ਲਈ ਦਿੱਲੀ ਰਵਾਨਾ ਹੋ ਗਏ। ਅਜਿਹੇ ਹੀ ਅਨੇਕ ਕਾਯਸਥ ਲੋਕ ਦਿੱਲੀ ਰਵਾਨਾ ਹੋਏ ਸੀ। ਜਾਹਿਰ ਹੈ ਲਾਲ ਬਹਾਦਰ ਸ਼ਾਸਤਰੀ ਕਾਯਸਥ ਸੀ। ਇਹ ਉਹੀ ਸਮਾਂ ਸੀ ਜਦੋਂ ਅਚਾਨਕ ਇੱਕ ਦਿਨ ਮੈਨੂੰ ਲੱਭਦੇ ਹੋਏ ਹੀਰਾ ਲਾਲ ਮੇਰੇ ਹੋਸਟਲ ਆ ਗਏ। ਉਨ੍ਹਾਂ ਨੂੰ ਦੇਖ ਕੇ ਮੈਂ ਬਹੁਤ ਘਬਰਾ ਗਿਆ। ਇਹ ਉਹੀ ਹੀਰਾ ਲਾਲ ਸੀ, ਜਿਨ੍ਹਾਂ ਨੇ ਹਾਈ ਸਕੂਲ ਦੀ ਪ੍ਰੀਖਿਆ ਦੇ ਸ਼ੁਰੂ ਵਿੱਚ ਹੀ ਮੈਨੂੰ ਕੁੱਟਿਆ ਸੀ। ਮੈਨੂੰ ਦੇਖਦੇ ਹੀ ਉਹ ਆਪਣੇ ਜਾਣੇ-ਪਛਾਣੇ ਅੰਦਾਜ਼ ਵਿੱਚ ਬੋਲ ਪਏ, 'ਹਾਂ ਓਏ ਚਮਾਰਾਂ ਕਿਵੇਂ ਹੈ।' ਮੇਰੇ ਠੀਕ ਹਾਂ ਕਹਿੰਦੇ ਹੀ ਉਨ੍ਹਾਂ ਨੇ ਮੇਰੀ ਜੇਬ ਵਿੱਚ ਰੱਖੇ ਇੱਕ ਨਵੇਂ ਫਾਊਂਟੇਨ ਪੈੱਨ ਨੂੰ ਖੋਹਦੇ ਹੋਏ ਕਿਹਾ ਕਿ ਆਜ਼ਮਗੜ੍ਹ ਆਉਣ-ਜਾਣ ਦਾ ਪੰਜ ਰੁਪਏ ਖਰਚਾ ਲੱਗੇਗਾ। ਇਹ ਪੈਸੇ ਮੈਨੂੰ ਤੁਰੰਤ ਚਾਹੀਦੇ ਹਨ। ਉਸ ਸਮੇਂ ਮੇਰੇ ਕੋਲ ਇੱਕ ਵੀ ਪੈਸਾ ਨਹੀਂ ਸੀ। ਹੀਰਾ ਲਾਲ ਨੇ ਸ਼ਰਾਫ਼ਤ ਦਿਖਾਉਂਦੇ ਹੋਏ ਕਿਹਾ ਕਿ ਜਦੋਂ ਇਹ ਪੰਜ ਰੁਪਏ ਉਨ੍ਹਾਂ ਦੇ ਪਿੰਡ ਜਾ ਕੇ ਦੇ ਦੇਵਾਗਾਂ ਤਾਂ ਉਹ ਮੇਰੀ ਕਲਮ ਵਾਪਸ ਕਰ ਦੇਣਗੇ। ਮੈਨੂੰ ਬਹੁਤ ਰਾਹਤ ਮਿਲੀ ਸੀ ਕਿ ਉਨ੍ਹਾਂ ਦੀ ਮੰਗ ਬਹੁਤ ਛੋਟੀ ਸੀ ਕਿਉਂਕਿ ਉਹ ਬਹੁਤ ਹਿੰਸਕ ਪ੍ਰਵਿਰਤੀ ਵਾਲੇ ਵਿਅਕਤੀ ਸੀ। ਕਰੀਬ ਇੱਕ ਮਹੀਨੇ ਬਾਅਦ ਮੈਂ ਪੰਜ ਰੁਪਏ ਉਨ੍ਹਾਂ ਨੂੰ ਦੇਣ ਉਨ੍ਹਾਂ ਦੇ ਪਿੰਡ ਵੀਰਪੁਰ ਗਿਆ। ਉਨ੍ਹਾਂ ਦਾ ਪਿੰਡ ਸਾਡੇ ਪੁਰਾਣੇ ਹਾਈ ਸਕੂਲ ਸ਼ੇਰਪੁਰ ਤੋਂ ਕਰੀਬ ਚਾਰ ਕਿਲੋਮੀਟਰ ਦੱਖਣ-ਪੂਰਬ ਵਿੱਚ ਸਥਿਤ ਸੀ। ਉਨ੍ਹਾਂ ਨੇ ਆਪਣੇ ਘਰ ਮੈਨੂੰ ਇੱਕ ਬਹੁਤ ਵੱਡੇ ਕੁੱਜੇ ਵਿੱਚ ਸ਼ਰਬਤ ਪਿਲਾਇਆ ਅਤੇ ਪੰਜ ਰੁਪਏ ਮਿਲਣ 'ਤੇ ਬਹੁਤ ਨਿਮਰਤਾ ਪੂਰਵਕ ਮੈਨੂੰ ਵਿਦਾ ਕੀਤਾ। ਉਹ ਮੇਰੀ ਕਲਮ ਨਹੀਂ ਮੋੜ ਸਕੇ ਕਿਉਂਕਿ ਉਹ ਕਿਤੇ ਗੁੰਮ ਹੋ ਗਈ ਸੀ। ਇਹ ਪੰਜ ਰੁਪਏ ਭਵਿੱਖ ਵਿੱਚ ਉਨ੍ਹਾਂ ਨਾਲ ਸ਼ਾਂਤੀ ਦੀ ਗਰੰਟੀ ਸੀ। ਸ਼ਾਇਦ ਇਹ ਦੁਨੀਆ ਦੀ ਸਭ ਤੋਂ ਛੋਟੀ ਫਿਰੌਤੀ ਭਾਵ ਰੈਂਨਸਮ ਦੀ ਰਕਮ ਸੀ।


ਇਸ ਤਰ੍ਹਾਂ ਆਜ਼ਮਗੜ੍ਹ ਵਿੱਚ ਪਹਿਲਾ ਇੱਕ ਸਾਲ ਬਹੁਤ ਮੁਸ਼ਕਿਲਾਂ ਨਾਲ ਬੀਤਿਆ, ਪਰ ਸਰਕਾਰੀ ਸਕਾਲਰਸ਼ਿਪ ਨੇ ਦੂਸਰੇ ਸਾਲ ਭਾਵ 12ਵੀਂ ਕਲਾਸ ਦੀ ਪੜ੍ਹਾਈ ਨੂੰ ਕਾਫ਼ੀ ਆਸਾਨ ਬਣਾ ਦਿੱਤਾ ਸੀ। ਸਾਦੇ ਭੋਜਨ ਲਈ 17 ਰੁਪਏ ਮਹੀਨੇ ਦੀ ਰਕਮ ਕਾਫ਼ੀ ਸੀ। ਕਦੇ-ਕਦੇ ਮੈਂ ਕਾਲੀਨਗੰਜ ਸਥਿਤ ਮੱਛੀ ਬਾਜ਼ਾਰ ਤੋਂ ਛੋਟੀ ਮੱਛੀਆਂ ਜੋ ਬਹੁਤ ਸਸਤੀਆਂ ਹੁੰਦੀਆਂ ਸੀ, ਉਨ੍ਹਾਂ ਨੂੰ ਲੈ ਕੇ ਪਕਾ ਲੈਂਦਾ ਸੀ। ਉੱਥੋਂ ਦੇ



ਮੱਛੀ ਵਿਕਰੇਤਾਵਾਂ ਦੀ ਇੱਕ ਵਿਸ਼ੇਸ਼ਤਾ ਸੀ ਕਿ ਉਹ ਸਾਰੇ ਗਾ-ਗਾ ਕੇ ਮੱਛੀ ਵੇਚਦੇ ਸੀ। ਇੱਕ ਮੱਛੀ ਵਿਕਰੇਤਾ ਦੇ ਇਹ ਸੁਰ ਮੈਨੂੰ ਅੱਜ ਵੀ ਯਾਦ ਹਨ:

ਰੋਹੂ ਕਾ ਮੁੰਡਾ ਮੋਊ ਕਾ ਪੇਟ।  
ਦਹੀ ਕੇ ਊਪਰ, ਗੁਰ ਕਾ ਹੇਠ।

ਭਾਵ ਉਪਰੋਕਤ ਚੀਜ਼ਾਂ ਬਹੁਤ ਵਧੀਆ ਹੁੰਦੀਆਂ ਹਨ। ਉਨ੍ਹਾਂ ਦੇ ਇਸ ਵਪਾਰਕ ਸੰਗੀਤ ਨਾਲ ਮੱਛੀਆਂ ਬਹੁਤ ਵਿਕਦੀਆਂ ਸੀ। ਪਕੌੜੀ ਵਾਲੇ ਢੁੱਕੂ ਕਿਉਂਕਿ ਰੋਜ਼ ਮੀਟ ਬਣਾਉਂਦੇ ਸੀ, ਸਾਡਾ ਕੰਮ ਉਨ੍ਹਾਂ ਦੀ ਦੁਕਾਨ ਤੋਂ ਚਲ ਜਾਂਦਾ ਸੀ। ਉਹ ਚਾਰ ਆਨੇ ਵਿੱਚ ਇੱਕ ਟੁਕੜੇ ਮੀਟ ਦੇ ਨਾਲ ਇੱਕ ਛੋਟੇ ਕੁੱਜੇ ਵਿੱਚ ਇੱਕ ਕੜਛੀ ਸ਼ੋਰਬਾ ਦਿੰਦੇ ਸੀ। ਉਨ੍ਹਾਂ ਕੋਲੋਂ ਦੋ ਟੁਕੜੇ ਮੀਟ ਵਾਲਾ ਥੋੜ੍ਹਾ ਵੱਡਾ ਕੁੱਜਾ ਅੱਠ ਆਨੇ ਵਿੱਚ ਅਤੇ ਚਾਰ ਟੁਕੜੇ ਵਾਲਾ ਇੱਕ ਰੁਪਏ ਵਿੱਚ ਮਿਲ ਜਾਂਦਾ ਸੀ। ਅੰਬੇਡਕਰ ਹੋਸਟਲ ਦੇ ਬਾਕੀ ਸਾਰੇ ਮੁੰਡੇ ਸਬਜ਼ੀ ਜਾਂ ਦਾਲ ਨਾ ਮਿਲਣ ਕਾਰਨ ਮੈੱਸ ਵਿੱਚ ਰੋਟੀ ਬਣਾ ਲੈਂਦੇ ਸੀ ਅਤੇ ਆਪਣੀ ਖੁਸ਼ਹਾਲੀ ਦੇ ਅਨੁਸਾਰ ਮੀਟ ਦੇ ਚਾਰ ਜਾਂ ਅੱਠ ਆਨੇ ਵਾਲੇ ਕੁੱਜੇ ਨਾਲ ਕੰਮ ਚਲਾ ਲੈਂਦੇ ਸੀ। ਇੰਝ ਹੀ ਸਾਡੀ ਜ਼ਿੰਦਗੀ ਚਲਦੀ ਰਹੀ। ਰਾਜਨੀਤਿਕ ਅਤੇ ਸਭਿਆਚਾਰਕ ਕਾਰਨਾ ਨਾਲ ਆਜ਼ਮਗੜ੍ਹ ਵਿੱਚ ਹਮੇਸ਼ਾਂ ਹਲਚਲ ਕਾਇਮ ਰਹਿੰਦੀ ਸੀ। ਮੈਂ ਕਮਿਊਨਿਸਟ ਨੇਤਾ ਤੇਜ ਬਹਾਦਰ ਸਿੰਘ ਤੋਂ ਹਮੇਸ਼ਾਂ ਪ੍ਰਭਾਵਿਤ ਰਿਹਾ। ਉਨ੍ਹਾਂ ਨੂੰ ਮਿਲਣ ਅਕਸਰ ਉਨ੍ਹਾਂ ਦੇ ਘਰ ਚਲਾ ਜਾਂਦਾ ਸੀ। ਇਸ ਦੌਰਾਨ ਉਨ੍ਹਾਂ ਦੇ ਦੋਹਤੇ ਅਰੁਣ ਕੁਮਾਰ ਸਿੰਘ ਨਾਲ ਮੇਰੀ ਗਹਿਰੀ ਦੋਸਤੀ ਹੋ ਗਈ ਜੋ ਅੱਜ ਤੱਕ ਕਾਇਮ ਹੈ। ਅਰੁਣ ਕੁਮਾਰ ਸਿੰਘ ਬੀ.ਐੱਚ.ਯੂ. ਤੋਂ ਬੀ.ਏ.ਐੱਲ.ਐੱਲ.ਬੀ. ਕਰਕੇ ਆਜ਼ਮਗੜ੍ਹ ਵਿੱਚ ਵਕਾਲਤ ਕਰਦੇ ਹਨ। ਉਹ ਸੰਨ 2009 ਦੀਆਂ ਆਮ ਚੋਣਾਂ ਵਿੱਚ ਮਾਰਕਸਵਾਦੀ ਕਮਿਊਨਿਸਟ ਪਾਰਟੀ ਭਾਵ ਸੀ.ਪੀ.ਆਈ.(ਐੱਮ) ਤੋਂ ਲੋਕ ਸਭਾ ਦੀ ਚੋਣ ਲੜੀ ਪਰ ਅਸਫ਼ਲ ਰਹੇ। ਉਨ੍ਹਾਂ ਦਿਨਾਂ ਵਿੱਚ ਗੋਰਖਪੁਰ ਯੂਨੀਵਰਸਿਟੀ ਵਿੱਚ ਵਕਾਲਤ ਦੀ ਪੜ੍ਹਾਈ ਕਰਨ ਵਾਲੇ ਸੁਖਨੰਦਨ ਰਾਮ ਰੋਜ਼ ਅੰਬੇਡਕਰ ਹੋਸਟਲ ਆਉਂਦੇ ਅਤੇ ਵਿਦਿਆਰਥੀਆਂ ਨੂੰ ਇਕੱਠਾ ਕਰਕੇ ਮਾਰਕਸਵਾਦ ਬਾਰੇ ਗੱਲਾਂ ਕਰਨ ਲਗਦੇ। ਉਨ੍ਹਾਂ ਦਾ ਵੀ ਮੇਰੇ ਉੱਪਰ ਵੱਡਾ ਰਾਜਨੀਤਿਕ ਪ੍ਰਭਾਵ ਸੀ। ਬਾਅਦ ਵਿੱਚ ਵਿਸ਼ੇਸ਼ ਰੂਪ ਨਾਲ ਉਨ੍ਹਾਂ ਦੇ ਹੀ ਪ੍ਰਭਾਵ ਵਿੱਚ ਮੈਂ 25 ਮਈ 1967 ਨੂੰ ਨਕਸਲਵਾਦੀ ਅੰਦੋਲਨ ਸ਼ੁਰੂ ਹੋਣ 'ਤੇ ਵਿਚਾਰਕ ਰੂਪ ਨਾਲ ਹਥਿਆਰਬੰਦ ਕ੍ਰਾਂਤੀ ਦਾ ਕਈ ਸਾਲਾਂ ਤੱਕ ਸਮਰਥਕ ਬਣਿਆ ਰਿਹਾ। ਸੁਖਨੰਦਨ ਬਹੁਤ ਤਰਕ ਨਾਲ ਗੱਲਾਂ ਕਰਦੇ ਸੀ। ਉਹ ਵੀ ਆਜ਼ਮਗੜ੍ਹ ਵਿੱਚ ਵਕਾਲਤ ਕਰਦੇ ਸੀ। ਜਿੱਥੋਂ ਤੱਕ ਸੰਸਕ੍ਰਿਤਕ ਪਹਿਲੂ ਦਾ ਸਵਾਲ ਹੈ ਉੱਥੇ ਕੋਈ ਅਜਿਹੀ ਸਥਾਈ ਸੰਸਥਾ ਨਹੀਂ ਸੀ। ਪਰ ਸਮੇਂ-ਸਮੇਂ 'ਤੇ ਤਿਉਹਾਰਾਂ ਦੇ ਮੌਕਿਆਂ 'ਤੇ ਵੱਡੇ ਸਾਂਸਕ੍ਰਿਤਕ ਸਮਾਗਮ ਹੁੰਦੇ ਰਹਿੰਦੇ ਸੀ। ਖਾਸ ਕਰ ਕ੍ਰਿਸ਼ਨ-ਜਨਮ ਅਸ਼ਟਮੀ ਦੇ ਮੌਕੇ 'ਤੇ ਉੱਥੋਂ ਦੀ ਪੁਲਿਸ ਲਾਈਨ ਵਿੱਚ ਇੱਕ ਹਫ਼ਤੇ ਤੱਕ ਰਾਤ ਦੇ ਸਮੇਂ ਨਾਟਕ, ਨਾਚ-ਗਾਣਾ ਆਦਿ ਹੁੰਦਾ ਰਹਿੰਦਾ ਸੀ। ਅਸੀਂ ਸਾਰੇ ਉਸਨੂੰ ਦੇਖਣ ਜਾਇਆ ਕਰਦੇ ਸੀ। ਉਸ ਸਮੇਂ 'ਕਮਲਾ ਸਰਕਸ' ਦੀ ਆਜ਼ਮਗੜ੍ਹ ਵਿੱਚ ਬਹੁਤ ਧੂਮ ਸੀ। ਉਹ ਸਾਲ ਤੋਂ ਵੀ ਜ਼ਿਆਦਾ ਉੱਥੇ ਜਾਰੀ ਰਿਹਾ। ਉਸਦੀ ਖਿੱਚ ਦਾ ਸਭ ਤੋਂ ਵੱਡਾ ਕਾਰਨ ਇੱਕ ਅਤਿਅੰਤ ਸ਼ਕਤੀਸ਼ਾਲੀ ਸਰਚ ਲਾਈਟ ਸੀ, ਜਿਸਦੀਆਂ ਕਿਰਨਾਂ ਰਾਤ ਵੇਲੇ ਚਾਰੇ ਪਾਸੇ ਵੀਹ ਮੀਲ ਦੇ ਦਿਹਾਤੀ ਪਿੰਡਾਂ ਵਿੱਚ ਜਗਮਗਾ ਉੱਠਦੀਆਂ ਸੀ। ਉਸੇ ਪ੍ਰਕਾਸ਼ ਨਾਲ ਗ੍ਰਾਮੀਣ ਲੋਕ ਸਰਕਸ ਦੇਖਣ ਲਈ ਖਿੱਚੇ ਆਉਂਦੇ ਸੀ। ਉੱਥੋਂ ਦੇ ਸੰਸਕ੍ਰਿਤਕ ਜੀਵਨ ਵਿੱਚ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਸੀ 'ਗੁਲਾਬ ਬਾਈ' ਦੀ ਨੌਟੰਕੀ ਨੇ। ਗੁਲਾਬ ਬਾਈ ਕਾਨਪੁਰ ਦੀ ਰਹਿਣ ਵਾਲੀ ਇੱਕ ਦਲਿਤ ਔਰਤ ਸੀ। ਉਨ੍ਹਾਂ ਦੀ ਮੰਡਲੀ ਘੁੰਮ-ਘੁੰਮ ਕੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਨੌਟੰਕੀ ਦਾ ਮੰਚਨ ਕਰਿਆ ਕਰਦੀ ਸੀ। ਇੰਝ ਹੀ ਗੁਲਾਬ ਬਾਈ ਆਪਣੀ ਨੌਟੰਕੀ ਲੈ ਕੇ 1964-65 ਦੀਆਂ ਠੰਡਾਂ ਵਿੱਚ ਆਜ਼ਮਗੜ੍ਹ ਆਈ ਅਤੇ ਚੌਕ ਦੇ ਕੋਲ ਕਾਲੀਨਗੰਜ ਦੇ ਇੱਕ ਖਾਲੀ ਮੈਦਾਨ ਵਿੱਚ ਤੰਬੂ ਗੱਡ ਕੇ ਰਾਤ ਦੇ ਸਮੇਂ ਰੋਜ਼ ਦੋ ਨੌਟੰਕੀਆਂ ਦਾ ਮੰਚਨ ਕਰਦੀ ਸੀ। ਗੁਲਾਬ ਬਾਈ ਆਪ




ਗਾਇਨ ਸੰਭਾਲਦੀ ਸੀ। ਉਨ੍ਹਾਂ ਦੀ ਆਵਾਜ਼ ਬਹੁਤ ਬੁਲੰਦ ਸੀ। 'ਨਦੀ ਨੇੜੇ ਨਾ ਜਾ ਓ ਸ਼ਾਮ ਪੈਰ ਪਵਾਂ', ਨਾਮਕ ਗੀਤ ਨਾਲ ਉਨ੍ਹਾਂ ਨੂੰ ਬਹੁਤ ਪ੍ਰਸਿੱਧੀ ਮਿਲੀ ਸੀ। ਉਨ੍ਹਾਂ ਦੀ ਨੌਟੰਕੀ ਲੈਲਾ-ਮਜਨੂੰ, ਸੀਰੀ-ਫ਼ਰਹਾਦ ਅਤੇ ਅਮਰ ਸਿੰਘ ਰਾਠੌਰ ਵਰਗੇ ਨਾਟਕਾਂ ਦਾ ਮੰਚਨ ਕਰਦੀ ਸੀ। ਉਨ੍ਹਾਂ ਦੀ ਨੌਟੰਕੀ ਆਜ਼ਮਗੜ੍ਹ ਵਿੱਚ ਕਰੀਬ ਡੇਢ ਮਹੀਨਾ ਰਹੀ। ਉਸਨੂੰ ਦੇਖਣ ਲਈ ਭਾਰੀ ਭੀੜ ਟਿਕਟ ਲੈ ਕੇ ਜਾਂਦੀ। ਲੈਲਾ-ਮਜਨੂੰ ਦਾ ਮੰਚਨ ਸਭ ਤੋਂ ਵੱਧ ਦਿਲਚਸਪ ਹੁੰਦਾ ਸੀ। ਇਸ ਨਾਟਕ ਵਿੱਚ ਗੁਲਾਬ ਬਾਈ ਦੀ ਜਵਾਨ ਕੁੜੀ ਮਜਨੂੰ ਦੀ ਵਿਸਮੈਕਾਰੀ ਭੂਮਿਕਾ ਨਿਭਾਉਂਦੀ। ਪ੍ਰੇਮ ਵਿੱਚ, ਇਸ਼ਕ ਵਿੱਚ ਨਾਕਾਮ ਮਜਨੂੰ ਜਦੋਂ ਜੰਗਲ ਵਿੱਚ ਇੱਧਰ-ਉੱਧਰ ਭੁੱਖਾ-ਪਿਆਸਾ ਘੁੰਮਦਾ ਤਾਂ ਇਹ ਭੂਮਿਕਾ ਸਾਰਿਆਂ ਨੂੰ ਰੁਲਾ ਦਿੰਦੀ ਸੀ। ਮੈਂ ਅੰਬੇਡਕਰ ਹੋਸਟਲ ਤੋਂ ਹਰ ਇੱਕ-ਦੋ ਦਿਨ ਬਾਅਦ ਹੋਲੀ ਜਿਹੇ ਗੁਲਾਬ ਬਾਈ ਦੀ ਨੌਟੰਕੀ ਦੇਖਣ ਚਲਾ ਜਾਂਦਾ ਸੀ। ਨਤੀਜੇ ਵਜੋਂ ਖਾਣ ਦਾ ਪੈਸਾ ਨੌਟੰਕੀ 'ਤੇ ਖਰਚ ਹੋ ਜਾਂਦਾ ਅਤੇ ਵਾਸਤਵਿਕ ਜ਼ਿੰਦਗੀ ਵਿੱਚ ਮਜਨੂੰ ਦੀ ਹੀ ਤਰ੍ਹਾਂ ਭੁੱਖਾ ਰਹਿ ਜਾਂਦਾ ਸੀ।

ਮਨੋਰੰਜਨ ਦੀ ਦ੍ਰਿਸ਼ਟੀ ਤੋਂ ਸੰਨ 1965 ਦਾ ਪੰਦਰਾਂ ਅਗਸਤ ਆਉਣ 'ਤੇ ਇੱਕ ਵਾਰ ਫਿਰ ਲਾਲ ਬਹਾਦਰ ਸਿੰਘ ਦੇ ਨਾਲ ਡਬਲਿਊ.ਟੀ. ਰੇਲਗੱਡੀ ਰਾਹੀਂ ਪ੍ਰਯਾਗ ਹੋ ਆਇਆ। ਇਸ ਵਾਰ ਹੜ੍ਹ ਨੇ ਸੰਗਮ ਦਾ ਮਜ਼ਾ ਕਿਰਕਿਰਾ ਕਰ ਦਿੱਤਾ ਸੀ। ਗੰਗਾ ਵਿੱਚ ਜਮੁਨਾ ਦੇ ਸੰਗਮ ਦਾ ਦ੍ਰਿਸ਼ ਲਾਪਤਾ ਰਿਹਾ। ਇਨ੍ਹਾਂ ਨਦੀਆਂ ਨੇ ਵੀ ਸਿੱਧ ਕਰ ਦਿੱਤਾ ਕਿ ਸੰਗਮ ਠਹਿਰਾਅ ਦੀ ਅਵਸਥਾ ਵਿੱਚ ਹੀ ਸੁੰਦਰ ਲਗਦਾ ਹੈ। ਉੱਥੇ ਸਾਲ ਦੇ ਅੰਤ ਵਿੱਚ ਪ੍ਰਯਾਗ ਵਿੱਚ 12 ਸਾਲ ਬਾਅਦ ਵਾਲਾ ਕੁੰਭ ਦਾ ਮੇਲਾ ਲੱਗਣ ਵਾਲਾ ਸੀ। ਡੀ.ਏ.ਵੀ. ਦੇ ਕਈ ਵਿਦਿਆਰਥੀ ਉੱਥੇ ਜਾਣ ਦੀ ਤਿਆਰੀ ਕਰ ਰਹੇ ਸੀ। ਉਂਝ ਪੂਰੇ ਸ਼ਹਿਰ ਵਿੱਚ ਕੁੰਭ ਦੀਆਂ ਧੁੰਮਾਂ ਸਨ। ਉਨ੍ਹਾਂ ਦਿਨਾਂ ਵਿੱਚ ਮੇਰੇ ਅੰਦਰ ਵੀ ਧਾਰਮਿਕ ਭਾਵਨਾਵਾਂ ਦੇ ਕਾਫ਼ੀ ਅਵਸ਼ੇਸ਼ ਪਏ ਹੋਏ ਸਨ, ਪਰ ਇੰਟਰ ਦੀ ਫਾਈਨਲ ਪ੍ਰੀਖਿਆ ਮਾਰਚ-ਅਪ੍ਰੈਲ 1966 ਵਿੱਚ ਹੋਣ ਵਾਲੀ ਸੀ, ਇਸ ਲਈ ਚਾਹੁੰਦੇ ਹੋਏ ਵੀ ਕੁੰਭ ਦੇਖਣ ਨਹੀਂ ਜਾ ਸਕਿਆ। ਜਿਵੇਂ-ਜਿਵੇਂ ਪ੍ਰੀਖਿਆ ਨੇੜੇ ਆ ਰਹੀ ਸੀ, ਸਭ ਤੋਂ ਵੱਡੀ ਚਿੰਤਾ ਇਹ ਸੀ ਕਿ ਉਸ ਤੋਂ ਬਾਅਦ ਕੀ ਹੋਵੇਗਾ? ਬੀ.ਐੱਚ.ਯੂ. ਵਿੱਚ ਸਿੱਖਿਆ ਗ੍ਰਹਿਣ ਕਰਨ ਦੀ ਇੱਛਾ ਦਿਨ ਪ੍ਰਤੀ ਦਿਨ ਜ਼ੋਰ ਫੜ ਰਹੀ ਸੀ ਪਰ ਤਪਸੀ ਰਾਮ ਦੀ ਦੋਸਤੀ ਤੋਂ ਇਲਾਵਾ ਕੋਈ ਹੋਰ ਸਹਾਰਾ ਨਹੀਂ ਸੀ। ਮੇਰੇ ਦਿਮਾਗ ਵਿਚ ਸਿਰਫ਼ ਇੱਕ ਹੀ ਵਿਚਾਰ ਆਉਂਦਾ ਕਿ ਇਮਤਿਹਾਨ ਤੋਂ ਬਾਅਦ ਦੇ ਢਾਈ ਮਹੀਨੇ ਦੀਆਂ ਛੁੱਟੀਆਂ ਵਿੱਚ ਕਲਕੱਤੇ ਚਲਾ ਜਾਵਾਂ ਅਤੇ ਉੱਥੇ ਕੁੱਝ ਕੰਮ ਕਰਕੇ ਪੈਸੇ ਇਕੱਠੇ ਕਰਾਂ ਤਾਂ ਕਿ ਬੀ.ਐੱਚ.ਯੂ. ਵਿੱਚ ਦਾਖਲਾ ਲੈ ਸਕਾਂ। ਕਲਕੱਤੇ ਵਿੱਚ ਚੌਧਰੀ ਚਾਚੇ ਦਾ ਛੋਟਾ ਮੁੰਡਾ ਸੋਬਰਨ ਲੋਹੇ ਦੀ ਇਕ ਫੈਕਟਰੀ ਵਿੱਚ ਕੰਮ ਕਰਦਾ ਸੀ। ਸੋ, ਫਾਈਨਲ ਇਮਤਿਹਾਨ ਦੇ ਬਾਅਦ ਮੈਂ ਤੁਰੰਤ ਆਜ਼ਮਗੜ੍ਹ ਤੋਂ ਕਲਕੱਤਾ ਜਾਣ ਲਈ ਬਨਾਰਸ ਰਵਾਨਾ ਹੋ ਗਿਆ। ਬਨਾਰਸ ਵਾਲੀ ਬਸ ਫੜਨ ਲਈ ਅੰਬੇਡਕਰ ਹੋਸਟਲ ਤੋਂ ਰਿਕਸ਼ਾ ਫੜ ਕੇ ਜਦੋਂ ਕਚਹਿਰੀ ਤੋਂ ਲੰਘਿਆ ਤਾਂ ਪੂਰਾ ਨਜ਼ਾਰਾ ਉਸੇ ਤਰ੍ਹਾਂ ਦਾ ਹੀ ਸੀ ਜਿਵੇਂ ਕਿ ਉਦੋਂ ਜਦੋਂ ਮੈਂ ਪਹਿਲੀ ਵਾਰ ਘਰ ਤੋਂ ਭੱਜ ਕੇ ਇਸ ਨਗਰ ਵਿੱਚ ਪ੍ਰਵੇਸ਼ ਕੀਤਾ ਸੀ। ਅਚਾਨਕ ਜਵਾਨੀ ਪੁਨਰਵਾਪਸੀ ਦੇ ਨੁਸਖੇ ਦੱਸਣ ਵਾਲੇ ਦੇ ਡਮਰੂ ਦੀ ਧੁਨੀ ਇੱਕ ਵਾਰ ਫਿਰ ਗੂੰਜ ਉੱਠੀ।

***ਖੋਜਾਰਥੀ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।***
***ਮੋਬਾਇਲ ਨੰ. 98148-47267***



## 'ਮੁਸੱਲੀ' ਨਾਟਕ ਵਿੱਚ ਜਾਤੀ ਅਤੇ ਜਮਾਤੀ ਦਮਨ ਦਾ ਸਰੂਪ/- ਜਗਤਾਰ ਸਿੰਘ




ਕਿਸੇ ਸਮਾਜ ਸੰਰਚਨਾ ਦੀ ਸਥਾਪਤੀ ਪਿੱਛੇ ਉਸ ਸਮਾਜ ਦੇ ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਤੱਤ ਅਹਿਮ ਭੂਮਿਕਾ ਨਿਭਾਉਂਦੇ ਹਨ ਜੋ ਉਸ ਸਮਾਜ ਨੂੰ ਕਿਸੇ ਵਿਸ਼ੇਸ਼ ਢਾਂਚੇ ਵਿੱਚ ਢਾਲਦੇ ਹਨ । ਵਿਸ਼ਵੀ ਸਮਾਜ ਵਿੱਚ ਇਹ ਢਾਂਚਾ ਆਰਥਿਕ ਸਬੰਧਾਂ ਤੇ ਅਧਾਰਿਤ ਹੈ ਜਦੋਂਕਿ ਭਾਰਤ ਵਿੱਚ ਇਸ ਵਿਵਸਥਾ ਦਾ ਆਧਾਰ ਆਰਥਿਕਤਾ ਦੇ ਨਾਲ ਨਾਲ ਸਮਾਜ ਸੱਭਿਆਚਾਰਕ ਪ੍ਰਬੰਧ ਹੈ ਜਿਹੜਾ ਜਾਤੀ ਅਤੇ ਜਮਾਤੀ ਸਬੰਧਾਂ ਤੇ ਕੇਂਦਰਿਤ ਹੈ। ਭਾਰਤੀ ਸਮਾਜ ਉੱਤੇ ਇਹ ਦੋਵੇਂ ਸਿਧਾਂਤ ਲਾਗੂ ਹੁੰਦੇ ਹਨ ਜਿਹਨਾਂ ਨੇ ਭਾਰਤੀ ਸਮਾਜ ਨੂੰ ਇੱਕ ਵਿਲੱਖਣ ਸਮਾਜ ਵਿਵਸਥਾ ਦੇ ਰੂਪ ਵਿੱਚ ਸਥਾਪਿਤ ਕੀਤਾ ਹੈ । ਇਹ ਜਾਤੀ ਅਤੇ ਜਮਾਤੀ ਦੋਵੇਂ ਪ੍ਰਬੰਧ ਵਿੱਚ ਵਿਅਕਤੀ ਦੇ ਨਿੱਜੀ ਮਸਲਿਆ ਨੂੰ ਸਮੂਹਿਕ ਅਤੇ ਸਮੂਹਿਕ ਮਸਲਿਆਂ ਨੂੰ ਵਿਅਕਤੀ ਗਤ ਬਣਾ ਕੇ ਪੇਸ਼ ਕਰਦੇ ਹਨ । ਭਾਰਤੀ ਜਾਤ ਵਿਵਸਥਾ ਇੰਨੀ ਰੂੜ ਅਤੇ ਜਟਿਲ ਹੈ ਕਿ ਭਾਰਤੀ ਸਮਾਜ ਦਾ ਅੰਗ ਰਿਹਾ ਹਰ ਵਿਅਕਤੀ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕਿਆ ਕਿਉਂਕਿ ਜਾਤੀ ਪ੍ਰਬੰਧ ਦੀ ਇਹ ਧਾਰਨਾ ਮਨੁੱਖੀ ਮਨ ਦੀਆਂ ਤੈਹਾਂ ਵਿੱਚ ਦੀ ਹੁੰਦੀ ਹੋਈ ਅਰਥਚਾਰੇ, ਸਮਾਜਿਕ ਪ੍ਰਨਾਲੀ ਅਤੇ ਰਾਜਸੀ ਗਤੀਵਿਧੀਆਂ ਤਕ ਵਿਰਾਟ ਰੂਪ ਵਿਚ ਪਸਰੀ ਹੋਈ ਹੈ। ਇਹ ਵਿਵਸਥਾ ਮਨੁੱਖ ਦੀ ਸਮਾਜਿਕ ਪਦਵੀ, ਰੁਤਬੇ, ਪਛਾਣ, ਕਿੱਤੇ ਗੱਲ ਕੀ ਜਨਮ ਤੋਂ ਮੌਤ ਤੱਕ ਦੇ ਹਰ ਪ੍ਰਬੰਧ ਨੂੰ ਪਰਿਭਾਸ਼ਿਤ ਤੇ ਨਿਰਧਾਰਤ ਕਰਦੀ ਹੈ ਜਿਹੜੀ ਮਨੁੱਖ ਦੇ ਸ਼ੋਸ਼ਣ ਦਾ ਸਾਧਨ ਬਣਦੀ ਹੈ। ਇਸ ਵਿਵਸਥਾ ਵਿੱਚ ਸ਼ੋਸ਼ਿਤ ਵਿਅਕਤੀ ਨੂੰ ਦਲਿਤ ਕਿਹਾ ਜਾਂਦਾ ਹੈ ਕਿਉਂਕਿ ਇਹ ਦਲਿਤ ਵਰਗ ਹੀ ਹੈ ਜੋ ਸਦੀਆਂ ਤੋਂ ਜਾਤੀ ਤ੍ਰਿਸਕਾਰ ਨੂੰ ਆਪਣੇ ਪਿੰਡੇ ਤੇ ਹੰਢਾਉਣ ਲਈ ਮਜਬੂਰ ਰਿਹਾ ਹੈ । ਦਲਿਤ ਵਰਗ ਦਾ ਜਾਤ ਅਤੇ ਜਮਾਤ ਪ੍ਰਬੰਧ ਵਿੱਚ ਸੋਸ਼ਣ ਇੱਕੋ ਜਿਹਾ ਨਹੀ ਹੈ ਕਿਉਂਕਿ ਇਹ ਮਸਲਾ ਆਰਥਿਕ ਸਾਧਨਾਂ ਦੀ ਮਾਲਕੀ ਵਾਲਾ ਘੱਟ ਤੇ ਸਮਾਜਕ ਹੋਂਦ ਵਾਲਾ ਜਿਆਦਾ ਹੈ । ਜੇਕਰ ਇਸ ਨੂੰ ਗਹਿਨ ਦ੍ਰਿਸ਼ਟੀ ਤੋਂ ਵਾਚਿਆ ਜਾਵੇ ਤਾਂ ਦਲਿਤ ਆਰਥਿਕ ਪ੍ਰਬੰਧ ਵਿੱਚ ਵੀ ਵਡੇਰੇ ਪੱਧਰ ਤੇ ਸੋਸ਼ਿਤ ਹੈ ਉਸਦਾ ਆਰਥਿਕ ਅਤੇ ਸਮਾਜਿਕ ਪ੍ਰਬੰਧ ਵਿੱਚ ਰੁਤਬਾ ਇੱਕੋ ਜਿਹਾ ਨਹੀਂ ਹੈ । ਉਹ ਆਰਥਿਕ ਪੱਧਰ ਤੇ ਉਪਰਲੇ ਵਰਗ ਵਿੱਚ ਸ਼ਾਮਿਲ ਹੋ ਕੇ ਵੀ ਜਾਤੀਗਤ ਪੱਧਰ ਤੇ ਸੋਸ਼ਣ ਦਾ ਸ਼ਿਕਾਰ ਰਿਹਾ ਹੋ ਜਾਂਦਾ ਹੈ ।

ਜਾਤ ਜਿੱਥੇ ਸਮਾਜਿਕ ਰੁਤਬੇ ਦਾ ਪਛਾਣ ਚਿੰਨ੍ਹ ਹੈ ਉੱਥੇ ਹੀ ਸ਼ੋਸ਼ਣ ਦਮਨ ਦਾ ਪ੍ਰਤੀਕ ਵੀ ਹੈ । ਜਾਤੀ ਅਤੇ ਜਮਾਤੀ ਦੋਹਾਂ ਪੱਧਰਾਂ ਤੇ ਵਿਅਕਤੀ ਨੂੰ ਦਮਿਤ ਕਰਦਾ ਹੈ । ਜਾਤੀ ਨਿਮਨਤਾ ਦਾ ਇਹ ਸਥਾਈਤਵ ਭਾਰਤੀ ਸਮਾਜ ਵਿੱਚ ਕਰਮ ਕਾਂਡੀ ਵਿਵਸਥਾਵਾਂ ਅਤੇ ਸਮਾਜਿਕ ਟੈਬੂਜ਼ ਕਾਰਨ ਹਮੇਸ਼ਾ ਸਥਿਰ ਰਹਿੰਦਾ ਹੈ ਪ੍ਰੰਤੂ ਜਮਾਤ ਪ੍ਰਬੰਧ ਵਿੱਚ ਇਹ ਬਦਲਦਾ ਰਹਿੰਦਾ ਹੈ । ਜਾਤੀ ਪ੍ਰਬੰਧ ਸਮਾਜ ਵਿੱਚ ਇੱਕ

ਦਬਾਉ ਸਮੂਹ ਦੇ ਰੂਪ ਵਿਚ ਕੰਮ ਕਰਦਾ ਹੈ ਜੋ ਹਰ ਪੱਧਰ ਤੇ ਆਪਣੇ ਤੋਂ ਹੇਠਲੇ ਵਰਗ ਨਾਲੋਂ ਦੂਰੀ ਰੱਖਦਿਆਂ ਨਿੱਜੀ ਹਿੱਤਾਂ ਤਹਿਤ ਸੰਘਰਸਸ਼ੀਲ ਰਹਿੰਦਾ ਹੈ ।ਜਮਾਤੀ ਪ੍ਰਬੰਧ ਵਿਚ ਵਿਅਕਤੀ ਜਾਤ ਨੂੰ ਹਿੱਤਾਂ ਦੀ ਪੂਰਤੀ ਹਿੱਤ ਨਕਾਰਦਾ ਅਤੇ ਸਵੀਕਾਰਦਾ ਹੈ ।ਜਾਤ ਦਾ ਜਮਾਤੀ ਪ੍ਰਬੰਧ ਵਿਚ ਹਿੱਤ ਪੂਰਤੀ ਸਦਕਾ ਕਾਰਜਸ਼ੀਲ ਹੋਣਾ ਜਾਤੀ ਸਮੂਹਾਂ ਵਿਚਲੀ ਰਾਜਨੀਤੀ ਨੂੰ ਨੰਗਾ ਕਰਦਾ ਹੈ ਕਿਉਂਕਿ ਕਈ ਵਾਰ ਇਹ ਜਮਾਤੀ ਸੰਬੰਧ ਆਪਣੇ ਹਿੱਤਾਂ ਸਦਕਾ ਜਾਤੀ ਸਮਾਜ ਤੋਂ ਬਾਹਰ ਹੋ ਜਮਾਤੀ ਦਾਇਰੇ ਵਿਚ ਜਾ ਖੜ੍ਹਦੇ ਹਨ ਅਤੇ ਜਮਾਤੀ ਪ੍ਰਬੰਧ ਵਿੱਚ ਪਿੱਛੇ ਰਹਿ ਗਏ ਆਰਥਿਕ ਪੱਖੋਂ ਕਮਜ਼ੋਰ ਵਿਅਕਤੀ ਤੋਂ ਕਿਨਾਰਾ ਕਰ ਉੱਚ ਜਮਾਤ ਦੇ ਦਾਇਰੇ ਤੱਕ ਸੀਮਤ ਰਹਿਣ ਨੂੰ ਤਰਜੀਹ ਦਿੰਦੇ ਹਨ ਪ੍ਰੰਤੂ ਉਨ੍ਹਾਂ ਦੀ ਇਹ ਚੇਤਨਾ ਉੱਚ ਵਰਗੀ ਸਮਾਜ ਦੀ ਮਾਨਸਿਕਤਾ ਦਾ ਵੀ ਹਿੱਸਾ ਹੈ ਜਿੱਥੇ ਉਹ ਆਪਣੀ ਜਾਤੀਗਤ ਹਿੱਤਾਂ ਤਹਿਤ ਉਸਨੂੰ ਆਪਣੇ ਵਰਗ ਵਿੱਚ ਸ਼ਾਮਿਲ ਕਰ ਲੈਂਦੇ ਹਨ ਪ੍ਰੰਤੂ ਜਾਤ ਵਿੱਚ ਸ਼ਾਮਿਲ ਨਹੀਂ ਕਰਦੇ ।ਮੁਈਰ ਅਨੁਸਾਰ "ਜਿਹੜੀਆਂ ਜਾਤਾਂ ਇਕ ਜਮਾਤ ਨਾਲ ਸਬੰਧ ਰੱਖਦੀਆਂ ਹਨ।ਉਹ ਇਕ ਦੂਸਰੇ ਨਾਲੋਂ ਸਾਫ਼ ਤੌਰ ਤੇ ਨਿਖੜਵੀਂ ਦੱਸਦੀਆਂ ਹਨ । ਉਹ ਆਪਣੇ ਆਰਥਿਕ ਹਿੱਤਾਂ ਦੀ ਸਾਂਝ ਦੀ ਪਰਵਾਹ ਨਾ ਕਰਦੀਆਂ ਹੋਈਆਂ ਇੱਕ ਦੂਜੇ ਤੋਂ ਨਿਖੇੜ ਕੇ ਰਹਿਣ ਲਈ ਪੂਰਾ ਤਾਣ ਲਾਉਂਦੀਆਂ ਹਨ ।"[1] ਜਾਤਾਂ ਦੀ ਇਹ ਸਥਿਰਤਾ ਸਮਾਜਿਕ ਰੁਤਬੇ ਦੇ ਨਾਲ ਨਾਲ ਆਰਥਿਕ ਰੁਤਬੇ ਨੂੰ ਵੀ ਸਹਿਜ ਹੀ ਨਿਰਧਾਰਤ ਕਰਦੀ ਹੈ ਜੋ ਸ਼ੋਸ਼ਣ ਦਾ ਕਾਰਨ ਹੈ । ਹਿੰਦੂ ਸਮਾਜ ਵਿੱਚ ਨਿਮਨ ਜਾਤੀ ਵਿਅਕਤੀ ਇਸ ਕਰਕੇ ਦਮਨ ਦਾ ਸ਼ਿਕਾਰ ਨਹੀਂ ਹੁੰਦਾ ਕਿ ਉਹ ਆਰਥਿਕ ਪੱਧਰ ਤੇ ਨਿਮਨ ਹੈ ।ਉਸਦੇ ਦਮਨ ਦਾ ਅਸਲ ਕਾਰਨ ਉਸਦਾ ਜਾਤੀਗਤ ਪੱਧਰ ਤੇ ਨੀਵਾਂਪਣ ਹੈ ਜੋ ਉਸ ਦੇ ਤਮਾਮ ਅਧਿਕਾਰਾਂ ਨੂੰ ਸੀਮਤ ਕਰਦਾ ਹੈ ।ਡਾ. ਅੰਬੇਡਕਰ ਅਨੁਸਾਰ "ਇਹ ਉਹ ਗੁਲਾਮ ਵਿਅਕਤੀ ਹੈ ਜਿਸਦੀ ਜ਼ਿੰਦਗੀ ਦਾ ਕੰਟਰੋਲ ਦੂਜੇ ਹੱਥ ਰਿਹਾ ਅਤੇ ਉਨ੍ਹਾਂਨੂੰ ਸਮਾਜਿਕ ਪੱਖ ਪ੍ਰਬੰਧ ਵਿੱਚ ਇਸ ਕਦਰ ਦਬਾਇਆ ਗਿਆ ਹੈ ਕਿ ਉਹ ਆਪਣੀ ਹਸਤੀ ਦੀ ਸ਼ਿਕਾਇਤ ਹੀ ਨਾ ਕਾਰਨ ।ਹੋਰ ਤਾਂ ਹੋਰ ਉਹ ਆਪਣੀ ਕਿਸਮਤ ਦਾ ਖਿਆਲ ਉਨ੍ਹਾਂ ਦੇ ਮਨਾਂ ਵਿਚ ਇੰਨੀ ਬੁਰੀ ਤਰ੍ਹਾਂ ਭਰ ਦਿੱਤਾ ਗਿਆ ਕਿ ਉਹ ਕਦੀ ਸੋਚਣ ਦੀ ਕੋਸ਼ਿਸ਼ ਹੀ ਨਹੀਂ ਕਰਦੇ ਕਿ ਉਨ੍ਹਾਂ ਦੀ ਕਿਸਮਤ ਬਦਲੀ ਵੀ ਜਾ ਸਕਦੀ ਹੈ ।"[2] ਉਨ੍ਹਾਂ ਦੀ ਇਹ ਮਾਨਸਿਕ ਅਵਸਥਾ ਉਨ੍ਹਾਂ ਜਾਤੀ ਤੇ ਜਮਾਤੀ ਪੱਧਰ ਤੇ ਦੋਇਮ ਦਰਜੇ ਦੇ ਰੱਖਦੀ ਹੈ ।

ਦਲਿਤ ਵਰਗ ਨੂੰ ਜਾਤੀ ਜਮਾਤੀ ਪੱਧਰ ਤੇ ਦਮਨਿਤ ਕਰਦੀ ਇਹ ਵਿਵਸਥਾ ਦਾਕਾਰਨ ਬ੍ਰਾਹਮਣੀ ਤੰਤਰ ਦਾ ਮਨੁੱਖੀ ਉਤਪਤੀ ਸੰਬੰਧੀ ਸਿਰਜਿਆ ਸਿਧਾਂਤ ਸ਼ੂਦਰ ਨੂੰ ਸਾਂਸਕ੍ਰਿਤਕ ਪੱਧਰ ਤੇ ਹੀਣੇਪਣਵਲ ਧਕੇਲਦਾ ਹੈ ਜਿਹੜਾ ਉਸ ਨੂੰ ਸ਼ੂਦਰ ਅਤੇ ਅਛੂਤ ਦੇ ਰੂਪ ਵਿੱਚ ਸਥਾਪਤ ਕਰਦਾ ਹੈ । ਰਾਜ ਕਿਸ਼ੋਰ ਅਨੁਸਾਰ "ਦਰਅਸਲ ਇਹ ਮਾਨਵ ਦੇ ਅਪਮਾਨ, ਘੁਟਣ ਅਤੇ ਪੀੜਤ ਦਾਸਤਾਂ ਰਾਹੀਂ ਮਨੁੱਖ ਦੀ ਹੱਤਿਆ ਹੁੰਦੀ ਹੈ ਜਦੋਂ ਕੋਈ ਵਿਅਕਤੀ ਕਿਸੇ ਵਿਅਕਤੀ ਨੂੰ ਅਛੂਤ ਕਹਿੰਦਾ ਹੈ।"[3] ਸਮਾਜ ਸਭਿਆਚਾਰਕ ਪ੍ਰਬੰਧ ਵਿੱਚ ਉਸਦੀ ਸਥਿਤੀ ਹਾਸ਼ੀਏ ਤੇ ਖੜ੍ਹੇ ਇੱਕ ਅਜਿਹੇ ਮਨੁੱਖ ਦੀ ਹੈ ਜਿਥੇ ਵਿਦਰੋਹ ਨਹੀਂ ਕਰ ਸਕਦਾ ਕਿਉਂਕਿ ਉਸ ਦੀ ਮਾਨਸਿਕਤਾ ਵਿੱਚ ਜਨਮ ਤੋਂ ਮੌਤ ਤਕ ਬ੍ਰਾਹਮਣੀ ਪ੍ਰਬੰਧ ਨੇ ਤ੍ਰਿਸਕਾਰ ਅਤੇ ਹੀਣਤਾ ਦੇ ਭਾਵਾਂ ਨੂੰ ਅਚੇਤ ਰੂਪ ਵਿਚ ਸਥਾਪਿਤ ਕਰ ਦਿੱਤਾ ਗਿਆ ਹੈ ।ਉਹ ਇਸ ਵਿਵਸਥਾ ਤਹਿਤ ਉਮਰ ਭਰ ਦੀਨ ਹੀਣ ਅਤੇ ਹਾਸ਼ੀਏ ਤੇ ਵਿਚਰਦਾ ਹੋਇਆ ਜਾਤੀ ਸ਼ੋਸ਼ਣ ਨੂੰ ਜੀਵਨ ਦਾ ਅੰਗ ਮੰਨ ਲੈਂਦਾ ਹੈ ।ਅਭੈ ਕੁਮਾਰ ਦਲਿਤ ਦੀ ਇਸ ਦਮਿਤ ਵਿਵਸਥਾ ਨੂੰ ਬਿਆਨ ਕਰਦਿਆਂ ਆਖਦੇ ਹਨ ਕਿ "ਦਮਨ ਦੀ ਇਹ ਸਥਿਤੀ ਸਿਰਫ਼ ਸਰੀਰਿਕ ਪੱਧਰ ਤੱਕ ਸੀਮਤ ਨਹੀਂ ਹੁੰਦੀ । ਇਹ ਮਾਨਸਿਕ ਪੱਧਰ ਤੇ ਵੀ ਵਿਦਮਾਨ ਰਹਿੰਦੀ ਹੈ ਕਿਉਂਕਿ ਇਕ ਉਤਪੀੜਤ ਦੁਆਰਾ ਇਕ ਉਤਪੀੜਤ ਨੂੰ



ਦਿਤੀ ਗਾਲ ਪਿੱਛੇ ਵੀ ਆਪਣੀ ਸੱਤਾ ਸਥਾਪਤੀ ਦਾ ਨਿਯਮ ਕੰਮ ਕਰਦਾ ਹੈ ।ਇੱਥੇ ਸ਼ਾਸਕ ਦਾ ਸ਼ੋਸ਼ਿਤ ਨੂੰ ਅਪਸ਼ਬਦਾਂ ਰਾਹੀਂ ਇਹ ਦੱਸਣਾ ਹੁੰਦਾ ਹੈ ਕਿ ਉਹ ਚੁਣੌਤੀ ਦੇਣ ਦੀ ਥਾਂ ਆਪਣੀ ਔਕਾਤ ਵਿੱਚ ਰਹੇ ਤਾਂ ਬਿਹਤਰ ਹੈ।"[4] ਜਾਤ ਅਤੇ ਜਮਾਤ ਵਿਚਲੀ ਇਹ ਅੰਤਰ ਵਿਰੋਧੀ ਸਥਿਤੀ ਵਡੇਰੇ ਪੱਧਰ ਤੇ ਵਿਆਪਤ ਹੈ ਜਿਸਨੂੰ ਸਾਹਿਤਕ ਵਿਧਾਵਾਂ ਨੇ ਵੀ ਆਪਣੇ ਕਲਾਵੇ ਵਿੱਚ ਵੀ ਲਿਆ ਹੈ ।ਸਾਹਿਤ ਦਾ ਮਨੁੱਖੀ ਮਨ ਵੇਦਨਾ ਤੇ ਸੰਵੇਦਨਾ ਨਾਲ ਜੁੜੇ ਹੋਣਾ ਉਸਨੂੰ ਸਮਾਜ ਦੇ ਹਰ ਉਸ ਪ੍ਰਬੰਧ ਨਾਲ ਸਬੰਧਿਤ ਕਰਦਾ ਹੈ ਜੋ ਮਨੁੱਖੀ ਮਨ ਅਤੇ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ। ਜਿਹੜੀ ਮਨੁੱਖੀ ਸਮੂਹਾਂ ਵਿਚਲੇ ਅੰਤਰ ਵਿਰੋਧਾਂ ਨੂੰ ਉਭਾਰਦੀ ਹੈ ।ਮੇਜਰ ਇਸਹਾਕ ਮੁਹੰਮਦ ਦਾ ਨਾਟਕ 'ਮੁਸੱਲੀ' ਜਾਤੀ ਤੇ ਜਮਾਤੀ ਦਮਨ ਦੇ ਯਥਾਰਥ ਨੂੰ ਬਾਖੂਬੀ ਪੇਸ਼ ਕਰਦਾ ਹੈ ਜੋ ਆਦਿਵਾਸੀ ਅਤੇ ਉੱਚ ਜਾਤੀ ਵਰਗ ਦੇ ਆਪਸੀ ਸੰਘਰਸ਼ ਨੂੰ ਬਿਆਨਦਾ ਹੈ।

ਇਹ ਨਾਟਕ ਅਜਿਹੇ ਦਮਿਤ ਪਾਤਰਾਂ ਦੇ ਜੀਵਨ ਯਥਾਰਥ ਨੂੰ ਉਭਾਰਦਾ ਹੈ ਜਿਨ੍ਹਾਂ ਦੀ ਸਮਾਜਕ ਸਥਿਤੀ ਸਦੀਆਂ ਤੋਂ ਗੌਣ ਰਹੀਆਂ ਹਨ। ਉਹ ਸਮਾਜ ਦਾ ਅੰਗ ਹੁੰਦਿਆਂ ਹੋਇਆਂ ਵੀ ਸਮਾਜ ਤੋਂ ਵਿਛੁੰਨਿਆ ਰਹੇ ।ਉਸ ਦੀ ਪਛਾਣ ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਹਾਲਤਾਂ ਬਦਲਣ 'ਤੇ ਵੀ ਨਹੀਂ ਬਦਲੀਆਂ ।ਰੁੱਤਾ ਅਤੇ ਸਾਬਾਂ ਉੱਚ ਵਰਗ ਦੀ ਵੰਗਾਰਾਂ ਪੂਰਦੇ ਕੇਂਦਰੀ ਪੰਜਾਬ ਦੇ ਉਹ ਲੋਕ ਹਨ ਜਿਨ੍ਹਾਂ ਨੂੰ ਬਰਤਾਨਵੀ ਸ਼ਾਸਨ ਦੀ ਬਸਤੀਵਾਦੀ ਨੀਤੀਆਂ ਕਾਰਨ ਆਪਣਾ ਮੂਲ ਸਥਾਨ ਛੱਡ ਕੇ ਹਿਜ਼ਰਤ ਲਈ ਮਜਬੂਰ ਹੋਣਾ ਪੈਂਦਾ ਹੈ। ਬਰਤਾਨਵੀਂ ਸਾਸ਼ਨ ਦੁਆਰਾ ਆਪਣੇ ਮੁਨਾਫ਼ੇ ਵਿੱਚ ਵਾਧਾ ਕਰਨ ਲਈ ਭਾਰਤ ਵਿੱਚ ਵੇਹਲੀਆਂ ਪਈਆਂ ਜਮੀਨਾਂ ਨੂੰ ਵਰਤਣ ਯੋਗ ਬਣਾਉਣ ਲਈ ਵੱਡੇ ਪੱਧਰ ਤੇ ਸੰਘਣੀ ਆਬਾਦੀ ਵਾਲੇ ਇਲਾਕੇ 'ਚੋਂ ਲੋਕਾਂ ਨੂੰ ਲਿਆ ਕੇ ਉਸ ਇਲਾਕੇ ਵਿੱਚ ਵਸਾਇਆ ।ਨਤੀਜਾ ਇਹ ਹੋਇਆ ਕਿ ਸਥਾਨਕ ਤੇ ਪਰਵਾਸੀ ਲੋਕਾਂ ਵਿੱਚ ਲੜਾਈ ਝਗੜਾ ਹੋਣ ਲੱਗਾ ।ਮੂਲਵਾਸੀ ਲੋਕਾਂ ਦੇ ਇੱਕ ਵੱਡੇ ਤਬਕੇ ਨੇ ਇੱਥੋਂ ਪਲਾਇਨ ਕਰਨ ਨੂੰ ਤਰਜੀਹ ਦਿੱਤੀ ਅਤੇ ਕੁਝ ਲੋਕ ਧਰਮ ਬਦਲ ਕੇ ਮੁਸਲਮਾਨ ਹੋ ਗਏ ।ਇਨ੍ਹਾਂ ਧਰਮ ਪਰਿਵਰਤਿਤ ਲੋਕਾਂ ਨੂੰ ਹੀ 'ਮੁਸੱਲੀ' ਕਿਹਾ ਗਿਆ ।ਇਨ੍ਹਾਂ ਦਾ ਧਰਮ ਪਰਿਵਰਤਨ ਵੀ ਜਾਤੀਗਤ ਸੰਬੰਧਾਂ ਨੂੰ ਜਮਾਤੀ ਪ੍ਰਬੰਧ ਵਿਚ ਸਾਮਾਨ ਖੜੇ ਕਰਨ ਵਿੱਚ ਅਸਫ਼ਲ ਰਿਹਾ ਹੈ ।ਕਰਨੈਲ ਸਿੰਘ ਥਿੰਦ ਅਨੁਸਾਰ "ਇਹ ਨਾਟਕ ਇੱਕ ਪਾਸੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਮਿਹਨਤੀ ਅਤੇ ਖੇਤ ਮਜ਼ਦੂਰਾਂ ਦੀ ਹਾਲਤ ਦਾ ਦਰਦ ਰਿੰਝਾਣਾ ਬਿਆਨ ਹੈ ਜਿਹੜੇ ਅਸਲ ਵਿੱਚ ਧਰਤੀ ਦੀ ਲੱਜ ਹਨ ਅਤੇ ਦੂਸਰੇ ਪਾਸੇਵਿਹਲੜ ਬਿੱਜੂਆਂ, ਜਗੀਰਦਾਰਾਂ ਤੇ ਪੁਲੀਸ ਵਾਲਿਆਂ ਵੱਲੋਂ ਕੀਤੀ ਜਾਂਦੀਆਂ ਵਧੀਕੀਆਂ ਦਾ ਜ਼ਿਕਰ ਹੈ ।"[5] ਇਸਹਾਕ ਮੁਹੰਮਦ ਦਾ ਇਹ ਨਾਟਕ ਉੱਚ ਵਰਗੀ ਸਮਾਜ ਅਤੇ ਨਿਮਨ ਸਮੂਹਾਂ ਵਿੱਚਲੇ ਜਾਤੀ ਅਤੇ ਜਮਾਤੀ ਅੰਤਰ ਵਿਰੋਧ ਦਾ ਧਾਰਨੀ ਹੈ ਜਿਸਦੇ ਪਾਤਰ ਇੱਕਤਦਾਰ, ਨਾਦਰ ਖਾਂ, ਬੁੱਢਣ ਸ਼ਾਹ , ਰੁੱਤਾ ਅਤੇ ਮੌਲਵੀ ਵੱਖ ਵੱਖ ਸਥਿਤੀਆਂ ਵਿੱਚ ਆਪਣੇ ਜਾਤੀ ਅਤੇ ਜਮਾਤੀ ਹਿੱਤਾਂ ਸਦਕਾ ਵੱਖੋ ਵੱਖਰੀ ਭੂਮਿਕਾ ਨਿਭਉਂਦੇ ਹਨ। ਇੱਕਤਦਾਰ ਅਗਾਂਹਵਧੂ ਵਿਚਾਰਧਾਰਾ ਦਾ ਧਾਰਨੀ ਹੋ ਕੇ ਵੀ ਆਪਣੇ ਜਾਤੀ ਤੇ ਜਮਾਤੀ ਖਾਸੇ ਤੋਂ ਬਾਹਰ ਨਹੀਂ ਨਿਕਲਦਾ ।

ਇਹ ਨਾਟਕ ਪਿੱਤਰੀ ਦੇ ਜਾਤੀ ਸਮਾਜ ਦੇ ਸ਼ਾਸਨ ਤੰਤਰ ਨੂੰ ਵੀ ਪੇਸ਼ ਕਰਦਾ ਹੈ ਜਿੱਥੇ ਜਾਤੀ ਤੇ ਜਮਾਤੀ ਸ਼ੋਸ਼ਣ ਸਿਰਫ ਦਲਿਤ ਮਰਦ ਨੂੰ ਹੀ ਨਹੀਂ ਬਲਕਿ ਦਲਿਤ ਔਰਤ ਨੂੰ ਵੀ ਹੰਢਾਉਣਾ ਪੈਂਦਾ ਹੈ । ਦਲਿਤ ਔਰਤ ਇਸ ਜਾਤੀ ਗਤ ਪ੍ਰਬੰਧ ਵਿੱਚ ਜਾਤੀ,ਪਿਤਾ ਪੁਰਖੀ ਅਤੇ ਵਰਗਗਤ ਸੋਸ਼ਣ ਦਾ ਸ਼ਿਕਾਰ ਹੁੰਦੀ ਹੈ। ਨਾਟਕ ਦੀ ਪਾਤਰ ਸਾਬਾਂ ਇਸ ਤੀਹਰੇ ਸੋਸ਼ਣ ਨੂੰ ਆਪਣੇ ਪਿੰਡੇ ਤੇ ਹੰਢਾਉਂਦੀ ਹੈ। ਉਸਦਾ ਜਾਤੀ ਪ੍ਰਬੰਧ ਪ੍ਰਤੀ ਨਕਾਰ ਮੁਖੀ ਰਵੱਈਆ ਪਿੱਤਰੀ ਸੱਤਾ ਦੀ ਪ੍ਰਭੁਤਾ ਖ਼ਿਲਾਫ਼ ਭੁਗਤਦਾ ਹੈ ।"ਪੁਰਸ਼

ਦੀ ਸਮੱਸਿਆ ਇਹ ਹੈ ਕਿ ਉਹ ਔਰਤ ਨੂੰ ਬਰਾਬਰ ਦੇ ਅਧਿਕਾਰ ਨਹੀਂ ਦੇਣਾ ਚਾਹੁੰਦਾ । ਇਸੇ ਲਈ ਸਰੀਰਕ ਸ਼ਕਤੀ ਤੋਂ ਇਲਾਵਾ ਉਸ ਨੇ ਜਿਹੜੀ ਵੀ ਧਾਰਨਾ ਅਤੇ ਮੁੱਲਾਂ ਦੀ ਸਥਾਪਨਾ ਕੀਤੀ ਅਤੇ ਜਿਹੜੇ ਆਚਰਨ ਨੂੰ ਮਾਨਤਾ ਦਿੱਤੀ ਉਹ ਸਭ ਉਸ ਦੀ ਸੁਵਿਧਾ ਲਈ ਸੀ ।” [6] ਦਰਅਸਲ ਦਲਿਤ ਮਨੁੱਖ ਸਦੀਆਂ ਤੋਂ ਦਮਿਤ ਹੋਣ ਸਦਕਾ ਉਸ ਦੀ ਮਾਨਸਿਕ ਗ੍ਰੰਥੀ ਇਸ ਕਦਰ ਹੀਣਤਾ ਦਾ ਅੰਗ ਬਣ ਗਈ ਹੈ ਕਿ ਉਹ ਦੀ ਹੋਂਦ ਅਚੇ ਜਾਤੀਗਤ ਪਛਾਣ ਕਿੱਤਿਆਂ ਤੱਕ ਸੀਮਤ ਹੋ ਕੇ ਰਹਿ ਗਿਆ ਹੈ । ਆਪਣੀ ਇਸੇ ਹੀਣੇ ਬਣਦਾ ਜ਼ਿਕਰ ਕਰਦਿਆਂ ਰੁੱਤਾਂ ਆਖਦਾ ਹੈ ,

“ਰੁੱਤਾ...ਵਰ੍ਹੇ ਲੰਘ ਗਏ ਨੇ, ਪਰ ਤੇਰੀ ਗੋਹੇ ਦੀ ਟੋਕਰੀ ਹੁਣ ਤਾਈਂ ਤੇਰੇ ਸਿਰੋਂ ਨਾ ਲੱਥੀ ਤੇ ਮੇਰੀ ਤਰੇਂਗਲ ਕਲਮ ਨਾ ਬਣੀ । ਚਿੱਟਾ ਅਨਪੜ੍ਹ ਰਿਹਾਂ । ਇਹ ਵੇਖ ਅਸਾਨੂੰ ਸ਼ੇਖ ਵੀ ਅਸਾਨੂੰ ਸ਼ੇਖ਼ ਵੀ ਪੂਰਾ ਨਹੀਂ ਬਣਾਇਓਸ। ਨਾਲ ‘ਮੁਸਲਿਮ’ ਦੀ ਬਿੱਜ਼ ਲਾ ਦਿਤੀ ਏ।” [7]

ਉਹ ਸਮਾਜ ਦੇ ਇਸ ਪ੍ਰਬੰਧ ਵਿੱਚ ਦਲਿਤਾਂ ਦੀ ਹੋਣੀ ਤੋਂ ਚਿੰਤਤ ਹੈ ਕਿਉਂਕਿ ਨਿਮਨ ਵਰਗੀ ਸਮੂਹਾਂ ਦੀ ਅਨਪੜ੍ਹਤਾ ਅਤੇ ਗਰੀਬੀ ਉਨ੍ਹਾਂ ਨੂੰ ਉੱਚ ਪਦਵੀ ਤੋਂ ਸਥਾਪਿਤ ਕਰਨ ਦੀ ਥਾਂ ਨਿਮਨ ਕਿੱਤਿਆਂ ਤੱਕ ਸੀਮਤ ਕਰਦੀ ਹੈ। ਸਦੀਆਂ ਤੋਂ ਉੱਚ ਜਾਤ ਦਾ ਗੰਦ ਢੋਂਹਦਿਆਂ ਉਨ੍ਹਾਂ ਦੀਆ ਪੀੜ੍ਹੀਆਂ ਬੀਤ ਗਈਆਂ ਪ੍ਰੰਤੂ ਉੱਚ ਜਾਤੀ ਵਰਗ ਨੇ ਕਦੀ ਉਨ੍ਹਾਂ ਦੀ ਇਸ ਹਾਲਤ ਤੇ ਤਰਸ ਨਹੀਂ ਕੀਤਾ । ਸਗੋਂ ਇਹ ਵਰਗ ਤਾਂ ਉਨ੍ਹਾਂ ਨੂੰ ਵਰਤੋਂ ਦੀ ਵਸਤੂ ਸਮਝ ਕੇ ਭੋਗਣ ਤੱਕ ਸੀਮਿਤ ਰੱਖਦਾ ਰਿਹਾ ਹੈ । ਇਸੇ ਲਈ ਉਹ ਆਪਣੀ ਦਮਨਿਤ ਹਾਲਤ ਨੂੰ ਕਿਸਮਤ ਦਾ ਅੰਗ ਮੰਨ ਕੇ ਸਾਬਾਂ ਨੂੰ ਮੁਸਲਿਮ ਸ਼ੇਖ ਆਖਣ ਤੇ ਇਤਰਾਜ਼ ਜ਼ਾਹਰ ਕਰਦਾ ਹੈ ਕਿਉਂ ਜੋ ਇਹ ਸ਼ਬਦ ਉਨ੍ਹਾਂ ਦੀ ਹਾਲਤ ਵਿੱਚ ਸੁਧਾਰ ਨਹੀਂ ਲਿਆਉਂਦਾ ਬਲਕਿ ਜਾਤੀ ਪ੍ਰਬੰਧ ਵਿੱਚ ਇੱਕ ਨਵੇਂ ਜਾਤ ਸਮੂਹ ਦੀ ਸਥਾਪਤੀ ਕਰਦਾ ਹੈ । ਬੇਸ਼ੱਕ ਪੂੰਜੀਵਾਦੀ ਦੌਰ ਵਿੱਚ ਮਸੀਨੀਕਰਨ ਨੇ ਦਲਿਤ ਵਰਗਾਂ ਨਾਲ ਹੁੰਦੀ ਛੂਤ ਛਾਤ ਨੂੰ ਘਟਾਇਆ ਹੈ ਪਰ ਬਸਤੀਵਾਦੀ ਵਿਵਸਥਾ ਨੇ ਉਹਨਾਂ ਦਾ ਆਰਥਿਕ ਸੋਸ਼ਣ ਵੀ ਕੀਤਾ ਹੈ। ਉਹ ਪੂੰਜੀਵਾਦੀ ਵਿਵਸਥਾ ਵਿੱਚ ਖੁਦ ਨੂੰ ਲੁੱਟੇ ਹੋਏ ਮਹਿਸੂਸ ਕਰਦੇ ਹਨ ਜਿੱਥੇ ਉਨ੍ਹਾਂ ਦੀ ਹੱਥ ਕਿਰਤ ਅਤੇ ਮਸ਼ੀਨੀ ਤਕਨੀਕ ਤੋਂ ਅਣਜਾਣਤਾ ਉਨ੍ਹਾਂ ਦਾ ਦੋਹਰਾ ਸ਼ੋਸ਼ਣ ਕਰਦੀ ਹੈ ।

ਵਰਤਮਾਨ ਆਧੁਨਿਕ ਯੁੱਗ ਵਿੱਚ ਮਸ਼ੀਨੀ ਦੌਰ ਨੇ ਇੱਕ ਪਾਸੇ ਦਲਿਤ ਵਰਗ ਨੂੰ ਖੇਤੀ ਸੈਕਟਰ ਚੋਂ ਹਟਾ ਕੇ ਉਦਯੋਗਿਕ ਕਾਮਿਆਂ ਦੇ ਰੂਪ ਵਿੱਚ ਲਿਆ ਖੜਾ ਕੀਤਾ ਹੈ ਜਿਥੇ ਉਨ੍ਹਾਂ ਦੀ ਲੁੱਟ ਦੇ ਨਵੇਂ ਪ੍ਰਬੰਧ ਉਸਰ ਗਏ ਹਨ ਉੱਥੇ ਹੀ ਮਸ਼ੀਨੀ ਵਿਵਸਥਾ ਨੇ ਮਜਦੂਰਾਂ ਦੇ ਇੱਕ ਵੱਡੇ ਸਮੂਹ ਨੂੰ ਵੇਹਲਾ ਵੀ ਕਰ ਦਿੱਤਾ ਹੈ । ਆਰਥਿਕ ਵਸੀਲਿਆਂ ਦੀ ਘਾਟ ਅਤੇ ਢਿੱਡ ਦੀ ਭੁੱਖ ਨੇ ਉਨ੍ਹਾਂ ਨੂੰ ਮੂਲ ਸਥਾਨ ਤੋਂ ਹਿਜ਼ਰਤ ਕਰਨ ਲਈ ਮਜਬੂਰ ਕਰ ਦਿਤਾ ਹੈ । ਵਰਣ ਪ੍ਰਬੰਧ ਦੇ ਸਿਧਾਂਤ ਨੇ ਇਹਨਾ ਨੂੰ ਜ਼ਮੀਨੀ ਅਧਿਕਾਰਾਂ ਤੋਂ ਲਾਂਭੇ ਕਰ ਉੱਚ ਵਰਗ ਜੇ ਅਧੀਨ ਕੇਂਦਰਿਤ ਕਰ ਦਿਤਾ ਹੈ। ਜ਼ਮੀਨੀ ਅਧਿਕਾਰ ਤੋਂ ਵਾਂਝੇ ਇਹ ਨਾਟਕੀ ਪਾਤਰ ਜਾਤੀਗਤ ਹੀਣਤਾ ਦੀ ਪੀੜ ਕਾਰਨ ਖ਼ੁਦ ਨੂੰ ਕੰਮੀ ਕਮੀਣ ਮੰਨਦੇ ਹਨ। ਉਹ ਇਕਤਦਾਰ ਦੇ ਆਖਣ ਤੇ ਵੀ ਮੰਜੇ ਤੇ ਬਹਿਣ ਦੀ ਬਜਾਏ ਭੋਇੰ ਤੇ ਬਹਿਣ ਨੂੰ ਤਰਜੀਹ ਦਿੰਦੇ ਹਨ

“ਰੁੱਤਾਂ : ਸਾਹਬ ਜੀ ਅਸਾਂ ਭੋਈ ਦੇ ਬੰਦਿਆ ਸਾਨੂੰ ਮੂੜਿਆ ਮੰਜਿਆਂ ਨਾਲ ਕੀ? ” [8]

ਰੁੱਤੇ ਅਤੇ ਸਾਬਾਂ ਦੀ ਮਾਨਸਿਕਤਾ ਉਪਰ ਮਨੂਵਾਦੀ ਵਰਣ ਦਾ ਗਲਬਾ ਭਾਰੂ ਹੈ ਜੋ ਉਹਨਾਂ ਨੂੰ ਉੱਚ ਵਰਗ ਦੇ ਬਰਾਬਰ ਬਹਿਣ ਨਹੀਂ ਦਿੰਦਾ । ਉਹ ਆਪਣੀ ਲੜਾਕੂ ਸੰਸਕ੍ਰਿਤੀ ਦੇ ਸੋਹਲੇ ਗਾਉਣ ਨੂੰ ਹੀ ਆਪਣੀ ਬਹਾਦਰੀ ਮੰਨਦੇ ਹਨ। ਦਰਅਸਲ “ਹਾਕਮ ਸ਼੍ਰੇਣੀਆਂ ਦੰਡ ਅਤੇ ਦਮਨ ਰਾਹੀਂ ਰਾਜ ਕਰਨ ਦੀ ਥਾਂ ਸਭਿਆਚਾਰਕ ਸਰਦਾਰੀ ਅਤੇ ਧੌਂਸ (Cultural Hegemony) ਰਾਹੀਂ ਰਾਜ ਕਰਦੀਆਂ ਹਨ



।”[9] ਇਹ ਸਭਿਆਚਾਰਕ ਧੌਂਸ ਉਪਰਲੇ ਵਰਗਾਂ ਤੋਂ ਹੇਠਲੇ ਵਰਗੀ ਵਿੱਚ ਸਮਾਨ ਹੁੰਦੀ ਹੈ ਰੁੱਤਾ ਵੀ ਇਸੇ ਸਭਿਆਚਾਰਕ ਧੌਂਸ਼ ਨੂੰ ਹਿੱਤ ਅਨੁਸਾਰੀ ਰੱਖਦਿਆ ਵਰਤਦਾ ਹੈ । ਉਸ ਨੂੰ ਉੱਚ ਵਰਗ ਦੁਆਰਾ ਦਬਾਏ ਜਾਣਾ ਅਤੇ ਮੌਲਵੀ ਰਹਿਮਤ ਦੀਨ ਦਾ ਆਪਣੀ ਜਾਤ ਤੋਂ ਬਾਹਰ ਜਮਾਤੀ ਪੱਧਰ ਤੇ ਵਿਚਰਨਾ ਮਨਜ਼ੂਰ ਨਹੀ। ਉਹ ਜਾਤੀ ਪ੍ਰਬੰਧ ਦਾ ਇੱਥੇ ਵਿਰੋਧੀ ਨਜ਼ਰ ਆਉਂਦਾ ਹੈ ਪ੍ਰੰਤੂ ਖ਼ੁਦ ਵੀ ਇਸ ਵਿਵਸਥਾ ਦਾ ਹਿੱਸਾ ਹੈ ਇਸੇ ਲਈ ਇਕਤਦਾਰ ਦੁਆਰਾ ਉਹਨਾਂ ਨੂੰ ਸਾਂਦਲ ਬਾਰ ਦੀ ਸੰਸਕ੍ਰਿਤੀ ਨਾਲ ਜੋੜੇ ਜਾਣ ਤੇ ਉਸਦਾ ਵਿਰੋਧ ਕਰਦਾ ਹੋਇਆ ਖ਼ੁਦ ਨੂੰ ਉਹਨਾਂ ਤੋਂ ਉੱਚ ਮੰਨਦਿਆਂ ਉਸ ਨੂੰ ਆਖਦਾ ਹੈ

“ਸਾਬਾਂ : ਸਾਹਬ ਜੀ ਉਹ ਤੇ ਚੂੜਾ ਸੀ।
ਰੁੱਤਾਂ : ਲਓ ਜੀ ਸਾਨੂੰ ਮੁਰਦਾਖੋਰ ਚੂੜਿਆਂ ਨਾਲ ਰਲਾ ਦਿੱਤਾ ਈ ।” [10]

ਮੱਧ ਸ਼੍ਰੇਣੀ ਸਮਾਜ ਦਾ ਦਲਿਤ ਵਰਗਾਂ ਤੋਂ ਪਾਸੇ ਰਹਿਣਾ ਹਿੱਤਾਂ ਦੀ ਅਸਾਵੀਂ ਵੰਡ ਸਦਕਾ ਹੈ ਇਸੇ ਲਈ ਉਹ ਉਪਰਲੇ ਤੇ ਹੇਠਲੇ ਵਰਗਾਂ ਦਾ ਹਿੱਸਾ ਬਣਨ ਤੋਂ ਗੁਰੇਜ਼ ਕਰਦਾ ਹੈ । “ਆਧੁਨਿਕ ਸਮਾਜ ਵਿੱਚ ਦਲਿਤ ਜਾਤੀਆ ਦੇ ਜਿਨ੍ਹਾਂ ਲੋਕਾਂ ਨੂੰ ਉਪਰ ਉੱਠਣ ਦਾ ਮੌਕਾ ਮਿਲ ਜਾਂਦਾ ਹੈ, ਉਹ ਆਪਣੀ ਜਾਤ ਤੋਂ ਵਿਯੋਗੇ ਜਾਂਦੇ ਹਨ । ਉਹ ਉੱਚੀਆਂ ਜਾਤੀਆਂ ਵਿੱਚ ਆਪਣੀ ਹੈਸੀਅਤ ਬਣਾਈ ਰੱਖਣ ਲਈ ਆਪਣੀ ਜਾਤ ਨੂੰ ਲਕੋਣ ਦਾ ਸਾਂਗ ਵੀ ਰਚਦੇ ਹਨ ।” [11] ਉਹ ਆਪਣੀ ਸਮਾਜਕ ਪਦਵੀ ਨੂੰ ਉਪਰ ਵੱਲ ਲਿਜਾਉਣਾ ਚਾਹੁੰਦੇ ਹਨ ਪ੍ਰੰਤੂ ਖੁਦ ਹੇਠਲਿਆ ਤੋਂ ਕਿਨਾਰਾ ਕਰ ਬੰਦ ਸਮੂਹ ਦੇ ਰੂਪ ਵਿੱਚ ਰਹਿਣ ਨੂੰ ਤਰਜੀਹ ਦਿੰਦੇ ਹਨ । ਮੱਧ ਸ਼੍ਰੇਣੀ ਵਰਗ ਦਾ ਖਾਸਾ ਵੀ ਇਸੇ ਤਰ੍ਹਾਂ ਦਾ ਹੈ ਜੋ ਬੁਨਿਆਦੀ ਜ਼ਰੂਰਤਾਂ ਪੂਰਤੀ ਤਕ ਹੀ ਸੀਮਤ ਰਹਿੰਦਾ ਹੈ । ਉਹ ਸਮਾਜਕ ਪਰਿਵਰਤਨ ਲਈ ਸ਼ੰਘਰਸ਼ ਕਰ ਰਹੀਆਂ ਜੱਥੇਬੰਦੀਆ ਦਾ ਸਾਥ ਦੇਣ ਦੀ ਥਾਂ ਉਹਨਾਂ ਦੀ ਅਲੋਚਨਾ ਕਰਦਾ ਹੈ ਅਤੇ ਵਿਵਸਥਾ ਦੇ ਬਦਲਣ ਦੀ ਥਾਂ ਸਥਿਤੀਆਂ ਨੂੰ ਜਿਉਂ ਦਾ ਤਿਉਂ ਬਣਾ ਕੇ ਉਸ ਵਿਚ ਪਰਜੀਵੀ ਦੀ ਤਰਾਂ ਜੀਵਨ ਬਸ਼ਰ ਕਰਨ ਨੂੰ ਤਰਜੀਹ ਦਿੰਦਾ ਹੈ । ਜਾਤੀ ਵਿਵਸਥਾ ਦੀ ਇਹ ਦਾਓ ਪੇਚ ਵਾਲੀ ਰਾਜਨੀਤੀ ਦਾ ਜ਼ਿਕਰ ਕਰਦਿਆਂ ਕੇ .ਐਲ .ਸ਼ਰਮਾ ਆਖਦੇ ਹਨ ਕਿ “ ਜਿਹੜੀਆਂ ਜਾਤੀਆਂ ਆਰਥਿਕ ਤੇ ਰਾਜਨੀਤਕ ਤੌਰ ਤੇ ਪ੍ਰਬਲ ਹੋ ਜਾਂਦੀਆਂ ਹਨ ਉਹ ਜਾਤੀ ਨੂੰ ਅੱਗੋਂ ਦੀ ਸਮਾਜਿਕ ਅਤੇ ਸਭਿਆਚਾਰਕ ਗਤੀਸ਼ੀਲਤਾ ਲਈ ਵਰਤਦੀਆਂ ਹਨ। ਇਸ ਲਈ ਜਾਤ ਦੀ ਵਰਤੋਂ ਸਿਰਫ਼ ਨਾਮਕਰਨ ਲਈ ਨਹੀਂ ਕੀਤੀ ਜਾਂਦੀ ਸਗੋਂ ਆਪਣੀ ਰਾਜਨੀਤਕ ਸਮਾਜ ਸਭਿਆਚਾਰਕ ਗਤੀਸ਼ੀਲਤਾ ਨੂੰ ਬਰਕਰਾਰ ਰੱਖਣ ਲਈ ਵੀ ਕੀਤੀ ਜਾਂਦੀ ਹੈ।” [12] ਜਿਸ ਦੇ ਧਾਰਨੀ ਨਾਟਕ ਦੇ ਪਾਤਰ ਨੂਰਦੀਨ ਅਤੇ ਬੁੱਢਣ ਸ਼ਾਹ ਹਨ । ਮੌਲਵੀ ਨੂਰਦੀਨ ਆਪਣੇ ਜਮਾਤੀ ਹਿੱਤਾਂ ਨੂੰ ਬਰਕਰਾਰ ਰੱਖਦਿਆਂ ਜਾਤੀ ਪ੍ਰਬੰਧ ਦਾ ਵਿਰੋਧ ਨਹੀਂ ਕਰਦਾ ਬਲਕਿ ਕਿਸੀ ਉੱਚ ਪੱਦਵੀ ਤੇ ਪਹੁੰਚਣ ਨੂੰ ਵੀ ਕਰਮ ਦੇ ਸਿਧਾਂਤ ਰਾਹੀ ਮਾਨਤਾ ਦਿੰਦਾ ਹੈ । ਉਹ ਜਾਤੀ ਪ੍ਰਬੰਧ ਨੂੰ ਤੋੜਨ ਦੀ ਥਾਂ ਇਸ ਦਾ ਸਮਰਥਨ ਕਰਦਾ ਹੈ । ਦਲਿਤ ਅਤੇ ਉੱਚ ਵਰਗਾਂ ਵਿਚ ਜਾਤੀ ਤੇ ਜਮਾਤੀ ਪ੍ਰਬੰਧ ਦਾ ਇਹ ਫ਼ਲਸਫ਼ਾ ਉਹਨਾਂ ਦੇ ਆਰਥਿਕ ਹਿੱਤਾਂ ਸਦਕਾ ਹੈ । ਜਿਉਂ ਹੀ ਉਨ੍ਹਾਂ ਦੇ ਆਰਥਿਕ ਹਿੱਤਾਂ ਨੂੰ ਨੁਕਸਾਨ ਪਹੁੰਚਦਾ ਹੈ ਉਹ ਆਪਣੇ ਜਮਾਤੀ ਸੰਬੰਧਾਂ ਨੂੰ ਤਿਆਗ ਕੇ ਜਾਤੀ ਸਬੰਧਾਂ ਵੱਲ ਪਲਾਇਨ ਕਰਨ ਲੱਗਦੇ ਹਨ। ਬੁੱਢਣਸ਼ਾਹ ਵੀ ਇਸੇ ਵਿਚਾਰਾਂ ਦਾ ਧਾਰਨੀ ਹੈ ਉਹ ਇਕਤਦਾਰ ਦੁਆਰਾ ਦਲਿਤ ਰੁੱਤਾਂ ਅਤੇ ਸਾਬਾ ਨੂੰ ਪੜ੍ਹਾਏ ਜਾਣ ਤੇ ਉਨ੍ਹਾਂ ਦਾ ਵਿਰੋਧ ਕਰਦਿਆਂ ਆਖਦਾ ਹੈ ਕਿ

“ਬੁੱਢਣਸ਼ਾਹ : ਪੁੱਤਰ ! ਤੁਸੀਂ ਲੋਕ ਯੂਨੀਵਰਸਿਟੀਆਂ ਵਿਚ ਇਲਮ ਦੀਆਂ ਮੋਮਬੱਤੀਆਂ ਦੀ ਬੜੀ ਉਲੱਦ ਪੁਲੱਧ ਕਰਦੇ ਓ, ਪਰ ਸ਼ਾਇਦ ਹੀ ਕਿਤੇ ਸੇਕ ਲੱਗ ਜਾਂਦਾ ਹੋਵੇ । ਇੱਥੇ ਤਾਂ ਸੁੱਕਿਆਂ ਢੀਂਗਰਾਂ ਦੇ ਦੜੇ ਲੱਗੇ ਹੋਏ ਨੇ । ਪੁੱਤਰਾ ! ਤੁਹਾਨੂੰ ਜਰਾਸੀਮ ਦਾ ਟੀਕਾ ਲੱਗਾ ਹੋਇਆ ਏ । ਸੱਚ ਨੂੰ ਝੂਠ

ਤੇ ਝੂਠ ਨੂੰ ਸੱਚ ਸਾਬਤ ਕਰਨਾ, ਤੁਹਾਡਾ ਵਿਹਾਰ ਏ ।ਜਿਹਨੂੰ ਪੜਾਇਆ ਵੀ ਇਸ ਕਰਕੇ ਜਾਂਦਾ ਏ ਕਿ ਦੁਨੀਆ ਦੇ ਖੋਟ ਉਪਰ ਇਲਮ ਦਾ ਮਨਮੋਹਣਾ ਮੁਲੰਮਾ ਕਰ ਦਿਓ .....।"[13]

ਬੁੱਢਣ ਸ਼ਾਹ ਦਾ ਬੁਰਜੂਆ ਰਵੱਈਆ ਜਮਾਤੀ ਹਿੱਤਾਂ ਤੇ ਕੇਂਦਰਿਤ ਹੈ ਇਸ ਲਈ ਗਿਆਨ ਚੇਤਨਾ ਉੱਪਰ ਹਾਸ਼ੀਆਗਤ ਸਮੂਹਾਂ ਦੀ ਪਹੁੰਚ ਨੂੰ ਨਕਾਰਦਾ ਹੈ ।ਉਹ ਦਲਿਤ ਵਰਗ ਅੰਦਰ ਪਨਪੀ ਚੇਤਨਾ ਨੂੰ ਧਰਮ ਅਤੇ ਸੰਸਕ੍ਰਿਤਿਕ ਬੰਧਨਾ ਹੇਠ ਬੰਨ੍ਹ ਕੇ ਰੱਖਣਾ ਲੋਚਦਾ ਹੈ।ਬੁੱਢਣ ਸ਼ਾਹ ਅਤੇ ਇਕਤਦਾਰ ਬੁਰਜੂਆ ਸ਼੍ਰੇਣੀ ਦੇ ਉਹ ਪਾਤਰ ਹਨ ਜੋ ਨਕਲੀ ਮੁਖੌਟਾ ਪਾ ਕੇ ਨਿੱਜੀ ਹਿੱਤਾਂ ਦੀ ਪੂਰਤੀ ਕਰਨ ਨੂੰ ਜੀਵਨ ਦਾ ਲਕਸ਼ ਮੰਨਦੇ ਹਨ ।ਇਕਤਦਾਰ ਦਾ ਸਮਾਜਵਾਦੀ ਫਲਸਫ਼ਾ ਸੁਧਾਰਵਾਦੀ ਹੈ ।ਉਹ ਮਾਰਕਸੀ ਚਿੰਤਨ ਦੀ ਜਮਾਤੀ ਸੰਰਚਨਾ ਤਹਿਤ ਸੰਗਠਿਤ ਸੰਘਰਸ਼ ਨੂੰ ਤੇ ਉਭਾਰਦਾ ਹੈ ਪ੍ਰੰਤੂ ਮੌਕਾ ਮਿਲਣ ਤੇ ਆਪਣੇ ਜਮਾਤੀ ਰੂਪ ਵਿੱਚ ਤਬਦੀਲ ਹੋਣ ਤੋਂ ਗੁਰੇਜ਼ ਨਹੀਂ ਕਰਦਾ ।ਉਹ ਆਪਣੇ ਦੋਸਤ ਨਾਦਿਰ ਖ਼ਾਨ ਨਾਲ ਸਮਾਜਵਾਦ ਦੀ ਗੱਲ ਕਰਦਾ ਹੈ ਪ੍ਰੰਤੂ ਨਾਦਿਰ ਦੀ ਕੱਟੜ ਜਗੀਰੂ ਸੋਚ ਉਸਨੂੰ ਵਰਣ ਪ੍ਰਬੰਧ ਦੇ ਢਾਂਚੇ ਵਿੱਚ ਲਿਆ ਖੜ੍ਹਾ ਕਰਦੀ ਹੈ ਜਿੱਥੇ ਉਹ ਖੁਦ ਨੂੰ ਡੀ. ਕਲਾਸ ਹੋਇਆ ਮਹਿਸੂਸ ਕਰਦਾ ਹੈ ।ਨਾਦਰ ਖਾਨ ਉਸਨੂੰ ਅਪ ਕਲਾਸ ਹੋਣ ਲਈ ਸਾਬਾਂ ਨਾਲ ਨਜਾਇਜ ਸਬੰਧ ਸਥਾਪਿਤ ਕਰ ਮੁੜ ਜਗੀਰੂ ਢਾਂਚੇ ਵਿੱਚ ਸ਼ਾਮਿਲ ਹੋਣ ਦੀ ਤਰਕੀਬ ਦੱਸਦਾ ਹੈ ਜਿੱਥੇ ਉਹ ਨਿਮਨ ਸਮੂਹਾਂ ਦੇ ਸ਼ੋਸ਼ਣ ਨੂੰ ਆਪਣਾ ਜੱਦੀ ਹੱਕ ਮੰਨਦਿਆਂ ਸਾਬਾਂ ਨਾਲ ਜ਼ਬਰਦਸਤੀ ਕਰਨ ਦੀ ਗੱਲ ਕਰਦਾ ਆਖਦਾ ਹੈ ਕਿ

"ਨਾਦਰ : ਉਏ ਛੱਡ ਸੱਯਦਾ ਜਿੰਦੜੀ ਨੂੰ ਕਿਹੜਿਆਂ ਦੁੱਖਾਂ ਵਿੱਚ ਪਾ ਛੱਡਿਆ ਈ ।ਅਮਰੀਕਨਾਂ ਦਾ ਕਲਾਸ ਵਾਲਾ ਹਰਬਾ ਵਰਤ । ਜੇ ਉੱਚੀ ਕਲਾਸ ਵਾਲਿਆਂ ਨੂੰ ਮਾਰਕਸਿਜ਼ਮ ਦੰਦੀਆਂ ਨਹੀਂ ਵੱਢਦਾ ਤੇ ਉਹਦੇ ਹਲਕਾਇਆ ਦਾ ਇਲਾਜ ਵੀ ਘਾਸ ਉੱਚੀ ਕਰਕੇ ਕੀਤਾ ਜਾ ਸਕਦੇ ਹੈ...।"[14]

ਨਾਦਰ ਖ਼ਾਂ ਸਮਾਜਵਾਦੀ ਵਿਚਾਰਧਾਰਾ ਚਿੰਤਨ ਨੂੰ ਉੱਚ ਵਰਗ ਦੀ ਹੱਥ ਠੋਕੀ ਵਿਵਸਥਾ ਮੰਨਦਾ ਹੈ ਜਿਥੇ ਨਿਮਨ ਵਰਗੀ ਸਮੂਹਾਂ ਦੀ ਚੇਤਨਾ ਨੂੰ ਵਰਤ ਕੇ ਨਾ ਸਿਰਫ਼ ਉਹਨਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ ਬਲਕਿ ਆਪਣੇ ਹਿੱਤਾਂ ਦੀ ਪੂਰਤੀ ਵੀ ਕੀਤੀ ਜਾਂਦੀ ਹੈ।ਨਾਟਕਕਾਰ ਮਾਰਕਸਵਾਦੀ ਚਿੰਤਨ ਉੱਪਰ ਵੀ ਸਵਾਲ ਚੁੱਕਦਾ ਹੈ ਜੋ ਇੱਕ ਸਦੀ ਬੀਤ ਜਾਣ ਉਪਰੰਤ ਵੀ ਸਮਾਜ ਵਿਚ ਕੋਈ ਤਬਦੀਲੀ ਕਰਨ ਤੋਂ ਅਸਮਰੱਥ ਰਿਹਾ ਹੈ ।ਇੰਜ ਉਸਦੇ ਅਨੁਸਾਰ ਮਾਰਕਸਵਾਦੀ ਵਿਚਾਰਧਾਰਾ ਉੱਚ ਵਰਗ ਦੀ ਹੱਥ ਠੋਕੀ ਹੋ ਨਿੱਬੜੀ ਹੈ ।ਨਾਦਰ ਇਸੇ ਸੱਤਾ ਦੇ ਸਦਕਾ ਸਾਬਾਂ ਨਾਲ ਜ਼ਬਰਦਸਤੀ ਕਰਨ ਦੀ ਹਦਾਇਤ ਕਰਦਾ ਹੈ ਇਕਤਦਾਰ ਉਪਰ ਨਾਦਰ ਦੀਆਂ ਗੱਲਾਂ ਦਾ ਚਮਤਕਾਰੀ ਅਸਰ ਹੁੰਦਾ ਹੈ ਤੇ ਉਹ ਸਮਾਜਵਾਦੀ ਫਲਸਫੇ ਨੂੰ ਤੋੜ ਮਰੋੜ ਕੇ ਸਾਬਾਂ ਨੂੰ ਆਪਣੀ ਹਵਸ ਪੂਰਤੀ ਦਾ ਸ਼ਿਕਾਰ ਬਣਾਉਣ ਬਾਰੇ ਸੋਚਦਾ ਹੈ ।ਉਹ ਸਾਬਾਂ ਨੂੰ ਹਾਸਲ ਕਰਨ ਲਈ ਉਸਨੂੰ ਭਰਮਾਉਂਦਾ ਹੈ ਪੈਸਿਆ ਦਾ ਲਾਲਚ ਦਿੰਦਾ ਹੈ ਅਤੇ ਉਸਨੂੰ ਜਾਤੀਗਤ ਪੱਧਰ ਤੇ ਉਚ ਦੱਸਦਾ ਹੈ ਪਰ ਸਾਬਾਂ ਨੂੰ ਜਾਲ ਵਿੱਚ ਫਸਦੀ ਨਾ ਵੇਖ ਉਸਨੂੰ ਤ੍ਰਿਸਕਾਰ ਦੀ ਪਾਤਰ ਮੰਨਦਿਆਂ ਆਖਦਾ ਹੈ

"ਇਕਤਦਾਰ : ਤੂੰ ਆਪਣੇ ਮੁਸੱਲੀਆਂ ਵਾਲੀ ਵੇਖ, ਅਯਾਨਿਆ ਦੇ ਪਰਾਗਿਆਂ ਦੇ ਪਰਾਗੇ ਲੈ ਕੇ ਇਕ ਨੂੰ ਛੱਡ ਦੂਜੇ ਵੱਲ ਟੁਰ ਜਾਂਦੀਆਂ ਨੇ ।ਕੋਈ ਰੌਲਾ ਪਾਵੇ ਤਾਂ ਕੁਝ ਨਹੀਂ ਬਣਦਾ ।ਨਾਲੇ ਉਸ ਕਿਹੜੇ ਮਹਿਲ ਮਾੜੀਆਂ ਛੱਡਣੇ ਨੇ,ਪਈ ਵਾਰਿਸ ਨਾ ਹੋਣ ਤੇ ਉਹਨੂੰ ਹਰਖ ਹੋਵੇ ।ਜੀਹਦੇ ਕੋਲ ਜਾਂਦੀ ਏ, ਉਹਨੂੰ ਬੁਰਾ ਨਹੀਂ ਲੱਗਦਾ, ਕਿਉਂ ਜੇ ਜਿਨ੍ਹੇ ਨਵੇਂ ਮੂੰਹ ਆਵੰਦੇ ਨੇ, ਉਹਦੇ ਨਾਲੋਂ ਦੂਣੇ ਕਾਮੇ ਹੱਥ ਵੀ ਆ ਜਾਂਦੇ ਨੇ ।ਹਲਾਲੀ ਹਰਾਮੀ ਦਾ ਮਸਲਾ ਵੀ ਘੱਟ ਹੀ ਹੋਂਦਾ ਏ ।"[15]

ਉੱਚ ਵਰਗੀ ਸਮਾਜ ਲਈ ਦਲਿਤ ਔਰਤ ਦੀ ਹੋਣੀ ਜ਼ਮੀਨ ਦੀ ਤਰ੍ਹਾਂ ਹੈ ਜੋ ਬੀਜ ਪੈਦਾ ਕਰਨ



ਲਈ ਵਰਤੀ ਜਾ ਸਕਦੀ ਹੈ ਪ੍ਰੰਤੂ ਉਸਨੂੰ ਸਮਾਜਕ ਪ੍ਰਬੰਧ ਵਿੱਚ ਪ੍ਰਨਾਇਆ ਨਹੀਂ ਜਾ ਸਕਦਾ ।ਇਸ ਲਈ ਉਹ ਹਵਸ ਪੂਰਤੀ ਦਾ ਇੱਕ ਸਾਧਨ ਮਾਤਰ ਹੋ ਜਾਂਦੀ ਹੈ ।ਦਲਿਤ ਔਰਤ ਵੀ ਇਸ ਸਥਿਤੀ ਨੂੰ ਕਈ ਵਾਰ ਸੁੱਤੇ ਸਿਧ ਹੀ ਸਵੀਕਾਰ ਕਰ ਲੈਂਦੀ ਹੈ ਕਿਉਂਕਿ ਉਸਦੀ ਮਾਨਸਿਕ ਹੀਣਤਾ ਅਤੇ ਆਰਥਿਕ ਲੋੜਾਂ ਉੱਚ ਵਰਗ ਨਾਲ ਜੁੜੀਆਂ ਹੋਣ ਕਰਕੇ ਉਹ ਸਮਰਪਣ ਨੂੰ ਹੀ ਆਪਣੀ ਕਿਸਮਤ ਮੰਨਦੀ ਹੈ ।ਇੱਥੇ ਹੀ ਬਸ ਨਹੀਂ ਦਲਿਤ ਮਰਦ ਦੀ ਨਜ਼ਰ ਵਿਚ ਦਲਿਤ ਔਰਤ ਦਾ ਇਹ ਸ਼ੋਸ਼ਣ ਸਹਿਜ ਹੀ ਹੈ ਪਰ ਉਹ ਇਸ ਦਾ ਜ਼ਿੰਮੇਵਾਰ ਉੱਚ ਵਰਗੀ ਮਰਦ ਨੂੰ ਨਹੀਂ ਬਲਕਿ ਦਲਿਤ ਔਰਤ ਨੂੰ ਹੀ ਮੰਨਦਾ ਹੈ।ਇਸ ਲਈ ਉਸ ਨੂੰ ਨਾ ਸਿਰਫ ਉਪਰਲੇ ਵਰਗ ਦੇ ਮਰਦ ਕੋਲੋਂ ਆਪਣੀ ਸੁਰੱਖਿਆ ਕਰਨੀ ਪੈਂਦੀ ਹੈ ਸਗੋਂ ਨਿਮਨ ਵਰਗੀ ਮਰਦ ਨੂੰ ਵੀ ਆਪਣੀ ਪਵਿੱਤਰਤਾ ਦਾ ਸਬੂਤ ਦੇਣਾ ਪੈਂਦਾ ਹੈ ।ਇਕਤਦਾਰ ਦੁਆਰਾ ਸਾਬਾਂ ਨਾਲ ਜਬਰਦਸਤੀ ਕਰਨ ਤੇ ਰੁੱਤਾ ਇਕਤਦਾਰ ਨੂੰ ਕਸੂਰਵਾਰ ਨਾ ਮੰਨ ਕੇ ਸਾਬਾਂ ਨੂੰ ਇਸਦਾ ਜਿੰਮੇਵਾਰ ਮੰਨਦਿਆ ਸੋਚਦਾ ਹੈ 'ਕੀ ਹੋਇਆ ਜੇ ਪੈਰ ਤਿਲਕ ਗਿਆ ਸਾਬਾਂ ਜ਼ਰੂਰ ਇੱਕਤਦਾਰ ਅੱਗੇ ਬਣ ਠਣ ਕੇ ਲੰਘਦੀ ਹੋਣੀ ਐ'ਦਲਿਤ ਔਰਤ ਦੀ ਇਹ ਹੋਣੀ ਸਮਾਜਿਕ ਯਥਾਰਥ ਦਾ ਸੱਚ ਹੈ।ਜਿਸਦਾ ਵਿਰੋਧ ਉਨ੍ਹਾਂ ਨੂੰ ਸਮਾਜਕ ਸਬੰਧਾਂ ਤੋਂ ਬਾਹਰ ਕਰ ਦਿੰਦਾ ਹੈ ।ਰੁੱਤੇ ਦੁਆਰਾ ਇੱਜ਼ਤਦਾਰ ਦਾ ਕਤਲ ਕਰਨਾ, ਥਾਣੇਦਾਰ ਦਾ ਸਾਬਾਂ ਨੂੰ ਥਾਣੇ ਲਿਜਾਣਾ ਅਤੇ ਬੁੱਢਣ ਸ਼ਾਹ ਦਾ ਨਾਦਰ ਖਾਂ ਖ਼ਿਲਾਫ਼ ਕਾਰਵਾਈ ਕਰਨਾ ਦਲਿਤ ਵਰਗ ਦੀ ਸ਼ੋਸ਼ਣ ਦੀ ਰਾਜਨੀਤੀ ਹੈ ਜਿੱਥੇ ਗ਼ਰੀਬੀ, ਜਹਾਲਤ ਅਤੇ ਉੱਚ ਵਰਗ ਦੀ ਤਾਬੇਦਾਰੀ ਉਨ੍ਹਾਂ ਦੀ ਕਿਸਮਤ ਦਾ ਅੰਗ ਬਣ ਜਾਂਦੀ ਹੈ ।ਰੁੱਤਾਂ ਇਹਨਾਂ ਸਥਿਤੀਆ ਤੋਂ ਬਾਗੀ ਤਾ ਜਾਂਦਾ ਹੈ ਪਰ ਸਮਾਜ ਵਿੱਚ ਉਸਨੂੰ ਕਿਤੇ ਵੀ ਢੋਈ ਨਹੀ ਮਿਲਦੀ ।ਉਸਦੀ ਨੂਰੇ ਨਾਲ ਮੁਲਾਕਾਤ ਉਸਨੂੰ ਆਰਥਿਕ ਅਤੇ ਸਮਾਜ ਭੁੱਖਮਰੀ ਦੇ ਸ਼ਿਕਾਰ ਅਜਿਹੇ ਵਰਗ ਸੰਗ ਲਿਆ ਖੜਾ ਕਰਦੀ ਹੈ ਜਿੱਥੇ ਮਸ਼ੀਨੀ ਕਰਨ ਨੇ ਕਿਰਤੀ ਅਤੇ ਦਲਿਤ ਵਰਗ ਦੀ ਹੱਥੀਂ ਕਿਰਤ ਨੂੰ ਖਤਮ ਕਰ ਉਹਨਾ ਨੂੰ ਮਸ਼ੀਨ ਕੇਂਦਰਿਤ ਕਰ ਦਿੱਤਾ ਹੈ ।ਉਦਯੋਗਿਕ ਢਾਂਚੇ ਵਿੱਚ ਮਸ਼ੀਨਾਂ ਦੀ ਵੱਧ ਰਹੀ ਭਰਮਾਰ ਸਦਕਾ ਇਹ ਵਰਗ ਆਰਥਿਕ ਥੁੜਾਂ ਸਦਕਾ ਭੁੱਖਮਰੀ ਦਾ ਸ਼ਿਕਾਰ ਹੈ ਜਿਸਦਾ ਰੋਣਾ ਪੁੰਨੂੰ ਅਤੇ ਤੁੱਲਾ ਵਰਗੇ ਖੇਤ ਮਜਦੂਰ ਰੋਂਦੇ ਹਨ ।ਇਹ ਕਿਰਤੀ ਸੋਸ਼ਲਿਜ਼ਮ ਦੇ ਫਲਸਫੇ ਨੂੰ ਨਕਾਰਦਿਆਂ ਆਪਣੀ ਆਰਥਿਕ ਮੰਦਹਾਲੀ ਤੋਂ ਚਿੰਤਤ ਹਨ ।ਉਨ੍ਹਾਂ ਲਈ ਕਿਰਤ ਸ਼ਕਤੀ ਦਾ ਆਧਾਰ ਉਨ੍ਹਾਂ ਦੇ ਖੇਤ ਅਤੇ ਪਸ਼ੂ ਹਨ ।ਪੂੰਜੀਵਾਦ ਦੀ ਮਾਰ ਨੇ ਉਨ੍ਹਾਂ ਦੇ ਇਸ ਪ੍ਰਬੰਧ ਨੂੰ ਢਹਿ ਢੇਰੀ ਕਰ ਦਿੱਤਾ ਹੈ ।ਇਸ ਲਈ ਉਹ ਮਾਰਕਸਵਾਦ ਦੀ ਵਿਚਾਰਧਾਰਾ ਦੇ ਅਸਫਲ ਹੋਣ ਦੀ ਗਲ ਕਰਦਿਆਂ ਆਖਦੇ ਹਨ ਕਿ

"ਪੁੰਨੂੰ : ਸਾਲ ਹੋਣ ਨੂੰ ਆਇਆ ਏ, ਲਾਖੇ ਤੇ ਸਾਵੇਂ ਨੂੰ ਖੁਰਲੀ ਬੱਧਿਆਂ ਨੂੰ ।ਭੋਏਂ ਦਾ ਇੱਕ ਮਰਲਾ ਨਹੀਂ ਢੀਂਦਾ ਪਿਆ। ਵੇਚਦਾ ਵੇਚਦਾ ਰਹਿ ਗਿਆ ।ਸ਼ਹਿਰ ਦੇ ਮੁੰਡੇ ਜਿਹੜਾ ਵਾਹਵੇ, ਉਹੀ ਖਾਹਵੇ, ਗਾਉਂਦੇ ਵਜਾਉਂਦੇ ਆ ਗਏ ।ਮੈਂ ਸਮਝਿਆ ਸ਼ਾਇਦ ਉਹ ਸੱਚੇਈ ਹੋਵਣ, ਢੱਗੇ ਬੰਨ੍ਹ ਛੱਡੇ, ਵੇਹਲਿਆਂ ਖਾ ਖਾ ਕੇ ਕਰਜ਼ਾਈ ਕਰ ਛੱਡਿਆ ।ਹੁਣ ਪਛਤਾਉਂਦਾ ਵੇਚਣੇ ਹੀ ਪੈਣੇ ਨੇ ।ਸਾਡੇ ਲੇਖੇ ਖ਼ਬਰੇ ਮਜ਼ਦੂਰੀ ਲਿਖੀ ਹੋਈ ਏ, ਭੋਏਂ ਕਿੱਥੋ ?"[16]

ਨਾਟਕਕਾਰ ਮਾਰਕਸ ਦੇ ਸਮਾਜਵਾਦੀ ਫਲਸਫ਼ੇ ਤੇ ਸਵਾਲ ਚੁੱਕਦਿਆ ਕਿਰਤੀਆਂ ਦੀ ਲੁੱਟ ਨੂੰ ਉਭਾਰਦਿਆ ਮਾਰਕਸਵਾਦ ਦੇ ਫਲਸਫ਼ੇ ਉਪਰ ਸਵਾਲ ਚੁੱਕਦਾ ਹੈ ਜਿਥੇ ਸਰਵਹਾਰਾ ਵਰਗ ਸੰਘਰਸ਼ ਵਿੱਚ ਵੀ ਉਹਨਾ ਦੀ ਲੁੱਟ ਜਾਤੀ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦੀ ਹੈ ।ਸਮੂਹਿਕ ਸੰਘਰਸ਼ਾ ਦਾ ਇਹ ਵਰਤਾਰਾ ਅੱਜ ਸੰਪਰਦਾਇਕ ਜੱਥੇਬੰਦੀਆਂ ਦਾ ਸੰਘਰਸ਼ ਬਣ ਕੇ ਰਹਿ ਗਿਆ ਜੋ ਚਿੰਤਨ ਅਤੇ ਵਿਹਾਰਿਕ ਪੱਧਰ ਉਪਰ ਵੱਖ ਵੱਖ ਹੈ ਕਿਉਕਿ ਜਮਾਤੀ ਹਿੱਤਾ ਲਈ ਕੀਤੇ ਜਾਂਦੇ ਸੰਘਰਸ਼ ਸਮਾਂ ਪਾ ਕੇ

ਜਾਤੀ ਵਰਗ ਵੰਡ ਦਾ ਰੂਪ ਧਾਰ ਲੈਂਦੇ ਹਨ ਜਿਥੇ ਸੰਘਰਸ਼ ਕਿਸੇ ਮੁਕਾਮ ਤੇ ਪੁੱਜਣ ਦੀ ਥਾਂ ਸਵੈ ਹਿੱਤਾਂ ਤਕ ਸੀਮਤ ਹੋ ਕੇ ਵਪਾਰਿਕ ਮੰਗਾਂ ਦਾ ਆਧਾਰ ਬਣ ਜਾਂਦੇ ਹਨ ।ਇਸ ਤਰ੍ਹਾਂ ਇਹ ਜਨਤਕ ਸੰਘਰਸ਼ ਕਈ ਵਾਰ ਵਰਗ ਸੰਘਰਸ਼ ਦੀ ਥਾਂ ਜਾਤੀ ਸੰਘਰਸ਼ ਹੋ ਨਿਬੜਦੇ ਹਨ ਅਤੇ ਜਮਾਤੀ ਹਿੱਤ ਜਾਤੀਗਤ ਹਿੱਤਾ ਦਾ ਰੂਪ ਧਾਰ ਲੈਂਦੇ ਹਨ ।ਇਸ ਲਈ ਸਮਾਜਕ ਪ੍ਰਬੰਧ ਦੇ ਇਸ ਸਮਾਜਕ ਅਰਥ ਤੰਤਰ ਨੂੰ ਉਖਾੜਨ ਲਈ ਸਮਾਜ ਸਭਿਆਚਰਕ ਸਬੰਧਾਂ ਸਾਂਝੇ ਸੰਘਰਸ਼ ਦੀ ਲਾਮਬੰਦੀ ਕਰਨ ਦੀ ਜਰੂਰਤ ਹੈ ।ਭਾਰਤੀ ਸਮਾਜ ਵਿੱਚ ਵਰਗ ਪ੍ਰਬੰਧ ਦਾ ਇਹ ਢਾਂਚਾ ਆਰਥਿਕ ਆਧਾਰ ਵਾਲਾ ਨਹੀਂ ਬਲਕਿ ਮਨੋਵਿਗਿਆਨਿਕ ਅਤੇ ਸਭਿਆਚਾਰਕ ਵਿਵਸਥਾ ਨਾਲ ਜੁੜਿਆ ਹੈ ਇਸ ਲਈ ਉਸਨੂੰ ਤੋੜਨ ਲਈ ਸੰਘਰਸ਼ ਦੇ ਬਾਹਰੀ ਢਾਂਚੇ ਦੇ ਨਾਲ ਨਾਲ ਅੰਦਰੂਨੀ ਵਿਵਸਥਾ ਨੂੰ ਵੀ ਤੋੜੇ ਜਾਣਾ ਜਰੂਰੀ ਹੈ ।ਜਿਸ ਨੂੰ ਤੋੜਨ ਲਈ ਜਮਾਤੀ ਅਤੇ ਜਾਤੀ ਪੱਧਰ ਤੇਂ ਇੱਕ ਸਾਂਝੇ ਸਿਧਾਂਤ ਨੂੰ ਸਥਾਪਿਤ ਕਰਨਾ ਹੋਵੇਗਾ ਅਤੇ ਸੱਭਿਆਚਾਰਕ ਸਬੰਧਾਂ ਵਿਚਲੀ ਜਾਤੀਵਿਵਸਥਾ ਨੂੰ ਵੀ ਜੜ੍ਹ ਤੋਂ ਹਲੂਣਾ ਦੇਣਾ ਹੋਵੇਗਾ ਤਦ ਹੀ ਕੋਈ ਸਾਰਥਿਕ ਹੱਲ ਕੱਢਿਆ ਜਾ ਸਕਦਾ ਹੈ ।

**ਹਵਾਲੇ-**



1. *ਜਗਜੀਤ ਸਿੰਘ, ਸਿੱਖ ਇਨਕਲਾਬ, ਲੋਕਗੀਤ ਪ੍ਰਕਾਸ਼ਨ, ਸਰਹੰਦ, 2002, ਪੰਨਾ 6*
2. *ਤਲਵਿੰਦਰ ਸੱਭਰਵਾਲ (ਸੰਪਾ.) ਜਾਤ ਪਾਤ ਦਾ ਫਸਤਾ ਵੱਢੋ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, ਪਹਿਲੀ ਵਾਰ, 2014, ਪੰਨਾ-83*
3. *ਰਾਜ ਕਿਸ਼ੋਰ (ਸੰਪਾ.) ਹਰੀਜਨ ਸੇ ਦਲਿਤ, ਬਾਣੀ ਪ੍ਰਕਾਸ਼ਨ, ਸੰਸਕਰਣ 2008, ਪੰਨਾ 142*
4. *ਅਭੈ ਕੁਮਾਰ ਦੂਬੇ, ਆਧੁਨਿਕਤਾ ਕੇ ਆਈਨੇ ਮੇਂ ਦਲਿਤ, ਬਾਣੀ ਪ੍ਰਕਾਸ਼ਨ, ਦਿੱਲੀ ਦੂਸਰਾ ਸੰਸਕਰਣ, 2008, ਪੰਨ-92*
5. *ਮੇਜਰ ਇਸਹਾਕ ਮੁਹੰਮਦ, ਮੁਸੱਲੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਦੂਸਰੀ ਵਾਰ,2012, ਪੰਨਾ-10*
6. *ਸਿਮੋਨ ਦੀ ਬਿਵੇਅਰ, ਇਸਤਰੀ ਅਪੇਕਸ਼ਾ, (ਅਨੁ. ਪ੍ਰਭਾ ਖੇਤਾਨ (ਡਾ.), ਸਰਸਵਤੀ ਵਿਹਾਰ ਪਬਲਿਸ਼ਰਜ, ਦਿੱਲੀ, 1990, ਪੰਨਾ-65*
7. *ਉਹੀ, ਪੰਨਾ-42*
8. *ਉਹੀ, ਪੰਨਾ-48*
9. *ਅਮਰ ਤਰਸੇਮ, ਪੰਜਾਬੀ ਨਾਵਲ ਸ਼੍ਰੇਣੀ ਸ਼ਾਸਤਰੀ ਪਰਿਪੇਖ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2006, ਪੰਨਾ-18*
10. *ਉਹੀ, ਪੰਨਾ-58*
11. *ਡਾ. ਟੀ. ਆਰ. ਵਿਨੋਦ, ਜਿੰਦਰ ਦੀ ਕਹਾਣੀ ਕਲਾ, ਕੁਝ ਪੱਖ, ਜਿੰਦਰ ਦੀਆਂ ਕਹਾਣੀਆਂ-ਔਰਤ, ਸੈਕਸ ਅਤੇ ਦਲਿਤਵਾਦ (ਸੰਪਾ. ਡਾ. ਬਲਕਾਰ ਸਿੰਘ) ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ 65*
12. *ਕੇ. ਐੱਲ. ਸ਼ਰਮਾ. caste and class in india, rawat publication, new deldi,2005, page 11*
13. *ਉਹੀ, ਪੰਨਾ-60*
14. *ਉਹੀ, ਪੰਨਾ-67*
15. *ਉਹੀ, ਪੰਨਾ-72*
16. *ਉਹੀ, ਪੰਨਾ-104*


***ਰਿਸਰਚ ਸਕਾਲਰ, ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ,***

***ਮੋਬਾ. 99144-75287***



## ਸਿਰੜੀ ਬੰਦੇ ਦੀ ਗਾਥਾ: ਇਕ ਸੀ ਹਰਜਿੰਦਰ /- ਡਾ. ਸੁਖਪਾਲ ਕੌਰ




ਪੰਜਾਬੀ ਦੇ ਪ੍ਰਸਿੱਧ ਕਥਾਕਾਰ ਜਿੰਦਰ ਦੀ ਇਹ ਸੰਪੂਰਨ ਸਵੈ-ਜੀਵਨੀ ਹੈ ਇਸ ਤੋਂ ਪਹਿਲਾਂ 'ਕਵਾਸੀ ਰੋਟੀ', 'ਅਜੇ ਇਹ ਅੰਤ ਨਹੀਂ' ਵੀ ਛਪ ਚੁੱਕੀਆਂ ਹਨ। **'ਇਕ ਸੀ ਹਰਜਿੰਦਰ'** (**ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼, ਦਿੱਲੀ, ਪੰਨੇ : 318 ਮੁੱਲ : 600 ਰੁਪਏ, ਸਾਲ: 2021**) ਕਈ ਪੱਖਾ ਤੋਂ ਮੁੱਲਵਾਨ ਸਵੈ ਬਿਰਤਾਂਤ ਹੈ ਜਿਸ ਵਿਚ ਅਸੀਂ ਸਧਾਰਨ ਮਨੁੱਖ ਨੂੰ ਸਮਾਜ ਵਿਚ ਆਪਣੀ ਪਛਾਣ ਬਣਾਉਂਦਾ ਵੇਖਦੇ ਹਾਂ ਜਿਸਦੇ ਦੁਆਲੇ ਅਨੇਕਾਂ ਉਲਝਣਾ, ਕੰਡੇ, ਪਰਿਵਾਰ ਦੇ ਬਖੇੜੇ ਤੇ ਸਮੱਸਿਆਵਾਂ ਦਾ ਜਾਲ਼ ਬੁਣਿਆ ਹੋਇਆ ਹੈ। ਲੰਮੇ ਬਿਰਤਾਂਤ ਵਿਚ ਫੈਲੀ ਇਸ ਜੀਵਨੀ ਵਿਚ ਅਸੀਂ ਵੇਖਦੇ ਹਾਂ ਕਿ ਪ੍ਰਸਥਿਤੀਆਂ ਚਾਹੇ ਕਿੰਨੀਆਂ ਵੀ ਵਿਕਰਾਲ ਕਿਓਂ ਨਾ ਹੋਣ, ਚਾਹੇ ਕਿੰਨੀਆਂ ਵੀ ਭਿਆਨਿਕ ਕਿਓਂ ਨਾ ਹੋਣ ਸ਼ਕਤੀਸ਼ਾਲੀ ਮਨੁੱਖ ਆਪਣਾ ਰਾਹ ਬਣਾ ਹੀ ਲੈਂਦਾ ਹੈ। ਜਿੰਦਰ ਨੇ ਆਪਣਾ ਸਵੈ ਬਿਰਤਾਂਤ ਲਿਖਦਿਆਂ ਬੜੀ ਬੇਬਾਕੀ ਨਾਲ ਆਪਣੇ ਚੌਗਿਰਦੇ, ਪਰਿਵਾਰ, ਪਿੰਡ, ਭਾਈਚਾਰਕ ਸਾਂਝ, ਆਪਣੀ ਗਰੀਬੀ, ਲਚਾਰੀ ਅਤੇ ਨੌਕਰੀ ਦੇ ਅਨੁਭਵਾ ਬਾਰੇ ਲਿਖਿਆ ਹੈ। ਜਿੰਦਰ ਦਾ ਬਚਪਨ ਦੁਆਬੇ ਦੇ ਇਕ ਪਿੰਡ ਵਿਚ ਬੜੀਆਂ ਮੁਸ਼ਕਲ ਸਥਿਤੀਆਂ ਵਿਚ ਗੁਜ਼ਰਦਾ ਹੈ। ਸੁਨਿਆਰ ਉਪ ਜਾਤੀ ਵਿਚ ਜਨਮ ਲੈ ਕੇ ਵੀ ਉਹ ਅਤੇ ਉਹਦਾ ਪਰਿਵਾਰ ਗਰੀਬੀ 'ਚ ਜ਼ਿੱਲਤ ਭਰੀ ਜ਼ਿੰਦਗੀ ਬਤੀਤ ਕਰਦਾ ਹੈ। ਉਸ ਦਾ ਪਿਤਾ ਘਰ ਚਲਾਉਣ ਲਈ ਦਰ ਦਰ ਭਟਕਦਾ ਹੈ। ਇਹੀ ਹਾਲ ਲੇਖਕ ਦਾ ਵੀ ਹੁੰਦਾ ਹੈ। ਲੇਖਕ ਪੜ੍ਹਾਈ ਦੇ ਨਾਲ ਨਾਲ ਕਿਰਤ ਤੇ ਖੇਤਾਂ 'ਚੋਂ ਪਸ਼ੂਆਂ ਲਈ ਘਾਹ ਵੀ ਖੋਤਦਾ ਹੈ। ਕਾਲਜ ਦੇ ਦਿਨਾਂ ਦੇ ਪਿਆਰ ਪ੍ਰਸੰਗਾਂ ਨੂੰ ਵੀ ਉਸਨੇ ਸਵੈ ਜੀਵਨੀ ਦਾ ਹਿੱਸਾ ਬਣਾਇਆ ਹੈ। ਲੇਖਕ ਕੁਝ ਹਮਉਮਰ ਕੁੜੀਆਂ ਨਾਲ ਸਰੀਰਕ ਸੰਬੰਧ ਦਾ ਜ਼ਿਕਰ ਵੀ ਕਰਦਾ ਹੈ। ਨੌਕਰੀ ਕਰਦਿਆਂ ਲੇਖਕ ਨੂੰ ਅਨੇਕਾਂ ਉਤਰਾਅ-ਚੜ੍ਹਾਅ ਵਿਚ ਅਸੀਂ ਵੇਖਦੇ ਹਾਂ। ਉਸ ਦੀ ਜ਼ਿੰਦਗੀ ਇਕ ਸਮੁੰਦਰ ਵਾਂਗ ਹੈ ਜਿਸ ਵਿਚ ਠੱਲੀ ਕਿਸ਼ਤੀ ਕਦੇ ਕਦੇ ਡਾਵਾਂਡੋਲ ਵੀ ਹੁੰਦੀ ਫਿਰ ਚੱਲਣ ਲੱਗਦੀ ਹੈ।

ਜੀਵਨੀ ਲਿਖਣਾ ਬੜਾ ਔਖਾ ਕਾਰਜ ਹੈ। ਖਾਸ ਕਰਕੇ ਸਵੈ ਜੀਵਨੀ ਲਿਖਣਾ ਤਾਂ ਇਸ ਤਰ੍ਹਾਂ ਹੈ ਜਿਵੇਂ ਬਹਿਤੇ ਹੂਏ ਪਾਨੀ ਪੇ 'ਪਾਨੀ' ਲਿਖਣਾ। ਅਨੇਕਾਂ ਵਾਰ ਆਪਣੇ ਜੀਵਨ ਦੇ ਕੱਚ-ਸੱਚ ਨੂੰ ਬਿਆਨ ਕਰਦਿਆਂ ਲੇਖਕ ਕਿਤੇ ਨਾ ਕਿਤੇ ਕੁਝ ਛੁਪਾ ਹੀ ਲੈਂਦਾ ਹੈ। ਇਸ ਬਾਰੇ ਵਾਰਸ ਸ਼ਾਹ ਵੀ ਕਹਿੰਦਾ ਹੈ ਵਾਰਸ ਸ਼ਾਹ ਛੁਪਾਈਏ ਜੱਗ ਕੋਲੋਂ, ਭਾਵੇਂ ਆਪਣਾ ਹੀ ਗੁੜ ਖਾਈਏ ਜੀ ! ਇਸ ਤਰ੍ਹਾਂ ਦਾ ਹੀ ਹੈ ਸਵੈ ਜੀਵਨੀ ਲਿਖਣਾ। ਜਿੰਦਰ ਦੀ ਇਸ ਜੀਵਨੀ ਨੂੰ ਪੜ੍ਹਦਿਆਂ ਉਸ ਦੇ ਜੀਵਨ ਦੇ ਰੰਗ-ਢੰਗ ਨਾਲ ਵਾਬਸਤਾ ਨਹੀਂ ਹੁੰਦਾ ਸਗੋਂ ਪਾਠਕ ਉਸ ਦੇ ਨਾਲ ਨਾਲ ਤੁਰਦੇ ਜਾਂਦੇ ਹਨ ਅਤੇ ਉਸ ਨੂੰ ਹਰਜਿੰਦਰ ਤੋਂ ਜਿੰਦਰ ਵਿੱਚ ਬਦਲਦਿਆਂ ਦੇਖਦੇ ਅਤੇ ਮਹਿਸੂਸ ਕਰਦੇ ਹਨ। ਹਾਸ਼ੀਏ ਤੇ ਧੱਕਿਆ ਇਕ ਮੁੰਡਾ ਕਿਵੇਂ ਮੁੱਖ ਧਾਰਾ ਵਿਚ ਆਉਂਦਾ ਹੈ ਸਵੈ ਬਿਰਤਾਂਤ ਦਾ ਕੇਂਦਰੀ ਧੁਰਾ ਹੈ। ਸਵੈ ਜੀਵਨੀ ਦੀ ਸ਼ੁਰੂਆਤ ਘਰ ਵਾਪਸੀ ਤੋਂ ਕਰਦਾ ਹੈ। ਇਹ ਘਰ ਵਾਪਸੀ ਉਸ ਦੇ ਪਿਤਾ ਦੀ ਘਰ ਵਾਪਸੀ ਸੀ ਜਿਹੜੀ ਕਿ ਨੂਰਮਹਿਲ ਤੋਂ ਲੱਧੜਾਂ ਦੀ ਸੀ ਜਿੱਥੇ

ਲੇਖਕ ਅਨੁਸਾਰ ਜੱਦੀ ਪੁਸ਼ਤੀ ਘਰ ਹੋ ਕੇ ਵੀ ਜੱਦੀ ਪੁਸ਼ਤੀ ਨਹੀਂ ਸੀ,

ਪਿੰਡ ਸਾਡਾ ਜੱਦੀ ਪੁਸ਼ਤੀ ਘਰ ਸੀ।... ਜੱਦੀ ਪੁਸ਼ਤੀ ਤਾਂ ਕਦੇ ਵੀ ਕਿਸੇ ਦਾ ਘਰ ਹੋਇਆ ਹੀ ਨਹੀਂ... ਵੱਡਾ ਬੇਟਾ ਸ਼ਿਵ ਆਸਟ੍ਰੇਲੀਆ ਦਾ ਨਾਗਰਿਕ ਬਣ ਗਿਆ।(ਪੰਨਾ-28)

ਪਰ ਫਿਰ ਵੀ ਉਹ ਆਪਣੇ ਇਸ ਨਵੇਂ ਪਿੰਡ ਵਿੱਚ, ਜਿੱਥੇ ਉਸ ਦਾ ਜੱਦੀ ਪੁਸ਼ਤੀ ਘਰ ਸੀ, ਨਵੇਂ ਲੋਕਾਂ ਨਾਲ ਨਵੇਂ ਰਿਸ਼ਤਿਆਂ ਵਿੱਚ ਵਿਚਰਦਾ ਆਪਣੇ ਨਵੇਂ ਭਵਿੱਖ ਵੱਲ ਕਦਮ ਵਧਾਉਂਣਾ ਸ਼ੁਰੂ ਕਰਦਾ ਹੈ। ਪਿੰਡ ਦੀ ਸਮਾਜਕ, ਸਭਿਆਚਾਰਕ ਸਾਂਝ, ਜਾਤ-ਪਾਤ, ਵਖਰੇਵੇਂ, ਸਾਂਝੀਵਾਲਤਾ ਸਭ ਉਹ ਆਪਣੇ ਇਸ ਪਿੰਡ ਵਾਲੇ ਕਾਂਡ ਵਿਚ ਬਾਖ਼ੂਬੀ ਬਿਆਨਦਾ ਹੈ। ਪਿੰਡ ਆ ਕੇ ਵੀ ਨੂਰਮਹਿਲ ਲੇਖਕ ਦੇ ਅਵਚੇਤਨ ਵਿੱਚੋਂ ਵਿਸਰਦਾ ਨਹੀਂ। ਉਸ ਨੂੰ ਉੱਥੇ ਬਿਤਾਏ ਦਿਨ, ਦੋਸਤਾਂ ਨਾਲ ਕੀਤੀਆਂ ਮਸਤੀਆਂ ਤੇ ਸਾਂਝਾ ਯਾਦ ਆਉਂਦੀਆਂ ਹਨ। ਆਪਣੇ ਘਰ ਪਰਿਵਾਰ ਦੀਆਂ ਤੰਗੀਆਂ ਤੁਰਸ਼ੀਆਂ ਸਿਦਕ, ਸਿਰੜ ਅਤੇ ਸਬਰ ਨੂੰ ਬਿਆਨਦਿਆਂ ਲੇਖਕ ਆਪਣੇ ਭਰਾ ਤਰਸੇਮ ਦਾ ਜ਼ਿਕਰ ਅਨੇਕਾਂ ਵਾਰ ਕਰਦਾ ਹੈ ਜਿਸ ਦੀ ਸਮਝ ਅਤੇ ਸਿਆਣਪ ਦਾ ਉਹ ਕਾਇਲ ਵੀ ਸੀ ਪਰ ਕਈ ਵਾਰ ਉਸ ਨਾਲ ਔਖਾ ਭਾਰਾ ਵੀ ਹੋ ਜਾਂਦਾ! ਆਪਣੀਆਂ ਭੈਣਾਂ ਗਿਆਨੋ ਅਤੇ ਬਖ਼ਸ਼ੋ ਦੇ ਸੁਭਾਅ ਅਤੇ ਗੁਣਾਂ ਦੀ ਗੱਲ ਕਰਦਿਆਂ ਉਹ ਆਪਣੀ ਮਾਂ ਦੇ ਸੁਭਾਅ ਦਾ ਵਰਨਣ ਆਪਣੀ ਇਸ ਜੀਵਨੀ ਵਿੱਚ ਬੜੇ ਹੀ ਸਹਿਜੇ ਕਰਦਾ ਦਿਖਾਈ ਦਿੰਦਾ ਹੈ ਜਿਸ ਵਿੱਚ ਬਹੁਤ ਲੁਕ-ਲਪੇਟ ਨਜ਼ਰ ਨਹੀਂ ਆਉਂਦਾ। ਕਾਮੇ ਅਤੇ ਮਿਹਨਤੀ ਸੁਭਾਅ ਵਾਲੀ ਉਸ ਦੀ ਮਾਂ ਅੱਖੜ ਸੁਭਾਅ ਦੀ ਨਜ਼ਰ ਆਉਂਦੀ ਹੈ ਪਰ ਸ਼ਾਇਦ ਇਹ ਉਸ ਦੀ ਤਰਬੀਅਤ ਦਾ ਨਤੀਜ਼ਾ ਸੀ ਕਿ ਲੇਖਕ ਪੂਰੀ ਜੀਵਨੀ ਵਿੱਚ ਆਪਣੇ ਕੰਮ ਤੋਂ ਕਦੇ ਵੀ ਟਲਦਾ ਜਾਂ ਭੱਜਦਾ ਨਜ਼ਰ ਨਹੀਂ ਆਉਂਦਾ। ਛੋਟੀ ਉਮਰ ਛੋਟੀਆਂ ਜ਼ਿੰਮੇਵਾਰੀਆਂ ਸੰਭਾਲਦਾ ਲੇਖਕ ਨਵੇਂ ਸ਼ੌਕ ਪਾਲਦਾ ਹੈ ਰੇਡਿਓ ਦੇ ਫਰਮਾਇਸ਼ੀ ਪ੍ਰੋਗਰਾਮ ਵਿੱਚ ਆਪਣਾ ਨਾਂ ਸੁਣਨ ਦਾ ਅਤੇ ਇਸ ਸਭ ਵਿੱਚ ਹਾਇਰ ਸੈਕੰਡਰੀ ਭਾਗ ਦੂਜਾ ਵਿੱਚੋਂ ਫ਼ੇਲ ਹੋ ਜਾਂਦਾ ਹੈ। ਚੋਰੀ ਕਰਨ ਅਤੇ ਫਿਲਮਾਂ ਦੇਖਣ ਦੀ ਆਦਤ ਉਸ ਦੇ ਆਪੇ ਨੂੰ ਹੀ ਲਾਹਨਤਾਂ ਪਾਉਣ ਲੱਗਦੀ ਹੈ ਅਤੇ ਇੱਕ ਕਹਾਣੀ ਪੜ੍ਹ ਉਸ ਦਾ ਅੰਦਰਲਾ ਆਪਾ ਬਦਲਦਾ ਹੈ। ਆਪੇ ਦਾ ਇਹ ਬਦਲਾਅ ਉਸ ਦੀ ਸ਼ਖ਼ਸੀਅਤ ਦਾ ਅਜਿਹਾ ਹਿੱਸਾ ਬਣਦਾ ਹੈ ਕਿ ਉਹ ਆਪਣੀ ਨੌਕਰੀ ਦੇ ਦੌਰਾਨ ਵੀ ਆਪਣੇ ਕੰਮ ਪ੍ਰਤੀ ਇਮਾਨਦਾਰ, ਸੱਚਾ ਪੱਕਾ ਰਹਿੰਦਾ ਹੈ। ਬੀ. ਏ. ਤੋਂ ਬਾਅਦ ਐਮ. ਏ. ਦੌਰਾਨ ਉਸ ਦੇ ਜੀਵਨ ਵਿੱਚ ਤਬਦੀਲੀਆਂ ਦਾ ਦੌਰ ਸ਼ੁਰੂ ਹੁੰਦਾ ਹੈ ਅਤੇ ਉਹ ਦੇਵਦਾਸ ਬਣਨ ਦਾ ਸ਼ੌਕੀਨ ਬਣਦਾ ਹੈ। ਆਪਣੀ ਪ੍ਰੇਮਿਕਾ ਤੋਂ ਵਿਛੜਨ ਦਾ ਅਹਿਸਾਸ ਕਾਲਜ ਛੱਡਣ ਦਾ ਦਰਦ, ਜੋ ਪਹਿਲਾ ਪੜ੍ਹਾਈ ਛੱਡਣਾ ਚਾਹੁੰਦਾ ਸੀ, ਹੁਣ ਉਹੀ ਜ਼ਿੰਦਗੀ ਦੇ ਨਵੇਂ ਸਫ਼ਰ ਤੇ ਤੁਰਨ ਤੋਂ ਡਰ ਰਿਹਾ ਸੀ, ਇਹ ਸਭ ਨੂੰ ਲੇਖਕ ਨੇ ਬਿਆਨਦਿਆਂ ਆਪਣੇ ਭਾਵਨਾਤਮਕ ਪੱਖ ਨੂੰ ਪਾਠਕਾਂ ਦੇ ਰੂ ਬ ਰੂ ਕੀਤਾ ਹੈ।

'ਮੌਤ ਤੋਂ ਜ਼ਿੰਦਗੀ' ਵੱਲ ਦਾ ਕਾਂਡ ਲੇਖਕ ਦੇ ਹਰਜਿੰਦਰ ਤੋਂ ਜਿੰਦਰ ਬਣਨ ਦੇ ਸਫ਼ਰ ਦੀ ਸ਼ੁਰੂਆਤ ਜਾਪਦਾ ਹੈ ਜਿੱਥੇ ਇੱਕ ਆਕਰਮਕ ਸ਼ਖ਼ਸੀਅਤ ਦਾ ਮਾਲਕ ਲੜਕਾ ਇੱਕ ਭਿਆਨਕ ਐਕਸੀਡੈਂਟ ਕਾਰਨ ਆਪਣੇ ਹੱਥਾਂ ਦੀਆਂ ਉਂਗਲਾਂ ਖੋ ਬਹਿੰਦਾ ਹੈ, ਅੰਗੂਠੇ ਤੋਂ ਮਹਿਰੂਮ ਹੋ ਜਾਂਦਾ ਹੈ। ਜਦੋਂ ਇਕ ਹਾਦਸੇ ਵਿਚ ਲੇਖਕ ਦੇ ਹੱਥ ਤੇ ਸਰੀਰ ਦੇ ਕੁਝ ਹੋਰ ਹਿੱਸੇ ਨਕਾਰਾ ਹੋ ਜਾਂਦੇ ਹਨ। ਇਸ ਕਾਂਡ 'ਚ ਜਿੰਦਰ ਨੇ ਆਪਣੀ ਮਨੋ-ਅਵਸਥਾ ਦੀ ਬੜੀ ਰੌਂਗਟੇ ਖੜ੍ਹੇ ਕਰਨ ਵਾਲੀ ਤਸਵੀਰ ਖਿੱਚੀ ਹੈ। ਭਾਵੇਂ ਕਿ ਲੇਖਕ ਨੇ ਇਸ ਐਕਸੀਡੈਂਟ ਦਾ ਜ਼ਿਕਰ ਸਵੈ ਜੀਵਨੀ ਵਿੱਚ ਕਿਧਰੇ ਨਹੀਂ ਕੀਤਾ ਪਰ ਉਸ ਤੋਂ ਬਾਅਦ ਉਸ ਦੇ ਜੀਵਨ, ਸੋਚ ਅਤੇ ਲੋਕਾਂ ਦੇ ਵਿਹਾਰ ਵਿੱਚ ਆਈਆਂ ਤਬਦੀਲੀਆਂ ਦਾ ਜ਼ਿਕਰ ਉਸ ਨੇ ਖੁੱਲ੍ਹੇ ਢੰਗ ਨਾਲ ਕੀਤਾ ਹੈ,

"ਪਿੱਠ ਪਿੱਛੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ। ਚੰਗੀਆਂ ਵੀ ਮੰਦੀਆਂ ਵੀ।

-ਸੁਨਿਆਰਿਆਂ ਦਾ ਕਿੰਨਾ ਸੋਹਣਾ ਸੀ ਮੁੰਡਾ। ਕੀ ਦਾ ਕੀ ਬਣ ਗਿਆ।

-ਐਦੂੰ ਤਾਂ ਮਰ ਜਾਂਦਾ।




-ਕਹਿੰਦਾ ਸੀ ਵੱਡਾ ਅਫ਼ਸਰ ਬਣਨਾ, ਹੁਣ ਭੀਖ਼ ਨਾ ਮੰਗਣੀ ਪੈ ਜਾਏ।

-ਹੁਣ ਵੀ ਮਰਿਆ ਨਾਲ ਦਾ। ਹੱਥੀਂ ਕੋਈ ਕੰਮ ਕਰ ਨ੍ਹੀ ਕਰ ਸਕਦਾ...।

ਹੌਲੀ ਹੌਲੀ ਆਮ ਜ਼ਿੰਦਗੀ ਵਿੱਚ ਪਰਤਦਿਆਂ ਕਾਮਰੇਡ ਧੰਨਾ ਸਿੰਘ ਵਰਗੇ ਲੋਕਾਂ ਦੀ ਸੁਹਬਤ ਸੰਗਤ ਮਾਣਦਿਆਂ ਜ਼ਿੰਦਗੀ ਨਾਲ ਦੋ ਚਾਰ ਹੁੰਦਿਆਂ ਲੇਖਕ ਆਪਣੀ ਅੰਗਹੀਣਤਾ ਨੂੰ ਆਪਣੇ ਉਪਰ ਹਾਵੀ ਨਹੀਂ ਹੋਣ ਦਿੰਦਾ ਅਤੇ ਆਪਣੇ ਜ਼ਿੰਦਗੀ 'ਚ ਫਿਰ ਤੋਂ ਜਦੋਜਹਿਦ ਸ਼ੁਰੂ ਕਰਦਾ ਹੈ। ਨਿੱਕੇ ਮੋਟੇ ਕੰਮਾਂ ਤੋਂ ਲੈ ਕੇ, ਅਗਰਵਾਲ ਫ਼ਰਮ ਵਿੱਚ ਕੰਮ ਕਰਦਿਆਂ, ਪੰਚਾਇਤ ਮੈਂਬਰੀ ਕਰਦਿਆਂ ਪਿੰਡ ਦੀ ਧੜੇਬਾਜ਼ੀ ਤੇ ਵਿਤਕਰੇ ਨੂੰ ਜਾਣਦਿਆਂ ਵਿਰੋਧ ਕਰਦਿਆਂ ਹੱਕ ਸੱਚ ਲਈ ਖੜ੍ਹਦਿਆਂ ਲੇਖਕ ਵਿਆਹ ਬੰਧਨ ਵਿਚ ਬੱਝ ਜਾਂਦਾ ਹੈ। ਸੋਹਲ ਸੁਭਾਅ ਵਾਲੀ ਉਸ ਦੀ ਪਤਨੀ ਅਤੇ ਅੜਬ ਸੁਭਾਅ ਵਾਲੀ ਆਪਣੀ ਮਾਂ ਦੇ ਨਾਲ ਨਾਲ ਤੁਰਦਾ ਲੇਖਕ ਐਮ. ਬੀ. ਡੀ. ਪ੍ਰੈਸ ਦੇ ਪਰੂਫ਼ ਪੜ੍ਹਦਾ ਰੋਡਵੇਜ਼ ਵਿੱਚ ਆਡੀਟਰ ਨਿਯੁਕਤ ਹੋ ਜਾਂਦਾ ਹੈ। 34 ਸਾਲ ਦੀ ਆਪਣੀ ਸਰਕਾਰੀ ਨੌਕਰੀ ਕਰਦਿਆਂ ਉਹ ਆਪਣੇ ਦਫ਼ਤਰ, ਨਾਲ ਕੰਮ ਕਰਦੇ ਕਾਮਿਆਂ ਸਰਕਾਰੀ ਦਫ਼ਤਰਾਂ ਦੇ ਵਰਤੋਂ ਵਿਹਾਰ ਅਤੇ ਉਹਨਾਂ ਨਾਲ ਜੁੜੀਆਂ ਅਨੇਕਾਂ ਘਟਨਾਵਾਂ ਅਤੇ ਕਿੱਸਿਆ ਨੂੰ ਆਪਣੀ ਸਵੈ ਜੀਵਨੀ ਵਿੱਚ ਬਿਆਨਦਾ ਹੈ। ਆਪਣੀ ਇਮਾਨਦਾਰੀ, ਆਪਣੇ ਸੱਚ ਅਤੇ ਚਰਿੱਤਰ ਤੇ ਲੇਖਕ ਨੂੰ ਹਮੇਸ਼ਾ ਹੀ ਮਾਣ ਰਿਹਾ ਹੈ, ਇਸ ਦੀ ਝਲਕ ਵੀ ਸਵੈ ਜੀਵਨੀ ਵਿੱਚ ਸਹਿਜੇ ਹੀ ਦੇਖੀ ਜਾ ਸਕਦੀ ਹੈ। ਆਪਣੀ ਬ੍ਰਾਂਚ, ਆਪਣੇ ਅਫ਼ਸਰਾਂ ਬਾਰੇ ਬੜੀ ਹੀ ਸ਼ਪੱਸ਼ਟਤਾ ਨਾਲ ਬਿਆਨ ਕਰਦਿਆਂ ਲੇਖਕ ਕਿਧਰੇ ਵੀ ਉਲਾਰ ਹੋਇਆ ਨਹੀਂ ਜਾਪਦਾ ਸਗੋਂ ਆਪਣੀ ਨੌਕਰੀ ਦੌਰਾਨ ਵਾਪਰੇ ਬਿਰਤਾਂਤ ਨੂੰ ਸਾਹਿਜ ਨਾਲ ਪੇਸ਼ ਕਰਦਾ ਹੈ। ਇਥੇ ਹੀ ਲੇਖਕਾਂ ਨਾਲ ਮੇਲ ਜੋਲ ਨਿੱਤ ਦਾ ਸਫ਼ਰ ਕਰਦਿਆਂ ਉਹ ਆਪਣੀ ਪੁਸਤਕ ਛਪਵਾਉਣ ਦੀ ਖ਼ੁਸ਼ੀ ਵੀ ਹਾਸ਼ਲ ਕਰਦਾ ਹੈ। ਸਰਕਾਰੀ ਅਦਾਰੇ ਵਿੱਚ ਨੌਕਰੀ ਕਰਦਿਆਂ ਵੀ ਲੇਖਕ ਸਰਕਾਰੀ ਅਦਾਰਿਆਂ ਦੇ ਪਾਜ ਉਘਾੜਦਾ ਹੈ ਅਤੇ ਆਮ ਬੰਦੇ ਦੀ ਇਹਨਾਂ ਦਫ਼ਤਰਾਂ ਵਿੱਚ ਹੁੰਦੀ ਖੱਜ਼ਲ ਖੁਆਰੀ ਨੂੰ ਪੇਸ਼ ਕਰਦਾ ਹੈ। ਆਪਣੇ ਪੁੱਤ ਦੀ ਵਿਆਹੁਤਾ ਜ਼ਿੰਦਗੀ ਅਤੇ ਉਸ ਦੀ ਖੁਆਰੀ ਦੇਖ ਕੇ ਲੇਖਕ ਮਹਿਸੂਸ ਕਰਦਾ ਹੈ ਕਿ ਉਸ ਤੋਂ ਕਿਧਰੇ ਗਲਤੀ ਹੋ ਗਈ ਹੈ। ਇਸ ਆਵਾਜਾਰੀ ਤੋਂ ਬਚਣ ਲਈ ਉਹ ਆਪਣੇ ਘਰ ਤੋਂ ਬਾਹਰ ਘੁੰਮਣ ਲਈ ਜਾਣਾ ਚਾਹੁੰਦਾ ਹੈ। ਨਾਸਤਿਕ ਹੁੰਦਿਆਂ ਹੋਇਆ ਵੀ ਧਾਰਮਕ ਕਾਰਜ਼ਾ ਵਿੱਚ ਯਕੀਨ ਰੱਖਦਾ ਹੈ, ਹੋਣੀ ਨੂੰ ਬਲਵਾਨ ਮੰਨਦਾ ਹੈ ਅਤੇ ਉਸ ਦੀ ਆਪਣੀ ਪ੍ਰੇਮਕਾ ਨੂੰ ਮਿਲਣ ਦੀ ਚਾਹਨਾ ਉਸ ਦੇ ਅੰਦਰ ਹਮੇਸ਼ਾ ਹੀ ਰਹਿੰਦੀ ਹੈ ਜਿਹੜੀ ਕਿ ਉਸ ਨੂੰ ਹਰਦੁਆਰ ਮਿਲਦੀ ਹੈ ਜਿੱਥੇ ਉਹ ਆਪਣੇ ਸਾਰੇ ਸ਼ਿਕਵੇ ਉਸ ਨਾਲ ਮਿਲ ਕੇ ਦੂਰ ਕਰਦੀ ਹੈ। ਆਪਣੇ ਪੁੱਤਰ ਦੇ ਕੇਸ ਦੌਰਾਨ ਪੁਲਿਸ ਮਹਿਕਮੇ ਅਤੇ ਇਸ ਦੇ ਅਫ਼ਸਰਾਂ ਦੇ ਵਿਹਾਰ, ਕੰਮ ਕਰਨ ਦੇ ਢੰਗ ਅਤੇ ਆਪਣੇ ਹਰਜਿੰਦਰ ਤੋਂ ਜਿੰਦਰ ਬਣਨ ਦੇ ਇਸ ਸਫ਼ਰ ਵਿੱਚ ਲੇਖਕ ਕਿਤੇ ਵੀ ਮਾਯੂਸ ਦਿਖਾਈ ਨਹੀਂ ਦਿੰਦਾ। ਉਸ ਦੇ ਅੰਦਰ ਇੱਕ ਅੱਗ ਬਲ਼ਦੀ ਨਜ਼ਰ ਆਉਂਦੀ ਹੈ, ਜਿਹੜੀ ਕਿ ਉਸ ਦੇ ਆਪੇ ਨੂੰ ਅੰਗਹੀਣ ਮੰਨਣ ਤੋਂ ਇਨਕਾਰੀ ਹੈ, ਉਹ ਹਰ ਕੰਮ ਲਈ ਤਤਪਰ ਹੈ ਪਰ ਕਦੀ ਵੀ ਆਪਣੇ ਆਪ ਨੂੰ ਢਹਿਣ ਨਹੀਂ ਦਿੰਦਾ।

ਹਰਜਿੰਦਰ ਤੋਂ ਜਿੰਦਰ ਬਣਦਿਆਂ ਝੱਲੀਆਂ ਔਕੜਾ, ਮੁਸ਼ਕਿਲਾ ਦੁਸ਼ਵਾਰੀਆਂ ਸਭ ਨੂੰ ਲੇਖਕ 'ਇਸੀ ਕਾ ਨਾਮ ਜ਼ਿੰਦਗੀ' ਮੰਨਦਾ ਹੈ ਅਤੇ ਇਸ ਸਭ ਵਿੱਚ ਵਿਚਰਦਿਆਂ ਆਪਣੇ ਪਰਿਵਾਰ, ਪੁੱਤ ਪੋਤਿਆਂ ਨਾਲ ਜ਼ਿੰਦਗੀ ਬਸਰ ਕਰ ਰਿਹਾ ਹੈ। ਪੂਰੀ ਸਵੈ ਜੀਵਨੀ ਪੜ੍ਹਦਿਆ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਕਿ ਤੁਸੀਂ ਕੋਈ ਫ਼ਿਲਮ ਦੇਖ ਰਹੇ ਹੋਵੋ ਤੇ ਜਿਸ ਦੇ ਅਗਲੇ ਸੀਨ ਦਾ ਇੰਤਜ਼ਾਰ ਹੋਵੇ। ਪਾਠਕ ਕਿਤੇ ਅਕੇਵਾਂ ਮਹਿਸੂਸ ਨਹੀਂ ਕਰਦਾ ਸਗੋਂ ਲੇਖਕ ਦੀ ਲਿਖਣ ਸ਼ੈਲੀ ਦਾ ਕਮਾਲ ਉਸ ਨੂੰ ਆਪਣੇ ਨਾਲ ਸਹਿਜੇ ਸਹਿਜੇ ਤੋਰੀ ਰੱਖਦਾ ਹੈ। ਸਾਇਦ ਸਭ ਸੱਚ ਨਾ ਹੋਵੇ ਪਰ ਜੋ ਲਿਖਿਆ ਗਿਆ ਹੈ, ਸਵੈ ਜੀਵਨੀ ਵਿੱਚ ਪੇਸ਼ ਕੀਤਾ ਗਿਆ ਹੈ, ਉਸ ਦੇ ਸੱਚ ਹੋਣ ਤੋਂ ਇਨਕਾਰੀ ਹੋਣਾ ਵੀ ਸੌਖਾ ਨਹੀਂ। ਇੱਕ ਮੁੰਡੇ ਦੇ ਸੁਪਨਿਆਂ ਤੋਂ ਧਰਾਤਲ ਤੱਕ ਦਾ ਸਫ਼ਰ ਹੈ ਹਰਜਿੰਦਰ ਦਾ ਜਿੰਦਰ ਬਣਨਾ।(**ਸੰਪਰਕ**-83606-83823)

# ਜਾਤੀ ਜਕੜਬੰਦੀ ਦਾ ਸਮਾਜ ਸ਼ਾਸਤਰ:ਰੋਹ ਵਿਦਰੋਹ/-ਡਾ.ਸੁਖਪਾਲ ਕੌਰ




ਭਾਰਤੀ ਸਮਾਜ ਦੇ ਅਵਚੇਤਨ ਵਿੱਚ ਜਾਤ ਪਾਤ ਇਸ ਕਦਰ ਆਪਣਾ ਘਰ ਕਰ ਚੁੱਕੀ ਹੈ ਕਿ ਅੱਜ ਸਦੀਆਂ ਬਾਅਦ ਵੀ ਇਹ ਸਮਾਜਕ ਪ੍ਰਬੰਧ ਵਿੱਚੋਂ ਆਪਣਾ ਆਪਾ ਨਹੀ ਗਵਾ ਸਕਿਆ। ਜਾਤ ਪਾਤ ਦੀ ਇਸ ਸੰਕੀਰਣ ਸੋਚ ਵਿੱਚੋਂ ਉਭਰਨ ਉਭਾਰਨ ਦੇ ਯਤਨ ਵੀ ਕਈ ਵਾਰ ਵਿਅਰਥ ਹੀ ਜਾਪਦੇ ਹਨ।

ਨਾਵਲ **'ਰੋਹ ਵਿਦਰੋਹ'** (**ਪ੍ਰਕਾਸ਼ਕ ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਮੁੱਲ 500, ਪੰਨੇ 272, ਸਾਲ 2021**) ਵੀ ਅਜਿਹਾ ਹੀ ਇੱਕ ਨਾਵਲ ਹੈ। ਜਿਸ ਵਿੱਚ ਜਾਤ ਪਾਤ/ਅੰਤਰ ਜਾਤੀ ਵਿਆਹ/ਜਾਤੀ ਅਧਾਰਤ ਸਮਾਜਕ ਪ੍ਰਪੰਚ ਅਤੇ ਪ੍ਰਬੰਧ ਨੂੰ ਬਾਰੀਕ ਬੀਨੀ ਅਤੇ ਯਥਾਰਥਕ ਢੰਗ ਨਾਲ ਪੇਸ਼ ਕਰਦਿਆ ਨਾਵਲਕਾਰ ਨੇ ਆਪਣੇ ਵਿਸ਼ੇ ਨਾਲ ਕਾਫੀ ਹੱਦ ਤੱਕ ਨਿਭਾਅ ਕੀਤਾ ਹੈ। ਨਾਵਲ ਦੀ ਕਥਾ ਦਾ ਤਾਣਾ ਬਾਣਾ ਆਗੂ ਅਤੇ ਕਿੰਨਦੀਪ ਦੇ ਅੰਤਰਜਾਤੀ ਵਿਆਹ ਦੇ ਦੁਆਲੇ ਘੁੰਮਦਾ ਹੈ ਜਿਸ ਦੇ ਨਾਲ ਨਾਲ ਹੋਰ ਕਈ ਘਟਨਾਵਾਂ ਮਿਲ ਕੇ ਨਾਵਲ ਦੇ ਬਿਰਤਾਂਤ ਨੂੰ ਅੱਗੇ ਤੋਰਦੀਆਂ ਹਨ। ਨਾਵਲ ਦੀ ਕਥਾ ਦਾ ਆਰੰਭ ਪਾਸ਼ੋ, ਜੋ ਕਿ ਆਗੂ ਦੀ ਮਾਂ ਹੈ ਦੇ ਬੀਮਾਰ ਹੋਣ ਕਰਕੇ ਹਸਪਤਾਲ ਵਿੱਚ ਭਰਤੀ ਹੋਣ ਅਤੇ ਉਸ ਦੁਆਰਾ ਕਿੰਨਦੀਪ ਨਾਲ ਕੀਤੇ ਜਾ ਰਹੇ ਮਾੜੇ ਵਿਵਹਾਰ ਦੇ ਨਾਲ ਸ਼ੁਰੂ ਹੁੰਦਾ ਹੈ। ਜਿਥੋਂ ਫਲੈਸ਼ ਬੈਕ ਰਾਹੀ ਕਥਾ ਅੱਗੇ ਤੁਰਦੀ ਹੈ ਅਤੇ ਪਾਠਕ ਦੇ ਸਾਂਹਵੇਂ ਆਗੂ ਅਤੇ ਕਿੰਨਦੀਪ ਦੇ ਵਿਆਹ ਦੀ ਕਹਾਣੀ ਦਾ ਮੁੱਢ ਬੱਝਦਾ ਹੈ। ਨਾਵਲ ਦੇ ਮੁੱਖ ਪਾਤਰ ਕਹੇ ਜਾ ਸਕਦੇ ਆਗੂ ਦਾ ਦਾਦਾ ਲੱਖਾ ਸਿੰਘ ਸੀ ਜਿਸ ਦੀ ਸੋਚ ਅਤੇ ਸਿਆਣਪ ਦਾ ਕਾਇਲ ਸਾਰਾ ਪਿੰਡ ਸੀ। ਉਹ ਆਪਣੇ ਪੋਤੇ ਦਾ ਨਾਂ ਵੀ ਆਗੂ ਇਸ ਕਰਕੇ ਈ ਰੱਖਦਾ ਹੈ ਤਾਂ ਜੋ ਉਹ ਆਪਣੇ ਲੋਕਾਂ ਦੀ ਅਗਵਾਈ ਕਰ ਸਕੇ। ਉਹ ਆਪਣੇ ਪੁੱਤਰ ਨੂੰ ਪੜਾਉਣਾ ਚਾਹੁੰਦਾ ਹੈ ਤਾਂ ਜੋ ਉਹ ਉਸ ਦੀ ਤਰਾਂ ਸੀਰੀ ਨਾ ਰਲੇ। ਉਸ ਦੀ ਨੂੰਹ ਵੀ ਆਪਣੇ ਸਹੁਰੇ ਦੀ ਦੂਰਦਰਸ਼ੀ ਦੀ ਕਾਇਲ ਸੀ,

ਗੱਲਕਾਰ ਬੰਦਾ ਸੀ ਏਹਦਾ ਬਾਬਾ...। ਭਾਈਏ ਦੀ ਮੁਸ਼ੱਕਤ ਅਤੇ ਸਿਆਣਪ ਨਾਲ ਈ ਇੱਥੋ ਤਕ ਪਹੁੰਚੇ ਹਾਂ।(ਪੰਨਾ-31)

ਹਾਲਾਤ ਇਸ ਕਦਰ ਕਰਵਟ ਲੈਂਦੇ ਹਨ ਕਿ ਉਹ ਆਪਣੇ ਪੁੱਤਰ ਨੂੰ ਪੜ੍ਹਾ ਨਹੀਂ ਪਾਉਂਦਾ ਅਤੇ ਉਸ ਨੂੰ ਸਰਦਾਰ ਨਾਲ ਸੀਰੀ ਰਲਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਜਿਸ ਦਾ ਸੀਰ ਉਸਨੇ ਸਾਰੀ ਉਮਰ ਈ ਢੋਇਆ ਸੀ। ਉਸ ਨੂੰ ਗੁਲਾਮੀ ਦੇ ਜੀਵਨ ਦਾ ਅਹਿਸਾਸ ਸੀ। ਇਸ ਲਈ ਉਹ ਆਪਣੇ ਪੋਤੇ ਨੂੰ ਪੜ੍ਹਨ ਲਈ ਉਤਸ਼ਾਹਿਤ ਕਰਦਾ ਹੈ ਤਾਂ ਜੋ ਉਹ ਉਸ ਜੀਵਨ ਤੋਂ ਮੁਕਤ ਹੋ ਸਕਣ,

ਆਗੂ ਪੁੱਤ, ਗੁਲਾਮਾ ਜਿਹੀ ਜ਼ਿੰਦਗੀ ਕਿਤੇ ਸਉਖੀ ਹੈ... ਬਸ ਜਿਦਾ ਕਿਦਾ ਵੀ ਹੋਵੇ ਤੁਸੀਂ ਹੁਣ ਪੜ੍ਹ ਲਉ ... ਥਆਨੂੰ ਜ਼ਿਮੀਦਾਰਾਂ ਦੀ ਗੁਲਾਮੀ ਨਾ ਕਰਨੀ ਪਵੇ।(ਪੰਨਾ-37)

ਉਸਦੇ ਇਸੇ ਦੂਰਦਰਸ਼ੀ ਅਤੇ ਸਿਆਣਪ ਸਦਕਾ ਆਗੂ ਆਪਣੇ ਹਾਣੀਆਂ ਨਾਲੋਂ ਜ਼ਿਆਦਾ ਗੰਭੀਰ ਅਤੇ ਵਿਚਾਰਵਾਨ ਸਾਬਿਤ ਹੁੰਦਾ ਹੈ। ਉਸਨੂੰ ਨਾਬਰਾਬਰੀ ਅਤੇ ਉਹਨਾਂ ਨਾਲ ਕੀਤੇ ਜਾ ਰਹੇ ਫਰਕ ਦੀ



ਸੋਝੀ ਆਉਂਦੀ ਹੈ ਅਤੇ ਉਹ ਅਕਸਰ ਆਪਣੇ ਬਾਬੇ ਨਾਲ ਚਰਚਾ ਕਰਦਾ ਰਹਿੰਦਾ ਹੈ,

ਬਾਬਾ ਜੀ ਪਿੰਡ ਵਿੱਚ ਸਾਡੇ ਨਾਲ ਫਰਕ ਕਿਉਂ ਕੀਤਾ ਜਾਂਦੈ... ?... ਅਸੀਂ ਉਹਨਾਂ ਦੇ ਬਰਾਬਰ ਕਿਵੇਂ ਹੋ ਸਕਦੇ ਹਾਂ? (ਪੰਨਾ-35)

ਅਜਿਹੇ ਸਵਾਲਾਂ ਨਾਲ ਦੋ ਚਾਰ ਹੁੰਦਾ ਆਗੂ ਅਕਸਰ ਆਪਣੇ ਬਾਬੇ ਨਾਲ ਇਸ ਫਰਕ ਨੂੰ ਨਾ ਮਿਟਾਉਣ ਲਈ ਸ਼ਿਕਵਾ ਵੀ ਕਰਦਾ ਹੈ। ਬਿਰਤਾਂਤ ਉਸ ਵਕਤ ਇਕ ਤਿੱਖਾ ਮੋੜ ਲੈਂਦਾ ਹੈ ਜਦੋਂ ਪਿੰਡ ਦੇ ਇੱਕ ਸਾਂਝੇ ਬੰਦੇ ਰੰਗੂ ਸਾਂਈ ਦੀ ਮੌਤ ਤੇ ਸੰਸਕਾਰ ਕਰਨ ਵੇਲੇ ਪਿੰਡ ਦੋਫਾੜ ਹੁੰਦਾ ਜਾਪਦਾ ਹੈ। ਮੀਂਹ ਕਾਰਨ ਰੰਗੂ ਸਾਂਈ ਦਾ ਸਸਕਾਰ ਵਿਹੜੇ ਵਾਲਿਆਂ ਦੇ ਸਿਵੇ ਨਾ ਹੋਣ ਕਾਰਨ ਅਖੌਤੀ ਉੱਚ ਜਾਤੀ ਵਾਲੇ ਆਪਣੇ ਸਿਵਿਆਂ ਵਿੱਚ ਸੰਸਕਾਰ ਕਰਨ ਤੋਂ ਇਨਕਾਰੀ ਹੋ ਜਾਂਦੇ ਹਨ ਅਤੇ ਅਖੌਤੀ ਧਾਰਮਿਕ ਆਗੂ ਵੀ ਇਸ ਮਸਲੇ ਤੇ ਪਾਸਾ ਵੱਟ ਜਾਂਦੇ ਹਨ। ਚੇਤੰਨ ਅਤੇ ਚਿੰਤਨਸ਼ੀਲ ਆਗੂ ਦੇ ਮਨ ਤੇ ਇਸ ਘਟਨਾ ਦਾ ਗਹਿਰਾ ਅਸਰ ਹੁੰਦਾ ਹੈ ਅਤੇ ਉਹ ਆਪਣੇ ਸਾਥੀਆਂ ਨਾਲ ਰਲ਼ ਕੇ ਆਪਣੇ ਵਿਹੜੇ ਵਾਲਿਆਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਂਉਣ ਲਈ ਤਹੱਈਆ ਕਰਦਾ ਹੈ। ਪਿੰਡ ਦੀ ਗੁਰਦਆਰਾ ਕਮੇਟੀ ਵਿੱਚ ਉਸ ਦੇ ਵਿਹੜੇ ਵਾਲਿਆਂ ਨੂੰ ਸ਼ਾਮਿਲ ਨਾ ਕਰਨਾ, ਉਹਨਾਂ ਨੂੰ ਗੁਰਦਆਰਾ ਸਾਹਿਬ ਵਿੱਚ ਲੰਗਰ ਨਾ ਵਰਤਾਉਣ ਦੇਣ ਦਾ ਫੈਸਲਾ ਆਦਿ ਘਟਨਾਵਾਂ ਆਗੂ ਨੂੰ ਮੋਹਰੀ ਬਣ ਕੇ ਸੋਚਣ ਅਤੇ ਬਦਲਾਅ ਲਿਆਉਣ ਲਈ ਯਤਨ ਕਰਨ ਲਈ ਉਤਸ਼ਾਹਿਤ ਕਰਦੇ ਹਨ। ਇਸ ਲਈ ਉਹ ਆਪਣਾ ਹੱਕ ਮੰਗਣ ਦੀ ਗੱਲ ਕਰਨਾ ਚਾਹੰਦਾ ਹੈ ਪਰ ਨਾਲ ਹੀ ਉਹ ਆਪਣੀ ਭਾਈਚਾਰਕ ਸਾਂਝ ਵੀ ਕਾਇਮ ਰੱਖਣਾ ਚਾਹੰਦਾ ਹੈ। ਆਗੂ ਆਪਣੇ ਦਾਦੇ ਦੇ ਕਹਿਣ ਅਨੁਸਾਰ ਵਿਹੜੇ ਵਾਲਿਆ ਦੇ ਆਗੂ ਵਜੋਂ ਉੱਭਰਦਾ ਹੈ। ਸਮਾਜ ਦੀ ਕਾਣੀ ਵੰਡ, ਨਾਬਰਬਾਰੀ ਦਾ ਅਹਿਸਾਸ ਅਤੇ ਆਪਣੇ ਲੋਕਾਂ ਲਈ ਇਲਮ ਦੀ ਰੌਸ਼ਨੀ ਦੀ ਲੋੜ ਉਸ ਨੂੰ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ ਅਤੇ ਉਹ ਆਪਣੇ ਕਾਲਜ ਦੇ ਸਾਥੀਆਂ ਨਾਲ ਮਿਲ ਕੇ ਲੋਕਾਂ ਵਿੱਚ ਚੇਤਨਾ ਪੈਦਾ ਕਰਨ ਵਿੱਚ ਜੁੱਟ ਜਾਂਦਾ ਹੈ ਅਤੇ ਇਸ ਮਿਸ਼ਨ ਲਈ ਆਪਣੇ ਕਾਲਜ ਦੇ ਸਾਥੀਆਂ ਦੀ ਮਦਦ ਲੈਂਦਾ ਹੈ ਜੋ ਉਹਨਾਂ ਨੂੰ ਉਹਨਾਂ ਦੇ ਹੱਕਾਂ ਅਤੇ ਸਵੈਮਾਣ ਬਾਰੇ ਜਾਗ੍ਰਿਤ ਕਰਦਾ ਹੈ,

ਸਾਡੇ ਲੋਕਾਂ ਵਿੱਚ ਸਵੈਮਾਣ ਦੀ ਭਾਵਨਾ ਦੀ ਘਾਟ ਐ...। ਤੁਸੀ ਆਪਣੀ ਗੁਲਾਮੀ ਦੀਆਂ ਜ਼ੰਜ਼ੀਰਾਂ ਆਪ ਤੋੜੋ...। ਇਨਸਾਨ ਨੂੰ ਬਹੁਤ ਸਾਰੀਆਂ ਔਕੜਾ ਦਾ ਸਾਹਮਣਾ ਆਪ ਈ ਕਰਨਾ ਪੈਂਦਾ ਹੈ। (ਪੰਨਾ-145)

ਆਗੂ ਦੀ ਅਗਵਾਈ ਅਤੇ ਹਿੰਮਤ ਸਦਕਾ ਵਿਹੜੇ ਵਾਲੇ ਲੋਕ ਆਪਣੇ ਹੱਕਾਂ ਅਤੇ ਸਿੱਖਿਆਂ ਦੇ ਮਹੱਤਵ ਤੋਂ ਜਾਣੂ ਹੁੰਦੇ ਹਨ । ਇਸ ਬਦਲਾਅ ਕਾਰਨ ਉਸਦੇ ਪਿੰਡ ਦੇ ਅਖੌਤੀ ਉੱਚ ਜਾਤੀ ਵਾਲੇ ਉਸ ਨਾਲ ਨਾਖੁਸ਼ ਹੁੰਦੇ ਹਨ ਪਰ ਉਹ ਆਪਣੇ ਮਿਸ਼ਨ ਵਿੱਚ ਬੇਪਰਵਾਹ ਜੁਟਿਆਂ ਰਹਿੰਦਾ ਹੈ। ਪੜ੍ਹ ਲਿਖ ਕੇ ਕਾਲਜ ਵਿੱਚ ਪੜ੍ਹਾਉਣ ਲੱਗੇ ਆਗੂ ਦੀ ਮੁਲਾਕਾਤ ਕਿੰਨਦੀਪ ਨਾਲ ਹੁੰਦੀ ਹੈ ਜੋ ਉਸ ਦੇ ਨਾਲ ਕਾਲਜ ਪੜ੍ਹਾਉਣ ਆਉਂਦੀ ਹੈ। ਵਿਚਾਰਾ ਦੀ ਪਈ ਸਾਂਝ ਉਹਨਾਂ ਦੀ ਸਾਂਝ ਜੀਵਨ ਸਾਂਝ ਵਿੱਚ ਬਦਲ ਜਾਂਦੀ ਹੈ ਅਤੇ ਕਿੰਨਦੀਪ ਅੱਗੇ ਵਧ ਕੇ ਆਗੂ ਨੂੰ ਆਪਣੇ ਜੀਵਨ ਸਾਥੀ ਵਜੋਂ ਚੁਣਦੀ ਹੈ। ਆਗੂ ਦੁਆਰਾ ਉਨਾਂ ਦੀਆਂ ਜਾਤਾਂ ਵਿੱਚ ਫਰਕ ਸੰਬੰਧੀ ਕੀਤੇ ਸੁਆਲ ਤੇ ਉਹ ਬਹੁਤ ਠਰੰਮੇ ਅਤੇ ਸਹਿਜ ਨਾਲ ਉਸ ਨੂੰ ਕਹਿੰਦੀ ਹੈ,

ਨਹੀਂ ... ਇਸ਼ਕ ਜ਼ਾਤਾਂ ਕਦੋਂ ਦੇਖਦਾ ? ਇਹ ਤਾਂ ਅੰਨਾ ਹੁੰਦਾ। ਸੱਚੀਂ ਦੱਸਾ, ਮੈਂ ਇੱਕ ਹੋਣਹਾਰ,... ਨਾ ਕਿ ਕਿਸੇ ਜ਼ਾਤ ਨਾਲ ਸਿਰ ਲਾਇਆ। ... ਔਰਤ ਨੂੰ ਇਸ ਮਾਮਲੇ ਵਿੱਚ ਅਜ਼ਾਦੀ ਲੈ ਲੈਣੀ ਚਾਹੀਦੀ ਹੈ।... .ਗਲਤ ਹੈ।(ਪੰਨਾ-184)

ਆਗੂ ਉਸ ਦੇ ਫੈਸਲੇ ਨਾਲ ਸਹਿਮਤ ਹੁੰਦਿਆ ਉਸ ਨੂੰ ਆਪਣੀ ਜੀਵਨ ਸਾਥੀ ਵਜੋਂ ਸਵੀਕਾਰਦਾ ਹੈ ਅਤੇ ਦੋਵੇਂ ਰਵਾਇਤੀ ਬੰਧਨਾਂ ਤੋਂ ਹਟ ਕੇ ਵਿਆਹ ਬੰਧਨ ਵਿੱਚ ਬੱਝਦੇ ਹਨ ਅਤੇ ਕੋਰਟ ਮੈਰਿਜ਼

ਕਰਵਾਉਂਦੇ ਹਨ।

ਆਗੂ ਦੀ ਮਾਤਾ ਪਾਸ਼ੋ ਵੀ ਨਾਵਲ ਵਿੱਚ ਇੱਕ ਮਜ਼ਬੂਤ ਪਾਤਰ ਵਜੋ ਉਭਰ ਕੇ ਸਾਹਮਣੇ ਆਉਂਦੀ ਹੈ। ਉਹ ਚੇਤੰਨ ਸੋਚ ਵਾਲੀ ਔਰਤ ਹੈ ਅਤੇ ਆਪਣੀ ਇਸ ਸੋਚ ਅਤੇ ਚਰਿੱਤਰ ਕਾਰਨ ਉਹ ਇੱਕ ਅਜਿਹੇ ਪਾਤਰ ਵਜੋਂ ਉੱਭਰਦੀ ਹੈ ਜੋ ਕਿ ਅਨਿਆਂ ਅਤੇ ਗ਼ਲਤ ਦੇ ਖਿਲਾਫ਼ ਹਮੇਸ਼ਾਂ ਆਪਣੀ ਆਵਾਜ਼ ਬੁਲੰਦ ਰੱਖਦੀ ਹੈ। ਉਹ ਆਪਣੇ ਬੱਚਿਆਂ ਨੂੰ ਵੀ ਵਿਹੜੇ ਵਾਲਿਆਂ ਦੀ ਤਰਾਂ ਨਹੀਂ ਪਾਲਦੀ ਅਤੇ ਨਾ ਹੀ ਖੁੱਲਾਂ ਦਿੰਦੀ ਹੈ। ਉਸਦੇ ਅੰਦਰ ਅਖੌਤੀ ਉੱਚ ਜਾਤੀਆਂ ਪ੍ਰਤੀ ਏਨਾ ਰੋਹ ਹੈ ਕਿ ਉਹ ਅੰਤ ਤੱਕ ਕਿੰਨਦੀਪ ਨੂੰ ਸਵੀਕਾਰਨ ਲਈ ਤਿਆਰ ਨਹੀ ਹੁੰਦੀ। ਆਗੂ ਅਤੇ ਕਿੰਨਦੀਪ ਦੀ ਕੋਰਟ ਮੈਰਿਜ ਹੋਣ ਉਪਰੰਤ ਉਹਨਾਂ ਦਾ ਸਾਹਮਣਾ ਹੋਣ ਤੇ ਨਾਵਲ ਵਿੱਚ ਟਕਰਾਅ ਅਤੇ ਤਣਾਅ ਦੋਵੇਂ ਉਭਰਦੇ ਹਨ। ਇਸ ਵਿੱਚ ਇਕ ਪਾਸੇ ਪਾਸ਼ੋ ਦਾ ਰੋਹ ਹੈ ਉਹਨਾਂ ਅਖੌਤੀ ਉੱਚ ਜਾਤੀਆਂ ਲਈ ਜਿਨ੍ਹਾਂ ਨੇ ਉਹਨਾਂ ਦੀ ਮਾਨਵੀਂ ਹੋਂਦ ਨੂੰ ਕਦੇ ਵੀ ਨਹੀ ਸੀ ਸਵੀਕਾਰਿਆ। ਇਸੇ ਲਈ ਉਹ ਆਪਣੀ ਭੈਣ, ਜਿਹੜੀ ਕਿ ਉਸ ਨੂੰ ਆਗੂ ਅਤੇ ਕਿਨਦੀਪ ਦੇ ਰਿਸ਼ਤੇ ਨੂੰ ਅਪਣਾਉਣ ਲਈ ਆਖਦੀ ਹੈ ਨੂੰ ਕਹਿੰਦੀ ਹੈ,

ਕਿਵੇਂ ਛੱਡਾਂ ... ਕਾਲਜਾ ਮੱਚਦਾ ਮੇਰਾ ... ਸਾਡੇ ਨਾਲ ਛੂਹ ਜਾਣ ਨਾਲ ਇਨਾਂ ਨੂੰ ਭਿੱਟ ਚੜਦੀ ਸੀ। ਸਾਡੇ ਪ੍ਰਛਾਵੇ ਤੋਂ ਵੀ ਇਹਨਾਂ ਦੇ ਲੋਕੀਂ ਡਰਦੇ ਸੀ। ਅਸੀ ਬੰਦੇ ਨੀ ਸੀਗੇ। (ਪੰਨ-247)

ਪਾਸ਼ੋ ਨੂੰ ਕਿੰਨਦੀਪ ਉੱਚ ਜਾਤੀਆਂ ਦੀ ਪ੍ਰਤੀਨਿੱਧ ਨਜ਼ਰ ਆਉਂਦੀ ਹੈ। ਦੂਸਰੇ ਪਾਸੇ ਕਿੰਨਦੀਪ ਹੈ, ਉਸਦਾ ਵਿਦਰੋਹ ਹੈ, ਜਿਹੜਾ ਕਿ ਪਿਤਰੀ ਸੱਤਾ ਅਤੇ ਸਮਾਜਕ ਪ੍ਰਬੰਧ ਖਿਲਾਫ਼ ਹੈ ਜਿਸ ਕਾਰਨ ਉਸ ਨੂੰ ਅਤੇ ਉਸ ਦੀ ਮਾਂ ਨੂੰ ਜ਼ਲਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਵੇਂ ਕਿ ਕਿੰਨਦੀਪ ਦੀ ਮਾਂ ਵੀ ਉਸਦੇ ਵਿਆਹ ਦੇ ਹੱਕ ਵਿੱਚ ਨਹੀ ਸੀ ਪਰ ਫਿਰ ਉਹ ਆਪਣੀ ਧੀ ਅੰਦਰ ਉੱਠ ਰਹੇ ਵਿਦਰੋਹ ਦੇ ਲਾਵੇ ਤੋਂ ਅਣਜਾਣ ਨਹੀ। ਕਿੰਨਦੀਪ ਆਪਣੀ ਮਾਂ ਨੂੰ ਆਪਣੇ ਫੈਸਲੇ ਤੇ ਅਡਿੱਗ ਰਹਿਣ ਬਾਰੇ ਦੱਸਦੀ ਹੈ,


ਬਹੁਤ ਸੋਚ ਕੇ ਮੈਂ ਇਹ ਕਦਮ ਪੁੱਟਿਆ ਮਾਂ ... ਨਾਲੇ ਤੁਹਾਡੀ ਉੱਚੀ ਜਾਤ ਨੂੰ ਮੈਂ ਰਗੜ ਕੇ ਗੋਡੇ ਤੇ ਲਾਉਣਾ ... ਕਰਜ਼ਾਈ ਹੋ ਹੋ ਕਿ ਫਾਹੇ ਲੈ ਰਿਹਾ। (ਪੰਨਾ-197)

ਨਾਵਲ ਵਿੱਚ ਕਈ ਜਗ੍ਹਾ ਅਖੌਤੀ ਉੱਚ ਜਾਤੀਆਂ ਤੇ ਕੀਤੇ ਗਏ ਕਟਾਖਸ਼ ਅੱਜ ਦੀਆਂ ਸਮਾਜਕ ਪ੍ਰਸਥਿਤੀਆਂ ਨੂੰ ਪੇਸ਼ ਕਰਦੇ ਨਜ਼ਰੀ ਆਂਉਂਦੇ ਹਨ। ਨਾਵਲਕਾਰ ਪਿੰਡ ਦੇ ਸਭਿਆਚਾਰ ਅਤੇ ਸਮਾਜਕ ਪ੍ਰਬੰਧ ਅਤੇ ਸਮਾਜਕ ਸਾਂਝ ਨੂੰ ਪਿੰਡ ਦੇ ਸਾਂਈ ਰੰਗੂ ਦੀ ਮੌਤ ਦੇ ਦ੍ਰਿਸ਼ਾ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਥੋਂ ਕਿ ਉਪਰੋਂ ਦੇਖਣ ਨੂੰ ਇਹ ਸਾਂਝ ਪੀਢੀ ਨਜ਼ਰੀ ਪੈਂਦੀ ਹੈ ਪਰ ਸਾਂਈਂ ਦੇ ਸੰਸਕਾਰ ਵੇਲੇ ਇਸ ਸਾਂਝ ਦਾ ਖੋਖਲਾਪਣ ਸਾਂਹਵੇਂ ਆਉਂਦਾ ਹੈ। ਜਿਸ ਕਾਰਨ ਆਗੂ ਅਤੇ ਉਸ ਦੇ ਨਾਲ ਜੁੜੇ ਹੋਰ ਸੁਚੇਤ ਨੌਜਵਾਨ ਆਪਣਿਆਂ ਦੀ ਹੋ ਰਹੀ ਦੁਰਗਤੀ ਨੂੰ ਰੋਕਣ ਲਈ ਤਹੱਈਆਂ ਕਰਦੇ ਹਨ। ਰੋਹ ਅਤੇ ਵਿਦਰੋਹ ਦੀ ਇਸ ਜੰਗ ਵਿੱਚ ਨਾਵਲਕਾਰ ਪਾਸ਼ੋ ਦੇ ਬੀਮਾਰ ਪੈਣ ਅਤੇ ਕਿੰਨਦੀਪ ਦੇ ਆਪਣੀ ਸੇਵਾ ਨਾਲ ਉਸ ਨੂੰ ਮੋਹ ਲੈਣ ਅਤੇ ਅਪਣਾਉਣ ਨਾਲ ਇੱਕ ਸੁਖਾਂਤਕ ਅੰਤ ਅਤੇ ਬਦਲਦੇ ਸਮਾਜਕ ਸਮੀਕਰਣਾ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕਰਦਾ ਹੈ ।

ਨਾਵਲਕਾਰ ਦੇ ਪਾਤਰ ਕਿਧਰੇ ਵੀ ਓਪਰੇ ਜਾ ਹੋਛੇ ਨਜ਼ਰ ਨਹੀ ਆਉਂਦੇ ਅਤੇ ਆਪਣੇ ਚਰਿੱਤਰ ਨਾਲ ਇਨਸਾਫ਼ ਕਰਦੇ ਨਜ਼ਰੀ ਪੈਂਦੇ ਹਨ। ਭਾਸ਼ਾ , ਬੋਲੀ ਸ਼ੈਲੀ ਇਸ ਨਾਵਲ ਨੂੰ ਦਿਲਚਸਪ ਬਣਾਉਂਦੇ ਹਨ। ਨਾਵਲ ਯਥਾਰਥਕ ਸਥਿਤੀਆਂ ਨੂੰ ਪੇਸ਼ ਕਰਦਾ ਹੈ ਪਰ ਕਿਤੇ ਕਿਤੇ ਬੇਲੋੜਾ ਆਦਰਸ਼ਵਾਦ ਨਜ਼ਰ ਆਉਂਦਾ ਹੈ। ਨਾਵਲ ਵਿੱਚ ਆਦਰਸ਼ਵਾਦ ਕਈ ਥਾਂ ਤੇ ਇਸ ਕਦਰ ਭਾਰੂ ਹੋ ਜਾਂਦਾ ਹੈ ਕਿ ਨਾਵਲਕਾਰ ਆਗੂ ਦੇ ਵਿਦਵਾਨ ਦੋਸਤਾਂ ਰਾਹੀਂ ਪਿੰਡ ਵਾਲਿਆਂ ਨੂੰ ਗੂੜ ਗਿਆਨ ਵੰਡਦਾ ਦਿਖਾਉਂਦਾ ਹੈ ਜਿਹੜਾ ਕਿ ਯਥਾਰਥ ਤੋਂ ਪਰ੍ਹੇ ਲੱਗਦਾ ਹੈ। ਲੇਖਕ ਦੀ ਪ੍ਰਵਚਨੀ ਸੁਰ ਨਾਵਲੀ ਬਿਰਤਾਂਤ ਵਿਚ ਦਖ਼ਲ ਦੇ ਕੇ ਨਾਵਲੀ ਬਿਰਤਾਂਤ ਨੂੰ ਢਿੱਲਾ ਵੀ ਕਰ ਦਿੰਦੀ ਹੈ। (**ਸੰਪਰਕ**-83606-83823)



## ਆਈਸੋਲੇਸ਼ਨ ਦਾ ਬਿਰਤਾਂਤ:ਉਹ ਇੱਕੀ ਦਿਨ/-ਡਾ. ਜਸਵਿੰਦਰ ਕੌਰ ਬਿੰਦਰਾ




ਕਰੋਨਾ ਕਾਲ ਵਿਚ ਗੁਰਮੀਤ ਕੜਿਆਲਵੀ ਦਾ ਪਹਿਲਾ ਨਾਵਲ **'ਉਹ ਇੱਕੀ ਦਿਨ'** (**ਪ੍ਰਕਾਸ਼ਕ ਪੀਪਲਜ਼ ਫ਼ੋਰਮ ਬਰਗਾੜੀ, ਮੁੱਲ 150 ਪੰਨੇ 152, ਸਾਲ 2020**) ਸਾਡੇ ਸਾਹਮਣੇ ਆਇਆ। ਜੋ ਇਸ ਵਿਸ਼ੇ ਨਾਲ ਸੰਬੰਧਤ ਸ਼ਾਇਦ ਪੰਜਾਬੀ ਦਾ ਵੀ ਪਹਿਲਾ ਹੀ ਨਾਵਲ ਹੈ। ਨਾਵਲ ਦਾ ਅਰੰਭ ਤੀਰਥ-ਯਾਤਰਾ 'ਤੇ ਗਈ ਇਕ ਬਸ ਦੀਆਂ ਸਵਾਰੀਆਂ ਦੇ 'ਕੁਵਾਰਟਿਨ' ਹੋਣ ਲਈ ਡੀਵਾਇਨ ਲਾਈਟ ਪਬਲਿਕ ਸਕੂਲ ਵਿੱਚ ਬਣਾਏ ਆਈਸੋਲੇਸ਼ਨ ਕੈਂਪ ਜਾਂ ਇਕਾਂਤਵਾਸ ਕੇਂਦਰ ਵਿੱਚ ਰੱਖਣ ਨਾਲ ਹੁੰਦਾ ਹੈ। ਸਵਾਰੀਆਂ ਕਿੱਧਰੇ ਇਸ ਬਿਮਾਰੀ ਨਾਲ ਗ੍ਰਸਤ ਨਾ ਹੋਣ, ਇਸ ਕਰਕੇ ਬਚਾਵ ਪੱਖੋਂ ਉਨ੍ਹਾਂ ਨੂੰ ਇੱਕੀ ਦਿਨ ਤਕ ਆਪਣੇ ਘਰ-ਪਰਿਵਾਰਾਂ ਤੇ ਨੇੜਲੇ ਜੀਆਂ ਤੋਂ ਦੂਰ ਸ਼ਹਿਰ ਦੇ ਇਸ ਸਕੂਲ ਵਿੱਚ ਰੱਖੇ ਜਾਣ ਦੀ ਇਤਲਾਹ ਸਰਕਾਰ ਵਲੋਂ ਦਿੱਤੀ ਗਈ ਤਾਂ ਕਿ ਉਹ ਆਪਣੇ-ਆਪਣੇ ਪਿੰਡਾਂ, ਸ਼ਹਿਰਾਂ ਜਾਂ ਘਰਾਂ ਵਿੱਚ ਜਾ ਕੇ ਬਾਕੀ ਲੋਕਾਂ ਨੂੰ ਇਸ ਬਿਮਾਰੀ ਦੀ ਲਾਗ ਨਾ ਲੱਗਾ ਸਕਣ। ਇਨ੍ਹਾਂ ਲੋਕਾਂ ਨੂੰ ਵੱਖ-ਵੱਖ ਕਮਰਿਆਂ, ਖਾਣ-ਪੀਣ ਤੇ ਹੋਰ ਸਾਮਾਨ ਦੀਆਂ ਸਹੂਲਤਾਂ ਦੇ ਬਾਵਜੂਦ ਇਸ ਤਰ੍ਹਾਂ ਮਹਿਸੂਸ ਹੁੰਦਾ ਰਿਹਾ ਕਿ ਉਨ੍ਹਾਂ ਨੂੰ ਕਿਸੇ ਜੇਲ੍ਹ ਵਿੱਚ ਡੱਕ ਦਿੱਤਾ ਗਿਆ ਹੈ।

ਇਨ੍ਹਾਂ ਕੁਝ ਕੁ ਬੰਦਿਆਂ ਵਿੱਚ ਹੀ ਲੇਖਕ ਨੇ ਦੁਨੀਆ ਦੇ ਵੱਖ-ਵੱਖ ਸੁਭਾ, ਸੋਚ ਤੇ ਵਰਤਾਰੇ ਨੂੰ ਦੱਸਣ ਦਾ ਜਤਨ ਕੀਤਾ। ਸਭ ਕੁਝ ਮਿਲਣ ਦੇ ਬਾਵਜੂਦ ਵੀ ਲੋਕ ਉਥੇ ਰਹਿ ਕੇ ਬਿਲਕੁਲ ਹੀ ਖ਼ੁਸ਼ ਨਹੀਂ, ਸਗੋਂ ਉਨ੍ਹਾਂ ਦੇ ਚਿਹਰਿਆਂ ਉਤੇ ਸਹਿਮ ਪਸਰਿਆ ਰਿਹਾ। ਉਨ੍ਹਾਂ ਨੂੰ ਲੱਗਦਾ, ਜਿਵੇਂ ਉਹ ਅਛੂਤ ਹੋਣ, ਇਸੇ ਕਰਕੇ ਉਨ੍ਹਾਂ ਨੂੰ ਘਰ ਤੇ ਸਮਾਜ ਤੋਂ ਪਰ੍ਹੇ ਕਰਕੇ ਵੱਖਰਾ ਰੱਖਿਆ ਗਿਆ ਏ। ਲੋਕਾਂ ਨੇ ਉਥੇ ਰਹਿਣ ਦੇ ਪਹਿਲੇ ਹੀ ਦਿਨ ਤੋਂ ਇੱਕੀ ਦਿਨਾਂ ਬਾਅਦ ਆਪਣੇ ਘਰਾਂ ਵਿੱਚ ਪਰਤਣ ਦੇ ਦਿਨ ਗਿਣਨੇ ਸ਼ੁਰੂ ਕਰ ਦਿੱਤੇ। ਅਧੇੜ ਉਮਰ ਦੀ ਇਕ ਇਸਤਰੀ ਨੂੰ ਬਦਰੂਮੀ ਵਾਲੇ ਸੰਤਾਂ ਦੇ ਡੇਰੇ ਜਾ ਕੇ ਸੇਵਾ ਕਰਨ ਦੀ ਕਾਹਲ ਹੈ। ਨਛੱਤਰ ਸਿੰਘ ਨੂੰ ਪਿੰਡ ਦੀਆਂ ਸਾਮੀਆਂ ਤੋਂ ਲੈਣ ਵਾਲੀ ਵਿਆਜੂ ਰਕਮ ਦਾ ਫ਼ਿਕਰ ਹੈ, ਜਿਸ ਦਾ ਪੂਰ ਲੇਖਾ-ਜੋਖਾ ਉਸ ਦੀ ਜੇਬ੍ਹ ਵਿੱਚ ਪਈ ਛੋਟੀ ਜਿਹੀ ਡਾਇਰੀ ਵਿੱਚ ਹੈ। ਉਸ ਡਾਇਰੀ ਨੂੰ ਉਹ ਦਿਨ ਵਿੱਚ ਕਈ-ਕਈ ਵਾਰ ਕੱਢ ਕੇ ਦੇਖਦਾ ਤੇ ਹਿਸਾਬ ਲਗਾਉਂਦਾ ਰਿਹਾ। ਸੰਤੋਖ ਸਿੰਘ ਦੇ ਮੂੰਹ ਉਤੇ ਬਸ ਇਕੋ ਹੀ ਗੱਲ ਦੀ ਸੂਈ ਅਟਕੀ ਰਹੀ ਕਿ, 'ਆਪਾਂ ਘਰ ਕਦੋਂ ਜਾਵਾਂਗੇ?' ਜਦਕਿ ਛੜਾ ਹੋਣ ਕਾਰਣ ਘਰ ਵਿੱਚ ਉਡੀਕਣ ਵਾਲਾ ਉਸ ਨੂੰ ਕੋਈ ਵੀ ਨਹੀਂ। ਜੀਵਨ ਸਿੰਘ ਸਾਰਿਆਂ ਨੂੰ ਇਸ ਨਾਮੁਰਾਦ ਬਿਮਾਰੀ ਤੋਂ ਬਚਣ ਦੇ ਘਰੇਲੂ ਨੁਸਖੇ ਹਰ ਵੇਲੇ, ਹਰ ਕਿਸੇ ਨੂੰ ਵੰਡਦਾ ਫਿਰਦਾ ਰਿਹਾ। ਮਨਵੀਰ ਜਿਹਾ ਨੌਜਵਾਨ ਦਿਨ-ਰਾਤ ਆਪਣੇ ਮੋਬਾਈਲ 'ਤੇ ਚਿਪਕਿਆ ਰਹਿੰਦਾ ਤੇ ਸਿੰਕਦਰ ਨੂੰ ਜਵਾਨੀ ਉਮਰੇ ਹੀ ਨਸ਼ੇ ਦੀ ਤੋਟ ਹੱਦੋਂ ਵੱਧ ਪਰੇਸ਼ਾਨ ਕਰਦੀ। ਗਿਆਨੀ ਟਹਿਲ ਸਿੰਘ ਹਰ ਵੇਲੇ ਗੁਰਬਾਣੀ ਪੜ੍ਹਦਾ ਰਹਿੰਦਾ। ਨਿਰਭੈ ਹਰ ਵੇਲੇ ਮੋਬਾਈਲ ਉਤੇ ਨਿਤ ਆਉਂਦੀਆਂ ਖ਼ਬਰਾਂ ਤੇ ਅੰਕੜਿਆਂ ਦੇ ਵੱਧਦੇ ਢੇਰ ਨੂੰ ਦੇਖ ਕੇ ਹੌਂਸਲਾ ਹਾਰਦਾ ਜਾਂਦਾ ਤੇ ਬਾਕੀਆਂ ਨੂੰ ਵੀ ਭੈਭੀਤ ਕਰਦਾ ਰਹਿੰਦਾ। ਅਮਰੋ ਨੂੰ ਇੱਥੇ ਰਹਿੰਦੇ ਵੀ ਆਪਣੀ ਮੁਟਿਆਰ ਧੀ ਜਿੰਦਰ ਦੇ ਵਿਆਹ ਦੀ ਚਿੰਤਾ ਲੱਗੀ ਰਹੀ। ਆਲੇ-ਦੁਆਲੇ ਨਜ਼ਰ ਮਾਰਦਿਆਂ ਉਸ ਨੇ ਮਨ ਹੀ ਮਨ

ਅੰਮ੍ਰਿਤ ਨਾਂ ਦੇ ਮੁੰਡੇ ਨੂੰ ਆਪਣੀ ਧੀ ਦੇ ਸਾਕ ਲਈ ਪਸੰਦ ਕਰ ਲਿਆ ਤੇ ਪਤੀ ਹਰਬੰਸ ਨੂੰ ਵੀ ਇਸ ਬਾਰੇ ਸੋਚਣ ਲਈ ਕਹਿ ਦਿੱਤਾ।

ਅਜਿਹੇ ਡਰੇ-ਸਹਿਮੇ, ਭੈਭੀਤ ਤੇ ਜੀਵਨ ਦੀ ਬਾਜ਼ੀ ਹਾਰੇ ਬੈਠੇ ਲੋਕਾਂ ਵਿਚਕਾਰ ਸਿਰਫ਼ ਅਨੰਦ ਹੀ ਅਜਿਹਾ ਸ਼ਖ਼ਸ ਸੀ, ਜੋ ਹਰ ਵੇਲੇ ਪ੍ਰਸੰਨ ਰਹਿੰਦਾ ਹੈ। ਕਾਊਂਸਲਿੰਗ ਕਰਨ ਆਈ ਸੁਖਮਨ ਇਸ ਲਈ ਜਲਦੀ ਹੀ ਉਸ ਕੇਂਦਰ ਵਿੱਚ ਹਰਮਨ ਪਿਆਰੀ ਹੋ ਗਈ ਕਿਉਂਕਿ ਉਸ ਦਾ ਹੱਸੂ-ਹੱਸੂ ਕਰਦਾ ਚਿਹਰਾ, ਬੋਲਣ ਦਾ ਨਿਮਰ ਤੇ ਮਿੱਠਾ ਢੰਗ ਤੇ ਆਪਣੇਪਨ ਨੇ ਸਭ ਨੂੰ ਮੋਹ ਲਿਆ।

ਬਸ ਦੀਆਂ ਸਵਾਰੀਆਂ ਤੋਂ ਇਲਾਵਾ ਵੀ ਇਸ ਇਕਾਂਤਵਾਸ ਕੇਂਦਰ ਵਿੱਚ ਕੁਝ ਪ੍ਰਵਾਸੀ ਮਜ਼ਦੂਰ ਤੇ ਵਿਦੇਸ਼ਾਂ ਤੋਂ ਥੱਕੇ-ਹਾਰੇ ਆਏ ਕਾਰੀਗਰ ਵੀ ਉਨ੍ਹਾਂ ਨਾਲ ਸ਼ਾਮਿਲ ਹੋਏ। ਖਾੜੀ ਦੇਸ਼ਾਂ ਵਿੱਚ ਉਨ੍ਹਾਂ ਸ਼ੇਖਾਂ ਤੇ ਉਨ੍ਹਾਂ ਦੀਆਂ ਸੁਹਣੀਆਂ ਬੇਗਮਾਂ ਨੂੰ ਕਿੱਥੇ ਦੇਖਣਾ ਸੀ, ਜਿਹੜੇ ਹਰ ਵੇਲੇ ਉਨ੍ਹਾਂ ਦੇ ਕਾਰਖ਼ਾਨਿਆਂ ਵਿੱਚ ਕੰਮ ਵਿੱਚ ਜੁੱਟੇ ਰਹਿੰਦੇ। ਸਰਕਾਰੀ ਇਮਦਾਦ ਨਾਲ ਆਪਣੇ ਦੇਸ਼ ਵਾਪਸ ਲਿਆਉਣਾ ਹੀ ਉਨ੍ਹਾਂ ਲਈ ਵੱਡੀ ਗਨੀਮਤ ਵਾਲੀ ਗੱਲ ਸੀ।


ਇਕਾਂਤਵਾਸ ਕੇਂਦਰ ਵਿਚਲੇ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਬਦਨੀਅਤੀ ਤੇ ਸਿਰਫ਼ ਲੁਟ-ਖਸੋਟ ਕਰਨ ਵਾਲੇ ਵਤੀਰੇ ਨੂੰ ਵੀ ਲੇਖਕ ਨੇ ਅੱਖੋਂ-ਪਰੋਖੇ ਨਹੀਂ ਕੀਤਾ। ਸਕੂਲ ਬਾਹਰ ਨਾਕਾ ਲਾਈ ਬੈਠੇ ਪੁਲਿਸੀਏ ਇਕਾਂਤਵਾਸ ਕੇਂਦਰ ਵਾਸੀਆਂ ਲਈ ਆਏ ਸਾਰੇ ਸਾਮਾਨਾਂ ਨੂੰ ਪਹਿਲਾ ਹੀ ਬਾਹਰੋਂ ਖੋਹਣ ਦੀ ਆਪਣੀ ਬੁਨਿਆਦੀ ਪਰੰਪਰਾ ਨੂੰ ਨਿਭਾਉਂਦੇ ਹੀ ਦਿੱਸੇ।

ਨਾਵਲ ਪਹਿਲੇ ਦਿਨ ਤੋਂ ਇੱਕੀ ਦਿਨ ਬਾਅਦ ਵਿੱਚ ਆਏ ਬਦਲਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ। ਜਿੱਥੇ ਪਹਿਲੇ ਸਾਰੇ ਇਕ-ਦੂਜੇ ਤੋਂ ਪਰ੍ਹੇ-ਪਰ੍ਹੇ ਰਹਿੰਦੇ, ਹਰ ਵੇਲੇ ਡਰੇ-ਸਹਿਮੇ, ਬਿਮਾਰੀ ਤੋਂ ਵੱਧ ਮੌਤ ਨੂੰ ਖੁਲ੍ਹੀਆਂ ਅੱਖਾਂ ਨਾਲ ਸਾਹਮਣੇ ਦੇਖ ਕੇ ਪਰੇਸ਼ਾਨ ਸਨ, ਹੌਲੀ-ਹੌਲੀ ਉਥੇ ਰਹਿੰਦਿਆਂ ਸਾਮਾਨ ਨਾ ਮਿਲਣ ਤੇ ਸ਼ਿਕਾਇਤਾਂ ਵੀ ਕਰਨ ਲੱਗੇ। ਇਕ-ਦੂਜੇ ਨਾਲ ਦੁਖ-ਸੁਖ ਫਰੋਲਣ ਲੱਗੇ। ਆਪਸ ਵਿੱਚ ਹਾਸਾ-ਠੱਠਾ ਕਰ, ਮੌਤ ਨੂੰ ਪਰ੍ਹੇ ਧਕੇਲਣ ਲੱਗ ਪਏ। ਇਨ੍ਹਾਂ ਸਾਰੇ ਬਦਲਾਵਾਂ ਪਿੱਛੇ ਵੱਡਾ ਹੱਥ ਅਨੰਦ ਦੀ ਸਕਾਰਾਤਮਕ ਸੋਚ ਤੇ ਸੁਖਮਨ ਦੀ ਮਿੱਠਬੋਲੜੀ ਵਾਰਤਾ ਦਾ ਅਸਰ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬੰਦੇ ਨੂੰ ਕਿਹੋ ਜਿਹੇ ਵੀ ਹਾਲਾਤ ਮਿਲਣ, ਉਹ ਉਨ੍ਹਾਂ ਵਿੱਚ ਜੀਉਣਾ ਜਲਦੀ ਹੀ ਸਿੱਖ ਲੈਂਦਾ ਹੈ। ਮੌਤ ਨਾਲ ਸਿੱਧਾ ਰਾਬਤਾ ਹੋਣ ਜਿਹੇ ਹਾਲਾਤਾਂ ਵਿੱਚ ਸਾਰਿਆਂ ਵਿੱਚ ਹੀ ਬਦਲਾਵ ਆਇਆ।

ਗੁਰਮੀਤ ਕੜਿਆਲਵੀ ਨੇ ਸਮਕਾਲੀ ਵਿਸ਼ਵ-ਪੱਧਰੀ ਭੱਖਦੇ ਮਸਲੇ ਨੂੰ ਨਾਵਲ ਦਾ ਕੇਂਦਰੀ ਥੀਮ ਬਣਾਇਆ। ਇਸ ਦੌਰਾਨ ਲੋਕਾਂ ਤੇ ਸਰਾਕਾਰਾਂ ਦੇ ਚਿਹਰਿਆਂ ਤੋਂ ਲਹਿੰਦੇ ਮਖੌਟਿਆਂ ਵੱਲ ਇਸ਼ਾਰਾ ਕੀਤਾ। ਉਸ ਤੋਂ ਵੱਧ ਉਸ ਨੇ ਹਾਲਾਤਾਂ ਅਨੁਸਾਰ ਬੰਦਿਆਂ ਨੂੰ ਢਲਦਿਆਂ ਤੇ ਉਨ੍ਹਾਂ ਦੀ ਸੋਚ ਵਿੱਚ ਆਉਂਦੇ ਬਦਲਾਵ ਵੱਲ ਧਿਆਨ ਦਿਵਾਇਆ। ਇਨ੍ਹਾਂ 'ਇੱਕੀ ਦਿਨਾਂ' ਨੇ, ਇਕੱਵੀਂ ਸਦੀ ਦੇ ਵੀਹਵੇਂ ਦਹਾਕੇ ਦੇ ਸੱਚ ਦੀ ਤਸਵੀਰ ਕਸ਼ੀ ਹੀ ਨਹੀਂ ਕੀਤੀ, ਸਗੋਂ ਸੰਸਾਰਕ ਪੱਧਰ ਉਤੇ ਮਨੁੱਖ ਦੀ ਸੋਚ ਦੇ ਕੋਝੇ ਤੇ ਚੰਗੇ ਵਰਤਾਰੇ ਨੂੰ ਵੀ ਦਰਸਾਇਆ। ਸਮਕਾਲੀ ਗੰਭੀਰ ਤੇ ਰੁਖੇ-ਸੁੱਕੇ ਵਿਸ਼ੇ ਦੇ ਕੇਂਦਰੀ ਪਾਤਰ ਰੂਪ ਵਿੱਚ ਹੋਣ ਦੇ ਬਾਵਜੂਦ ਨਾਵਲ ਬੋਰ ਨਹੀਂ ਕਰਦਾ। ਲੇਖਕ ਨੇ ਇਸ ਨੂੰ ਕਿੱਧਰੇ ਵੀ ਅੰਕੜਿਆਂ ਦਾ ਢੇਰ ਜਾਂ ਦਸਤਾਵੇਜ਼ੀ ਲਿਖਤ ਨਹੀਂ ਬਣਨ ਦਿੱਤਾ। ਉਸ ਨੇ ਮਨੁੱਖ ਸੁਭਾ ਦੇ ਸਾਰੇ ਪੱਖਾਂ ਨੂੰ ਥੋੜੇ ਜਿਹੇ ਪਾਤਰਾਂ ਵਿੱਚ ਢਾਲ ਕੇ ਪੇਸ਼ ਕੀਤਾ। ਆਪਣੇ ਪਹਿਲੇ ਹੀ ਨਾਵਲ ਨਾਲ ਉਸ ਨੇ ਗੰਭੀਰ ਮਸਲੇ ਨੂੰ ਨਜਿੱਠ ਕੇ ਪੰਜਾਬੀ ਸਾਹਿਤ ਵਿੱਚ ਆਪਣੀ ਪਛਾਣ ਦਾ ਇਕ ਹੋਰ ਮੀਲ-ਪੱਥਰ ਕਾਇਮ ਕਰਨ ਦਾ ਜਤਨ ਕੀਤਾ। ਸਮਕਾਲੀ ਵਿਸ਼ਿਆਂ ਉਤੇ ਲਿਖਣਾ ਤੇ ਨਿਭਾਅ ਕਰਨਾ ਸੌਖਾ ਨਹੀਂ, ਪਰ ਅਜਿਹਾ ਕਦਮ ਚੁੱਕ ਕੇ ਉਸ ਨੇ ਪੰਜਾਬੀ ਨਾਵਲ ਨੂੰ ਬਾਕੀ ਭਾਸ਼ਾਵਾਂ ਦੀ ਮੂਹਰਲੀ ਕਤਾਰ ਵਿੱਚ ਲਿਆਉਣ ਤੇ ਪੰਜਾਬੀ ਸਾਹਿਤ ਦੇ ਸਮੇਂ ਦੇ ਹਾਣ ਦੇ ਹੋਣ ਦਾ ਪਰਿਚੈ ਦਿੱਤਾ। (**ਸੰਪਰਕ- 9868182835**)



# ਅਜੋਕੇ ਯੁੱਗ ਦੇ ਰਿਸ਼ਤਿਆਂ ਦੀ ਦਾਸਤਾਨ : ਦਫ਼ਾ 498-ਏ





**'ਦਫ਼ਾ 498-ਏ'** (**ਪ੍ਰਕਾਸ਼ਕ ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, ਮੁੱਲ 150, ਪੰਨੇ 144, ਸਾਲ 2019**) ਕਹਾਣੀ ਸੰਗ੍ਰਹਿ ਗੁਰਨਾਮ ਸਿੰਘ ਅਕੀਦਾ ਦੁਆਰਾ ਰਚਿਤ ਹੈ। ਜਿਸ ਵਿਚ ਲੇਖਕ ਨੇ ਸਮਾਜ'ਚ ਵਿਆਹ ਉਪਰੰਤ ਪਤੀ-ਪਤਨੀ ਦੇ ਰਿਸ਼ਤੇ 'ਚ ਆਈਆਂ ਤਰੇੜਾਂ ਕਾਰਣ ਇੱਕ ਦੂਜੇ ਉਪਰ ਝੂਠੇ ਇਲਜ਼ਾਮ, ਦਾਜ ਦਹੇਜ ਦੇ ਕੇਸ, ਤਲਾਕ, ਅਦਾਲਤਾਂ, ਥਾਣਿਆਂ ਦੇ ਚੱਕਰ, ਆਤਮ-ਹੱਤਿਆਂ, ਬਿਨਾਂ ਕਸੂਰੋਂ ਰਗੜੇ ਜਾਂਦੇ ਲੋਕ ਵੂਮੈਨ ਸੈਲਾਂ, ਮਹਿਲਾ ਕਮਿਸ਼ਨ ਤੇ ਪੁਲੀਸ ਅਧਿਕਾਰੀਆਂ ਕੋਲ ਆਉਂਦੇ ਕੇਸ ਤੇ ਲੋਕਾਂ ਦੀ ਹੁੰਦੀ ਖੱਜਲ-ਖੁਆਰੀ ਆਦਿ ਉਹ ਵਰਤਾਰੇ ਹਨ। ਜਿਨ੍ਹਾਂ ਨੂੰ ਲੇਖਕ ਨੇ ਇਸ ਪੁਸਤਕ ਵਿਚ ਬਹੁਤ ਹੀ ਬਾਰੀਕਬੀਨੀ ਨਾਲ ਪੇਸ਼ ਕੀਤਾ ਹੈ।

'ਇੱਕ ਹੋਰ ਸੁਹਾਗ ਰਾਤ' ਦੀ ਅਮਨਦੀਪ ਦਾ ਸੁਰਜੀਤ ਨਾਲ ਰਿਸ਼ਤਾ ਚੰਗਾ ਨਿਭ ਰਿਹਾ ਹੁੰਦਾ ਹੈ। ਪਰ ਪਹਿਲੀ ਰਾਤ ਵਾਲੀ ਚਾਦਰ ਤੇ ਖ਼ੂਨ ਦੇ ਧੱਬੇ/ਦਾਗ ਨਾ ਹੋਣਾ ਅਮਨਦੀਪ ਦੇ ਚਰਿੱਤਰਹੀਣ ਹੋਣ ਦੇ ਸ਼ੱਕ ਵਿਚ ਬਦਲ ਜਾਂਦਾ ਹੈ। 'ਆਤਮ ਹੱਤਿਆ' ਕਹਾਣੀ ਦਾ ਮਲਕੀਤ ਪੜਿਆ ਲਿਖਿਆ ਨਰਸ ਲੱਗੀ ਰਮਨ ਨਾਲ ਵਿਆਹ ਤਾਂ ਕਰਵਾ ਲੈਂਦਾ ਹੈ ਪਰ ਲੋਕਾਂ ਦੀ ਚੁੱਕ 'ਚ ਆਇਆ ਰਮਨ ਤੇ ਇਹ ਇਲਜ਼ਾਮ ਲਾ ਬੈਠਦਾ ਹੈ ਕਿ ਉਹ ਡਿਊਟੀ ਸਮੇਂ ਇਕੱਲੇ ਡਾਕਟਰ ਦੇ ਕੈਬਿਨ ਚ ਬੈਠੀ ਰਹਿੰਦੀ ਹੈ। ਰਮਨ ਦਾ ਪਰਿਵਾਰ ਮਲਕੀਤ ਦੇ ਪੂਰੇ ਪਰਿਵਾਰ ਉਪਰ ਝੂਠੇ ਇਲਜ਼ਾਮ ਲਗਾ ਕੇ ਉਹਨਾਂ ਨੂੰ ਫਸਾ ਦਿੰਦਾ ਹੈ। ਮਲਕੀਤ ਝੂਠੇ ਇਲਜ਼ਾਮ ਬਰਦਾਸ਼ਤ ਨਾ ਕਰਦਾ ਆਤਮ -ਹੱਤਿਆ ਕਰ ਲੈਂਦਾ ਹੈ।

'ਮੰਮੀ ਦਾ ਫੋਨ' ਕਹਾਣੀ ਦੀ ਸੁਨੀਤਾ ਵਿਆਹ ਤੋਂ ਬਾਅਦ ਆਪਣੇ ਪਤੀ ਅਮਨ ਨੂੰ ਸਮਾਂ ਦੇਣ ਨਾਲੋਂ ਮਾਂ (ਪੇਕੇ ਘਰ) ਨੂੰ ਹਰ ਸਮੇਂ ਫੋਨ ਕਰਨ ਨੂੰ ਤਰਜੀਹ ਦਿੰਦੀ ਹੈ ਜਿਸ ਦੇ ਨਤੀਜੇ ਵੱਜੋਂ ਰਿਸ਼ਤੇ ਦੇ ਲਗਭਗ ਟੁੱਟਣ ਤੇ ਗੱਲ ਪਹੁੰਚ ਜਾਂਦੀ ਹੈ। 'ਬੀਬਾ ਜੀ' ਕਹਾਣੀ ਰਾਜਨੀਤਕ ਪਹੁੰਚ ਤੇ ਉੱਚੇ ਖਾਨਦਾਨ 'ਚ ਪੈਦਾ ਹੋਏ ਪਵਨ ਦੀ ਕਹਾਣੀ ਹੈ। ਜਿਸ ਦਾ ਵਿਆਹ ਅੰਮ੍ਰਿਤ ਨਾਲ ਹੋ ਜਾਂਦਾ ਹੈ। ਨਿੱਕੀਆਂ-ਨਿੱਕੀਆਂ ਗੱਲਾਂ ਤੇ ਅੰਮ੍ਰਿਤ ਦੇ ਪਰਿਵਾਰ ਦੀ ਬੇ-ਵਜ਼ਾਹ ਦਖਲ-ਅੰਦਾਜੀ ਕਾਰਣ ਦੋਵਾਂ ਦੇ ਰਿਸ਼ਤੇ ਵਿੱਚ ਤਰੇੜਾਂ ਆ ਜਾਂਦੀਆਂ ਹਨ । ਸਿਆਸਤ ਦੀ ਬਦਲਾਖੋਰੀ ਤੇ ਝੂਠੇ ਇਲਜ਼ਾਮ ਇੱਕ ਪੂਰੇ ਪਰਿਵਾਰ ਦੀ ਤਬਾਹੀ ਦਾ ਕਾਰਣ ਬਣ ਜਾਂਦੇ ਹਨ। 'ਪ੍ਰਵਾਸੀ ਲਾੜੀ' ਕਹਾਣੀ ਹੁਣ ਦੇ ਸਮਿਆਂ ਚ ਵਾਪਰ ਰਹੀਆਂ ਨਿੱਤ ਨਵੀਆਂ ਘਟਨਾਵਾਂ ਨੂੰ ਆਪਣੇ ਕਲੇਵਰ 'ਚ ਲੈਂਦੀ ਹੈ। 'ਠੀਕ ਏ ਜਨਾਬ', 'ਪੱਥਰ ਦੇ ਲੋਕ' ਕਹਾਣੀਆਂ ਵੀ ਵਿਆਹ ਪ੍ਰਬੰਧ ਦੀਆਂ ਉਭਰਦੀਆਂ ਤਰੇੜਾਂ ਤੇ ਰਿਸ਼ਤਿਆਂ ਵਿਚ ਪੈਦਾ ਹੁੰਦੀ ਖਟਾਸ ਨੂੰ ਬਾਖ਼ੂਬੀ ਬਿਆਨ ਕਰਦੀਆਂ ਹਨ। 'ਸਾਂਝਾ ਖਾਤਾ' ਕਹਾਣੀ ਪਤੀ-ਪਤਨੀ ਵਿਚ ਇੱਕ ਸਾਂਝਾ ਖਾਤਾ ਖੋਲਣ ਨੂੰ ਲੈ ਕੇ ਝਗੜਾ ਸ਼ੁਰੂ ਹੁੰਦਾ ਹੈ। ਇਹ ਕਹਾਣੀਆਂ ਪਹਿਲੀ ਨਜ਼ਰੇ ਭਾਵੇਂ ਅਖ਼ਬਾਰੀ ਰਿਪੋਟਾਂ ਵੱਧ ਲੱਗਦੀਆਂ ਹਨ ਪਰ ਗੰਭੀਰ ਵਿਸ਼ੇ ਨੂੰ ਲੈ ਕੇ ਰੌਚਿਕਤਾ ਸਹਿਤ ਬਿਆਨ ਕਰਨਾ ਲੇਖਕ ਦਾ ਵੱਡਾ ਗੁਣ ਹੈ। ਅਜੋਕੇ ਯੁੱਗ ਦੀ ਇੱਕ ਗੰਭੀਰ ਸਮੱਸਿਆ ਦੀਆਂ ਅਨੇਕਾਂ ਪਰਤਾਂ ਤੇ ਉਹਨਾਂ ਦੇ ਹੱਲ ਜਾਨਣ ਲਈ ਇਹ ਕਹਾਣੀ ਸੰਗ੍ਰਹਿ ਪੜ੍ਹਨਾ ਬਣਦਾ ਹੈ।

**- ਡਾ.ਪਰਗਟ ਸਿੰਘ ਟਿਵਾਣਾ** (**94638-74394**)

## ਇੱਕ ਇਤਿਹਾਸਕ ਦਸਤਾਵੇਜ਼:ਜਿਨ੍ਹਾਂ ਪੁੱਠੀਆਂ ਖੱਲਾਂ ਲੁਹਾਈਆਂ




**'ਜਿਨ੍ਹਾਂ ਪੁੱਠੀਆਂ ਖੱਲਾਂ ਲੁਹਾਈਆਂ' (ਪ੍ਰਕਾਸ਼ਕ ਲੋਕਗੀਤ ਪ੍ਰਕਾਸ਼ਨ, ਮੁਹਾਲੀ, ਮੁੱਲ 200, ਪੰਨੇ 160, ਸਾਲ 2021)** ਗੁਰਨਾਮ ਸਿੰਘ ਅਕੀਦੇ ਦਾ ਪਹਿਲਾ ਇਤਿਹਾਸਕ ਨਾਵਲ ਹੈ। ਭਾਵੇਂ ਪਿਛਲੇ ਕੁਝ ਦਹਾਕਿਆਂ 'ਚ ਕਈ ਇਤਿਹਾਸਕ ਨਾਵਲ ਲਿਖੇ ਗਏ ਹਨ ਤੇ ਉਹਨਾਂ ਦਾ ਪਾਠਕਾਂ ਨੇ ਚੰਗਾ ਨੋਟਿਸ ਵੀ ਲਿਆ ਹੈ। ਪੰਜਾਬ ਦੇ ਇਤਿਹਾਸ 'ਚ ਅਨੇਕਾਂ ਮਹਾਨ, ਯੋਧੇ ਪਾਤਰ ਹੋਏ ਹਨ ਜਿਨਾਂ ਨੂੰ ਧਰਮ 'ਚ ਬਹੁਤਾ ਪ੍ਰਚਾਰਿਆ ਨਹੀਂ ਗਿਆ। ਉਹਨਾਂ ਵਿੱਚੋਂ ਇੱਕ ਪਾਤਰ ਇਸ ਨਾਵਲ ਦੇ ਕੇਂਦਰ ਵਿੱਚ ਵਿਚਰਦਾ ਹੈ।

ਨਾਵਲ ਭਾਵੇਂ ਬੰਦਾ ਸਿੰਘ ਬਹਾਦਰ ਦੇ ਪੰਜਾਬ ਪ੍ਰਵੇਸ਼ ਤੇ ਜ਼ਾਲਮ ਮੁਗਲ ਹਾਕਮਾਂ ਨੂੰ ਸੋਧਾ ਲਾਉਣ ਨਾਲ ਆਰੰਭ ਹੁੰਦਾ ਹੈ ਪਰ ਨਾਵਲ ਇੱਕ ਲੰਮੇ ਕਾਲ ਖੰਡ ਤੱਕ ਫੈਲਿਆ ਹੋਇਆ ਹੈ। ਪਿਛਲ ਝਾਤ ਵਿਧੀ ਰਾਹੀਂ ਕਿਤੇ-ਕਿਤੇ ਇਤਿਹਾਸ ਦੇ ਮੱਧ ਕਾਲ 'ਚ ਵੀ ਚਲਿਆ ਜਾਂਦਾ ਹੈ। ਨਾਵਲ ਸਿੱਖ ਧਰਮ ਦੇ ਮੂਲ ਸਰੋਕਾਰਾਂ ਨੂੰ ਇੱਕ ਵਾਰ ਫਿਰ ਨਵੇਂ ਸਿਰੇ ਤੋਂ ਦ੍ਰਿੜ ਕਰਵਾਉਂਦਾ ਹੈ ਕਿ ਕਿਸ ਤਰ੍ਹਾਂ ਧਰਮ ਲਈ ਸੀਸ ਤਾਂ ਦਿੱਤਾ ਜਾ ਸਕਦਾ ਹੈ ਪਰ ਸਿਦਕ ਤੋਂ ਹਾਰਨਾ ਡੋਲਣਾ ਸਿੱਖ ਕੌਮ ਦੇ ਸੂਰਵੀਰਾਂ ਦੇ ਹਿੱਸੇ ਨਹੀਂ ਆਉਂਦਾ। ਨਾਵਲ ਦਾ ਕੇਂਦਰੀ ਪਾਤਰ ਭਾਈ ਜੈ ਸਿੰਘ ਖਲਕਟ ਜੋ ਸਿੱਖ ਧਰਮ ਦੇ ਸਿੱਖੀ ਸਿਧਾਤਾਂ ਨਾਮ ਜਪਣਾ, ਕਿਰਤ ਕਰਨਾ, ਵੰਡ ਛਕਣਾ ਤੇ ਪਹਿਰਾ ਦਿੰਦਾ ਹੈ। ਸਰਹੰਦ ਦਾ ਹਾਕਮ ਅਬਦੁਸ ਸਮਦ ਖਾਂ ਜਦੋਂ ਬੰਦਾ ਬਹਾਦੁਰ ਨੂੰ ਕੈਦੀ ਬਣਾ ਆਪਣੇ ਪੁੱਤਰ ਜ਼ਕਰੀਆ ਖਾਂ ਰਾਹੀਂ ਦਿੱਲੀ ਦਰਬਾਰ ਭੇਜ ਦਿੰਦਾ ਹੈ। ਉਸ ਤੋਂ ਬਾਅਦ ਪੰਜਾਬ 'ਚ ਇੱਕ ਭਿਆਨਕ ਦਹਿਸ਼ਤ ਦਾ ਦੌਰ ਸ਼ੁਰੂ ਹੁੰਦਾ ਹੈ। ਸਿਰਾਂ ਦੇ ਮੁੱਲ ਪੈਣ ਲੱਗਦੇ ਹਨ ਅਤੇ ਸਿੱਖਾਂ ਨੂੰ ਚੁਣ-ਚੁਣ ਕੇ ਮਾਰਿਆ ਜਾਂਦਾ ਹੈ। ਅਜਿਹੇ ਸਮੇਂ 'ਚ ਇੱਕ ਦਿਨ ਭਾਈ ਜੈ ਸਿੰਘ ਖਲਕਟ ਮੁਗਲ ਸਮਰਾਟ ਦਾ ਬੋਝਾ (ਗੱਠੜੀ) ਚੁੱਕਣ ਤੋਂ ਇਨਕਾਰ ਕਰ ਦਿੰਦਾ ਹੈ। ਕਿਉਂਕਿ ਇਸ ਬੋਝੇ ਵਿਚ ਹੁੱਕਾ ਸੀ। ਸਿੱਖ ਧਰਮ ਵਿਚ ਹੁੱਕੇ ਦੀ ਮਨਾਹੀ ਹੈ। ਇਸ ਵਿਰੋਧ (ਨਾ) ਦੇ ਨਤੀਜੇ ਵੱਜੋਂ ਹਾਕਮ ਭਾਈ ਜੈ ਸਿੰਘ ਨੂੰ ਦਰੱਖਤ ਨਾਲ ਪੁੱਠਾ ਟੰਗ ਕੇ ਉਹਨਾਂ ਦੀ ਚਮੜੀ ਲਹੁਣ ਦਾ ਹੁਕਮ ਦਿੰਦਾ ਹੈ ਤੇ ਭਾਈ ਸਾਹਿਬ ਦੇ ਪੂਰੇ ਪਰਿਵਾਰ ਨੂੰ ਸ਼ਹੀਦ ਕਰ ਦਿੱਤਾ ਜਾਂਦਾ ਹੈ।

ਨਾਵਲਕਾਰ ਸਿੱਖ ਧਰਮ ਦੀ ਵਿਰਾਸਤ ਦੇ ਉਹਨਾਂ ਵੀਰ ਸਪੂਤਾਂ ਜਿਨਾਂ ਨੂੰ ਪਤਾ ਨਹੀਂ ਕਿਉਂ ਅਣਗੌਲਿਆ ਕੀਤਾ ਗਿਆ। ਉਹਨਾਂ ਚੋਂ ਇੱਕ ਦਾ ਭਾਵਪੂਰਤ ਚਰਿੱਤਰ ਉਸਾਰਦਾ ਹੈ। ਦਲਿਤ ਤੇ ਹਾਸ਼ੀਆਗਤ ਸ਼੍ਰੇਣੀਆਂ ਨਾਲ ਸੰਬੰਧਿਤ ਪਾਤਰਾਂ ਦਾ ਸਿੱਖ ਧਰਮ 'ਚ ਕੁਰਬਾਨੀਆਂ ਦੇਣ ਦੇ ਮਾਮਲੇ 'ਚ ਅਹਿਮ ਸਥਾਨ ਹੈ। ਪਰ ਪਤਾ ਨਹੀਂ ਕਿਉਂ ਇਹਨਾਂ ਪਾਤਰਾਂ ਨੂੰ ਸਾਹਿਤ/ਇਤਿਹਾਸ 'ਚ ਬਣਦਾ ਸਥਾਨ ਨਹੀਂ ਦਿੱਤਾ ਗਿਆ। ਅਕੀਦਾ ਦੀ ਇਸ ਵੱਡਮੁੱਲੀ ਸਾਹਿਤਕ ਕਿਰਤ ਲਈ ਪੰਜਾਬੀ ਪਾਠਕਾਂ ਨੂੰ ਉਸਦਾ ਧੰਨਵਾਦੀ ਹੋਣਾ ਚਾਹੀਦਾ ਹੈ। ਕਿਉਂਕਿ ਉਹ ਇਸ ਮਹਾਨ ਹਸਤੀ ਨੂੰ ਪਾਠਕਾਂ ਦੇ ਸਾਹਮਣੇ ਲੈ ਕੇ ਆਇਆ। ਨਾਵਲੀ ਬਿਰਤਾਂਤ ਚ ਭਾਵੇਂ ਕਈ ਖੱਪੇ ਨਜ਼ਰ ਆਉਂਦੇ ਹਨ ਪਰ ਨਾਵਲ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਪਾਠਕ ਜਦੋਂ ਜੈ ਸਿੰਘ ਦੇ ਕਿਰਦਾਰ ਨੂੰ ਪੜ੍ਹਨਾ ਸ਼ੁਰੂ ਕਰਦਾ ਹੈ ਤਾਂ ਅੰਤ ਤੱਕ ਉਸ ਨਾਲ ਜੁੜਿਆ ਰਹਿੰਦਾ ਹੈ ਆਪਣੇ ਗੌਰਵਸ਼ਾਲੀ ਇਤਿਹਾਸ ਨੂੰ ਜਾਨਣ ਲਈ ਇਹ ਨਾਵਲ ਪੜ੍ਹਨਯੋਗ ਹੈ।

**- ਡਾ. ਪਰਗਟ ਸਿੰਘ ਟਿਵਾਣਾ** (94638-74394)




## ਮੇਰਾ ਸਟੱਡੀ ਟੇਬਲ/ - ਭਗਵੰਤ ਰਸੂਲਪੁਰੀ

### ਜਸਬੀਰ ਭੁੱਲਰ ਦੀ 'ਖਿੱਦੋ'




'ਖਿੱਦੋ' ਸਮੱਸਿਆ ਮੂਲਕ ਨਾਵਲ ਏ। ਸਾਡਾ ਸਾਹਿਤਕ ਸਮਾਜ ਬਹੁਤ ਸਾਰੇ ਰੋਗਾਂ ਤੋਂ ਪੀੜਤ ਏ। ਉਨ੍ਹਾਂ ਵਿਚੋਂ ਇਕ ਰੋਗ ਸਰਕਾਰੀ ਇਨਾਮਾਂ ਦਾ ਭ੍ਰਿਸ਼ਟ ਤੰਤਰ ਏ। ਇਸ ਰੋਗ ਦੇ ਜ਼ਖ਼ਮ ਸਵਰਨ ਚੰਦਨ ਨੇ ਆਪਣੇ ਨਾਵਲ 'ਸਮਾਂ' 'ਚ ਵਿਚ ਨਸ਼ਰ ਕੀਤੇ ਸਨ। ਇਨਾਮ ਪ੍ਰਾਪਤ ਕਰਨ ਲਈ ਲੇਲੜੀਆਂ ਕੱਢਣ ਵਾਲੇ ਲੇਖਕਾਂ ਨੂੰ ਇਨਾਮ ਦੇਣ ਵਾਲੇ ਕਿਵੇਂ ਆਪਣੀ ਜਕੜ ਵਿਚ ਲੈਂਦੇ ਨੇ, ਕਿਵੇਂ ਇਕ ਜਾਲ਼ ਬੁਣਦੇ ਨੇ ਉਤਮ ਦਰਜੇ ਦਾ ਸਾਹਿਤ ਕਿਵੇਂ ਹਾਸ਼ੀਏ 'ਤੇ ਧੱਕਦੇ ਨੇ ਇਸ ਸਾਰੇ ਬਿਰਤਾਂਤ ਨੂੰ ਭੁੱਲਰ ਨੇ ਬੜੀ ਕਲਾਤਮਿਕਤਾ ਨਾਲ ਪੇਸ਼ ਕੀਤਾ ਏ। ਤਿਕੜਮਬਾਜ਼ੀ ਦੇ ਏਸ ਗੋਰਖਧੰਦੇ ਵਾਲੇ ਬਿਰਤਾਂਤ ਵਿਚ ਕਮੀਨਗੀ, ਬੇਸ਼ਰਮੀ, ਲਾਲਸਾ ਤੇ ਵਾਸ਼ਨਾ ਦੀ ਮੁਸ਼ਕ ਮਾਰਦੀ 'ਖਿੱਦੋ' ਏਧਰ-ਓਧਰ ਰਿੜਦੀ ਰਹਿੰਦੀ ਏ। ਸਾਹਿਤ ਦਾ ਪਵਿੱਤਰ ਸਮਝਿਆ ਜਾਣ ਵਾਲਾ ਕਾਰਜ ਐਨਾ ਪਲੀਤ ਹੋ ਗਿਆ ਏ ਏਸ ਦੇ ਨੇੜੇ ਜਾਣ ਤੋਂ ਵੀ ਮੋਹ ਭੰਗ ਹੋ ਗਿਆ ਏ। ਕਾਮ ਵਿਚ ਭਿੱਜੀ ਨਾਰੀ ਦੇਹ ਦਾ ਜਸ਼ਨ ਏ। ਸਾਹਿਤ ਦੇ ਇਨਾਮਾਂ ਦਾ ਭ੍ਰਿਸ਼ਟਾਚਾਰ ਸਮਕਾਲ ਦਾ ਭਖਵਾਂ ਰੋਗ ਏ। ਇਹ ਨਾਵਲ ਲਿਖ ਕੇ ਜਸਬੀਰ ਨੇ ਇਸ ਰੋਗ ਨੂੰ ਜੜ੍ਹੋ ਖਤਮ ਕਰਨ ਲਈ ਸਮੁੱਚੇ ਪੰਜਾਬੀ ਸਾਹਿਤਕਾਰਾਂ ਨੂੰ ਹਾਕ ਮਾਰੀ ਏ ਕਿ ਭਾਈ ਜਲਦੀ ਤੋਂ ਪਹਿਲਾਂ ਇਹਦਾ ਕੋਈ ਤੋੜ ਲੱਭ ਲਓ... ਕੋਈ 'ਟੀਕਾ' ਤਿਆਰ ਕਰ ਲਓ। 'ਖਿੱਦੋ' ਇਨ੍ਹਾਂ ਦਿਨ੍ਹਾਂ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲ ਏ। ਇਸ ਰੋਗ ਨੂੰ ਨੰਗਾ ਕਰਨਾ ਜਿਗਰੇ ਵਾਲਾ ਕਾਰਜ ਏ। ਹਾਰੀ-ਸਾਰੀ ਦੇ ਵੱਸ ਦਾ ਕੰਮ ਨਹੀਂ।

### ਵਿਕਾਸ ਤੇ ਵਿਨਾਸ਼ ਦਾ ਬਿਰਤਾਂਤ 'ਸਵਾਹਾ'





ਗੁਰਸੇਵਕ ਸਿੰਘ ਪ੍ਰੀਤ ਪੰਜਾਬੀ ਕਹਾਣੀ ਵਿਚ ਚਰਚਿਤ ਨਾਂ ਏ। ਉਸ ਦਾ ਨਾਵਲ 'ਸਵਾਹਾ' ਅਨੇਕਾਂ ਮੁੱਦਿਆ ਕਰਕੇ ਮਹੱਤਵਪੂਰਨ ਏ। ਨਾਵਲੀ ਬਿਰਤਾਂਤ ਵਿਚ ਉਹ ਗੱਲ ਭਰਵੇਂ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਜਿਹੜਾ ਬੰਦੇ ਨੂੰ ਵਿਕਾਸ ਦਿਸਦਾ ਏ ਉਹ ਅਸਲ ਵਿਚ ਉਹਦੇ ਵਿਨਾਸ਼ ਦਾ ਕਾਰਨ ਏ। ਇਸ ਵਿਨਾਸ਼ ਵਿਚ ਛੋਟੇ ਕਸਬੇ ਤਬਾਹ ਹੋ ਗਏ ਨੇ। ਬਿਰਤਾਂਤ ਦੇ ਕੇਂਦਰ ਵਿਚ ਪਿੰਡ 'ਟਿੱਬੀ ਰਾਮ ਸਿੰਘ' ਉਹ ਚਿਹਨ ਏ ਜਿਸਦਾ ਵਿਨਾਸ਼ ਹੋਇਆ ਏ। ਸਰਮਾਏਦਾਰੀ ਖ਼ਿਲਾਫ਼ ਭਾਵੇਂ ਵਿਦਰੋਹ ਉਪਜਦਾ ਏ ਪਰ ਸਮੇਂ ਨਾਲ ਠੰਢਾ ਹੋ ਜਾਂਦਾ ਏ। ਜਿਸ ਕਾਰਨ ਜਨ ਸਧਾਰਨ ਮੂਕ ਦਰਸ਼ਕ ਬਣ ਕੇ ਵਿਕਾਸ ਨੂੰ ਵੇਖਣ ਲਈ ਮਜਬੂਰ ਹੋ ਜਾਂਦੇ ਨੇ। ਵਿਕਾਊ ਮੀਡੀਆ ਮਰ ਰਹੇ ਪਿੰਡ ਦੇ ਵਿਨਾਸ਼ ਨੂੰ ਉਭਾਰਨ ਤੋਂ ਮੁਨਕਰ ਹੋ ਜਾਂਦਾ ਏ। ਇਹ ਨਾਵਲ ਤਬਾਹ ਕਰ ਦਿੱਤੇ ਗਏ ਇਕ ਪਿੰਡ ਦੀ ਕਹਾਣੀ ਨਹੀਂ ਏ ਬਲਕਿ ਭਾਰਤ ਦੇ ਅਨੇਕਾਂ ਪਿੰਡਾਂ, ਕਸਬਿਆ ਦੀ ਕਹਾਣੀ ਏ ਜਿਨ੍ਹਾਂ ਨੂੰ ਉਦਯੋਗਕ ਕ੍ਰਾਂਤੀ ਦੇ ਨਾਂ ਤੇ ਤਬਾਹ ਕਰ ਦਿੱਤਾ ਗਿਆ ਏ। ਪ੍ਰੀਤ ਦੀ ਸ਼ੈਲੀ ਬੜੀ ਕਮਾਲ ਦੀ ਏ। ਉਸ ਕੋਲ ਵਿਨਾਸ਼ ਦੀ ਕਥਾ ਨੂੰ ਨਾਵਲ ਵਿਚ ਫੈਲਾਉਣ ਦੀ ਅਥਾਹ ਸਮਰੱਥਾ ਏ। ਇਸ ਨਾਵਲ ਦੀ ਗੱਲ ਪਤਾ ਨਹੀਂ ਕਿਓਂ ਤੁਰ ਨਹੀਂ ਸਕੀ।

## 'ਹੱਦ ਤੋਂ ਪਰ੍ਹੇ' ਜਾਣ ਵਾਲਾ ਮਹਿੰਦਰ ਸਿੰਘ ਤਤਲਾ




ਮੂਲ ਰੂਪ ਵਿਚ ਕਹਾਣੀਕਾਰ ਤਤਲਾ ਦਾ ਇਹ ਪਲੇਠਾ ਨਾਵਲ ਏ। ਨਾਵਲ ਦੀ ਘਾੜਤ ਲੇਖਕ ਨੇ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੇ ਸੰਦਰਭ ਵਿਚ ਘੜੀ ਏ। ਭਾਰਤੀ ਦਰਸ਼ਨ ਵਿਚ ਇਹ ਉਹ ਵਿਕਾਰ ਨੇ ਜਿਨ੍ਹਾਂ ਕਰਕੇ ਮਨੁੱਖ ਦੀ ਤਬਾਹੀ ਹੁੰਦੀ ਏ। ਇਕ ਸਮਾਜਿਕ ਪ੍ਰਾਣੀ ਵਿਚ ਕਿਵੇਂ ਇਹ ਵਿਕਾਰ ਆਉਂਦੇ ਨੇ, ਜੋ ਬਾਅਦ 'ਚ ਪਰਿਵਾਰਕ ਸੰਕਟ ਬਣ ਜਾਂਦੇ ਨੇ। ਸਮਾਜਿਕ ਕਲਚਰ ਨੂੰ ਪੇਸ਼ ਕਰਨ ਲਈ ਨਾਵਲਕਾਰ ਨੇ ਹਰਿੰਦਰ ਨਾਂ ਦੇ ਸਕੂਲ ਮਾਸਟਰ ਨੂੰ ਮੁੱਖ ਪਾਤਰ ਬਣਾਇਆ ਏ। ਨੈਤਿਕ ਗਿਰਾਵਟ, ਜ਼ਮੀਨ ਦੇ ਮੋਹ, ਕਤਲ, ਜ਼ਿੰਦਗੀ ਤੋਂ ਉਪਰਾਮਤਾ ਦਾ ਬਿਰਤਾਂਤ ਪੰਜ ਵਿਕਾਰਾਂ ਵਿਚੋਂ ਲੰਘਦਾ ਏ। ਹਰਦੀਪ ਜਿਹੜੀ ਆਪਣੀ ਭੈਣ ਦੇ ਪਤੀ (ਹਰਿੰਦਰ) ਨੂੰ ਆਪਣਾ ਪਤੀ ਬਣਾ ਲੈਂਦੀ ਏ ਉਹ ਕਾਮੁਕ ਰੁਚੀਆਂ ਵਾਲੇ ਵਿਕਾਰਾ ਵਿਚ ਫਸੀ ਹੋਈ ਏ ਜਿਸ ਨਾਲ ਅੱਗੋਂ ਸੰਕਟ ਖੜੇ ਹੁੰਦੇ ਜਾਂਦੇ ਨੇ। ਨਾਵਲ ਪੰਜਾਬ ਸੰਕਟ ਵਿਚੋਂ ਵੀ ਲੰਘਦਾ ਏ। ਲੇਖਕ ਨੇ ਜਿਹੜਾ ਨਿਮਨ ਕਿਸਾਨੀ ਦਾ ਸੰਕਟ ਪੇਸ਼ ਕੀਤਾ ਏ ਉਹ ਪਾਠਕ ਨੂੰ ਆਪਣੇ ਵੱਲ ਖਿੱਚਦਾ ਏ। ਭਾਵੇਂ ਕਿ ਬਹੁਤਾ ਪੰਜਾਬੀ ਨਾਵਲ ਪੇਂਡੂ ਕਿਸਾਨੀ ਤੇ ਕੇਂਦਰਤ ਰਿਹਾ ਏ ਪਰ ਇਸ ਨਾਵਲ ਵਿਚ ਰਿਸ਼ਤਿਆਂ ਦੇ ਅਛੂਤੇ ਪਸਾਰ ਵੀ ਪੜ੍ਹਨ ਨੂੰ ਮਿਲ ਜਾਂਦੇ ਨੇ। ਉਪਰੋਕਤ ਪੰਜ ਵਿਕਾਰਾਂ ਨੂੰ ਲੇਖਕ ਨੇ ਪੰਜ ਕਾਂਡਾ ਵਿਚ ਵੰਡ ਕੇ ਨਿਵੇਕਲੀ ਸ਼ੈਲੀ ਦਾ ਨਿਰਮਾਣ ਕੀਤਾ ਏ। ਨਾਵਲ ਪੜ੍ਹਨ ਨੂੰ ਦਿਲਚਸਪ ਏ। ਨਾਵਲ ਕਈ ਮੁੱਦਿਆ ਕਰਕੇ ਮਹੱਤਵਪੂਰਨ ਏ।

## ਜਸਵਿੰਦਰ ਜਸ ਦਾ 'ਸਿਦਕ'




'ਸਿਦਕ' ਮੂਲ ਰੂਪ ਵਿਚ ਖੇਤ ਮਜ਼ਦੂਰਾਂ 'ਤੇ ਕੇਂਦਰਤ ਨਾਵਲ ਏ। ਪਤਾ ਨੀਂ ਕਿਓਂ ਲੇਖਕ ਨੇ ਕਿਤਾਬ ਦੇ ਟਾਇਟਲ ਤੇ ਇਹ ਸਟਿੱਕਰ 'ਖੇਤ ਮਜ਼ਦੂਰਾਂ ਦੇ ਜ਼ਮੀਨ ਦੀ ਮਾਲਕੀ ਦਾ ਹੱਕ ਹਾਸਲ ਕਰਨ ਲਈ ਕੀਤੇ ਸ਼ਾਨਾਮੱਤੇ ਸੰਘਰਸ਼ ਦੀ ਗਾਥਾ...' ਲਾ ਕੇ ਉਸਦੇ ਅਰਥਾਂ ਨੂੰ ਸੀਮਤ ਕਰ ਦਿੱਤਾ ਏ। ਖੇਤ ਮਜ਼ਦੂਰਾਂ ਵੱਲੋਂ ਪਿੰਡਾਂ ਦੀ ਪੰਚਾਇਤੀ ਜ਼ਮੀਨ ਵਿਚੋਂ ਮਾਲਕੀ ਦੇ ਹੱਕ ਦਿਵਾਉਣ ਦਾ ਵਰਤਾਰਾ ਸਮਕਾਲ ਦਾ ਮੁੱਖ ਮੁੱਦਾ ਏ। ਇਹਦੇ ਪਿੱਛੇ ਖੱਬੇਪੱਖੀ ਜੱਥੇਬੰਦੀਆਂ ਦਾ ਮੁੱਖ ਰੋਲ ਰਿਹਾ ਏ। ਲੇਖਕ ਨਾਇਕ ਕੇਸਰ ਰਾਹੀਂ ਉਸ ਮੁੱਦੇ ਨੂੰ ਨਾਵਲੀ ਬਿਰਤਾਂਤ ਵਿਚ ਢਾਲਦਾ ਏ। ਨਾਵਲੀ ਬਿਰਤਾਂਤ ਵਿਚ ਲੇਖਕ ਦਾ ਸਾਰਾ ਜੋਰ ਜਾਤ ਨੂੰ ਜਮਾਤ ਦੇ ਤੌਰ 'ਤੇ ਉਭਾਰਨ ਦਾ ਲੱਗਾ ਰਹਿੰਦਾ ਏ ਜਿਸ ਕਾਰਨ ਨਾਵਲਕਾਰ ਦੀ ਉਦੇਸ਼ਮੁੱਖੀ ਬਿਰਤੀ ਭਾਰੂ ਹੋ ਜਾਂਦੀ ਏ। ਇਸ ਦੇ ਬਾਵਜੂਦ ਵੀ ਨਾਵਲ ਵਿਚ ਨਾਰੀ ਸ਼ਕਤੀ ਨੂੰ ਕਮਾਲ ਦੇ ਪ੍ਰਸੰਗ ਵਿਚ ਉਭਾਰਨ ਦਾ ਯਤਨ ਕੀਤਾ ਗਿਆ ਏ। ਸੁਖਜੀਤ, ਕਿਰਨਾਂ, ਊਸ਼ਾ ਅਤੇ ਮੀਤੋ ਵਿਦਰੋਹੀ ਬਿਰਤੀ ਵਾਲੀਆਂ ਨਾਰੀਆਂ ਉਭਰ ਕੇ ਸਾਹਮਣੇ ਆਉਂਦੀਆਂ ਨੇ। ਸਾਧਨ ਹੀਣ ਦਲਿਤ ਖੇਤ ਮਜ਼ਦੂਰਾਂ ਨੂੰ ਲਾਮਬੰਦ ਕਰਨਾ, ਉਨ੍ਹਾਂ ਨੂੰ ਮਾਨਸਿਕ ਤੌਰ ਤੇ ਤਕੜੇ ਕਰਨਾ ਤੇ ਸੰਘਰਸ਼ ਕਰਨ ਲਈ ਸੇਧ ਦੇਣ ਦਾ ਮੁੱਦਾ ਭਾਰੂ ਹੋ ਗਿਆ ਏ। ਇਹ ਮੁੱਦੇ ਸਾਹਿਜ ਰੂਪ ਵਿਚ ਨਹੀਂ ਆਉਂਦੇ। ਜਿਸ ਕਾਰਨ ਨਾਵਲ ਉਦੇਸ਼ਮੁੱਖੀ ਬਣ ਕੇ ਰਹਿ ਜਾਂਦਾ ਏ।



## ਹੁੰਗਾਰਾ

'ਕਹਾਣੀ ਧਾਰਾ' ਦਾ ਅੰਕ ਮਿਲ ਗਿਆ ਹੈ। 'ਮੁੱਕਦੀ ਗੱਲ' ਬਾਰੇ ਆਰਟੀਕਲ ਛਾਪਣ ਲਈ ਧੰਨਵਾਦ। ਸੰਪਾਦਕੀ ਵਿਚ ਸਮਕਾਲੀ ਸਾਹਿਤ ਬਾਰੇ ਬੜੀਆਂ ਖਰੀਆਂ ਗੱਲਾਂ ਕੀਤੀਆਂ ਨੇ। ਕਹਾਣੀਆਂ ਵਿਚੋਂ ਜਿੰਦਰ ਦੀ 'ਗੋਰਾ ਜੱਟ' ਵਿਚਲੇ ਪੂਰਬ ਤੇ ਪੱਛਮ ਖਾਸਕਰ ਜੱਟਵਾਦ ਕਲਚਰ ਨੂੰ ਵਧੀਆ ਫੜਿਐ ਤੇ ਚਿੱਤਰਿਆ। ਇਸ ਕਹਾਣੀ 'ਚ ਵਰਤਿਆ 'ਝੱਝੂਬਾਟਾ' ਸ਼ਬਦ ਓਪਰਾ ਲੱਗਿਆ। ਸਾਡੇ ਮਾਲਵੇ 'ਚ ਝੱਝੂਖਾਨਾ ਬੋਲਦੇ ਐ। ਅਰਵਿੰਦਰ ਕੌਰ ਧਾਲੀਵਾਲ ਦੀ ਕਹਾਣੀ 'ਹੈਸ਼ਟੈਗ # ਤੂੰ ਉਹ' ਤੇ ਵਿਪਨ ਗਿੱਲ ਦੀ 'ਚਾਬੀਆਂ ਦਾ ਗੁੱਛਾ' ਤੇ ਕਮਲ ਸੇਖੋਂ ਦੀ ਕਹਾਣੀ 'ਤੇ ਵਕਤ ਬਦਲ ਗਿਆ' ਪੜ੍ਹ ਲਈਆਂ ਨੇ। ਔਰਤ ਕਹਾਣੀਕਾਰਾਂ ਨੇ ਨਾਰੀ ਦੀ ਦਿਸ਼ਾ ਤੇ ਦਸ਼ਾ ਬਾਰੇ ਵਰਜਿਤ ਵਿਸ਼ਿਆਂ ਤੇ ਗੱਲਾਂ ਕੀਤੀਆਂ ਇਹਨਾਂ ਕਹਾਣੀ 'ਚ ਕਥਾ ਦੀ ਤੰਦ ਇਧਰ ਓਧਰ ਵੀ ਹੁੰਦੀ ਮਹਿਸੂਸ ਨਹੀਂ ਹੋਈ ਐ, ਇਸ ਕਹਾਣੀ ਦਾ ਅੰਤ ਅੰਧ ਵਿਸ਼ਵਾਸ ਨਾਲ ਹੁੰਦੈ ਜਾਂ ਬੇਸ਼ੱਕ ਇਹ ਮਿੱਥ ਐ। ਸਮੁੱਚੇ ਤੌਰ ਤੇ ਬੁਣਤੀ ਬਿਰਤਾਂਤ ਤੇ ਹਾਲੇ ਹੋਰ ਕੰਮ ਕਰਨ ਲਈ ਕਹਾਣੀਆਂ ਮੰਗ ਕਰਦੀਆਂ ਨੇ, ਐੱਚ. ਐੱਸ. ਡਿੰਪਲ, ਰਘਬੀਰ ਮਾਨ ਤੇ ਪ੍ਰੇਮ ਗੋਰਖੀ ਦੀਆਂ ਕਹਾਣੀਆਂ ਵੀ ਵਧੀਆ। ਹਾਂ ਸੱਚ ਅਲੀ ਓਸਮਾਨ ਬਾਜਵਾ ਦੀ 'ਤਪਦੀ ਛਾਂ' ਕਹਾਣੀ ਖਤਮ ਕਰਕੇ ਕਿੰਨਾ ਸਿਰ ਸੋਚਦਾ ਰਿਹਾ... ਬੰਦੇ ਦੇ ਪਤਾ ਨੀਂ ਕਿੰਨੇ ਖ਼ਾਨੇ ਨੇ... ਬਾਲ ਮਾਨਸਿਕਤਾ ਤੇ ਖ਼ੂਬਸੂਰਤ ਕਹਾਣੀ ਹੈ... ਪਾਸ਼ ਦੇ ਸਾਹਿਤ ਤੇ ਸੰਵਾਦ ਨੇ ਟੁੰਬਿਆ ਹੈ।

ਪਿੰਡ ਭਾਰਤ ਹਨ, ਸਾਹਿਤ ਪਿੰਡਾਂ ਲਈ, ਪਿੰਡ ਜ਼ਿੰਦਗੀ, ਸਾਡੇ ਲਈ ਵੱਡੇ ਅਰਥ ਰੱਖਦੇ ਨੇ ਮੈਂ ਹਮੇਸ਼ਾਂ ਆਪਣੇ ਪਿੰਡ ਹੁੰਨਾ ਜਦ ਕਹਾਣੀ ਲਿਖਾਂ, ਲਿਖਣ ਤੋਂ ਬਾਅਦ ਲੋਕਾਂ ਦੀ ਰਾਇ ਸੁਣਦਾਂ ਸਾਰੇ ਪਿੰਡਾਂ ਤੇ ਪੰਜਾਬ ਵਿੱਚ ਵੀ ਓਹੀ ਵਾਪਰ ਰਿਹਾ ਹੁੰਦੈ, ਓਪਰੀ ਧਰਤੀ ਤੇ ਜਾ ਕੇ ਵੀ ਓਹੀ ਲੇਖਕ ਜਿਆਦਾ ਪੜ੍ਹੇ ਜਾਂਦੇ ਨੇ ਜਿੰਨਾਂ ਦੀ ਪਿੰਡ ਵਾਲੀ ਜੜ੍ਹ ਮਜਬੂਤ ਤੇ ਮੁਹੱਬਤ ਵਾਲੀ ਹੁੰਦੀ ਐ... ਖ਼ੈਰ ਇਰਫ਼ਾਨ ਦੇ ਕੋਰੇ ਰਹਿ ਗਏ ਕੁਝ ਪੰਨਿਆਂ ਨੇ ਅੰਦਰ ਭਰ ਦਿੱਤਾ। ਰਸੂਲਪੁਰੀ ਇਸ ਅੰਕ ਦੀ ਸੰਪਾਦਕੀ ਦੇ ਸ਼ਬਦ ਤੇ 'ਜਨ ਬੋਧ' ਦੇ ਪੰਨਿਆਂ ਕਰਕੇ ਹਿੱਕ ਥਾਪੜਦੇ ਨੇ.... ਸਾਹਿਤ ਦੇ ਆਹ ਰੰਗ ਤੇ ਇਓਂ ਗੱਲਾਂ ਕਰੋ... ਬਾਕਮਾਲ ਲੱਗਿਆ। ਪੰਜਾਬੀ ਕਹਾਣੀ ਨੂੰ ਪਰਨਾਏ 'ਕਹਾਣੀ ਧਾਰਾ' ਵਿਚ ਗਲਪ ਦੀਆਂ ਸੱਤ ਪੁਸਤਕਾਂ ਲਈ ਸੰਤੁਲਤ ਵਿਆਖਿਆ ਕਰਦੇ ਆਰਟੀਕਲਾਂ ਦੇ ਨਾਲ ਇਕ ਅਨੁਵਾਦਿਤ ਕਹਾਣੀ ਸਮੇਤ ਸੱਤ ਪੰਜਾਬੀ ਕਹਾਣੀਆਂ ਦੀ ਵਧੀਆ ਚੋਣ ਕਰਕੇ ਛਾਪਣ ਤੇ ਨਾਲੋ ਨਾਲ ਆਪਣੇ ਸਟੱਡੀ ਟੇਬਲ 'ਤੇ ਪਹੁੰਚੀਆਂ ਕਿਤਾਬਾਂ ਬਾਰੇ ਆਪਦੀਆਂ ਸਟੀਕ ਟਿੱਪਣੀਆਂ ਪੜ੍ਹਕੇ ਤਸੱਲੀ ਹੁੰਦੀ ਐ... ਆਪਦੇ ਸਿਰੜ ਵਾਲੀ ਮਿਹਨਤ ਮੈਗਜ਼ੀਨ ਵਿੱਚੋਂ ਝਲਕਾਂ ਮਾਰਦੀ ਐ। **-ਦਰਸ਼ਨ ਜੋਗਾ, ਮਾਨਸਾ**

ਅੱਜ ਮੇਰਾ ਮਨ ਕੀਤਾ ਕਿ ਪੜ੍ਹਨਾ ਸ਼ੁਰੂ ਕਰਾਂ। ਮੈਂ ਪਹਿਲ ਦੇ ਅਧਾਰ ਤੇ 'ਕਹਾਣੀ ਧਾਰਾ' (ਚਿੱਠੀਆਂ ਅੰਕ) ਨੂੰ ਚੁਣਿਆ। ਸਫ਼ਾ 19 ਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਖ਼ਤ ਦਾ ਪਾਠ ਸ਼ੁਰੂ ਕੀਤਾ। ਸੱਚੀ ਗੱਲ ਤਾਂ ਇਹ ਹੈ ਕਿ ਮੈਂ ਪੜ੍ਹਦਾ ਪੜ੍ਹਦਾ ਏਨਾ ਭਾਵੁਕ ਹੋ ਗਿਆ ਕਿ ਮੇਰੀਆਂ ਅੱਖਾਂ ਵਿਚ ਹੰਝੂ ਆਪ ਮੁਹਾਰੇ ਵਗਦੇ ਗਏ। ਮੈਗਜ਼ੀਨ ਵਿੱਚ ਚਿੱਠੀਆਂ ਪ੍ਰਕਾਸ਼ਿਤ ਕਰਨ ਲਈ ਤੁਹਾਨੂੰ ਬਹੁਤ ਮਿਹਨਤ ਕਰਨੀ ਪਈ ਹੋਵੇਗੀ। ਅਜਿਹੇ ਅੰਕ ਚਿਰ ਸਥਾਈ ਅਤੇ ਸਦੀਵੀ ਹੋ ਨਿਬੜਦੇ ਹਨ ਜੋ ਸਾਂਭਣ ਯੋਗ ਵੀ ਹੁੰਦੇ ਹਨ।

**-ਮਹਿੰਦਰ ਸਿੰਘ ਤਤਲਾ**

'ਕਹਾਣੀ ਧਾਰਾ'-62 ਅੰਕ ਮਿਲ ਗਿਆ ਹੈ। ਵਿਦਵਤਾ ਭਰਪੂਰ ਅਤੇ ਮਿਹਨਤ ਨਾਲ ਲਿਖੀ ਸੰਪਾਦਕੀ ਲਈ ਵਧਾਈ ਦੇ ਹੱਕਦਾਰ ਹੋ। **-ਡਾ. ਰਵੀ ਰਵਿੰਦਰ, ਦਿੱਲੀ**

ਕੁਲਬੀਰ ਦੀਆਂ ਨਿੱਕੀਆਂ ਨਿੱਕੀਆਂ ਛੋਹਾਂ ਵਾਲੀਆਂ ਕਹਾਣੀਆਂ ਪਾਠਕਾਂ ਦੇ ਮਨ ਨੂੰ ਟੁੰਬ ਲੈਂਦੀਆਂ ਹਨ। '**ਮਜਬੂਰੀ**' ਉਸਦੀ ਪਹਿਲੀ ਅਜਿਹੀ ਕਹਾਣੀ ਪੜ੍ਹਨ ਨੂੰ ਮਿਲੀ ਹੈ ਜਿਹੜੀ ਛੋਟੇ ਵੱਡੇ ਪਰਦੇ ਦੇ ਦੁਖਾਂਤਕ ਪੱਖ ਨੂੰ ਪੇਸ਼ ਕਰਦੀ ਹੈ। ਕਲਾਕਾਰ ਕਿਵੇਂ ਆਪਣੀ ਹਉਮੈ ਨੂੰ ਮਾਰ ਕੇ ਕੰਮ ਕਰਨ ਲਈ

ਮਜਬੂਰ ਹੁੰਦੇ ਨੇ। ਇਹ ਇੱਕ ਉਮਦਾ ਕਹਾਣੀ ਹੈ, ਜੋ ਚਮਕ ਦਮਕ ਦੀ ਦੁਨੀਆ ਦਾ ਇਹ ਪੱਖ ਵੀ ਪੇਸ਼ ਕਰਦੀ ਹੈ। ਕਹਾਣੀ ਵਿਚ ਉਸ ਨੇ ਨੀਤੀ ਦਾ ਅਜਿਹਾ ਕਿਰਦਾਰ ਪੇਸ਼ ਕੀਤਾ ਹੈ ਜੋ ਇਕ ਖ਼ੁੱਦਾਰ ਔਰਤ ਹੈ ਤੇ ਇਕ ਜ਼ਿੰਮੇਵਾਰ ਆਰਟਿਸਟ ਹੈ ਪਰ ਜਿਹੜੇ ਮਾਹੌਲ 'ਚ ਉਸਨੂੰ ਕੰਮ ਕਰਨਾ ਪੈਂਦਾ ਹੈ ਉਹ ਉਸਦੇ ਸੁਭਾਅ ਦੇ ਅਨੁਕੂਲ ਨਹੀਂ। ਪੰਜਾਬੀ ਵਿਚ ਅਜਿਹੀ ਕਹਾਣੀ ਬਹੁਤ ਘੱਟ ਲਿਖੀ ਗਈ ਹੈ। ਕੁਲਬੀਰ ਕੋਲੋਂ ਮਹਾਂਨਗਰ ਵਿੱਚ ਅਜਿਹੇ ਮਾਹੌਲ ਅਤੇ ਇੱਥੋਂ ਦੀ ਤੇਜ਼ ਜ਼ਿੰਦਗੀ ਵਿਚ ਹੋ ਰਹੀ ਰਿਸ਼ਤਿਆਂ ਦੀ ਟੁੱਟ ਭੱਜ ਨੂੰ ਪੇਸ਼ ਕਰਨ ਵਾਲੀਆਂ ਹੋਰ ਰਚਨਾਵਾਂ ਦੀ ਆਸ ਰਹੇਗੀ। **- ਕੁਲਦੀਪ ਸਿੰਘ ਬੇਦੀ**

'ਕਹਾਣੀ ਧਾਰਾ' ਵਿਚ 'ਮਜਬੂਰੀ' ਕਹਾਣੀ ਪੜ੍ਹੀ, ਇਕ ਫਿਲਮ ਤੇ ਟੀ. ਵੀ. ਕਲਾਕਾਰ ਦਾ ਮਾਰਮਿਕ ਦੁਖਾਂਤ। ਭਾਸ਼ਾ ਤੇ ਕਮਾਨ-ਕਮਾਲ। ਕਲਾਈਮੈਕਸ ਦਿਲ ਨੂੰ ਛੂਹਣ ਵਾਲਾ। ਮੁਬਾਰਕ ! ਐਸੇ ਵਿਸ਼ਿਆਂ ਤੇ ਪੰਜਾਬੀ 'ਚ ਬਹੁਤ ਘੱਟ ਕਹਾਣੀਆਂ ਹਨ। **- ਕਿਰਪਾਲ ਕਜ਼ਾਕ, ਪਟਿਆਲਾ**

'ਮਜਬੂਰੀ' ਪੜ੍ਹੀ ਕੁਲਬੀਰ ਕੋਲ ਆਪਣੇ ਵੱਖਰੇ ਤਜਰਬੇ ਦੇ ਆਧਾਰ ਤੇ ਕਹਿਣ ਲਈ ਕੁੱਝ ਨਿਵੇਕਲਾ ਹੈ। ਭਵਿੱਖ ਵਿਚ ਹੋਰ ਅਜਿਹੀਆਂ ਕਹਾਣੀਆਂ ਲਿਖਣ ਲਈ ਮੈਂ ਉਸ ਨੂੰ ਸ਼ੁੱਭ ਕਾਮਨਾਵਾਂ ਭੇਜਦਾ ਹਾਂ। ਪਰ ਨਾਲ ਹੀ ਇਕ ਟਿੱਪਣੀਨੁਮਾ ਸੁਝਾਅ ਵੀ ਕਿ ਅੰਗਰੇਜ਼ੀ ਦੇ ਲਫ਼ਜ਼ ਲੋੜੋਂ ਵਧੇਰੇ ਖੁੱਲ੍ਹ ਦਿੱਲੀ ਨਾਲ ਜੋ ਵਰਤੇ ਹਨ ਉਨ੍ਹਾਂ ਬਾਰੇ ਥੋੜ੍ਹਾ ਸੁਚੇਤ ਰਹੇ। **-ਸੁਕੀਰਤ ਆਨੰਦ, ਜਲੰਧਰ**

**'ਮਜਬੂਰੀ'** ਕਹਾਣੀ ਪੜ੍ਹ ਕੇ ਹਟੀ ਹਾਂ। ਇਸ ਕਹਾਣੀ ਨੇ ਫਿਲਮ ਇੰਡਸਟਰੀ ਦੇ ਅੰਦਰਲੇ ਕਰੂਰ ਭੇਦ ਖੋਲ੍ਹੇ ਹਨ। ਜੋ ਦਰਦਨਾਕ ਤੇ ਚਿੰਤਾ ਦਾ ਵਿਸ਼ਾ ਵੀ ਹਨ। ਇਸ ਸਮਾਜ ਨਾਲ ਦੋ ਚਾਰ ਹੋਇਆ ਇਸਦੇ ਭੇਦ ਪਾਉਣੇ ਔਖੇ ਹਨ। **-ਬਲਬੀਰ ਸੰਘੇੜਾ, ਕੈਨੇਡਾ**

ਪ੍ਰੇਮ ਪ੍ਰਕਾਸ਼ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਔਰਤ ਮਰਦ ਸਬੰਧਾਂ ਦੀ ਕਹਾਣੀ ਦਾ ਐਕਸਪਰਟ ਕਹਾਣੀਕਾਰ ਹੈ। ਉਹ ਇਕ ਮੁੱਦਤ ਤੋਂ ਖ਼ੂਬਸੂਰਤ ਕਥਾ ਸਿਰਜਣਾ ਕਰ ਰਿਹਾ ਹੈ। ਕਹਾਣੀ ਧਾਰਾ-61 ਮੈਗਜ਼ੀਨ ਵਿਚ ਛਪੀ ਉਸਦੀ ਕਹਾਣੀ **'ਮੋਢੇ ਦਾ ਮੁਰਦਾ'** ਉਸਦੀ ਬਿਰਤਾਂਤਕਾਰੀ ਦਾ ਖ਼ੂਬਸੂਰਤ ਪ੍ਰਮਾਣ ਹੈ। ਜਦੋਂ ਮੈਂ ਇਸ ਕਹਾਣੀ ਦਾ ਨਾਂ ਪੜ੍ਹਿਆ। ਪਹਿਲਾਂ ਮੈਨੂੰ ਲੱਗਾ ਸ਼ਾਇਦ ਗ਼ਲਤ ਛਪ ਗਿਆ ਹੈ। ਕਹਾਣੀ ਦਾ ਨਾਂ 'ਮੁਰਦੇ ਦਾ ਮੋਢਾ' ਹੋਣਾ ਹੈ। ਪਰ ਕਹਾਣੀ ਦਾ ਪਹਿਲਾ ਪਹਿਰਾ ਹੀ ਉਸਦੇ ਸਹੀ ਨਾਂ ਦੀ ਸ਼ਨਾਖ਼ਤ ਕਰ ਗਿਆ। ਕਹਾਣੀ ਦਾ ਮੈਂ ਪਾਤਰ ਔਰਤ ਦੇ ਨਾਲ ਵੀ ਔਰਤ ਤੋਂ ਬਿਨਾਂ ਵੀ ਡਿਪਰੈਸ਼ਨ ਦਾ ਸ਼ਿਕਾਰ ਰਹਿੰਦਾ ਹੈ। ਉਸਦਾ ਅਵਚੇਤਨ ਖੁਦ ਵਿੱਚੋਂ ਔਰਤ ਤੇ ਔਰਤ ਵਿੱਚੋਂ ਖੁਦ ਨੂੰ ਤਲਾਸ਼ ਰਿਹਾ ਹੈ। ਇਸ ਤਲਾਸ਼ ਵਿੱਚ ਉਹ ਗਵਾਚ ਵੀ ਰਿਹਾ ਹੈ।" ਹੁਣ ਤਾਂ ਮੇਰੇ ਮੋਢੇ 'ਤੇ ਭਾਰ ਇਸੇ ਗੱਲ ਦਾ ਏ ਕਿ... ਹੁਣ ਕਿਸੇ ਨੂੰ ਮਾਰਨ ਜਾਂ ਮਰਨ ਨੂੰ ਦਿਲ ਹੀ ਨਹੀਂ ਕਰਦਾ।"ਕਹਾਣੀ ਦੀ ਆਖਰੀ ਸਤਰ ਬੰਦੇ ਅੰਦਰਲੇ ਮੋਢੇ ਉਪਰ ਪਏ ਔਰਤ ਦੇ ਭਾਰ ਦਾ ਬਹੁਅਰਥੀ ਕਥਾ ਪ੍ਰਵਚਨ ਸਿਰਜਦੀ ਹੈ। ਬੰਦਾ ਇਸ ਭਾਰ ਤੋਂ ਬਿਨਾਂ ਸੁਖੀ ਹੁੰਦਾ ਹੈ ਜਾਂ ਇਸ ਭਾਰ ਨਾਲ ਸੁਖੀ ਹੁੰਦਾ ਹੈ? ਇਹ ਪ੍ਰਸ਼ਨ ਲੀਲਾ ਕਹਾਣੀ ਦੀ ਕੇਂਦਰੀ ਚੂਲ ਬਣਦੀ ਹੈ। ਇਸ ਨੂੰ ਢਿੱਲੀ ਕਰਨ ਲਈ ਜਾਂ ਕੱਸਣ ਲਈ ਮੈਂ ਪਾਤਰ ਅਮੀਂ ਤੇ ਆਪਣੀ ਸਾਥੀ ਔਰਤ ਨਾਲ ਤੇ ਉਹਨਾਂ ਤੋਂ ਬਿਨਾਂ ਅਵਚੇਤਨ ਦੀ ਲੀਲਾ ਨੂੰ ਵੇਖਦਿਆਂ ਜਿਉਣ ਮਰਨ ਦੀ ਖੇਡ ਦੇ ਆਰ-ਪਾਰ ਫੈਲਦਾ ਦਿਖਾਈ ਦਿੰਦਾ ਹੈ। ਸਤੀ ਦੀ ਲੋਥ ਦੇ 51 ਟੋਟੇ, ਮਹਾਂਦੇਵ ਤੇ ਤਿਰਲੋਕੀ ਦੀ ਮਿੱਥ ਕਥਾ ਰਾਹੀਂ ਪ੍ਰੇਮ ਪ੍ਰਕਾਸ਼ ਮੈਂ ਰਾਹੀਂ ਤੂੰ ਦੀ ਅਤੇ ਤੂੰ ਰਾਹੀਂ ਮੈਂ ਦੀ ਮਨੋਅਵਸਥਾ ਦਾ ਜਿਸ ਕਥਾ ਸ਼ੈਲੀ ਰਾਹੀਂ ਵਿਸ਼ਲੇਸ਼ਣ ਕਰਦਾ ਹੈ। ਉਹ ਉਸਨੂੰ ਸਵੈ ਨੂੰ ਸਾਕਸ਼ੀ ਭਾਵ ਨਾਲ ਦ੍ਰਿਸ਼ਟੀ ਬਣ ਕੇ ਵੇਖ ਕੇ ਕਹਾਣੀ ਲਿਖਣ ਵਾਲਾ ਉੱਤਮ ਪੁਰਖੀ ਬਿਰਤਾਂਤਕਾਰ ਬਣਾਉਂਦੀ ਹੈ। ਅਬਨਾਰਮਲ ਮਨੋਵਿਗਿਆਨ ਕੀ ਹੁੰਦਾ ਹੈ ! ਉਸਦਾ ਸ਼ਿਕਾਰ ਬੰਦਾ ਸ਼ਿਕਾਰ ਕਰਦਾ ਕਰਦਾ ਕਿਵੇਂ ਖੁਦ ਸ਼ਿਕਾਰ ਬਣ ਜਾਂਦਾ ਹੈ ! ਔਰ ਮੋਢੇ ਦਾ ਭਾਰ ਕਿਵੇਂ ਖੁਦ ਸ਼ਿਕਾਰ ਬਣ ਜਾਂਦਾ ਹੈ ! ਔਰ ਮੋਢੇ ਦਾ ਭਾਰ ਕਿਵੇਂ ਦੁੱਖ ਵੀ ਦਿੰਦਾ ਹੈ ਸਵਾਦ ਵੀ ! ਮਨੁੱਖੀ ਮਨ ਦੀਆਂ ਇਹ ਬਰੀਕ ਰਮਜ਼ਾਂ ਸਮਝਣ ਲਈ ਪ੍ਰੇਮ ਪ੍ਰਕਾਸ਼ ਦੀ ਇਹ ਕਹਾਣੀ ਇਕ ਖ਼ੂਬਸੂਰਤ ਪਾਠ ਹੈ। ਇਸ ਦੀ ਪੜ੍ਹਤ ਨਾਲ ਮੈਂ ਪੰਜਾਬੀ ਕਹਾਣੀ ਦੇ ਇਸ ਅਜ਼ੀਮ ਕਥਾਕਾਰ ਦੀ ਕਥਾ ਯਾਤਰਾ ਨੂੰ ਸਲਾਮ ਕਰਦਾ ਹਾਂ।



ਇਸੇ ਅੰਕ ਵਿਚ ਕੁਲਬੀਰ ਬਡੇਸਰੋਂ ਦੀ ਵੀ **'ਮਜਬੂਰੀ'** ਕਹਾਣੀ ਪੜ੍ਹੀ। ਮੁੱਖ ਪਾਤਰ ਨੀਤੀ ਸਵੈ ਦੀ ਹੋਂਦ ਤੇ ਹੋਣੀ ਦਾ ਮਾਰਮਿਕ ਕਥਾ ਬਿਰਤਾਂਤ ਪੇਸ਼ ਕਰਦੀ ਹੈ। ਅਸੀਂ ਜਿਨ੍ਹਾਂ ਫਿਲਮੀ ਸਿਤਾਰਿਆਂ ਨੂੰ ਵੇਖ ਕੇ ਮਦਹੋਸ਼ ਹੋ ਜਾਂਦੇ ਹਾਂ। ਸੂਟਿੰਗ ਦੌਰਾਨ ਤੇ ਪਹਿਲਾਂ ਤੇ ਬਾਅਦ ਉਨ੍ਹਾਂ ਦੀਆਂ ਕੀ ਕੀ ਆਰਥਿਕ, ਸਮਾਜਿਕ, ਮਨੋਵਿਗਿਆਨਕ ਹੋਂਦਮੂਲਕ ਤੇ ਪ੍ਰੋਫੈਸ਼ਨਲ ਮਜਬੂਰੀਆਂ ਹੁੰਦੀਆਂ ਹਨ, ਨੀਤੀ ਦੇ ਹਵਾਲੇ ਨਾਲ ਕਹਾਣੀ ਉਹਨਾਂ ਦਾ ਅਣਛੋਹਿਆ ਕਥਾ ਪ੍ਰਬੰਧ ਸਥਾਪਿਤ ਕਰਦੀ ਹੈ। ਨੀਤੀ ਦੀ ਮੇਕ-ਅੱਪ ਰੂਮ ਮੇਟ ਕੁੜੀ ਉਸ ਦੀਆਂ ਸਮਕਾਲੀ ਕੋ ਸਟਾਰ ਕੁੜੀਆਂ ਦੀ ਯੰਗ ਬ੍ਰਿਗੇਡ ਦੀ ਨਵੀਂ ਜੀਵਨ ਸ਼ੈਲੀ ਅੱਗੇ ਫਿੱਕੇ ਪੈਂਦੇ ਜਾ ਰਹੇ ਨੀਤੀ ਦੀ ਅਦਾਕਾਰੀ ਦੇ ਰੰਗ ਨੂੰ ਨਵੇਂ ਰੰਗ ਵਿਚ ਰੰਗਣ ਵਾਲੀ ਰੰਗਰੇਜ ਬਣ ਕੇ ਕਹਾਣੀ ਵਿਚ ਇਕ ਪਾਤਰ ਉਸਾਰੀ ਦਾ ਨਵਾਂ ਪਾਸਾਰ ਸਿਰਜਦੀ ਹੈ। ਫਿਲਮੀ ਡਾਇਰੈਕਟਰ ਕਰੁਣਾ ਨਿਹਲਾਨੀ ਦੀ ਬੋਲਡ ਐਂਡ ਬਿਊਟੀਫੁਲ ਭਾਸ਼ਾ ਦਾ ਰਜਿਸਟਰ ਕੁਲਬੀਰ ਬਡੇਸਰੋਂ ਵਲੋਂ ਵਰਤੀ ਨਵੀਂ ਤਾਜ਼ਾ ਭਾਸ਼ਾ ਯੋਗਤਾ ਦਾ ਖ਼ੂਬਸੂਰਤ ਪ੍ਰਮਾਣ ਹੈ। ਕਰੁਣਾ, ਤਾਰ ਤੇ ਤੁਰਨ ਵਰਗੇ ਨਿਰਦੇਸ਼ਕ ਪ੍ਰਬੰਧਕੀ ਜ਼ਿੰਦਗੀ ਦੀ ਅੰਤਰ ਲੀਲ੍ਹਾ ਦਾ ਜੀਵੰਤ ਰੂਪ ਚਿਤਰਦੀ ਹੈ। ਇਸ ਕਹਾਣੀ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਕ ਸੈੱਟ ਉੱਪਰ 'ਔਫ ਦਾ ਸੀਨ' ਦੌਰਾਨ ਸੂਟ ਹੁੰਦੇ ਲਾਈਵ ਸ਼ੋਅ ਨੂੰ ਕੇਂਦਰ ਵਿਚ ਰੱਖ ਕੇ ਤੁਰਦੀ ਕਥਾ ਹੈ। 'ਮਜਬੂਰੀ' ਕਹਾਣੀ ਫਿਲਮੀ ਦੁਨੀਆਂ ਦੀ ਜਿਹੜੀ ਚਮਕ ਦਮਕ ਹੈ, ਪਰਦੇ ਤੇ ਸਕਰੀਨ ਤੇ ਜਿਹੜੇ ਸਿਤਾਰੇ ਚਮਕਦੇ ਨੇ, ਬਹੁਤ ਖ਼ੂਬਸੂਰਤੀ ਨਾਲ ਸਾਡੇ ਸੁਫ਼ਨਿਆਂ ਨੂੰ ਪ੍ਰਫਾਰਮ ਕਰ ਕੇ ਵਿਖਾਉਂਦੇ ਨੇ। ਕਹਾਣੀ ਪਾਤਰ, ਉਨ੍ਹਾਂ ਦੇ ਡਾਇਲਾਗਜ਼ ਦੀਆਂ ਸੂਖ਼ਮਤਾਵਾਂ, ਦ੍ਰਿਸ਼ਾਂ ਦੀਆਂ ਸੂਖ਼ਮਤਾਵਾਂ ਨੂੰ ਮਨੋਵਿਗਿਆਨਕ ਛੋਹਾਂ ਨਾਲ ਜੀਵੰਤ ਕੀਤਾ ਹੈ। **-ਜਸਵੀਰ ਰਾਣਾ, ਅਮਰਗੜ੍ਹ**

ਫਿਲਮ-ਟੀ ਵੀ ਅਦਾਕਾਰਾਂ ਦਾ ਲੁਭਾਵਣਾ ਜਾਪਣ ਵਾਲਾ ਸੰਸਾਰ ਬੀਮਾਰ ਮਾਨਸਿਕਤਾ ਦਾ ਵੀ ਸ਼ਿਕਾਰ ਹੈ। 'ਸ਼ਿਕਾਰੀ' ਬੜੇ ਸ਼ਾਤਿਰ ਨੇ। ਇਨ੍ਹਾਂ ਦੀਆਂ ਚਾਲਬਾਜ਼ੀਆਂ ਨੇਤਾਵਾਂ ਤੋਂ ਘੱਟ ਨਹੀਂ। ਅਦਾਕਾਰਾਂ ਦੀ ਮਜ਼ਬੂਰੀ 'ਮਜ਼ਬੂਰੀ' ਕਿਵੇਂ ਬਣਦੀ ਹੈ। ਸਵਾਲ ਦਾ ਦ੍ਰਿਸ਼ ਸਿਰਜਦੀ ਕਹਾਣੀ ਹੈ। ਸਵਾਲ ਦੀ ਤੈਹ ਥੱਲੇ ਹੋਰ ਵੀ ਸਵਾਲ ਨੇ। ਨੀਤੀ ਉੱਤੇ 'ਕੁਰਣਾ' ਦੀਆਂ 'ਨੀਤੀਆਂ' ਭਾਰੂ ਪੈਂਦੀਆਂ ਹਨ। 'ਕਲਮਕਾਰ' ਦਾ 'ਅਦਾਕਾਰ' ਅਨੁਭਵ ਵੀ ਬੋਲਦਾ ਹੈ। ਇਸ ਭਾਂਤ ਦੀਆਂ ਕਹਾਣੀਆਂ ਸਵਾਗਤ ਯੋਗ ਤੇ ਸ਼ਲਾਹੁਣ ਯੋਗ ਹਨ। 'ਮਜ਼ਬੂਰੀ' ਨੂੰ 'ਆਕਰੋਸ਼' ਦਾ ਪਿਛਲਾ ਭਾਗ ਕਹਿ ਸਕਦੇ ਹਾਂ। ਸੀਰੀਅਲ ਦੀ ਭਾਸ਼ਾ 'ਚ ਵੀ ਕਥਾਕਾਰੀ 'ਚ ਵੀ। ਅਜੇ ਦੋ ਕਹਾਣੀਆਂ ਹੀ ਪੜ੍ਹੀਆਂ ਹਨ, ਸੰਭਾਵਨਾ ਹੈ ਕਿ 'ਐਪੀਸੋਡ' ਵਾਹਵਾ ਹੋਣਗੇ। **-ਡਾ. ਚੰਦਰ ਅਦੀਬ**

ਕਹਾਣੀ 'ਮਜਬੂਰੀ' ਪੜ੍ਹ ਕੇ ਹੱਟਿਆ ਹਾਂ। ਇਹ ਕਹਾਣੀ ਫਿਲਮ ਲਾਇਨ ਦੇ ਬਹੁਤ ਸਾਰੇ ਭੇਤਾਂ ਤੋਂ ਪਰਦਾ ਚੁੱਕਦੀ ਹੈ। ਕਿੰਨੇ ਕਿੰਨੇ ਚਿਹਰੇ ਲਈ ਫਿਰਦੇ ਨੇ ਲੋਕ। ਕਿੰਨੀ ਬੇਵਸੀ ਹੈ ਨੀਤੀ ਵਰਗੇ ਆਰਟਿਸਟਾਂ ਦੀ। ਕਹਾਣੀ ਵਧੀਆ ਲੱਗੀ। **-ਗੁਰਮੀਤ ਕੜਿਆਲਵੀ**

ਕਹਾਣੀ ਧਾਰਾ-61 ਵਿਚ ਕੁਲਬੀਰ ਦੀ 'ਮਜਬੂਰੀ' ਕਹਾਣੀ ਪੜ੍ਹੀ। ਫਿਲਮੀ ਦੁਨੀਆਂ ਦੀ ਚਕਾਚੌਂਧ ਦੇ ਪਿੱਛੇ ਦੀ ਸਚਾਈ, ਕਲਾਕਾਰਾਂ ਦੀ ਕੰਮ ਪ੍ਰਤੀ ਲਗਨ, ਕੰਮ ਪ੍ਰਾਪਤ ਕਰਨ ਲਈ ਵਰਤੇ ਜਾਂਦੇ ਹਰਬੇ, ਪੂਰਾ ਕੰਮ ਕਰਨ ਦੇ ਬਾਵਜੂਦ ਪੂਰਾ ਮਿਹਨਤਾਨਾ ਨਾ ਮਿਲਣਾ, ਮਾਨਸਿਕ ਤਣਾਅ ਚੋਂ ਲੰਘਣਾ ਪਰ ਸਰਵਾਈਵਲ ਲਈ ਤੇ ਕੰਮ ਪ੍ਰਾਪਤੀ ਲਈ ਇੰਡਸਟਰੀ ਵਿਚ ਬਣੇ ਰਹਿਣ ਦੀ ਮਜਬੂਰੀ ਨੂੰ ਕਥਾਕਾਰ ਨੇ ਬਹੁਤ ਹੀ ਬਾਰੀਕੀ ਨਾਲ ਬਿਆਨ ਕੀਤਾ ਹੈ। ਸਹਿਜ ਚਾਲ ਨਾਲ ਚੱਲਦੀ ਕਹਾਣੀ ਪਾਠਕ ਨੂੰ ਬੰਨ੍ਹ ਕੇ ਰੱਖਣ 'ਚ ਕਾਮਯਾਬ ਹੈ। **-ਤ੍ਰਿਪਤਾ ਕੇ. ਸਿੰਘ**

'ਮਜਬੂਰੀ' ਪੜ੍ਹੀ ਇਹ ਕਹਾਣੀ ਫਿਲਮੀ ਨਗਰੀ ਦੇ ਬਾਹਰੀ ਜਲੌਅ ਤੇ ਗਲੈਮਰ ਵਰਗ ਲਈ ਮਿਕਨਾਤੀਸੀ ਖਿੱਚ ਰੱਖਦੀ ਹੈ। ਪਰ ਇਹ ਨਗਰੀ ਅੰਦਰੋਂ ਕਿੰਨੀ ਗੈਰ ਕੁਦਰਤੀ, ਗੈਰ ਇਖ਼ਲਾਕੀ ਤੇ ਗੈਰ

ਮਾਨਵੀ ਹੈ ਕਹਾਣੀ ਵਿਚ ਉਭਰਦੀ ਹੈ। ਫਿਲਮੀ ਤੇ ਸੀਰੀਅਲ ਨਿਰਦੇਸ਼ਕਾਂ ਵਲੋਂ ਛੋਟੇ ਜਾਂ ਵੱਡੇ ਪਰਦੇ ਤੇ ਕੰਮ ਕਰਦੇ ਕਲਾਕਾਰਾਂ ਦਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਕੀਤੇ ਜਾਣ ਆਮ ਵਰਤਾਰਾ ਹੈ। ਇਨ੍ਹਾਂ ਦੀਆਂ ਮਹੀਨ ਤੰਦਾਂ ਨੂੰ ਕਹਾਣੀ ਕਲਾਤਮਿਕ ਅੰਦਾਜ਼ ਨਾਲ ਉਭਾਰਦੀ ਹੈ। ਨੀਤੀ ਜਿਸ ਮਾਨਸਿਕ ਦਵੰਦ ਵਿਚੋਂ ਲੰਘਦੀ ਹੈ, ਉਸ ਨੂੰ ਕੁਲਬੀਰ ਵਰਗੀ ਕਹਾਣੀਕਾਰਾਂ ਹੀ ਸਜੀਵਤਾ ਪ੍ਰਦਾਨ ਕਰ ਸਕਦੀ ਸੀ ਜਿਸ ਨੇ ਇਸ ਦੁਨੀਆ ਨੂੰ ਨੇੜਿਓ ਜਾਣਿਆ ਹੋਵੇ। **-ਨਿਰੰਜਣ ਬੋਹਾ, ਮਾਨਸਾ**

'ਕਹਾਣੀ ਧਾਰਾ-62 ਅੰਕ ਪੜ੍ਹਿਆ। ਇਨ੍ਹਾਂ ਦਿਨ੍ਹਾਂ ਵਿਚ ਪੰਜਾਬੀ ਦੇ ਬਾਕੀ ਮੈਗਜ਼ੀਨ ਵੀ ਪੜ੍ਹੇ ਪਰ ਮੈਨੂੰ 'ਕਹਾਣੀ ਧਾਰਾ' ਦਾ ਇਹ ਅੰਕ ਸਭ ਤੋਂ ਵਧੀਆਂ ਲੱਗਾ। ਪ੍ਰੇਮ ਗੋਰਖੀ ਨੇ 'ਕਿਸਾਨ ਮੋਰਚਾ' ਬਹੁਤ ਮੁੱਲਵਾਨ ਕਹਾਣੀ ਲਿਖੀ ਹੈ। ਇਹ ਸਾਡੇ ਸਮੇਂ ਦਾ ਸੱਚ ਹੈ। ਵਿਪਨ ਗਿੱਲ ਦੀ ਨਾਰੀ ਅੰਕ 'ਚ ਛਪੀ 'ਮਛਲੀ ਜਲ ਕੀ ਰਾਣੀ' ਕਹਾਣੀ ਪੜ੍ਹੀ ਸੀ। ਇਸ ਅੰਕ ਵਿਚ 'ਚਾਬੀਆਂ ਦਾ ਗੁੱਛਾ' ਵੀ ਪੜ੍ਹੀ ਹੈ। ਮੈਨੂੰ ਉਸ ਵਿਚ ਇਕ ਚੰਗੀ ਕਹਾਣੀਕਾਰ ਦੇ ਗੁਣ ਨਜ਼ਰ ਆਉਂਦੇ ਹਨ। ਉਸ ਨੇ ਨਾਰੀ ਦੀ ਪਛਾਣ ਅਤੇ ਅਸਤਿਤਵ ਨੂੰ ਬਹੁਤ ਕੁਸ਼ਲਤਾ ਨਾਲ ਉਭਾਰਨ ਦਾ ਯਤਨ ਕੀਤਾ ਹੈ। ਸੰਪਾਦਕੀ 'ਹਾਸ਼ੀਏ 'ਤੇ ਧੱਕਿਆ ਜਾ ਰਿਹਾ ਉਤਮ ਦਰਜੇ ਦਾ ਸਾਹਿਤ' ਵਿਚ ਤੁਸੀਂ ਬਹੁਤ ਭਖਵੇਂ ਮੁੱਦਿਆਂ ਨੂੰ ਉਭਾਰਿਆ ਹੈ ਕਿ ਕਿਵੇਂ ਚੰਗੇ ਸਾਹਿਤ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ। ਸੱਤ ਕਿਤਾਬਾਂ ਦੀ ਪਰਖ ਪੜਚੋਲ ਨਵੀਆਂ ਕਿਤਾਬਾਂ ਨੂੰ ਪੜ੍ਹਨ ਦੀ ਪ੍ਰੇਰਨਾ ਦਿੰਦੀ ਹੈ। ਮੇਰਾ ਸਟੱਡੀ ਟੇਬਲ ਤਾਂ ਹਰ ਵਾਰ ਕਮਾਲ ਹੁੰਦਾ ਹੈ। ਇਸ ਵਾਰ ਅੰਕ ਬਹੁਤ ਸ਼ਾਨਦਾਰ ਛਪਿਆ ਹੈ। ਪਾਸ਼ ਬਾਰੇ ਪੜ੍ਹ ਕੇ ਵਿਦਰੋਹੀ ਸਾਹਿਤ ਦਾ ਪਤਾ ਲੱਗਾ ਕਿ ਉਹਦੀ ਕਿਹੋ ਜਿਹੀ ਭਾਵਨਾ ਹੁੰਦੀ ਹੈ। ਨਾਰੀ ਕਹਾਣੀਕਾਰਾਂ ਦੇ ਵਿਸ਼ੇਸ਼ ਅੰਕ ਤੋਂ ਪਤਾ ਲੱਗਾ ਕਿ ਐਨੀਆਂ ਨਵੀਆਂ ਲਿਖਣ ਵਾਲੀਆਂ ਕਹਾਣੀ ਦੇ ਖੇਤਰ ਵਿਚ ਆ ਗਈਆਂ ਹਨ। **-ਸੁਖਜਿੰਦਰ ਕੌਰ , ਜਲੰਧਰ**

'ਮਜਬੂਰੀ' ਪੜ੍ਹੀ ਕੁਲਬੀਰ ਨੇ ਫਿਲਮੀ ਜਗਤ ਵਿੱਚ ਔਰਤ ਵਲੋਂ ਔਰਤ ਦੇ ਸ਼ੋਸ਼ਣ ਦਾ ਮਾਰਮਿਕ ਚਿੱਤਰਨ ਪੇਸ਼ ਕੀਤਾ ਹੈ। ਵਿਸ਼ਾ ਵਿਲੱਖਣ ਹੈ ਪੇਸ਼ਕਾਰੀ ਕਮਾਲ ਦੀ ਹੈ। ਨੀਤੀ ਦੀ ਬੇਬਸੀ ਅਤੇ ਉਸ ਦੇ ਮਾਰਮਿਕ ਤੇ ਸਿੱਧੇ ਦਿੱਲ 'ਚ ਉਤਰ ਜਾਣ ਵਾਲੀ ਕਹਾਣੀ ਲਈ ਵਧਾਈ। **- ਗੁਰਮੀਤ ਸਿੰਗਲ**

ਹਿੰਦੀ ਸਿਨੇਮਾ ਜਾਂ ਟੀ. ਟੀ. ਜਗਤ ਬਾਰੇ ਆਪਣੇ ਸਿੱਧੇ ਅਨੁਭਵ ਦੇ ਆਧਾਰ ਤੇ ਲਿਖਣ ਵਾਲੀ ਸਾਡੇ ਕੋਲ ਇਕਲੌਤੀ ਕਥਾਕਾਰ ਕੁਲਬੀਰ ਹੈ। ਜਿਸ ਦੀਆਂ ਕਹਾਣੀਆਂ ਮੁੰਬਈ ਜੀਵਨ ਸ਼ੈਲੀ ਦੇ ਫਿਲਮੀ ਪੱਖ ਤੇ ਸੂਖ਼ਮ ਝਾਤ ਪਵਾਉਂਦੀਆਂ ਹਨ। 'ਮਜਬੂਰੀ' ਇਕ ਸਸ਼ਕਤ ਕਹਾਣੀ ਹੈ। ਜਿਸਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਪਰਦੇ ਤੇ ਚਮਕਣ ਵਾਲੇ ਸਿਤਾਰਿਆਂ ਦਾ ਵੀ ਅਕਸਰ ਡੂੰਘੇ ਹਨੇਰਿਆਂ ਨਾਲ ਵਾਹ ਪੈਂਦਾ ਹੈ। ਕੁਲਬੀਰ ਦੀ ਕਲਮ ਵਿਚ ਲੋਹੜੇ ਦਾ ਵਹਾਉ ਹੈ ਜੋ ਇਕ ਅਲੌਕਿਕ ਤਲਿੱਸਮ ਸਿਰਜਦੀ ਹੈ, ਜੋ ਉਸਦੇ ਸਿੱਧੇ ਫਿਲਮੀ ਜਾਂ ਟੀ ਵੀ ਜਗਤ ਦੇ ਅਨੁਭਵ, ਕਥਾ-ਜਗਤ ਦੀ ਸਮਝ ਹੈ। ਭਾਵੇਂ ਕਿ ਕਹਾਣੀ ਵਿਚ ਅੰਗਰੇਜ਼ੀ, ਹਿੰਦੀ ਅਤੇ ਉਰਦੂ ਸ਼ਬਦਾਂ ਦੀ ਭਰਮਾਰ ਹੈ, ਪਰ ਇਹ ਰੜਕਣ ਦੀ ਬਜਾਏ ਵਿਲੱਖਣਤਾ ਪੈਦਾ ਕਰਦੇ ਹਨ। ਕਹਾਣੀ ਦੇ ਪਾਠ ਤੋਂ ਸੰਵੇਦਨਸ਼ੀਲ, ਰਿਸ਼ਤਿਆਂ ਦੇ ਆਰ-ਪਾਰ ਵੇਖਣ ਦੀ ਜਾਚ, ਅਨੁਭਵ ਤੇ ਸੂਖ਼ਮ ਦ੍ਰਿਸ਼ਟੀ ਦਾ ਪ੍ਰਮਾਣ ਮਿਲਦਾ ਹੈ। **- ਐੱਚ. ਐਸ. ਡਿੰਪਲ, ਮੋਗਾ**


'ਕਹਾਣੀ ਧਾਰਾ' ਦੇ ਨਵੇਂ ਅੰਕ ਵਿਚ ਕੁਲਬੀਰ ਦੀ ਕਹਾਣੀ 'ਮਜ਼ਬਰੀ' ਪੜ੍ਹਦਿਆਂ ਲੱਗਾ ਕਿ ਪਰਦੇ ਤੇ ਹਰ ਸਮੇਂ ਮੇਕਅੱਪ ਨਾਲ ਲਿਪੇ ਚਿਹਰੇ, ਸੁਨਹਿਰੀ ਦੁਨੀਆ ਦਾ ਭੁਲੇਖਾ ਪਾਉਂਦੇ ਪਾਤਰਾਂ ਦੀਆਂ ਅੰਦਰਲੀਆਂ ਪਰਤਾਂ ਨੂੰ 'ਮਜਬੂਰੀ' ਕਹਾਣੀ ਪੇਸ਼ ਕਰਦੀ ਹੈ। ਪਰਦੇ ਪਿੱਛੇ ਦੇ ਸੱਚ ਨੂੰ ਕਹਾਣੀ ਕੁਸ਼ਲਤਾ ਨਾਲ ਪੇਸ਼ ਕਰਦੀ ਹੈ। ਕਹਾਣੀ ਧਾਰਾ ਦੀ ਵੈਬਸਾਇਟ ਤੇ ਪਰਚੇ ਦੇ ਪੁਰਾਣੇ ਅੰਕ ਪੜ੍ਹ ਕੇ ਆਨੰਦ ਆ ਗਿਆ। 'ਕਹਾਣੀ ਧਾਰਾ' ਇਹ ਇਕ ਚੰਗਾ ਪਰਚਾ ਹੈ। **-ਕਰਮਜੀਤ ਦਿਊਂਨ**

'ਕਹਾਣੀ ਧਾਰਾ' ਦੀ ਦਿੱਖ 'ਚ ਪਹਿਲਾਂ ਨਾਲੋਂ ਸੁਧਾਰ ਹੋਇਆ ਹੈ। 62 ਅੰਕ ਵਿਚ ਮੈਨੂੰ ਕਾਫ਼ੀ ਪੜ੍ਹਨਯੋਗ ਸਮੱਗਰੀ ਮਿਲੀ ਹੈ। ਨਵੇਂ ਗਲਪ ਸਾਹਿਤ ਦੀ ਪਛਾਣ ਜਿਸ ਤਰ੍ਹਾਂ ਤੁਸੀਂ ਕਰਵਾਉਂਦੇ ਹੋ, ਇਹ ਬਹੁਤ ਮਹੱਤਪੂਰਨ ਹੈ। ਪਰਚੇ ਕਾਫੀ ਸਮੱਗਰੀ ਪੜ੍ਹਨਯੋਗ ਹੁੰਦੀ ਹੈ। **-ਲਛਮਣ ਸਿੰਘ ਗਿੱਲ, ਦਿੱਲੀ**




*'ਇੱਕ ਖ਼ਤ ਪਾਪਾ ਦੇ ਨਾਂਅ', 'ਪਲੀਜ਼ ਮੈਨੂੰ ਪਿਆਰ ਦਿਓ', 'ਕਦੋਂ ਆਏਂਗੀ?' ਕਹਾਣੀ ਸੰਗ੍ਰਹਿ ਤੋਂ ਬਾਅਦ ਪੰਜਾਬੀ ਦੀ ਚਰਚਿਤ ਕਹਾਣੀਕਾਰ ਕੁਲਬੀਰ ਬਡੇਸਰੋਂ ਦਾ ਨਵਾਂ ਕਹਾਣੀ ਸੰਗ੍ਰਹਿ*

***'ਤੁਮ ਕਿਉਂ ਉਦਾਸ ਹੋ?'***







ਕਥਾਕਾਰ ਕੁਲਬੀਰ ਬਡੇਸਰੋਂ ਪੰਜਾਬੀ ਦੀ ਚਰਚਿਤ ਕਹਾਣੀਕਾਰ ਏ। ਉਸ ਦੀ ਕਥਾ ਯਾਤਰਾ ਨਿਰੰਤਰ ਵਿਕਾਸ ਕਰਦੀ ਆ ਰਹੀ ਏ। ਉਸ ਨੇ ਆਪਣੀ ਕਥਾਕਾਰੀ ਵਿਚ ਅਧੁਨਿਕ ਨਾਰੀ ਦੀਆਂ ਮਨੋਗੁੰਝਲਾ ਨੂੰ ਬੜੀ ਬੇਬਾਕੀ ਨਾਲ ਪੇਸ਼ ਕੀਤਾ ਏ। ਉਸ ਦਾ ਕਥਾ ਬਿਰਤਾਂਤ ਆਪਣੇ ਤੋਂ ਪਹਿਲਾਂ ਲਿਖ ਰਹੀਆਂ ਕਥਾਕਾਰਾਂ ਤੋਂ ਵੱਖਰਾ ਏ ਕਿਉਂਕਿ ਉਸ ਦੇ ਪਾਤਰਾਂ ਦੇ ਸੰਦਰਭ ਬਦਲ ਗਏ ਨੇ। ਇਹ ਨਾਰੀਆਂ ਆਪਣਾ ਅਸਤਿਤਵ ਬਚਾਉਣ ਲਈ ਹਰ ਰਸਤੇ 'ਤੇ ਤੁਰ ਪੈਂਦੀਆਂ ਨੇ। ਉਨ੍ਹਾਂ ਅੱਗੇ ਆਪਣੀ ਹੋਂਦ ਤੇ ਅਸਤਿਤਵ ਨੂੰ ਕਾਇਮ ਰੱਖਣ ਲਈ ਹੋਰ ਕੋਈ ਬਦਲ ਹੀ ਨਹੀਂ ਏ। 'ਮਜ਼ਬੂਰੀ', 'ਆਕਰੋਸ਼' ਤੇ 'ਬਕ-ਬਕ' 'ਚ ਅਜਿਹੀਆਂ ਨਾਰੀਆਂ ਨੇ ਜਿਹੜੀਆਂ ਆਪਣੀ ਹੋਂਦ ਕਾਇਮ ਰੱਖਣ ਲਈ ਆਪਣੇ ਫੈਸਲੇ ਖੁਦ ਲੈਂਦੀਆਂ ਨੇ। ਭਾਵੇਂ ਉਨ੍ਹਾਂ ਫੈਸਲਿਆਂ ਪਿੱਛੇ ਉਨ੍ਹਾਂ ਦੀ ਆਪਣੀ ਹੋਂਦ ਦਾ ਮਸਲਾ ਤੇ ਸਵਾਰਥੀ ਬਿਰਤੀ ਹੁੰਦੀ ਏ। ਇਸ ਕਿਸਮ ਦੀ ਨਾਰੀ ਸਾਡੀ ਪੰਜਾਬੀ ਕਹਾਣੀ ਵਿਚ ਪਹਿਲਾ ਨਹੀਂ ਆਈ। ਉਸ ਦੀਆਂ ਕਹਾਣੀਆਂ ਵਿਚ ਇਕ ਹੋਰ ਖੂਬੀ ਨੋਟ ਕਰਨ ਵਾਲੀ ਏ ਕਿ ਆਪਣੇ ਵਿਰੋਧੀ ਲਿੰਗ (ਮਰਦ) ਨੂੰ ਖਲਨਾਇਕ ਦੇ ਰੂਪ ਵਿਚ ਨਹੀਂ ਚਿਤਰਦੀ। ਉਹ ਆਪਣੀ ਸ਼ੈਲੀ ਵਿਚ ਸਨਸਨੀ ਨਹੀਂ ਪੈਦਾ ਕਰਦੀ ਬਲਕਿ ਕਹਾਣੀ ਦਾ ਪਲਾਟ, ਗੋਂਦ ਅਤੇ ਨਿਭਾ ਸਹਿਜ ਹੁੰਦਾ ਏ, ਸੁਭਾਵਿਕ ਗਤੀ ਨਾਲ ਪਾਤਰ ਕਹਾਣੀ ਵਿਚ ਆਉਂਦੇ ਨੇ ਸੁਭਾਵਿਕਤਾ ਨਾਲ ਆਪਣਾ ਕਾਰਜ ਕਰਨ ਲੱਗ ਪੈਂਦੇ ਨੇ। ਕੁਲਬੀਰ ਦੀ ਇਸ ਪੁਸਤਕ ਦੀ ਅਕਾਦਮਿਕ ਖੇਤਰ ਵਿਚ ਜ਼ਰੂਰ ਗੱਲ ਤੁਰਨੀ ਚਾਹੀਦੀ ਏ ਕਿਉਂਕਿ ਉਹ ਪੰਜਾਬੀ ਕਹਾਣੀ ਵਿਚ ਜ਼ਿਕਰਯੋਗ ਕਹਾਣੀਆਂ ਲੈ ਕੇ ਆਈ ਏ। ***- ਭਗਵੰਤ ਰਸੂਲਪੁਰੀ***

ਮੁੱਲ: 295/-
ਪੰਨੇ: 136

***ਆਰਸੀ ਪਬਲਿਸ਼ਰਜ਼***

**51 ਪਰਦਾ ਬਾਗ਼, ਦਰਿਆ ਗੰਜ, ਨਵੀਂ ਦਿੱਲੀ**

**(80767-49930)**

## ਪਰਵਾਜ਼ ਪ੍ਰਕਾਸ਼ਨ ਦੀਆਂ ਛਪੀਆਂ ਨਵੀਆਂ ਪੁਸਤਕਾਂ




ਪਰਵਾਜ਼ ਪ੍ਰਕਾਸ਼ਨ
ਪਤਾ ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-144026
ਫੋਨ 94170-64350

Parwaz Parkashan
E.mail:parwazparkashan@gmail.com
Mob. 94170-64350



Year: 16 Issue No. 63 ISSN: 2321-4445
'KAHANI DHARA'(PUNJABI QUARTERLY) Oct.-Dec., 2021 R.N.I. Regd No. PUN PUN 2006 / 19971



## ਰਿਲੀਜ਼ ਹੋ ਚੁੱਕੀਆਂ ਕਿਤਾਬਾਂ :




## ਅਗਲੇ ਕੁਛ ਦਿਨਾਂ ਵਿਚ ਰਿਲੀਜ਼ ਹੋ ਰਹੀਆਂ ਕਿਤਾਬਾਂ :

ਖ਼ਾਲਿਸਤਾਨ ਦੀ ਸਾਜ਼ਿਸ਼ - ਜੀ.ਬੀ.ਐਸ ਸਿੱਧੂ
ਜਿਓ ਪੋਲਟਿਕਸ 2 - ਨਵਨੀਤ ਚਤੁਰਵੇਦੀ
ਮੈਂ ਇਕ ਕਾਰਸੇਵਕ ਸੀ - ਭੰਵਰ ਮੇਘਵੰਸ਼ੀ
ਮੈਂ ਮਸੀਹਾ ਨਹੀਂ - ਸੋਨੂੰ ਸੂਦ/ਮੀਨਾ ਕੇ ਆਯਰ
ਆਰਐਸਐਸ ਅਤੇ ਬਹੁਜਨ ਚਿੰਤਨ - ਕੰਵਲ ਭਾਰਤੀ
ਦ ਲਾਸਟ ਗਰਲ - ਨਾਦੀਆ ਮੁਰਾਦ
ਜੇਐਨਯੂ ਕਥਾ ਅਨੰਤ - ਜੇਅ ਸੁਸ਼ੀਲ
ਪਟਨਾ ਬਲੂਜ਼ - ਅਬਦੁੱਲ੍ਹਾ ਖ਼ਾਨ
ਫੇਸਬੁਕ ਦਾ ਅਸਲੀ ਚਿਹਰਾ - ਪ੍ਰਨੰਜੋਯ
ਬਿਸਾਤ 'ਤੇ ਜੁਗਨੂੰ - ਵੰਦਨਾ ਰਾਗ
ਬ੍ਰਦਰਜ਼ ਕਰਮਾਜ਼ੋਵ - ਫ਼ਿਓਦਰ ਦੋਸਤੋਵਸਕੀ
ਗੈਂਬਲਰ - ਫ਼ਿਓਦਰ ਦੋਸਤੋਵਸਕੀ
ਅੰਬੇਡਕਰ ਅਤੇ ਹਿੰਦੂਤਵ ਰਾਜਨੀਤੀ - ਰਾਮ ਪੁਨਿਯਾਨੀ
ਰਾਮਜਨਮਭੂਮੀ ਬਨਾਮ ਬਾਬਰੀ ਮਸਜਿਦ (ਮਿੱਥ ਅਤੇ ਤੱਥ) - ਯੁਗਲਕਿਸ਼ੋਰ ਸ਼ਰਨ ਸ਼ਾਸਤਰੀ
ਸੁਤੰਤਰਤਾ ਅੰਦੋਲਨ ਅਤੇ ਆਰਐਸਐਸ (ਇਕ ਦਾਸਤਾਨ ਗ਼ੱਦਾਰੀ ਦੀ) - ਸ਼ਮਸੁਲ ਇਸਲਾਮ
1857 ਦੀਆਂ ਅਣਕਹੀਆਂ ਹੈਰਾਨੀਜਨਕ ਦਾਸਤਾਨਾਂ - ਸ਼ਮਸੁਲ ਇਸਲਾਮ
ਗਨਪਾਊਡਰ - ਮਨੋਰੰਜਨ ਵਪਾਰੀ

WHITE CROW PUBLISHERS

ਵਾਈਟ ਕਰੋਅ ਪਬਲਿਸ਼ਰਜ਼, ਮੁਹਾਲੀ
ਸੰਪਰਕ :97809-09077
info@whitecrowpublishers.com www.whitecrowpublishers.com
fb.com/whitecrowpublishers